੧ਓ
ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ਜਪੁ

ਆਦਿ ਸਚੁ ਜੁਗਾਦਿ ਸਚੁ

ਹੈਭੀ ਸਚੁ ਨਾਨਕ ਹੋਸੀਭੀ ਸਚੁ

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ਚੁਪੈ ਚੁਪ ਨ ਹੋਵਈ ਜੇ ਲਾਇ ਰਹਾ...

(ਅੱਗੇ ਜਪੁ ਸਾਹਿਬ ਦਾ ਪਾਠ ਚਲਦਾ ਹੈ)

ਭਾਈ ਬੰਨੋ ਵਾਲੀ ਬੀੜ ਵਿਚ ਜਪੁ ਦੇ ਆਰੰਭ ਵਾਲਾ ਪੰਨਾ। ਪਤ੍ਰੇ ਦੇ ਚਾਰੇ ਪਾਸਿਆਂ ਤੇ ਲਾਲ ਧਾਰੀ ਨਾਲ ਹਾਸ਼ੀਆ ਲਗਾ ਹੋਇਆ ਹੈ। ੧ਓ ਉਪਰ ਵਖਰਾ ਕਰਕੇ ਲਿਖਿਆ ਹੋਇਆ ਹੈ ਤੇ ਇਸ ਦੇ ਏਕੇ ਦੀ ਪੂਛ ਮੂਲਮੰਤਰ ਨੂੰ ਕੱਟਦੀ ਹੇਠਾਂ ਚਲੀ ਗਈ ਹੈ। ਇਸ ਦੇ ਜਪੁ ਦੀ ਆਰੰਭਕ ਪੰਗਤੀ ਅਸੀਂ ਆਪ ਅੰਦਾਜ਼ੇ ਨਾਲ ਲਿਖੀ ਹੈ।

ਲਗਾ ਪਹਲਾ ਨੀਸਾਣ (ਜਿਸ ਨੂੰ ਤਤਕਰਾ ਛੇਵੀਂ ਪਾਤਸ਼ਾਹਦਾ ਦਸਦਾ ਹੈ) ਨੌਵੀਂ ਪਾਤਸ਼ਾਹੀ ਦਾ ਹੈ; (੩) ਪਤ੍ਰਾ ੩੭੦ ਤੇ ਲਗਾ ਪੰਚਮ ਪਾਤਸ਼ਾਹ ਦਾ ਨੀਸਾਣ ਜਾਅਲੀ ਹੈ, ਕਿਉਂਜੋ ਇਸ ਦਾ ਤਤਕਰੇ ਵਿਚ ਜ਼ਿਕਰ ਨਹੀਂ, ਸ਼ਬਦ-ਜੋੜ ਗ਼ਲਤ ਤੇ ਅੱਖਰ ਕੋਝੇ ਹਨ; (੪) ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਵਿਚ ਐਯਰਪਤਿ ਨਾਯਕ ਦਾ ਸੰਕੇਤ ਜਿਸ ਨੂੰ ਜੀ. ਬੀ. ਸਿੰਘ ੧੭੩੦ ਵਿਚ ਹੋਇਆ ਦਸਦਾ ਹੈ, ਗ੍ਰੰਥ ਦੇ ਤਿਆਰੀ ਕਾਲ ਬਾਰੇ ਨਵੀਂ ਗੁੰਝਲ ਖੜੀ ਕਰਦਾ ਦਿਸਦਾ ਹੈ, ਜਾਂ ਫਿਰ (੫) ਐਯਰਪਤਿ ਦਾ ਕਾਲ ੧੭੩੦ ਬਿ. ਦਾ ਨਹੀਂ, ਕੁਝ ਹੋਰ ਹੈ। ਇਹ ਸਭ ਪ੍ਰਸ਼ਨ ਬੜੇ ਜ਼ਰੂਰੀ ਹਨ, ਤੇ ਇਨ੍ਹਾਂ ਦਾ ਉੱਤਰ ਅਸੀਂ ਅੱਗੇ ਵਿਵੇਚਨ ਵਾਲੇ ਭਾਗ ਵਿਚ ਲਭਨ ਦਾ ਯਤਨ ਕਰਾਂਗੇ।

ਬਾਣੀ ਦਾ ਵੇਰਵਾ : ਛੇਵੀਂ ਪਾਤਸ਼ਾਹੀ ਦੇ ਕਥਿਤ ਨੀਸਾਣ ਦੇ ਮਗਰੋਂ ਜਪੁ ਪਤ੍ਰਾ ੩੭ ਤੋਂ ਸ਼ੁਰੂ ਹੁੰਦਾ ਹੈ। ਇਹ ਵੀ ਕਲਾਮਈ ਢੰਗ ਨਾਲ ਵਿਉਂਤ ਕੇ ਲਿਖਿਆ ਗਇਆ ਹੈ। ਇਸ ਦਾ ਪੈਟਰਨ ਪਿਛਲੇ, ਪੰਨਾ ੨੪੦, ਉਪਰ ਪ੍ਰਸਤੁਤ ਹੈ।

ਬਣਾਏ ਗਏ ਇਸ ਡੀਜ਼ਾਈਨ ਵਿਚ ਲਾਲ ਤੇ ਕਾਲੀਆਂ ਧਾਰੀਆਂ ਵਹੀਆਂ ਹੋਈਆਂ ਹਨ। ਇਸ ਪਤ੍ਰੇ ਦੀ ਤੇ ਜਪੁ ਵਾਲੇ ਅਗਲੇ ਪਤ੍ਰਿਆਂ ਦੀ ਲਿਖਤ ਲੰਮੇ ਸਮੇਂ ਦੀ ਘਿਸਾਈ ਖਾ ਕੇ ਬਹੁਤੀਆਂ ਥਾਵਾਂ ਤੋਂ ਉਡੀ ਹੋਈ ਹੈ। ਅੱਖਰ ਬਾਰੀਕ ਹਨ ਜਿਸ ਕਾਰਣ ਸਾਫ ਢੰਗ ਨਾਲ ਪੜ੍ਹੇ ਨਹੀਂ ਜਾਂਦੇ (ਦੇਖੋ ਪੰਨਾ ੨੪੦ ਦਾ ਫੁਟਨੋਟ)। ਜਪੁ ਦੇ ਉਪਰਾਂਤ 'ਸੋ ਦਰੁ' ਵਾਲੀ ਬਾਣੀ (ਪੰਜ ਸ਼ਬਦ) ਚਲਦੀ ਹੈ। 'ਸੋ ਪੁਰਖ' ਵਾਲੇ ਚਾਰ ਸ਼ਬਦਾਂ ਦਾ ਜੁਟ ਇਸ ਬੀੜ ਵਿਚ ਨਹੀਂ ਹੈ। ਇਸ ਦੇ ਮਗਰ 'ਸੋਹਿਲਾ' ਆਰਤੀ (ਪੰਜ ਸ਼ਬਦ) ਹਨ। ਸਿਰੀ ਰਾਗ ਇਸ ਗ੍ਰੰਥ ਵਿਚ ਪਤ੍ਰਾ ੪੦ ਉਪਰ ਸ਼ੁਰੂ ਹੁੰਦਾ ਹੈ ਤੇ ਅਗੋਂ ਰਾਗਬਧ ਬਾਣੀ ਚਲਦੀ ਹੈ। ਰਾਗਾਂ ਦਾ ਕ੍ਰਮ ਅੱਜ ਕਲ ਵਾਲਾ ਪ੍ਰਮਾਣਿਕ ਹੈ। ਮੁਢ ਵਿਚ ਕੁਲ ਤੀਹ ਰਾਗ ਸਨ। ਅੰਤਲਾ ਰਾਗ ਪ੍ਰਭਾਤੀ ਪਤ੍ਰਾ ੪੪੩ ਤੇ ਮੁਕਦਾ ਸੀ। ਰਾਗ ਜੈਜਾਵੰਤੀ ਬਾਅਦ ਵਿਚ ਵਧਾਇਆ ਗਇਆ।

ਭੋਗ ਦੀ ਬਾਣੀ ਇਸ ਗ੍ਰੰਥ ਵਿਚ ਪਤ੍ਰਾ ੪੪੪ ਤੋਂ ਸ਼ੁਰੂ ਹੁੰਦੀ ਹੈ ਤੇ ਪਤ੍ਰਾ ੪੬੫ ਉਪਰ ਮੁਕਦੀ ਹੈ। ਇਸ ਦੀ ਤਰਤੀਬ ਇਸ ਪ੍ਰਕਾਰ ਹੈ : ਸਲੋਕ ਸਹਸਕ੍ਰਿਤੀ (੪+੬੭), ਗਾਥਾ (੨੪), ਫੁਨਹੇ (੨੨), ਚਉਬੋਲੇ (੯), ਸਲੋਕ ਕਬੀਰ ਜੀਉ ਕੇ (੨੪੨+੨)[11], ਸਲੋਕ ਸੇਖ ਫਰੀਦ ਕੇ (੧੧੮+੧੨), ਸਵੱਯੇ ਸ੍ਰੀ ਮੁਖ ਵਾਕ (੨੦), ਸਵੱਯੇ ਕਲ ਤੇ ਹੋਰਨਾਂ ਭੱਟਾਂ ਦੇ (੧੨੨) ਸਲੋਕ ਵਾਰਾਂ ਤੇ ਵਧੀਕ (੧੫੨)। ਸਲੋਕਾਂ ਦੀ ਸਮਾਪਤੀ ਉਤੇ ਵਖਰੇ ਪੰਨੇ ਉਪਰ ਮੁੰਦਾਵਣੀ ਅਤੇ ਮਗਰੋਂ ਸਲੋਕ ਮਹਲਾ ੫ ਵਖਰੇ ਵਖਰੇ ਬਲਾਕਾਂ ਵਿਚ ਦਿੱਤੇ ਹੋਏ ਹਨ।

ਫਾਲਤੂ ਬਾਣੀ : ਭੋਗ ਦੀ ਬਾਣੀ ਦੇ ਛੇਤੀ ਪਿਛੋਂ ਪਤ੍ਰਾ ੪੬੫ ਤੋਂ ਫਾਲਤੂ ਬਾਣੀ ਸ਼ੁਰੂ ਹੁੰਦੀ ਹੈ ਜੋ ਭਾਈ ਬੰਨੋ ਵਾਲੀ ਮਿਸਲ ਦੀ ਇਕ ਖਾਸ ਵਿਸ਼ੇਸ਼ਤਾ ਹੈ। ਇਸ ਵਿਚ

[11] ਕੁਲ ਸ਼ਲੋਕ ੨੪੪ ਹਨ। ਇਨ੍ਹਾਂ ਵਿਚ ਨੰਬਰ ੫੯ ਮਹਲਾ ੧ ਦਾ ਹੈ ਤੇ ਨੰਬਰ ੬੬ ਮਹਲਾ ੩ ਦਾ। ਇਨ੍ਹਾਂ ਦੋਹਾਂ ਨੂੰ ਕਢ ਕੇ ਗਿਣਤੀ ੨੪੨ ਬਣਦੀ ਹੈ।

ਸਲੋਕ "ਜਿਤ ਦਰ ਲਖ ਮੁਹੰਮਦਾ", (੩), "ਬਾਇ ਆਤਿਸ਼ ਆਬ ਖਾਕ" (੧੯ ਸਲੋਕ), ਰਤਨਮਾਲਾ (੨੫ ਸਲੋਕ), ਰਾਹ ਮੁਕਾਮ ਰਾਜੇ ਸ਼ਿਵਨਾਭ ਕੀ, ਰਾਗਮਾਲਾ ਤੇ ਸਿਆਹੀ ਕੀ ਬਿਧਿ ਹਨ। ਇਹ ਸਭ ਅਸਲੀ ਬੀੜ ਦਾ ਅੰਗ ਹਨ ਤੇ ਪਤ੍ਰਾ ੪੬੮ ਉਪਰ ਮੁਕਦੇ ਹਨ। ਲਿਖੇ ਵੀ ਇਹ ਸਾਰੇ ਮੂਲ ਲਿਖਾਰੀ ਦੇ ਹੱਥ ਦੇ ਹਨ। ਰਤਨਮਾਲਾ ਦੇ ਪਿੱਛੇ ਇਹ ਸੂਚਨਾ ਵੀ ਆਈ ਹੈ : "ਰਤਨਮਾਲਾ ਸੁਧੁ ਉਤਾਰ ਕੀਤਾ ਗਿਰੰਥ ਦਾ ਅਖਰੀ ਤੋਰਕੀ ਸੀ ਭਿ ਅਖਰ ਗੁਰਮੁਖੀ ਲਿਖੀ।"

ਨੌਵੇਂ ਮਹਲੁ ਦੀ ਬਾਣੀ ਇਸ ਗ੍ਰੰਥ ਵਿਚ ਪਹਲਾਂ ਕੁਝ ਰਾਗਾਂ ਦੇ ਪਿੱਛੇ ਜਿਵੇਂ ਰਾਗ ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਆਦਿ ਦੇ ਪਿੱਛੇ ਚੜ੍ਹਾਨ ਦਾ ਉੱਦਮ ਕੀਤਾ ਗਇਆ ਸੀ। ਕੁਝ ਰਾਗਾਂ ਪਿੱਛੇ ਅਜੇ ਵੀ ਲਿਖੀ ਹੋਈ ਮਿਲਦੀ ਹੈ; ਇਕ ਦੋ ਰਾਗਾਂ ਪਿੱਛੇ ਲਿਖ ਕੇ ਹੜਤਾਲੀ ਹੋਈ ਹੈ। ਮਗਰੋਂ ਇਸ ਸਕੀਮ ਨੂੰ ਤਿਆਗ ਦਿੱਤਾ ਗਇਆ। ਇਸ ਵਕਤ ਇਹ ਪੁਰਾਣੇ ਗ੍ਰੰਥ ਦੇ ਮਗਰ ਛੇ ਨਵੇਂ ਲਗੇ ਪਤ੍ਰਿਆਂ ਉਪਰ ਦਰਸ਼ਨ ਦੇ ਰਹੀ ਹੈ। ਇਹ ਕਿਸੇ ਹੋਰ ਦੇ ਹੱਥ ਦੀ ਲਿਖੀ ਹੋਈ ਹੈ। ਪਹਲਾਂ ਰਾਗਬਧ ਬਾਣੀ ਰਾਗਾਂ ਦੇ ਬਧੇ ਕ੍ਰਮ ਅਨੁਸਾਰ ਹੈ, ਮਗਰੋਂ ਨੌਵੇਂ ਮਹਲੁ ਦੇ ੫੭ ਸਲੋਕ ਹਨ।

ਸਫ਼ਰ ਵਿਚ ਨਕਲ ਵਾਲੀ ਰਿਵਾਇਤ : ਬੀੜ ਵਿਚ ਜਪੁ ਦਾ ਆਰੰਭ ਜਿਸ ਢੰਗ ਨਾਲ ਕੀਤਾ ਗਇਆ ਹੈ, ਉਸ ਦਾ ਉੱਲੇਖ ਅਸੀਂ ਉਪਰ ਕਰ ਆਏ ਹਾਂ। ਬੀੜ ਦੀ ਸੁੰਦਰ ਲਿਖਾਈ, ਅੱਖਰਾਂ ਦੀ ਇਕਸਾਰ ਬਨਾਵਟ ਤੇ ਕਲਮ ਦੀ ਬਾਰੀਕੀ, ਤੇ ਹਾਸ਼ੀਆ ਵਾਹੁਣ ਲਈ ਲਾਲ ਸਿਆਹੀ ਦਾ ਪ੍ਰਯੋਗ ਤੇ ਸਾਰੀ ਬੀੜ ਦਾ ਲਗਪਗ ਇਕ ਲਿਖਾਰੀ ਦੇ ਹੱਥ ਦਾ ਲਿਖਿਆ ਹੋਣਾ, ਇਹ ਸਾਰੀਆਂ ਚੀਜ਼ਾਂ ਇਸ ਬੀੜ ਨੂੰ ਨਿਠ ਕੇ, ਆਰਾਮ ਨਾਲ, ਕਿਤੇ ਬੈਠ ਕੇ ਤਿਆਰ ਕੀਤੀ ਗਈ ਸਿੱਧ ਕਰਦੀਆਂ ਹਨ, ਲਾਹੌਰ ਦੇ ਜਾਂ ਮਾਂਗਟ ਦੇ ਸਫ਼ਰ ਵਿਚ ਕਾਹਲੀ ਨਾਲ ਹੋਇਆ ਕੰਮ ਨਹੀਂ ਪ੍ਰਗਟਾਉਂਦੀਆਂ, ਨਾ ਹੀ ਇਹ ਬਾਰਾਂ ਲਿਖਾਰੀ ਲਾ ਕੇ ਲਿਖਾਈ ਗਈ ਬੀੜ ਦਿਸਦੀ ਹੈ। ਫਲਸ੍ਰੂਪ, ਇਸ ਦੇ ਸਫ਼ਰ ਵਿਚ ਨਕਲ ਕੀਤੀ ਗਈ ਬੀੜ ਹੋਣ ਵਾਲੀ ਰਿਵਾਇਤ ਸੰਦਿਗਧ ਹੋ ਜਾਂਦੀ ਹੈ।

ਵਾਰਾਂ ਤੇ ਉਨ੍ਹਾਂ ਦੀਆਂ ਧੁਨੀਆਂ : ਇਸ ਬੀੜ ਵਿਚ ਸਾਰੀਆਂ ਵਾਰਾਂ (ਸਿਵਾਇ ਵਾਰ ਰਾਗ ਜੈਤਸਰੀ ਦੇ) ਦੇ ਸਲੋਕਾਂ ਨਾਲ ਮਹਲੇ ਦਰਜ ਹਨ। ਅੱਠ ਰਾਗਾਂ—ਗਉੜੀ, ਆਸਾ, ਗੂਜਰੀ, ਵਡਹੰਸ, ਰਾਮਕਲੀ, ਸਾਰੰਗ, ਮਲਾਰ ਅਤੇ ਕਾਨੜਾ—ਦੀਆਂ ਵਾਰਾਂ ਨਾਲ ਧੁਨੀਆਂ ਨਾਲ ਹੀ ਲਿਖੀਆਂ ਹੋਈਆਂ ਹਨ, ਕੇਵਲ ਰਾਗ ਮਾਝ ਦੀ ਧੁਨੀ ਪਿੱਛੋਂ ਵਧਾਈ ਗਈ ਹੈ। ਇਹ ਵੀ ਮੁੱਢਲੇ ਲਿਖਾਰੀ ਦੇ ਹੱਥਾਂ ਦੀ ਲਿਖੀ ਪ੍ਰਤੀਤ ਹੁੰਦੀ ਹੈ। ਇਨ੍ਹਾਂ ਵਾਰਾਂ ਦੇ ਪਿੱਛੇ "ਸੁਧ ਕੀਚੈ" ਜਾਂ "ਸੁਧੁ" ਆਦਿ ਹਿਦਾਇਤੀ ਪਦ ਨਹੀਂ ਹਨ।

ਵਾਧੂ ਪਾਏ ਗਏ ਸ਼ਬਦ : ਇਸ ਵਿਚ ਹੋਰਨਾਂ ਮਿਸਲਾਂ ਦੇ ਮੁਕਾਬਲੇ ਤੇ ਹੇਠ ਲਿ ਵਾਧੂ ਸ਼ਬਦ ਪ੍ਰਾਪਤ ਹਨ :

੧. ਰਾਗ ਸੋਰਠਿ ਵਿਚ ਕਬੀਰ ਦਾ ਸ਼ਬਦ "ਅਉਧੂ ਸੋ ਜੋਗੀ ਗੁਰੁ ਮੇਰਾ, ਇ ਪਦ ਕਾ ਜੋ ਕਰੈ ਨਿਬੇਰਾ ॥ ੧ ॥ ਰਹਾਉ ॥" (ਪੱਤੀ ੨੪੪)। ਇਹ ਪਦ ਲਿਖਾਰੀ .. ਬਿਨਾ ਸਮਝੇ ਅਠਵੇਂ ਸ਼ਬਦ (ਹ੍ਰਿਦੈ ਕਪਟੁ ਮੁਖ ਗਿਆਨੀ) ਨਾਲ ਮਿਲਾ ਦਿੱਤਾ ਹੈ ਤੇ ਮੁਕੰਮਲ ਵੀ ਨਹੀਂ ਕੀਤਾ, ਕਿਉਂਜੋ ਉਪਰਲੇ ਇਕ ਹੀ ਪਦੇ ਦੇ ਛੇਤੀ ਮਗਰੋਂ ਕਬੀਰ ; ਦਾ "ਬਹੁ ਪਰਪੰਚ ਕਰਿ ਧਨੁ ਲਿਆਵੈ" ਵਾਲਾ ਸ਼ਬਦ ਚਲ ਪੈਂਦਾ ਹੈ।

੨. ਰਾਗ ਰਾਮਕਲੀ ਮਹਲਾ ੫ ਦੇ ਛੰਤਾਂ ਵਿਚ "ਰਣ ਝੁੰਝਨੜਾ ਗਾਉ ਸਖੀ . . ਵਾਲਾ ਛੰਤ (ਪੱਤੀ ੩੧੯)—ਇਸ ਦੀਆਂ ਪਹਲਾਂ ਦੋ ਸਤਰਾਂ ਲਿਖ ਕੇ ਥਾਂ ਖਾਲੀ ਛੱ ਹੋਈ ਸੀ। ਮਗਰੋਂ ਪੂਰਾ ਸ਼ਬਦ ਮਿਲਣ ਤੇ ਇਸ ਨੂੰ ਬਾਰੀਕ ਅੱਖਰਾਂ ਵਿਚ ਲਿਖ ਕੇ ਖਾਲੀ ਛੱਡੀ ਥਾਂ ਦੇ ਅੰਦਰ ਸਮਾਪਤ ਕੀਤਾ ਗਇਆ ਹੈ।

੩. ਰਾਗ ਮਾਰੂ ਵਿਚ ਭਗਤਾਂ ਦੀ ਬਾਣੀ ਦੇ ਅੰਤ ਤੇ ਮੀਰਾ ਬਾਈ ਦਾ ਸ਼ਬਦ, "ਮਨ ਹਮਾਰਾ ਬਾਧਿਓ ਮਾਈ" (ਪੱਤੀ ੩੬੯) ਹੈ;

੪. ਰਾਗ ਸਾਰੰਗ ਵਿਚ ਸੂਰਦਾਸ ਦਾ ਸ਼ਬਦ "ਛਾਡਿ ਮਨ ਹਰਿ ਬਿਮੁਖਨ ਕੋ ਸੰਗ ਪ੍ਰਾਪਤ ਹੈ। ਇਸ ਦੀ ਇਕ ਤੁਕ ਮੂਲ ਲਿਖਾਰੀ ਦੀ ਲਿਖੀ ਹੋਈ ਹੈ ਤੇ ਬਾਕੀ ਸ਼ਬਦ ਕਿਸੇ ਹੋਰ ਹੱਥ ਦਾ ਲਿਖਿਆਂ ਹੋਇਆ ਹੈ।

ਖਾਰੀ ਬੀੜ ਤਥਾ ਖਾਰੇ ਵਾਲੀ ਮਿਸਲ : ਸਿੱਖ ਜਗਤ ਵਿਚ ਇਹ ਗੱਲ ਚਲੀ ਹੋਈ ਹੈ ਕਿ ਇਸ ਬੀੜ ਵਿਚ ਉਪਰ ਲਿਖੇ ਸ਼ਬਦ ਵਧਾਉਣ ਨਾਲ ਅਤੇ ਪਿੱਛੇ ਦੱਸੀ ਗ ਫ਼ਾਲਤੂ ਬਾਣੀ ਨਾਲ ਇਹ ਬੀੜ "ਖਾਰੀ" ਕਹੀ ਜਾਣ ਲੱਗੀ। ਇਹ ਗੱਲ ਨਿਰਮੂਲ ਹੈ ਜਿਵੇਂ ਕਿ ਜੀ.ਬੀ. ਸਿੰਘ ਨੇ ਸਪਸ਼ਟ ਕੀਤਾ ਹੈ ਤੇ ਹੁਣ ਇਹ ਚਿੱਟੇ ਦਿਹੁੰ ਵਾਂਗ ਰੌਸ਼ਨ ਹੈ, ਇਹ ਨਾਂ ਇਸ ਬੀੜ ਦੇ ਪਿੰਡ ਖਾਰਾ ਯਾ ਖਾਰਾ-ਮਾਂਗਟ ਨਾਲ ਜੁੜ ਜਾਣ ਕਾਰਣ ਪਇਆ ਇਸ ਨੂੰ "ਖਾਰੀ ਬੀੜ" ਕਹਣਾ ਭੁੱਲ ਹੈ। ਹਾਂ ਮਿਸਲ ਯਾ ਸ਼ਾਖਾ recension ਦੇ ਲਿਹ.. ਨਾਲ ਇਸ ਨੂੰ "ਖਾਰੇ ਵਾਲੀ ਮਿਸਲ" ਕਹਿਆ ਜਾ ਸਕਦਾ ਹੈ।

ਬੇ-ਮਿਸਲ ਸ਼ਬਦ : ਇਸ ਬੀੜ ਵਿਚ ਵੀ ਕਈ ਸ਼ਬਦ ਬੇ-ਮਿਸਲ ਹਨ :

(i) ਸਿਰੀ ਰਾਗ ਵਿਚ ਮਹਲਾ ੫ ਘਰੁ ੧ ਦੇ ਅੰਤਲੇ ਤਿੰਨ ਸ਼ਬਦ ਘਰ ਦੀ ਦ੍ਰਿਸ਼ਟੀ ਤੋਂ ਬੇ-ਮਿਸਲ ਹਨ। ਕਬੀਰ ਦਾ ਇਕ ਸ਼ਬਦ ਵੀ ਥਾਂ ਸਿਰ ਨਹੀਂ;

(ii) ਰਾਗ ਆਸਾ ਵਿਚ "ਸੋ ਪੁਰਖ" ਵਾਲਾ ਮਹਲਾ ੪ ਦਾ ਸ਼ਬਦ "ਸੋ ਦਰੁ ਮਹਲਾ ੧" ਦੇ ਮਗਰ ਲਿਖਿਆ ਹੋਇਆ ਹੈ, ਉਸ ਦੇ ਅਗੋਂ ਮਹਲਾ ੧ ਦੀ ਪੱਟੀ ਵਾ "ਸੁਣਿ ਵਡਾ ਆਖੈ ਸਭ ਕੋਇ" ਤੇ "ਆਖਾ ਜੀਵਾ ਵਿਸਰੈ ਮਰਿ ਜਾਉ" ਵਾਲੇ ਸ਼ਬਦ ਫਿਰ ਸ਼ ਹੋ ਜਾਂਦੇ ਹਨ।

(iii) ਰਾਗ ਮਾਰੂ ਵਿਚ ਤੀਸਰੇ ਗੁਰੂ ਸਾਹਿਬ ਦਾ ਸੋਲਹ "ਅਗਮ ਅਗੋਚਰ ਵੇਪਰਵਾਹ" ਪਹਲਾ ਪੱਤੀ ੩੫੨ ਉਪਰ ਗੁਰੂ ਅਮਰਦਾਸ ਜੀ ਦੀ ਪੱਟੀ ਦੇ ਮੁੱਢ ਵਿਚ ਲਿਖਿਆ ਹੋਇਆ ਸੀ, ਜਿਵੇਂ ਕਰਤਾਰਪੁਰੀ ਬੀੜ ਦੇ ਸ਼ਬਦਾਂ ਦੇ ਤਤਕਰੇ ਵਿਚ ਦਿਖਾਇਆ ਗਇਆ ਹੈ। ਮਗਰੋਂ ਹੜਤਾਲ ਫੇਰ ਕੇ ਇਸ ਨੂੰ ੨੩ਵੇਂ ਸੋਲਹੇ ਦੀ ਥਾਂ ਤੇ ਦਰਜ ਕੀਤਾ ਗਇਆ ਅਤੇ ਇਸ ਲਈ ਲੋੜੀਂਦੀ ਥਾਂ ਬਨਾਣ ਲਈ ਪਤ੍ਰਾ ੩੫੮ ਵੀ ਸਾਰਾ ਹੜਤਾਲ ਨਾਲ ਮੇਸਣਾ ਪਇਆ। ਇਸ ਨੂੰ ਅੰਤੁ ਤੇ ਲਿਆਉਣ ਦਾ ਪ੍ਰਯੋਜਨ ਘਰੁ ਦੇ ਅਨੁਕੂਲ ਕਰਨਾ ਹੋ ਸਕਦਾ ਹੈ, ਮਹਲੇ ਦੀ ਤਬਦੀਲੀ ਦੀ ਤਾਂ ਲੋੜ ਹੀ ਪ੍ਰਤੀਤ ਨਹੀਂ ਹੁੰਦੀ ਸੀ। ਇਸ ਰਾਗ ਵਿਚ ਕਬੀਰ ਜੀ ਦੇ ਦੋ ਸ਼ਬਦ ਵੀ ਬੇ-ਮਿਸਲ ਰਹਣ ਦਿੱਤੇ ਗਏ ਹਨ। ਨਾਮਦੇਵ ਦੇ ਸ਼ਬਦ ਉਪਰ "ਕਬੀਰ ਦਾ ਸ਼ਬਦ" ਵੀ ਫਿੱਕੀ ਸਿਆਹੀ ਨਾਲ ਕਿਸੇ ਮਗਰੋਂ ਹੀ ਲਿਖਿਆ ਹੈ।

(iv) ਰਾਗ ਭੈਰਉ, ਬਸੰਤ ਤੇ ਸਾਰੰਗ ਵਿਚ ਵੀ ਭਗਤਾਂ ਦੇ ਸ਼ਬਦ ਬੇ-ਟਿਕਾਣੇ ਹਨ, ਹਾਂ, ਬਸੰਤ ਦੀ ਵਾਰ ਠੀਕ ਥਾਂ ਸਿਰ ਚੜ੍ਹੀ ਹੋਈ ਹੈ।

ਹੋਰ ਵਿਸ਼ੇਸ਼ਤਾਵਾਂ : ਇਸ ਬੀੜ ਸੰਬੰਧੀ ਵਰਣਨਯੋਗ ਹੋਰ ਗੱਲਾਂ ਇਸ ਪ੍ਰਕਾਰ ਹਨ :

੧. ਜਪੁ ਸਾਹਿਬ ਵਿਚ ਆਏ ਕੁਝ ਸ਼ਬਦਾਂ ਦੇ ਜੋੜ ਇਸ ਤਰ੍ਹਾਂ ਹਨ : ਧੌਲ, ਕੌਣ ਤੇ ਰਖੀਸਰ। [illegible]

੨. ਰਾਗ ਗਉੜੀ ਕਬੀਰ ਜੀਉ ਕੀ ਦੇ ੫੭ਵੇਂ ਚਉਪਦੇ, "ਕਾਲਬੂਤ ਕੀ ਹਸਤਨੀ ਮਨ ਬਉਰਾ ਰੇ" ਵਿਚ "ਬਿਖੈ ਬਾਚੁ ਹਰਿ ਰਾਚੁ ਸਮਝ ਮਨ ਬਉਰਾ ਰੇ". ਦੇ ਮਗਰ "ਦੁਰਲਭ ਦੇਹ ਕਉ ਕਾਜ" ਵਾਲੀ ਤੁਕ ਨਹੀਂ ਹੈ। ਇਸੇ ਤਰ੍ਹਾਂ ਕਬੀਰ ਜੀ ਦੇ ੬੨ਵੇਂ ਸ਼ਬਦ "ਜੀਅੜਾ ਹਰਿ ਕੈ ਗੁਣ ਗਾਉ" ਦੇ ਮਗਰ "ਛਾਡਿ ਮਾਇਆ ਕੇ ਪੰਧ ਸੁਆਉ" ਵਾਲੀ ਤੁਕ ਵੀ ਨਹੀਂ ਹੈ।

੩. ਰਾਗ ਗੂਜਰੀ ਮਹਲਾ ੫ ਦੀ ਦੂਜੀ ਅਸ਼ਟਪਦੀ (ਨਾਥ ਨਰਹਰ ਦੀਨ) ਦੇ ਅੰਤ ਤੇ ਪਾਠ "ਦੇਤ ਦਰਸਨ ਸ੍ਰਵਨ ਹਰਿ ਜਸ" ਗ਼ਲਤ ਹੀ ਆਇਆ ਹੈ (ਪੱਤੀ ੨੦੨)। ਭਗਤ ਤ੍ਰਿਲੋਚਨ ਜੀ ਦਾ ਸ਼ਬਦ "ਨਵਨਿਧਿ ਪਰਸੀ ਕਾਹਿ ਨੇ" ਇਸ ਬੀੜ ਵਿਚ ਨਹੀਂ।

੪. ਰਾਗ ਧਨਾਸਰੀ ਵਿਚਲਾ ਸ਼ਬਦ, "ਨਦਰਿ ਕਰੇ ਤਾਂ ਸਿਮਰਿਆ ਜਾਏ", ਇਸ ਬੀੜ ਵਿਚ ਮਹਲਾ ੩ ਦਾ ਕਰਕੇ ਲਿਖਿਆ ਹੈ। ਕਬੀਰ ਜੀ ਦੇ ਪਦੇ "ਸਨਕ ਸਨੰਦਨ ਮਹੇਸ਼ ਸਮਾਨਾ" ਵਿਚ ਤੁਕ "ਨਿਰਗੁਣ ਰਾਮ ਜਪਹੁ ਮੇਰੀ ਮਾਈ" ਨਹੀਂ ਹੈ।

੫. ਰਾਗ ਸੋਰਠਿ ਦਾ ਮਹਲਾ ੫ ਦਾ ਵਾਧੂ ਸ਼ਬਦ, "ਸੰਤ ਜਨਾਂ ਸਉ ਦੂਖਣ ਕਰਤਾ", ਜਿਹੜਾ ਕਈ ਪੁਰਾਤਨ ਬੀੜਾਂ ਵਿਚ ਮਿਲਦਾ ਹੈ, ਇਸ ਬੀੜ ਵਿਚ ਨਹੀਂ।

ਵਾਰ ਰਾਗ ਸੋਰਠਿ ਮਹਲਾ ੪, ਪਉੜੀ ੨੯ ਦੇ ਦੂਜੇ, ਮਹਲਾ ੩, ਦੇ ਸਲੋਕ ਵਿਚ ਤੁਕ "ਆਪੇ ਦੇਇ ਵਡਿਆਈਆ ਆਪੇ ਨਦਰਿ ਕਰੇਇ" ਪ੍ਰਾਪਤ ਨਹੀਂ ਹੈ। ਇਸ ਰਾਗ ਦੇ ਕਬੀਰ ਜੀ ਦੇ ਤੀਜੇ ਸ਼ਬਦ (ਬੇਦ ਪੁਰਾਨ ਸਭੇ ਮਤ ਸੁਣ ਕੇ), ਵਿਚ ਪਾਠ ਪਹਲਾਂ "ਖਲਾਸੇ" ਸੀ, ਹੜਤਾਲ ਫੇਰ ਕੇ "ਖਾਲਸੇ" ਬਣਾਇਆ ਹੋਇਆ ਹੈ।

੬. ਰਾਗ ਰਾਮਕਲੀ ਦੇ ਕਬੀਰ ਜੀ ਦੇ ਪੰਜਵੇਂ ਪਦੇ, "ਜਿਹ ਮੁਖ ਬੇਦ ਗਾਇਤ੍ਰੀ ਨਿਕਸੈ" ਵਿਚ "ਅੱਖਰ ਸਾਚੇ ਬੇਦ ਵੀ ਸਾਚਾ . . . ਭਾਰ ਉਠਾਈ ਲੀਏ ਫਿਰਹਿ" ਵਾਲਾ ਬੰਦ ਨਹੀਂ ਹੈ।

੭, ਵਾਰ ਰਾਗ ਮਾਰੂ ਮਹਲਾ ੩ ਦਾ ਪਹਲਾ ਸਲੋਕ, "ਵਿਣ ਗਾਹਕ ਗੁਣ ਵੇਚੀਐ" ਵਾਲਾ ਇਸ ਬੀੜ ਵਿਚ ਮਹਲਾ ੩ ਦਾ ਕਰਕੇ ਲਿਖਿਆ ਹੈ। ਰਵਿਦਾਸ ਦਾ ਰਾਗ ਸੋਰਠਿ ਵਾਲਾ ਸ਼ਬਦ, "ਸੁਖ ਸਾਗਰ ਸੁਰਤਰ ਚਿੰਤਾਮਣੀ" ਇਸ ਰਾਗ ਵਿਚ ਵੀ ਦੁਹਰਾਇਆ ਹੋਇਆ ਹੈ।

੮. ਰਾਗ ਬਸੰਤ ਮਹਲਾ ੧, ਘਰੁ ੧ ਵਿਚ ਆਇਆ ਚਉਪਦਾ, "ਬਸਤ੍ਰ ਉਤਾਰਿ ਦਿਗੰਬਰ ਹੋਗ" ਮਹਲਾ ੩ ਦਾ ਕਰਕੇ ਲਿਖਿਆ ਹੈ ਤੇ ਇਕਤੁਕਾ, "ਸਾਹਿਬ ਭਾਵੈ ਸੇਵਕ ਸੇਵਾ ਕਰੈ" ਵੀ ਮਹਲਾ ੩ ਦਾ ਹੈ। ਇਸ ਰਾਗ ਦੇ ਮਹਲਾ ੧ ਘਰੁ ੨ ਦੇ ਸ਼ਬਦ, "ਰਾਜਾ ਬਾਲਕ ਨਗਰੀ ਕਾਚੀ" ਦੇ ਅੰਤ ਤੇ ਹੇਠ ਲਿਖਿਆ ਤੀਜਾ ਬੰਦ ਪ੍ਰਾਪਤ ਹੈ :

ਰਾਮ ਰਵੰਤਾ ਜਾਣੀਐ ਇਕ ਮਾਈ ਭੋਗ ਕਰੇਇ

... ...

ਪ੍ਰਣਵਤ ਨਾਨਕ ਦਾਸਨਿ ਦਾਸਾ ਖਿਨ ਤੋਲਾ ਖਿਨ ਮਾਸਾ।

੯. "ਸਵੱਯੇ ਮਹਲੇ ਦੂਜੇ ਕੇ" ਦੇ ਦਸਵੇਂ ਸਵੱਯੇ ਵਿਚ ਕਵੀ ਛਾਪ "ਕਲ" ਠੀਕ ਸੀ, ਮਗਰੋਂ ਕਿਸੇ ਨੇ ਹੜਤਾਲ ਫੇਰ ਕੇ "ਟਲ" ਬਣਾ ਦਿੱਤੀ ਹੈ।

੧੦. ਗ੍ਰੰਥ ਵਿਚ ਕਈ ਥਾਵਾਂ ਤੇ ਨਿੱਗਰ ਬਿੰਦੀ (ਅਨੁਸ੍ਵਾਰ) ਦਾ ਪ੍ਰਯੋਗ ਹੋਇਆ ਮਿਲਦਾ ਹੈ।

੧੧. ਕੁਝ ਥਾਵਾਂ ਤੇ ਇਸ ਬੀੜ ਵਿਚ ਵੀ ਦਰੁਸਤੀ ਵਜੋਂ ਮੂਲਮੰਤ੍ਰ ਮਗਰੋਂ ਵਧਾਏ ਹੋਏ ਹਨ; ਜਿਵੇਂ ਮਾਝ ਮਹਲਾ ੫ "ਦਿਨ ਰੈਣਿ" ਵਾਲੀ ਬਾਣੀ ਤੋਂ ਪਹਲਾਂ। ਇਹ ਦਰੁਸਤੀਆਂ ਚੋਖਾ ਚਿਰ ਮਗਰੋਂ ਹੋਈਆਂ ਕਹੀਆਂ ਜਾ ਸਕਦੀਆਂ ਹਨ।

੧੨. ਲਿਖਣ ਦੀ ਸ਼ੈਲੀ ਸੰਬੰਧੀ ਧਿਆਨ ਦੇਣ ਯੋਗ ਇਕ ਗੱਲ ਇਹ ਹੈ ਕਿ ਜਿੱਥੇ ਕਿਤੇ ਮੂਲਮੰਤ੍ਰ ਜਾਂ ਮੰਗਲ ਆਇਆ ਹੈ, ਲਿਖਾਰੀ ਨੇ ਉਸ ਦੇ ਏਕੇ (੧) ਨੂੰ ਇਸ ਤਰ੍ਹਾਂ ਹੇਠਾਂ ਵਲ ਨੂੰ ਵਧਾਇਆ ਹੈ ਕਿ ਉਹ ਹੇਠਲੀਆਂ ਤਿੰਨ ਚਾਰ ਸਤਰਾਂ ਨੂੰ ਕਟਦਾ ਚਲਾ ਗਇਆ ਹੈ। ਵਨੰਗੀ ਲਈ ਦੇਖੋ ਪਲੇਟ xxiv, ਚਿਤ੍ਰ ੧੯ ਅਤੇ ਪਿੱਛੇ ਪੰਨਾ 240।

੧੩. ਦੇਵ ਗੰਧਾਰੀ ਨਟ ਤੇ ਕਲਿਆਣ ਰਾਗਾਂ ਦੇ ਸ਼ਬਦਾਂ ਦੇ ਜੁਮਲਿਆਂ ਮਗਰ ਕੁਝ ਥਾਵਾਂ ਤੇ 'ਛਕਾ' ਪਦ ਇਸ ਬੀੜ ਵਿਚ ਪ੍ਰਾਪਤ ਹੈ।

੧੨. ਬੀੜ ਡੇਰਾ ਭਾਈ ਰਾਮ ਕਿਸ਼ਨ

(ਸੰਮਤ ੧੭੧੦)

ਪਛਾਣ ਤੇ ਅੰਕਣ-ਵਿਧੀ : ਇਹ ਬੀੜ ਸ਼ੇਰਾਂਵਾਲਾ ਗੇਟ, ਪਟਿਆਲਾ, ਦੀ ਉੱਤਰੀ ਬਾਹੀ ਵਿਚ ਸਥਿਤ ਡੇਰਾ ਭਾਈ ਰਾਮ ਕਿਸ਼ਨ ਸੇਵਾ ਪੰਥੀ ਦੇ ਗੁਰਦਵਾਰਾ ਸਾਹਿਬ ਵਿਚ ਸੁਰੱਖਿਅਤ ਹੈ। ਇਸ ਦੇ ਕੁਲ ਪਤ੍ਰੇ ੭੬੦ ਹਨ ਤੇ ਸ਼ਕਲ ਕਿਤਾਬੀ ਹੈ। ਹਾਸ਼ੀਆ ਚੌਹਾਂ ਪਾਸਿਆਂ ਤੇ ਵਾਹੀਆਂ ਪੰਜ ਬਾਰੀਕ ਲਕੀਰਾਂ ਨਾਲ ਲੱਗਾ ਹੋਇਆ ਹੈ ਤੇ ਕਈ ਥਾਵਾਂ 'ਤੇ ਮੁਰੰਮਤ ਵੀ ਹੋਇਆ ਹੋਇਆ ਹੈ। ਅੱਖਰ ਇਸ ਦੇ ਤਿੱਖੇ ਤੇ ਲਿਖਾਈ ਸੁਥਰੀ ਹੈ। ਅੰਕ ਪਤ੍ਰੇ ਦੇ ਮਗਰਲੇ ਪਾਸੇ, ਅਥਵਾ ਖੁੱਲ੍ਹੇ ਗ੍ਰੰਥ ਦੇ ਖੱਬੇ ਹੱਥ ਵਾਲੇ ਪੰਨੇ ਉਤੇ, ਉਪਰ ਕਰਕੇ, ਹਾਸ਼ੀਏ ਵਿਚ ਲੱਗੇ ਹੋਏ ਹਨ। ਤਤਕਰਾ ਬਣਾਣ ਵਾਲੇ ਨੇ ਖੱਬੇ ਤੇ ਸੱਜੇ ਪਾਸੇ ਨੂੰ ਪਤ੍ਰਾ ਮਿਥ ਕੇ ਅੰਕ ਲਾਏ ਹਨ, ਜੋ ਪਤ੍ਰਾ ਸੰਬੰਧੀ ਵਿਗਿਆਨਕ ਧਾਰਣਾ ਨਹੀਂ।

ਲਿਖਣ-ਮਿਤੀ ਤੇ ਲਿਖਾਰੀ : ਗ੍ਰੰਥ ਦਾ ਲਿਖਿਆ ਜਾਣਾ "ਸੂਚੀ ਪਤ੍ਰ ਪੋਥੀ ਕਾ" ਵਿਚ ਸੰਬਤ ੧੭੧੦ ਮਿਤੀ ਹਾੜ ਸੂਦੀ-੧੪ ਦਿੱਤਾ ਹੋਇਆ ਹੈ। ਇਸ ਹਿਸਾਬ ਇਹ ਗ੍ਰੰਥ ਸਤਵੇਂ ਗੁਰੂ ਸ੍ਰੀ ਹਰਿ ਰਾਏ ਜੀ, ਦੇ ਕਾਲ ਵਿਚ ਲਿਖਿਆ ਗਇਆ। ਲਿਖਣ ਵਾਲਾ ਇਸ ਦਾ ਸੇਖੋਂ ਜਾਤਿ ਦਾ ਗੁਰਦਿੱਤੇ ਨਾਂ ਦਾ ਉਧੋਵਾਲ ਦਾ ਵਸਨੀਕ ਕੋਈ ਜਟੇਟਾ ਸੀ, ਜਿਵੇਂ ਕਿ ਅੰਤਲੇ ੭੬੦ ਪਤ੍ਰੇ ਉੱਤੇ ਸਿਆਹੀ ਕੀ ਬਿਧਿ ਦੇ ਪਿਛੋਂ ਲਿਖਾਰੀ ਦੀ ਦਿੱਤੀ ਟਿੱਪਣੀ ਤੋਂ ਪਤਾ ਲਗਦਾ ਹੈ। ਸਮਾਵਣੇ ਦੇ ਚਲਿਤ੍ਰਾਂ ਤੋਂ ਵੀ, ਜੋ ਪਤ੍ਰਾ ੧੪ ਦੇ ਸਾਮ੍ਹਣੇ, ਸੱਜੇ ਹੱਥ ਵਾਲੇ ਪੰਨੇ ਉੱਤੇ, ਦਿੱਤੇ ਹੋਏ ਹਨ, ਇਸ ਕਾਲ ਦੀ ਪੁਸ਼ਟੀ ਹੁੰਦੀ ਹੈ, ਕਿਉਂਜੋ ਇਹ ਚਲਿਤ੍ਰ ਛੇਵੀਂ ਪਾਤਸ਼ਾਹ ਦੇ ਸਮਾਉਣ ਦੀ ਮਿਤੀ ਤੇ ਮੁਕ ਜਾਂਦੇ ਹਨ।

ਨੀਸਾਣ : ਤਤਕਰੇ ਵਿਚ ਜੋਤੀ ਜੋਤਿ ਸਮਾਵਣੇ ਕੇ ਚਲਿਤ੍ਰਾਂ ਦੇ ਮਗਰ "ਨੀਸਾਣੁ ਗੁਰੂ ਜੀ ਕੇ ਦਸਤਖਤ ਮਹਲਾ" ਦੀ ਪ੍ਰਤੀਕ ਆਈ ਹੈ, ਪਰ "ਮਹਲਾ" ਨਾਲ ਅੰਕ ਨਹੀਂ ਲਿਖਿਆ। ਅੰਦਰ, ਗ੍ਰੰਥ ਵਿਚ, ਚਲਿਤ੍ਰ ਵਾਲੇ ਪਤ੍ਰੇ ਦੇ ਮਗਰੋਂ, ਇਕ ਪਤ੍ਰਾ ਖਾਲੀ ਛਡ ਕੇ, ਗੁਰੂ ਤੇਗ ਬਹਾਦਰ ਜੀ ਦੀ ਲਿਖਤ ਨਾਲ ਮਿਲਦਾ ਮੂਲਮੰਤ੍ਰ ਚਮੋੜਿਆ ਹੋਇਆ ਹੈ (ਪਲੇਟ XXVII, ਚਿਤ੍ਰ ੨੩)। ਇਹ, ਬਾਅਦ ਵਿਚ ਹਾਸਲ ਕਰਕੇ ਲਾਇਆ ਗਇਆ ਲਗਦਾ ਹੈ। ਤਾਂ ਵੀ, ਗ੍ਰੰਥ ਦੇ ਸਤਵੀਂ ਪਾਤਸਾਹੀ ਦੇ ਸਮੇਂ ਦਾ ਹੋਣ ਵਿਚ ਸੰਦੇਹ ਨਹੀਂ।

ਤਤਕਰੇ : ਗ੍ਰੰਥ ਦੇ ਮੁਢ ਵਿਚ ਦੋ ਕਾਲਮੀ ਸੂਚੀ-ਪਤ੍ਰ ਲਗਾ ਹੋਇਆ ਹੈ। ਇਸ ਦੇ ਮਗਰੋਂ "ਤਤਕਰਾ ਤਤਕਰੇ ਕਾ" ਹੈ ਜਿਸ ਵਿਚ ਸ਼ਬਦਾਂ ਦੇ ਤਤਕਰੇ ਦੇ ਉਹ ਪੰਨੇ ਦਰਜ

ਹਨ, ਜਿਨ੍ਹਾਂ ਉਪਰ ਸੰਬੰਧਿਤ ਰਾਗਾਂ ਦੇ ਬਿਓਰੇ ਦਰਜ ਹਨ। ਮਗਰੋਂ "ਤਤਕਰਾ ਸ਼ਬਦਾਂ ਕਾ" ਹੈ ਜੋ ਤਿੰਨ ਕਾਲਮੀ ਤਰਤੀਬ ਨਾਲ ਬਣਿਆ ਹੋਇਆ ਹੈ।

ਬਾਣੀ ਦਾ ਬਿਓਰਾ : ਪਹਲੇ ਤਤਕਰੇ ਵਿਚ ਜਪੁ ਦੇ ਸ੍ਰੀ ਗੁਰੂ ਰਾਮਦਾਸ ਜੀ ਦੇ ਦਸਤਖਤਾਂ ਵਾਲੇ ਜਪੁ ਦੀ ਚੌਥੀ ਥਾਵੇਂ ਨਕਲ ਹੋਣ ਦੀ ਸੂਚਨਾ ਹੈ। ਜਪੁ ਦੇ ਮਗਰੋਂ 'ਸੋਦਰੁ' (ਪੰਚ ਸ਼ਬਦ) ਤੇ 'ਸੋਹਿਲਾ' ਆਰਤੀ (ਪੰਚ ਸ਼ਬਦ) ਹਨ। 'ਸੋ ਪੁਰਖੁ' ਵਾਲਾ ਜੁਟ ਇਸ ਵਿਚ ਨਹੀਂ ਹੈ। ਸੋਹਿਲੇ ਦੇ ਮਗਰੋਂ ਇਸ ਵਿਚ ਤੀਹ ਰਾਗਾਂ ਦੀ ਬਾਣੀ ਦਰਜ ਹੈ। ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਇਸ ਵਿਚ ਨਹੀਂ ਚੜ੍ਹੀ। ਰਾਗਾਂ ਦਾ ਕ੍ਰਮ ਅੱਜਕਲ ਦੇ ਪ੍ਰਵਾਣਿਤ ਕ੍ਰਮ ਵਾਲਾ ਹੈ।

ਭੋਗ ਇਸ ਗ੍ਰੰਥ ਦਾ ਸਲੋਕ ਵਾਰਾਂ ਤੇ ਵਧੀਕ ਤੇ ਪੈਂਦਾ ਹੈ ਜਿਨ੍ਹਾਂ ਦੇ ਅੰਤ ਤੇ ਮੁੰਦਾਵਣੀ ਅਤੇ ਇਸ ਦਾ ਸਾਥੀ ਸਲੋਕ "ਤੇਰਾ ਕੀਤਾ ਜਾਤੋ ਨਾਹੀ" ਹੈ। ਅੰਤ ਵਿਚ ਖਾਰੇ ਦੀ ਮਿਸਲ ਵਾਲੀਆਂ ਸਭ ਫਾਲਤੂ ਬਾਂਣੀਆਂ, ਸਲੋਕ "ਜਿਤ ਦਰ ਲਖ ਮੁਹੰਮਦਾ" (੩), "ਬਾਇ ਆਤਿਸ਼ ਆਬ"(੧੬), ਹਕੀਕਤ ਰਾਹ ਮੁਕਾਮ, ਰਤਨ ਮਾਲਾ, (੨੫) ਰਾਗ ਮਾਲਾ ਤੇ ਸਿਆਹੀ ਕੀ ਬਿਧਿ ਚੜ੍ਹੀਆਂ ਹੋਈਆਂ ਹਨ।

ਮੰਗਲ ਤੇ ਬਾਣੀ ਦੇ ਜੁਮਲੇ : ਸਿਵਾਇ ਸ੍ਰੀ ਰਾਗ, ਜੈਤਸਰੀ ਤੇ ਬੈਰਾੜੀ ਦੇ ਜੋ ਛੋਟੇ ਮੰਗਲ (੧ੴ ਸਤਿਗੁਰ ਪ੍ਰਸਾਦਿ) ਨਾਲ ਸ਼ੁਰੂ ਹੁੰਦੇ ਹਨ, ਹੋਰ ਸਾਰੇ ਰਾਗ ਮੂਲਮੰਤ੍ਰ ਨਾਲ ਆਏ ਹਨ। ਮੰਗਲਾਂ ਦੇ ਏਕੇ (੧) ਨੂੰ ਲੰਮੀ ਪੂਛ ਦੇ ਕੇ ਹੇਠਾਂ ਨੂੰ ਲਿਖਤ ਵਿਚ ਦੂਰ ਤਕ ਲੈ ਜਾਣ ਦੀ ਸ਼ੈਲੀ ਜੇਹੋ ਜੇਹੀ ਕਿ ਬਾਹੋਵਾਲ ਵਾਲੀ ਪੋਥੀ ਤੇ ਬੀੜ ਭਾਈ ਬੰਨੋ ਵਿਚ ਦੇਖੀ ਗਈ ਸੀ, ਇਸ ਬੀੜ ਵਿਚ ਵੀ ਬਹੁਤੀਆਂ ਥਾਵਾਂ ਤੇ ਵੇਖਣ ਵਿਚ ਆਈ ਹੈ। ਸ਼ਬਦਾਂ ਦੇ ਜੋੜ ਨੂੰ 'ਛਕਾ' ਵਿਧੀ ਨਾਲ ਦਰਸਾਉਣ ਦੀ ਪਰਿਪਾਟੀ ਵੀ ਇਸ ਵਿਚ ਵਿਦਮਾਨ ਹੈ। ਸ੍ਰੀ ਰਾਗ ਮਹਲਾ ੧ ਘਰੁ ੧ ਦੇ ਪਹਲੇ ਛੇ ਚਉਪਦਿਆਂ ਦੇ ਪਿੱਛੇ "ਛਕਾ" ਪਦ ਲਿਖਿਆ ਹੋਇਆ ਸੀ, ਪਰੰਤੂ ਬਾਅਦ ਵਿਚ ਹੜਤਾਲ ਦਿੱਤਾ ਗਇਆ। ਦੇਵਗੰਧਾਰੀ ਮਹਲਾ ੪ ਘਰੁ ੧ ਦੇ ਛੇ ਸ਼ਬਦਾਂ ਦੇ ਪਿੱਛੋਂ "ਛਕਾ ੧" ਆਇਆ ਹੈ; ਦੇਵਗੰਧਾਰੀ ਮਹਲਾ ੫ ਘਰੁ ੨ ਦੇ ਬਾਹਰਵੇਂ ਚਉਪਦੇ ਦੇ ਪਿੱਛੇ ਜੋੜ ਵਜੋਂ "ਛਕਾ ੨" ਲਿਖਿਆ ਹੋਇਆ ਹੈ; ਰਾਗ ਬਿਹਾਗੜਾ ਮਹਲਾ ੪ ਦੇ ਛੇਵੇਂ ਛੰਤ ਪਿੱਛੇ "ਛਕਾ ੧" ਮਿਲਦਾ ਹੈ; ਰਾਗ ਗੋਂਡ ਮਹਲਾ ੪ ਘਰੁ ੧ ਦੇ ਛੇ ਚਉਪਦਿਆਂ ਮਗਰ ਵੀ "ਛਕਾ" ਉਪਲਬਧ ਹੈ; ਨਟ ਨਾਰਾਇਣ ਮਹਲਾ ੪ ਦੀਆਂ ਅਸ਼ਟਪਦੀਆਂ ਦੇ ਅੰਤ ਤੇ "ਛਕਾ" ਪਦ ਵਰਤਿਆ ਹੋਇਆ ਹੈ ਅਤੇ ਰਾਗ ਕਲਿਆਨ ਮਹਲਾ ੪ ਅਸ਼ਟਪਦੀਆਂ ਦੇ ਮਗਰ ਵੀ "ਛਕਾ" ਹੈ। ਕਾਨੜਾ ਦੀ ਅਸ਼ਟਪਦੀਆਂ ਦੇ ਪਿੱਛੇ ਵੀ ਛਕਾ ਹੈ। ਇਸ ਤਰ੍ਹਾਂ ਇਸ ਗ੍ਰੰਥ ਦੇ ਕਿਸੇ ਪੁਰਾਣੇ ਸ੍ਰੋਤ ਤੋਂ ਆਏ ਹੋਣ ਦੀ ਤਸਦੀਕ ਹੁੰਦੀ ਹੈ।

ਜੋੜ ਚਉਪਦਿਆਂ ਦਾ ਸ੍ਰੀ ਰਾਗ ਦੇ ਅੰਤ ਤੇ ਪਹਲਾਂ ਕੇਵਲ ਇਹ ਸੀ : ॥੪॥ ੬॥੭੦॥ ਮਗਰੋਂ ਇਹ ਵੇਰਵਾ ਵਧਾਇਆ ਗਇਆ ਮਿਲਦਾ ਹੈ : ੩੩ ਮ:੧॥੩੧ ਮ: ੩॥ ੬ ਮ: ੪ ॥ ਤਿਨ ਕਾ ਜੁਮਲਾ ੭੦ ॥

ਵਾਰਾਂ : ਇਸ ਗ੍ਰੰਥ ਦੀਆਂ ਵਾਰਾਂ ਪਿੱਛੇ "ਸੁਧ", "ਸੁਧ ਕੀਚੈ" ਆਦਿ ਹਿਦਾਇਤੀ ਪਦ ਨਹੀਂ ਹਨ। ਧੁਨੀਆਂ ਚੜ੍ਹੀਆਂ ਹੋਈਆਂ ਹਨ। ਵਾਰ ਰਾਗ ਆਸਾ ਪੂਰੇ ਮੂਲਮੰਤ੍ਰ ਨਾਲ ਆਈ ਹੈ।

ਹੋਰ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਗਿਣਾਈਆਂ ਜਾ ਸਕਦੀਆਂ ਹਨ :

੧. **ਜਪੁ** ਦੇ ਕੁਝ ਪਦਿਆਂ ਦੇ ਸ਼ਬਦ-ਜੋੜ ਇਸ ਪ੍ਰਕਾਰ ਆਏ ਹਨ : ਮੁਹੌਂ, ਧੌਲ, ਕੌਣ, ਰਖੀਸਰ ਤੇ ਜੀਭੌਂ।

੨. ਰਾਗ ਗਉੜੀ ਬੈਰਾਗਣਿ ਕਬੀਰ ਜੀ ਵਿਚ ਇਕ ਹੋਰ ੫੨ਵਾਂ ਪਦਾ "ਗਗਨ ਮੰਡਲ ਮਹਿ ਏਕੋ ਸੇਈ" ਇਸ ਬੀੜ ਵਿਚ ਨਹੀਂ ਹੈ। ਅਗੇ ੫੭ਵੇਂ ਸ਼ਬਦ (ਕਾਲਬੂਤ ਕੀ ਹਸਤਣੀ) ਵਿਚ ਰਹਾਉ ਦੀ ਤੁਕ ਨਾਲ "ਦੁਰਲਭ ਦੇਹ ਕਉ ਕਾਜ" ਵੀ ਉਪਲਬਧ ਨਹੀਂ। ਵਾਰ ਕਬੀਰ ਜੀ ਦਾ ਆਰੰਭ ਇਸ ਬੀੜ ਵਿਚ "ਧਰ ਅੰਬਰ ਵਿਚ ਬੇਲੜੀ ਤਿਸ ਲਾਲ ਸੁਗੰਧਾ ਬੂਲ" ਨਾਲ ਨਹੀਂ ਹੁੰਦਾ।

੩. ਰਾਗ **ਆਸਾ** ਵਿਚ "ਸੋ ਪੁਰਖੁ" ਵਾਲਾ ਸ਼ਬਦ "ਸੋਦਰੁ" ਦੇ ਮਗਰ ਹੀ ਦਰਜ ਹੈ। ਇਸ ਰਾਗ ਦੇ ਮਹਲਾ ੧ ਘਰੁ ੨ ਦੇ ਵੀਹਵੇਂ ਸ਼ਬਦ ਵਿਚ ਪਾਠ "ਪਾਹਰੂਅਰਾ ਛਬਿ ਚੋਰ ਨ ਲਾਗੋ" ਹੈ। ਰਾਗ ਆਸਾ ਮਹਲਾ ੫ ਦੇ ਸਿਰਲੇਖ ਹੇਠ ਆਏ ਸ਼ਬਦ "ਗੋਬਿੰਦ ਗੋਬਿੰਦ ਸੰਗ ਨਾਮ ਦੇਉ ਮਨੁ ਲੀਨਾ" ਵਿਚ ਕਰਤਾਰਪੁਰੀ ਬੀੜ ਵਾਲਾ ਪਾਠ "ਬੁਨਨਾ ਤਤਨਾ" ਸੀ, ਮਗਰੋਂ ਹੜਤਾਲ ਫੇਰ ਕੇ "ਬੁਨਨਾ ਤਨਨਾ" ਕੀਤਾ ਹੋਇਆ ਹੈ (ਪੱਤੀ ੨੭੪/ੳ)।

੪. ਰਾਗ **ਗੂਜਰੀ** ਮਹਲਾ ੫ ਅਸ਼ਟਪਦੀਆਂ ਘਰੁ ੪ ਦੀ "ਨਾਥ ਨਰ ਹਰਿ ਦੀਨ" ਵਾਲੀ ਅਸ਼ਟਪਦੀ ਵਿਚ ਪਾਠ "**ਚੇਤ** ਦਰਸਨ ਸ੍ਰਵਨਿ ਹਰਿ ਜਸ" ਹੈ। ਤ੍ਰਿਲੋਚਨ ਦਾ ਸ਼ਬਦ "ਨਵ ਨਿਧਿ ਪਰਸੀ ਕਾਹਿ" ਇਸ ਬੀੜ ਵਿਚ ਨਹੀਂ ਹੈ।

੫. ਰਾਗ **ਦੇਵਗੰਧਾਰੀ** ਮਹਲਾ ੪ ਘਰ ੧ ਦੇ ਪਹਲੇ ਛਕੇ ਨਾਲ "ਮਹਲਾ" ਸੂਚਿਤ ਨਹੀਂ; ਅਗਲੇ, ਅਰਥਾਤ ਦੇਵਗੰਧਾਰੀ ਮਹਲਾ ੫ ਘਰੁ ੨ ਦੇ ਸਤ ਪਦਿਆਂ ਨਾਲ ਵੀ ਮ: ੫ ਨਹੀਂ, ਲਿਖਿਆ ਮਗਰੋਂ ਸਬ ਥਾਂ ਵਧਾਇਆ ਗਇਆ ਹੈ। ਇਸ ਰਾਗ ਵਿਚ ਸ਼ਬਦਾਂ ਦਾ ਕ੍ਰਮ ਛਪੇ ਗ੍ਰੰਥ ਵਾਲਾ ਹੀ ਹੈ।

੬. ਰਾਗ **ਵਡਹੰਸ** ਮਹਲਾ ੧ ਘਰੁ ੧ ਦੇ ਤੀਜੇ ਸ਼ਬਦ (ਮੋਰੀ ਰੁਣਝੁਣ ਲਾਇਆ) ਦੀ ਸਮਾਪਤੀ "ਸਹੁ ਭਇਆ ਵਿਡਾਣਾ" ਉਪਰ ਹੀ ਹੈ; ਕਵੀ-ਛਾਪ ਵਾਲੀ ਗੁੰਮ ਪੰਗਤੀ (ਆਪਣੇ ਪਿਰ ਭਾਣੀ ਮਹਲਿ ਬੁਲਾਈ ਨਾਨਕ ਸੰਗ ਸਮਾਣਾ) ਇਸ ਵਿਚ ਨਹੀਂ ਹੈ।

੭. ਰਾਗ ਸੋਰਠਿ ਮਹਲਾ ੫ ਦੇ ਚਉਪਦਿਆਂ ਦੇ ਅੰਤ 'ਤੇ "ਸੰਤ ਜਨਾ ਸਿਉ ਦੂਖਨ ਕਰਤਾ" ਵਾਲਾ ਸ਼ਬਦ ਲਿਖ ਕੇ ਕੱਟਿਆ ਹੋਇਆ ਹੈ, ਹੜਤਾਲ ਫੇਰ ਕੇ (ਪੱਤੀ ੩੪੪)। ਇਸ ਰਾਗ ਦੀ ਵਾਰ ਦੀ ੨੯ਵੀਂ ਪਉੜੀ ਦੇ ਮਹਲਾ ੩ ਦੇ ਦੂਜੇ ਸਲੋਕ ਵਿਚ ਛੁੱਟੀ ਹੋਈ ਤੁਕ ਵਾਲੀ ਥਾਂ ਤੇ + ਨਿਸ਼ਾਨ ਦੇ ਕੇ ਛੁੱਟੀ ਹੋਈ ਤੁਕ "ਆਪੇ ਦੇ ਵਡਿਆਈਆਂ ਆਪ ਨਦਰ ਕਰੇਇ" ਹੇਠਾਂ ਕਰਕੇ, ਖਾਲੀ ਥਾਂ ਉੱਤੇ, ਲਿਖੀ ਹੋਈ ਹੈ (ਪੱਤੀ ੩੫੭/ੳ। ਕਬੀਰ ਜੀ ਦੇ ਤੀਜੇ ਸ਼ਬਦ "ਬੇਦ ਪੁਰਾਨ ਸਭੇ ਮਤਿ ਸੁਨਿ ਕੈ" ਵਿਚ ਪਾਠ—" ਖਾਲਸੇ ਆਇਆ ਹੈ (ਪੱਤੀ ੩੫੭/ੳ)। ਕਬੀਰ ਜੀ ਦੇ ਸ਼ਬਦ "ਅਉਧੂ ਸੋ ਜੋਗੀ ਗੁਰੂ ਮੇਰਾ" ਦੀ ਕੇਵਲ ਇਕ ਤੁਕ ਲਿਖੀ ਹੋਈ ਹੈ (ਪੱਤੀ ੩੫੮/ੳ); ਬਾਕੀ ਸ਼ਬਦ ਲਈ ਥਾਂ ਖਾਲੀ ਪਈ ਹੈ।

੮. ਰਾਗ **ਧਨਾਸਰੀ** ਮਹਲਾ ੧ ਦੇ ਚਉਪਦੇ "ਨਦਰਿ ਕਰੇ ਤਾ ਸਿਮਰਿਆ ਜਾਏ" ਨਾਲ ਮਹਲਾ ੩ ਆਇਆ ਹੈ। ਇਸੇ ਰਾਗ ਦੇ ਕਬੀਰ ਜੀ ਦੇ ਸ਼ਬਦ "ਸਨਕ ਸਨੰਦਨ ਮਹੇਸ਼ ਸਮਾਨਾ" ਦੀ ਰਹਾਉ ਦੀ ਤੁਕ ਦਾ ਪਹਲਾ ਅੱਧਾ ਹਿੱਸਾ "ਨਿਰਗੁਨ ਰਾਮ ਜਪਹੁ ਮੇਰੀ ਮਾਈ" ਨਹੀਂ ਹੈ। ਰਾਗ ਧਨਾਸਰੀ ਵਿਚ ਨਾਮਦੇਵ ਜੀ ਦਾ ਸ਼ਬਦ "ਸਾਤ ਸਮੁੰਦਰ ਜਾ ਕੀ ਹੈ ਕਿਰਣੀ" ਇਸ ਬੀੜ ਵਿਚ ਪ੍ਰਾਪਤ ਹੈ (ਪੱਤਿ ੩੭੫/ਅ)।

੯. ਰਾਗ ਗੋਂਡ ਵਿਚ ਨਾਮ ਦੇਵ ਦੇ ਸ਼ਬਦ ਦੇ ਮਗਰ "ਏਈ ਤੇ ਨਾਮਾ ਏਈਂ ਤੇ" ਆਇਆ ਹੈ (ਪੱਤੀ ੪੫੬)।

੧੦. ਰਾਗ **ਰਾਮਕਲੀ** ਛੰਤ ਛਪੇ ਗ੍ਰੰਥ ਵਾਲੇ ਕ੍ਰਮ ਵਿਚ ਦਰਜ ਹਨ। ਇਸ ਵਿਚ ਮਹਲਾ ੫ ਦੇ ਅੰਤ ਤੇ ਛੰਤ "ਰਣ ਝੁੰਝਨੜਾ ਗਾਉ" ਪੂਰਾ ਦਿੱਤਾ ਹੋਇਆ ਹੈ (੪੭੮/ਅ)। ਲਿਖਾਰੀ ਨੇ ਓਅੰਕਾਰ ਨਾਲ "ਦਖਣੀ" ਵਿਸ਼ੇਸ਼ਣ ਲਾਉਣ ਦੀ ਭੁੱਲ ਕੀਤੀ ਹੋਈ ਹੈ (ਪੱਤੀ੪੭੯/ਅ)। ਕਬੀਰ ਦੇ ਪੰਜਵੇਂ ਸ਼ਬਦ "ਜਿਹ ਮੁਖ ਬੇਦ ਗਾਇਤ੍ਰੀ ਨਿਕਸੈ" ਵਿਚ ਚੌਥਾ ਬੰਦ "ਅੱਖਰ ਸਾਚੇ ਬੇਦੁ ਭੀ ਸਾਚਾ, ਤਿਨ ਕਾ ਕਹਿਆ ਤੂੰ ਕਿਉਂ ਨ ਕਰਹਿ" ਵਾਲਾ ਇਸ ਬੀੜ ਵਿਚ ਨਹੀਂ ਹੈ।

੧੧. ਰਾਗ **ਮਾਰੂ** ਵਿਚ "ਲਾਲੇ ਗਾਰਬ ਛੋਡਿਆ" ਵਾਲੀ ਅਸ਼ਟਪਦੀ ਮਹਲਾ ੩ ਦੀ ਤਖਤੀ ਵਿਚ ਦਰਜ ਸੀ। ਓਥੋਂ ਹੜਤਾਲ ਕੇ ਮਹਲਾ ੧ ਦੀ ਅਸ਼ਟਪਦੀ "ਸਾਚੀ ਕਾਰ ਕਮਾਵਣੀ" ਦੇ ਪਿੱਛੇ ਲਿਆਂਦੀ ਗਈ ਹੈ। ਇਸ ਰਾਗ ਦੀ ਵਾਰ ਮਹਲਾ ੩ ਦਾ ਦਾ ਪਹਲਾ ਸਲੋਕ ਮਹਲਾ ੧ ਦਾ ਕਰਕੇ ਲਿਖਿਆ ਹੈ। ਭਗਤ ਰਵਿਦਾਸ ਦਾ ਰਾਗ ਸੋਰਠਿ ਵਾਲਾ ਸ਼ਬਦ "ਸੁਖ ਸਾਗਰ ਸੁਰਤਰ ਚਿੰਤਾਮਣੀ" ਇਥੇ ਫਿਰ ਦੁਹਰਾਇਆ ਹੋਇਆ ਹੈ। ਮੀਰਾ ਬਾਈ ਦਾ ਸ਼ਬਦ "ਮਨ ਹਮਾਰਾ ਬਾਧਿਓ ਮਾਈ" ਇਸ ਬੀੜ ਵਿਚ ਪ੍ਰਾਪਤ ਹੈ।

੧੨. ਰਾਗ **ਭੈਰਉ** ਦੇ ਸ਼ਬਦ-ਜੋੜ ਗੁਰੂਬਾਣੀ ਵਿਚ ਸਭ ਥਾਂ "ਭੈਰੋ" ਹਨ। ਇਸ ਪੱਖੋਂ ਇਹ ਬਾਬਾ ਮੋਹਨ ਦੀ ਅਹੀਆਪੁਰ ਵਾਲੀ ਪੋਥੀ ਨਾਲ ਰਲਦੀ ਹੈ। ਪਰੰਤੂ ਭਗਤਾਂ ਦੀ ਬਾਣੀ ਵਿਚ ਸ਼ਬਦ ਜੋੜ "ਭੈਰਉ" ਹੋ ਗਏ ਹਨ। ਬੀੜ ਵਿਚ ਭੈਰਉ ਮਹਲਾ ੪ ਘਰੁ ੨ ਨਾਲ ਪਹਲਾਂ ਮੰਗਲ ਨਹੀਂ ਸੀ, ਮਗਰੋਂ ਪਾਲਾਂ ਦੀ ਵਿਥ ਵਿਚ ਪਾਇਆ ਗਇਆ ਹੈ।

੧੩. ਰਾਗ ਬਸੰਤ ਦੀ ਮਹਲਾ ੧ ਘਰੁ ੧ ਦੀ ਬਾਣੀ ਨਾਲ "ਹਿੰਡੋਲ" ਪਦ ਨਹੀਂ, ਘਰੁ ੨ ਦੀ ਬਾਣੀ ਨਾਲ "ਹਿੰਡੋਲ" ਹੈ। ਮਹਲਾ ੩ ਦੀ ਘਰੁ ੧ ਦੀ ਬਾਣੀ ਨਾਲ ਵੀ ਨਿਪਟ ਬਸੰਤ ਹੈ । ਤਖ਼ਤੀ ਵਿਚ ਚਉਪਦਾ "ਬਸਤ੍ਰ ਉਤਾਰਿ ਦਿਗੰਬਰ ਹੋਗੁ" ਇਸ ਬੀੜ ਵਿਚ ਮਹਲਾ ੩ ਕਰਕੇ ਦਿਖਾਇਆ ਗਇਆ ਹੈ ਤੇ ਇਸ ਤੋਂ ਮਗਰਲਾ ਇਕਤੁਕਾ "ਸਾਹਿਬ ਭਾਵੈ ਸੇਵਕੁ ਸੇਵਾ ਕਰੈ" ਵੀ ਮਹਲਾ ੩ ਦਾ ਹੈ। ਇਸ ਰਾਗ ਦੇ ਮਹਲਾ ੧ ਘਰੁ ੨ ਦੇ ਤੀਜੇ ਚਉਪਦੇ" "ਰਾਜਾ ਬਾਲਕੁ ਨਗਰੀ ਕਾਚੀ" ਦਾ ਚੌਥਾ ਬੰਦ "ਕਹਿਆ ਸੁਣਹਿ ਨ ਖਾਇਆ ਮਾਨਹਿ . . .ਖਿਨ ਤੋਲਾ ਖਿਨ ਮਾਸਾ" ਇਸ ਬੀੜ ਵਿਚ ਪ੍ਰਾਪਤ ਹੈ। ਬਸੰਤ ਕੀ ਵਾਰ ਥਾਂ ਸਿਰ ਚੜ੍ਹੀ ਹੋਈ ਹੈ।

੧੪. ਰਾਗ ਸਾਰੰਗ ਵਿਚ ਸੂਰਦਾਸ ਦੇ ਸ਼ਬਦ "ਛਾਡਿ ਮਨ ਹਰਿ ਬਿਮੁਖਨ ਕੋ ਸੰਗ" ਦੀ ਕੇਵਲ ਇਕ ਤੁਕ ਹੈ। ਦੂਜਾ ਸ਼ਬਦ "ਹਰਿ ਕੇ ਸੰਗ ਬਸੇ ਹਰਿ ਲੋਕ", ਸਾਰੰਗ ਮਹਲਾ ੫ ਸੂਰਦਾਸ" ਦੇ ਸਿਰਨਾਵੇਂ ਅਧੀਨ ਹੈ।

੧੫. ਰਾਗ ਮਲਾਰ ਮਹਲਾ ੫ ਚਉਪਦੇ ਘਰੁ ੨ ਦੇ ਅੰਤ ਤੇ ਸ਼ਬਦ "ਪ੍ਰਾਨ ਮਾਨ ਏਕ ਨਾਮ" ਨਹੀਂ ਹੈ। ਮਲਾਰ ਕੀ ਵਾਰ ਨਾਲ ਸਲੋਕ "ਮਹਲਾ ੩" ਦੀ ਸੰਗਿਆ ਅਧੀਨ ਆਇਆ ਹੈ।

੧੬. ਰਾਗ ਕਾਨੜਾ ਮਹਲਾ ੫ ਘਰੁ ੨ ਦੇ ੧ ਤੋਂ ੧੧ ਚਉਪਦਿਆਂ ਦੇ ਸਿਰਲੇਖਾਂ ਨਾਲ ਮੰਗਲ ਨਹੀਂ ਹਨ।

੧੭. ਰਾਗ ਪ੍ਰਭਾਤੀ ਨਾਲ "ਬਿਭਾਸ" ਪਦ ਛਪੀ ਸੈਂਚੀ ਦਾ ਅਨੁਸਰਨ ਕਰਦਾ ਹੈ।

੧੮. ਭੱਟ ਰਚਿਤ ਸਵੱਯੇ ਮਹਲੇ ਦੂਜੇ ਕੇ ਦੇ ਅੰਤਲੇ ਸਵੈਯੇ ਵਿਚ ਪਾਠ "ਸੁ ਕਲ ਗੁਰ ਸੇਵੀਐ ਹੈ; "ਟਲ" ਨੂੰ ਭੰਨ ਕੇ "ਕਲ" ਬਣਾਇਆ ਗਇਆ ਹੈ।

੧੯. ਇਸ ਪੋਥੀ ਵਿਚ ਵਾਰਾਂ ਤੋਂ ਵਧੀਕ ਸਲੋਕਾਂ ਦੀ ਗਿਣਤੀ ਇਸ ਪ੍ਰਕਾਰ ਹੈ : ਮਹਲਾ ੧, ੩੩; ਮਹਲਾ ੩, ੬੮, ਮਹਲਾ ੪, ੩੦; ਮਹਲਾ ੫, ੨੨; ਕੁਲ ੧੫੩; ਮੁੰਦਾਵਣੀ (੧), ਸਲੋਕ ਤੇਰਾ ਕੀਤਾ ਜਾਤੋ ਨਾਹੀ (੧); ਜੁਮਲਾ ੧੫੫।

੨੦. ਨੌਵੇਂ ਮਹਲ ਦੀ ਬਾਣੀ ਇਸ ਬੀੜ ਵਿਚ ਨਹੀਂ ਚੜ੍ਹੀ।

੨੧. ਰਾਗਾਂ ਵਿਚ ਭਗਤਾਂ ਦੀ ਬਾਣੀ ਨੂੰ ਦਰਜ ਕਰਨ ਤੋਂ ਪਹਲਾਂ ਆਮ ਤੌਰ ਤੇ ਇਕ ਪੰਨਾ ਛਡਿਆ ਹੋਇਆ ਹੈ। ਨਿਖੇੜਾ ਪ੍ਰਸਤੁਤ ਕਰਨ ਦਾ ਪ੍ਰਯੋਜਨ ਲਗਦਾ ਹੈ।

੧੩. ਬੂੜੇ ਸੰਧੂ ਵਾਲੀ ਬੀੜ
(ਸੰਮਤ ੧੭੧੧)

ਇਹ ਬੀੜ ੧੯੪੭ ਈ. ਵਿਚ ਹੋਈ ਦੇਸ਼-ਵੰਡ ਤੋਂ ਪਹਲਾਂ ਰਾਵਲਪਿੰਡੀ ਦੇ ਸੈਦਪੁਰੀ ਦਰਵਾਜ਼ੇ ਅੰਦਰ ਭੱਲੇ ਬਾਵਿਆਂ ਦੇ ਨਾਂ ਤੇ ਚਲਦੇ ਇਕ ਡੇਰੇ ਵਿਚ ਸਥਿਤ ਸੀ। ਉੱਥੇ ਹੀ ਜੀ. ਬੀ. ਸਿੰਘ ਨੇ ਇਸ ਨੂੰ ਸ. ਬਿਸ਼ਨ ਸਿੰਘ ਦੀ ਸਹਾਇਤਾ ਨਾਲ ਦੇਖਿਆ ਸੀ। ਵੰਡ ਪਿੱਛੋਂ ਇਹ ਬੀੜ ਚੰਗੇ ਭਾਗਾਂ ਨੂੰ ਅੰਮ੍ਰਿਤਸਰ ਪਹੁੰਚ ਗਈ ਜਿੱਥੇ ਇਸ ਨੂੰ ਸਵਰਗਵਾਸੀ ਗੁਰਦਵਾਰਾ ਇਨਸਪੈੱਕਟਰ ਰਣਧੀਰ ਸਿੰਘ ਨੇ ਸ. ਅਰਜਨ ਸਿੰਘ ਭੱਲਾ ਦੇ ਘਰ ਦਰਸਿਆ ਪਰਸਿਆ। ਸਾਨੂੰ ਵੀ ਇਸ ਨੂੰ ਵਾਚਣ ਦਾ ਸੁਭਾਗ ਇੱਥੇ ਹੀ ਉਪਰਕਥਿਤ ਸਰਦਾਰ ਸਾਹਿਬ ਦੀ ਕ੍ਰਿਪਾ ਨਾਲ ਪ੍ਰਾਪਤ ਹੋਇਆ। ਇਸ ਵਕਤ ਭੱਲਾ ਸਾਹਿਬ ਮਕਾਨ ਨੰਬਰ ੯, ਗਲੀ ਨੰਬਰ ੫, ਤਹਸੀਲਪੁਰਾ, ਅੰਮ੍ਰਿਤਸਰ ਵਿਚ ਰਹਿੰਦੇ ਹਨ।

ਬੀੜ ਸੰਬੰਧੀ ਰਿਵਾਇਤ : ਬੀੜ ਦੇ ਵਾਰਿਸ ਦਸਦੇ ਹਨ ਕਿ ੧੮੧੩ ਈ. ਵਿਚ ਜਦੋਂ ਮਹਾਰਾਜਾ ਰਣਜੀਤ ਸਿੰਘ ਕਾਬੁਲ ਦੇ ਬਾਦਸ਼ਾਹ ਦੋਸਤ ਮੁਹੰਮਦ ਨਾਲ ਜੰਗ ਲਈ ਚੜ੍ਹਿਆ, ਤਦ ਰਾਵਲਪਿੰਡੀ ਲੰਘਦਿਆਂ ਉਸ ਇਸ ਬੀੜ ਦੇ ਦਰਸ਼ਨ ਕੀਤੇ। ਬੀੜ ਵਿੱਚੋਂ ਤਿਤ ਸਮੇਂ ਇਹ ਵਾਕ ਨਿਕਲਿਆ—

ਸੰਤ ਪ੍ਰਸਾਦਿ ਮਹਾ ਸੁਖ ਪਾਇਆ ਸਗਲੇ ਬੰਧਨ ਕਾਟੇ ॥
ਹਰਿ ਹਰਿ ਨਾਮੁ ਨਾਨਕ ਧਨੁ ਪਾਇਆ, ਅਪਨੈ ਘਰ ਲੈ ਆਇਆ ਖਾਟੇ ॥ ੫ ॥੧॥
(ਧਨਾਸਰੀ ਮ: ੫)

ਮਹਾਰਾਜੇ ਨੇ ਇਸ ਨੂੰ ਆਪਣੇ ਹੱਕ ਵਿਚ ਬਸ਼ਾਰਤ (good omen) ਜਾਣਿਆ ਤੇ ਹੜ੍ਹ ਆਏ ਅਟਕ ਦਰਿਆ ਵਿੱਚੋਂ ਸਤਿਗੁਰੂ ਦੀ ਕ੍ਰਿਪਾ ਨਾਲ ਬਿਨਾ ਨੁਕਸਾਨ ਫੌਜ ਸਮੇਤ ਲੰਘ ਗਇਆ। ਵਾਪਸੀ ਤੇ ਉਸ ਡੇਰੇ ਦੇ ਨਾਂ ੩੫੦੦੦ ਰੁਪਏ ਸਾਲਾਨਾ ਦੀ ਜਾਗੀਰ ਲਾ ਦਿੱਤੀ।

ਆਕ੍ਰਿਤੀ ਤੇ ਅੰਕਣ-ਵਿਧੀ : ਇਹ ਗ੍ਰੰਥ ਕਿਤਾਬੀ ਸ਼ਕਲ ਦਾ ਹੈ ਤੇ ਕੁਲ ਪਤ੍ਰੇ ਇਸ ਦੇ ੫੯੧ ਹਨ। ਕਾਗਜ਼ ਇਸ ਦਾ ਭੂਰੇ ਰੰਗ ਦਾ ਸਿਆਲਕੋਟੀ ਹੈ। ਹਾਸ਼ੀਆ ਕਈ ਥਾਂਵਾਂ ਤੇ ਮੁਰੰਮਤ ਹੋਇਆ ਹੋਇਆ ਹੈ ਤੇ ਸੱਜੇ ਖੱਬੇ ਖਿੱਚੀਆਂ ਦੋਹਰੀਆਂ ਤਿਹਰੀਆਂ ਲਾਈਨਾਂ ਨਾਲ ਸੁਸੱਜਿਤ ਹੈ। ਜਿਲਦ ਦੋਬਾਰਾ ਹੋਈ ਲਗਦੀ ਹੈ। ਪਤ੍ਰਿਆਂ ਦੇ ਅੰਕ ਪਤ੍ਰੇ ਦੇ ਮਗਰਲੇ ਪਾਸੇ ਅਰਥਾਤ ਖੁੱਲ੍ਹੇ ਗ੍ਰੰਥ ਦੇ ਖੱਬੇ ਪਾਸੇ ਵਾਲੇ ਪੰਨੇ ਉੱਤੇ, ਉਪਰ ਕਰਕੇ

ਲਗੇ ਹੋਏ ਹਨ। ਪਤ੍ਰਾ-ਅੰਕਣ ਸੰਬੰਧੀ ਲੇਖਕ ਦੀ ਧਾਰਣਾ ਵਿਗਿਆਨਕ ਹੈ, ਅਰਥਾਤ ਇਕ ਹੀ ਪਤ੍ਰੇ ਦੇ ਸਿੱਧੇ ਪੁੱਠੇ ਪਾਸੇ ਨੂੰ ਮਿਲਾ ਕੇ ਪਤ੍ਰਾ ਬਣਾਇਆ ਹੈ।

ਤਤਕਰੇ : ਗ੍ਰੰਥ ਪਤ੍ਰਾ ੧ (ੳ) ਤੋਂ ਦੋ-ਕਾਲਮੀ ਤਤਕਰਿਆਂ ਨਾਲ ਆਰੰਭ ਹੁੰਦਾ ਹੈ। ਤਤਕਰਿਆਂ ਦੀ ਲਿਖਤ ਚੋਖੀ ਸੰਘਣੀ ਹੈ। ਮੁਢ ਵਿਚ ਸਾਰੇ (੩੦) ਰਾਗਾਂ ਦੇ ਨਾਂ ਇਕ ਬਲਾਕ ਦੀ ਸ਼ਕਲ ਵਿਚ ਲਿਖੇ ਹੋਏ ਹਨ। ਇਸ ਦਾ ਸਿਰਲੇਖ ਲਿਖਾਰੀ ਨੇ ਤਤਕਰੇ ਰਖਿਆ ਹੈ। ਵਾਸਤਵ ਵਿਚ ਇਹ "ਤਤਕਰੇ ਦਾ ਤਤਕਰਾ" ਹੈ ਜਿਸ ਦੀ ਪ੍ਰਕ੍ਰਿਤੀ ਨੂੰ ਨ ਸਮਝਦਿਆਂ ਲਿਖਾਰੀ ਨੇ ਇਸ ਨੂੰ ਮੁਢ ਵਿਚ ਲੈ ਆਂਦਾ ਹੈ। ਇਸ ਤਤਕਰੇ ਵਿਚ ਸੰਬੰਧਿਤ ਰਾਗਾਂ ਦੇ ਸ਼ਬਦ-ਤਤਕਰੇ ਵਿਚਲੇ ਪਤ੍ਰੇ ਦਰਜ ਨਹੀਂ ਹਨ ਜਿਸ ਤੋਂ ਪਤਾ ਲਗਦਾ ਹੈ ਕਿ ਲਿਖਾਰੀ ਇਸ ਦੇ ਮਹੱਤਵ ਨੂੰ ਸਮਝ ਨਹੀਂ ਸਕਿਆ।

→ ਇਸ ਮੁਢਲੇ ਤਤਕਰੇ ਦੇ ਮਗਰੋਂ "ਸੂਚੀਪਤ੍ਰ ਪੋਥੀ ਕਾ" ਦੀ ਸ਼ਕਲ ਵਾਲਾ ਤਤਕਰਾ ਚਲਦਾ ਹੈ। ਭਾਵੇਂ ਇਸ ਨੂੰ ਇਹ ਨਾਂ ਨਹੀਂ ਦਿੱਤਾ ਗਇਆ। ਇਹ ਜਪੁ ਨਾਲ ਸ਼ੁਰੂ ਹੁੰਦਾ, ਭੱਟਾਂ ਦੇ ਸਵੱਯਾਂ ਉੱਤੇ ਮੁਕਦਾ ਹੈ। ਮਗਰ 'ਚਲਿਤ੍ਰ ਜੋਤੀ ਜੋਤਿ ਸਮਾਵਣੇ ਕੇ' ਤੇ 'ਬਸੰਤ ਕੀ ਵਾਰ' ਹਨ। ਫਾਲਤੂ ਬਾਣੀ (ਸਲੋਕ 'ਜਿਤ ਦਰ', 'ਬਾਇ ਆਤਿਸ਼ ਆਬ') ਰਤਨਮਾਲਾ, ਹਕੀਕਤ ਰਾਹ ਮੁਕਾਮ, ਰਾਗਮਾਲਾ, ਆਦਿ ਦਾ ਤਤਕਰੇ ਵਿਚ ਕੋਈ ਉੱਲੇਖ ਨਹੀਂ। ਇਸ ਦਾ ਮਤਲਬ ਇਹ ਹੋਇਆ ਕਿ ਇਹ ਸਾਰੀਆਂ ਬਾਣੀਆਂ ਇਸ ਗ੍ਰੰਥ ਵਿਚ ਮਗਰੋਂ ਚੜ੍ਹਾਈਆਂ ਗਈਆਂ।

ਸੂਚੀਪਤ੍ਰ ਵਾਲੇ ਤਤਕਰੇ ਦੇ ਪਿੱਛੋਂ ਰਾਗਾਂ ਅਨੁਸਾਰ ਤਤਕਰਾ ਚਲਦਾ ਹੈ। ਹਰੇਕ ਸ਼ਬਦ ਦੀ ਪ੍ਰਤੀਕ ਨਾਲ ਪਤ੍ਰਾ ਦਰਜ ਨਹੀਂ ਕੀਤਾ, ਕੇਵਲ ਮੁਢ ਵਿਚ ਹੀ ਪੱਤੀ ਦਿੱਤੀ ਹੈ। ਸ਼ਬਦ ਦਾ ਨੰਬਰ ਖੱਬੇ ਹੱਥ ਦਰਜ ਹੈ। ਕਾਲਮਾਂ ਦੇ ਉਪਰ ਚਲ ਰਹੇ ਰਾਗ ਦਾ ਨਾਂ ਲਿਖਿਆ ਹੋਇਆ ਹੈ, ਜਿਵੇਂ ਕਿ ਵਿਗਿਆਨਕ ਢੰਗ ਨਾਲ ਤਿਆਰ ਕੀਤੀਆਂ ਡਿਕਸ਼ਨਰੀਆਂ ਵਿਚ ਹੁੰਦਾ ਹੈ। ਭਗਤਾਂ ਦੇ ਸ਼ਬਦਾਂ ਦਾ ਨਿਖੇੜਾ ਨਹੀਂ ਕੀਤਾ, ਇਨ੍ਹਾਂ ਨੂੰ ਇਕ ਹੀ ਪ੍ਰਤੀਕ "ਭਗਤਾਂ ਦੀ ਬਾਣੀ" ਨਾਲ ਨਿਭਾਇਆ ਹੈ। ਤਤਕਰੇ ਗ੍ਰੰਥ ਦੇ ਪਤ੍ਰਾ ਨੰਬਰ ੧੮ ਉਪਰ ਸਮਾਪਤ ਹੁੰਦੇ ਹਨ।

ਨੀਸਾਣੁ : ਪਤ੍ਰਾ ੧੯/ੳ ਉਪਰ ਕੇਵਲ "੧ੴ ਸਤਿਗੁਰੂ ਪ੍ਰਸਾਦਿ" ਲਿਖਿਆ ਹੈ। ਬਾਕੀ ਪਤ੍ਰਾ ਖ਼ਾਲੀ ਹੈ। ਪਤ੍ਰਾ ੨੦ ਤੇ ੨੧ ਫੇਰ ਖਾਲੀ ਹਨ। ਪਤ੍ਰਾ ੨੨ ਉਪਰ ਕਿਸੇ ਗੁਰੂ ਸਾਹਿਬ ਦੇ ਕਰ ਕਮਲਾਂ ਨਾਲ ਲਿਖਿਆ ਨੀਸਾਣ ਹੈ। (ਪਲੇਟ XXVIII, ਚਿਤ੍ਰ ੨੪)। ਪਤ੍ਰਾ ੨੩ ਨੂੰ ਇਸ ਨਾਲ ਜੋੜ ਕੇ ਨੀਸਾਣ ਨੂੰ ਸੁਰਖਿਅਤ ਕੀਤਾ ਗਇਆ ਹੈ। ਪਤ੍ਰਾ ੨੪ ਤੇ ੨੫ ਫਿਰ ਖ਼ਾਲੀ ਹਨ। ਗ੍ਰੰਥ ਦੇ ਸੂਚੀਪਤ੍ਰ ਵਿਚ ਇਸ ਨੀਸਾਣ ਦਾ ਉੱਲੇਖ, ਜਿਵੇਂ ਕਿ ਹੋਰਨਾਂ ਗ੍ਰੰਥਾਂ ਵਿਚ 'ਨੀਸਾਣ ਗੁਰੂ ਜੀਉ ਕੇ ਦਸਤਖਤ' ਲਿਖ ਕੇ ਸੂਚਿਤ ਕੀਤਾ ਗਇਆ ਹੁੰਦਾ ਹੈ, ਇਸ ਬੀੜ ਵਿਚ ਨਹੀਂ। ਇਸ ਤੋਂ ਸਪਸ਼ਟ ਹੈ ਕਿ ਇਹ ਨੀਸਾਣ ਗ੍ਰੰਥ ਲਿਖੇ ਜਾਣ ਦੇ ਬਾਅਦ ਹਾਸਲ ਕੀਤਾ ਗਇਆ। ਉਂਞ ਹੈ ਇਹ ਗ੍ਰੰਥ ਦੇ ਅਸਲੀ ਹਾਸ਼ੀਏ ਵਾਲੇ ਪੰਨੇ ਉੱਤੇ। ਸਰਦਾਰ ਜੀ. ਬੀ. ਸਿੰਘ ਨੇ ਇਸ ਨੀਸਾਣ ਨੂੰ ਪੰਚਮ ਪਾਤਸ਼ਾਹ, ਸ੍ਰੀ

ਗੁਰੂ ਅਰਜਨ ਦੇਵ ਜੀ, ਦਾ ਮੰਨਿਆ ਹੈ[1]। ਲਿਖਤ ਇਸ ਦੀ ਸ੍ਰੀ ਗੁਰੂ ਤੇਗ ਬਹਾਦਰ ਦੇ ਨੀਸਾਣਾਂ ਨਾਲ ਮਿਲਦੀ ਹੈ। ਸਵਰਗਵਾਸੀ ਭਾਈ ਰਣਧੀਰ ਸਿੰਘ ਗੁਰਦਵਾਰਿਆਂ ਦੇ ਭੂਤ-ਪੂਰਵ ਇਨਸਪੈੱਕਟਰ ਨੇ ਇਸ ਨੂੰ ਨੌਵੀਂ ਪਾਤਸ਼ਾਹੀ ਦਾ ਨੀਸਾਣ ਦਸਿਆ ਹੈ। ਅਸੀਂ ਇਸ ਉਪਰ ਵਿਚਾਰ ਵਿਵੇਚਨ ਵਾਲੇ ਵਿਭਾਗ ਵਿਚ ਕਰਾਂਗੇ।

ਬਾਣੀ ਦਾ ਬਿਓਰਾ : "ਜਪੁ" ਇਸ ਗ੍ਰੰਥ ਵਿਚ ਪੱਤੀ ੨੬ ਤੋਂ ਸ਼ੁਰੂ ਹੁੰਦਾ ਹੈ। ਇਸ ਦੇ ਮੁਢ ਵਿਚ, ਪਤ੍ਰੇ ਦੇ ਵਿਚਕਾਰ ਕਰਕੇ, ਪਹਲਾਂ ੧ੴ ਲਿਖਿਆ ਹੈ ਤੇ ਫਿਰ ਪੂਰਾ ਮੂਲ ਮੰਤ੍ਰ ਪਾਲਾਂ ਵਿਚ ਵੰਡ ਕੇ ਅੰਕਿਤ ਹੈ। ਇਸ ਦੇ ਮਗਰੋਂ ਸਲੋਕ "ਆਦਿ ਸਚ ਜੁਗਾਦ ਸਚੁ" ਨਾਲ ਗ੍ਰੰਥ ਆਰੰਭ ਹੁੰਦਾ ਹੈ। ਮੁਢਲੇ ਸਲੋਕ ਦੇ ਅੰਤ ਤੇ ਅੰਕ ੧ ਤਾਂ ਹੈ, ਪਰ "ਸਲੋਕ" ਪਦ ਸਿਰਨਾਵੇਂ ਵਜੋਂ ਨਹੀਂ ਦਿੱਤਾ। ਜਪੁ ਦੇ ਮਗਰੋਂ ਰਾਗਾਂ ਦੀ ਬਾਣੀ ਇਸ ਵਿਚ ਪ੍ਰਚਲਿਤ ਕ੍ਰਮ ਵਿਚ ਦਿੱਤੀ ਹੋਈ ਹੈ। ਪਹਲਾਂ ਇਹ ਗ੍ਰੰਥ ਸਵੱਯਾਂ ਉਪਰ ਸਮਾਪਤ ਹੁੰਦਾ ਸੀ ਤੇ ਇਸ ਵਿਚ ਹੋਰ ਕੋਈ ਫਾਲਤੂ ਬਾਣੀ ਚੜ੍ਹੀ ਹੋਈ ਨਹੀਂ ਸੀ, ਮਗਰੋਂ ਕਿਸੇ ਕਾਰਣ ਅੰਤਲੇ ਤਿੰਨ ਪੱਤ੍ਰਿਆਂ ਦੀ ਭੰਨ-ਤੋੜ ਕਰਕੇ ਇਸ ਵਿਚ ਫਾਲਤੂ ਬਾਣੀ ਚੜ੍ਹਾ ਦਿੱਤੀ ਗਈ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਇਸ ਬੀੜ ਵਿਚ ਨਹੀਂ ਚੜ੍ਹੀ।

ਹੋਰ ਵਿਸ਼ੇਸ਼ਤਾਵਾਂ ਇਸ ਗ੍ਰੰਥ ਦੀਆਂ ਇਸ ਪ੍ਰਕਾਰ ਹਨ :

੧. ਸਿਵਾਇ ਰਾਗ ਬੈਰਾੜੀ ਤੇ ਨਟਨਾਰਾਇਣ ਦੇ ਜੋ ਨਿੱਕੇ ਮੰਗਲ ਨਾਲ ਸ਼ੁਰੂ ਹੋਏ ਹਨ, ਬਾਕੀ ਸਾਰੇ ਰਾਗ ਪੂਰਾ ਮੂਲਮੰਤ੍ਰ ਲੈ ਕੇ ਆਏ ਹਨ। ਰਹਾਉ ਵਾਲੀ ਤੁਕ ਤੋਂ ਪਹਲਾਂ ਅੰਕ ੧ ਸਭ ਥਾਂ ਲਿਖਿਆ ਮਿਲਦਾ ਹੈ। ਜੋੜ ਦਰਸਾਉਣ ਲਈ "ਛਕਾ" ਕਿਧਰੇ ਨਹੀਂ ਵਰਤਿਆ।

੨. ਵਾਰਾਂ ਚਾਰ ਰਾਗਾਂ ਦੀਆਂ (ਮਾਝ, ਗੂਜਰੀ ਮ: ੩, ਵਡਹੰਸ ਤੇ ਰਾਮਕਲੀ) ਨਾਲ ਧੁਨੀਆਂ ਮੁਢ ਵਿਚ ਲਿਖੀਆਂ ਗਈਆਂ; ਇਕ (ਵਾਰ ਰਾਗ ਮਲਾਰ) ਵਿਚ ਇਹ ਮਗਰੋਂ ਘੁਸੇੜੀ ਗਈ ਤੇ ਚੋਹਾਂ ਰਾਗਾਂ (ਗਉੜੀ, ਮ: ੫, ਆਸਾ ਤੇ ਸਾਰੰਗ) ਨਾਲ ਇਹ ਹਾਲੀ ਵੀ ਦਰਜ ਨਹੀਂ ਹਨ। "ਸੁਧੁ" ਪਦ ਕੇਵਲ ਇਕ ਵਾਰ (ਰਾਗ ਬਿਹਾਗੜਾ) ਦੇ ਮਗਰ ਆਇਆ ਹੈ; ਹੋਰ ਕਿਸੇ ਮਗਰ ਅਜੇਹਾ ਕੋਈ ਪਦ ਨਹੀਂ ਹੈ।

੩. ਜਪੁ ਵਿਚ ਕੁਝ ਸਬਦਾਂ ਦੇ ਜੋੜ ਇਸ ਤਰ੍ਹਾਂ ਆਏ ਹਨ : "ਮੁਹੋ" (ਚੋਥੀ ਪਉੜੀ), "ਧੋਲ" 'ਤੇ "ਕੋਣ" (ਸੋਲ੍ਹਵੀਂ ਪਉੜੀ), 'ਰਖੀਸਰ' (ਸਤਾਰਵੀਂ ਪਉੜੀ), 'ਜੀਭੋ' (ਬੱਤੀਹਵੀਂ ਪਉੜੀ)। ਪੋਲੀ ਬਿੰਦੀ (ੰ) ਤੇ ਹੋੜੇ ਨਾਲ ਲਿਖੇ ਮੁਹੋ ਤੇ ਜੀਭੋ ਸੁਧੁ ਹਨ। ਭਾਵੇਂ ਇਨ੍ਹਾਂ ਦੇ ਕਨੌੜੇ ਨਾਲ ਲਿਖੇ ਜਾਣ ਦਾ ਭੁਲੇਖਾ ਪੈਂਦਾ ਹੈ। "ਧੋਲ" ਤੇ "ਕੋਣ" 'ਧਉਲ' ਤੇ 'ਕਉਣ' ਕਰਕੇ ਲਿਖਣੇ ਚਾਹੀਦੇ ਸਨ, ਪਰ ਇਹ ਕਨੌੜੇ ਨਾਲ ਹਨ, ਉਦੋਂ ਤਕ ਸ਼ਾਇਦ ਕਨੌੜਾ ਚਲ ਚੁਕਿਆ ਸੀ।

੪. ਜਪੁ ਦੇ ਮਗਰੋਂ 'ਸੋਦਰ' (ਪੰਜ ਸ਼ਬਦ), 'ਸੋ ਪੁਰਖੁ' (ਚਾਰ ਸ਼ਬਦ) ਤੇ ਕੀਰਤਨ 'ਸੋਹਿਲਾ' (ਚਾਰ ਸ਼ਬਦ) ਹਨ।

[1] ਦੇਖੋ 'ਪ੍ਰਾਚੀਨ ਬੀੜਾਂ', ਪੰਨਾ ੧੫੨ ਦੇ ਸਾਮ੍ਹਣੇ ਲਗਾ ਚਿਤ੍ਰ।

੫. ਸਿਰੀਰਾਗ ਦੇ ਮਹਲਾ ੧ ਘਰੁ ੧ ਦੇ ੧੯ਵੇਂ ਚਉਪਦੇ (ਇਹ ਮਨੁ ਮੂਰਖੁ ਲੋਭੀਆ) ਵਿਚ ਪਾਠ, "ਜਮ ਮਾਰਿ ਕਰੈ ਖਲਿਹਾਨ" ਠੀਕ ਆਇਆ ਹੈ। (ਪੱਤੀ ੩੫/ੳ)।

੬. ਰਾਗ ਗਉੜੀ ਬੈਰਾਗਣਿ ਕਬੀਰ ਜੀ ਦੇ ੫੨ਵੇਂ ਸ਼ਬਦ ਦੇ ਪਿੱਛੇ ਕਬੀਰ ਜੀ ਦਾ ਸ਼ਬਦ "ਗਗਨ ਮੰਡਲ ਮਹਿ ਏਕੋ ਸੋਈ" ਨਹੀਂ ਹੈ, ਨਾ ਹੀ ੫੭ਵੇਂ ਸ਼ਬਦ "ਕਾਲਬੂਤ ਕੀ ਹਸਤਨੀ" ਵਿਚ ਗੁੰਮ ਪੰਗਤੀ "ਦੁਰਲਭ ਦੇਹ ਕਉ ਕਾਜ" ਹੈ। "ਵਾਰ" [ਸਤ] ਕਬੀਰ ਜੀ ਕੇ ਦਾ ਆਰੰਭ ਸ਼ਲੋਕ "ਧਰਿ ਅੰਬਰ ਵਿਚਿ ਬੇਲੜੀ" ਨਾਲ ਨਹੀਂ ਹੁੰਦਾ।

੭. ਰਾਗ ਆਸਾ ਵਿਚ 'ਸੋ ਪੁਰਖੁ' ਦਾ ਸ਼ਬਦ 'ਸੋਦਰੁ' ਦੇ ਮਗਰ ਬੇ-ਮਿਸਲ ਹੀ ਦਿੱਤਾ ਹੋਇਆ ਹੈ। ਇਸ ਵਿਚ ਪਾਠ "ਰਿਖੀਸਰ ਸੋਧਾਈ" ਵਜੋਂ ਸੋਧਿਆ ਹੋਇਆ ਠੀਕ ਸੀ, ਮਗਰੋਂ ਕਿਸੇ ਨੇ /ਰਿਖ/ ਦੀ ਸਿਆਹੀ ਕੱਟ ਕੇ ਸ਼ੁੱਧ ਪਾਠ ਨੂੰ ਅਸ਼ੁੱਧ ਕਰ ਦਿੱਤਾ ਹੈ। ਵਾਰ ਰਾਗ ਆਸਾ ਸਲੋਕਾਂ ਨਾਲ ਪੂਰਾ ਮੂਲਮੰਤ੍ਰ ਹੈ, ਸਿਰਲੇਖ ਦੇ ਉਪਰ। ਰਾਗ ਆਸਾ ਵਿਚ ਧੰਨਾ ਜੀ ਦੀ ਤਖ਼ਤੀ ਵਿਚ ਲਿਖੇ ਪੰਚਮ ਪਾਤਸ਼ਾਹ ਜੀ ਦੇ ਸ਼ਬਦ "ਗੋਬਿੰਦ ਗੋਬਿੰਦ ਸੰਗ ਨਾਮਦੇਉ ਮਨ ਲੀਣਾ" ਵਿਚ ਪਾਠ "ਬੁਨਨਾ ਤਨਨਾ" ਸ਼ੁੱਧ ਹੈ।

੮. ਰਾਗ ਗੂਜਰੀ, ਮਹਲਾ ੫ ਘਰੁ ੩ (ਇਥੇ ਮ: ੪) ਦੀ ਅਸ਼ਟਪਦੀ (ਨਾਥ ਨਰਹਰ ਦੀਨ) ਦੀ ਅੰਤਲੀ ਤੁਕ ਵਿਚ ਪਾਠ "ਦੇਤ ਦਰਸਨ ਸ੍ਰਵਨਿ ਹਰਿਜਸ" ਹੀ ਹੈ (ਪੱਤੀ ੨੪੪/ੳ)। ਇਸ ਰਾਗ ਵਿਚ ਤ੍ਰਿਲੋਚਨ ਜੀ ਦੇ ਤਿੰਨ ਸ਼ਬਦ ਹਨ : "ਨਵਨਿਧਿ ਪਰਸੀ ਕਾਹ" ਦੂਜੇ ਨੰਬਰ ਤੇ ਹੈ (ਪੱਤੀ ੨੫੧/ੳ।

੯. ਰਾਗ ਸੋਰਠਿ ਮਹਲਾ ੫ ਦੇ ਚਉਪਦਿਆਂ ਦੇ ਅੰਤ ਤੇ ਇਕ ਹੋਰ, ੬੫ਵਾਂ ਚਉਪਦਾ, "ਸੰਤ ਜਨਾ ਸਿਉ ਦੂਖਨ ਕਰਤਾ" ਨਹੀਂ ਹੈ। ਇਸ ਰਾਗ ਦੀ ਵਾਰ ਦੀ ੨੯ਵੀਂ ਪਉੜੀ ਦੇ ਦੂਜੇ ਸਲੋਕ ਵਿਚ ਪਾਠ "ਆਪੇ ਦੇ ਵਡਿਆਈਆ ਆਪੇ ਨਦਰਿ ਕਰੇਇ" ਨਹੀਂ ਹੈ। ਕਬੀਰ ਜੀ ਦੇ ਤੀਜੇ ਸ਼ਬਦ (ਬੇਦ ਪੁਰਾਨ ਸਭੈ ਮਤ ਸੁਨਿ ਕੈ) ਵਿਚ ਪਾਠ "ਖ਼ਲਾਸੇ" ਹੈ (ਪੱਤੀ ੨੯੭/ਅ)। ਕਬੀਰ ਦੇ ਅਠਵੇਂ ਸ਼ਬਦ ਦੇ ਮਗਰ "ਅਉਧੂ ਸੋ ਜੋਗੀ ਗੁਰ ਮੇਰਾ" ਪ੍ਰਤੀਕ ਵਾਲਾ ਕੋਈ ਸ਼ਬਦ ਨਹੀਂ ਹੈ।

੧੦. ਰਾਗ ਧਨਾਸਰੀ ਮਹਲਾ ੧ ਦੇ ਚਉਥੇ ਸ਼ਬਦ (ਨਦਰਿ ਕਰੇ ਤਾ ਸਿਮਰਿਆ ਜਾਇ) ਨਾਲ "ਮਹਲਾ ੩" ਆਇਆ ਹੈ (੩੦੦/ੳ)। ਦੂਸਰੇ, ਭਗਤ ਕਬੀਰ ਦੇ ਸ਼ਬਦ "ਸਨਕ ਸਨੰਦਨ ਮਹੇਸ ਸਮਾਨਾ" ਦੀ ਰਹਾਉ ਦੀ ਤੁਕ ਦੇ ਮੁਢ ਵਿਚ "ਨਿਰਗੁਨ ਰਾਮ ਜਪਹੁ ਮੇਰੀ ਮਾਈ!" ਨਹੀਂ ਹੈ।

੧੧. ਰਾਮਕਲੀ ਮਹਲਾ ੫ ਦੇ ਛੰਤਾਂ ਦੇ ਮਗਰ ਮਹਲਾ ੫ ਦਾ ਛੰਦ "ਰਣ ਝੁੰਝਨੜਾ ਗਾਉ ਸਖੀ" ਇਸ ਬੀੜ ਵਿਚ ਨਹੀਂ ਹੈ। ਇਸ ਰਾਗ ਦੇ ਕਬੀਰ ਜੀ ਦੇ ਪੰਜਵੇਂ ਸ਼ਬਦ "ਜਿਹ ਮੁਖ ਬੇਦ ਗਾਇਤਰੀ ਨਿਕਸੈ" ਵਿਚ ਇਕ ਹੋਰ ਚੌਥਾ ਬੰਦ, "ਅੱਖਰ ਸਾਚੇ ਬੇਦ ਵੀ ਸਾਚਾ ਤਿਨ ਕਾ ਕਹਿਆ ਤੂ ਕਿਉ ਨ ਕਰਹਿ" ਪੰਗਤੀ ਵਾਲਾ ਨਹੀਂ ਹੈ।

੧੨. ਰਾਗ ਮਾਰੂ ਦੀ ਵਾਰ ਦਾ ਪਹਿਲਾ ਸਲੋਕ ਮਹਲਾ ੧ ਦਾ ਹੈ। ਭਗਤ ਰ... ਜੀ ਦਾ "ਸੁਖ ਸਾਗਰ ਸੁਰਤਰ ਚਿੰਤਾਮਣੀ" ਵਾਲਾ ਸ਼ਬਦ ਇੱਥੇ ਦੁਹਰਾਇਆ ... ਨਹੀਂ ਹੈ। ਮੀਰਾ ਬਾਈ ਦਾ ਪਦਾ "ਮਨ ਹਮਾਰਾ ਬਾਧਿਓ ਮਾਈ" ਵੀ ਨਹੀਂ।

੧੩. ਰਾਗ ਭੈਰਉ ਮਹਲਾ ੩ ਘਰੁ ੨ ਨਾਲ ਮੰਗਲ ਹੈ—ਉਪਰ ਆਪਣੇ ਟਿ... ਤੇ। ਇਸ ਬੀੜ ਵਿਚ ਭਗਤ ਨਾਮਦੇਵ ਦੇ ਸਾਰੇ ਸ਼ਬਦ, "ਆਉ ਕਲੰਦਰ ਕੇਸਵਾ ਸਹਿਤ ਟਿਕਾਣੇ ਸਿਰ ਹਨ (ਪੱਤੀ ੪੮੫)।

੧੪. ਰਾਗ ਬਸੰਤ ਦਾ ਚਉਪਦਾ "ਬਸਤ੍ਰ ਉਤਾਰਿ ਦਿਗੰਬਰ ਹੋਗ" ਮਹਲਾ ੩ ... ਕ੍ਰਿਤ ਸੀ, ਮਗਰੋਂ /੩/ ਕੱਟ ਕੇ /੧/ ਕੀਤਾ ਹੋਇਆ ਹੈ। "ਸਾਹਿਬ ਭਾਵੈ ਸੇਵਕ ਸੇਵਾ ਕਰੈ ਵਾਲਾ ਇਕਤੁਕਾ ਮਹਲਾ ੩ ਦੇ ਨਾਂ ਤੇ ਹੀ ਅੰਕਿਤ ਹੈ। ਇਸ ਰਾਗ ਦੇ ਮਹਲਾ ੧ ... ਦੇ ਤੀਜੇ ਸ਼ਬਦ (ਰਾਜਾ ਬਾਲਕ ਨਗਰੀ ਕਾਚੀ) ਵਿਚ ਅੱਗੇ ਦਿੱਤੀ ਸਿਰੋਪੰਗਤੀ, "ਕਹਿ... ਸੁਣਹਿ ਨ ਖਾਇਆ ਮਾਨਹਿ, ਤਿਨ ਹੀ ਸੇਤੀ ਵਾਸਾ" ਵਾਲਾ ਚੌਥਾ ਬੰਦ ਨਹੀਂ ਹੈ। ਸੰ... ਦੀ ਵਾਰ ਮਹਲਾ ੫ ਤਤਕਰੇ ਅਨੁਸਾਰ ਪਹਿਲਾਂ ਗ੍ਰੰਥ ਸਾਹਿਬ ਦੇ ਅੰਤ ਤੇ (ਪੱਤੀ ੫੮... ਉਪਰ) ਦਰਜ ਸੀ, ਮਗਰੋਂ ਕਿਸੇ ਨੇ ਉਥੋਂ ਕੱਟ ਕੇ ਅੰਦਰ ਥਾਂ ਸਿਰ ਦਰਜ ਕਰ ਦਿੱਤੀ ਹੈ... ਪਤ੍ਰਾ ੫੮੭ ਨੂੰ ਕਿਸੇ ਹੋਰ ਮਤਲਬ ਲਈ ਵਰਤ ਲਇਆ ਹੈ।

੧੫. ਰਾਗ ਮਲਾਰ ਮਹਲਾ ੫ ਘਰੁ ੨ ਦੇ ਅੰਤ ਵਿਚ ਇਕ ਪੰਜਵਾਂ ਚਉਪਦ... "ਪ੍ਰਾਨ ਮਾਨ ਏਕ ਨਾਮ" ਇਸ ਗ੍ਰੰਥ ਵਿਚ ਪ੍ਰਾਪਤ ਹੈ (ਪੱਤੀ ੫੨੬/ੳ)। ਮਲਾਰ ਕੀ ... ਵਿਚਲਾ ਪਹਿਲਾ ਸਲੋਕ (ਗੁਰਿ ਮਿਲਿਐ ਮਨੁ ਰਹਸੀਐ) ਇਸ ਬੀੜ ਵਿਚ ਮਹਲਾ ... ਕਰਕੇ ਆਇਆ ਹੈ।

੧੬. ਰਾਗ ਸਾਰੰਗ ਵਿਚ ਸੂਰਦਾਸ ਦਾ ਇਕ ਹੀ ਸ਼ਬਦ (ਹਰਿ ਕੇ ਸੰਗਿ ਬਸੇ ... ਲੋਕਾ) ਦਰਜ ਹੈ। ਇਹ ਦੂਜੇ ਸੂਰਦਾਸ ਦਾ ਲਿਖਿਆ ਹੋਇਆ ਹੈ।। "ਛਾਡਿਮਨ ਹਰਿ ਬਿਮੁਖਨ ਕੋ ਸੰਗ" ਇਸ ਬੀੜ ਵਿਚ ਨਹੀਂ।

੧੭. ਰਾਗ ਕਾਨੜਾ ਮਹਲਾ ੫ ਘਰੁ ੨ ਦੇ ੧ ਤੋਂ ੧੧ ਤਕ ਦੇ ਚਉਪਦਿਆਂ ... ਸਿਰਲੇਖਾਂ ਨਾਲ ਮਹਲੇ ਦਰਜ ਹਨ।

੧੮. ਰਾਗ ਕਲਿਆਨ ਮਹਲਾ ੪ ਭੋਪਾਲੀ ਅਤੇ ਮਹਲਾ ੫ ਘਰੁ ੨ ਨਾਲ ... ਨਹੀਂ ਹਨ।

੧੯. ਭਟ ਰਚਿਤ ਸਵੱਯੇ ਮਹਲੇ ਦੂਜੇ ਕੇ ਦੇ ਅੰਤਲੇ ਸਵੱਯੇ ਵਿਚ ਪਾਠ "ਕ... ਗੁਰ ਸੇਵੀਐ" ਹੀ ਹੈ। (ਪੱਤੀ ੫੭੯)

੨੦. ਰਾਗਬਧ ਬਾਣੀ ਪ੍ਰਭਾਤੀ ਰਾਗ ਤੇ ਖ਼ਤਮ ਹੋ ਜਾਂਦੀ ਹੈ। ਭੋਗ ਦੀ ਬਾ... ਤਰਤੀਬ ਅੱਗੇ ਲਿਖੇ ਅਨੁਸਾਰ ਹੈ : ਸਲੋਕ ਸਹਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋ...

ਵਾਰਾਂ ਤੇ ਵਧੀਕ ਸਣੇ ਸਲੋਕ "ਤੇਰਾ ਕੀਤਾ ਜਾਤੋ ਨਾਹੀ' ਅਤੇ ਮੁੰਦਾਵਣੀ, ਸਲੋਕ ਕਬੀਰ ਜੀ, ਸਲੋਕ ਸ਼ੇਖ਼ ਫ਼ਰੀਦ ਜੀ, ਸਵੱਯੇ ਮੁਖਬਾਕ ਅਤੇ ਸਵੱਯੇ ਭੱਟਾਂ ਕੇ।

ਪਿੱਛੋਂ ਵਧਾਈ ਫਾਲਤੂ ਬਾਣੀ : ਗ੍ਰੰਥ ਮੂਲ ਰੂਪ ਵਿਚ ਪਤ੍ਰਾ ੫੮੬/ਅ ਤੇ ਭੱਟਾਂ ਦੇ ਸਵੱਯਾਂ ਉਪਰ ਸਮਾਪਤ ਹੁੰਦਾ ਸੀ ਤੇ ਉਸ ਤੋਂ ਬਾਅਦ ਤਤਕਰੇ ਅਨੁਸਾਰ, ਪਤ੍ਰਾ ੫੮੭ ਉਪਰ 'ਬਸੰਤ ਕੀ ਵਾਰ' ਅਤੇ ਪਤ੍ਰਾ ੫੮੯ ਉਪਰ 'ਚਲਿਤ੍ਰ ਜੋਤੀ ਜੋਤਿ ਸਮਾਵਣੇ ਕੇ' ਸਨ; ਪਤ੍ਰਾ ੫੮੮ ਖ਼ਾਲੀ ਸੀ ਤੇ ਅੰਤਲੇ ੫੯੦ ਪਤ੍ਰੇ ਉਪਰ ਇਸ ਗ੍ਰੰਥ ਦੇ ਲਿਖੇ ਜਾਣ ਦੀ ਮਿਤੀ ਕੋਈ ਡੇਢ ਕੁ ਸਤਰਾਂ ਵਿਚ ਇੰਞ ਦਰਜ ਸੀ :

ਸੰਮਤ ੧੭੧੧ ਮਿਤੀ ਫਗਨ ਸੁਦੀ ੧
ਗ੍ਰੰਥ ਲਿਖਿਆ

ਮਗਰੋਂ ਕਿਸੇ ਹੋਰ ਲਿਖਾਰੀ ਨੇ ਪਤ੍ਰਾ ੫੮੭ ਉਪਰ ਲਿਖੀ 'ਬਸੰਤ ਕੀ ਵਾਰ' ਨੂੰ ਰਾਗ ਬਸੰਤ ਦੇ ਮਗਰ ਇਸ ਲਈ ਬਣਦੀ ਥਾਂ ਤੇ ਤਬਦੀਲ ਕਰ ਦਿੱਤਾ ਅਤੇ ਪਤ੍ਰਾ ੫੮੭ ਉਪਰਲੇ ਇਸ ਦੇ ਪਾਠ ਤੇ ਹੜਤਾਲ ਫੇਰ ਕੇ ਫਾਲਤੂ ਬਾਣੀਆਂ ਲਿਖਣ ਲਈ ਥਾਂ ਬਣਾ ਲਈ। ਉਪਰ ਦੱਸੇ ਸੰਮਤੁ ਉੱਤੇ ਵੀ ਹੜਤਾਲ ਫੇਰ ਕੇ ਨਵੀਂ ਲਿਖਤ ਕਰਨ ਲਈ ਜਗ੍ਹਾ ਕਢੀ ਗਈ। ਹੁਣ ਭੱਟਾਂ ਦੇ ਸਵੱਯਾਂ ਦੇ ਮਗਰ 'ਜਿਤ ਦਰ ਮੁਹੰਮਦਾ' ਦੇ ਜੁਟ ਵਾਲੇ ਤਿੰਨ ਸਲੋਕ, 'ਬਾਇ-ਆਤਿਸ ਆਬ' ਦੇ ਜੁਟ ਵਾਲੇ ਸੋਲ੍ਹਾਂ ਸਲੋਕ, ਰਤਨਮਾਲਾ ਦੇ ੨੫ ਸਲੋਕ, ਹਕੀਕਤ ਰਾਹ ਮੁਕਾਮ ਰਾਜੇ ਸਿਵਨਾਭ ਕੀ, ਰਾਗਮਾਲਾ ਤੇ ਸਿਆਹੀ ਕੀ ਬਿਧਿ ਦਰਜ ਹਨ। ਇਹ ਪਤ੍ਰਾ ੫੮੭ ਤੋਂ ਪਤ੍ਰਾ ੫੯੧ ਉਤੇ ਵਿਦਮਾਨ ਹਨ। ਪਤ੍ਰਾ ੫੮੮ ਗੁੰਮ ਹੈ ਤੇ ਉਸ ਦੀ ਥਾਂ ਪਤ੍ਰਾ ੫੯੧ ਨੇ ਲੈ ਲਈ ਹੈ। ਪੁਰਾਣੇ ਖਾਲੀ ਪਤ੍ਰੇ ੫੮੮ ਨੇ ਹੀ ਪਤ੍ਰਾ ੫੯੧ ਦੀ ਥਾਂ ਲੈ ਲਈ ਲਗਦੀ ਹੈ। ਅੰਤ ਵਿਚ ਇਸ ਪਤ੍ਰੇ ਉਤੇ ਸਿਆਹੀ ਕੀ ਬਿਧਿ ਦੇ ਛੇਤੀ ਪਿੱਛੋਂ ਇਹ ਲਿਖਤ ਕੀਤੀ ਹੋਈ ਹੈ :

ੴ ਸਤਿਗੁਰ ਪ੍ਰਸਾਦਿ ॥

ਚਲਿਤ੍ਰ ਜੋਤੀ ਜੋਤਿ ਸਮਾਵਣੇ ਕੇ ॥ ਸੰਮਤ ੧੫੯੬ ਅਸੂ ਵਦੀ ੧੦ ਗੁਰੂ ਬਾਬਾ ਨਾਨਕ ਜੀ ਸਮਾਣੇ ॥ ਸੰਮਤ ੧੬੦੯ ਚੇਤ ਸੁਦੀ ੪ ਸ੍ਰੀ ਗੁਰੂ ਅੰਗਦ ਜੀ ਸਮਾਣੇ ॥ ਸੰਮਤ ੧੬੩੧ ਭਾਦੋਂ ਸੁਦੀ ੧੫ ਸ੍ਰੀ ਗੁਰੂ ਅਮਰਦਾਸ ਜੀ ਸਮਾਣੇ ॥ ਸੰਮਤ ੧੬੩੮ ਭਾਦੋਂ ਸੁਦੀ ੩ ਸ੍ਰੀ ਸਤਿਗੁਰੂ ਰਾਮਦਾਸ ਜੀ ਸਮਾਣੇ ॥ ਸ੍ਰੀ ਵਾਹਿਗੁਰੂ ਸ੍ਰੀ ਵਾਹਿਗੁਰੂ ਜੀ ॥ ਸ੍ਰੀ ਗੁਰੂ ਜੀ ਕੈ ਹਜੂਰਿ ਗਰੰਥ ਸਾਹਬ ਸੰਪੂਰਣ ਹੋਇਆ ॥ ਲਿਖਿਆ ਭਾਈ ਬੂੜੇ ਸੰਧੂ ਪੰਜਵੀਂ ਪਾਤਸਾਹੀ ਦੇ ਹਜੂਰ ॥ ਲਿਖਵਾਇਆ ਭਾਈ ਮਿਲਖੀ ਪਿਸ਼ਉਰ ਦੇ ਵਾਸੀ ॥ ਜੇ ਕੋਇ ਇਸ ਗ੍ਰੰਥ ਸਾਹਿਬ ਜੀ ਦਾ ਦਰਸਨ ਕਰੇਗਾ ਉਸ ਨੂੰ ਗੁਰੂ ਨਾਨਕ ਸਾਹਬ ਜੀ ਕੀ ਦੇਹ ਕਾ ਦਰਸਨ ਹੋਇਗਾ ॥ ਭੂਲ ਚੂਕ ਬਖਸਣੀ ਸ੍ਰੀ ਵਾਹਿਗੁਰੂ ਜੀ ਸਤਿ ਜੀ ਸੰਮਤ ੧੬੬੨ ਵਿਚ ਸੰਪੂਰਨ ਹੋਇਆ ਲਿਖਿਆ ॥

ਇਹ ਸਾਰੀ ਲਿਖਤ, ਸਣੇ ਫਾਲਤੂ ਬਾਣੀ ਦੇ, ਕਿਸੇ ਹੋਰ ਦੇ ਹੱਥ ਦੀ ਕੀਤੀ ਹੋਈ ਹੈ। ਉਪਰਲੀ ਟੂਕ ਦਸਦੀ ਹੈ ਕਿ ਭੰਨਤੋੜ ਕਰਨ ਵਾਲਾ ਦੂਜਾ ਲਿਖਾਰੀ ਇਸ ਗ੍ਰੰਥ ਨੂੰ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਹਜ਼ੂਰੀ ਵਿਚ ਬੈਠ ਕੇ ਲਿਖੀ ਬੀੜ ਵਜੋਂ ਠੇਲਣ ਲਈ ਉਤਸੁਕਤ ਸੀ। ਸੋ ਉਸ ਨੇ ਅਸਲੀ ਸੰਮਤੁ "੧੭੧੧ ਮਿਤੀ ਫਗਨ ਸੁਦੀ ੧" ਨੂੰ ਹੜਤਾਲ ਥੱਲੇ ਦੱਬ ਦਿੱਤਾ। ਇਹ ਸੰਮਤੁ, ਨੀਝ ਨਾਲ ਵੇਖਿਆਂ, ਮਗਰੋਂ ਲਿਖੀ ਰਤਨਮਾਲਾ ਦੇ ੨੩ਵੇਂ ਤੇ ੨੪ਵੇਂ ਸਲੋਕ ਦੇ ਵਿਚਕਾਰ ਹੜਤਾਲ ਹੇਠ ਦਬਿਆ ਹੁਣ ਵੀ ਪੜ੍ਹਿਆ ਜਾ ਸਕਦਾ ਹੈ। ਅਸਲ ਸਮਾਵਣੇ ਦੇ ਚਲਿਤ੍ਰ, ਵੀਹ ਵਿਸਵੇ, ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮਾਵਣ (੧੭੦੧ ਬਿ.) ਉੱਤੇ ਮੁਕਦੇ ਸਨ। ਗੁਰੂ ਅਰਜੁਨ ਦੇਵ ਜੀ ਦੇ ਸਮਾਵਣ ਦੀ ਤਿਥਿ ਵੀ ਉਸ ਵਿਚ ਲਿਖੀ ਹੋਈ ਸੀ। ਇਸ ਸੂਰਤ ਵਿਚ ਇਸ ਨੂੰ ਗੁਰੂ ਅਰਜੁਨ ਦੇਵ ਜੀ ਦੀ ਹਜ਼ੂਰੀ ਵਿਚ ਤਿਆਰ ਕੀਤੀ ਬੀੜ ਸਿਧ ਕਰਨਾ ਕਠਿਨ ਸੀ। ਇਸ ਲਈ ਭੰਨ ਤੋੜ ਕਰਨ ਵਾਲੇ ਲੇਖਕ ਨੇ ਜੋਤੀ ਜੋਤਿ ਸਮਾਵਣ ਦੇ ਮੂਲ ਪਤ੍ਰੇ ਨੂੰ ਲਾਂਭੇ ਕਰ ਦਿੱਤਾ ਅਤੇ ਉਸ ਦੀ ਥਾਂ ਉਪਰੋਕਤ ਸੂਚਨਾ ਵਾਲੇ ਚਲਿਤ੍ਰ ਪਾ ਦਿੱਤੇ ਅਤੇ ਹੇਠਾਂ ਗ੍ਰੰਥ ਦੇ ਨਕਲ ਦੀ ਮਿਤੀ ਸੰਮਤ ੧੬੬੨ ਦਿਖਾ ਦਿੱਤੀ। ਇਹ ਹੈ ਹਕੀਕਤ ਇਸ ਗ੍ਰੰਥ ਦੀ। ਮੁਢਲਾ ਸੰਮਤੁ ਇਸ ਗ੍ਰੰਥ ਦਾ ਨਿਸਚੈ ਹੀ ੧੭੧੧ ਬਿਕ੍ਰਮੀ ਸੀ।

੧੪. ਡੇਹਰਾਦੂਨ ਵਾਲੀ ਬੀੜ
(ਸੰਮਤ ੧੭੧੬)

ਇਹ ਬੀੜ ਡੇਹਰਾਦੂਨ ਵਿਚ ਬਾਬਾ ਰਾਮਰਾਇ ਦੇ ਡੇਰੇ ਅੰਦਰ ਸੁਰਖਿਅਤ ਹੈ। ਡੇਰੇ ਦੇ ਰਾਮਰਾਈਏ ਮਾਲਿਕ ਇਸ ਨੂੰ ਸਹਜੇ ਕੀਤੇ ਕਿਸੇ ਨੂੰ ਦਿਖਾਂਦੇ ਨਹੀਂ। ਪਰੰਤੂ ਜੀ.ਬੀ. ਸਿੰਘ ਦੇ ਸਮੇਂ ਮਨਾਹੀ ਇੰਨੀ ਕਰੜੀ ਨਹੀਂ ਸੀ। ਉਨ੍ਹਾਂ ਇਸ ਬੀੜ ਸੰਬੰਧੀ ਆਪਣੀ ਪੁਸਤਕ 'ਪ੍ਰਾਚੀਨ ਬੀੜਾਂ' ਵਿਚ ਭਰਪੂਰ ਰੂਪ ਵਿਚ ਜਾਣਕਾਰੀ ਦਿੱਤੀ ਹੈ। ਸਾਡੇ ਇਸ ਲੇਖ ਦਾ ਆਧਾਰ ਉਨ੍ਹਾਂ ਦੀ ਦਿੱਤੀ ਸੂਚਨਾ ਹੀ ਹੈ। ਕੁਝ ਕੁ ਵਾਕਫੀਅਤ ਗੁਰਦਵਾਰਾ ਇਨਸਪੈਕਟਰ ਭਾਈ ਰਣਧੀਰ ਸਿੰਘ ਵਲੋਂ ਵੀ ਆਈ ਹੈ।

ਬੀੜ ਨਾਲ ਜੁੜਿਆ ਇਤਿਹਾਸ : ਸਰਦਾਰ ਜੀ.ਬੀ. ਸਿੰਘ ਦਸਦੇ ਹਨ ਕਿ ਇਹ ਬੀੜ ਗੁਰੂ ਹਰਿ ਰਾਇ ਨੇ ਬਾਬਾ ਰਾਮ ਰਾਇ ਦੇ ਨਾਲ ਦਿੱਲੀ ਭੇਜਣ ਲਈ ਤਿਆਰ ਕਰਵਾਈ। ਇਸ ਦਾ ਉਤਾਰਾ ਤਾਂ ਭਾਵੇਂ ਕਿਸੇ ਹੋਰ ਬੀੜ ਤੋਂ ਕੀਤਾ ਗਇਆ, ਇਸ ਦਾ ਮੁਕਾਬਲਾ ਪੰਚਮ ਪਾਤਸ਼ਾਹੀ ਦੀ ਆਦਿ ਬੀੜ ਨਾਲ ਕੀਤਾ ਗਇਆ, ਜਿਸ ਗੱਲ ਦੇ ਸਬੂਤ ਇਸ ਦੇ ਅੰਦਰੋਂ ਹੀ ਮਿਲਦੇ ਹਨ। ਚੂੰਕਿ ਮਗਰੋਂ ਵੀ ਇਹ ਅਣਛੋਹ ਰਹੀ, ਨੌਵੇਂ ਮਹਲੁ ਦੇ ਸ਼ਬਦ ਇਸ ਵਿਚ ਨਹੀਂ ਚੜ੍ਹਾਏ ਗਏ, ਇਸ ਲਈ ਇਸ ਵਿਚ ਅਸਲ ਆਦਿ ਬੀੜ ਦੀ ਨਕਲ ਸੁਰਖਿਅਤ ਸਮਝਣੀ ਚਾਹੀਦੀ ਹੈ।

ਨਕਲ ਦਾ ਸਮਾਂ : ਗ੍ਰੰਥ ਦੇ ਮੁਢ ਵਿਚ ਇਕ ਕੋਰੇ ਵਰਕੇ ਉਪਰ ਲਿਖਾਰੀ ਨੇ ਉਤਾਰਾ ਕਰਨ ਦਾ ਸੰਮਤ ਇੰਞ ਦਿੱਤਾ ਹੈ :

ੴ ਸਤਿਗੁਰ ਪ੍ਰਸਾਦਿ
ਸੰਮਤ ੧੭੧੬ ਵਰਖੇ ਮਾਹ ਵੈਸਾਖ ਵਦੀ ੧ ਦੇ ਦਿਨ ਗਿਰੰਥ ਲਿਖਾ

ਤਤਕਰੇ : ਇਸ ਗ੍ਰੰਥ ਵਿਚ ਵੀ ਤਤਕਰੇ "ਸੂਚੀ ਪਤ੍ਰ ਪੋਥੀ ਕਾ ਤਤਕਰਾ ਲਿਖਿਆ ਰਾਗਾਂ ਕਾ ਤਥਾ ਸ਼ਬਦਾਂ ਕਾ" ਸੰਗਿਆ ਅਧੀਨ ਚਲਦੇ ਹਨ। ਤਤਕਰੇ ਪਤ੍ਰਾ ੨੯ ਉਪਰ ਮੁਕਦੇ ਹਨ ਤੇ ਉਸ ਦੇ ਅਗੋਂ ਬਾਣੀ ਪਤ੍ਰਾ ੩੩ ਤੋਂ ਸ਼ੁਰੂ ਕਰਕੇ ਪਤ੍ਰਾ ੬੫੧ ਤਕ ਇਕ ਹੀ ਟਕਸਾਲੀ ਲਿਖਾਰੀ ਦੀ ਲਿਖੀ ਹੋਈ ਹੈ। ਤਤਕਰੇ ਬੜੀ ਸੂਝ ਨਾਲ ਤਿਆਰ ਕੀਤੇ ਹੋਏ ਹਨ। ਅੰਗ੍ਰੇਜ਼ੀ ਦੀਆਂ ਡਿਕਸ਼ਨਰੀਆਂ ਵਿਚ ਜਿਵੇਂ ਹਰ ਸਫੇ ਦੇ ਸਿਰ ਉਪਰ ਸਫੇ ਦਾ ਪਹਲਾ ਤੇ ਅੰਤਲਾ ਲਫ਼ਜ਼ ਦਿੱਤਾ ਹੁੰਦਾ ਹੈ, ਉਸੇ ਤਰ੍ਹਾਂ ਇੱਥੇ "ਸ਼ਬਦਾਂ ਦੇ ਤਤਕਰੇ" ਵਿਚ ਕੀਤਾ ਗਇਆ ਹੈ। ਸਫੇ ਦੇ ਉਪਰ ਸ਼ਬਦ ਦੀ ਪ੍ਰਤੀਕ ਅਤੇ ਰਾਗ ਦਾ ਨਾਮ ਅਤੇ ਮਹਲੇ ਦਾ ਵੇਰਵਾ ਦਿੱਤਾ ਹੋਇਆ ਹੈ।

ਪਤ੍ਰਾ ਅੰਕਣ ਵਿਧੀ : ਪਤ੍ਰਿਆਂ ਦੀ ਗਿਣਤੀ ਦੇ ਅੰਕ ਜੁਸਤ, (ਜੁਫਤ, even number) ਸਫਿਆਂ ਉਪਰ ਦਿੱਤੇ ਹੋਏ ਹਨ, ਤਾਕ (odd number) ਉਪਰ ਨਹੀਂ। ਜੀ.ਬੀ. ਸਿੰਘ ਦਾ ਭਾਵ ਇਹ ਕਿ ਪਤ੍ਰਿਆਂ ਦੇ ਅੰਕ ਸੰਸਕ੍ਰਿਤ ਵਿਧੀ ਅਨੁਸਾਰ ਪਤ੍ਰਿਅ ਦੇ ਮਗਰਲੇ ਬੰਨੇ ਦਿੱਤੇ ਹੋਏ ਹਨ।

ਨੀਸਾਣ : ਤਤਕਰਿਆਂ ਤੋਂ ਅਗਾੜੀ ਇਕ ਪਤ੍ਰੇ ਉਪਰ ਸਤਵੇਂ ਸਤਿਗੁਰੂ, ਸ੍ਰੀ ਹਰਿ ਰਾਇ, ਦਾ ਨੀਸਾਣ ਦਰਸ਼ਨ ਦੇ ਰਹਿਆ ਹੈ (ਦੇਖੋ ਪਲੇਟ XXIX, ਚਿਤ੍ਰ ੨੫.)[1]।

ਹੋਰ ਵਿਸ਼ੇਸ਼ਤਾਵਾਂ :

੧. ਤਤਕਰੇ ਵਿਚ "ਜਪੁ ਸ੍ਰੀ ਸਤਿਗੁਰੂ ਰਾਮਦਾਸ ਜੀਉ ਕੇ ਦਸਤਖਤਾ ਕਾ ਨਕਲ' ਦਸਿਆ ਹੈ। ਕੀ ਇਹ ਮੁਢਲੀ ਭਾਈ ਗੁਰਦਾਸ ਵਾਲੀ ਬੀੜ ਵਾਂਙ ਸਿੱਧਾ ਹੀ ਗੁਰੂ ਰਾਮਦਾਸ ਜੀ ਦੇ ਗੁਟਕੇ ਤੋਂ ਨਕਲ ਕੀਤਾ ਗਇਆ ਜਾਂ ਲਿਖਾਰੀ ਨੇ ਨਕਲ ਦੇ ਪੜਾਅ ਸੂਚਿਤ ਨ ਕਰਨ ਦੀ ਭੁੱਲ ਕੀਤੀ ਹੋਈ ਹੈ ? ਇਸ ਬਾਰੇ ਪੱਕੇ ਤੌਰ 'ਤੇ ਕੁਝ ਨਹੀਂ ਕਹਿਅ ਜਾ ਸਕਦਾ। ਪਰੰਤੂ ਜੀ.ਬੀ. ਸਿੰਘ ਦਾ ਖਿਆਲ ਹੈ ਕਿ ਇਹ ਆਦਿ ਬੀੜ ਤੋਂ ਤੀਜੇ ਕੁ ਥਾਂ ਦੀ ਨਕਲ ਹੈ।

੨. ਰਹਰਾਸਿ ਵਿਚ "ਸੋਦਰੁ" ਦੇ ਨਾਲ "ਸੋਪੁਰਖ" ਜੁਟ ਵਾਲੇ ਸ਼ਬਦ ਦਰਜ ਹਨ।

੩. ਰਾਗ ਰਾਮਕਲੀ ਵਿਚ ਮਹਲਾ ਪਹਲੇ ਦੀ 'ਓਅੰਕਾਰ' ਨਾਂ ਦੀ ਬਾਣੀ ਦਾ ਸਿਰਲੇਖ ਇਸ ਤਰ੍ਹਾਂ ਹੈ :

ਓਅੰਕਾਰ ਮਹਲਾ ੧ ਰਾਗ ਰਾਮਕਲੀ ਦਖਣੀ

ਸਿਰਲੇਖ ਲਿਖਣ ਦੀ ਇਹ ਡੌਲ ਮਰਯਾਦਾ ਪੂਰਵਕ ਨਹੀਂ। ਲੇਖਕ ਨੂੰ "ਰਾਗ ਰਾਮਕਲੀ ਦਖਣੀ ਮਹਲਾ ੧ ਓਅੰਕਾਰ" ਲਿਖਣਾ ਚਾਹੀਦਾ ਸੀ।

੪. ਰਾਗ ਮਾਰੂ ਦੇ ਅਖੀਰ ਉਤੇ ਖਾਲੀ ਪਈ ਥੋੜੀ ਜੇਹੀ ਥਾਂ ਵਿਚ ਮੀਰਾ ਬਾਈ ਦਾ ਸ਼ਬਦ (ਮਨ ਹਮਾਰਾ ਬਾਧਿਓ) ਬਾਰੀਕ ਕਲਮ ਨਾਲ ਦਬ ਘੁਟ ਕੇ ਲਿਖਿਆ ਹੋਇਆ ਹੈ। ਕਿਸੇ ਤੋਂ ਜ਼ਬਾਨੀ ਸੁਣ ਕੇ, ਕਿਉਂਜੋ ਇਕ ਦੋ ਲਫਜ਼ਾਂ ਦਾ ਫਰਕ ਹੈ। ਪਰ ਹੇਠਾਂ ਮੋਟੇ ਅੱਖਰਾਂ ਵਿਚ ਇਹ ਨੋਟ ਵੀ ਲਿਖਿਆ ਹੋਇਆ ਹੈ :

"ਮੀਰਾ ਬਾਈ ਕਾ ਸਬਦ ਪੰਜਵੇ ਮਹਲੇ ਕੇ ਗਿਰੰਥ ਨਾਹੀ"।

੫. ਇਸ ਪਤ੍ਰੇ ਉਪਰ ਇਕ ਹੋਰ ਸ਼ਬਦ ਹਾਸ਼ੀਏ ਪੁਰ ਲਿਖਿਆ ਹੋਇਆ ਹੈ ਅਤੇ ਨਿਸ਼ਾਨ ਪਾ ਕੇ ਦਸਿਆ ਹੈ ਕਿ ਇਹ ਮੀਰਾ ਬਾਈ ਦੇ ਸ਼ਬਦ ਤੋਂ ਪਹਲੇ ਲਿਖਿਆ ਜਾਣ ਚਾਹੀਦਾ ਸੀ। ਸ਼ਬਦ ਇਹ ਹੈ :

ਮਾਰੂ ਰਵਿਦਾਸ ਜੀ
ਸੁਖ ਸਾਗਰ ਸੁਰਿਤਰ ਚਿੰਤਾਮਣੀ

---

[1] ਸ੍ਰੋਤ : 'ਪ੍ਰਾਚੀਨ ਬੀੜਾਂ', ਪੰਨਾ [illegible] ਦੇ ਸਾਹਮਣੇ ਵਾਲਾ ਪਤ੍ਰਾ ਹੈ।

ਇਸ ਸ਼ਬਦ ਦੇ ਹੇਠਾਂ ਫੇਰ ਲਿਖਿਆ ਹੈ : "ਇਹ ਸ਼ਬਦ ਪੰਜਵੇ ਮਹਲੇ ਦੇ ਗਿਰੰਥ ਉਪਰਹੁ ਲਿਖਿਆ"।

੬. ਤੀਹ ਰਾਗਾਂ ਤੋਂ ਬਾਅਦ ਭੋਗ ਦੀਆਂ ਬਾਣੀਆਂ ਅਜਕਲ ਚਲਦੀ ਤਰਤੀਬ ਵਿਚ ਦਰਜ ਹਨ। ਅੰਤ ਤੇ ਚਲਿਤ੍ਰ ਜੋਤੀ ਜੋਤਿ ਸਮਾਵਣ ਕੇ ਵੀ ਹਨ।

੭. ਭੋਗ ਦੀ ਬਾਣੀ ਵਿਚ ਕਬੀਰ ਦੇ ੨੪੩ ਸਲੋਕ ਦਿੱਤੇ ਹਨ, ਪਰ ਛੇਕੜਲੇ ਦੋ, "ਹਰਿ ਸੋ ਹੀਰਾ" ਅਤੇ "ਕਬੀਰ ਜਉ ਗ੍ਰਿਹੁ ਕਰਹਿ" ਕਿਸੇ ਹੋਰ ਹੱਥ ਦੇ ਪਿੱਛੋਂ ਲਿਖੇ ਹੋਏ ਹਨ; ਕਹਣ ਦਾ ਭਾਵ ਇਹ ਕਿ ਪਹਲਾ ੨੪੧ ਸਲੋਕ ਸਨ।

੮. ਫਰੀਦ ਜੀ ਦੇ ਸਲੋਕ ਇਸ ਬੀੜ ਵਿਚ ਵੀ ੧੩੦ ਹਨ, ਇਨ੍ਹਾਂ ਸਲੋਕਾਂ ਦੇ ਪਿੱਛੇ ਦੋ ਸਫ਼ੇ ਕੋਰੇ ਛਡ ਕੇ ਸਵੱਈਏ ਸ੍ਰੀ ਮੁਖਬਾਕ ਲਿਖੇ ਹਨ। ਪੰਜਵੇਂ ਸਵੱਈਏ ਦੀ ਤੁਕ "ਹਰਿ ਗੁਰੂ ਨਾਨਕੁ ਜਿਨ ਪਰਸਿਅਉ" ਲਿਖ ਕੇ ਸਾਢੀਆਂ ਤਿੰਨ ਪਾਲਾਂ ਦੀ ਥਾਂ ਖਾਲੀ ਛੱਡੀ ਹੋਈ ਹੈ। ਸਵੱਈਏ ਮੁਕੰਮਲ ਕਰਨ ਲਈ ਪਾਠ ਮਿਲਿਆ ਨਹੀਂ ਲਗਦਾ। ਇਸ ਤੋਂ ਅਗੇ ਸਵੱਈਏ ਭੱਟਾਂ ਦੇ ਹਨ, ੧੨੨। ਇਸ ਤੋਂ ਅਗੇ ਸਲੋਕ ਵਾਰਾਂ ਤੋਂ ਵਧੀਕ ਹਨ।

੯. ਸਲੋਕ ਵਾਰਾਂ ਤੇ ਵਧੀਕ ਸਿਰਲੇਖ ਹੇਠ ਮਹਲਾ ੧ ਦੇ ੩੭ ਸਲੋਕ, ਮਹਲਾ ੩ ਦੇ ੬੩ ਅਤੇ ਮਹਲ ੪ ਦੇ ੩੦ ਸਲੋਕ ਦੇ ਕੇ ਹੇਠਾਂ ਇਹ ਲਿਖਿਆ ਹੈ :

ਇਤਨੇ ਸਲੋਕ ਪੰਜਵੇਂ ਮਹਲੇ ਕੇ ਗਿਰੰਥ ਉਪਰਹੁ ਲਿਖੇ।

ਪਹਲੇ ਚਾਰ ਗੁਰੂਆਂ ਦੇ ਸਲੋਕਾਂ ਦੇ ਮਗਰੋਂ ਪੰਚਮ ਪਾਤਸ਼ਾਹ ਦੇ ਸਲੋਕ ਹਨ ਜੋ "ਤੇਰਾ ਕੀਤਾ ਜਾਤੋ ਨਾਹੀ" ਵਾਲੇ ਸਲੋਕ ਤੇ ਸਮਾਪਤ ਹੁੰਦੇ ਹਨ। ਇਸ ਦੇ ਪਿੱਛੋਂ ਮੁੰਦਾਵਣੀ ਲਿਖੀ ਹੈ, ਗੋਯਾ ਇਸ ਗ੍ਰੰਥ ਵਿਚ ਬਾਣੀ ਦਾ ਭੋਗ ਸਲੋਕ ਵਾਰਾਂ ਤੋਂ ਵਧੀਕ ਤੇ ਹੁੰਦਾ ਹੋਇਆ ਮੁੰਦਾਵਣੀ ਤੇ ਪੈਂਦਾ ਹੈ।

੧੦. ਚਲਿਤ੍ਰ ਜੋਤੀ ਜੋਤਿ ਸਮਾਵਣ ਕੇ ਪਹਲੇ ਛੇ ਗੁਰੂਆਂ ਦੇ ਇਕ ਹੱਥ ਦੇ ਲਿਖੇ ਹਨ, ਸਤਵੇਂ ਦੇ ਕਿਸੇ ਹੋਰ ਹੱਥ ਦੇ, ਬਾਬਾ ਗੁਰਦਿਤਾ ਜੀ ਦੀ ਤਿਥਿ ਇਸ ਵਿਚ ਨਹੀਂ ਹੈ ਤੇ ਛੇਵੇਂ ਗੁਰੂ ਜੀ ਦੀ ਤਿਥਿ ਬੜੀ ਸੰਖੇਪ ਜੇਹੀ ਕਰਕੇ ਇਉਂ ਦਿੱਤੀ ਹੈ :

ਸੰਮਤ ੧੭੦੧ ਚੇਤ ਸੁਦੀ ੫ ਛਨਿਚਰਵਾਰ ਨਉ ਘੜੀਆ
ਰਾਤ ਬੀਤੀ ਸ੍ਰੀ ਹਰਿਗੋਬਿੰਦ ਜੀ ਸਮਾਣੇ ਚੇਤ ਕੀ ਸੰਕਰਾਤ।

ਗੁਰੂ ਰਾਮ ਰਾਇ ਦੀ ਤਿਥਿ ਪਿੱਛੋਂ ਕਿਸੇ ਹੋਰ ਦੇ ਹੱਥ ਦੇ ਲਿਖੀ ਹੋਈ ਹੈ। ਇਹ ਇਸ ਬੀੜ ਵਿਚ ਜੋਤੀ ਜੋਤਿ ਸਮਾਵਣ ਦੇ ਚਲਿਤ੍ਰਾਂ ਦੀ ਪਹਲੀ ਫਹਰਿਸਤ ਹੈ। ਇਸ ਤੋਂ ਬਿਨਾਂ ਇਕ ਦੂਜੀ ਫਹਰਿਸਤ ਵਖਰੇ ਪਤ੍ਰੇ ਤੇ ਹੈ। ਇਹ ਕਿਸੇ ਹੋਰਸ ਲਿਖਾਰੀ ਦੀ ਸੰਮਤ 1744 ਦੇ ਪਿੱਛੋਂ ਦੀ ਲਿਖੀ ਹੋਈ ਹੈ। ਹੋਰਨਾਂ ਪਾਵਨ ਵਿਅਕਤੀਆਂ ਨਾਲ

ਪਹਲੀ ਫਹਰਿਸਤ ਵਾਲੀਆਂ ਤਿਥਾਂ ਇਸ ਫ਼ਰਕ ਨਾਲ ਫਿਰ ਦੁਹਰਾਈਆਂ ਹੋਈਆਂ ਹਨ ਕਿ ਹਰੇਕ ਗੁਰ ਵਿਅਕਤੀ ਦੇ ਚਲਾਣੇ ਦਾ ਸਥਾਨ ਵੀ ਲਿਖ ਦਿੱਤਾ ਗਇਆ ਹੈ। ਉਪਰੋਕਤ ਦੋਹਾਂ ਫਹਰਿਸਤਾਂ ਤੋਂ ਬਿਨਾਂ ਇਕ ਤੀਜੀ ਫਹਰਿਸਤ ਵੀ ਇਸ ਵਿਚ ਲਗੀ ਹੋਈ ਹੈ ਜੋ ਉਪਰਲੀਆਂ ਦੋਹਾਂ ਫਹਰਿਸਤਾਂ ਨੂੰ ਮਿਲਾ ਕੇ ਬਣਾਈ ਗਈ ਹੈ।

11 ਮੁੰਦਾਵਣੀ ਦੇ ਪਿੱਛੇ ਤੇ ਉਪਰ ਦਸੀਆਂ ਗਈਆਂ ਤਿੰਨ ਫਹਰਿਸਤਾਂ ਤੋਂ ਬਿਨਾਂ ਗ੍ਰੰਥ ਵਿਚ ਰਾਗਮਾਲਾ ਤੇ ਵਾਰ ਬਸੰਤ ਕੀ ਮਹਲਾ ੧ ਵੀ ਇਸ ਬੀੜ ਵਿਚ ਦਿੱਤੀਆਂ ਹੋਈਆਂ ਹਨ। ਵਾਰ ਬਸੰਤ ਨੂੰ ਮਹਲਾ ੧ ਲਿਖਣ ਦੀ ਇਥੇ ਭੁੱਲ ਹੋਈ ਹੋਈ ਹੈ। ਇਹ ਵਾਰ ਵਾਸਤਵ ਵਿਚ ਮਹਲਾ ੫ ਦੀ ਰਚਨਾ ਹੈ।

੧੫. ਕਾਨਗੜ੍ਹ ਵਾਲੀ ਬੀੜ
(ਸੰਮਤ ੧੭੧੮)

ਇਸ ਅਮੋਲਕ ਬੀੜ ਦਾ ਉੱਲੇਖ ਸਰਦਾਰ ਜੀ. ਬੀ. ਸਿੰਘ ਨੇ ਆਪਣੀ ਪੁਸਤਕ 'ਪ੍ਰਾਚੀਨ ਬੀੜਾਂ' ਵਿਚ ਕੀਤਾ ਹੈ। ਉਨ੍ਹਾਂ ਇਸ ਨੂੰ ਆਪਣੇ ਸਮੇਂ ਕਾਨਗੜ੍ਹ[1] ਨਿਕਟ ਬਰੇਟਾ, ਜ਼ਿਲਾ ਬਠਿੰਡਾ ਦੇ ਰਈਸ ਸ. ਹਰਦਮ ਸਿੰਘ ਜੀ ਦੇ ਘਰ ਦੇਖਿਆ ਸੀ। ਮਗਰੋਂ ਇਸ ਨੂੰ ਗੁਰਦਵਾਰਾ ਇਨਸਪੈਕਟਰ ਭਾਈ ਰਣਧੀਰ ਸਿੰਘ ਦੇ ਸਹਖੋਜੀ, ਉਸਤਾਦ ਗਿਆਨ ਸਿੰਘ 'ਸੁਤੰਤਰ' ਨੇ ੧੯੬੨ ਵਿਚ ਉਥੇ ਹੀ ਵਾਚਿਆ। ਸਾਨੂੰ ਇਸ ਨੂੰ ਵਾਚਣ ਦਾ ਅਵਸਰ ਤਿੰਨ ਵਾਰ ੧੯੮੯ ਵਿਚ ਹੋਇਆ ਹੈ। ਬਰੇਟੇ ਤੋਂ ਇਹ ਬੀੜ ਪਟਿਆਲੇ ਆ ਚੁਕੀ ਹੈ। ਇਸ ਵਕਤ ਇਹ ਸ. ਹਰਦਮ ਸਿੰਘ ਦੇ ਪੋਤ੍ਰੇ ਸ. ਅਜਾਇਬ ਸਿੰਘ ਸੇਖੋਂ ਸਪੁਤ੍ਰ ਸ. ਸ਼ਮਸ਼ੇਰ ਸਿੰਘ ਵਾਸੀ ਪਟਿਆਲਾ, ਨੇੜੇ ਏਵੀਏਸ਼ਨ ਕਲੱਬ, ਪਾਸ ਸੁਰੱਖਿਅਤ ਹੈ।

ਰਿਵਾਇਤ ਤੇ ਆਕਾਰ : ਇਹ ਬੀੜ, ਜਿਵੇਂ ਕਿ ਇਸ ਦੇ ਤਤਕਰੇ ਉਪਰ ਦਿੱਤੇ ਨੋਟ ਤੋਂ ਪਤਾ ਲਗਦਾ ਹੈ, ਤਿਆਰ ਕੀਰਤਿਪੁਰ ਵਿਚ ਹੋਈ, ਪਰ ਸਮੇਂ ਦੇ ਗੇੜ ਨਾਲ ਪਟਿਆਲੇ ਪਹੁੰਚ ਗਈ। ਇੱਥੇ ਹੀ ਭਾਈ ਹਰਦਮ ਸਿੰਘ ਨੇ ਇਸ ਨੂੰ, ਬਿਨਾਂ ਜਿਲਦ, ਕਿਸੇ ਪੁਸਤਕ ਵੇਚਣ ਵਾਲੇ ਪਾਸੋਂ ਖਰੀਦਿਆ। ਦੱਸਿਆ ਜਾਂਦਾ ਹੈ ਕਿ ਇਹ ਕਿਸੇ ਯੁੱਧ ਦੇ ਮੌਕੇ ਤੇ ਜੰਗ ਦੇ ਮੈਦਾਨ ਵਿਚ ਖਾਲਸਾ ਪੰਥ ਦੇ ਨਾਲ ਸੀ, ਜਿੱਥੇ ਤਲਵਾਰ ਲੱਗ ਕੇ ਇਸ ਦੇ ਕੁਝ ਪਤ੍ਰੇ ਕੱਟੇ ਗਏ। ਪਰ ਇਹ ਗੱਲ ਠੀਕ ਨਹੀਂ। ਮੁਢਲੇ ਤਿੰਨ ਖਾਲੀ ਪਤ੍ਰੇ ਵੱਟ ਖਾ ਕੇ ਮੁਰਕੇ ਹੋਏ ਹਨ, ਕਿਸੇ ਸ਼ਸਤ੍ਰ ਨਾਲ ਕੱਟੇ ਹੋਏ ਨਹੀਂ।

ਬੀੜ ੨੮ ਸੈ. ਮੀ. × ੩੨½ ਸੈ. ਮੀ. ਦੇ ਆਕਾਰ ਦੇ ਇਸ ਵਕਤ ੬੮੭ ਪਤ੍ਰਿਆਂ ਉਪਰ ਫੈਲੀ ਹੋਈ ਹੈ। ਲਿਖਤ ੨੦ ਸੈ. ਮੀ. × ੨੪ ਸੈ. ਮੀ. ਹੈ। ਹਾਸ਼ੀਆ ਖੱਬੇ ਅਤੇ ਸੱਜੇ ਦੋਹੀਂ ਪਾਸੀਂ ਤਿੰਨ ਲਕੀਰਾਂ (ਲਾਲ + ਕਾਲੀ + ਲਾਲ) ਨਾਲ ਲੱਗਾ ਹੋਇਆ ਹੈ। ਸ਼ਕਲ ਇਸ ਦੀ ਕਿਤਾਬੀ ਹੈ। ਪਤ੍ਰਿਆਂ ਦੇ ਅੰਕ ਲਾਉਣ ਦੀ ਵਿਧੀ ਵਿਗਿਆਨਕ ਹੈ। ਅੰਕ ਪਤ੍ਰੇ ਦੇ ਮਗਰਲੇ ਪਾਸੇ ਲੱਗੇ ਹੋਏ ਹਨ। ਇਹ ਹਨ ਤਾਂ ਉਸੇ ਹੱਥ ਦੇ ਪਰ ਸਿਆਹੀ ਫਿੱਕੀ ਤੇ ਕਲਮ ਪਤਲੀ ਹੋ ਗਈ ਹੈ। ਇਸ ਵਕਤ ਇਸ ਉਪਰ ਮਜ਼ਬੂਤ ਗੱਤੇ ਦੀ ਜਿਲਦ ਚੜ੍ਹੀ ਹੋਈ ਹੈ ਤੇ ਇਹ ਨੀਲੇ ਰੰਗ ਦੀ ਮਖਮਲ ਨਾਲ ਮੜ੍ਹੀ ਹੋਈ ਹੈ। ਅੱਖਰ ਇਸ ਦੇ ਮੋਟੇ ਅਤੇ ਸੁੰਦਰ ਹਨ।

[1]ਕਾਨਗੜ੍ਹ ਜਾਖਲ ਤੋਂ ਫੀਰੋਜ਼ਪੁਰ ਵੱਲ ਨੂੰ ਜਾਂਦੀ ਰੇਲਵੇ ਲਾਈਨ ਦੇ ਸਟੇਸ਼ਨ ਬਰੇਟਾ ਦੇ ਲਾਗੇ ੭ ਕੁ ਕਿਲੋਮੀਟਰ ਦੀ ਦੂਰੀ ਤੇ ਸਥਿਤ ਇਕ ਪਿੰਡ ਹੈ।

ਰਚਨਾ ਕਾਲ ਤੇ ਤਤਕਰੇ : ਇਹ ਗ੍ਰੰਥ ਤਤਕਰੇ ਨਿਰੂਪਣ ਦੀ ਆਮ ਚਲਦੀ ਪਰਿਪਾਟੀ ਨਾਲੋਂ ਕੁਝ ਵਿਲੱਖਣ ਹੈ। ਇਸ ਵਿਚ "ਤਤਕਰਾ ਰਾਗਾਂ ਕਾ" ਵਖਰਾ ਨਹੀਂ ਦਿੱਤਾ, ਸੂਚੀ ਪਤ੍ਰ ਨਾਲ ਹੀ ਮਿਲਾ ਲਇਆ ਗਇਆ ਹੈ। ਇਹ ਦੋ ਕਾਲਮੀ ਹੈ ਤੇ ਪਲੇਟ XXX, ਚਿਤ੍ਰ ੨੬ ਦੀ ਡੌਲ ਤੇ ਚਲਦਾ ਹੈ :

ਧਿਆਨ ਦੇਣਾ ਕਿ ਇਸ ਦੇ ਲੇਖਕ ਨੇ ਸੂਚੀ ਪਤ੍ਰ ਦੇ ਆਰੰਭ ਵਿਚ ਹੀ ਉਹ ਜਿਸ ਨੂੰ "ਤਤਕਰਾ ਰਾਗਾਂ ਕਾ" ਆਖਦੇ ਹਨ, ਲਿਖ ਦਿੱਤਾ ਹੈ। ਅਜੇਹਾ ਕਰਨ ਵਿਚ ਲਿਖਾਰੀ ਨੇ ਭੁੱਲ ਕੀਤੀ ਹੈ। ਪ੍ਰਾਚੀਨ ਬੀੜਾਂ ਵਿਚ ਇਹ "ਸੂਚੀ ਪਤ੍ਰ ਪੋਥੀ ਕਾ" ਦੇ ਅੰਤ ਤੇ ਵਖਰੇ ਬਲਾਕ ਵਿਚ ਦਿੱਤਾ ਹੁੰਦਾ ਸੀ ਤੇ ਇਸ ਦੇ ਨਾਲ ਖੱਬੇ ਹੱਥ ਸ਼ਬਦਾਂ ਦੇ ਤਤਕਰੇ ਦੇ ਉਨ੍ਹਾਂ ਪਤ੍ਰਿਆਂ ਦਾ ਉੱਲੇਖ ਹੁੰਦਾ ਸੀ ਜਿਨ੍ਹਾਂ ਉਪਰ ਇਹ ਰਾਗ ਸ਼ੁਰੂ ਹੁੰਦੇ ਸਨ। ਮੌਜੂਦਾ ਲੇਖਕ ਨੇ ਇਸ ਦੇ ਮਹੱਤਵ ਨੂੰ ਨ ਸਮਝਦਿਆਂ, ਇਸ ਨੂੰ ਸੂਚੀਪਤ੍ਰ ਵਾਲੇ ਤਤਕਰੇ ਦੇ ਮੁੱਢ ਵਿਚ ਜੜ ਦਿੱਤਾ ਹੈ ਤੇ ਪੱਤੀਆਂ ਨੂੰ ਵੀ ਵਿਸਾਰ ਦਿੱਤਾ ਹੈ।

ਦੂਸਰੀ ਗੱਲ ਧਿਆਨ ਦੇਣ ਯੋਗ ਇਹ ਹੈ ਕਿ ਮੁੱਢ ਵਿਚ ਤਤਕਰੇ ਦਾ ਸਿਰਲੇਖ "ਤਤਕਰਾ ਰਾਗਾਂ ਕਾ ਸੂਚੀਪਤ੍ਰ" ਹੀ ਸੀ। ਸ਼ਬਦ "ਪੋਥੀ ਆਰੰਭ ਸੰਮਤ ੧੭੧੮ ਕੀਰਤਪੁਰ ਜੀ" ਪਿੱਛੋਂ, ਹੋਰ ਕਲਮ ਨਾਲ ਫਿੱਕੀ ਜਹੀ ਸਿਆਹੀ ਨਾਲ ਵਧਾਏ ਹੋਏ ਹਨ। ਲੇਖਕ ਨੇ ਇਹ ਸੰਮਤ ਪਹਲਾਂ ਸ਼ਬਦਾਂ ਦੇ ਤਤਕਰੇ ਵਿਚ ਸਿਰੀ ਰਾਗ ਦੇ ਮੁੱਢ ਵਾਲੇ ਪਤ੍ਰੇ ਦੇ ਉਪਰ ਲਿਖਣ ਦਾ ਯਤਨ ਕੀਤਾ ਸੀ, ਪਰ ਉਥੇ ਇਹ ਨਿਭ ਨਾ ਸਕਿਆ ਤੇ ਇਸ ਲਈ ਕੱਟ ਦਿੱਤਾ ਗਇਆ। ਹੁਣ ਇਹ ਟੇਢਾ ਜੇਹਾ ਤੇ ਬਾਰੀਕ ਕਰਕੇ ਪਾਇਆਂ ਹੋਇਆ ਹੈ; ਪਰੰਤੂ ਇਸ ਵਿਚ ਸੰਦੇਹ ਨਹੀਂ ਕਿ ਇਹ ਸੰਮਤ ਬਾਅਦ ਵਿਚ ਵਧਾਇਆ ਗਇਆ। ਬੀੜ ਵਿਚ ਪ੍ਰਾਚੀਨਤਾ ਦੇ ਅੰਸ਼, ਜਿਨ੍ਹਾਂ ਦਾ ਜ਼ਿਕਰ ਬਾਅਦ ਵਿਚ ਆਏਗਾ, ਮੌਜੂਦ ਹਨ। ਇਸ ਲਈ ਅਸੀਂ ਇਸ ਸਿੱਟੇ ਤੇ ਪਹੁੰਚਣ ਲਈ ਮਜਬੂਰ ਹਾਂ ਕਿ ਯਾ ਤਾਂ ਇਹ ਬੀੜ ਆਪ ਸੰਮਤ ੧੭੧੮ ਬਿ. ਵਿਚ ਕੀਰਤਪੁਰ ਅੰਦਰ ਲਿਖੀ ਗਈ, ਯਾ, ਜਿਸ ਬੀੜ ਤੋਂ ਇਹ ਨਕਲ ਕੀਤੀ ਗਈ, ਉਹ ਠੀਕ ਇਸ ਸੰਮਤ ਦੀ ਤੇ ਇਸ ਅਸਥਾਨ ਤੇ ਲਿਖੀ ਹੋਈ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਪਿੱਛੋਂ ਇਕ ਹੀ ਥਾਂ ਤੇ ਚੜ੍ਹਾਏ ਜਾਣ ਕਾਰਣ ਪਹਲੀ ਗੱਲ, ਇਸ ਦੇ ਆਪ ੧੭੧੮ ਵਿਚ ਕੀਰਤਪੁਰ ਵਿਚ ਲਿਖੇ ਜਾਣ ਦੀ, ਵਧੇਰੇ ਮੰਨਣਯੋਗ ਪ੍ਰਤੀਤ ਹੁੰਦੀ ਹੈ।

ਤਤਕਰਾ ਪਤ੍ਰਾ-ਅੰਕ ੧ ਤੋਂ ਸ਼ੁਰੂ ਹੁੰਦਾ ਹੈ ਤੇ ਇਹੀ ਅੰਕ ਅੱਗੇ ਬਾਣੀ ਵਿਚ ਨਿਰੰਤਰ ਚਲਦੇ ਹਨ। ਇਸ ਤੋਂ ਇਹੀ ਖਿਆਲ ਪੈਦਾ ਹੁੰਦਾ ਹੈ ਕਿ ਇਹ ਬੀੜ ਸਿੱਧੀ ਹੀ ਕਿਸੇ ਹੋਰ ਬੀੜ ਤੋਂ ਨਕਲ ਹੋਣੀ ਸ਼ੁਰੂ ਹੋਈ। ਜਿਸ ਬੀੜ ਤੋਂ ਇਹ ਨਕਲ ਹੋਣੀ ਸ਼ੁਰੂ ਹੋਈ, ਉਸ ਵਿਚ ਬਸੰਤ ਕੀ ਵਾਰ ਗ੍ਰੰਥ ਦੇ ਅੰਤ ਤੇ ਦਿੱਤੀ ਹੋਈ ਸੀ ਕਿਉਂਜੋ ਇਹ ਉਪਰ ਨਕਲ ਕੀਤੇ ਤਤਕਰੇ ਦੇ ਅੰਤ ਤੇ ਆਈ ਹੈ। ਪਰੰਤੂ ਅੰਦਰ ਮੂਲ ਪਾਠ ਵਿਚ ਇਹ ਰਾਗ ਬਸੰਤ ਵਿਚ ਗੁਰ ਵਿਅਕਤੀਆਂ ਦੀ ਬਾਣੀ ਦੇ ਪਿੱਛੋਂ ਤੇ ਭਗਤਾਂ ਦੀ ਬਾਣੀ ਤੋਂ ਪਹਲਾਂ ਠੀਕ ਥਾਂ ਤੇ ਦਰਜ ਹੈ (ਦੇਖੋ ਪਤ੍ਰਾ ੫੭੩)। ਸ਼ਬਦਾਂ ਦੇ ਤਤਕਰੇ ਵਿਚ ਵੀ ਇਹ ਰਾਗ

ਬਸੰਤ ਦੀ ਪੱਟੀ ਵਿਚ ਠੀਕ ਥਾਂ ਸਿਰ ਦਿੱਤੀ ਹੋਈ ਹੈ। ਇਸ ਤੋਂ ਸਿੱਧ ਹੈ ਕਿ ਇਸ ਗ੍ਰੰਥ ਦੇ ਲਿਖਾਰੀ ਨੇ ਪਹਲਾ, ਸੂਚੀਪਤ੍ਰ ਵਾਲਾ, ਪਤ੍ਰਾ ਤਾਂ ਕਿਸੇ ਮੂਲ ਗ੍ਰੰਥ ਤੋਂ ਨਕਲ ਕਰ ਲਇਆ[2] ਪਰ ਅੰਧਾ ਧੁੰਦ ਨਕਲ ਨਹੀਂ ਕੀਤੀ। ਉਸ ਨੇ ਇਸ ਤਤਕਰੇ ਵਿਚ ਜਿੱਥੇ ਹੋਰਨਾਂ ਰਾਗਾਂ ਦੇ ਪਤ੍ਰਾ-ਅੰਕ ਲਿਖੇ ਹਨ, ਅੰਤ ਤੇ ਨਕਲ ਕਰਦਿਆਂ ਲਿਖੀ "ਬਸੰਤ ਕੀ ਵਾਰ" ਦਾ ਪਤ੍ਰ-ਅੰਕ ਨਹੀਂ ਲਿਖਿਆ ਕਿਉਂਜੋ ਹੁਣ ਇਹ ਆਪਣੇ ਰਾਗ ਦੇ ਅੰਤਰਗਤ ਆ ਚੁਕੀ ਸੀ। ਇਸ ਪਹਲੇ ਤਤਕਰੇ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਭੋਗ ਦੀ ਬਾਣੀਆਂ ਦਾ ਵੀ ਵੇਰਵੇ ਸਹਿਤ ਉੱਲੇਖ ਹੈ, ਜਿਹੜਾ ਕਈ ਮੁਢਲੀਆਂ ਬੀੜਾਂ ਵਿਚ ਨਹੀਂ ਮਿਲਦਾ।

ਸੂਚੀਪਤ੍ਰ ਵਾਲੇ ਇਸ ਪਹਲੇ ਤਤਕਰੇ ਦੇ ਮਗਰੋਂ "ਤਤਕਰਾ ਸ਼ਬਦਾਂ ਕਾ" ਚਲਦਾ ਹੈ। ਇਹ ਵੀ ਦੋ ਕਾਲਮੀ ਹੈ। ਸ਼ਬਦ ਵੀ ਪ੍ਰਤੀਕ ਦੇ ਖੱਬੇ ਪਾਸੇ ਸ਼ਬਦ ਦਾ ਕ੍ਰਮਾਂਕ ਤਾਂ ਦਿੱਤਾ ਹੈ, ਪਰ ਸ਼ਬਦ ਦੇ ਮਿਲਣ ਦੀ ਪੱਤੀ ਨਹੀਂ ਲਿਖੀ। ਪੱਤੀ ਕੇਵਲ ਰਾਗ ਜਾਂ ਪ੍ਰਕਰਣ ਦੇ ਸ਼ੁਰੂ ਵਿਚ ਹੀ ਦਿੱਤੀ ਹੈ। ਜਿਵੇਂ :

ੴ ਸਤਿਗੁਰ ਪ੍ਰਸਾਦਿ
ਸਿਰੀ ਰਾਗ ॥ ਮਹਲਾ ੧ ਚਉਪਦੇ
ਘਰੁ ੨ ਪਤਿ ੩੨

ਹਰੇਕ ਕਾਲਮ ਉਪਰ ਚਲਦਾ ਰਾਗ ਸਿਰਲੇਖ ਵਜੋਂ ਦਿੱਤਾ ਹੋਇਆ ਹੈ। ਭਗਤਾਂ ਦੀ ਬਾਣੀ ਨੂੰ ਕੇਵਲ ਇਕ ਹੀ ਪ੍ਰਤੀਕ ਨਾਲ ਭੁਗਤਾਇਆ ਹੈ। ਅੱਡ ਅੱਡ ਭਗਤ ਤੇ ਉਨ੍ਹਾਂ ਦੇ ਅੱਡ ਅੱਡ ਸ਼ਬਦ ਦਰਜ ਨਹੀਂ ਕੀਤੇ। ਭੋਗ ਦੀ ਬਾਣੀ ਦਾ ਬਿਓਰਾ ਨਹੀਂ ਦਿੱਤਾ ਕਿਉਂਜੋ ਇਹ ਪਹਲੇ ਤਤਕਰੇ ਵਿਚ ਆ ਚੁਕਿਆ ਹੈ।

ਬਾਣੀ ਦਾ ਬਿਓਰਾ : ਜਪੁ ਪਤ੍ਰਾ ੨੫/ੳ ਤੋਂ ਸ਼ੁਰੂ ਹੁੰਦਾ ਹੈ। ਤਤਕਰੇ ਵਿਚ ਇਸ ਦੀ ਪ੍ਰਤੀਕ ਨਿਪਟ "ਜਪੁ" ਕਰਕੇ ਦਿੱਤੀ ਹੈ। "ਨੀਸਾਣੁ" ਪਦ ਇਸ ਨਾਲ ਨਹੀਂ ਹੈ; ਨਾ ਹੀ "ਗੁਰੂ ਰਾਮਦਾਸ ਜੀਉ ਕੇ ਦਸਖਤਾਂ ਕਾ ਨਕਲ ਯਾ ਨਕਲ ਦਰ ਨਕਲ" ਲਿਖਿਆ ਹੈ। "ੴ" ਉਪਰ ਵਖਰੀ ਲਾਈਨ ਵਿਚ ਹੈ ਤੇ ਉਸ ਦੇ ਇਰਦ ਗਿਰਦ ਕਾਂਟੇਦਾਰ ਲਕੀਰ ਵਾਹੀ ਹੋਈ ਹੈ ਜੋ ਪਤਾ ਨਹੀਂ ਖੂਬਸੂਰਤੀ ਦੀ ਖਾਤਰ ਵਾਹੀ ਗਈ ਹੈ ਯਾ ਕਟਿਆ ਦਰਸਾਉਣ ਲਈ ? ਇਸ ਦੇ ਅੱਗੇ ਸਤਿਨਾਮੁ ਕਰਤਾ ਪੁਰਖ . . . ਪੂਰਾ ਮੂਲਮੰਤ੍ਰ ਲਿਖਿਆ ਹੋਇਆ ਹੈ।

ਜਪੁ ਵਖਰੀ ਲਾਈਨ ਤੋਂ "ਆਦਿ ਸਚੁ ਜੁਗਾਦਿ ਸਚੁ" ਨਾਲ ਸ਼ੁਰੂ ਹੁੰਦਾ ਹੈ। ਇਸ ਤੋਂ ਪਹਲਾਂ ਪਦ "ਸਲੋਕ', ਨਹੀਂ ਲਿਖਿਆ ਤੇ ਨ ਹੀ ਮਹਲਾ ਅੰਕਿਤ ਕੀਤਾ ਹੈ। ਕੁਝ ਵਿਸ਼ੇਸ਼ ਸ਼ਬਦਾਂ ਦੇ ਰੂਪ ਇਸ ਪ੍ਰਕਾਰ ਹਨ : "ਧੌਲ", "ਕੋਣ", "ਰਖੀਸਰ", "ਜੀਭੋ"। ਇਸ ਪੱਖ ਤੋਂ ਇਹ ਗੁਰੂ ਰਾਮਦਾਸ ਦੇ ਦਸਖਤਾਂ ਵਾਲੇ ਜਪੁ ਤੋਂ ਭਿੰਨ ਨਹੀਂ।

[2] ਉਂਞ ਮੂਲ ਗ੍ਰੰਥ ਦੀ ਨੁਹਾਰ ਬੂੜੇ ਸੰਧੂ ਵਾਲੇ ਗ੍ਰੰਥ (ਨੰਬਰ ੧੩) ਨਾਲ ਮਿਲਦੀ ਹੈ।

ਜਪੁ ਦੇ ਮਗਰੋਂ "ਸੋ ਦਰੁ" (ਪੰਜ ਸ਼ਬਦ) ਹੈ ਤੇ ਫਿਰ "ਸੋ ਪੁਰਖੁ" (ਚਾਰ ਸ਼ਬਦ)। ਉਪਰਾਂਤ ਕੀਰਤਨ "ਸੋਹਿਲਾ" ਦਰਜ ਹੈ, ਤੇ ਫਿਰ ਰਾਗਬਧ ਬਾਣੀ ਆਰੰਭ ਹੋ ਜਾਂਦੀ ਹੈ। ਪਹਲੇ ਨੂੰ "ਰਾਗੁ ਸਿਰੀ ਰਾਗੁ" ਦੀ ਸੰਗਿਆ ਦਿੱਤੀ ਹੈ। ਰਾਗਾਂ ਦਾ ਕ੍ਰਮ ਪ੍ਰਮਾਣਿਕ ਹੈ। ਮੁੱਢ ਵਿਚ ਤੀਹ ਰਾਗਾਂ ਦੀ ਬਾਣੀ ਇਸ ਵਿਚ ਸੰਮਿਲਿਤ ਸੀ। ਰਾਗੁ ਜੈਜਾਵੰਤੀ ਬਾਅਦ ਵਿਚ ਨੌਵੇਂ ਗੁਰੂ ਜੀ ਦੀ ਬਾਣੀ ਨਾਲ ਗ੍ਰੰਥ ਦੇ ਅੰਤ ਚੜ੍ਹਾਇਆ ਗਇਆ। ਇਸ ਦਾ ਜ਼ਿਕਰ ਅਸੀਂ ਅੱਗੇ ਚਲ ਕੇ ਕਰਾਂਗੇ।

ਰਾਗਬਧ ਬਾਣੀ ਇਸ ਗ੍ਰੰਥ ਵਿਚ ਰਾਗੁ ਪ੍ਰਭਾਤੀ ਨਾਲ ਪਤ੍ਰਾ ੬੪੩ ਤੇ ਮੁਕ ਜਾਂਦੀ ਹੈ। ਭੋਗ ਦੀ ਬਾਣੀ ਦੀ ਤਰਤੀਬ ਇਸ ਗ੍ਰੰਥ ਵਿਚ ਬੂੜੇ ਸੰਧੂ ਦੀ ਬੀੜ ਵਾਲੀ ਹੀ ਹੈ। ਕਹਣ ਦਾ ਭਾਵ ਇਹ ਕਿ ਸਮਾਪਤੀ ਇਸ ਗ੍ਰੰਥ ਦੀ ਸਵੱਯਾਂ ਉਪਰ ਹੁੰਦੀ ਹੈ। ਭੋਗ ਦੀ ਬਾਣੀ ਵਿਚ ਪਹਲਾਂ ਸਲੋਕ ਸਹਸਕ੍ਰਿਤੀ ਹਨ, ਫਿਰ ਗਾਥਾ, ਫੁਨਹੇ, ਤੇ ਚਉਬੋਲੇ। ਚਉਬੋਲਿਆਂ ਦੇ ਮਗਰੋਂ ਸਲੋਕ ਵਾਰਾਂ ਤੇ ਵਧੀਕ ਚਲਦੇ ਹਨ। ਅੰਤਲਾ ਸਲੋਕ "ਤੇਰਾ ਕੀਤਾ ਜਾਤੋ ਨਾਹੀ" ਪੰਚਮ ਮਹਲੁ ਦੇ ਸਲੋਕਾਂ ਦੇ ਨਾਲ ਹੀ ਅੰਤ ਤੇ ਲਿਖਿਆ ਹੋਇਆ ਹੈ (ਪਤ੍ਰਾ ੬੫੭/ੳ), ਮੁੰਦਾਵਣੀ ਇਸ ਦੇ ਮਗਰ ਹੈ। ਇਸ ਦੇ ਮਗਰੋਂ ਸਲੋਕ ਕਬੀਰ ਜੀ ਕੇ ਅਤੇ ਸਲੋਕ ਫ਼ਰੀਦ ਜੀ ਕੇ ਆਉਂਦੇ ਹਨ। ਉਪਰਾਂਤ ਸਵੱਯੇ ਮੁਖਬਾਕਜ ਤੇ ਭੱਟਾਂ ਦੇ ਸਵੱਯੇ ਚਲਦੇ ਹਨ ਜੋ ਪਤ੍ਰਾ ੬੮੦/ੳ ਉਪਰ ਤਿੰਨ ਸਤਰਾਂ ਲੈ ਕੇ ਮੁਕ ਜਾਂਦੇ ਹਨ।

ਮੁੱਢ ਵਿਚ ਗ੍ਰੰਥ ਦੀ ਸਥਿਤੀ ਇਹੀ ਸੀ। ਪਤ੍ਰਾ ੬੮੦ ਉਪਰ ਅੰਤਲੇ ਸਵੱਯੇ ਦੀਆਂ ਲਿਖੀਆਂ ਤਿੰਨ ਸਤਰਾਂ ਛਡ ਕੇ ਬਾਕੀ ਪਤ੍ਰਾ ਖਾਲੀ ਸੀ। ਇਸ ਤੋਂ ਅਗਲਾ ਪਤ੍ਰਾ ੬੮੧ ਵੀ ਕੋਰਾ ਪਇਆ ਸੀ ਤੇ ਪਤ੍ਰਾ ੬੮੨ ਦੇ ਮਗਰ ਚਲਿਤ੍ਰ ਜੋਤੀ ਜੋਤਿ ਸਮਾਵਣ ਕਾ ਸਨ। ਅਗਲਾ ਪਤ੍ਰਾ ੬੮੩ ਫਿਰ ਕੋਰਾ ਸੀ, ਤੇ ਅੰਤ ਵਿਚ ਰਾਗਮਾਲਾ ਆਦਿ ਕੋਈ ਚੀਜ਼ ਨਹੀਂ ਸੀ। ਮਗਰੋਂ ਕਿਸੇ ਨੇ ੫ ਨਵੇਂ ਪਤ੍ਰੇ, ਦੋ ਲਾਲ ਲਕੀਰਾਂ ਵਾਲੇ ਹਾਸ਼ੀਏ ਦੇ ਅਤੇ ਤਿੰਨ ਪਹਲੇ ਗ੍ਰੰਥ ਵਾਲੇ ਹੀ ਤਿੰਨ ਲਕੀਰੀ ਹਾਸ਼ੀਏ ਦੇ, ਵਰਤ ਕੇ ਨੌਵੇਂ ਸਤਿਗੁਰਾਂ ਦੀ ਬਾਣੀ ਇਕ ਥਾਂ ਦਰਜ ਕਰ ਦਿੱਤੀ ਹੈ। ਇਸ ਬਾਣੀ ਦਾ ਕ੍ਰਮ ਛਪੇ ਗ੍ਰੰਥ ਵਾਲਾ ਹੀ ਹੈ। ਹੁਣ ਇਹ ੬੮੦/ੳ ਤੇ ਪਈ ਖਾਲੀ ਥਾਂ ਤੋਂ ਸ਼ੁਰੂ ਹੋ ਕੇ ਪਤ੍ਰਾ ੬੮੭ ਤੇ ਮੁਕਦੀ ਹੈ। ਇਹ ਬਾਣੀ ਕਿਸੇ ਹੋਰ ਦੇ ਹੱਥ ਨਾਲ ਦਰਜ ਹੋਈ ਹੋਈ ਹੈ। ਇਸ ਬਾਣੀ ਨੂੰ ਦਰਜ ਕਰਨ ਵਾਲੇ ਨੇ ਇਕ ਵਿਲੱਖਣ ਗੱਲ ਇਹ ਕੀਤੀ ਹੈ ਕਿ ਸਲੋਕਾਂ ਦੇ ਅੰਤ ਤੇ ਮੁੰਦਾਵਣੀ ਅਤੇ ਪੰਚਮ ਮਹਲੁ ਦਾ ਸਲੋਕ, "ਤੇਰਾ ਕੀਤਾ ਜਾਤੋ ਨਾਹੀ" ਫਿਰ ਲਿਖ ਦਿੱਤਾ ਹੈ ਤੇ ਅੰਤ ਤੇ ਰਾਗਮਾਲਾ ਵੀ ਪਾ ਦਿੱਤੀ ਹੈ। ਚਲਿਤ੍ਰਾਂ ਵਾਲੀ ਮੁੱਢਲੀ ਲਿਖਤ ਜਿਉਂ ਦੀ ਤਿਉਂ ਗ੍ਰੰਥ ਦੇ ਅੰਤ ਤੇ ਟਾਂਕੀ ਹੋਈ ਹੈ। ਇਸ ਦਾ ਪਤ੍ਰਾ ਅੰਕ (੬੮੨) ਪੁਰਾਣਾ ਹੀ ਰਹਣ ਦਿੱਤਾ ਹੈ। ਇੰਞ ਕਰਨ ਨਾਲ ਇਸ ਗ੍ਰੰਥ ਦਾ ਪੁਰਾਣਾ ਅਸਲ ਹੁਲੀਆ ਤਾਂ ਬਦਲ ਗਇਆ ਹੈ, ਪਰ ਇਸ ਤਰ੍ਹਾਂ ਨਹੀਂ ਕਿ ਇਸ ਦੀ ਮੁਢਲੀ ਸੂਰਤ ਪਛਾਣੀ ਨ ਜਾ ਸਕੇ।

ਜੋਤੀ ਜੋਤਿ ਸਮਾਵਣ ਦੇ ਚਲਿਤ੍ਰ : ਇਨ੍ਹਾਂ ਚਲਿਤ੍ਰਾਂ ਵਿਚ ਪਹਲੇ ਪੰਜਾਂ ਗੁਰੂਆਂ ਦੇ ਸਮਾਵਣ ਦੇ ਚਲਿਤ੍ਰ ਚਲੀ ਆ ਰਹੀ ਰੀਤਿ ਅਨੁਸਾਰ ਸੰਖੇਪ ਹੀ ਹਨ, ਪਰੰਤੂ ਛੇਵੇਂ ਸਤਿਗੁਰਾਂ ਦੇ ਸਮਾਵਣ ਦਾ ਚਲਿਤ੍ਰ ਇਹ ਪੁਸ਼ਪਿਕਾ (colophon) ਦੇ ਕੇ ਅੱਗੇ ਦਿੱਤੇ ਵੇਰਵੇ ਅਨੁਸਾਰ ਲਿਖਿਆ ਹੋਇਆ ਹੈ (ਦੇਖੋ ਪਲੇਟ XXXi, ਚਿਤ੍ਰ ੨੭) :

ਮਹਲਾ ੮ — ਅਠਵੇਂ ਜੀ ਕਾ ਨਕਲੁ ਹੈ ਖਾਸ ਕਲਮ ਆਪਣੀ ਹੱਥੀ ਲਿਖਿਆ ਕਰਤੇ[3] ਪੁਰਖੁ [॥]

ਸੰਮਤੁ ੧੬੯੫ ਚੇਤ ਸੁਦੀ ੧੦ — ਸ੍ਰੀ ਗੁਰੂ ਬਾਬਾ ਜੀ ਸਮਾਣੇ ਕੀਰਤਿਪੁਰਿ

ਸੰਮਤੁ ੧੭੦੧ ਚੇਤ ਸੁਦੀ ੫ — ਆਇਤਵਾਰਿ ਨਉ ਘੜੀਆ ਰਾਤਿ ਜਾਂਦੀ ਨੂੰ ਸਿਰੀ ਸਤਿਗੁਰੂ ਕਰਣ ਕਾਰਣ ਸਮਰਥੁ ਕਰਤਾ ਪੁਰਖੁ ਨਿਰੰਕਾਰੁ ਨਿਰਵੈਰੁ ਅਕਾਲ ਮੂਰਤਿ ਕਰਤਾ ਪੁਰਖੁ ਸ੍ਰੀ ਹਰਿਗੋਬਿੰਦ ਜੀ ਸਮਾਣੇ ਕੀਰਤਿਪੁਰ ਕੈ ਹੇਠਿ ਥਾਪਲ ਪਤਾਲਗੜ੍ਹ ਨਾਉ ਥਾ ਕੋਠੇ ਵਿਚ ਪੰਜਿ ਦਿਨ ਸਾਂਗ ਹੋਆ ਰਾਤਿ ਆਵਦੀ ਨਦੀ ਉਤੈ ਦਾਗੁ ਦਿਤਾ ਰਾਜ ਕਹਲੂਰ ਕੇ ਵਿਚਿ ਅਗੈ ਜੁ ਗੁਰੂ ਭਾਵੇਗਾ ਸੁ ਹੋਵੈਗਾ ਤਾ ਕੋਈ ਜੀਵੈਗਾ ਸੋ ਲਖੈਗਾ ਗੁਰੂ ਕੀ ਗਲ ਗੁਰੂ ਜਾਣੈ (ਪਤ੍ਰਾ ੬੮੨ /) ॥

ਛੇਵੇਂ ਗੁਰੂ ਜੀ ਦੇ ਸਮਾਵਣ ਦੀ ਤਿਥਿ ਦੇ ਮਗਰੋਂ ਦੋ ਹੋਰ ਤਿਥਾਂ, ਸਤਵੇਂ ਅਤੇ ਅਠਵੇਂ ਗੁਰੂ ਜੀ ਦੀਆਂ, ਕ੍ਰਮਵਾਰ "ਸੰਮਤੁ ੧੭੧੮ ਕਤਕ ਵਦੀ ੯" ਅਤੇ "ਸੰਮਤ ੧੭੨੧ ਚੇਤ ਸੁਦੀ ੧੪", ਉਪਰੋਕਿਤ ਸਮਾਵਣੇ ਕੇ ਚਲਿਤ੍ਰਾਂ ਵਿਚ ਦਿੱਤੀਆਂ ਹੋਈਆਂ ਹਨ। ਪਿਛਲੀ ਬਾਰੀਕ ਜੇਹੀ ਕਲਮ ਨਾਲ ਲਿਖੀ ਹੋਈ ਹੈ। ਦੋਵੇਂ ਉਸੇ ਲਿਖਾਰੀ ਦੀਆਂ ਲਿਖੀਆਂ ਹੋਈਆਂ ਹਨ ਜਿਸ ਦੀਆਂ ਕਿ ਪਹਲੇ ਗੁਰੂ ਸਾਹਿਬਾਨ ਦੀਆਂ ਤਿਥਾਂ। ਇਸ ਤੋਂ ਪਤਾ ਲਗਦਾ ਹੈ ਕਿ ਲਿਖਾਰੀ ਦੋਹਾਂ ਗੁਰੂਆਂ ਦੇ ਜੋਤੀ ਜੋਤਿ ਸਮਾਵਣ ਸਮੇਂ ਜੀਵਿਤ ਸੀ।

ਸਰਦਾਰ ਜੀ. ਬੀ. ਸਿੰਘ ਦਾ ਵਿਚਾਰ ਹੈ ਕਿ ਉਪਰ ਉੱਧ੍ਰਿਤ ਪੁਸ਼ਪਿਕਾ ਵਿਚ ਦਿੱਤੇ ਸ਼ਬਦ "ਮਹਲਾ ੮ ਅਠਵੇਂ ਜੀ ਕਾ ਨਕਲੁ ਹੈ ਖਾਸ ਕਲਮ ਆਪਣੀ ਹਥੀ ਲਿਖਿਆ ਕਰਤੇ ਪੁਰਖੁ" ਭਾਈ ਗੁਰਦਾਸ ਵਾਲੀ ਆਦਿ ਬੀੜ ਵਿਚ ਸ੍ਰੀ ਗੁਰੂ ਹਰਿ ਰਾਇ ਨੇ ਸ੍ਰੀ ਹਰਿਕ੍ਰਿਸ਼ਨ ਪਾਸੋਂ ਬੋਲ ਕੇ ਜਾਂ ਕਹਿ ਕੇ ਲਿਖਵਾਏ।[4] ਜੀ. ਬੀ. ਸਿੰਘ ਆਪਣਾ ਇਹ ਕਿਆਸ ਇਸ ਗ਼ਲਤ ਧਾਰਣਾ ਅਧੀਨ ਪੇਸ਼ ਕਰਦਾ ਲਗਦਾ ਹੈ ਕਿ ਮੌਜੂਦਾ ਬੀੜ ਭਾਈ ਗੁਰਦਾਸ ਵਾਲੀ ਆਦਿ ਬੀੜ ਤੋਂ ਸਿੱਧੀ ਨਕਲ ਕੀਤੀ ਹੋਈ ਹੈ। ਇਹ ਗੱਲ ਪੁਸ਼ਟੀ ਦੀ ਮੁਥਾਜ ਹੈ।

[3]ਬੀੜ ਵਿਚ ਸ਼ਬਦ "ਕਰੈ" ਹੈ ਜੋ ਸਪਸ਼ਟ ਭਾਂਤ ਭੁਲ ਹੈ।

[4]'ਪ੍ਰਾਚੀਨ ਬੀੜਾਂ', ਪੰਨਾ ੧੮੩-੮੪.

ਜਿਨ੍ਹਾਂ ਬੀੜਾਂ ਦੀ ਸੁਧਾਈ ਸਮੇਂ ਸਮੇਂ ਭਾਈ ਗੁਰਦਾਸ ਵਾਲੀ ਆਦਿ ਬੀੜ ਨਾਲ ਕੀਤੀ ਗ ਹੈ, ਉਨ੍ਹਾਂ ਤੋਂ ਆਦਿ ਬੀੜ ਦੀ ਇਕ ਨਿਸ਼ਾਨੀ ਇਹ ਮਿਲਦੀ ਹੈ ਕਿ ਉਸ ਵਿਚ ਰਾਗੁ ਗਉੜੀ ਦੀਪਕੀ ਮਹਲਾ ੫ ਦਾ ਸ਼ਬਦ "ਕਰਉ ਬੇਨੰਤੀ ਸੁਣਹੁ ਮੇਰੇ ਮੀਤਾ, ਸੰਤ ਟਹਲ ਕੀ ਬੇਲਾ" ਤੁਕ ਨਾਲ ਸ਼ੁਰੂ ਨਹੀਂ ਸੀ ਹੁੰਦਾ, ਸਗੋਂ "ਅਉਧ ਘਟੈ ਦਿਨਸੁ ਰੈਣਾ ਰੇ" ਨਾ ਸ਼ੁਰੂ ਹੁੰਦਾ ਸੀ[5] ਤੇ ਇਸ ਬੀੜ ਵਿਚ ਇਹ "ਕਰਉ ਬੇਨੰਤੀ" ਨਾਲ ਹੀ ਆਰੰਭ ਹੁੰਦਾ ਹੈ। ਦੂਸਰੇ, ਜੇ ਇਹ ਗ੍ਰੰਥ ਸ੍ਰੀ ਆਦਿ ਬੀੜ ਤੋਂ ਸਿੱਧਾ ਹੀ ਨਕਲ ਕੀਤਾ ਹੋਇਆ ਹੁੰਦਾ ਤਾਂ ਇ ਵਿਚ ਕੁਝ ਸ਼ਬਦ ਲਿਖ ਕੇ ਕੱਟੇ ਜਾਣ ਦੀ ਲੋੜ ਨ ਪੈਂਦੀ। ਕੱਟੇ ਸ਼ਬਦਾਂ ਦਾ ਉੱਲ ਅਸੀਂ ਅੱਗੇ ਚੱਲ ਕੇ ਕਰਾਂਗੇ।

ਆਪਣੀ ਇਸ ਗ਼ਲਤ ਧਾਰਣਾ ਉਤੇ ਕਿ ਇਹ ਗ੍ਰੰਥ ਸ੍ਰੀ ਆਦਿ ਬੀੜ ਤੋਂ ਸਿੱਧਾ ਨਕਲ ਕੀਤਾ ਗਇਆ ਹੈ, ਪਹਰਾ ਦੇਂਦਾ ਸਰਦਾਰ ਜੀ. ਬੀ. ਸਿੰਘ ਲਿਖਦਾ ਹੈ :

> ਰਾਗਾਂ ਦੇ ਤਤਕਰੇ ਵਿਚ ਰਾਗਾਂ ਦੇ ਨਾਮਾਂ ਦੇ ਸਾਹਮਣੇ ਪੰਨਿਆਂ ਦੇ ਅੰਕ ਦਿੱਤੇ ਹ ਅਤੇ ਗ੍ਰੰਥ ਸਾਹਿਬ ਨੂੰ ਪਤ੍ਰੇ ੬੬੯ ਪੁਰ ਮੁੱਕਾ ਦਿਖਾਇਆ ਹੈ, ਅਤੇ ਪਤ੍ਰੇ ੬੭੦ ਪੁਰ ਸਾਹਮਣੇ ਸਫੇ ਤੇ 'ਵਾਰ ਬਸੰਤ ਕੀ' ਤੇ ਪਿਛਲੇ ਸਫੇ ਤੇ 'ਚਲਿਤ੍ਰ ਜੋਤੀ ਜੋਤ ਸਮਾ ਕੇ' ਦਿੱਤੇ ਹਨ। ਪਰ ਅੰਦਰ ਬੀੜ ਵਿਚ ਪਤ੍ਰੇ ੬੭੦ ਪੁਰ ਹਾਲੀ 'ਸਵੈਯੇ ਭਟਾਂ ਮਹਲੇ ਦੂਜੇ ਕੇ' ਚਲ ਰਹੇ ਹਨ। ਇਸ ਤਤਕਰੇ ਵਿਚ ਜਿਨੇ ਭੀ ਪਤ੍ਰਿਆਂ ਜਾਂ ਪੰਨਿਆਂ ਦੇ ਅੰਕ ਦਿੱਤੇ ਹਨ, ਉਹ ਛੇਕੜਲੇ ਅੱਧੇ ਵਿਚ ਸਾਰੇ ਹੀ ਗਲਤ ਹ ਅੰਦਰ ਬੀੜ ਨਾਲ ਨਹੀਂ ਮਿਲਦੇ।[6]

ਅੱਗੇ ਚਲਕੇ ਉਹ ਇਸ ਅਣਮੇਲ ਦਾ ਕਾਰਣ ਇਹ ਦਸਦਾ ਹੈ ਕਿ ਨਾਮਾਂ ਦੇ ਸਾਮ੍ਹਣੇ ਦਿੱਤੇ ਪੰਨਿਆਂ ਦੇ ਅੰਕ ਅੰਦਰੋਂ ਵੇਖ ਕੇ ਨਹੀਂ ਦਿੱਤੇ ਗਏ, ਸਗੋਂ ਅਸਲ ਬ ਤੋਂ ਸਿੱਧੇ ਹੀ ਨਕਲ ਕਰ ਲਏ ਗਏ ਹਨ।

ਜੀ. ਬੀ. ਸਿੰਘ ਦੀ ਇਹ ਗੱਲ ਉੱਕਾ ਹੀ ਨਿਰਮੂਲ ਹੈ। ਤਤਕਰੇ ਵਿਚ ਰਾਗਾਂ ਨਾਮਾਂ ਦੇ ਸਾਮ੍ਹਣੇ ਦਿੱਤੇ ਅੰਕ ਬੀੜ ਦੇ ਅੰਦਰਲੇ ਅੰਕਾਂ ਨਾਲ ੬੬੯ ਪੰਨੇ ਤਕ ਰਲਦੇ ਹਨ; ਫਰਕ ਕੇਵਲ ੬੭੦ਵੇਂ ਪੰਨੇ ਦਾ ਹੈ ਜੋ—"ਚਲਿਤ੍ਰ ਜੋਤੀ ਜੋਤਿ ਸਮਾਵਣ ਕਾ" ਵਾਲੀ ਪ੍ਰਤੀਕ ਦੇ ਸਾਮ੍ਹਣੇ ਦਿੱਤਾ ਹੈ। ਚਲਿਤ੍ਰ ਜੋਤੀ ਜੋਤਿ ਸਮਾਵਣ ਕੇ ਪਤ੍ਰਾ ੬੮੨ ਉਪਰ ਹ ਤੇ ਇਹੀ ਅੰਕ ਇਸ ਤਤਕਰੇ ਵਿਚ ਦਰਜ ਹੋਣਾ ਚਾਹੀਦਾ ਸੀ। ਇੰਵ ਪ੍ਰਤੀਤ ਹੁੰਦਾ ਹੈ ਕਿ ਲਿਖਾਰੀ ਨੇ "ਸਵੈਯੇ ਭੱਟਾਂ ਕੇ" ਸਾਮ੍ਹਣੇ ਅੰਕ ੬੬੯ ਲਿਖਣ ਪਿੱਛੋਂ (ਜੋ ਠੀਕ ਹੈ), ਨਾਲ ਅਗਲੀ ਪ੍ਰਤੀਕ ਦੇ ਅੱਗੇ ਅੰਕ ੬੭੦ ਪਾ ਦਿੱਤਾ। ਇਹ ਭੁੱਲ ਨਾਲ ਪ ਹੋਇਆ ਹੈ। ਇਹ ਖ਼ਿਆਲ ਕਰਨਾ ਕਿ ਭੱਟਾਂ ਦੇ ਸਵੈਯੇ ਜਿਨ੍ਹਾਂ ਦੀ ਗਿਣਤੀ ੧੨੨ ਹੈ,

[5]ਦੇਖੋ 'ਆਦਿ ਬੀੜ ਦੇ ਸੰਕੇਤਾਂ ਵਾਲਾ ਗ੍ਰੰਥ', ਪਿੱਛੇ, ਪੰਨਾ ੨੧੪.

[6]'ਪ੍ਰਾਚੀਨ ਬੀੜਾਂ', ਪੰਨਾ ੧੭੯-੮੦.

ਪਤ੍ਰਾ ੬੬੯ ਤੋਂ ਸ਼ੁਰੂ ਹੋ ਕੇ ਇਕ ਹੀ ਪਤ੍ਰੇ ਤੇ ਮੁਕ ਗਏ ਹੋਣਗੇ ਅਤੇ ਉਸ ਤੋਂ ਅਗਲਾ ਪ੍ਰਕਰਣ ਪਤ੍ਰਾ ੬੭੦ ਤੋਂ ਸ਼ੁਰੂ ਹੋ ਗਇਆ ਹੋਵੇਗਾ, ਅਕਲ ਨੂੰ ਛਿੱਕੇ ਤੇ ਟੰਗ ਕੇ ਗੱਲ ਕਰਨ ਬਰਾਬਰ ਹੈ। ਇਸ ਨੂੰ ਕੋਈ ਵੀ ਸੂਝਵਾਨ ਖੋਜਕਾਰ ਪਰਵਾਨ ਨਹੀਂ ਕਰ ਸਕਦਾ।

ਇਸ ਭੁੱਲ ਅਧੀਨ ਉਨ੍ਹਾਂ ਦਾ ਇਹ ਮਤ ਵੀ ਤਿਆਗਣ-ਯੋਗ ਬਣ ਜਾਂਦਾ ਹੈ ਕਿ ਇਸ ਬੀੜ ਤੋਂ ਆਦਿ ਬੀੜ ਦੀ ਆਕ੍ਰਿਤੀ ਕਿ ਉਹ ਤੇਰਾਂ ਇੰਚ ਲੰਮੇ ਤੇ ਸਾਢੇ ਦਸ ਇੰਚ ਚੌੜੇ ੬੬੯ ਪਤ੍ਰਿਆਂ ਵਾਲੀ ਤੇ ਫਲਾਂ ਫਲਾਂ ਬਾਣੀਆਂ ਨਾਲ ਸੰਮਿਲਿਤ ਤੇ ਫਲਾਣੀਆਂ ਤੋਂ ਵਿਹੀਨ ਸੀ, ਦਾ ਪਤਾ ਲਗਾਇਆ ਜਾ ਸਕਦਾ ਹੈ।[7]

ਬਾਣੀ ਦਾ ਬਿਓਰਾ : ਜਪੁ ਦਾ ਆਰੰਭ, ਜਿਵੇਂ ਕਿ ਉਪਰ ਦਸਿਆ ਜਾ ਚੁਕਿਆ ਹੈ, ਮੂਲਮੰਤ੍ਰ ਨਾਲ ਹੁੰਦਾ ਹੈ। ਅਗਲੀਆਂ ਬਾਣੀਆਂ "ਸੋ ਦਰੁ", "ਸੋ ਪੁਰਖੁ", "ਕੀਰਤਨ ਸੋਹਿਲਾ" ਛੋਟੇ ਮੰਗਲ ਨਾਲ ਆਰੰਭ ਹੁੰਦੀਆਂ ਹਨ। ਉਸ ਦੇ ਅੱਗੇ ਹਰੇਕ ਰਾਗੁ ਦੇ ਮੁੱਢ ਵਿਚ ਤਾਂ ਮੂਲਮੰਤ੍ਰ ਲਿਖਿਆ ਹੈ ਪਰ ਬਾਕੀ ਪ੍ਰਕਰਣਾਂ ਦੇ ਆਰੰਭ ਵਿਚ ਛੋਟਾ ਮੰਗਲ ਹੀ ਹੈ। ਹਰੇਕ ਰਾਗੁ ਦੀ ਭਗਤ ਬਾਣੀ ਵੀ ਛੋਟੇ ਮੰਗਲ ਨਾਲ ਸ਼ੁਰੂ ਕੀਤੀ ਹੈ, ਮੂਲਮੰਤ੍ਰ ਨਾਲ ਨਹੀਂ। ਹਰੇਕ ਭਗਤ ਦੀ ਬਾਣੀ ਨੂੰ ਵੱਖਰਾ ਮੰਗਲ ਨਹੀਂ ਦਿੱਤਾ, ਮੁਢਲੇ ਮੰਗਲ ਥੱਲੇ ਹੀ ਗਿਣਿਆ ਹੈ। ਅਪਵਾਦ ਰੂਪ ਵਿਚ ਮੂਲਮੰਤ੍ਰ ਨਾਲ ਆਉਣ ਵਾਲੀ ਅਧੀਨ-ਬਾਣੀ ਕੇਵਲ ਇਕ ਹੀ ਦਿਸ ਆਈ ਹੈ : "ਵਾਰ ਰਾਗੁ ਆਸਾ"। ਬੰਨ੍ਹੀ ਪਰਿਪਾਟੀ ਅਨੁਸਾਰ ਇਸ ਦੇ ਮੁੱਢ ਵਿਚ ਛੋਟਾ ਮੰਗਲ ਆਉਣਾ ਚਾਹੀਦਾ ਸੀ, ਪਰ ਆਇਆ ਪੂਰਾ ਮੂਲਮੰਤ੍ਰ ਹੈ। ਇਹੀ ਢੰਗ ਭੋਗ ਦੀ ਬਾਣੀ ਨਿਰੂਪਣ ਲਗਿਆਂ ਵਰਤਿਆ ਗਇਆ ਹੈ। ਮੂਲਮੰਤ੍ਰ "ਸਲੋਕ ਸਹਸਕ੍ਰਿਤੀ" ਦੇ ਮੁੱਢ ਵਿਚ ਹੀ ਆਇਆ ਹੈ, ਬਾਕੀ ਥਾਵਾਂ ਤੇ ਛੋਟਾ ਮੰਗਲ ਹੀ ਹੈ।

ਹਰੇਕ ਪ੍ਰਕਰਣ ਦਾ ਆਰੰਭ ਰਾਗਾਂ ਦੇ ਨਾਂ, ਗੁਰੂ ਵਿਅਕਤੀ ਦੀ ਪਛਾਣ, ਕਾਵਿ ਦੀ ਕਿਸਮ ਤੇ ਘਰੁ ਦੇ ਨਿਰੂਪਣ ਨਾਲ ਹੋਇਆ ਹੈ, ਯਥਾ—

ਰਾਗੁ ਸਿਰੀ ਰਾਗੁ ਮਹਲਾ ੧ ਚਉਪਦੇ ॥ ਘਰੁ ੧

ਕੁਝ ਥਾਵਾਂ ਤੇ ਪਦ "ਚਉਪਦੇ" ਲਿਖਣੋਂ ਰਹ ਗਇਆ ਸੀ। ਇਹ ਬਾਅਦ ਵਿਚ ਵੱਖਰੀ ਕਲਮ ਤੇ ਵੱਖਰੀ ਸਿਆਹੀ ਨਾਲ ਵਧਾਇਆ ਹੋਇਆ ਹੈ। ਇਸ ਦੇ ਸ਼ਬਦ-ਜੋੜ ਵੀ ਪੁਰਾਤਨ ਨਹੀਂ ਰਹੇ, ਨਵੇਂ ਹੋ ਗਏ ਹਨ : "ਚੌਪਦੇ"।

ਵਾਰਾਂ ਦੀ ਸਥਿਤੀ : ਲਗਪਗ ਸਭ ਵਾਰਾਂ ਦਾ ਪ੍ਰਾਰੰਭ ਹੇਠ ਲਿਖੇ ਢੰਗ ਅਨੁਸਾਰ ਹੁੰਦਾ ਹੈ :

ਸਿਰੀ ਰਾਗੁ ਕੀ ਵਾਰ ਮਹਲਾ ੪
ਸਲੋਕਾ ਨਾਲਿ ॥ ਸਲੋਕ ਮ: ੩ . . .

[7]ਇਸ ਸੰਬੰਧੀ ਜੀ.ਬੀ. ਸਿੰਘ ਦੇ ਗਵੇੜ ਬਾਰੇ ਦੇਖੋ 'ਪ੍ਰਾਚੀਨ ਬੀੜਾਂ', ਪੰਨਾ ੧੮੬.

ਵਾਰਾਂ ਵਿਚ ਸਲੋਕਾਂ ਨਾਲ ਮਹੱਲੇ ਲਿਖੇ ਹਨ ਸਿਵਾਇ ਜੈਤਸਰੀ ਦੀ ਵਾਰ ਦੇ, ਜਿਸ ਦੀਆਂ ਪਉੜੀਆਂ ਤੇ ਸਲੋਕ, ਦੋਵੇਂ ਪੰਚਮ ਸਤਿਗੁਰਾਂ ਦੇ ਆਪਣੇ ਰਚੇ ਹੋਏ ਹਨ। ਕੇਵਲ ਤਿੰਨ ਰਾਗਾਂ ਦੀਆਂ ਵਾਰਾਂ (ਮਾਝ, ਗੂਜਰੀ ਤੇ ਕਾਨੜਾ) ਨਾਲ ਧੁਨੀਆਂ ਲਿਖੀਆਂ ਹੋਈਆਂ ਹਨ, ਬਾਕੀ ਨਾਲ ਨਹੀਂ। ਰਾਗੁ ਕਾਨੜਾ ਨਾਲ ਵੀ ਧੁਨੀ ਪਿੱਛੋਂ ਵਧਾਈ ਹੋਈ ਹੈ। ਵਾਰ ਰਾਗੁ ਗਉੜੀ ਨਾਲ ਧੁਨੀ ਸੀ, ਪਰ ਬਾਅਦ ਵਿਚ ਕਿਸੇ ਨੇ ਮੱਧਮ ਜੇਹੀ ਸਿਆਹੀ ਨਾਲ ਲੀਕ ਫੇਰੀ ਹੋਈ ਹੈ। ਵਾਰ ਰਾਗੁ ਆਸਾ ਨਾਲ ਵੀ ਧੁਨੀ ਨਹੀਂ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਇਸ ਗ੍ਰੰਥ ਦੇ ਮੂਲ ਸ੍ਰੋਤ ਕਿਸੇ ਮੁਢਲੇ ਰੂਪ ਵਾਲੇ ਸਨ। ਇਕ ਗੱਲ ਹੋਰ, ਇਸ ਗ੍ਰੰਥ ਵਿਚ ਵਾਰਾਂ ਦੇ ਪਿੱਛੇ "ਸੁਧੁ" ਜਾਂ "ਸੁਧ ਕੀਚੈ" ਆਦਿ ਹਿਦਾਇਤੀ ਪਦ ਨਹੀਂ ਹਨ।

ਹੋਰ ਵਿਸ਼ੇਸ਼ਤਾਵਾਂ : ਇਸ ਬੀੜ ਦੀਆਂ ਧਿਆਨ ਦੇਣ ਯੋਗ ਹੋਰ ਗੱਲਾਂ ਇਸ ਪ੍ਰਕਾਰ ਹਨ :

੧. ਸੋ ਦਰੁ ਦੇ ਮਗਰ "ਸੋ ਪੁਰਖੁ" ਵਾਲੇ ਸ਼ਬਦਾਂ ਦਾ ਜੁਟ ਪ੍ਰਾਪਤ ਹੈ।

੨. ਰਾਗੁ ਗਉੜੀ ਬੈਰਾਗਣਿ ਕਬੀਰ ਜੀ ਕੀ ਦੇ ਅੰਤ ਤੇ "ਗਗਨ ਮੰਡਲ ਮਹਿ ਏਕੋ ਸੋਈ" ਵਾਲਾ ਅਤਿਰਿਕਤ ਚਉਪਦਾ ਇਸ ਬੀੜ ਵਿਚ ਪ੍ਰਾਪਤ ਨਹੀਂ ਹੈ। ਇਸੇ ਤਰ੍ਹਾਂ ਗਉੜੀ ਪੂਰਬੀ ਕਬੀਰ ਜੀ ਕੀ ਦੇ ਪ੭ਵੇਂ ਚਉਪਦੇ ਦੀ ਕਥਿਤ ਗੁਮ ਪੰਗਤੀ "ਦੁਰਲਭ ਦੇਹ ਕਉ ਕਾਜ" ਵੀ ਇਸ ਬੀੜ ਵਿਚ ਨਹੀਂ ਹੈ। ਕਬੀਰ ਜੀ ਦੇ 'ਵਾਰ', ਸਲੋਕ "ਧਰ ਅੰਬਰ ਵਿਚਿ ਬੇਲੜੀ ਤਿਹ ਲਾਲ ਸੁਗੰਧਾ ਫੂਲ" ਨਾਲ ਸ਼ੁਰੂ ਹੁੰਦੇ ਸਨ। ਪਰੰਤੂ ਪਿੱਛੋਂ ਕਿਸੇ ਨੇ ਇਸ ਸਲੋਕ ਦੇ ਦੁਆਲੇ ਮੋਟੀ ਕਾਲੀ ਲੀਕ ਪਾ ਕੇ ਇਸ ਨੂੰ ਪਾਠ ਤੋਂ ਖਾਰਿਜ ਕੀਤਾ ਹੋਇਆ ਹੈ।

੩. ਰਾਗੁ ਆਸਾ ਵਿਚ "ਸੋ ਦਰੁ" ਦੇ ਮਗਰ "ਸੋ ਪੁਰਖੁ" ਵੀ ਦਰਜ ਕੀਤਾ ਹੋਇਆ ਹੈ। ਇਸ ਰਾਗੁ ਦੇ ਮਹਲਾ ੧ ਘਰੁ ੨ ਦੇ ਵੀਹਵੇਂ ਸ਼ਬਦ ਵਿਚ ਪਾਠ "ਪਹਰੂਅਰਾ" ਆਇਆ ਹੈ। ਰਾਗੁ ਆਸਾ ਵਿਚ ਕਬੀਰ ਦਾ ਸ਼ਬਦ "ਦੇਖਹੁ ਲੋਗਾ ਹਰਿ/ਰਾਮ ਕੀ ਸਗਾਈ" ਨਹੀਂ ਹੈ। ਇਸ ਰਾਗ ਦੇ ਸ਼ਬਦ "ਗੋਬਿੰਦ ਗੋਬਿੰਦ ਸੰਗਿ ਨਾਮ ਦੇਉ ਮਨੁ ਲੀਣਾ" ਵਿਚ ਜੋ ਨਿਪਟ "ਆਸਾ" ਸਿਰਲੇਖ ਹੇਠ ਭਗਤ ਧੰਨਾ ਦੀ ਪੱਟੀ ਵਿਚ ਦਰਜ ਹੈ, ਪਾਠ "ਬੁਨਨਾ ਤਨਨਾ" ਠੀਕ ਹੈ।

੪. ਰਾਗੁ ਗੂਜਰੀ ਵਿਚ ਮਹਲਾ ੫, ਘਰੁ ੪ ਦੀ ਅਸ਼ਟਪਦੀ "ਨਾਥ ਨਰਹਰ ਦੀਨ ਬੰਧਵ" ਦੇ ਅਠਵੇਂ ਬੰਦ ਵਿਚ ਪਾਠ "ਦੇਤ ਦਰਸਨੁ ਸ੍ਰਵਨ ਹਰਿ ਜਸ" ਹੈ (ਪਤ੍ਰਾ ੨੮੩/ੳ)। ਭਗਤ ਬਾਣੀ ਵਿਚ ਤ੍ਰਿਲੋਚਨ ਦਾ ਸ਼ਬਦ "ਨਵ ਨਿਧਿ ਪਰਸੀ ਕਾਹਿ" ਦੂਜੇ ਦੋ ਸ਼ਬਦਾਂ "ਅੰਤਰੁ ਮਲਿ ਨਿਰਮਲੁ ਨਹੀਂ ਕੀਨਾ" ਅਤੇ "ਅੰਤਿ ਕਾਲਿ ਜੋ ਲਛਮੀ ਸਿਮਰੈ", ਨਾਲ ਦੂਸਰੇ ਨੰਬਰ ਉਤੇ ਦਰਜ ਸੀ (ਪਤ੍ਰਾ ੨੯੧/ੳ)। ਮਗਰੋਂ ਕਿਸੇ ਨੇ ਇਸ ਦੀਆਂ ਪਹਲੀਆਂ ਦੋ ਸੱਤਰਾਂ ਸਿਆਹੀ ਫੇਰ ਕੇ ਮਿਟਾਈਆਂ ਹੋਈਆਂ ਹਨ ਅਤੇ ਬਾਕੀ ਦੇ ਸ਼ਬਦ

ਦੇ ਦੁਆਲੇ ਫਿੱਕੀ ਜਿਹੀ ਕਲਮ ਨਾਲ ਲੀਕਾਂ ਲਾ ਕੇ ਇਸ ਨੂੰ ਬਾਕੀ ਦੋਹਾਂ ਸ਼ਬਦਾਂ ਨਾਲੋਂ ਨਿਖੇੜਿਆ ਹੋਇਆ ਹੈ। ਅਜੇਹਾ ਕਰਨ ਵਾਲੇ ਦਾ ਭਾਵ ਸ਼ਾਇਦ ਇਹ ਦਰਸਾਣਾ ਹੋਵੇ ਕਿ ਇਹ ਸ਼ਬਦ ਵਾਧੂ ਚੜ੍ਹਿਆ ਹੋਇਆ ਹੈ, ਇਹ ਨਹੀਂ ਪੜ੍ਹਨਾ। ਇਹ ਕਟਾ ਵੱਢੀ ਬਹੁਤ ਪਿੱਛੋਂ ਹੋਈ ਲਗਦੀ ਹੈ।

੫. ਰਾਗੁ ਦੇਵਗੰਧਾਰੀ ਵਿਚ ਸਿਰਲੇਖਾਂ ਨਾਲ ਹਰ ਥਾਂ ਮਹੱਲੇ ਹਨ। ਸ਼ਬਦਾਂ ਦਾ ਕ੍ਰਮ ਵੀ ਛਪੇ ਗ੍ਰੰਥ ਨਾਲ ਰਲਦਾ ਹੈ।

੬. ਰਾਗੁ ਵਡਹੰਸ ਮਹਲਾ ੧ ਘਰੁ ੧ ਦੇ ਤੀਜੇ ਚਉਪਦੇ (ਮੋਰੀ ਰੁਣ ਝੁਣ ਲਾਇਆ) ਦੀ ਅੰਤਲੀ ਗੁੰਮ ਤੁਕ (ਆਪਣੇ ਪਿਰ ਭਾਈ ਮਹਲਿ ਬੁਲਾਈ, ਨਾਨਕ ਸੰਗਿ ਸਮਾਣਾ) ਇਸ ਬੀੜ ਵਿਚ ਨਹੀਂ ਹੈ।

੭. ਰਾਗੁ ਸੋਰਠਿ ਮਹਲਾ ੫ ਦਾ ਚਉਪਦਾ "ਸੰਤ ਜਨਾ ਸਿਉ ਦੂਖਨ ਕਰਤਾ" ਇਸ ਬੀੜ ਵਿਚ ਨਹੀਂ ਹੈ। ਵਾਰ ਰਾਗੁ ਸੋਰਠਿ, ਪਉੜੀ ੨੯ਵੀਂ ਦੇ ਦੂਜੇ ਸਲੋਕ ਮਹਲਾ ੩ ਦੀ ਰਹੀ ਹੋਈ ਤੁਕ "ਆਪੇ ਦੇ ਵਡਿਆਈਆਂ ਆਪੇ ਨਦਰਿ ਕਰੇਇ" ਇਸ ਬੀੜ ਵਿਚ ਹਾਸ਼ੀਏ ਵਿਚ ਮਗਰੋਂ ਲਿਖੀ ਹੋਈ ਹੈ (ਪਤ੍ਰਾ ੩੪੭/ਅ)। ਕਬੀਰ ਦੇ ਤੀਜੇ ਚਉਪਦੇ (ਬੇਦ ਪੁਰਾਨ ਸਭੈ ਮਤ ਸੁਨਿ ਕੈ) ਦੇ ਅੰਤ ਤੇ ਪਾਠ ਖਲਾਸੇ (੩੪੮/ਅ) ਆਇਆ ਹੈ। ਕਬੀਰ ਦਾ ਇਕ ਹੋਰ ਸ਼ਬਦ "ਅਉਧੂ ਸੋ ਜੋਗੀ ਗੁਰ ਮੇਰਾ" ਇਸ ਬੀੜ ਵਿਚ ਨਹੀਂ ਹੈ। ਰਵਿਦਾਸ ਜੀ ਦਾ ਸ਼ਬਦ "ਸੁਖ ਸਾਗਰ ਸੁਰਤਰ ਚਿੰਤਾਮਨਿ" ਇੱਥੇ ਪ੍ਰਾਪਤ ਹੈ (ਪਤ੍ਰਾ ੩੫੦/ੳ)।

੮. ਰਾਗੁ ਧਨਾਸਰੀ ਦਾ ਚਉਪਦਾ "ਨਦਰਿ ਕਰੇ ਤਾ ਸਿਮਰਿਆ ਜਾਇ" ਪਹਲਾਂ ਮਹਲਾ ੩ ਦਾ ਕਰਕੇ ਲਿਖਿਆ ਗਇਆ ਸੀ, ਮਗਰੋਂ ਕਟ ਕੇ ਮਹਲਾ ੧ ਦਾ ਕੀਤਾ ਹੋਇਆ ਹੈ। ਧਨਾਸਰੀ ਕਬੀਰ ਦੇ ਸ਼ਬਦ "ਸਨਕ ਸਨੰਦ ਮਹੇਸ਼ ਸ਼ਮਾਨਾ" ਵਿਚ ਰਹਾਉ ਦੀ ਤੁਕ "ਸੰਤ ਸੰਗਤਿ ਰਾਮ ਰਿਦੈ ਬਸਾਈ" ਤੋਂ ਪਹਲਾਂ "ਨਿਰਗੁਨ ਰਾਮ ਜਪਉ ਮੇਰੀ ਮਾਈ" ਨਹੀਂ ਹੈ।

੯. ਰਾਗੁ ਰਾਮਕਲੀ ਮਹਲਾ ੫ ਦੇ ਛੰਤ "ਰੁਣ ਝੁੰਝਨੜਾ ਗਾਉ ਸਖੀ" ਦੀਆਂ ਕੇਵਲ ਦੋ ਪੰਗਤੀਆਂ ਇਸ ਬੀੜ ਵਿਚ ਲਿਖੀਆਂ ਹੋਈਆਂ ਹਨ; ਸ਼ਬਦ ਦੇ ਬਾਕੀ ਹਿੱਸੇ ਲਈ ਥਾਂ ਖਾਲੀ ਛੱਡੀ ਹੋਈ ਹੈ (ਪਤ੍ਰਾ ੪੬੫/ਅ)। ਰਾਮਕਲੀ ਕਬੀਰ ਦੇ ਪੰਜਵੇਂ ਸ਼ਬਦ, "ਜਿਹ ਮੁਖ ਬੇਦ ਗਾਇਤ੍ਰੀ ਨਿਕਸੈ" ਦਾ ਚੌਥਾ ਬੰਦ, "ਅਖਰ ਸਾਚੇ ਬੇਦ ਭੀ ਸਾਚਾ" ਪਾਠ ਵਾਲਾ, ਇਸ ਬੀੜ ਵਿਚ ਨਹੀਂ ਹੈ।

੧੦. ਵਾਰ ਰਾਗੁ ਮਾਰੂ ਮਹਲਾ ੩ ਦਾ ਪਹਲਾ ਸਲੋਕ ਮਹਲਾ ੧ ਦਾ ਕਰਕੇ ਲਿਖਿਆ ਹੈ, ਮਹਲਾ ੩ ਦਾ ਨਹੀਂ। ਇਸ ਰਾਗੁ ਵਿਚ ਕਬੀਰ ਜੀ ਦੇ ਗਿਆਰਾਂ ਸ਼ਬਦ ਇਕੱਠੇ ਲਿਖੇ ਹੋਏ ਹਨ; ਕਹਣ ਦਾ ਭਾਵ ਇਹ ਕਿ ਬਾ-ਮਿਸਲ ਹਨ। ਇਸ ਗ੍ਰੰਥ ਵਿਚ ਰਵਿਦਾਸ

ਜੀ ਦਾ ਰਾਗੁ ਸੋਰਠਿ ਵਾਲਾ ਸ਼ਬਦ "ਸੁਖ ਸਾਗਰ ਸੁਰਤਰ ਚਿੰਤਾਮਨਿ" ਮਾਰੂ ਰਾਗੁ ਵਿ ਦੁਹਰਾਇਆ ਹੋਇਆ ਨਹੀਂ। ਮੀਰਾ ਬਾਈ ਦਾ ਸ਼ਬਦ "ਮਨ ਹਮਾਰਾ ਬਾਧਿਓ" ਵੀ ਇਸ ਬੀੜ ਵਿਚ ਨਹੀਂ।

੧੧. ਰਾਗੁ ਭੈਰਉ ਮਹਲਾ ੩ ਘਰੁ ੨ ਨਾਲ ਮੰਗਲ ਨਹੀਂ ਹਨ। ਚਉਪ "ਵਰਤ ਨ ਰਹਉ ਨ ਮਹ ਰਮਦਾਨਾ" ਮਹਲਾ ੫ ਦੀ ਪੱਟੀ ਵਿਚ ਹੀ ਦਰਜ ਹੈ।

੧੨. ਰਾਗੁ ਬਸੰਤ ਹਿੰਡੋਲ ਮਹਲਾ ੧ ਘਰੁ ੨ ਨਾਲ ਮੰਗਲ ਨਹੀਂ। ਇਸ ਰਾ ਦਾ ਚਉਪਦਾ "ਬਸਤ੍ਰ ਉਤਾਰਿ ਦਿਗੰਬਰ ਹੋਗ" ਇਸ ਬੀੜ ਵਿਚ ਮਹਲਾ ੩ ਦਾ ਕਰਕੇ ਲਿਖਿਆ ਹੈ (ਪਤ੍ਰਾ ੫੬੯/ਅ)। ਇਕਤੁਕਾ "ਸਾਹਿਬ ਭਾਵੈ ਸੇਵਕ ਸੇਵਾ ਕਰੈ" ਮਹਲਾ ਦੀ ਪੱਟੀ ਵਿਚ ਅੰਤ ਤੇ ਦਿੱਤਾ ਹੋਇਆ ਸੀ; ਮਗਰੋਂ ੧ ਕਟ ਕੇ ੩ ਕੀਤਾ ਹੋਇਆ ਹੈ ਇਸ ਰਾਗੁ ਦੇ ਮਹਲਾ ੧ ਘਰੁ ੨ ਦੇ ਸ਼ਬਦ "ਰਾਜਾ ਬਾਲਕ ਨਗਰੀ ਕਾਚੀ" ਦਾ ਚੌਥਾ ਬੰਦ "ਕਹਿਆ ਸੁਣਹਿ ਨ ਖਾਇਆ ਮਾਨਹਿ . . . ਖਿਨੁ ਤੋਲਾ ਖਿਨੁ ਮਾਸਾ" ਇਸ ਬੀੜ ਵਿ ਨਹੀਂ ਹੈ। ਵਾਰ ਰਾਗੁ ਬਸੰਤ ਥਾਂ ਸਿਰ ਚੜ੍ਹੀ ਹੋਈ ਹੈ (ਪਤ੍ਰਾ ੫੭੩/ਅ)।

੧੩. ਰਾਗੁ ਸਾਰੰਗ ਵਿਚ ਸੂਰਦਾਸ ਦਾ ਇਕ ਹੀ ਸ਼ਬਦ ਚੜ੍ਹਿਆ ਹੋਇਆ ਹੈ "ਹਰਿ ਕੇ ਸੰਗ ਬਸਹਿ ਹਰਿ ਲੋਕ" (ਪਤ੍ਰਾ ੫੯੮/ਅ), ਦੂਸਰਾ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ" ਨਹੀਂ ਹੈ।

੧੪. ਰਾਗੁ ਮਲਾਰ ਮਹਲਾ ੫ ਘਰੁ ੨ ਵਿਚ ਚਾਰ ਹੀ ਸ਼ਬਦ ਹਨ, ਪੰਜਵ "ਪ੍ਰਾਨ ਮਾਨ ਏਕ ਨਾਮੁ" ਨਹੀਂ ਹੈ।

੧੫. ਰਾਗੁ ਕਾਨੜਾ ਮਹਲਾ ੫ ਦੇ ਘਰਾਂ ਨਾਲ ਹਰ ਥਾਂ ਮੰਗਲ ਨਹੀਂ ਸਨ ਕੁਝ ਥਾਵਾਂ ਤੇ ਇਹ ਹਾਸ਼ੀਏ ਵਿਚ ਪਾ ਕੇ ਵਧਾ ਦਿੱਤੇ ਗਏ ਹਨ; ਕੁਝ ਥਾਵਾਂ ਤੇ ਵਧਾਉਣੋ ਰਹ ਵੀ ਗਏ ਹਨ।

੧੬. ਰਾਗੁ ਕਲਿਆਨ ਮਹਲਾ ੪ ਭੋਪਾਲੀ ਅਤੇ ਮਹਲਾ ੫ ਘਰੁ ੨ ਨਾਲ ਮੰਗਲ ਨਹੀਂ ਹਨ।

੧੭. ਭੱਟਾਂ ਦੇ ਸਵੱਯੇ ਮਹੱਲੇ ਦੂਜੇ ਕੇ ਦੇ ਅੰਤਲੇ ਸਵੱਯੇ ਵਿਚ ਪਾਠ "ਸੁ ਕਹੁ ਟਲੁ ਗੁਰ ਸੇਵੀਐ" ਹੀ ਹੈ, ਕਲ ਨਹੀਂ (ਪਤ੍ਰਾ ੬੭੧/ੳ)।

੧੬. ਸਿਖ ਰੈਫ਼ਰੈਂਸ ਲਾਇਬ੍ਰੇਰੀ ਬੀੜ ਨੰ. ੪/੩
(ਸੰਮਤ ੧੭੨੨)

ਇਸ ਅਮੋਲਕ ਸੰਚੇ ਦਾ ਉੱਲੇਖ ਗੁਰਦਵਾਰਾ ਇਨਸਪੈਕਟਰ ਭਾਈ ਰਣਧੀਰ ਸਿੰਘ ਨੇ ਹੱਥ-ਲਿਖਤ ਬੀੜਾਂ ਸੰਬੰਧੀ ਆਪਣੀ ਅਣਛਪੀ ਪੁਸਤਕ "ਗੁਰ-ਸ਼ਬਦ ਵਿਗਾਸ" ਵਿਚ ਕੀਤਾ ਹੈ ਤੇ ਭਾਈ ਜੋਗਿੰਦਰ ਸਿੰਘ ਤਲਵਾੜਾ ਨੇ ਵੀ ਇਸ ਨੂੰ ਗੁਰਬਾਣੀ ਦੇ ਸ਼ੁੱਧ ਸਰੂਪਾਂ ਸੰਬੰਧੀ ਆਪਣੀ ਖੋਜ ਵਿਚ ਵਰਤਿਆ ਹੈ। ਇਹ ਬੀੜ ਵੀ ਹੁਣ ਦੂਜੀਆਂ ਅਨੇਕ ਬੀੜਾਂ ਨਾਲ ਸ੍ਰੀ ਹਰਿਮੰਦਿਰ ਸਾਹਿਬ ਉਪਰ ਜੂਨ ੧੯੮੪ ਵਿਚ ਹੋਈ ਫੌਜੀ ਯਲਗ਼ਾਰ ਸਮੇਂ ਨਸ਼ਟ ਹੋ ਚੁੱਕੀ ਹੈ। ਇਸ ਦਾ ਪਿਛਲਾ ਇਤਿਹਾਸ ਮਾਲੂਮ ਨਹੀਂ, ਪਰੰਤੂ ਇਸ ਦੇ ਪਾਠਾਂ ਦੇ ਬਹੁਤ ਹੱਦ ਤਕ ਸ਼ੁੱਧ ਹੋਣ ਦੀ ਗਵਾਹੀ ਦੋਵੇਂ ਵਿਦਵਾਨ ਭਰਦੇ ਹਨ। ਸਿਖ ਰੈਫ਼ਰੈਂਸ ਲਾਇਬ੍ਰੇਰੀ ਵਿਚ ਇਸ ਦਾ ਐਕਸੈਸ਼ਨ ਨੰਬਰ ਭਾਈ ਰਣਧੀਰ ਸਿੰਘ ਅਨੁਸਾਰ ੪/੩ ਸੀ। ਸਾਡੀ ਅੱਗੇ ਦਿੱਤੀ ਸਾਰੀ ਜਾਣਕਾਰੀ ਇਨ੍ਹਾਂ ਦੋਹਾਂ ਖੋਜੀ ਸੱਜਨਾਂ ਦੀਆਂ ਲਿਖਤਾਂ ਤੋਂ ਆਈ ਹੈ।

ਨਕਲ-ਕਾਲ ਤੇ ਆਕ੍ਰਿਤੀ : ਇਹ ਗ੍ਰੰਥ ਸੰਮਤੁ ੧੭੨੨, ਮੱਘਰ ਵਦੀ ੧੭ ਨੂੰ ਸੰਪੂਰਨ ਹੋਇਆ। ਨੌਵੇਂ ਗੁਰੂ-ਸਾਹਿਬ ਦੀ ਬਾਣੀ ਇਸ ਵਿਚ ਥਾਉਂ ਥਾਈਂ ਚੜ੍ਹੀ ਹੋਈ ਸੀ। ਇਹ ਪਹਲੀ ਲਿਖਤ ਉੱਤੇ ਹੜਤਾਲ ਫੇਰਕੇ ਜਾਂ ਨਵੇਂ ਪਤ੍ਰੇ ਪਾ ਕੇ ਕਿਸੇ ਹੋਰ ਲਿਖਾਰੀ ਨੇ ਮਗਰੋਂ ਚੜ੍ਹਾਈ ਸੀ। ਰਾਗੁ ਤਿਲੰਗ ਵਿਚ ਨੌਵੇਂ ਮਹਲ ਦੀ ਬਾਣੀ ਲਿਖਾਰੀ ਨੇ ਅਸ਼ਟਪਦੀਆਂ ਤੋਂ ਪਹਲਾਂ ਅਰਥਾਤ ਠੀਕ ਥਾਂ ਤੇ ਚੜ੍ਹਾਈ ਹੋਈ ਸੀ। ਮੁੱਢ ਵਿਚ ਇਸ ਗ੍ਰੰਥ ਦੀ ਸਮਾਪਤੀ ਸਵੱਯਾਂ ਉਪਰ ਹੁੰਦੀ ਸੀ ਅਤੇ ਸਲੋਕ ਵਾਰਾਂ ਤੇ ਵਧੀਕ ਚਉਬੋਲਿਆਂ ਦੇ ਮਗਰ ਲਿਖੇ ਹੋਏ ਸਨ। ਪਰ ਨੌਵੇਂ ਸਤਿਗੁਰਾਂ ਦੀ ਬਾਣੀ ਚੜ੍ਹਾਣ ਵਾਲੇ ਨੇ ਸਲੋਕ ਵਾਰਾਂ ਤੇ ਵਧੀਕ ਨੂੰ ਉੱਥੋਂ ਚੁੱਕ ਕੇ ਮਗਰ ਲੈ ਆਂਦਾ ਜਿਸ ਨਾਲ ਇਸ ਦੀ ਆਕ੍ਰਿਤੀ ਬਦਲ ਗਈ। ਕੁੱਲ ਪਤ੍ਰੇ ਇਸ ਗ੍ਰੰਥ ਦੇ ੭੮੧ ਸਨ। ਸਾਰੇ ਰਾਗ ਪੂਰਾ ਮੂਲਮੰਤ੍ਰ ਲਿਖ ਕੇ ਸ਼ੁਰੂ ਕੀਤੇ ਹੋਏ ਸਨ। ਹੋਰਨਾਂ ਥਾਵਾਂ ਤੇ ਲਿਖੇ ਮੰਗਲ ਬਾਣੀ ਦੇ ਸਿਰਨਾਵਿਆਂ ਤੋਂ ਪਹਲਾਂ ਸਨ। ਬੇ-ਮਿਸਲ ਸ਼ਬਦ ਇਸ ਵਿਚ ਵੀ ਕਿਤੇ ਕਿਤੇ ਪ੍ਰਾਪਤ ਸਨ, ਭਾਵੇਂ ਮਾਰੂ, ਭੈਰਉ ਤੇ ਬਸੰਤ ਵਿਚ ਭਗਤਾਂ ਦੇ ਸ਼ਬਦ ਟਿਕਾਣੇ ਸਿਰ ਦਰਜ ਸਨ।

ਇਸ ਗ੍ਰੰਥ ਦੀਆਂ ਹੋਰ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਸਨ :

੧. ਜਪੁ ਦੇ ਮੁਢਲੇ ਸਲੋਕ ਨਾਲ ਅੰਕ ੧ ਦਿੱਤਾ ਹੋਇਆ ਸੀ।

੨. ਰਹਰਾਸ ਵਿਚ 'ਸੋ ਪੁਰਖੁ' ਵਾਲਾ ਚਾਰ ਸ਼ਬਦਾਂ ਦਾ ਜੁਟ ਇਸ ਵਿਚ ਸੰਮਿਲਿਤ ਸੀ।

੩. ਸਿਰੀ ਰਾਗੁ ਮਹਲਾ ੧ ਦੇ ੧੯ਵੇਂ ਸ਼ਬਦ ਵਿਚ ਪਾਠ "ਜਮੁ ਮਾਰਿ ਕਰੇ ਖਲਹਾਨੁ", ਠੀਕ ਸੀ।

੪. ਹਿਦਾਇਤ 'ਸੁਧੁ' ਇਸ ਗ੍ਰੰਥ ਵਿਚ ਵਾਰਾਂ ਦੇ ਮਗਰ ਨਹੀਂ ਸੀ ਅਤੇ ਨ ਹੀ 'ਸੁਧੁ ਕੀਚੈ', ਆਦਿ ਹਿਦਾਇਤਾਂ ਹੋਰ ਕਿਤੇ ਸਨ।

੫ ਰਾਗੁ ਸੋਰਠਿ ਕਬੀਰ ਜੀ ਦੇ ਤੀਜੇ ਸ਼ਬਦ ਵਿਚ ਪਾਠ 'ਖਲਾਸੇ' ਸੀ।

੬. ਰਾਗੁ ਰਾਮਕਲੀ ਵਿਚ ਮਹਲਾ ੫ ਦਾ ਛੰਤ "ਰੁਣ ਝੁੰਝਨੜਾ ਗਾਉ ਸਖੀ" ਇਸ ਵਿਚ ਪ੍ਰਾਪਤ ਸੀ।

੭. ਰਵਿਦਾਸ ਜੀ ਦਾ ਰਾਗੁ ਸੋਰਠਿ ਵਾਲਾ ਸ਼ਬਦ, "ਸੁਖ ਸਾਗਰ ਸੁਰਤਰ ਚਿੰਤਾਮਨਿ", ਇਥੇ ਰਾਗੁ ਮਾਰੂ ਵਿਚ ਦੁਹਰਾਇਆ ਹੋਇਆ ਨਹੀਂ ਸੀ। ਮੀਰਾ ਦਾ ਪਦਾ ਵੀ ਇਸ ਵਿਚ ਨਹੀਂ ਸੀ।

੮. ਰਾਗੁ ਸਾਰੰਗ ਵਿਚ ਕਬੀਰ ਜੀ ਦਾ ਇਕ ਸ਼ਬਦ "ਹਰਿ ਬਿਨੁ ਕਉਨ ਸਹਾਈ ਮਨ ਕਾ" ਰਾਗੁ ਦੇ ਅੰਤ ਪੁਰ ਦਿੱਤਾ ਹੋਇਆ ਸੀ, ਪਰ ਨੌਵੇਂ ਮਹਲ ਦੀ ਬਾਣੀ ਚੜ੍ਹਾਣ ਵਾਲੇ ਨੇ ਇੱਥੋਂ ਚੁਕ ਕੇ ਇਸ ਨੂੰ ਅੰਦਰ ਠੀਕ ਥਾਂ ਤੇ ਟਿਕਾ ਦਿੱਤਾ ਸੀ।

੯. ਬਸੰਤ ਦੀ ਵਾਰ ਦੀਆਂ ਤਿੰਨ ਪਉੜੀਆਂ ਵੀ ਨੌਵੇਂ ਸਤਿਗੁਰਾਂ ਦੀ ਬਾਣੀ ਚੜ੍ਹਾਣ ਵਾਲੇ ਨੇ ਗ੍ਰੰਥ ਦੇ ਮਗਰੋਂ ਚੁਕ ਕੇ ਠੀਕ ਟਿਕਾਣੇ ਸਿਰ ਪਹੁੰਚਾਈਆਂ ਹੋਈਆਂ ਸਨ।

੧੦. ਭੱਟ ਰਚਿਤ ਸਵੱਯੇ ਮਹੱਲੇ ਦੂਜੇ ਕੇ ਦੇ ਦਸਵੇਂ ਸਵੱਯੇ ਵਿਚ ਪਾਠ "ਟਲ" ਹੀ ਸੀ, ਦਰੁਸਤੀ ਨਹੀਂ ਹੋਈ ਹੋਈ ਸੀ, ਪਰੰਤੂ ਸਵੱਯੇ ਮਹੱਲੇ ਚਉਥੇ ਕੇ ਦੇ ੩੫ਵੇਂ ਸਵੱਯੇ ਵਿਚ ਪਾਠ "ਕੋਟਿ ਮੋਨ ਸੰਗ ਸੋਭ" ਸਹੀ ਸੀ।

੧੧. ਰਾਗੁਮਾਲਾ ਤੇ ਫਾਲਤੂ ਬਾਣੀ ਦੇ ਨਾਂ ਤੇ ਚਲਦੇ ਮਹਲਾ ੧ ਦੇ ਸਲੋਕ, **ਰਤਨਮਾਲਾ**, ਸਿਆਹੀ ਕੀ ਬਿਧਿ ਆਦਿ ਇਸ ਗ੍ਰੰਥ ਵਿਚ ਨਹੀਂ ਸਨ।

੧੭. ਬੀੜ ਪੰਜਾਬ ਪੁਰਾਤਤ੍ਵ ਵਿਭਾਗ
(ਸੰਮਤ ੧੭੨੩)

ਨਕਲ-ਕਾਲ ਤੇ ਨੀਸਾਣ : ਇਹ ਬੀੜ ਪੰਜਾਬ ਪੁਰਾਤਤ੍ਵ ਵਿਭਾਗ (ਸਟੇਟ ਆਰਕਾਈਵਜ਼) ਪਟਿਆਲਾ ਵਿਚ ਹੱਥ-ਲਿਖਤ ਨੰਬਰ ੩੪੧ ਉਪਰ ਸੁਰਖਿਅਤ ਹੈ। ਇਹ ਸੰਮਤ ੧੭੨੩ ਹਾੜ ਦਿਨ ੨੦ ਦੀ ਲਿਖੀ ਹੋਈ ਹੈ। ਇਹ ਮਿਤੀ ਪੋਥੀ ਦੇ ਸੂਚੀ-ਪਤ੍ਰ ਵਾਲੇ ਕਾਲਮ ਵਿਚ "ਪੋਥੀ ਲਿਖਿ ਪਹੁੰਚੈ" ਦੇ ਜਾਣੇ ਪਛਾਣੇ ਵਾਕਾਂਸ਼ ਦੁਆਰਾ ਸੂਚਿਤ ਹੈ। ਤਤਕਰਾ ਰਾਗਾਂ ਕਾ "ਚਲਿਤ੍ਰ ਜੋਤੀ ਜੋਤਿ ਸਮਾਵਣ ਕਾ" ਦੇ ਪਤ੍ਰਾ ਪ੩੩ ਉੱਤੇ ਹੋਣ ਦਾ ਪਤਾ ਦੇਂਦਾ ਹੈ, ਪਰ ਚਲਿਤ੍ਰ ਅੰਦਰ ਨਹੀਂ ਹਨ। ਇਸੇ ਤਤਕਰੇ ਵਿਚ ਉਪਰੋਕਤ ਮਿਤੀ ਤੋਂ ਬਾਅਦ "ਨੀਸਾਣੁ ਗੁਰੂ ਜੀ ਕੇ ਦਸਤਖਤ ਮ: ੬" ਲਿਖਿਆ ਹੋਇਆ ਹੈ, ਪਰ ਅੰਦਰ ਨੀਸਾਣ ਨੌਵੀਂ ਪਾਤਸਾਹੀ ਦਾ ਹੈ (ਪਲੇਟ XXXII, ਚਿਤ੍ਰ ੨੮)। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਤਤਕਰੇ ਇਸ ਗ੍ਰੰਥ ਦੇ ਲਿਖਾਰੀ ਨੇ ਬਾਹਰੋਂ ਚੁਕ ਲਏ ਹਨ। ਉਂਞ ਹਨ ਵੀ ਇਹ ਕਿਸੇ ਹੋਰ ਹੱਥ ਦੇ ਲਿਖੇ ਹੋਏ।

ਤਤਕਰੇ : ਗ੍ਰੰਥ ਦੇ ਮੁਢਲੇ ਪਤ੍ਰੇ ਉਤੇ ਤਤਕਰਾ ਆਰੰਭ ਕਰਨ ਤੋਂ ਪਹਲਾਂ ਪਹਲੇ ਤਿੰਨ ਗੁਰੂਆਂ ਦੀਆਂ "ਵਾਰਾਂ ਕਾ ਜੁਮਲਾ" ਗੁਰੂ ਅਨੁਸਾਰ ਦਿੱਤਾ ਹੈ (ਪਹਲੇ ਗੁਰੂ ਜੀ ੩, ਤੀਜੇ ੪, ਚੌਥੇ ੩; ਕੁੱਲ ੧੦)। ਇਸ ਤੋਂ ਅੱਗੇ "ਸੂਚੀ ਪਤ੍ਰ ਪੋਥੀ ਕਾ ਤਤਕਰਾ ਰਾਗਾਂ ਕਾ" ਦੋ ਕਾਲਮਾਂ ਵਿਚ ਦਿੱਤਾ ਹੋਇਆ ਹੈ। ਇਸ ਪਿੱਛੋਂ "ਤਤਕਰਾ ਤਤਕਰੇ ਕਾ" ਅਤੇ "ਤਤਕਰਾ ਸ਼ਬਦਾਂ ਕਾ" ਦੋਵੇਂ ਦਿੱਤੇ ਹੋਏ ਹਨ। "ਤਤਕਰਾ ਸ਼ਬਦਾਂ ਕਾ" ਵਿਚ ਭਗਤ ਬਾਣੀ ਨੂੰ ਇਕ ਹੀ ਪ੍ਰਤੀਕ ਨਾਲ ਭੁਗਤਾਇਆ ਗਇਆ ਹੈ। ਇਹ ਤਤਕਰਾ ਰਾਗਾਂ ਉੱਤੇ ਸਮਾਪਤ ਹੁੰਦਾ ਹੈ, ਭੋਗ ਦੀ ਬਾਣੀ ਨੂੰ ਇਸ ਵਿਚ ਦਰਜ ਨਹੀਂ ਕੀਤਾ ਗਇਆ। ਇਸ ਦੇ ਕਾਲਮਾਂ ਉਪਰ ਚਲਦੇ ਰਾਗ ਦਾ ਨਾਂ ਚਲਦੇ ਸਿਰਲੇਖ ਵਜੋਂ ਨਹੀਂ ਦਿੱਤਾ।

ਪਤ੍ਰਾ-ਅੰਕਣ ਵਿਧੀ : ਅੰਕ ਇਸ ਗ੍ਰੰਥ ਦੇ ਪਤ੍ਰੇ ਦੇ ਮਗਰਲੇ ਪਾਸੇ (ਖੁਲ੍ਹੇ ਗ੍ਰੰਥ ਦੇ ਖੱਬੇ ਹੱਥ ਵਾਲੇ ਪੰਨੇ ਤੇ) ਹਾਸ਼ੀਏ ਵਿਚ ਉੱਚੇ ਕਰਕੇ ਲੱਗੇ ਹੋਏ ਹਨ। ਤਤਕਰਾ ਬਣਾਣ ਵਾਲੇ ਨੇ ਖੱਬੇ ਤੇ ਸੱਜੇ ਪਾਸੇ ਦੇ ਪੰਨਿਆਂ ਨੂੰ ਲੈ ਕੇ ਇਕ ਪਤ੍ਰਾ ਹੋਇਆ ਮੰਨਿਆ ਹੈ ਜੋ "ਪਤ੍ਰੇ" ਦੀ ਠੀਕ ਧਾਰਣਾ ਦੇ ਵਿਰੁਧ ਹੈ।

ਚਿਹਨ ਚਕ੍ਰ : ਗ੍ਰੰਥ ਦੇ ਕੁੱਲ ਪਤ੍ਰੇ ਪ੭੯ ਹਨ ਤੇ ਸਮਾਪਤੀ ਗ੍ਰੰਥ ਦੀ ਸਲੋਕ ਵਾਰਾਂ ਤੇ ਵਧੀਕ ਤੇ ਹੁੰਦੀ ਹੈ। ਮੁੰਦਾਵਣੀ ਤੇ ਸਾਥੀ ਸਲੋਕ "ਤੇਰਾ ਕੀਤਾ ਜਾਤੋ ਨਾਹੀ" ਇਨ੍ਹਾਂ ਸਲੋਕਾਂ ਦੇ ਅੰਤ ਤੇ ਹਨ। ਨੌਵੇਂ ਮਹਲ ਦੀ ਬਾਣੀ ਇਸ ਬੀੜ ਵਿਚ ਪ੍ਰਾਪਤ ਨਹੀਂ ਹੈ,

ਚੜ੍ਹਾਈ ਹੀ ਨਹੀਂ ਗਈ। ਫਾਲਤੂ ਬਾਣੀਆਂ ਸਲੋਕ "ਜਿਤੁ ਦਰ ਲਖ ਮੁਹੰਮਦਾ" (੩), "ਬਾਇ ਆਤਿਸ ਆਬ" (੧੬), "ਰਤਨਮਾਲਾ" (੨੫), "ਹਕੀਕਤ ਰਾਹ ਮੁਕਾਮ", "ਰਾਗਮਾਲਾ" ਤੇ "ਸਿਆਹੀ ਕੀ ਬਿਧਿ" ਸਭ ਇਸ ਵਿਚ ਚੜ੍ਹੀਆਂ ਹੋਈਆਂ ਹਨ।

ਤਤਕਰੇ ਇਸ ਗ੍ਰੰਥ ਦੇ ਪਤ੍ਰਾ ੨੧ ਤੇ ਮੁਕ ਜਾਂਦੇ ਹਨ; ਪਤ੍ਰਾ ੨੨ ਤੋਂ ੨੪ ਤਕ ਖਾਲੀ ਹਨ। ਇਨ੍ਹਾਂ ਖਾਲੀ ਪਤ੍ਰਿਆਂ ਉਪਰ ਹੀ ਨੌਵੀਂ ਪਾਤਸਾਹੀ ਦਾ ਨੀਸਾਣ ਹੈ ਜਿਸ ਨੂੰ ਤਤਕਰੇ ਵਿਚ ਛੇਵੀਂ ਪਾਤਸਾਹੀ ਦਾ ਕਰਕੇ ਲਿਖਿਆ ਗਇਆ ਹੈ।

ਰਾਗੁ ਇਸ ਗ੍ਰੰਥ ਵਿਚ, ਸਿਵਾਇ ਜੈਤਸਰੀ ਤੇ ਬੈਰਾੜੀ ਦੇ, ਸਾਰੇ ਮੂਲਮੰਤ੍ਰ ਨਾਲ ਆਰੰਭ ਹੁੰਦੇ ਹਨ। ਕੁਝ ਥਾਵਾਂ ਤੇ ਸਿਰਲੇਖ ਮੂਲਮੰਤ੍ਰ ਤੇ ਮੰਗਲ ਤੋਂ ਪਹਲਾਂ ਵੀ ਨਕਲ ਹੋਏ ਹੋਏ ਹਨ।

ਰਾਗੁ ਦੇਵਗੰਧਾਰੀ ਦੇ ਚਉਪਦਿਆਂ ਦੇ ਮਗਰ ਜੋੜ ਵਜੋਂ "ਛਕਾ ੧", "ਛਕਾ ੨" ਤੇ "ਛਕਾ ੩" ਆਏ ਹਨ। ਰਾਗੁ ਕਲਿਆਣ ਵਿਚ ਵੀ ਦੋ ਥਾਵਾਂ ਤੇ "ਛਕਾ" ਪਦ ਜੋੜ ਵਜੋਂ ਵਰਤਿਆ ਮਿਲਦਾ ਹੈ।

ਹੋਰ ਵਿਸ਼ੇਸ਼ਤਾਵਾਂ ਇਸ ਗ੍ਰੰਥ ਦੀਆਂ ਇਸ ਪ੍ਰਕਾਰ ਹਨ :

੧. ਜਪੁ ਗੁਰੂ ਰਾਮਦਾਸ ਜੀਉ ਕੇ ਨਕਲ ਕਾ ਨਕਲ ਤਿਸਕਾ ਨਕਲ ਦਸਿਆ ਹੈ ਤੇ ਇਹ ਤਤਕਰੇ ਅਨੁਸਾਰ ਪਤ੍ਰਾ ੨੫ ਤੋਂ ਸ਼ੁਰੂ ਹੁੰਦਾ ਹੈ। ਨੀਸਾਣ ਤਾਂ ਹੈ, ਪਰ ਜਪੁ ਦੇ ਤੀਜੀ ਥਾਵੇਂ ਨਕਲ ਹੋਣ ਕਰਕੇ ਇਹ ਬੀੜ ਭਾਈ ਬੰਨੋ ਵਾਲੀ-ਬੀੜ ਨਾਲ ਮੇਲ ਨਹੀਂ ਖਾਂਦੀ। ਪਹਲੇ ਸਲੋਕ ਨਾਲ ਅੰਕ ਨਹੀਂ ਹੈ ਅਤੇ ਪਦ "ਸਲੋਕ" ਵੀ ਮੁੱਢ ਵਿਚ ਨਹੀਂ ਆਇਆ। ਇਸ ਵਿਚ ਗੁਰੂ ਰਾਮਦਾਸ ਵਾਲੀ ਪਰਿਪਾਟੀ ਦੇ ਜਪੁ ਦੇ ਕੁਝ ਸ਼ਬਦ-ਜੋੜ ਮੌਜੂਦ ਹਨ : ਮੁਹੋ (ਚੌਥੀ ਪਉੜੀ), ਧੌਲ ਤੇ ਕੌਣ (੧੬ਵੀਂ ਪਉੜੀ), ਰਖੀਸਰ (੨੭ਵੀਂ ਪਉੜੀ) ਤੇ ਜੀਭੌ (੩੨ਵੀਂ ਪਉੜੀ)।

੨. ਸੋ ਦਰੁ ਦੇ ਪਿਛੇ "ਸੋ ਪੁਰਖੁ" ਵਾਲਾ ਜੁਟ ਇਸ ਗ੍ਰੰਥ ਵਿਚ ਨਹੀਂ ਹੈ। ਸੋਹਿਲਾ ਆਰਤੀ (ਪੰਜ ਸ਼ਬਦ) ਮੌਜੂਦ ਹਨ।

੩. ਸਿਰੀ ਰਾਗੁ ਦੀ ਵਾਰ ਦੇ ਅੰਤ ਤੇ "ਸੁਧੁ" ਪਦ ਨਹੀਂ ਹੈ। ਹੋਰਨਾਂ ਰਾਗਾਂ ਦੀਆਂ ਵਾਰਾਂ ਦੀ ਹਕੀਕਤ ਵੀ ਇਹੀ ਹੈ। ਵਾਰਾਂ ਉਪਰ ਧੁਨੀਆਂ ਚੜ੍ਹੀਆਂ ਹੋਈਆਂ ਹਨ।

੪. ਰਾਗੁ ਗਉੜੀ ਬੈਰਾਗਣਿ ਕਬੀਰ ਜੀ ਵਿਚ "ਗਗਨ ਮੰਡਲ ਮਹਿ ਏਕੋ ਸੋਈ" ਵਾਲਾ ਸ਼ਬਦ ਨਹੀਂ ਹੈ। ਇਸੇ ਤਰ੍ਹਾਂ ਕਬੀਰ ਜੀ ਦੇ ਪ੭ਵੇਂ ਸ਼ਬਦ (ਕਾਲਬੂਤ ਕੀ ਹਸਤਨੀ) ਵਿਚ ਰਹਾਉ ਦੀ ਤੁਕ ਨਾਲ "ਦੁਰਲਭ ਦੇਹ ਕਉ ਕਾਜ" ਨਹੀਂ ਹੈ। 'ਵਾਰ' ਕਬੀਰ ਜੀਉ ਕੇ ਦਾ ਆਰੰਭ ਇਸ ਬੀੜ ਵਿਚ "ਧਰ ਅੰਬਰ ਵਿਚਿ ਬੇਲੜੀ" ਵਾਲੇ ਸਲੋਕ ਨਾਲ ਨਹੀਂ ਹੁੰਦਾ।

੫. ਰਾਗੁ ਆਸਾ ਵਿਚ "ਸੋ ਪੁਰਖੁ" ਵਾਲਾ ਸ਼ਬਦ "ਸੋ ਦਰੁ" ਦੇ ਮਗਰ ਹੈ; ਵਾਰ ਰਾਗੁ ਆਸਾ ਮਹਲਾ ੧ ਤੋਂ ਪਹਲਾਂ ਪੂਰਾ ਮੂਲਮੰਤ੍ਰ ਮੰਗਲ ਰੂਪ ਵਿਚ ਸਜ ਰਹਿਆ ਹੈ। ਰਾਗੁ ਆਸਾ, ਧੰਨੇ ਦੀ ਪੱਟੀ ਦੇ ਸ਼ਬਦ "ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ" ਵਿਚ ਪਾਠ "ਬੁਨਨਾ ਤਨਨਾ" ਠੀਕ ਹੈ।

੬. ਰਾਗੁ ਗੂਜਰੀ ਮਹਲਾ ੫ ਅਸ਼ਟਪਦੀ, "ਨਾਥ ਨਰਹਰ ਦੀਨ" ਵਿਚ ਪਾਠ "ਦੇਤ ਦਰਸਨ" ਹੈ (ਪੱਤੀ ੨੪੩)। ਇਸ ਰਾਗੁ ਵਿਚ ਤ੍ਰਿਲੋਚਨ ਜੀ ਦਾ ਸ਼ਬਦ "ਨਵਨਿਧਿ ਪਰਸੀ ਕਾਹਿ" ਨਹੀਂ ਹੈ।

੭. ਰਾਗੁ ਦੇਵਗੰਧਾਰੀ ਵਿਚ ਸਿਰਲੇਖਾਂ ਨਾਲ ਮਹਲੇ ਲਿਖੇ ਹੋਏ ਹਨ। ਇਸ ਰਾਗੁ ਦੇ ਮਹਲਾ ੫ ਘਰੁ ੨ ਦੇ ਸ਼ਬਦਾਂ ਦਾ ਕ੍ਰਮ ਛਪੇ ਗ੍ਰੰਥ ਦਾ ਅਨੁਸਰਨ ਕਰਦਾ ਹੈ।

੮. ਰਾਗੁ ਵਡਹੰਸ ਮਹਲਾ ੧ ਘਰੁ ੧ ਦੇ ਸ਼ਬਦ "ਮੋਰੀ ਰੁਣਝੁਣ ਲਾਇਆ" ਵਿਚ ਅੰਤਲੀ, ਕਵੀ-ਛਾਪ ਵਾਲੀ ਤੁਕ ਨਹੀਂ ਹੈ।

੯. ਰਾਗੁ ਸੋਰਠਿ ਮਹਲਾ ੫ ਦੇ ਅਖੀਰ ਤੇ "ਸੰਤ ਜਨਾ ਸਿਉ ਦੂਖਨ ਕਰਤਾ" ਵਾਲਾ ਸ਼ਬਦ ਨਹੀਂ ਹੈ। ਇਸ ਰਾਗੁ ਦੀ ਵਾਰ ਦੀ ੨੯ਵੀਂ ਪਉੜੀ ਦੇ ਮਹਲਾ ੩ ਦੇ ਦੂਜੇ ਸਲੋਕ ਵਿਚ "ਆਪੇ ਦੇਇ ਵਡਿਆਈਆਂ ਆਪੇ ਨਦਰਿ ਕਰੇਇ" ਵਾਲੀ ਤੁਕ ਨਹੀਂ ਹੈ। ਕਬੀਰ ਦੇ ਸ਼ਬਦ "ਬੇਦ ਪੁਰਾਨ ਸਭੈ ਮਤ ਸੁਨਿ ਕੈ" ਵਿਚ ਪਾਠ "ਖਾਲਸੇ" ਹੈ (ਪੱਤੀ ੩੦੦)। ਇਸ ਬੀੜ ਵਿਚ ਕਬੀਰ ਜੀ ਦਾ ਸ਼ਬਦ "ਅਉਧੂ ਸੋ ਜੋਗੀ ਗੁਰ ਮੇਰਾ" ਨਹੀਂ ਹੈ।

੧੦. ਰਾਗ ਧਨਾਸਰੀ ਮਹਲਾ ੧ ਵਿਚ ਚੌਥਾ ਪਦਾ (ਨਦਰਿ ਕਰੇ ਤਾ ਸਿਮਰਿਆ ਜਾਇ) ਮਹਲਾ ੩ ਦੇ ਸਿਰਨਾਵੇਂ ਨਾਲ ਲਿਖਿਆ ਹੋਇਆ ਸੀ, ਕੱਟ ਕੇ ਮਹਲਾ ੧ ਕੀਤਾ ਹੋਇਆ ਹੈ। ਕਬੀਰ ਜੀ ਦੇ ਸ਼ਬਦ "ਸਨਕ ਸਨੰਦ ਮਹੇਸ ਸਮਾਨਾ" ਵਿਚ ਰਹਾਉ ਦੀ ਗੁਮ ਅੱਧੀ ਤੁਕ "ਨਿਰਗੁਨ ਰਾਮ ਜਪਹੁ ਮੇਰੀ ਮਾਈ" ਨਹੀਂ ਹੈ।

੧੧. ਰਾਗੁ ਟੋਡੀ ਨਾਮਦੇਉ ਘਰੁ ੧ ਦੇ ਚੌਥੇ ਸ਼ਬਦ ਦੇ ਅੰਤ ਤੇ ਇਹ ਤੁਕ ਇਸ ਗ੍ਰੰਥ ਵਿਚ ਪ੍ਰਾਪਤ ਸੀ, ਪਰ ਮਗਰੋਂ ਹੜਤਾਲ ਫੇਰ ਕੇ ਮਿਟਾ ਦਿੱਤੀ ਗਈ ਹੈ : "ਏਈ ਤੇ ਨਾਮਾ ਏਈ ਤੇ ॥੧॥ ਰਹਾਉ ॥"

੧੨. ਰਾਗੁ ਰਾਮਕਲੀ ਦੇ ਛੰਤ "ਸਦ" ਦੇ ਮਗਰ ਹਨ, ਆਮ ਚਲਦੇ ਕ੍ਰਮ ਵਿਚ। ਪੰਚਮ ਪਾਤਸ਼ਾਹ ਦਾ ਕਥਿਤ ਛੰਤ "ਰੁਣ ਝੁੰਝਨੜਾ ਗਾਉ ਸਖੀ" ਇਸ ਵਿਚ ਪੂਰਾ ਦਿੱਤਾ ਹੋਇਆ ਹੈ। ਲਿਖਾਰੀ ਨੇ ਓਅੰਕਾਰ ਬਾਣੀ ਨਾਲ "ਦਖਣੀ" ਪਦ ਲਿਖਣ ਦੀ ਭੁੱਲ ਕੀਤੀ ਹੋਈ ਹੈ। ਕਬੀਰ ਦੇ ਪੰਜਵੇਂ ਸ਼ਬਦ "ਜਿਹ ਮੁਖ ਬੇਦ ਗਾਇਤ੍ਰੀ ਨਿਕਸੈ" ਦਾ ਚੌਥਾ ਬੰਦ "ਅੱਖਰ ਸਾਚੇ ਬੇਦ ਭੀ ਸਾਚਾ" ਇਸ ਬੀੜ ਵਿਚ ਨਹੀਂ।

੧੩. ਰਾਗੁ ਮਾਰੂ ਕੀ ਵਾਰ ਮਹਲਾ ੩ ਦਾ ਪਹਲਾ ਸਲੋਕ ਇਸ ਬੀੜ ਵਿਚ "ਮਹਲਾ ੧" ਦਾ ਕਰਕੇ ਲਿਖਿਆ ਹੋਇਆ ਹੈ। ਭਗਤ ਰਵਿਦਾਸ ਦਾ ਰਾਗੁ ਸੋਰਠਿ ਵਾਲਾ ਸ਼ਬਦ "ਸੁਖ ਸਾਗਰ ਸੁਰਤਰ ਚਿੰਤਾਮਨਿ" ਇਥੇ ਮਾਰੂ ਵਿਚ ਵੀ ਦੁਹਰਾਇਆ ਹੋਇਆ ਹੈ। ਭਗਤਾਂ ਦੀ ਬਾਣੀ ਛਪੇ ਗ੍ਰੰਥ ਵਾਂਙ ਬੇ-ਮਿਸਲ ਹੈ। ਮੀਰਾ ਬਾਈ ਦਾ ਸ਼ਬਦ "ਮਨ ਹਮਾਰਾ ਬਾਧਿਓ ਮਾਈ" ਇਸ ਬੀੜ ਵਿਚ ਪ੍ਰਾਪਤ ਹੈ।

੧੪. ਰਾਗੁ ਭੈਰਉ ਵਿਚ "ਭੈਰਉ" ਦੇ ਸ਼ਬਦ-ਜੋੜ ਸਭ ਥਾਂ ਪਹਲਾਂ "ਭੈਰੋ" ਸਨ, ਮਗਰੋਂ ਕੱਟ ਕੇ "ਭੈਰਉ" ਕੀਤੇ ਹੋਏ ਹਨ। ਭਗਤ ਬਾਣੀ ਵਿਚ ਸ਼ਬਦ-ਜੋੜ "ਭੈਰਉ" ਠੀਕ ਸਨ। ਜਿੱਥੇ ਕਿਤੇ ਭੈਰਉ ਨਾਲ "ਰਾਗੁ" ਪਦ ਸੀ, ਉਹ ਕੱਟ ਦਿੱਤਾ ਗਇਆ ਹੈ। ਰਾਗੁ ਭੈਰਉ ਮਹਲਾ ੩ ਘਰੁ ੨ ਨਾਲ ਮੰਗਲ ਹੈ, ਨਾਲ ਹੀ – ਸਿਰਲੇਖ ਦੀ ਸੇਧ ਵਿਚ। ਭੈਰਉ ਮਹਲਾ ੫ ਵਿਚ ਦਰਜ ਸ਼ਬਦ "ਵਰਤ ਨ ਰਹਉ ਮਹ ਰਮਦਾਨਾ" ਮਹਲਾ ੫ ਦੀ ਸੰਗਿਆ ਅਧੀਨ ਹੀ ਚੜ੍ਹਿਆ ਹੋਇਆ ਹੈ।

੧੫. ਰਾਗੁ ਬਸੰਤ ਮਹਲਾ ੧ ਘਰੁ ੧ ਵਿਚ ਦਰਜ ਚਉਪਦਾ "ਬਸਤ੍ਰ ਉਤਾਰਿ ਦਿਗੰਬਰ ਹੋਗ" ਇਥੇ ਮਹਲਾ ੩ ਦਾ ਕਰਕੇ ਲਿਖਿਆ ਹੈ। ਇਸ ਤੋਂ ਅਗਲਾ ਇਕਤੁਕਾ "ਸਾਹਿਬ ਭਾਵੈ ਸੇਵਕ ਸੇਵਾ ਕਰੈ" ਵੀ ਮਹਲਾ ੩ ਦਾ ਹੈ। ਬਸੰਤ ਮਹਲਾ ੧ ਘਰੁ ੨ ਨਾਲ ਮੰਗਲ ਹੈ—ਸਿਰਨਾਵੇਂ ਦੀ ਸੇਧ ਵਿਚ। ਇਸ ਘਰੁ ਦੇ ਤੀਜੇ ਸ਼ਬਦ "ਰਾਜਾ ਬਾਲਕ ਨਗਰੀ ਕਾਚੀ" ਵਿਚ ਇਕ ਹੋਰ ਬੰਦ "ਕਹਿਆ ਸੁਣਹਿ ਨ ਖਾਇਆ ਮਾਨਹਿ . . . ਖਿਨੁ ਤੋਲਾ ਖਿਨੁ ਮਾਸਾ"; ਪ੍ਰਾਪਤ ਹੈ। ਕਬੀਰ ਜੀ ਦਾ ਸ਼ਬਦ "ਸੁਰਹ ਕੀ ਜੈਸੀ ਤੇਰੀ ਚਾਲ" ਲਿਖ ਕੇ ਹੜਤਾਲ ਨਾਲ ਕਟਿਆ ਹੋਇਆ ਹੈ।

੧੬. ਰਾਗੁ ਸਾਰੰਗ ਵਿਚ ਸੂਰਦਾਸ ਦੇ ਸ਼ਬਦ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ" ਦੀ ਇਕ ਪੰਗਤੀ ਲਿਖੀ ਹੋਈ ਹੈ। ਸੂਰਦਾਸ ਦੂਜੇ ਦਾ ਸ਼ਬਦ "ਹਰਿ ਕੇ ਸੰਗ ਬਸੇ ਹਰਿ ਲੋਕ" ਵੀ ਹੈ।

੧੭. ਰਾਗੁ ਮਲਾਰ ਮਹਲਾ ੫ ਚਉਪਦੇ ਘਰੁ ੨ ਦੇ ਅੰਤ ਤੇ "ਪ੍ਰਾਨ ਮਾਨ ਏਕ ਨਾਮੁ" ਵਾਲਾ ਸ਼ਬਦ ਨਹੀਂ ਹੈ। ਇਸ ਰਾਗੁ ਦੀ ਵਾਰ ਮਹਲਾ ੧ ਨਾਲ ਪਹਲਾ ਸਲੋਕ ਮਹਲਾ ੩ ਦਾ ਹੈ।

੧੮. ਰਾਗੁ ਕਾਨੜਾ ਮਹਲਾ ੫ ਘਰੁ ੨ ਦੇ ੧ ਤੋਂ ੧੧ ਤਕ ਦੇ ਚਉਪਦਿਆਂ ਦੇ ਸਿਰਲੇਖਾਂ ਨਾਲ ਮੰਗਲ ਹਨ।

੧੯. ਰਾਗੁ ਕਲਿਆਨੁ ਭੋਪਾਲੀ ਮਹਲਾ ੪ ਨਾਲ, ਅਤੇ ਮਹਲਾ ੫ ਘਰੁ ੨ ਨਾਲ ਮੰਗਲ ਹਨ।

੨੦. ਰਾਗੁ ਪ੍ਰਭਾਤੀ ਨਾਲ "ਬਿਭਾਸ" ਪਦ ਛਪੇ ਗ੍ਰੰਥ ਦਾ ਅਨੁਸਰਨ ਕਰਦਾ ਹੈ।

੨੧. ਭੋਗ ਦੀ ਬਾਣੀ ਦੀ ਸਥਿਤੀ ਇਸ ਤਰ੍ਹਾਂ ਹੈ : ਸਲੋਕ ਸਹਸਕ੍ਰਿਤੀ (੪+੬੭), ਗਾਥਾ (੨੪), ਫੁਨਹੇ (੨੨), ਚਉਬੋਲੇ (੯), ਸਲੋਕ ਭਗਤ ਕਬੀਰ ਜੀਉ ਕੇ (੨੪੪), ਸਲੋਕ ਫਰੀਦ ਜੀਉ ਕੇ (੧੩੦),ਸਵੱਯੇ ਮੁਖ ਬਾਕਜ (੯+੧੦) ਅਤੇ ਸਵੱਯੇ ਭੱਟਾਂ ਕੇ ੧੨੩, ਸਲੋਕ ਵਾਰਾਂ ਤੇ ਵਧੀਕ (੧੫੩) ਅਤੇ ਅੰਤ ਤੇ ਮੁੰਦਾਵਣੀ ਅਤੇ ਸਲੋਕ "ਠੇਰਾ ਕੀਤਾ ਜਾਤੋ ਨਾਹੀ" ਹਨ ।

੨੨. ਭੱਟ ਰਚਿਤ ਮਹਲੇ ਦੂਜੇ ਕੇ ਸਵੱਜੇ ਦੇ ਅੰਤਿਮ ਸਵੱਯੇ ਵਿਚ ਪਾਠ "ਸੁ ਕਹੁ ਟਲ ਗੁਰ ਸੇਵੀਐ" (ਪੱਤੀ ੫੬੪/ਅ) ਹੀ ਆਇਆ ਹੈ ।

੧੮. ਬੀੜ ਐਮ-ਐਸ. ੧੦੮੪
(੧੭੨੩ ਬਿ.)

ਉਤਾਰਾ-ਕਾਲ ਤੇ ਸਮਾਵਣ ਦੇ ਚਲਿਤ੍ਰ : ਇਹ ਬੀੜ ਗੁਰੂ ਨਾਨਕ ਦੇਵ ਯੂਨੀਵਰ-ਸਿਟੀ ਦੀ ਲਾਇਬ੍ਰੇਰੀ ਵਿਚ ਸੁਰਖਿਅਤ ਹੈ । ਇਸ ਦਾ ਐਕਸੈਸ਼ਨ ਨੰਬਰ ਐਮ-ਐਸ. ੧੦੮੯ ਹੈ । ਇਹ ੧੭੨੩ ਬਿ./੧੬੬੬ ਈ. ਦੀ ਲਿਖੀ ਹੋਈ ਹੈ । ਇਸ ਦੇ ਲਿਖੇ ਜਾਣ ਦਾ ਸੰਮਤ ਪੋਥੀ ਦੇ ਅੰਤ ਤੇ ਪਤ੍ਰਾ ੪੫੮ ਦੇ ਸਾਮ੍ਹਣੇ ਲਗੇ "ਚਲਿਤ੍ਰ ਜੋਤੀ ਜੋਤਿ ਸਮਾਵਣ ਕਾ" ਦੇ ਹੇਠਾਂ ਇੰਞ ਦਿੱਤਾ ਹੈ :

ਸੰਮਤ ੧੭੨੩ ਗ੍ਰੰਥ ਲਿਖਿਆ

ਚਲਿਤ੍ਰ ਸਮਾਵਣ ਕੇ : ਚਲਿਤ੍ਰ ਜੋਤੀ ਜੋਤਿ ਸਮਾਵਣੇ ਕੇ ਪੰਚਮ ਪਾਤਸ਼ਾਹ ਦੇ ਸਮਾਵਣ ਦੀ ਮਿਤੀ (੧੬੬੩ ਜੇਠ ਸੁਦੀ ੪, ਸ਼ੁਕਰਵਾਰ) ਤੇ ਮੁਕ ਜਾਂਦੇ ਹਨ । ਇਸ ਤੋਂ ਸਿੱਧ ਹੁੰਦ ਹੈ ਕਿ ਭਾਵੇਂ ਇਹ ਗ੍ਰੰਥ ੧੭੨੩ ਬਿ./੧੬੬੬ ਈ. ਅਰਥਾਤ ਗੁਰੂ ਤੇਗ ਬਹਾਦੁਰ ਦੇ ਸਮੇਂ ਨਕਲ ਕੀਤਾ ਗਇਆ, ਇਸ ਦੀ ਮੂਲ ਕਾਪੀ ਮੁੱਢਲੇ ਗ੍ਰੰਥਾਂ ਵਿਚੋਂ ਹੀ ਕੋਈ ਸੀ ।

ਆਕ੍ਰਿਤੀ : ਗ੍ਰੰਥ ਕਿਤਾਬੀ ਸ਼ਕਲ ਦਾ ਹੈ । ਪਤ੍ਰੇ ਇਸ ਦੇ ੪੫੮ ਹਨ । ਸਮਾਵਣੇ ਕੇ ਚਲਿਤ੍ਰਾਂ ਤੇ ਉਤਾਰੇ ਦੀ ਮਿਤੀ ਵਾਲਾ ਪੰਨਾ ਇਸ ਤੋਂ ਵੱਖਰਾ ਤੇ ਅੰਕਹੀਣ ਹੈ । ਪਤ੍ਰਾ-ਅੰਕ ਇਸ ਗ੍ਰੰਥ ਨੂੰ ਦੋ ਵਾਰ ਲਗੇ ਨਜ਼ਰ ਆਉਂਦੇ ਹਨ : ਪਹਲੀ ਵਾਰੀ ਗ੍ਰੰਥ ਤਿਆਰ ਕੀਤੇ ਜਾਣ ਸਮੇਂ ਅਤੇ ਦੂਜੀ ਵਾਰੀ ਨੌਵੇਂ ਮਹਲ ਦੀ ਬਾਣੀ ਚੜ੍ਹਾਣ ਤਥਾ ਗ੍ਰੰਥ ਦੀ ਸੁਧਾਈ ਸਮੇਂ । ਮੁੱਢਲੇ ਅੰਕ ਪਤ੍ਰੇ ਦੇ ਮਗਰਲੇ ਪਾਸੇ (ਖੁੱਲ੍ਹੇ ਗ੍ਰੰਥ ਦੇ ਖੱਬੇ ਹੱਥ ਵਾਲੇ ਪੰਨੇ ਉੱਤੇ) ਲਗੇ ਹੋਏ ਸਨ । ਓਦੋਂ ਪਹਲੇ ੧੫ ਪਤ੍ਰੇ ਛੱਡ ਕੇ ਜਪੁ ਪਤ੍ਰਾ ੧੬/ਅ ਤੋਂ ਸ਼ੁਰੂ ਕੀਤਾ ਗਇਆ ਸੀ । ਤਤਕਰਿਆਂ ਨੂੰ ਅੰਕ ਲਾਏ ਨਹੀਂ ਗਏ ਸਨ ਤੇ ਉਹ ੧੫ ਤੋਂ ਕਿਤੇ ਵੱਧ ਪਤ੍ਰਿਆਂ ਉਪਰ ਫੈਲੇ ਹੋਏ ਸਨ । ਦੂਜੀ ਵਾਰੀ ਅੰਕ ਖੁਲ੍ਹੇ ਗ੍ਰੰਥ ਦੇ ਸੱਜੇ ਹੱਥ ਵਾਲੇ ਪੰਨੇ ਉੱਤੇ ਮੋਟੀ ਤੇ ਭੱਦੀ ਕਲਮ ਨਾਲ ਲਾਏ ਗਏ ਹਨ ਤੇ ਇਹ ਜਪੁ ਤੋਂ ਸ਼ੁਰੂ ਹੁੰਦੇ ਹਨ । ਤਤਕਰਿਆਂ ਨੂੰ ਮੂਲ-ਪਾਠ ਦੇ ਅੰਕਾਂ ਤੋਂ ਵੱਖਰਾ ਰਖਿਆ ਗਇਆ ਹੈ । ਹਰੇਕ ਪੰਨੇ ਦੇ ਦੋਹੀਂ ਪਾਸੀਂ ਦੋ ਕਾਲੀਆਂ ਜਾਂ ਰੰਗਦਾਰ ਲਕੀਰਾਂ ਨਾਲ ਹਾਸ਼ੀਆ ਲੱਗਾ ਹੋਇਆ ਹੈ । ਅੱਖਰ ਬਾਰੀਕ ਤੇ ਨੋਕੀਲੀ ਕਲਮ ਨਾਲ ਲਿਖੇ ਹੋਏ ਹਨ ਪਰ ਲਿਖਾਈ ਸਭ ਥਾਵਾਂ ਤੇ ਇੱਕੋ ਜੇਹੀ ਨਹੀਂ । ਕਈ ਥਾਵਾਂ ਉੱਤੇ ਅੱਖਰ ਮੋਟੇ ਹਨ ਤੇ ਲਾਈਨਾਂ ਵੀ ਵਧ ਘਟ ਹੋ ਗਈਆਂ ਹਨ ।

ਮੁੱਢਲੇ ਖਾਲੀ ਪਤ੍ਰਿਆਂ ਉੱਤੇ ਗਣੇਸ਼ ਤੇ ੧ਓ ਕੇਸਰ ਨਾਲ ਵਾਹੇ ਹੋਏ ਹਨ ਜਿਥੋਂ ਪਤਾ ਲਗਦਾ ਹੈ ਕਿ ਇਹ ਬੀੜ ਕਿਸੇ ਧਰਮਸਾਲਾ ਵਿਚ ਬਾਕਾਇਦਾ ਸਥਾਪਤ ਸੀ।

ਤਤਕਰਿਆਂ ਦੇ ਸ਼ੁਰੂ ਹੋਣ ਤੋਂ ਪਹਲਾਂ ਇਕ ਪੂਰੇ ਪੰਨੇ ਉਪਰ ਸਿਆਹੀ ਬਣਾਣ ਦੀਆਂ ਦੋ ਵਿਧੀਆਂ ਵੱਡੇ ਵੇਰਵੇ ਸਹਿਤ ਲਿਖੀਆਂ ਹੋਈਆਂ ਹਨ।

ਤਤਕਰੇ : ਸਿਆਹੀ ਕੀ ਬਿਧਿ ਵਾਲੇ ਇਸ ਪੰਨੇ ਦੇ ਛੇਤੀ ਪਿੱਛੋਂ ਤਤਕਰਾ ਰਾਗਾਂ ਕਾ ਚਲਦਾ ਹੈ ਜੋ ਵਾਸਤਵ ਵਿਚ ਸੰਪੂਰਣ ਗ੍ਰੰਥ ਦਾ ਸੂਚੀ-ਪਤ੍ਰ ਹੈ। ਖੂਬੀ ਇਹ ਹੈ ਕਿ ਹਰੇਕ ਬਾਣੀ ਤੇ ਹਰੇਕ ਰਾਗ ਨਾਲ ਖੱਬੇ ਪਾਸੇ ਪਹਲਾਂ ਉਹ ਪਤ੍ਰਾ ਦਿੱਤਾ ਹੋਇਆ ਹੈ ਜਿਸ ਉਪਰ ਇਹ ਬਾਣੀ ਜਾਂ ਰਾਗੁ ਗ੍ਰੰਥ ਵਿਚ ਦਰਜ ਹੈ। ਤਤਕਰਾ ਤਤਕਰੇ ਕਾ ਇਸ ਵਿਚ ਨਹੀਂ; ਸ਼ਾਇਦ ਦੇਣ ਦੀ ਲੋੜ ਨਹੀਂ ਸਮਝੀ। ਇਸ ਦੇ ਅੱਗੇ "ਸ਼ਬਦਾਂ ਕਾ ਤਤਕਰਾ" ਹੈ। ਪਹਲਾਂ ਮੰਗਲ ਤੇ ਰਾਗੁ ਦਾ ਸਿਰਲੇਖ ਤੇ ਮਗਰੋਂ ਸ਼ਬਦਾਂ ਦੀਆਂ ਪ੍ਰਤੀਕਾਂ ਦੋ ਕਾਲਮਾਂ ਵਿਚ ਦਿੱਤੀਆਂ ਹੋਈਆਂ ਹਨ ਤੇ ਉਨ੍ਹਾਂ ਦੇ ਅੱਗੇ ਉਨ੍ਹਾਂ ਦਾ ਕ੍ਰਮ ਸੱਜੇ ਹੱਥ ਵਾਲੇ ਪਾਸੇ ਲਿਖਿਆ ਹੋਇਆ ਹੈ। ਖੱਬੇ ਹੱਥ ਵਾਲੇ ਖਾਲੀ ਖਾਨੇ ਵਿਚ ਤਤਕਰਾ ਤਿਆਰ ਕਰਨ ਵਾਲੇ ਨੇ ਗ੍ਰੰਥ ਦਾ ਪੰਨਾ ਲਿਖਣਾ ਸੀ, ਪਰ ਲਿਖਿਆ ਨਹੀਂ। ਇਸ ਸੂਚਨਾ ਦਾ ਘਾਟਾ ਹਰੇਕ ਤਖਤੀ ਦੇ ਉਪਰ ਸੰਬੰਧਿਤ ਪ੍ਰਕਰਣ ਦੇ ਸ਼ੁਰੂ ਹੋਣ ਦਾ ਪਤ੍ਰਾ ਲਿਖ ਕੇ ਪੂਰਾ ਕੀਤਾ ਗਇਆ ਹੈ, ਭਾਵੇਂ ਮੁੱਢਲੀਆਂ ਕੁਝ ਤਖਤੀਆਂ ਤੇ ਇਹ ਵੀ ਨਹੀਂ ਹੈ। ਸ਼ਬਦਾਂ ਦਾ ਕ੍ਰਮ ਤੇ ਗਿਣਤੀ ਮਹੱਲਿਆਂ ਅਨੁਸਾਰ ਹੈ ਤੇ ਹਰੇਕ ਤਖਤੀ ਦਾ ਨਿਖੇੜ ਮੰਗਲ, ਮਹੱਲਾ ਤੇ ਪਦੇ ਦੀ ਕਿਸਮ ਦੱਸ ਕੇ ਕੀਤਾ ਹੋਇਆ ਹੈ।

ਇਸ ਤਤਕਰੇ ਵਿਚ ਰਾਗਾਂ ਵਿਚ ਆਈ ਭਗਤਾਂ ਦੀ ਬਾਣੀ ਦੀਆਂ ਪ੍ਰਤੀਕਾਂ ਵੀ ਦਿੱਤੀਆਂ ਹੋਈਆਂ ਹਨ, ਜੋ ਚੀਜ਼ ਕਿ ਬਹੁਤ ਘੱਟ ਬੀੜਾਂ ਵਿਚ ਦੇਖੀ ਗਈ ਹੈ। ਇਹ ਤਤਕਰਾ ਰਾਗੁ ਪ੍ਰਭਾਤੀ ਦੀ ਬਾਣੀ ਤੇ ਮੁੱਕ ਜਾਂਦਾ ਹੈ। ਉਸ ਦੇ ਪਿੱਛੋਂ ਭੋਗ ਦੀਆਂ ਬਾਣੀਆਂ ਦੀਆਂ ਪ੍ਰਤੀਕਾਂ ਨਹੀਂ ਹਨ; ਤਤਕਰਾ ਰਾਗਬਧ ਬਾਣੀ ਤੇ ਹੀ ਸਮਾਪਤ ਹੋ ਜਾਂਦਾ ਹੈ।

ਤਤਕਰੇ ਵਿਚ ਦਿੱਤੇ ਸ਼ਬਦਾਂ ਦਾ ਕ੍ਰਮ ਅੰਦਰਲੇ ਕ੍ਰਮ ਨਾਲ ਕਈ ਥਾਵਾਂ ਤੇ ਮੇਲ ਨਹੀਂ ਖਾਂਦਾ। ਰਾਗੁ ਮਾਰੂ ਵਿਚ ਇਕ ਥਾਂ ਹਾਸ਼ੀਏ ਵਿਚ ਇਹ ਸੂਚਨਾ ਆਈ ਹੈ : "ਇਹ ਸੋਲਹਾ (ਚਰਨ ਕਮਲ ਹਿਰਦੈ ਨਿਤ ਧਾਰੀ) ਮਹੱਲੇ ਪੰਜਵੇਂ ਕਾ ਭੁਲਿ ਲਿਖਿਆ ਹੈ। ਤਤਕਰਾ ਦੇਖ ਲਿਖਣਾ।" ਇਸ ਤੋਂ ਪਤਾ ਲਗਦਾ ਹੈ ਕਿ ਤਤਕਰਾ ਇਸ ਲੇਖਕ ਨੇ ਵੀ ਬਾਹਰੋਂ ਚੁਕ ਲਇਆ ਹੈ; ਤੇ ਉਹ ਉਸੇ ਨੂੰ ਪ੍ਰਮਾਣਿਕ ਮੰਨਦਾ ਹੈ।

ਮੁੱਢ ਵਿਚ ਬਾਣੀ ਦੀ ਤਰਤੀਬ : ਮੁੱਢ ਵਿਚ ਲੱਗੇ ਸੂਚੀ-ਪਤ੍ਰ ਤੋਂ ਬੀੜ ਦੇ ਮੁੱਢਲੇ, ਅਥਵਾ ਨੌਵੇਂ ਮਹੱਲੇ ਦੀ ਬਾਣੀ ਦੇ ਚੜ੍ਹਾਏ ਜਾਣ ਤੋਂ ਪਹਲਾਂ ਦੇ ਸ੍ਵਰੂਪ ਬਾਰੇ ਜਾਣਨਾ ਮੁਸ਼ਕਿਲ ਨਹੀਂ ਹੈ। ਜਪੁ, ਸੋ ਦਰੁ (ਪੰਚ ਸ਼ਬਦ), ਸੋਹਿਲਾ ਆਰਤੀ (ਪੰਚ ਸ਼ਬਦ), ਇਸ

ਵਕਤ ਚਾਲੂ ਕ੍ਰਮ ਵਿਚ ੩੦ ਰਾਗਾਂ ਦੀ ਬਾਣੀ, ਸਲੋਕ ਸਹਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ : ਸਲੋਕ ਵਾਰਾਂ ਤੇ ਵਧੀਕ, ਸਵਈਏ ਮੁਖ ਬਾਕਜ, ਭੱਟਾਂ ਕੇ ਸਵਈਏ, ਸਲੋਕ ਭਗਤ ਕਬੀਰ ਜੀ ਕੇ ਅਤੇ ਅੰਤ ਵਿਚ ਸਲੋਕ ਫ਼ਰੀਦ ਜੀ ਕੇ ਸਨ। ਇੰਞ ਇਸ ਗ੍ਰੰਥ ਦਾ ਭੋਗ ਫ਼ਰੀਦ ਜੀ ਦੇ ਸਲੋਕਾਂ ਤੇ ਪੈਂਦਾ ਸੀ। ਅੰਤ ਵਿਚ ਰਾਗਮਾਲਾ ਸੀ, ਪਰ ਉਹ ਤਤਕਰੇ ਵਿਚ ਸ਼ਾਮਿਲ ਨਹੀਂ ਸੀ।

ਨੌਵੇਂ ਮਹਲੁ, ਸ੍ਰੀ ਗੁਰੂ ਤੇਗ ਬਹਾਦੁਰ ਜੀ, ਦੀ ਬਾਣੀ ਇਸ ਬੀੜ ਵਿਚ ਇਕ ਥਾਂ ਇਕੱਠੀ ਹੀ ਚੜ੍ਹੀ ਹੋਈ ਹੈ। ਕਾਰਣ ਇਹ ਕਿ ਮੂਲ ਗ੍ਰੰਥ ਵਿਚ ਰਾਗਾਂ ਦੇ ਪਿੱਛੋਂ ਕੋਈ ਜਗ੍ਹਾ ਇਸ ਬਾਣੀ ਨੂੰ ਦਰਜ ਕਰਨ ਲਈ ਪ੍ਰਾਪਤ ਨਹੀਂ ਸੀ। ਇਸ ਵਕਤ ਇਹ ਭੱਟਾਂ ਦੇ ਸਵੱਯੀਆਂ ਦੇ ਮਗਰੋਂ ਛੇ ਨਵੇਂ ਦਾਖਿਲ ਕੀਤੇ ਪੰਨਿਆਂ ਉੱਤੇ ਵੱਖ ਵੱਖ ਰਾਗਾਂ ਦੇ ਸਿਰਲੇਖ ਦੇ ਕੇ ਦਰਜ ਕੀਤੀ ਹੋਈ ਹੈ। ਰਾਗੁ ਜੈਜਾਵੰਤੀ ਇਥੇ ਅੰਤ ਤੇ ਹੀ ਰਖਿਆ ਹੋਇਆ ਹੈ। ਸਲੋਕ (੫੭), ਨੌਵੇਂ ਮਹਲ ਦੀ ਬਾਣੀ ਦੇ, ਅੰਤ ਤੇ ਹਨ। ਇਨ੍ਹਾਂ ਦਾ ਕ੍ਰਮ ਛਪੇ ਗ੍ਰੰਥ ਵਾਲਾ ਹੀ ਹੈ। ਇਕ ਵਰਣਨ-ਯੋਗ ਗੱਲ ਇਹ ਹੈ ਕਿ ਨੌਵੇਂ ਮਹਲ ਦੀ ਬਾਣੀ ਨਵੇਂ ਪਾਏ ਪਤ੍ਰੇ ਕਬੀਰ ਜੀ ਦੇ ਸਲੋਕਾਂ ਤੇ ਫ਼ਰੀਦ ਜੀ ਦੇ ਸਲੋਕਾਂ ਤੋਂ ਪਹਲਾਂ ਤੇ ਭੱਟਾਂ ਦੇ ਸਵੱਯੀਆਂ ਦੇ ਮਗਰ ਰਖੇ ਗਏ ਹਨ, ਭਾਵੇਂ ਜਗ੍ਹਾ ਇੱਥੇ ਵੀ ਪ੍ਰਾਪਤ ਨਹੀਂ ਸੀ। ਇਸ ਤੋਂ ਸਿੱਧ ਹੁੰਦਾ ਹੈ ਕਿ ਨਵਾਂ ਲਿਖਾਰੀ ਗ੍ਰੰਥ ਦੇ ਸੇਖ ਫ਼ਰੀਦ ਤੇ ਭੋਗ ਵਾਲੇ ਮੁੱਢਲੇ ਸ੍ਵਰੂਪ ਨੂੰ ਭੰਗ ਕਰਨਾ ਨਹੀਂ ਚਾਹੁੰਦਾ ਸੀ।

ਮੰਗਲ ਤੇ ਸਿਰਲੇਖ : ਮੰਗਲ ਇਸ ਗ੍ਰੰਥ ਦੇ ਠੀਕ ਥਾਂ ਸਿਰ ਪੰਨੇ ਦੇ ਸੱਜੇ ਪਾਸੇ, ਹਾਸ਼ੀਏ ਦੇ ਨਾਲ, ਉਪਰ ਕਰਕੇ ਲਿਖੇ ਹੋਏ ਹਨ ਤੇ ਚਲ ਰਹੀ ਬਾਣੀ ਦੇ ਸਿਰਲੇਖ ਉਸ ਤੋਂ ਹੇਠਾਂ ਖੱਬੇ ਪਾਸੇ ਦਿੱਤੇ ਹੋਏ ਹਨ। ਥੋੜੇ ਹੀ ਰਾਗ ਮੂਲਮੰਤ੍ਰ ਨਾਲ ਸ਼ੁਰੂ ਹੁੰਦੇ ਹਨ; ਬਹੁਤੇ ਛੋਟੇ ਮੰਗਲ ਅਰਥਾਤ "੧ਓ ਸਤਿਗੁਰ ਪ੍ਰਸਾਦਿ" ਨਾਲ ਆਰੰਭ ਹੋਏ ਹੋਏ ਹਨ। ਇਨ੍ਹਾਂ ਪਿਛਲਿਆਂ ਦੀ ਸੂਚੀ ਵਿਚ ਇਹ ਰਾਗ ਸ਼ਾਮਲ ਹਨ : ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ ਨਾਰਾਇਨੁ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ ਅਤੇ ਕਲਿਆਣ। ਛਪੇ ਗ੍ਰੰਥ ਦੇ ਤੀਹ ਰਾਗਾਂ ਦੀ ਬਾਣੀ ਨਾਲ ਇਸ ਬੀੜ ਵਿਚਲੀ ਬਾਣੀ ਦਾ ਮਿਲਾਨ ਸ਼ਬਦਾਂ, ਉਨ੍ਹਾਂ ਦੀ ਗਿਣਤੀ ਤੇ ਕ੍ਰਮ ਦਾ ਬਹੁਤ ਘਟ ਅੰਤਰ ਦਰਸਾਂਦਾ ਹੈ। ਬਹੁਤ ਹੱਦ ਤਕ ਇਹ ਬੀੜ ਉਸੇ ਦਾ ਅਨੁਸਰਨ ਕਰਦੀ ਦੇਖੀ ਗਈ ਹੈ। ਤਾਂ ਵੀ ਕੁਝ ਅਤਿ ਮਹੱਤਵਪੂਰਣ ਭੇਦ ਹਨ ਜਿਨ੍ਹਾਂ ਦਾ ਉੱਲੇਖ ਕਰਨਾ ਬਣਦਾ ਹੈ।

੧. ਰਾਗੁ ਸੋਰਠਿ ਵਿਚ ਮਹਲਾ ੫ ਦਾ ਸ਼ਬਦ "ਸੰਤ ਜਨਾ ਸਿਉ ਦੂਖਨ ਕਰਤਾ" ਮੂਲ ਲੇਖਕ ਨੇ ਲਿਖਿਆ ਹੋਇਆ ਸੀ (ਪਤ੍ਰਾ ੨੦੨/ਅ)। ਬਾਅਦ ਵਿਚ ਗ੍ਰੰਥ ਦੀ ਸੁਧਾਈ ਕਰਨ ਵਾਲੇ ਨੇ ਇਸ ਨੂੰ ਹੜਤਾਲ ਫੇਰ ਕੇ ਕੱਟ ਦਿੱਤਾ ਹੈ। ਨਾਲ ਹੀ ਸ਼ਬਦ ਦੇ ਦੁਆਲੇ ਬਿੰਦੇ ਪਾ ਕੇ ਇਸ ਦੇ ਪਾਠ ਨ ਕਰਨ ਦਾ ਸੰਕੇਤ ਕੀਤਾ ਹੋਇਆ ਹੈ। ਵਾਰ ਰਾਗੁ ਸੋਰਠਿ

ਦੀ ੨੯ਵੀਂ ਪਉੜੀ ਨਾਲ ਮਹਲਾ ੩ ਦਾ ਜੋ ਦੂਜਾ ਸਲੋਕ ਹੈ, ਉਸ ਵਿਚ ਹੇਠਾਂ ਦਿੱਤੀ ਤੁਕ ਮੌਜੂਦ ਸੀ :

ਆਪੇ ਦੇਇ ਵਡਿਆਈਆ, ਆਪੇ ਨਦਰਿ ਕਰੇਇ ॥ (ਪੱਤੀ ੨੧੧/ੳ)

ਮਗਰੋਂ ਦੁਹਰਾਈ ਕਰਨ ਵਾਲੇ ਨੇ ਇਸ ਦੇ ਦੁਆਲੇ ਬਿੰਦੇ ਪਾ ਕੇ ਇਸ ਨੂੰ ਪਾਠ ਤੋਂ ਖਾਰਿਜ ਕੀਤਾ ਹੋਇਆ ਹੈ। ਇਸ ਰਾਗੁ ਦੀ ਭਗਤ ਬਾਣੀ ਵਿਚ ਕਬੀਰ ਜੀ ਦੇ ਤੀਜੇ ਸ਼ਬਦ "ਬੇਦ ਪੁਰਾਨ ਸਭੇ ਮਤ ਸੁਨਿ ਕੇ" ਵਿਚ ਪਾਠ "ਖਲਾਸੇ" ਹੈ (ਪੱਤੀ ੨੧੧/ਅ) ਅਤੇ ਕਬੀਰ ਜੀ ਦੇ ਸ਼ਬਦ "ਅਉਧੂ ਸੋ ਜੋਗੀ ਗੁਰ ਮੇਰਾ" ਦੀ ਇਕ ਪੰਗਤੀ ਲਿਖ ਕੇ ਕੱਟੀ ਹੋਈ ਹੈ (ਪੱਤੀ ੨੧੧/ਅ)। ਇਹ ਮੂਲ ਲਿਖਾਰੀ ਨੇ ਕੱਟੀ ਲੱਗਦੀ ਹੈ, ਕਿਉਂਜੋ ਸ਼ਬਦ-ਤਤਕਰੇ ਵਿਚ ਇਸ ਦੀ ਪ੍ਰਤੀਕ ਨਹੀਂ ਹੈ।

੨. ਰਾਗੁ ਧਨਾਸਰੀ ਮਹਲਾ ੧ ਦੇ ਚੌਥੇ ਪਦੇ, "ਨਦਰਿ ਕਰੇ ਤਾ ਸਿਮਰਿਆ ਜਾਇ" ਨਾਲ "ਮਹਲਾ ੩" ਨਹੀਂ, "ਮਹਲਾ ੧" ਹੈ (ਪੱਤੀ ੨੧੩/ੳ)। ਇਸ ਰਾਗੁ ਵਿਚ ਨਾਮਦੇਵ ਜੀ ਦਾ ਹੇਠ ਲਿਖਿਆ ਨਵਾਂ ਸ਼ਬਦ ਪ੍ਰਾਪਤ ਹੈ :

ਸਾਤ ਸਮੁੰਦ ਜਾ ਕੀ ਹੈ ਕਿਰਣੀ ਧਰਤੀ ਜਾ ਕੋ ਬੇਟੋ ॥
ਤਾਸੁ ਧਰਣੀ ਪਗੁ ਧੋਇ ਨ ਸਾਕਉ ਇਬੜੋ ਜਾ ਕੋ ਪੇਟੋ ॥੧॥
ਬਾਪ ਗੋਵਾਲੀਆ ਬਲਿ ਜਾ ਸਉ ॥
ਮੈ ਤਉ ਭੂੰਬੜੀਆ ਲੋਟੇ ਸਉ ॥
ਮੈ ਤਉ ਥੋਰੜੋ ਜੇਵੇ ਸਿਉ ॥੧॥ ਰਹਾਉ ॥
ਕਰਉ ਅਢਾਈ ਧਰਤੀ ਮਾਗੈ ਬਾਵਨ ਰੂਪ ਅਨੰਤੋ ॥
ਤਾਸੁ ਧਰਣੀ ਪਗੁ ਧੋਇ ਨ ਸਾਕਉ ਪਗੁ ਏਵੜੁ ਹੈ ਜਾ ਕੋ ॥੨॥
ਦ੍ਰਿੜਾਗ੍ਰਿਹ ਜਿਨਿ ਧਰਤੀ ਰਾਖੀ ਬਰਾਹੁ ਰੂਪ ਅਨੰਤੋ ॥
ਤਾਸੁ ਧਰਣੀ ਪਗੁ ਧੋਇ ਨ ਸਾਕਉ ਇਬੜੋ ਜਾ ਕੋ ਦੰਤੋ ॥ ੩॥
ਅਧੜੋ ਸਿੰਘ ਅਧੜੋ ਮਾਣਸੁ ਨਿਕਸਿਓ ਸੁਆਮੀ ਜਾ ਕੋ ॥
ਤਾਸੁ ਧਰਣੀ ਪਗੁ ਧੋਇ ਨ ਸਾਕਉ ਨਾਖੁ ਏਵੜੁ ਹੈ ਜਾ ਕੋ ॥੪॥
ਨਾਮੇ ਚੇ ਸੁਆਮੀ ਰੂੜੋ ਠਾਕੁਰੁ ਮਾਧਉ ਕ੍ਰਿਸਨ ਮੁਰਾਰੀ ॥
ਦੂਖੁ ਰੰਜਨ ਭੈ ਭੰਜਨ ਸੁਆਮੀ ਪ੍ਰੀਤਮ ਬਨ ਬਨਵਾਰੀ ॥੫॥ (ਪੱਤੀ ੨੨੨/ਅ)

੩. ਰਾਗੁ ਰਾਮਕਲੀ ਮਹਲਾ ੫ ਦੇ ਛੰਤਾਂ ਵਿਚ ਪ੍ਰਸਿੱਧ ਛੰਤ "ਰੁਣ ਝੁੰਝਨੜਾ ਗਾਉ ਸਖੀ" ਮੂਲ ਲਿਖਤ ਵਿਚ ਨਹੀਂ ਸੀ, ਮਗਰੋਂ ਕਿਸੇ ਨੇ ਹਾਸ਼ੀਏ ਵਿਚ ਇਸ ਦੀਆਂ ਦੋ ਪੰਗਤੀਆਂ ਇਸ ਖਿਮਾ-ਯਾਚਨਾ ਨਾਲ ਲਿਖੀਆਂ ਹੋਈਆਂ ਹਨ :

ਇਹ ਸ਼ਬਦ ਪਾਸਿ (=ਪਾਸੇ) ਲਿਖਿਆ ਹੈ ਭੂਲਿ (ਪੱਤੀ ੨੯੪/ੳ)।

ਲਿਖਣ ਵਾਲੇ ਦਾ ਭਾਵ ਇਹ ਕਿ ਉਹ ਪਹਲਾਂ ਹੋਈ ਭੁੱਲ ਦੀ ਸੋਧ ਕਰ ਰਹਿਆ ਹੈ, ਗੋਯਾ ਮੂਲ ਲਿਖਾਰੀ ਨੇ ਇਹ ਸ਼ਬਦ ਨਹੀਂ ਲਿਖਿਆ ਸੀ।

੪. ਵਾਰ ਰਾਗੁ ਮਾਰੂ ਦਾ ਪਹਲਾ ਸਲੋਕ, "ਵਿਣੁ ਗਾਹਕ ਗੁਣ ਵੇਚੀਐ" ਸੁਧ ਵਜੋਂ ਮਹਲਾ ੧ ਦਾ ਕੀਤਾ ਹੋਇਆ ਹੈ (ਪੱਤੀ ੩੪੫/ੳ)। ਰਵਿਦਾਸ ਜੀ ਦਾ ਰਾਗੁ ਸੋਰਠਿ ਵਾਲਾ ਸ਼ਬਦ "ਸੁਖ ਸਾਗਰ ਸੁਰਤਰ ਚਿੰਤਾਮਨਿ" ਇਸ ਬੀੜ ਵਿਚ ਰਾਗੁ ਮਾਰੂ ਵਿ ਦੁਹਰਾਇਆ ਹੋਇਆ ਨਹੀਂ; ਉਹ ਸੋਰਠਿ ਵਿਚ ਹੀ ਦਰਜ ਹੈ। ਰਾਗੁ ਮਾਰੂ ਵਿਚ ਮੀਰਾ ਬਾਈ ਦਾ ਸ਼ਬਦ "ਮਨ ਹਮਾਰਾ ਬਾਧਿਓ ਮਾਈ" ਮੂਲ ਲੇਖਕ ਨੇ ਲਿਖਿਆ ਹੋਇਆ ਸੀ (ਪੱਤੀ ੩੫੧/ਅ), ਪਰ ਮਗਰੋਂ ਸੁਧਾਈ ਕਰਨ ਵਾਲੇ ਨੇ ਇਸ ਦੇ ਆਲੇ ਦੁਆਲੇ ਬਿੰਦੇ ਪਾ ਕੇ ਨਾ ਪੜ੍ਹਨ ਦੀ ਹਿਦਾਇਤ ਕੀਤੀ ਹੋਈ ਹੈ। ਉਂਞ ਇਸ ਪੋਥੀ ਵਿਚ ਇਸ ਦਾ ਪਾਠ ਇੰਞ ਹੈ :

ਮਨੁ ਹਮਾਰਾ ਬਾਧਿਓ ਮਾਈ ਕਵਲ ਨੈਨ ਆਪਨੇ ਗੁਨ ॥੧॥ਰਹਾਉ॥

ਤੀਖਣ ਤੀਰ ਬੇਧ ਸਰੀਰ ਦੂਰਿ ਗਯੋ ਮਾਈ ॥
ਲਾਗਿਓ ਤਬ ਜਾਨਿਓ ਨਾਹੀ ਅਬ ਨ ਸਹਿਓ ਜਾਈ ॥੧॥

ਰੀ ਮਾਈ ਤੰਤ ਮੰਤ ਅਉਖਦ ਕਰਉ ਤਉ ਪੀਰ ਨ ਜਾਈ ॥
ਹੈ ਕੋਊ ਉਪਕਾਰੁ ਕਰੈ ਕਠਿਨ ਦਰਦੁ ਮਾਈ ॥੨॥

ਨਿਕਟ ਹਉ ਤੁਮ ਦੂਰਿ ਨਹੀਂ ਬੇਗ ਮਿਲਹੁ ਆਈ ॥
ਮੀਰਾ ਗਿਰਧਰ ਸੁਆਮੀ ਦਇਆਲ ਤਨ ਕੀ ਤਪਤ ਬੁਝਾਈ ਰੀ ਮਾਈ ॥੩॥

ਕਵਲਨੈਨ ਆਪੁਨੇ ਗੁਨ ਆਪਨੇ ਗੁਨ-ਬਾਂਧਿਉ ਮਾਈ ॥੧॥ ਰਹਾਉ ॥
(ਪੱਤੀ ੩੫੧/ਅ)

੫. ਰਾਗੁ ਭੈਰਉ ਮਹਲਾ ੩ ਘਰੁ ੨ ਨਾਲ ਪਹਲਾਂ ਮੰਗਲ ਨਹੀਂ ਸੀ, ਮਗ ਸੁਧਾਈ ਕਰਨ ਵਾਲੇ ਨੇ ਪਾਇਆ ਹੈ (ਪੱਤੀ ੩੫੯/ੳ)। ਇਸੇ ਰਾਗੁ ਦਾ ਕਬੀਰ ਦ ਸ਼ਬਦ "ਵਰਤ ਨ ਰਹਉ ਮਹ ਰਮਦਾਨਾ" ਮਹਲਾ ੫ ਦੀ ਪੱਟੀ ਵਿਚ ਦਰਜ ਹੋ ਕੇ ਬੇ-ਮਿਸਲ ਹੀ ਚਲਿਆ ਆਉਂਦਾ ਹੈ।

੬. ਰਾਗੁ ਬਸੰਤ ਹਿੰਡੋਲ ਮਹਲਾ ੧, ਘਰੁ ੨ ਨਾਲ ਪਹਲਾਂ ਮੰਗਲ ਨਹੀਂ ਸ ਸਗੋਂ "ਹਿੰਡੋਲ" ਪਦ ਵੀ ਬਾਅਦ ਵਿਚ ਪਾਇਆ ਗਇਆ ਹੈ (ਪੱਤੀ ੩੭੧/ਅ)। ਇ ਰਾਗੁ ਦਾ ਚਉਪਦਾ 'ਬਸਤ੍ਰ ਉਤਾਰ ਦਿਗੰਬਰ ਹੋਗ" ਮਹਲਾ ੧ ਦੀ ਤਖ਼ਤੀ ਵਿ ਸ਼ਾਮਲ ਕੀਤਾ ਹੋਇਆ ਹੈ, ਮਹਲਾ ੩ ਦਾ ਕਰਕੇ ਪੇਸ਼ ਨਹੀਂ ਕੀਤਾ ਗਇਆ (ਪੱਤ ੩੭੨/ੳ)। ਬਸੰਤ ਮਹਲਾ ੩, ਇਕਤੁਕਾ "ਸਾਹਿਬ ਭਾਵੈ ਸੇਵਕੁ ਸੇਵਾ ਕਰੈ" ਬਿ ਮੰਗਲ ਹੈ ਅਤੇ ਮਹਲੇ ਦਾ ੧ ਮਿਟਾ ਕੇ ੩ ਬਣਾਇਆ ਹੋਇਆ ਹੈ (ਪੱਤੀ ੩੭੨/ੳ) ਬਸੰਤ ਹਿੰਡੋਲ ਮਹਲਾ ੧ ਘਰੁ ੨ ਦੇ ਤੀਜੇ ਸ਼ਬਦ ਦਾ ਚੌਥਾ ਬੰਦ (ਕਹਿਆ ਸੁਣਹਿ . . ਖਿਨੁ ਮਾਸਾ) ਇਸ ਬੀੜ ਵਿਚ ਹੈ। ਰਾਗੁ ਬਸੰਤ ਦੀ ਵਾਰ ਇਸ ਵਿਚ ਟਿਕਾਣੇ ਸਿਰ ਚੜ੍ਹ ਹੋਈ ਹੈ (ਪੱਤੀ ੩੭੯/ਅ)।

੭. ਰਾਗੁ ਸਾਰੰਗ ਵਿਚ ਸੂਰਦਾਸ ਦਾ ਕੇਵਲ ਇਕ ਸ਼ਬਦ "ਹਰਿ ਕੇ ਸੰਗ ਬ

ਹਰਿ ਲੋਕ" ਹੈ (ਪੱਤੀ ੩੯੯/ੳ)। ਦੂਜਾ ਪਦਾ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ" ਲਿਖ ਕੇ, ਹੜਤਾਲ ਫੇਰ ਕੇ ਕਟਿਆ ਹੋਇਆ ਹੈ। ਸ਼ਬਦ-ਤਤਕਰੇ ਵਿਚ ਇਕ ਦੀ ਹੀ ਪ੍ਰਤੀਕ ਹੈ।

੮. ਰਾਗੁ ਕਾਨੜਾ ਮਹਲਾ ੫ ਘਰੁ ੨ ਦੇ ਪਹਲੇ ਗਿਆਰਾਂ ਚਉਪਦਿਆਂ ਨਾਲ ਮਹੱਲੇ ਨਹੀਂ ਹਨ।

੯. ਰਾਗੁ ਪ੍ਰਭਾਤੀ ਦੇ ਮਹਲਾ ੪ ਤੇ ਮਹਲਾ ੫ ਦੇ ਨਾਲ "ਬਿਭਾਸ" ਪਦ ਨਹੀਂ ਹੈ। ਇਕ ਦੋ ਥਾਈਂ ਜਿੱਥੇ ਇਹ ਆਇਆ ਹੈ, ਉਹ ਮਗਰੋਂ ਕੀਤੀ ਸੁਧਾਈ ਦਾ ਫਲ ਹੈ।

੧੦. ਸਲੋਕ ਵਾਰਾਂ ਤੇ ਵਧੀਕ (ਪੱਤੀ ੪੩੬/ਅ-੪੪੨/ੳ) ਵਿਚ ਚੋਖੀ ਕੱਟ ਵੱਢ ਕੀਤੀ ਹੋਈ ਹੈ। ਮਹਲਾ ੧ ਦੇ ਸਲੋਕਾਂ ਵਿੱਚੋਂ ਪੰਦ੍ਰਵਾਂ "ਮਨਹੁ ਜਿ ਅੰਧੇ ਘੂਪ" ਬੀੜ ਵਿਚ ਮੌਜੂਦ ਸੀ, ਹੜਤਾਲ ਫੇਰ ਕੇ ਕਟਿਆ ਹੋਇਆ ਹੈ। ੨੬ਵਾਂ ਸਲੋਕ "ਲਾਹੌਰ ਸਹਰ . . . ਜਹਰ ਕਹਰ" ਮਹਲਾ ੧ ਦਾ ਹੈ ਤੇ ਅਗਲਾ "ਅੰਮ੍ਰਿਤਸਰ ਸਿਫਤੀ ਕਾ ਘਰ" ਮਹਲਾ ੩ ਦਾ, ਜੋ /੨/ ਨੂੰ ਭੰਨ ਕੇ ਬਣਾਇਆ ਗਇਆ ਹੈ। ਮੁੱਢ ਵਿਚ ਮਹਲਾ ੧ ਦੀ ਤਖਤੀ ਵਿਚ ੩੬ ਸਲੋਕ ਦਰਜ ਸਨ। ਪਿੱਛੋਂ ਸੁਧਾਈ ਕਰਨ ਵਾਲੇ ਨੇ ਉਨ੍ਹਾਂ ਵਿੱਚੋਂ ਤਿੰਨ ਸਲੋਕ: "ਬ੍ਰਹਮਣ ਕੈਲੀ ਘਾਤ ਕੰਞਕਾ", "ਅਭਿਆਗਤ ਏਹ ਨ ਆਖੀਅਹਿ" ਤੇ "ਹੋਵਾਂ ਪੰਡਿਤੁ ਜੋਤਕੀ" ਕੱਟ ਕੇ ਮਹਲਾ ੩ ਦੀ ਤਖਤੀ ਵਿਚ ਪਾ ਦਿੱਤੇ ਹਨ। ਮਹਲਾ ੧ ਅਤੇ ਮਹਲਾ ੩ ਦੇ ਰਲੇ ਮਿਲੇ ਸਲੋਕ ਨੰਬਰ ੮੨, (ਮਨਮੁਖ ਦਹਦਿਸਿ ਫਿਰਿ ਰਹੇ), ਤਕ ਤਾਂ ਛਪੇ ਗ੍ਰੰਥ ਨਾਲ ਰਲਦੇ ਸਨ, ਪਰ ਮਗਰਲਾ, ਅਥਵਾ ਸਲੋਕ ਨੰਬਰ ੮੩, ਨਹੀਂ ਰਲਦਾ ਸੀ। ਇਸ ਨੂੰ ਭੰਨ ਕੇ ਕੁਹਜੇ ਜੇਹੇ ਹੱਥ ਨਾਲ ਛਪੇ ਗ੍ਰੰਥ ਵਾਲਾ ਇਹ ਸਲੋਕ ਲਿਖਿਆ ਹੋਇਆ ਹੈ:

ਹਰਿ ਹਰਿ ਨਾਮੁ ਧਿਆਇ ਮਨੁ

ਅੱਗੇ ਚਲ ਕੇ ਮਹਲਾ ੩ ਦੇ ਸਲੋਕਾਂ ਵਿੱਚੋਂ ੯੨ਵਾਂ ਸਲੋਕ ਕਟਿਆ ਹੋਇਆ ਹੈ। ਹੋਰ ਅਗੇਰੇ ੧੦੦ਵਾਂ ਸਲੋਕ ਤੇ ਸ਼ਾਇਦ ੧੦੧ਵਾਂ ਸਲੋਕ ਵੀ ਹੜਤਾਲ ਨਾਲ ਕੱਟ ਕੇ ਛਪੇ ਗ੍ਰੰਥ ਵਾਲੇ ਦੋ ਸਲੋਕ: "ਨਾਨਕ ਹੁਕਮ ਵਸੈ ਖਸਮ ਕਾ . . ." ਅਤੇ "ਭੁਲਿਆ ਆਪ ਸਮਝਾਇਸੀ . . ." ਲਿਖੇ ਹੋਏ ਹਨ।

ਇਸ ਕੱਟ ਵੱਢ ਦਾ ਸਮੁੱਚਾ ਨਤੀਜਾ ਇਹ ਕਿ ਸਲੋਕਾਂ ਦਾ ਬਦਲਿਆ ਕ੍ਰਮ ਛਪੇ ਗ੍ਰੰਥ ਦੇ ਕ੍ਰਮ ਦਾ ਅਨੁਸਾਰੀ ਹੋ ਗਇਆ ਹੈ। ਮਹਲਾ ੩ ਤੋਂ ਅਗੇ ਮਹਲਾ ੪ ਦੇ ਸਲੋਕ ਸ਼ੁਰ ਹੋ ਜਾਂਦੇ ਹਨ ਜਿਨ੍ਹਾਂ ਦੇ ਅੰਤ ਤੇ ਨੰਬਰ ੧੨੯-੧੩੧ ਤਕ ਦੇ ਸਲੋਕ ਕੱਟ ਕੇ ਛਪੇ ਗ੍ਰੰਥ ਦੇ ਅਨੁਸਾਰੀ ਬਣਾਏ ਗਏ ਹਨ।

ਮਹਲਾ ੫ ਦਾ ਸਲੋਕ ਨੰਬਰ ੧੫੦ ਵੀ ਹੜਤਾਲ ਫੇਰ ਕੇ ਕਟਿਆ ਹੋਇਆ ਹੈ। ਇੰਞ ਪ੍ਰਤੀਤ ਹੁੰਦਾ ਹੈ ਕਿ ਇਹ ਵੀ ਵਾਧੂ ਸੀ। ਚਲਦੇ ਅੰਕਾਂ ਤੋਂ ਪਤਾ ਲਗਦਾ ਹੈ ਕਿ

ਪਹਲਾਂ ਗ੍ਰੰਥ ਵਿਚ ਕੁੱਲ ੧੫੫ ਸਲੋਕ ਸਨ, ਦੋ ਕੱਟ ਕੇ ੧੫੩ ਕੀਤੇ ਹੋਏ ਹਨ, ਜੋ ਛਪੇ ਗ੍ਰੰਥ ਸਾਹਿਬ ਵਾਲਾ ਨੰਬਰ ਹੈ।

੧੧. ਮੁੰਦਾਵਣੀ ਤੇ ਸਲੋਕ "ਤੇਰਾ ਕੀਤਾ ਜਾਤੋ ਨਾਹੀ", ਸਲੋਕ ਵਾਰਾਂ ਤੇ ਵਧੀਕ ਦੇ ਅੰਤ ਤੇ ਆਏ ਹਨ। ਸਵੱਯੇ ਮੁਖ ਬਾਕਜ ਤੇ ਸਵੱਯੇ ਭੱਟਾਂ ਕੇ ਇਨ੍ਹਾਂ ਦੇ ਮਗਰ ਹਨ (ਪੱਤੀ ੪੪੨/ੳ)।

੧੨. ਭੱਟ ਰਚਿਤ "ਸਵੱਯੇ ਮਹਲੇ ਦੂਜੇ ਕੇ" ਦੇ ਅੰਤਲੇ ਸਵੱਯੇ ਵਿਚ ਪਾਠ "ਸੁ ਕਹੁ ਟਲ ਗੁਰ ਸੇਵੀਐ" ਹੀ ਹੈ (ਪੱਤੀ ੪੪੪/ਅ)।

੧੩. ਵਾਰਾਂ ਨਾਲ ਇਸ ਗ੍ਰੰਥ ਵਿਚ ਧੁਨੀਆਂ ਲਿਖੀਆਂ ਹੋਈਆਂ ਹਨ। ਅੰਤ ਵਿਚ "ਸੁਧੁ" ਜਾਂ "ਸੁਧੁ ਕੀਚੈ" ਆਦਿ ਪਦ ਨਹੀਂ ਹਨ।

੧੪. ਰਾਗਾਂ ਦੇ ਅੰਤ ਤੇ ਬਾਣੀ ਦੇ ਜੋੜ ਮਹੱਲਿਆਂ ਅਨੁਸਾਰ ਦਿੱਤੇ ਹੋਏ ਹਨ। ਕਿਤੇ ਕਿਤੇ ਤੇ ਜੁਮਲਾ ਪਦ ਵੀ ਵਰਤਿਆ ਮਿਲਦਾ ਹੈ।

੧੫. ਹੋਰਨਾਂ ਬੀੜਾਂ ਵਿਚ ਮਿਲਦੀ ਫਾਲਤੂ ਬਾਣੀ ਇਸ ਬੀੜ ਵਿਚ ਨਹੀਂ ਹੈ।

੧੯. ਜੋਗਰਾਜ ਲਿਖਿਤ ਗ੍ਰੰਥ ਸਾਹਿਬ
(ਸੰਮਤ ੧੭੨੪)

ਇਹ ਬੀੜ ਇਸ ਵਕਤ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੇ ਅਜਾਇਬ ਘਰ ਵਿਚ ਐਕਸੈਸ਼ਨ ਨੰਬਰ ੧੧੫੩੩੮ ਉਪਰ ਸੁਰੱਖਿਅਤ ਹੈ। ਇੱਥੇ ਇਹ ਸਵਰਗਵਾਸੀ ਗਿਆਨੀ ਹਰਿੰਦਰ ਸਿੰਘ ਰੂਪ ਦੇ ਪੁਸਤਕਾਲੇ ਨਾਲ ਪਹੁੰਚੀ। ਗਿਆਨੀ ਹਰਿੰਦਰ ਸਿੰਘ ਰੂਪ ਦਾ ਸੰਬੰਧ, ਸਿੱਖ ਵਿਦਵਾਨਾਂ ਦੇ ਉਸ ਵੰਸ਼ ਨਾਲ ਸੀ ਜਿਸ ਵਿਚ ਗਿਆਨੀ ਸੂਰਤ ਸਿੰਘ (ਕਰਤਾ 'ਗਿਆਨ ਰਤਨਾਵਲੀ' ਤੇ 'ਸਿੱਖਾਂ ਦੀ ਭਗਤਮਾਲਾ'), ਗਿਆਨੀ ਸੰਤ ਸਿੰਘ (ਵਿਦਿਆ-ਦਾਤਾ ਕਵਿ-ਚੂੜਾਮਣੀ ਭਾਈ ਸੰਤੋਖ ਸਿੰਘ ਜੀ) ਤੇ ਗਿਆਨੀ ਸੰਤ ਸਿੰਘ ਦੇ ਸਪੁਤ੍ਰ ਗਿਆਨੀ ਗੁਰਮੁਖ ਸਿੰਘ (ਅਧਿਆਪਕ ਮਹਾਰਾਜਾ ਸ਼ੇਰ ਸਿੰਘ ਅਤੇ ਦਰਬਾਰ ਖਾਲਸਾ ਵੱਲੋਂ ਥਾਪੇ ਗਏ ਗ੍ਰੰਥੀ ਸ੍ਰੀ ਹਰਿਮੰਦਿਰ ਸਾਹਿਬ) ਸਨ। ਇਹ ਗ੍ਰੰਥ ਇਨ੍ਹਾਂ ਮਹਾਨ ਵਿਅਕਤੀਆਂ ਵੱਲੋਂ ਹੀ ਵਿਰਾਸਤ ਵਿਚ ਗਿਆਨੀ ਹਰਿੰਦਰ ਸਿੰਘ ਰੂਪ ਨੂੰ ਪਹੁੰਚਿਆ ਤੇ ਉਨ੍ਹਾਂ ਦੇ ਚਲਾਣੇ ਮਗਰੋਂ ਉਨ੍ਹਾਂ ਦੇ ਸਪੁਤ੍ਰ ਨੇ ਪੰਜਾਬੀ ਯੂਨੀਵਰਸਿਟੀ ਨੂੰ ਭੇਂਟ ਕਰ ਦਿੱਤਾ।

ਅੰਕਣ-ਵਿਧੀ : ਗ੍ਰੰਥ ਦਾ ਪਤ੍ਰਾ ਨੰਬਰ ੧ ਲੋਪ ਹੈ। ਗ੍ਰੰਥਾਕਾਰ ਨੇ ਖੁਲ੍ਹੇ ਗ੍ਰੰਥ ਦੇ ਖੱਬੇ ਹਿੱਸੇ ਨੂੰ ਪਹਲਾ ਅੱਧ ਤੇ ਸੱਜੇ ਹਿੱਸੇ ਨੂੰ ਦੂਜਾ ਅੱਧ ਮੰਨ ਕੇ ਪਤ੍ਰਿਆਂ ਨੂੰ ਅੰਕ ਲਾਉਣ ਦੀ ਵਿਧੀ ਅਪਣਾਈ ਹੈ। ਅੰਕ ਖੁਲ੍ਹੇ ਗ੍ਰੰਥ ਦੇ ਖੱਬੇ ਹੱਥ ਵਾਲੇ ਪੰਨੇ ਉਪਰ ਲੱਗੇ ਹੋਏ ਹਨ ਜਿਸ ਨੂੰ ਅਸੀਂ ਪਤ੍ਰਾ ਅੰਕ ਦੇ ਥੱਲੇ ੧ ਪਾ ਕੇ ਤੇ ਸੱਜੇ ਹੱਥ ਵਾਲੇ ਪੰਨੇ ਦੇ ਥੱਲੇ ੨ ਪਾ ਕੇ ਦਰਸਾਇਆ ਹੈ।

ਨੀਸਾਣ ਤੇ ਲਿਖਣ-ਕਲਾ : ਇਸ ਬੀੜ ਦੀ ਪਹਲੀ ਵਿਸ਼ੇਸ਼ਤਾ ਇਹ ਹੈ ਕਿ ਇਸ ਗ੍ਰੰਥ ਦੇ ਮੁੱਢ ਵਿਚ ਤਤਕਰੇ ਤੋਂ ਪਹਲਾਂ ਗੁਰੂ ਤੇਗ ਬਹਾਦੁਰ ਦੇ ਕਰ ਕਮਲਾਂ ਨਾਲ ਲਿਖਿਆ ਮੂਲਮੰਤ੍ਰ ਨੀਸਾਣ ਵਜੋਂ ਸੁਸ਼ੋਭਿਤ ਹੈ (ਦੇਖੋ ਪਲੇਟ XXXIII ਚਿਤ੍ਰ ੨੯)। ਇਹ ਵਖਰੇ ਕਾਗਜ਼ ਤੇ ਲਿਖਵਾ ਕੇ ਗ੍ਰੰਥ ਦੇ ਪਤ੍ਰਾ ੨/੧ ਉੱਤੇ ਚਸਪਾਂ ਕੀਤਾ ਹੋਇਆ ਹੈ। ਗ੍ਰੰਥ ਦੇ ਇਸ ਪਤ੍ਰੇ ਦੇ ਅਗਲੇ, ਅੱਧ ਉੱਤੇ, ਜਿਸ ਨੂੰ ਅਸੀਂ ਪਤ੍ਰਾ ੨/੨ ਕਹਾਂਗੇ, ਗ੍ਰੰਥ ਦੇ ਲਿਖੇ ਜਾਣ ਦੀ ਮਿਤੀ ਤੇ ਇਸ ਦੇ ਲਿਖਾਰੀ ਬਾਰੇ ਇਹ ਸੂਚਨਾ ਆਈ ਹੈ :

ੴ ਸਤਿਗੁਰੂ ਪ੍ਰਸਾਦਿ
ਸੰਮਤੁ ੧੭੨੪ ਮਾਘ ਵਦੀ ਏਕਮ

ਗਿਰੰਥ ਲਿਖਿਆ ਸਪੂਰਣੁ ਸਹੀ ॥
ਜੋਗਰਾਜ ਲਿਖਿਆ
(ਬੁਧਵਾਰ ਪਹਰ ਦਿਨ ਚੜੇ ਤੇ)[1]
ਸੰਪੂਰਣ ਸਹੀ ਸ੍ਰੀ ਸਤਿ ॥

ਸੰਮਤੁ ੧੭੨੮ ਮਘ
ਮਘਿ ਵਦੀ ਚਉਥ ੪
ਸਾਹਿਬ ਜੋਗਰਾਜ ਜੀ
ਸਮਾਣੇ ਆਇਤਵਾਰ ॥

ਇਸੇ ਟੂਕ ਦੇ ਸਾਮ੍ਹਣੇ, ਪੰਨੇ ਦੇ ਸੱਜੇ ਹੱਥ, "ਚਲਿਤ੍ਰ ਜੋਤੀ ਜੋਤਿ ਸਮਾਵਣ ਹਨ। ਇਹ ਸ੍ਰੀ ਹਰਿਕ੍ਰਿਸ਼ਨ ਜੀ ਦੇ ਜਹਾਨਾਬਾਦ (ਦਿੱਲੀ) ਵਿਚ ਸੰਮਤ ੧੦ ਚੇਤ ਸੁਦੀ ੧੪ ਬੁਧਵਾਰ ਨੂੰ ਹੋਏ ਚਲਾਣੇ ਤੇ ਮੁਕਦੇ ਹਨ। ਪਤ੍ਰਾ ਅੰਕ ੩/੨ ਉਪਰ ਹੈ, ਉਹ ਫਿਰ ਬੜੀ ਮਹੱਤਵਪੂਰਣ ਹੈ। ਉਸ ਵਿਚ ਪੂਰਾ ਮੂਲਮੰਤ੍ਰ ਲਿਖ ਕੇ ਹੇਠਾਂ ਲਿਖਿਆ ਹੋਇਆ ਹੈ :

ਸਤਵੇਂ ਮਹਲ ਕਿਆ ਅਖਰਾਂ ਕੀ ਨਕਲ

ਸਲੋਕ ॥ ਧਰ ਜੀਅੜੇ ਇਕ ਟੇਕ ਤੂ ਲਾਹਿ ਵਿਡਾਣੀ ਆਸ ॥
ਨਾਨਕ ਨਾਮੁ ਧਿਆਇ ਤੂ ਤੇਰੇ ਕਾਰਜ ਆਵਹਿ ਰਾਸ ॥ ੧ ॥

ਸਿਰਮੌਰ ਵਿਚਿ ਥਪਲੁ ਕੇ ਡੇਰੇ ਤਖਤ ਉਤੇ ਬੈਠਿਆ ਇਕੁ ਪਹਰੁ ਦੁਇ ਘ
ਦਿਨੁ ਚੜਿਆ ਸੀ ਤੀਸਰੀ ਦੇ ਅਮਲ, ਮੰਗਲਵਾਰ ਪੋਹ ਮਾਹ ਦੇ ਪਿਛ
ਲਿਖਿਆ ਵਾਚੇਗਾ ਸੋ ਨਿਹਾਲੁ ਹੋਵੇਗਾ ਉਸ ਦਾ ਜਮਣੁ ਮਰਣੁ ਕਟੀਐਗਾ ਗੁ
ਵਾਕ ਹੈ।

ਲਿਖਾਰੀ ਨੇ ਇਹ ਨਹੀਂ ਦੱਸਿਆ ਕਿ ਸਤਵੇਂ ਪਾਤਸਾਹ ਦੇ ਹੱਥੀਂ ਲਿਖਿ ਸਲੋਕ ਉਸ ਕਿਸ ਥਾਂ ਤੋਂ ਅਥਵਾ ਕਿਸ ਗ੍ਰੰਥ ਤੋਂ ਨਕਲ ਕੀਤਾ ਹੈ। ਜ਼ਾਹਿਰ ਸਲੋਕ ਦੇ ਹੇਠਾਂ ਲਿਖੀ ਟਿੱਪਣੀ ਦਾ ਸੰਬੰਧ ਵੀ ਮੂਲ ਲਿਖਤ ਨਾਲ ਸੀ, ਜੋ ਸਲੋਕ ਕਰਨ ਵਾਲੇ ਨੇ ਨਾਲ ਹੀ ਲਿਖ ਲਈ। ਸਲੋਕ ਦੇ ਸਿਰਮੌਰ ਰਿਆਸਤ ਵਿਚ "ਥ ਨਾਂ ਦੇ ਡੇਰੇ ਵਿਚ ਗੁਰੂ ਸਾਹਿਬ ਦੇ ਹੱਥੀਂ ਤਖਤ ਤੇ ਬੈਠਿਆਂ ਲਿਖੇ ਜਾਣ ਦਾ ਪਤਾ ਹੈ। ਥਪਲ ਕੀਰਤਪੁਰ ਦੇ ਲਾਗੇ ਉਹ ਸਥਾਨ ਹੈ ਜਿਥੇ ਛੇਵੇਂ ਪਾਤਸ਼ਾਹ ਸਮਾਏ ਸਨ ਦਾ ਲਿਖਾਰੀ ਭਾਈ ਜੋਗਰਾਜ ਇਸ ਥਾਂ ਦੇ ਕਿਤੇ ਨੇੜੇ ਤੇੜੇ ਰਹਿੰਦਾ ਹੋਣਾ ਹੈ। ਗੁਰੂ ਹਰਿ

---

[1]ਮਿਤੀ ਦੇ ਬ੍ਰੈਕਟਾਂ ਵਿਚ ਦਿਖਾਏ ਹਿੱਸੇ ਉਪਰ ਹੜਤਾਲ ਫਿਰੀ ਹੋਈ ਹੈ, ਪਰ ਪੜ੍ਹਿਆ ਹੈ।

ਜੀ ਦੀਆਂ ਲਿਖਤਾਂ ਤਕ ਉਸ ਦੀ ਰਸਾਈ ਜ਼ਰੂਰ ਸੀ। ਸੰਭਵ ਹੈ ਕਿ ਜਿਸ ਬੀੜ ਤੋਂ ਉਹ ਨਕਲ ਕਰ ਰਹਿਆ ਸੀ, ਉਸ ਵਿਚ ਹੀ ਗੁਰੂ ਹਰਿ ਰਾਏ ਦੇ ਹੱਥਾਂ ਨਾਲ ਲਿਖਿਆ ਇਹ ਸਲੋਕ ਹੋਵੇ। ਜੇ ਇਹ ਠੀਕ ਹੈ ਤਾਂ ਜੋਗਰਾਜ ਜੀ ਦੇ ਬਾਣੀ ਨਕਲ ਕਰਨ ਦਾ ਸ੍ਰੋਤ ਕੋਈ ਪ੍ਰਮਾਣਿਕ ਸੰਚਾ ਸੀ। ਇਸ ਗੱਲ ਦੀ ਪ੍ਰੋੜ੍ਹਤਾ ਉਪਰ ਟੂਕ ਵਿਚ ਤਿੰਨ ਵਾਰ ਆਏ ਇਹ ਸ਼ਬਦ ਵੀ ਕਰਦੇ ਲਗਦੇ ਹਨ :

ਗਿਰੰਥ ਲਿਖਿਆ ਸੰਪੂਰਣ ਸਹੀ

ਇਸ ਗ੍ਰੰਥ ਦੀ ਇਸ ਵੇਲੇ ਦੀ ਸਥਿਤੀ ਕੁਝ ਬਦਲੀ ਹੋਈ ਹੈ। ਇਹ ਤਬਦੀਲੀ ਇਸ ਬੀੜ ਵਿਚ ਨੌਵੇਂ ਮਹਲ ਦੀ ਬਾਣੀ ਚੜ੍ਹਾਣ ਸਮੇਂ ਵਾਪਰੀ। ਇਹ ਬਾਣੀ ਕਦੋਂ ਚੜ੍ਹਾਈ ਗਈ ? – ਇਸ ਦਾ ਕੋਈ ਸੰਕੇਤ ਨਹੀਂ ਮਿਲਦਾ। ਪਰੰਤੂ ਕੀਤੀ ਗਈ ਤਬਦੀਲੀ ਤੋਂ ਇਹ ਸਿੱਧ ਹੁੰਦਾ ਹੈ ਕਿ ਉਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੌਜੂਦਾ ਸਰੂਪ ਪੱਕਾ ਹੋ ਚੁਕਿਆ ਸੀ। ਅੰਦਾਜ਼ੇ ਨਾਲ ਇਹ ਤਬਦੀਲੀ ਸੰਮਤ ੧੮੫੦ ਬਿਕ੍ਰਮੀ ਦੇ ਨੇੜੇ ਤੇੜੇ ਕਿਤੇ ਕੀਤੀ ਗਈ। ਕੀਤੀਆਂ ਗਈਆਂ ਨਵੀਆਂ ਤਬਦੀਲੀਆਂ ਕਿਸੇ ਅੱਡਰੇ ਹੱਥ ਦੀਆਂ ਹਨ; ਤੇ ਜੋ ਨਵੇਂ ਪਤ੍ਰੇ ਪਾਏ ਗਏ ਹਨ, ਉਹ ਬਹੁਤੇ ਪੁਰਾਣੇ ਨਹੀਂ। ਖੈਰ, ਓਦੋਂ ਨਵੇਂ ਲਿਖਾਰੀ ਨੇ ਇਸ ਦੇ ਕੁਝ ਰਾਗਾਂ ਨੂੰ ਅੱਗੇ ਪਿੱਛੇ ਕਰਕੇ ਇਸ ਬੀੜ ਨੂੰ ਮੌਜੂਦਾ ਬੀੜਾਂ ਦੀ ਸ਼ਕਲ ਵਿਚ ਲਿਆਂਦਾ; ਦੂਜੇ, ਇਸ ਵਿਚ ਕੁਝ ਨਵੇਂ ਪਤ੍ਰੇ ਪਾ ਕੇ ਨੌਵੇਂ ਮਹਲ ਦੀ ਬਾਣੀ ਚੜ੍ਹਾਈ; ਇਸ ਦੇ ਨਾਲ ਹੀ ਉਸ ਇਸ ਬੀੜ ਵਿਚ ਉਸ ਵੇਲੇ ਤਕ ਪ੍ਰਚਲਿਤ ਹੋ ਚੁਕੀਆਂ ਕੁਝ ਫਾਲਤੂ ਬਾਣੀਆਂ ਨੂੰ ਥਾਂ ਦਿੱਤੀ। ਬਾਵਜੂਦ ਇਨ੍ਹਾਂ ਤਬਦੀਲੀਆਂ ਦੇ ਥੋੜ੍ਹੀ ਜਿਹੀ ਬਾਰੀਕ-ਬੀਨੀ ਨਾਲ ਇਸ ਗ੍ਰੰਥ ਦੇ ਮੁੱਢਲੇ ਸਰੂਪ ਨੂੰ, ਜਿਸ ਬਾਰੇ ਲੇਖਕ ਨੇ "ਸੰਪੂਰਣ ਤੇ ਸਹੀ" ਵਿਸ਼ੇਸ਼ਣ ਵਰਤੇ ਹਨ, ਲਭ ਸਕਣਾ ਔਖਾ ਨਹੀਂ ਹੈ।

ਗ੍ਰੰਥ ਦੀ ਮੁਢਲੀ ਨੁਹਾਰ : ਲਿਖਾਰੀ ਜੋਗਰਾਜ ਦੇ ਦੱਸੇ ਇਸ "ਸੰਪੂਰਣ ਤੇ ਸਹੀ" ਗ੍ਰੰਥ ਵਿਚ ਜਪੁ, ਸੋ ਦਰੁ, ਸੋ ਪੁਰਖ ਤੇ ਕੀਰਤਿ ਸੋਹਿਲਾ ਤੋਂ ਬਿਨਾ ਰਾਗੁ ਜੈਜਾਵੰਤੀ ਨੂੰ ਕੱਢ ਕੇ ਤੀਹ ਰਾਗ ਸਨ; ਪਰੰਤੂ ਇਨ੍ਹਾਂ ਰਾਗਾਂ ਦਾ ਕ੍ਰਮ ਹੁਣ ਵਾਲਾ ਨਹੀਂ ਸੀ। ਓਥੇ ਰਾਗ ਕਾਨੜਾ ਤੇ ਕਲਿਆਨ, ਰਾਗੁ ਮਾਲੀ ਗਉੜਾ ਤੋਂ ਬਾਅਦ ਤੇ ਮਾਰੂ ਤੋਂ ਪਹਲਾਂ ਸਨ। ਇਹ ਗੱਲ ਗ੍ਰੰਥ ਦੇ ਮੁੱਢ ਵਿਚ ਲਗੇ ਤਤਕਰਿਆਂ ਤੋਂ ਅਤੇ ਉਨ੍ਹਾਂ ਅੰਦਰ ਰਾਗਾਂ ਦੇ ਪਾਠ ਵਾਲੇ ਪਤ੍ਰਿਆਂ ਨੂੰ ਲਗੇ ਅੰਕਾਂ ਤੋਂ ਵੀ ਸਿੱਧ ਹੁੰਦੀ ਹੈ। ਇਨ੍ਹਾਂ ਦੋਹਾਂ ਰਾਗਾਂ ਨੂੰ ਨੌਵੇਂ ਮਹਲ ਦੀ ਬਾਣੀ ਚੜ੍ਹਾਣ ਵਾਲੇ ਲੇਖਕ ਨੇ ਆਪਣੀ ਮੁੱਢਲੀ ਥਾਂ ਤੋਂ ਹਿਲਾ ਕੇ ਅਜੋਕੀਆਂ ਬੀੜਾਂ ਵਾਲੇ ਕ੍ਰਮ ਵਿਚ ਲਿਆਂਦਾ।

ਭੋਗ ਦੀਆਂ ਬਾਣੀਆਂ ਦੇ ਕ੍ਰਮ ਤੋਂ ਪਤਾ ਲਗਦਾ ਹੈ ਕਿ ਗ੍ਰੰਥ ਮੂਲ ਰੂਪ ਵਿਚ ਸੇਖ ਫ਼ਰੀਦ ਜੀ ਦੇ ਸਲੋਕਾਂ ਤੇ ਸਮਾਪਤ ਹੁੰਦਾ ਸੀ। ਫ਼ਰੀਦ ਜੀ ਦੇ ਸਲੋਕਾਂ ਦੇ ਪਿੱਛੋਂ ਆਈ ਇਹ ਸੂਚਨਾ ਵੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ :

ਗਿਰੰਥ ਸੰਪੂਰਣ ਸਹੀ ਭੁਲੇ ਚੁਕੇ ਬਖਸ ਦੇਣੇ ਸ੍ਰੀ ਸਤਿਗੁਰੂ ਪ੍ਰਸਾਦਿ ਜੀ
ਸਾਹਿਬ ਜੋਗਰਾਜ ਜੀ ਲਿਖਿਆ।

ਬਜ਼ੁਰਗ ਲਿਖਾਰੀ ਜੋਗਰਾਜ ਵੱਲੋਂ ਗ੍ਰੰਥ ਦੀ ਸਮਾਪਤੀ ਦੀ ਇਹ ਘੋਸ਼ਣਾ ਇਸ ਗੱਲ ਦਾ ਪਤਾ ਦੇਂਦੀ ਹੈ ਕਿ ਮੂਲ ਗ੍ਰੰਥ ਇੱਥੇ ਆ ਕੇ ਮੁਕ ਜਾਂਦਾ ਸੀ। ਫਲਸਰੂਪ ਇਸ ਦੇ ਪਿੱਛੋਂ ਜੋ ਕੁਝ ਗ੍ਰੰਥ ਵਿਚ ਸ਼ਾਮਿਲ ਹੋਇਆ, ਉਹ ਮੁੱਢਲੀ ਬਾਣੀ ਦਾ ਅੰਗ ਨਹੀਂ ਸੀ; ਤੇ ਇਸ ਗ੍ਰੰਥ ਦੀ ਹਾਲਤ ਵਿਚ ਉਹ ਵੀ ਬਹੁਤ ਕੁਝ ਨਹੀਂ ਸੀ; ਕੇਵਲ ਗੁਰੂ ਨਾਨਕ ਦੇ ਨਾਂ 'ਤੇ ਚਲਦਾ ਸਲੋਕ : "ਜਿਤ ਦਰੁ ਲਖ ਮੁਹੰਮਦਾ" (ਤਿੰਨ ਬੰਦ) ਅਤੇ "ਸਿਆਹੀ ਕੀ ਬਿਧਿ" (ਪਤ੍ਰਾ ੬੫੭/ਅ)। ਤਦੋਂ ਇਸ ਵਿਚ ਨ "ਰਤਨਮਾਲਾ", ਨ "ਰਾਗੁਮਾਲਾ" ਤੇ ਨ "ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ" ਸੀ।

ਇਸ ਮੁੱਢਲੇ ਗ੍ਰੰਥ ਦੀਆਂ ਵਾਰਾਂ ਉਪਰ ਧੁਨੀਆਂ ਲਿਖੀਆਂ ਹੋਈਆਂ ਸਨ, ਵਾਰਾਂ ਦੇ ਸਲੋਕਾਂ ਨਾਲ ਮਹੱਲੇ ਅੰਕਿਤ ਸਨ ਅਤੇ ਦੋ ਵਾਰਾਂ, ਅਥਵਾ ਵਾਰ ਰਾਗੁ ਗਉੜੀ ਤੇ ਵਾਰ ਰਾਗੁ ਆਸਾ, ਦੇ ਪਿੱਛੇ ਕ੍ਰਮਵਾਰ ਹਿਦਾਇਤੀ ਪਦ "ਸੁਧ ਕੀਚੈ" ਤੇ "ਸੁਧੁ" ਲਿਖੇ ਹੋਏ ਸਨ; ਹੋਰਨਾਂ ਵਾਰਾਂ ਪਿੱਛੇ ਇਹ ਪਦ ਨਹੀਂ ਸਨ ਆਏ, ਜਿਸ ਤੋਂ ਪਤਾ ਲਗਦਾ ਹੈ ਕਿ ਇਹ ਬੀੜ ਕਰਤਾਰਪੁਰੀ ਬੀੜ ਵਾਲੀ ਸ਼ਾਖਾ ਤੋਂ ਨਹੀਂ ਸੀ ਆਈ, ਭਾਵੇਂ ਕੁਝ ਕੁ ਹਿੱਸੇ ਉਸ ਜਾਂ ਉਸ ਦੀ ਕਿਸੇ ਸ਼ਾਖਾ ਨਾਲ ਮਿਲਾ ਕੇ ਸੋਧੇ ਹੋਏ ਸਨ। ਸੁਧਾਈ ਕੀਤੇ ਜਾਣ ਦੀ ਪੁਸ਼ਟੀ ਹੇਠ ਲਿਖੀਆਂ ਗੱਲਾਂ ਤੋਂ ਹੁੰਦੀ ਹੈ :-

ੳ) ਰਹਰਾਸਿ ਵਾਲੇ "ਸੋ ਪੁਰਖੁ" ਤੇ ਇਸ ਜੁੱਟ ਦੇ ਹੋਰਨਾਂ ਸ਼ਬਦਾਂ ਨਾਲ ਘਰੁ ਲਿਖੇ ਹੋਏ ਸਨ; ਉਹ ਮਗਰੋਂ ਹੜਤਾਲੇ ਗਏ, ਸ਼ਾਇਦ ਕਰਤਾਰਪੁਰੀ ਬੀੜ ਦਾ ਅਨੁਸਾਰੀ ਬਣਾਣ ਲਈ ਜਿਸ ਵਿਚ ਘਰੁ ਨਹੀਂ ਹਨ।

→ ਅ) ਕੀਰਤਨ ਸੋਹਿਲੇ ਦਾ ਪਹਿਲਾਂ ਸਿਰਲੇਖ ਇਹ ਸੀ : "ਰਾਗੁ ਗਉੜੀ ਮਹਲਾ ੧ ਸੋਹਿਲਾ"। ਇਸ ਨੂੰ ਹੜਤਾਲ ਕੇ ਨਵਾਂ ਸਿਰਲੇਖ ਇੰਞ ਲਿਖਿਆ ਗਇਆ : "ਸੋਹਿਲਾ ਮਹਲਾ ੧ ਰਾਗੁ ਗਉੜੀ ਦੀਪਕੀ"। ਕਰਤਾਰਪੁਰੀ ਬੀੜ ਨਾਲ ਹਾਲੀ ਵੀ ਫ਼ਰਕ ਰਹ ਗਇਆ ਹੈ ਜਿਸ ਦਾ ਸਿਰਲੇਖ "ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧" ਹੈ।

→ ੲ) ਕਰਤਾਰਪੁਰੀ ਬੀੜ ਦੇ ਵਿਪਰੀਤ ਸਿਰੀ ਰਾਗੁ ਇਸ ਬੀੜ ਵਿਚ ਪੂਰੇ ਮੂਲਮੰਤ੍ਰ ਨਾਲ ਸ਼ੁਰੂ ਹੁੰਦਾ ਸੀ। ਔਪਰ ਰਾਗੁ ਮਾਝ ਛੋਟੇ ਮੰਗਲ ਨਾਲ ਸ਼ੁਰੂ ਹੁੰਦਾ ਸੀ। ਉਸ ਨੂੰ ਹੜਤਾਲ ਕੇ ਹੁਣ ਪੂਰਾ ਮੂਲਮੰਤ੍ਰ ਪਾਇਆ ਹੋਇਆ ਹੈ। ਰਾਗੁ ਗੂਜਰੀ ਵੀ ਪਹਲਾਂ ਛੋਟੇ ਮੰਗਲ ਨਾਲ ਸੀ, ਹੁਣ ਪੂਰਾ ਮੰਗਲ ਪਾਇਆ ਹੋਇਆ ਹੈ। ਰਾਗੁ ਦੇਵਗੰਧਾਰੀ, ਬਿਹਾਗੜਾ ਤੇ ਜੈਤਸਰੀ ਦਾ ਆਰੰਭ ਵੀ ਇਸ ਬੀੜ ਵਿਚ ਕਰਤਾਰਪੁਰੀ ਬੀੜ ਦੇ ਵਿਪਰੀਤ ਪੂਰੇ ਮੂਲ ਮੰਤ੍ਰ ਨਾਲ ਹੈ।

ਸ) ਸਿਰੀ ਰਾਗੁ ਦੀ ਵਾਰ ਦੇ ਅੰਤ 'ਤੇ "ਸੁਧੁ" ਨਹੀਂ ਹੈ, ਪਰੰਤੂ ਵਾਰ ਰਾਗੁ ਆਸਾ ਦੇ ਪਿੱਛੇ ਇਹ ਪਦ ਮੌਜੂਦ ਹੈ, ਇਸ ਤਰ੍ਹਾਂ : "੨੪॥੧॥੩੧੨॥ ਸੁਧੁ"। ਕਰਤਾਰਪੁਰੀ

ਬੀੜ ਨਾਲੋਂ ਇਸ ਵਿਚ ਅੰਕ ੩੧੨ ਵਧੇਰੇ ਹੈ। ਵਾਰ ਰਾਗੁ ਬਿਹਾਗੜਾ ਦੇ ਮਗਰ ਵੀ "ਸੁਧੁ" ਕਿਸੇ ਨੇ ਪਿੱਛੋਂ ਵਧਾਇਆ ਹੋਇਆ ਹੈ।

ਹ) ਸਿਰੀ ਰਾਗੁ ਵਿਚਲੀ ਬੇਣੀ ਭਗਤ ਦੀ ਬਾਣੀ ਨੂੰ ਮੰਗਲ ਪਾ ਕੇ ਦੂਸਰੀ ਬਾਣੀ ਨਾਲੋਂ ਨਿਖੇੜਿਆ ਹੋਇਆ ਹੈ ਤੇ ਨਾਲ ਹੀ ਸਿਰਲੇਖ ਵਿਚ ਹੇਠਾਂ ਮੋਟੇ ਅੱਖਰਾਂ ਵਿਚ ਦਿੱਤੇ ਸ਼ਬਦ ਵਧਾਏ ਹੋਏ ਹਨ। ਇਹ ਪਹਿਲਾਂ ਮੌਜੂਦ ਨਹੀਂ ਸਨ।

ਸਿਰੀ ਰਾਗੁ ਬਾਣੀ ਭਗਤ ਬੇਣੀ ਜੀਉ ਕੀ
ਪਹਰਿਆ ਕੈ ਘਰਿ ਗਾਵਣਾ।

ਇਹ ਸੂਚਨਾ ਕਰਤਾਰਪੁਰੀ ਬੀੜ ਦੇ ਅਨੁਸਰਣ ਵਿਚ ਪਾਈ ਗਈ ਲਗਦੀ ਹੈ।

ਕ) ਰਾਗੁ ਕਾਨੜਾ ਵਿਚ ਘਰਾਂ ਨਾਲ ਮੰਗਲ ਬਹੁਤ ਥਾਈਂ ਵਧਾਏ ਹੋਏ ਹਨ, ਪਹਲਾਂ ਨਹੀਂ ਸਨ। ਇਹ ਵੀ ਕਰਤਾਰਪੁਰੀ ਬੀੜ ਦੀ ਪੈਰਵੀ ਵਿਚ ਕੀਤਾ ਗਇਆ ਲਗਦਾ ਹੈ।

ਤਤਕਰੇ : ਇਸ ਮੁੱਢਲੇ ਗ੍ਰੰਥ ਵਿਚ ਉਧ ਵੇਲੇ ਚੱਲੀ ਪਰਿਪਾਟੀ ਅਨੁਸਾਰ ਤਿੰਨ ਤਤਕਰੇ ਸਨ : ਸੂਚੀਪਤ੍ਰ ਪੋਥੀ ਕਾ, ਤਤਕਰਾ ਤਤਕਰੇ ਕਾ ਅਤੇ ਤਤਕਰਾ ਸ਼ਬਦਾਂ ਕਾ, ਜੋ ਹੁਣ ਵੀ ਓਵੇਂ ਜਿਵੇਂ ਹਨ। ਤਤਕਰੇ ਬੜੇ ਸਾਫ਼ ਹਨ, ਕੋਈ ਕਟਵੱਢ ਨਹੀਂ। ਭਾਵੇਂ ਇਹ ਗ੍ਰੰਥ, ਜਿਵੇਂ ਕਿ ਉਪਰ ਸੰਕੇਤ ਹੋ ਚੁਕਿਆ ਹੈ, ਕਰਤਾਰਪੁਰੀ ਬੀੜ ਵਾਲੀ ਸ਼ਾਖਾ ਦਾ ਅਨੁਸਰਣ ਕਰਦਾ ਲਗਦਾ ਹੈ, ਤਾਂ ਵੀ ਇਸ ਦੀਆਂ ਆਪਣੀਆਂ ਕੁਝ ਵਿਲੱਖਣਤਾਵਾਂ ਸਨ ਜੋ ਹੇਠ ਲਿਖੇ ਅਨੁਸਾਰ ਵਰਣਿਤ ਕੀਤੀਆਂ ਜਾ ਸਕਦੀਆਂ ਹਨ :—

ਵਿਲੱਖਣਤਾਵਾਂ

੧) ਜਪੁ ਪਾਠ ਵਾਲੇ ਪਹਲੇ ਦੋ ਪਤ੍ਰੇ ਬਾਅਦ ਵਿਚ ਕਿਸੇ ਹੋਰ ਹੱਥ ਦੇ ਤੇ ਵਖਰੇ ਕਾਗਜ਼ 'ਤੇ ਲਿਖ ਕੇ ਪਾਏ ਗਏ ਹਨ। ਇਸ ਕਾਰਣ ਜਪੁ ਦੀ ਮੁੱਢਲੀ ਸਥਿਤੀ ਬਾਰੇ ਕੁਝ ਕਹ ਸਕਣਾ ਸੰਭਵ ਨਹੀਂ ਹੈ।

੨) ਸਿਰੀ ਰਾਗੁ ਵਿਚ ਕਈ ਚਉਪਦਿਆਂ ਦੀ ਰਹਾਉ ਦੀ ਤੁਕ ਦੇ ਅੰਤ 'ਤੇ ਰਹਾਉ ਤੋਂ ਪਹਲਾਂ ਅੰਕ (੧) ਨਹੀਂ ਸੀ, ਮਗਰੋਂ ਦਰੁਸਤੀ ਵਜੋਂ ਪਾਇਆ ਗਇਆ ਹੈ, ਗਉੜੀ ਨਟ ਨਾਰਾਇਣ ਤੇ ਰਾਮਕਲੀ ਵਿਚ ਵੀ ਰਹਾਉ ਦੀ ਤੁਕ ਨਾਲ ਅੰਕ ੧ ਕਈ ਥਾਈਂ ਮਗਰੋਂ ਪਾਏ ਹੋਏ ਹਨ। ਭਗਤ ਕਬੀਰ ਜੀ ਦੇ ਦੋਵੇਂ ਸ਼ਬਦ ਇਕਸਾਥ ਲਿਖ ਕੇ ਬੇ-ਮਿਸਲ ਹੋਣੋਂ ਬਚਾਏ ਹੋਏ ਹਨ (ਪਤ੍ਰਾ ੭੦/੧)। ਮੁੱਢ ਵਿਚ ਇਨ੍ਹਾਂ ਦੀ ਕੀ ਹਾਲਤ ਸੀ—ਇਸ ਬਾਰੇ ਪਤਾ ਨਹੀਂ, ਕਿਉਂਜੋ ਭਗਤਾਂ ਦੀ ਬਾਣੀ ਦਾ ਵੇਰਵਾ ਤਤਕਰੇ ਵਿਚ ਨਹੀਂ ਹੈ, ਪਰੰਤੂ ਦੁਹਰਾਈ ਪਿਛੋਂ ਦੀ ਸਥਿਤੀ ਇਹੀ ਹੈ।

੩) ਰਾਗੁ ਗਉੜੀ ਵਿਚ ਕਬੀਰ ਜੀ ਦਾ ਚੌਧਵਾਂ ਪਦਾ (ਐਸੋ ਅਚਰਜੁ ਕਬੀਰ) ਜੋ ਕਈ ਗ੍ਰੰਥਾਂ ਵਿਚ ਕਬੀਰ ਜੀ ਦੀ ਪੱਟੀ ਵਿਚ ਮਹਲਾ ੫ ਦਾ ਕਰਕੇ [illegible] ਹੋਇਆ ਹੈ, ਉਹ ਇਸ ਬੀੜ ਵਿਚ ਕਰਤਾਰਪੁਰੀ ਬੀੜ ਦੀ ਪੈਰਵੀ ਵਿਚ, "ਗਉੜੀ [illegible] ਜੀ ਕੀ ਨਾਲਿ ਰਲਾਇ ਕੈ ਲਿਖਿਆ ਮਹਲਾ ੫" ਦੇ ਸਿਰਲੇਖ ਹੇਠ ਆਇਆ [illegible] ੧੫੯/੫)। ਇਸ ਸਿਰਲੇਖ ਅਤੇ ਹੋਰਨਾਂ ਸਿਰਲੇਖਾਂ ਦੀ ਹਾਲਤ ਵਿਚ ਵੀ, ਇਹ ਕਰਤਾਰਪੁਰੀ ਬੀੜ ਦਾ ਅਨੁਸਰਣ ਕਰਦੀ ਦਿਸਦੀ ਹੈ। ਭਗਤਾਂ ਦੀ ਬਾਣੀ ਵਿਚ [illegible] ਵਜੋਂ ਭਗਤ ਦਾ ਨਾਂ ਤੇ ਰਾਗੁ ਦਾ ਨਾਂ ਆਏ ਸਨ। ਸੁਧਾਈ ਵਾਲੇ ਨੇ ਭਗਤਾਂ ਕੱਟ ਕੇ ਕੇਵਲ ਗਉੜੀ ਰਹਣ ਦਿੱਤਾ ਹੈ।

੪) ਰਾਗੁ ਆਸਾ ਮਹਲਾ ੧ ਘਰੁ ੨ ਦੇ ਵੀਹਵੇਂ ਸ਼ਬਦ ਵਿਚ ਪਾਠ "ਪ [illegible] ਸੀ, ਮਗਰੋਂ "ਪਹਿਰੂਆਰਾ" ਕੀਤਾ ਹੋਇਆ ਹੈ (ਪਤ੍ਰਾ ੧੬੯/੧)। ਰਾਗੁ ਆਸਾ ਦ [illegible] ਵਿਚ ਅਨੁਨਾਸਿਕਤਾ ਨੂੰ ਪ੍ਰਗਟਾਉਣ ਲਈ ਬਿੰਦਿਆਂ ਦਾ ਪ੍ਰਯੋਗ ਹੋਇਆ ਮਿਲਦਾ ਹੈ

ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥
ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥

੫) ਰਾਗੁ ਗੂਜਰੀ ਮਹਲਾ ੫ ਦੀ "ਨਾਥ ਨਰਹਰ ਦੀਨ" ਵਾਲੀ ਅਸ਼ਟਪਦ [illegible] ਪਾਠ "ਦੇਤ ਦਰਸ਼ਨ" ਹੀ ਆਇਆ ਹੈ (੨੨੬/੧)। ਤ੍ਰਿਲੋਚਨ ਜੀ ਦਾ ਪਦਾ "[illegible] ਪਰਸੀ ਕਾਹਿ" ਹਾਸ਼ੀਏ ਵਿਚ ਲਿਖਿਆ ਸੀ, ਮਗਰੋਂ ਕੱਟ ਦਿੱਤਾ ਗਇਆ ਹੈ।

੬) ਰਾਗੁ ਸੋਰਠਿ ਵਿਚਲੇ ਕਬੀਰ ਜੀ ਦੇ ਸ਼ਬਦ (ਬੇਦ ਪੁਰਾਨ ਸਭੈ) [illegible] "ਖਲਾਸੇ" ਹੈ (ਪੱਤੀ ੨੮੭/੨)। ਕਬੀਰ ਜੀ ਦਾ ਸ਼ਬਦ "ਅਉਧੂ ਸੋ ਜੋਗੀ ਗੁਰ [illegible] ਇਕ ਪੰਗਤੀ ਰੱਖ ਕੇ ਬਾਕੀ ਦੇ ਸ਼ਬਦ ਅਗੇ ਬਿੰਦੇ ਪਾ ਕੇ ਪਾਠ ਤੋਂ ਖ਼ਾਰਿਜ ਕੀਤਾ ਹੋ[illegible] (ਪਤ੍ਰਾ ੨੮੮/੧)। ਸੋਰਠਿ ਵਿਚ ਰਵਿਦਾਸ ਦਾ ਪਦਾ "ਸੁਖ ਸਾਗਰ ਸੁਰਤਰੁ [illegible] ਪ੍ਰਾਪਤ ਹੈ।

੭) ਰਾਗੁ ਧਨਾਸਰੀ ਵਿਚ ਸ਼ਬਦ "ਨਦਰਿ ਕਰੇ ਤਾਂ ਸਿਮਰਿਆ ਜਾਇ" ਸਿਰਲੇਖ "ਮਹਲਾ ੧" ਨਹੀਂ, "ਮਹਲਾ ੩" ਹੈ (ਪਤ੍ਰਾ ੨੯੧/੧)।

੮) ਰਾਗੁ ਤਿਲੰਗ ਦਾ ਸ਼ਬਦ, "ਹਰਿ ਕੀਆ ਕਥਾ ਕਹਾਣੀਆ" ਇਸ ਬੀ[illegible] "ਮਹਲਾ ੪" ਦੇ ਸ਼ੀਰਸ਼ਕ ਅਧੀਨ ਦਰਜ ਹੈ (ਪਤ੍ਰਾ ੩੨੨/੨), ਜਦੋਂ ਕਿ ਵਿਚ ਇਹ ਮਹਲਾ ੧ ਦੀ ਪੱਟੀ ਵਿਚ ਆਇਆ ਹੈ।

੯) ਰਾਗੁ ਗੋਂਡ ਵਿਚ ਨਾਮਦੇਵ ਦੇ ਸੱਤ ਸ਼ਬਦਾਂ ਦਾ ਕ੍ਰਮ ਛਪੇ ਗ੍ਰੰਥ ਨਾ[illegible] ਹੈ; ਵਿਚਲੇ ਤਿੰਨ ਸ਼ਬਦਾਂ ਨੇ ਅੱਗੇ ਪਿੱਛੇ ਆ ਕੇ ਫ਼ਰਕ ਪਾਇਆ ਹੈ। ਬੀੜ [illegible]

ਗ੍ਰੰਥ ਵਿਚ ਕ੍ਰਮ ਇਸ ਪ੍ਰਕਾਰ ਹਨ :

ਪ੍ਰਤੀਕ	ਬੀੜ ਵਿਚਲਾ ਕ੍ਰਮਾਂਕ	ਛਪੇ ਗ੍ਰੰਥ ਦਾ ਕ੍ਰਾਂਮਕ
ਹਰਿ ਹਰਿ ਕਰਤ ਮਿਟੇ	੩	੫
ਮੋ ਕਉ ਤਾਰ ਲੇ ਰਾਮਾ	੪	੩
ਮੋਹਿ ਲਾਗਤੀ ਤਾਲਾਬੇਲੀ	੫	੪

ਇਸ ਨਾਲ "ਹਰਿ ਹਰਿ ਕਰਤ ਮਿਟੇ" ਵਾਲਾ ਚਉਪਦਾ ਘਰੁ ੨ ਦਾ ਨ ਰਹ ਕੇ ਘਰੁ ੧ ਦਾ ਬਣ ਗਇਆ ਹੈ; ਹੋਰ ਕੋਈ ਫ਼ਰਕ ਨਹੀਂ ਪਇਆ ।

੧੦. ਰਾਗੁ ਰਾਮਕਲੀ ਮਹਲਾ ੫ ਦਾ ਕਥਿਤ ਛੰਤ "ਰੁਣ ਝੁੰਝਨੜਾ ਗਾਵਹੁ" ਇਸ ਬੀੜ ਵਿਚ ਨਹੀਂ ਹੈ। ਇਸ ਬੀੜ ਵਿਚ ਰਾਗੁ ਰਾਮਕਲੀ ਦੇ ਓਅੰਕਾਰ ਨਾਲ "ਦਖਣੀ" ਲਿਖਣ ਦੀ ਭੁੱਲ ਕੀਤੀ ਹੋਈ ਹੈ (ਪਤ੍ਰਾ ੪੨੫/੧) ।

੧੧. ਰਾਗੁ ਮਾਰੂ ਦੀਆਂ ਅਸ਼ਟਪਦੀਆਂ ਵਿੱਚੋਂ ੭ ਛਪੇ ਗ੍ਰੰਥ ਵਾਲੀਆਂ ਹਨ; ਇਕ "ਲਾਲੇ ਗਾਰਬੁ ਛੋਡਿਆ" ਮਹਲਾ ੧ ਦੀ ਪੱਟੀ ਵਿਚ ਨਹੀਂ, ਸਗੋਂ ਮਾਰੂ ਮਹਲਾ ੩ ਦੀ ਤਖਤੀ ਵਿਚ ਦਿੱਤੀ ਹੋਈ ਹੈ (੪੭੮/੨)। ਇੰਞ ਕਰਤ੍ਰਿਤਵ ਦਾ ਫ਼ਰਕ ਪੈ ਗਇਆ ਹੈ । ਇਸ ਰਾਗੁ ਦੇ ਕਬੀਰ ਜੀ ਦੇ ਸਾਰੇ ਚਉਪਦੇ ਠੀਕ ਕ੍ਰਮ ਵਿਚ ਕੀਤੇ ਹੋਏ ਹਨ; ਨਾਮਦੇਵ ਤੇ ਜੈਦੇਵ ਜੀ ਦੇ ਚਉਪਦਿਆਂ ਨੂੰ ਵੀ ਛਪੇ ਗ੍ਰੰਥ ਵਾਲੇ ਗਲਤ ਕ੍ਰਮ ਵਿੱਚੋਂ ਕੱਢ ਕੇ ਇਕਸਾਰ ਕੀਤਾ ਹੋਇਆ ਹੈ (ਪਤ੍ਰਾ ੫੨੫) ।

੧੨. ਰਾਗੁ ਮਾਰੂ ਵਿਚ ਰਵਿਦਾਸ ਜੀ ਦਾ ਰਾਗੁ ਸੋਰਠਿ ਵਾਲਾ ਸ਼ਬਦ "ਸੁਖ ਸਾਗਰ ਸੁਰਤਰੁ ਚਿੰਤਾਮਨਿ" ਪਹਲਾਂ ਇਸ ਗ੍ਰੰਥ ਵਿਚ ਦੁਹਰਾਇਆ ਹੋਇਆ ਨਹੀਂ ਸੀ; ਮਗਰੋਂ ਕਿਸੇ ਨੇ ਅੰਤ 'ਤੇ ਲਿਖ ਕੇ ਵਧਾ ਦਿੱਤਾ ਹੈ (ਪਤ੍ਰਾ ੫੨੫)। ਮੀਰਾ ਬਾਈ ਦਾ ਕਥਿਤ ਪਦਾ "ਮਨ ਹਮਾਰਾ ਬਾਧਿਓ ਮਾਈ" ਇਸ ਬੀੜ ਵਿਚ ਨਹੀਂ ਹੈ ।

੧੩) ਰਾਗੁ ਭੈਰਉ ਦੀ ਭਗਤ ਬਾਣੀ ਵਿਚ ਸਿਰਲੇਖ ਵਜੋਂ ਭਗਤ ਦਾ ਨਾਂ ਨਹੀਂ ਆਇਆ, ਕੇਵਲ "ਭੈਰਉ" ਲਿਖਿਆ ਹੈ ।

੧੪. ਰਾਗੁ ਬਸੰਤ ਦਾ ਚਉਪਦਾ "ਬਸਤ੍ਰ ਉਤਾਰਿ ਦਿਗੰਬਰੁ ਹੋਗੁ" ਇਸ ਬੀੜ ਵਿਚ ਮਹਲਾ ੧ ਦਾ ਕਰਕੇ ਲਿਖਿਆ ਹੈ ਤੇ ਇਕਤੁਕਾ "ਸਾਹਿਬ ਭਾਵੈ ਸੇਵਕ ਸੇਵਾ ਕਰੈ" ਮਹਲਾ ੩ ਦਾ ਲਿਖਿਆ ਹੈ । ਇਸ ਰਾਗੁ ਦੇ ਮਹਲਾ ੧ ਘਰੁ ੨ ਨਾਲ ਮੰਗਲ ਨਹੀਂ ਹੈ । ਇਸੇ ਘਰੁ ਦੇ ਗਿਆਰਵੇਂ ਚਉਪਦੇ, "ਰਾਜਾ ਬਾਲਕੁ ਨਗਰੀ ਕਾਚੀ" ਦਾ ਚੌਥਾ ਬੰਦ "ਕਹਿਆ ਸੁਣਹਿ ਨ ਖਾਇਆ ਮਾਨਹਿ" ਪਾਠ ਵਾਲਾ ਇਸ ਬੀੜ ਵਿਚ ਪ੍ਰਾਪਤ ਹੈ (ਪਤ੍ਰਾ ੫੫੧/੨)। ਬਸੰਤ ਕੀ ਵਾਰ ਮਹਲਾ ੫ ਪਹਲਾਂ ਇਸ ਗ੍ਰੰਥ ਵਿਚ ਨਹੀਂ ਸੀ, ਮਗਰੋਂ ਕਿਸੇ ਨੇ ਪਤ੍ਰੇ ਦੇ ਅੰਤ 'ਤੇ ਅਤੇ ਕੁਝ ਕੁ ਹਾਸ਼ੀਏ ਵਿਚ ਲਿਖ ਕੇ ਵਧਾ ਦਿੱਤੀ ਹੈ (ਪਤ੍ਰਾ ੫੫੭/੨ ।

ਕਬੀਰ ਜੀ ਦਾ ਰਾਗੁ ਬਸੰਤ ਦਾ ਚਉਪਦਾ, "ਸੁਰਹ ਕੀ ਜੈਸੀ ਤੇਰੀ ਚਾਲ" ਜੋ ਛਪੇ ਗ੍ਰੰਥ ਵਿਚ ਰਵਿਦਾਸ ਜੀ ਦੇ ਚਉਪਦਿਆਂ ਦੇ ਮਗਰ, ਅੰਤ 'ਤੇ ਦਿੱਤਾ ਹੋਇਆ ਹੈ, ਇਸ ਬੀੜ ਵਿਚ ਕਬੀਰ ਜੀ ਦੇ ਚਉਪਦਿਆਂ ਦੀ ਪੱਟੀ ਵਿਚ ਪਾ ਕੇ ਬਾ-ਮਿਸਲ ਕੀਤਾ ਹੋਇਆ ਹੈ ।

੧੫. ਰਾਗੁ ਸਾਰੰਗ ਵਿਚ ਸੂਰਦਾਸ ਦਾ ਸ਼ਬਦ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ" ਇਸ ਬੀੜ ਵਿਚ ਨਹੀਂ ਹੈ । ਕਬੀਰ ਜੀ ਦੇ ਸ਼ਬਦ ਇੱਥੇ ਬਾ-ਮਿਸਲ ਹਨ ।

੧੬. ਰਾਗੁ ਮਲਾਰ ਮਹਲਾ ੫ ਘਰੁ ੨ ਦੇ ਅੰਤ 'ਤੇ "ਪ੍ਰਾਨ ਮਾਨ ਏਕ ਨਾਮੁ" ਵਾਲਾ ਪੰਜਵਾਂ ਚਉਪਦਾ ਇਸ ਬੀੜ ਵਿਚ ਹੈ ।

੧੭. ਰਾਗੁ ਕਾਨੜਾ ਮਹਲਾ ੫ ਘਰੁ ੨ ਦੇ ਮਗਰਲੇ ਘਰਾਂ ਦੇ ਮੁੱਢ ਵਿਚ ਮੰਗਲ ਨਹੀਂ ਸਨ, ਇਹ ਬਾਅਦ ਵਿਚ ਵਧਾਏ ਗਏ ਹਨ । ਇਸੇ ਤਰ੍ਹਾਂ ਰਾਗੁ ਕਲਿਆਨ ਭੁਪਾਲੀ ਮਹਲਾ ੪ ਤੇ ਕਲਿਆਨ ਮਹਲਾ ੫ ਘਰੁ ੨ ਨਾਲ ਮੰਗਲ ਨਹੀਂ ਸਨ, ਬਾਅਦ ਵਿਚ ਹਾਸ਼ੀਏ ਵਿਚ ਲਿਖੇ ਹੋਏ ਹਨ ।

੧੮. ਰਾਗੁ ਪ੍ਰਭਾਤੀ ਦੇ ਸ਼ੁਰੂ ਵਿਚ ਤੇ ਕਬੀਰ ਜੀ ਦੀ ਬਾਣੀ ਦੇ ਮੁੱਢ ਵਿਚ ਹੀ "ਬਿਭਾਸ" ਪਦ ਆਇਆ ਹੈ । ਅੰਦਰ "ਪ੍ਰਭਾਤੀ" ਹੀ ਹੈ (੬੨੦/੨) ।

੧੯) ਮੂਲ ਗ੍ਰੰਥ ਵਿਚ ਪ੍ਰਾਪਤ ਭੋਗ ਦੀ ਬਾਣੀ ਦਾ ਵਰਣਨ ਪਿੱਛੇ ਹੋ ਚੁੱਕਿਆ ਹੈ । ਇੱਥੇ ਧਿਆਨ ਯੋਗ ਗੱਲ ਇਹ ਹੈ ਕਿ ਇਸ ਵਿਚ ਮਹਲਾ ੧ ਤੇ ਮਹਲਾ ੨ ਦੇ ਸਹਸਕ੍ਰਿਤੀ ਸਲੋਕ, ਜੋ ਹੋਰਨਾਂ ਗ੍ਰੰਥਾਂ ਵਿਚ ਦਿੱਤੇ ਹੋਏ ਹਨ ਤੇ ਜਿਨ੍ਹਾਂ ਦੀ ਗਿਣਤੀ ਚਾਰ ਹੈ, ਇਸ ਬੀੜ ਵਿਚ ਨਹੀਂ ਸਨ । ਗ੍ਰੰਥ ਮਹਲਾ ੫ ਦੇ ਸਹਸਕ੍ਰਿਤੀ ਸਲੋਕਾਂ, ਗਾਥਾ, ਫੁਨਹੇ, ਚਉਬੋਲੇ, ਸਲੋਕ ਵਾਰਾਂ ਤੇ ਵਧੀਕ, ਸਵੱਈਏ ਮੁਖ ਬਾਕਜ, ਸਵੱਈਏ ਭੱਟਾਂ ਕੇ, ਸਲੋਕ ਕਬੀਰ ਜੀ ਕੇ ਤੋਂ ਹੁੰਦਾ ਹੋਇਆ ਸ਼ੇਖ਼ ਫ਼ਰੀਦ ਦੇ ਸਲੋਕਾਂ 'ਤੇ ਮੁਕਦਾ ਸੀ । ਅੰਤ 'ਤੇ "ਗਿਰੰਥ ਸੰਪੂਰਣ ਸਹੀ ਭੁਲੇ ਚੁਕੇ ਬਖਸ ਦੇਣੇ ਸ੍ਰੀ ਸਤਿਗੁਰੂ ਪ੍ਰਸਾਦਿ ਜੀ ਸਾਹਿਬ ਜੋਗਰਾਜ ਜੀ ਲਿਖਿਆ" ਦੀ ਸੂਚਨਾ ਵੀ ਦਰਜ ਸੀ । ਇਸ ਤੋਂ ਅਗੇ ਮਹਲਾ ੧ ਦੇ ਨਾਂ ਤੇ ਚਲਦੀ ਫਾਲਤੂ ਬਾਣੀ, "ਜਿਤ ਦਰੁ ਲਖ ਮੁਹੰਮਦਾ" ਦੇ ਤਿੰਨ ਬੰਦ ਅਤੇ ਸਿਆਹੀ ਕੀ ਬਿਧਿ ਦਰਜ ਸਨ, ਜੋ ਪਤ੍ਰਾ ੬੫੭ ਉਪਰ ਲਿਖੀ ਹੋਈ ਸੀ । ਬਸ ਇਹੀ ਇਸ ਦੀ ਮੁੱਢਲੀ ਕੈਫ਼ੀਅਤ ਸੀ ।

ਗ੍ਰੰਥ ਦਾ ਬਦਲਿਆ ਹੋਇਆ ਸਰੂਪ : ਹੁਣ ਇਸ ਦੇ ਬਦਲੇ ਹੋਏ ਸਰੂਪ ਦੀ ਕਹਾਣੀ ਸੁਣੋ । ਇਹ ਬਦਲੀ ਗੁਰੂ ਤੇਗ ਬਹਾਦਰ ਜੀ ਦੇ ਸਲੋਕ ਚੜ੍ਹਾਣ ਸਮੇਂ ਹੋਈ ਤੇ ਕਿਆਸ ਹੈ ਕਿ ਇਹ ਓਦੋਂ ਹੋਈ ਜਦੋਂ ਇਸ ਦੀ ਜਿਲਦ ਫਟ ਚੁਕੀ ਸੀ ਤੇ ਹਾਸ਼ੀਏ ਮੁਰੰਮਤ ਹੋਣਾ ਮੰਗਦੇ ਸਨ । ਓਦੋਂ ਇਕ ਤਾਂ ਇਸ ਵਿਚ ਜਪੁ ਸਾਹਿਬ ਦੇ ਮੁੱਢਲੇ ਦੋ ਪਤ੍ਰੇ ਜਿਹੜੇ ਫਟੇ ਹੋਏ ਸਨ, ਨਵੇਂ ਲਿਖ ਕੇ ਪਾਏ ਗਏ ।

ਦੂਜੇ, ਨੌਵੇਂ ਮਹਲ ਦੀ ਬਾਣੀ ਥਾਓਂ ਥਾਈਂ ਰਾਗਾਂ ਦੇ ਪਿੱਛੇ ਚੜ੍ਹਾਈ ਗਈ । ਇਸ ਦੇ ਚੜ੍ਹਾਣ ਦੀਆਂ ਥਾਵਾਂ ਉਹੀ ਹਨ ਜੋ ਛਪੇ ਗੰਥਾਂ ਵਿਚ ਹਨ, ਫ਼ਰਕ ਕੇਵਲ ਇਹ ਪਇਆ

ਕਿ ਰਾਗੁ ਜੈਜਾਵੰਤੀ ਨੂੰ ਜੈਤਸਰੀ ਦੇ ਮਗਰ ਰਖਿਆ ਗਇਆ। ਹੋਰ, ਰਾਗੁ ਕਾਨੜਾ ਤੇ ਕਲਿਆਨ ਨੂੰ ਆਪਣੀ ਮੁਢਲੀ ਥਾਂ ਤੋਂ ਚੁਕ ਕੇ ਅਜੋਕੀ, ਛਪੇ ਗ੍ਰੰਥ ਵਾਲੀ, ਸਥਿਤੀ ਵਿਚ ਲਿਆਂਦਾ ਗਇਆ, ਅਰਥਾਤ ਕਲਿਆਨ ਨੂੰ ਮਲਾਰ ਦੇ ਮਗਰੋਂ ਤੇ ਪ੍ਰਭਾਤੀ ਤੋਂ ਪਹਲਾਂ ਲੈ ਆਂਦਾ ਗਇਆ। ੬੨੫ ਤੋਂ ੬੪੯ ਤਕ ਦੇ ਮੁਢਲੇ ਪਤ੍ਰੇ ਕਢ ਕੇ, ਜਿਨ੍ਹਾਂ ਉਪਰ "ਸਲੋਕ ਵਾਰਾਂ ਤੇ ਵਧੀਕ" ਲਿਖੇ ਹੋਏ ਸਨ, ਬਾਕੀ ਪਤ੍ਰਿਆਂ ਦੇ ਅੰਕ ਬਦਲ ਕੇ ਭੋਗ ਦੀ ਸਮੁੱਚੀ ਬਾਣੀ ਨੂੰ ਅਜ ਕਲ੍ਹ ਪ੍ਰਵਾਣਿਤ ਕ੍ਰਮ ਵਿਚ ਲੈ ਆਂਦਾ ਗਇਆ। ਕਢੇ ਪਤ੍ਰਿਆਂ ਦੀ ਥਾਂ ਤੇ ਨਵੇਂ ਪਤ੍ਰੇ ਪਾ ਕੇ ਉਨ੍ਹਾਂ ਉਪਰ, ਨੌਵੇਂ ਮਹਲ ਨਾਲ ਸੰਮਿਲਿਤ "ਸਲੋਕ ਵਾਰਾਂ ਤੇ ਵਧੀਕ" ਸਾਰੇ ਲਿਖੇ ਤੇ ਗ੍ਰੰਥ ਦੇ ਅੰਤ ਵਿਚ ਮੁੰਦਾਵਣੀ ਤੇ ਸਲੋਕ "ਤੇਰਾ ਕੀਤਾ ਜਾਤੋ ਨਾਹੀ" ਨਾਲ ਰਖੇ ਗਏ। ਹੋਰ ਤਾਂ ਹੋਰ ਗ੍ਰੰਥ ਦੇ ਅੰਤ 'ਤੇ ਸਾਰੀ ਫ਼ਾਲਤੂ ਬਾਣੀ (ਸਲੋਕ : ਜਿਤ ਦਰੁ ਲਖ ਮੁਹੰਮਦਾ, ਬਾਇ ਆਤਿਸ਼ ਆਬ, ਰਤਨਮਾਲਾ, ਹਕੀਕਤ ਰਾਹ ਮੁਕਾਮ, ਤੇ ਰਾਗੁਮਾਲਾ ਵੀ) ਪਾ ਦਿੱਤੀ ਗਈ।

ਤੀਜੇ, ਉਸ ਵਕਤ ਤਕ ਮਾਨਤਾ ਪ੍ਰਾਪਤ ਕਰ ਚੁਕੇ ਗ੍ਰੰਥ ਦੀ ਰੀਸ ਵਿਚ ਸਲੋਕ ਸਹਸਕ੍ਰਿਤੀ ਮਹਲਾ ੫ ਤੋਂ ਪਹਲਾਂ ਮਹਲਾ ੧ ਦੇ ਚਾਰ ਸਹਸਕ੍ਰਿਤੀ ਸਲੋਕ ਵੀ ਲਿਖ ਦਿੱਤੇ ਗਏ ਅਤੇ ਕਈ ਥਾਵਾਂ 'ਤੇ ਨਵੇਂ ਸ਼ਬਦ ਜਿਨ੍ਹਾਂ ਨੂੰ ਲਿਖਾਰੀ ਨੇ ਛੁਟ ਗਏ ਮੰਨਿਆ, ਉਹ ਵੀ ਹਾਸ਼ੀਏ ਵਿਚ ਲਿਖ ਕੇ ਬੀੜ ਵਿਚ ਸ਼ਾਮਿਲ ਕਰ ਦਿੱਤੇ, ਜਿਵੇਂ ਰਵਿਦਾਸ ਦਾ ਸ਼ਬਦ, "ਸੁਖ ਸਾਗਰ ਸੁਰਤਰੁ ਚਿੰਤਾਮਨਿ", ਰਾਗੁ ਮਾਰੂ ਵਿਚ (ਪਤ੍ਰਾ ੫੨੫/ਅ), ਬਸੰਤ ਦੀ ਵਾਰ ਮਹਲਾ ੧ ਸੰਬੰਧਿਤ ਰਾਗੁ ਦੇ ਅੰਤ 'ਤੇ (ਪਤ੍ਰਾ ੫੬੦/ੳ) ਅਤੇ ਰਾਗੁ ਮਲਾਰ ਵਿਚ ਮਹਲਾ ੫ ਘਰੁ ੩ ਦਾ ਸ਼ਬਦ "ਪ੍ਰਾਨ ਮਾਨ ਏਕ ਨਾਮੁ"।

ਚੌਥੇ ਇਸ ਬੀੜ ਨੂੰ ਚਲ ਚੁਕੀ ਬੀੜ ਦਾ ਅਨੁਸਾਰੀ ਬਣਾਣ ਲਈ ਕਈ ਥਾਈਂ ਮੰਗਲ ਪਾਠ ਵਿਚ ਜਾਂ ਹਾਸ਼ੀਏ ਵਿਚ ਲਿਖੇ ਗਏ। ਉਦਾਹਰਣ ਵਜੋਂ, ਰਾਗੁ ਕਾਨੜਾ ਮਹਲਾ ੫ ਘਰੁ ੨ ਦੇ ਚਉਪਦਿਆਂ ਨਾਲ ਮੰਗਲ ਹਾਸ਼ੀਏ ਵਿਚ ਲਿਖ ਕੇ ਵਧਾਏ ਹੋਏ ਹਨ। ਇਸੇ ਤਰ੍ਹਾਂ ਰਾਗੁ ਕਲਿਆਨ ਮਹਲਾ ੪ ਭੂਪਾਲੀ ਨਾਲ ਤੇ ਮਹਲਾ ੫ ਘਰੁ ੨ ਨਾਲ ਮੰਗਲ ਬਾਅਦ ਵਿਚ ਹਾਸ਼ੀਏ ਵਿਚ ਲਿਖੇ ਗਏ ਹਨ। ਇਨ੍ਹਾਂ ਤੋਂ ਛੁਟ ਮੰਗਲਾਂ ਦੀ ਸਥਿਤੀ ਵਿਚ ਹੋਰਨਾਂ ਥਾਵਾਂ 'ਤੇ ਵੀ ਅਦਲਾ ਬਦਲੀ ਕੀਤੀ ਗਈ।

ਕੁਝ ਥਾਵਾਂ ਉੱਤੇ ਛੋਟੇ ਮੰਗਲ ਹੜਤਾਲ ਕੇ, ਉਨ੍ਹਾਂ ਦੀ ਥਾਂ ਮੂਲਮੰਤ੍ਰ ਲਿਖੇ ਹੋਏ ਹਨ। ਉਦਾਹਰਣ ਵਜੋਂ, ਰਾਗ ਮਾਝ ਤੇ ਵਾਰ ਰਾਗੁ ਆਸਾ, ਦੋਹਾਂ ਦੇ ਮੁੱਢ ਵਿਚ ਪਹਲਾਂ ਛੋਟੇ ਮੰਗਲ ਸਨ, ਪਰ ਹੁਣ ਮੂਲਮੰਤ੍ਰ ਵਿਦਮਾਨ ਹਨ। ਇਸ ਪਿਛਲੀ ਨਾਲ ਧੁਨੀ ਵੀ ਮਗਰੋਂ ਚੜ੍ਹਾਈ ਹੋਈ ਹੈ।

ਇਨ੍ਹਾਂ ਸਾਰੀਆਂ ਤਬਦੀਲੀਆਂ ਦਾ ਸਿੱਟਾ ਇਹ ਨਿਕਲਿਆ ਕਿ ਮੁੱਢਲਾ "ਸੰਪੂਰਣ ਤੇ ਸਹੀ" ਸੰਚਾ ਆਪਣੀ ਨੁਹਾਰ ਬਦਲ ਕੇ ਕੁਝ ਦਾ ਕੁਝ ਬਣ ਗਇਆ।

੨੦. ਸਾਰਨਕੇ ਵਾਲਾ ਗ੍ਰੰਥ
(ਸੰਮਤੁ ੧੭੨੮)

ਇਸ ਗ੍ਰੰਥ ਦਾ ਜ਼ਿਕਰ ਜੀ. ਬੀ. ਸਿੰਘ ਨੇ ਵੀ ਕੀਤਾ ਹੈ ਅਤੇ ਲਿਖਿਆ ਹੈ ਕਿ ਇਹ ਬੀੜ ਅਜੇਹੀ ਹੀ ਪ੍ਰਮਾਣਿਕ ਹੈ ਜੇਹੀ ਕੋਈ ਹੋਰ ਜੋ ਹੁਣ ਮੌਜੂਦ ਹੈ।[1]

ਮੂਲ ਵਿਚ ਇਹ ਗ੍ਰੰਥ ਸਾਰਨਕੇ, ਜ਼ਿਲਾ ਲਾਹੌਰ ਵਿਚ ਭਾਈ ਫੇਰੂ ਅਥਵਾ ਸੰਗਤ ਸਾਹਿਬ ਜੀ ਦੀ ਧਰਮਸਾਲਾ ਵਿਚ ਸਥਿਤ ਸੀ। ਉਥੋਂ ਇਸ ਨੂੰ ਦੇਸ਼-ਵੰਡ ਪਿੱਛੋਂ ਮਲ਼ਸੀਹਾ, ਤਹਸੀਲ ਜ਼ੀਰਾ, ਜ਼ਿਲਾ ਫੀਰੋਜ਼ਪੁਰ ਦੇ ਵਸਣੀਕ ਗਿਆਨੀ ਕੁੰਦਨ ਸਿੰਘ ਜੀ ਨੇ ਪੰਜਾਬ ਦੇ ਇਸ ਹਿੱਸੇ ਵਿਚ ਲਿਆਂਦਾ। ਇਸ ਤੋਂ ਗੁਰਦਵਾਰਾ ਇਨਸਪੈੱਕਟਰ ਭਾਈ ਰਣਧੀਰ ਸਿੰਘ ਤੇ ਉਨ੍ਹਾਂ ਦੀ ਟੋਲੀ ਨੇ ਵੀ, ਜੋ ਗਿਆਨ ਸਿੰਘ ਗਤਕੱਈ ਤੇ ਗਿਆਨੀ ਕੁੰਦਨ ਸਿੰਘ ਨਾਲ ਸੰਮਿਲਿਤ ਸੀ, ਗੁਰਬਾਣੀ ਪਾਠਾਂ ਦੀ ਸੁਧਾਈ ਲਈ ਚੋਖਾ ਲਾਭ ਉਠਾਇਆ। ਅੱਜ ਕਲ ਇਹ ਗ੍ਰੰਥ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚ ਐਕਸੇਸ਼ਨ ਨੰਬਰ ੧੨੨੯ ਉਪਰ ਉਪਲਬਧ ਹੈ।

ਲਿਖਣ-ਕਾਲ : ਇਹ ਗ੍ਰੰਥ ੧੭੨੮ ਬਿ. ਦੀ ਲਿਖਤ ਹੈ ਜਿਵੇਂ ਕਿ ਇਸ ਦੇ ਅੰਤ 'ਤੇ (ਪਤ੍ਰਾ ੬੭੭/੨) ਆਈ ਇਸ ਟੂਕ ਤੋਂ ਪਤਾ ਚਲਦਾ ਹੈ :

> ੧ੴ ਸਤਿਗੁਰ ਪ੍ਰਸਾਦਿ ॥
>
> ਸੰਬਤੁ ੧੭੨੮ ਗਿਰੰਥੁ ਗੁਰੂ ਸੰਗਤਿ ਕਾ ਸੰਪੂਰਨੁ ਹੋਆ ॥ ਸਿਖੁ ਲਿਖਣ ਵਾਲਾ ਭੁਲਾ ਚੁਕਾ ਵਾਧਾ ਘਾਟਾ ਬਖਸਣਾ ਪੂਰੇ ਗੁਰੂ ਦੇ ਅਮਰਿ ਸੰਗਤਿ ਦੇ ਅਮਰਿ ਬਖਸਿ ਲੈਣਾ ॥ ਬਿਰਦ ਦਾ ਸਦਕਾ ਹਰਿ ਬਾਬ ਖਸਮਾਨਾ ਕਰਣਾ ॥ ਅਗੈ ਇਸ ਜੀਅ ਦੀ ਰਖਿਆ ਕਰਣੀ ਬਾਬੇ ਨਾਨਕ ਦੇ ਨਾਇ ਦਰਗਾਹ ਖਸਮਾਨਾ ਕਰਣਾ ॥ ਸਰਣਿ ਗੁਰੂ ਸੰਗਤਿ ਦੀ ਰਖਣਾ ਏਹੁ ਜੀਉ ਸਾਸਿ ਸਾਸਿ ਭੁਲਣ ਵਿਚਿ ਹੈ ਪਰੁ ਆਪਣੇ ਬਿਰਦ ਦਾ ਸਦਕਾ ਰਖਿਆ ਕਰਣੀ ਤੁਸਾਡਾ ਬਿਰਦੁ ਹੈ ਤੁਸਾਡਾ ਬਿਰਦੁ ਹੈ ਜੀ ॥

ਆਕਾਰ ਤੇ ਆਕ੍ਰਿਤੀ : ਸਾਰਾ ਗ੍ਰੰਥ ਤਤਕਰਿਆਂ ਸਮੇਤ, ਇਕ ਹੀ ਹੱਥ ਦਾ ਲਿਖਿਆ ਹੋਇਆ ਹੈ। ਆਕਾਰ ਇਸ ਦਾ ੨੪ ਸੈ. ਮੀ. × ੩੫ ਸੈ. ਮੀ. (ਲਿਖਤ ੧੬ ਸੈ. ਮੀ. × ੨੮ ਸੈ.ਮੀ.) ਤੇ ਸ਼ਕਲ ਕਿਤਾਬੀ ਹੈ। ਹਰੇਕ ਪੰਨੇ ਉਪਰ ੩੦ ਪਾਲਾਂ ਹਨ ਤੇ ਹਰੇਕ ਪਾਲ

---

[1]ਪ੍ਰਾਚੀਨ ਬੀੜਾਂ, ਪੰਨੇ ੨੦੩-੨੦੫.

ਵਿਚ ਲਗਪਗ ੯ ਤੋਂ ੧੨ ਤਕ ਸ਼ਬਦ। ਪੰਨੇ ਦੇ ਸੱਜੇ ਤੇ ਖੱਬੇ ਦੋਹਾਂ ਪਾਸਿਆਂ 'ਤੇ ਪੰਜ ਧਾਰੀਆਂ (ਕਾਲੀ + ਲਾਲ + ਕਾਲੀ + ਲਾਲ + ਕਾਲੀ) ਨਾਲ ਹਾਸ਼ੀਆ ਲੱਗਾ ਹੋਇਆ ਹੈ। ਖੱਬੇ ਪਾਸੇ ਦੇ ਹਾਸ਼ੀਏ ਵਿਚ ਵਹੀ ਕਾਲੀ ਲਕੀਰ ਦੇ ਕੀਮੀਆਈ ਅਮਲ ਕਾਰਣ ਬਹੁਤੇ ਪਤ੍ਰੇ ਹਾਸ਼ੀਏ ਤੋਂ ਛਿੱਜੇ ਹੋਏ ਹਨ; ਜਿਲਦ ਟੁੱਟੀ ਹੋਈ ਤੇ ਬੀੜ ਚੋਖੀ ਖ਼ਸਤਾ ਹਾਲਤ ਵਿਚ ਹੈ, ਤਾਂ ਵੀ, ਪਾਠ ਸਭ ਥਾਂ ਅਮਨ ਅਮਾਨ ਸਾਬਤ ਹਨ ਤੇ ਪੜ੍ਹਨ ਵਿਚ ਕੋਈ ਔਖਿਆਈ ਨਹੀਂ ਆਉਂਦੀ।

ਅੰਕਣ-ਵਿਧੀ : ਅੰਕ ਇਸ ਬੀੜ ਵਿਚ ਆਰੰਭਿਕ, ਤਤਕਰਿਆਂ ਵਾਲੇ, ਪਤ੍ਰਿਆਂ ਉੱਤੇ ਲੱਗੇ ਹੋਏ ਨਹੀਂ ਹਨ; ਪਰੰਤੂ ਬਾਣੀ-ਪਾਠ ਵਾਲੇ ਪੱਤ੍ਰਿਆਂ ਉੱਤੇ, ਖੁੱਲ੍ਹੇ ਗ੍ਰੰਥ ਦੇ ਸੱਜੇ ਹੱਥ ਵਾਲੇ ਪਾਸੇ, ਹਾਸ਼ੀਏ ਵਿਚ, ਉਪਰ ਕਰਕੇ, ਲੱਗੇ ਹੋਏ ਹਨ। ਪਤ੍ਰਿਆਂ ਦੀ ਕੁੱਲ ਗਿਣਤੀ ੬੭੯ ਹੈ। ਲਿਖਾਰੀ ਨੇ ਖੁੱਲ੍ਹੇ ਗ੍ਰੰਥ ਦਾ ਖੱਬੇ ਹੱਥ ਵਾਲਾ ਪੰਨਾ ਤੇ ਸੱਜੇ ਹੱਥ ਵਾਲਾ ਪੰਨਾ ਲੈ ਕੇ ਪਤ੍ਰਾ ਪੂਰਾ ਹੋਇਆ ਮੰਨਿਆ ਹੈ। ਇਹ ਗੱਲ ਤਤਕਰਿਆਂ ਵਿਚ ਦਿੱਤੇ ਪਤ੍ਰਾ-ਅੰਕਾਂ ਤੋਂ ਵਿਦਿਤ ਹੁੰਦੀ ਹੈ। ਇੰਞ ਇਸ ਗ੍ਰੰਥ ਦੀ ਅੰਕ ਲਾਉਣ ਦੀ ਵਿਧੀ ਵਿਗਿਆਨਕ ਨਹੀਂ।

ਚਲਿਤ੍ਰ ਸਮਾਵਣ ਕੇ : ਮੁੱਢਲੇ ਤਿੰਨ ਪਤ੍ਰੇ ਖਾਲੀ ਹਨ। ਅਗਲੇ ਅੰਕ-ਵਿਹੀਨ ਪਤ੍ਰੇ ਉਪਰ ਚਲਿਤ੍ਰ ਜੋਤੀ ਜੋਤਿ ਸਮਾਵਣ ਕੇ ਲਿਖੇ ਹੋਏ ਹਨ। ਇਹ ਅਠਵੀਂ ਪਾਤਸ਼ਾਹੀ, ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ, ਦੇ ਸਮਾਵਣ ਤੇ ਮੁਕਦੇ ਹਨ ਤੇ ਸਾਧਾਰਣ ਢੰਗ ਨਾਲ ਸਮਾਵਣ ਮਿਤੀ, ਸੰਮਤ ਤੇ ਸਥਾਨ ਦੱਸ ਕੇ ਸਮਾਪਤ ਹੁੰਦੇ ਹਨ।

ਤਤਕਰੇ : ਇਸ ਤੋਂ ਅਗਲੇ ਪਤ੍ਰੇ ਉਪਰ "ਤਤਕਰਾ ਰਾਗਾਂ ਕਾ" ਚਲਦਾ ਹੈ• ਜੋ ਵਾਸਤਵ ਵਿਚ ਉਹੀ ਕੁਝ ਹੈ ਜਿਸ ਨੂੰ ਹੋਰਨਾਂ ਬੀੜਾਂ ਵਿਚ "ਸੂਚੀਪਤ੍ਰ ਪੋਥੀ ਕਾ" ਲਿਖਿਆ ਹੁੰਦਾ ਹੈ। ਇੰਞ ਪ੍ਰਤੀਤ ਹੁੰਦਾ ਹੈ ਕਿ ਇੱਥੇ ਵੀ "ਸੂਚੀਪਤ੍ਰ ਪੋਥੀ ਕਾ" ਲਿਖਿਆ ਹੋਇਆ ਸੀ ਪਰ ਮਗਰੋਂ ਇਹ ਸੂਚਨਾ ਉਪਰਲੇ ਸਿਰਲੇਖ ਦੀ ਥਾਂ 'ਤੇ ਭਰ ਦਿੱਤੀ ਗਈ। ਇਸ ਤਤਕਰੇ ਵਿਚ ਜਪੁ, ਸੋ ਦਰੁ, ਕੀਰਤਿ (ਕੀਰਤਨ) ਸੋਹਿਲਾ ਦੇ ਮਗਰੋਂ ਸਿਰੀ ਰਾਗੁ ਤੋਂ ਸ਼ੁਰੂ ਹੋ ਕੇ ਤੀਹ ਰਾਗ ਅਜ-ਕਲ੍ਹ ਦੇ ਪ੍ਰਮਾਣਿਕ ਕ੍ਰਮ ਵਿਚ ਦਰਜ ਹਨ। ਭੋਗ ਦੀ ਬਾਣੀ ਦਾ ਵੇਰਵਾ ਤੇ ਕ੍ਰਮ ਉਹੀ ਹੈ ਜੋ ਛਪੇ ਗ੍ਰੰਥ ਦਾ ਹੈ। ਇਸ ਤਰ੍ਹਾਂ ਸਮਾਪਤੀ ਇਸ ਗ੍ਰੰਥ ਦੀ "ਸਲੋਕ ਵਾਰਾਂ ਤੇ ਵਧੀਕ" ਤੇ ਹੁੰਦੀ ਹੈ।

'ਤਤਕਰਾ ਰਾਗਾਂ ਕਾ" ਦੇ ਮਗਰ "ਤਤਕਰਾ ਬਾਣੀ ਕਾ" ਹੈ। ਇਹ ਉਹੀ ਹੈ ਜਿਸ ਨੂੰ ਦੂਜੀਆਂ ਬੀੜਾਂ ਵਿਚ "ਤਤਕਰਾ ਸ਼ਬਦਾਂ ਕਾ" ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਹ ਬੜੀ ਸੁਘੜਤਾ ਨਾਲ ਤਿਆਰ ਕੀਤਾ ਹੋਇਆ ਹੈ। ਪ੍ਰਤੀਕਾਂ ਦੇ ਖੱਬੇ ਹੱਥ ਪੰਨਿਆਂ (ਭਾਵ ਪਤ੍ਰਿਆਂ) ਦੇ ਅੰਕ ਦਿੱਤੇ ਹੋਏ ਹਨ ਤੇ ਪ੍ਰਤੀਕਾਂ ਦੇ ਸੱਜੇ ਹੱਥ ਸ਼ਬਦਾਂ ਦੇ ਕ੍ਰਮਾਂਕ ਹਨ। ਪਹਲੇ ਤਤਕਰੇ ਵਾਂਙ ਇਹ ਵੀ ਦੋ ਕਾਲਮੀ ਬਣਾਇਆ ਹੋਇਆ ਹੈ। ਹਰੇਕ ਕਾਲਮ ਉਪਰ ਚੱਲ

ਰਹੇ ਰਾਗੁ ਦਾ ਸੰਕੇਤ, ਸਿਰਲੇਖ ਰੂਪ ਵਿਚ, ਦਿੱਤਾ ਹੋਇਆ ਹੈ। ਹੋਰ ਖੂਬੀ ਇਹ ਹੈ ਕਿ ਇਸ ਵਿਚ ਭਗਤਾਂ ਦੀਆਂ ਬਾਣੀਆਂ ਦੀਆਂ ਪ੍ਰਤੀਕਾਂ ਵੀ ਦਿੱਤੀਆਂ ਹੋਈਆਂ ਹਨ; ਹੋਰਨਾਂ ਗ੍ਰੰਥਾਂ ਵਾਂਙ ਸਾਰੀ ਭਗਤ ਬਾਣੀ ਨੂੰ ਇਕ ਹੀ ਪ੍ਰਤੀਕ ਨਾਲ ਨਹੀਂ ਭੁਗਤਾਇਆ।

ਵਿਲੱਖਣਤਾਵਾਂ : (ੳ) ਨੌਵੇਂ ਪਾਤਸ਼ਾਹ ਦੀ ਬਾਣੀ ਇਸ ਗ੍ਰੰਥ ਵਿਚ ਨਹੀਂ ਚੜ੍ਹੀ। ਪਹਲੀਆਂ ਪਾਤਸ਼ਾਹੀਆਂ ਦੇ ਕੁਝ ਸ਼ਬਦ ਛੇਤੀ ਪਿੱਛੋਂ ਦਰਜ ਕੀਤੇ ਗਏ ਸਿੱਧ ਹੁੰਦੇ ਹਨ। ਇਸ ਤੋਂ ਬਿਨਾ ਹੋਰ ਕੋਈ ਭੰਨ ਤੋੜ ਦਾ ਕਾਰਜ, ਗ੍ਰੰਥ ਦੀ ਮੁੱਢਲੀ ਸ਼ਕਲ ਵਿਗਾੜਨ ਵਾਲਾ, ਹੋਇਆ ਸਿੱਧ ਨਹੀਂ ਹੁੰਦਾ। ਇਸ ਪੱਖ ਤੋਂ ਇਹ ਬੀੜ ਆਪਣਾ ਮੁਢਲਾ ਸ੍ਵਰੂਪ ਸੰਭਾਲੀ ਬੈਠੀ ਕਹੀ ਜਾ ਸਕਦੀ ਹੈ। ਜਿਹੜੀਆਂ ਕੋਈ ਤਬਦੀਲੀਆਂ ਕੀਤੀਆਂ ਗਈਆਂ ਹਨ, ਉਹ ਬਹੁਤ ਪਿੱਛੋਂ ਅਜੋਕੇ ਸਮੇਂ ਵਿਚ ਹੀ ਕੀਤੀਆਂ ਪ੍ਰਤੀਤ ਹੁੰਦੀਆਂ ਹਨ।

(ਅ) ਇਸ ਗ੍ਰੰਥ ਦੀ ਇਕ ਬੜੀ ਵਿਚਿਤ੍ਰ ਗੱਲ ਇਹ ਹੈ ਕਿ ਮੂਲ ਲੇਖਕ ਨੇ ਬਾਣੀਆਂ ਮੂਲਮੰਤ੍ਰ ਲਿਖਕੇ ਆਰੰਭ ਨਹੀਂ ਕੀਤੀਆਂ ਸਨ; ਸਭ ਥਾਵਾਂ ਤੇ ਛੋਟਾ ਮੰਗਲ "੧ਓ ਸਤਿਗੁਰ ਪ੍ਰਸਾਦਿ" ਹੀ ਲਿਖਿਆ ਹੋਇਆ ਸੀ ਤੇ ਹੁਣ ਵੀ (ਭੰਨੀਆਂ ਤੋੜੀਆਂ ਇਕ ਦੋ ਥਾਵਾਂ ਨੂੰ ਛੱਡ ਕੇ ਇੰਞ ਹੀ ਹੈ। ਜਪੁਜੀ ਸਾਹਿਬ ਵੀ ਇਸੇ ਤਰ੍ਹਾਂ "੧ਓ ਸਤਿਗੁਰ ਪ੍ਰਸਾਦਿ" ਨਾਲ ਸ਼ੁਰੂ ਹੁੰਦਾ ਸੀ ਭਾਵੇਂ ਇਸ ਦੇ ਛੇਤੀ ਪਿੱਛੋਂ ਮੂਲਮੰਤ੍ਰ ਦਾ ਬਾਕੀ ਹਿੱਸਾ "ਸਤਿਨਾਮ ... ਸੈਭੰ" ਵੀ ਦਿੱਤਾ ਹੋਇਆ ਸੀ। ਪਰੰਤੂ ਮਗਰੋਂ ਕਿਸੇ ਨੇ ਇਸ ਮੰਗਲ ਨੂੰ ਮੇਸ ਕੇ ਤੇ ਮੁੱਢ ਵਿਚ "੧ਓ" ਪਾ ਕੇ ਮੂਲਮੰਤ੍ਰ ਨਾਲ ਸੰਵਾਰਾ ਕਰਨ ਦਾ ਯਤਨ ਕੀਤਾ ਹੋਇਆ ਹੈ (ਪਲੇਟ XXXIV ਚਿਤ੍ਰ ੩੦)। ਸਿਰੀ ਰਾਗੁ ਦੇ ਮੁੱਢ ਵਿਚ ਵੀ ਮੂਲਮੰਤ੍ਰ ਇੰਞ ਹੀ ਕਿਸੇ ਨੇ ਪਿੱਛੋਂ ਵਧਾਇਆ ਹੋਇਆ ਹੈ, ਪਰੰਤੂ ਬਾਕੀ ਸਭ ਥਾਵਾਂ ਤੇ ਛੋਟਾ ਮੰਗਲ "੧ਓ ਸਤਿਗੁਰ ਪ੍ਰਸਾਦਿ" ਓਵੇਂ ਜਿਵੇਂ ਹੀ ਹੈ।

(ੲ) ਵਾਰਾਂ ਦੀਆਂ ਪ੍ਰਤੀਕਾਂ ਤਤਕਰੇ ਵਿਚ ਪਉੜੀ ਤੋਂ ਲੈ ਕੇ ਦਿੱਤੀਆਂ ਹੋਈਆਂ ਹਨ; ਛਪੇ ਗ੍ਰੰਥ ਵਿਚ ਇਹ ਕਈ ਥਾਈਂ ਸ਼ਲੋਕਾਂ ਤੋਂ ਲਈਆਂ ਹੋਈਆਂ ਹਨ। ਇਸ ਪੱਖ ਤੋਂ ਇਸ ਗ੍ਰੰਥ ਦਾ ਲਿਖਾਰੀ "ਸਾਵਧਾਨ" ਕਹਿਆ ਜਾ ਸਕਦਾ ਹੈ। ਵਾਰਾਂ ਦੇ ਸਿਰਲੇਖਾਂ ਨਾਲ ਧੁਨੀਆਂ ਹਨ। ਵਾਰਾਂ ਦੇ ਪਿੱਛੇ "ਸੁਧ", "ਸੁਧੁ ਕੀਚੈ" ਆਦਿ ਪਦ ਨਹੀਂ। ਸਿਰੀ ਰਾਗੁ ਤੇ ਵਾਰ ਰਾਗੁ ਜੈਤਸਰੀ ਵਿਚ ਵੀ ਮਹੱਲੇ ਸੂਚਿਤ ਹਨ ਜੋ ਹੋਰਨਾਂ ਮੁੱਢਲੀਆਂ ਬੀੜਾਂ ਵਿਚ ਘੱਟ ਹੀ ਵੇਖਣ ਵਿਚ ਆਏ ਹਨ। ਹੋਰ ਵਿਚਿਤ੍ਰ ਗੱਲ ਇਹ ਹੈ ਕਿ ਇਸ ਗ੍ਰੰਥ ਵਿਚ ਰਾਗੁ ਮਾਰੂ ਦੀ ਵਾਰ ਮਹਲਾ ੩ ਰਾਗੁ ਕਿਦਾਰਾ ਵਿਚ ਦਰਜ ਕੀਤੀ ਹੋਈ ਹੈ। ਸ਼ਾਇਦ ਇਸ ਕਾਰਣ ਕਿ ਇਸ ਦੀ ਦੂਜੀ ਪਉੜੀ ਦੇ ਪਹਲੇ ਸ਼ਲੋਕ ਮਹਲਾ ੩ ਵਿਚ ਰਾਗੁ ਕੇਦਾਰਾ ਵੱਲ ਸਪਸ਼ਟ ਸੰਕੇਤ ਆਇਆ ਹੈ ("ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੈ ਕਰੇ ਪਿਆਰ")। ਅਗਲੀ ਵਾਰ ਮਹਲਾ ੫ ਰਾਗੁ ਮਾਰੂ ਵਿਚ ਹੀ ਹੈ।

(ਸ) ਭਗਤਾਂ ਦੀ ਬਾਣੀ ਵੱਖ ਵੱਖ ਭਗਤਾਂ ਦੇ ਨਾਂ ਨਾਲ ਸ਼ੁਰੂ ਨਹੀਂ ਹੁੰਦੀ; ਸਾਂਝੀ ਪ੍ਰਤੀਕ "ਭਗਤਾਂ ਦੀ ਬਾਣੀ" ਹੇਠ ਦਰਜ ਕੀਤੀ ਹੋਈ ਹੈ। ਕ੍ਰਮ ਭਗਤਾਂ ਦੇ ਸ਼ਬਦਾਂ ਦਾ ਛਪੇ ਗ੍ਰੰਥ ਵਾਲਾ ਹੀ ਹੈ।

(ਹ) ਬੀੜ ਵਿਚ ਕਈ ਸ਼ਬਦ ਛਪੇ ਗ੍ਰੰਥ ਨਾਲੋਂ ਸੰਬੰਧਿਤ ਸ਼ਬਦ ਦੀ ਭਿੰਨ ਪਾਲ ਨਾਲ ਸ਼ੁਰੂ ਹੁੰਦੇ ਹਨ। ਇਹ ਫ਼ਰਕ ਛਪੇ ਗ੍ਰੰਥ ਵਿਚ ਸ਼ਬਦ ਨੂੰ ਰਹਾਉ ਵਾਲੀ ਤੁਕ ਤੋਂ ਸ਼ੁਰੂ ਕਰਨ ਕਰਕੇ ਪਇਆ ਪ੍ਰਤੀਤ ਹੁੰਦਾ ਹੈ। ਇਸ ਬੀੜ ਦੇ ਲਿਖਾਰੀ ਦਾ ਯਤਨ ਸ਼ਬਦ ਨੂੰ ਰਹਾਉ ਦੀ ਤੁਕ ਤੋਂ ਨਹੀਂ, ਮੁੱਢਲੀ ਤੁਕ ਤੋਂ ਸ਼ੁਰੂ ਕਰਨ ਦਾ ਰਹਿਆ ਹੈ।

(ਕ) ਪਾਠ ਇਸ ਬੀੜ ਦੇ ਕਾਫੀ ਹਦ ਤਕ ਸ਼ੁੱਧ ਨਜ਼ਰ ਆਏ ਹਨ, ਭਾਵੇਂ ਕਈ ਥਾਈਂ ਭੁੱਲਾਂ ਹੋਈਆਂ ਵੀ ਦਿਸ ਆਉਂਦੀਆਂ ਹਨ, ਜਿਵੇਂ :

ਹਰਿ ਹਰਿ ਨਾਮ ਜਨਮੁ ਕਰ ਸੂਚੇ ॥ (ਮਜਨੁ ਚਾਹੀਦਾ ਸੀ)

(ਪਤ੍ਰਾ ੯੭/੨)

(ਖ) ਇਸ ਗ੍ਰੰਥ ਵਿਚ ਪਦ "ਰਹਾਉ" ਤੇ "ਪਉੜੀ" ਸਭ ਥਾਂ ਔਂਕੜ ਰਹਿਤ /ੳ/ ਨਾਲ ਲਿਖੇ ਹੋਏ ਹਨ, ਇੰਞ : ਰਹਾੳ, ਪੳੜੀ। ਰਾਗੁ ਭੈਰਉ ਵਿਚ ਭੈਰਉ ਵੀ ਔਂਕੜ ਰਹਿਤ /ੳ/ ਨਾਲ ਹੈ। ਇਹ ਮੁੱਢਲੇ ਕਾਲ ਦੀ ਲਿਖਤ ਦੀ ਇਕ ਵਿਸ਼ੇਸ਼ਤਾ ਸੀ ਜਿਸ ਦੇ ਪੈਰ-ਚਿੰਨ੍ਹ ਹੋਰਨਾਂ ਪੁਰਾਣੇ ਗ੍ਰੰਥਾਂ ਵਿਚ ਮਿਲਦੇ ਹਨ ।

(ਗ) ਹੋਰ ਖਾਸ ਗੱਲ ਇਹ ਕਿ ਇਸ ਸਾਰੇ ਗ੍ਰੰਥ ਵਿਚ ਰਹਾਉ ਵਾਲੀ ਤੁਕ ਦੇ ਅੰਤ 'ਤੇ, ਰਹਾਉ ਤੋਂ ਪਹਲਾਂ, ਅੰਕ ੧ ਨਹੀਂ ਹੈ। ਇਹ ਵੀ ਪ੍ਰਾਚੀਨਤਾ ਦਾ ਇਕ ਪੈਰ-ਚਿੰਨ੍ਹ ਹੈ।

ਹੋਰ ਵਿਸ਼ੇਸ਼ਤਾਵਾਂ

੧. ਇਸ ਗ੍ਰੰਥ ਵਿਚ ਜਪੁ ਸਾਹਿਬ ਦੇ ਸ੍ਰੀ ਗੁਰੂ ਰਾਮਦਾਸ ਜੀ ਦੇ ਦਸਤਖਤਾਂ ਵਾਲਾ ਹੋਣ ਦੀ ਸੂਚਨਾ ਨਹੀਂ ਹੈ; ਨਾ ਹੀ ਤਤਕਰੇ ਵਿਚ ਜਪੁ ਨਾਲ "ਨੀਸਾਣੁ" ਪਦ ਆਇਆ ਹੈ। ਜਪੁ ਦੇ ਮੁੱਢਲੇ ਸਲੋਕ, "ਆਦਿ ਸਚੁ . ਹੋਸੀ ਭੀ ਸਚੁ" ਨਾਲ ਅੰਕ /੧/ ਹੈ। ਜਪੁਜੀ ਸਾਹਿਬ ਵਿਚ ਆਏ ਕੁਝ ਸ਼ਬਦਾਂ ਦੇ ਸ੍ਵਰੂਪ ਇਸ ਪ੍ਰਕਾਰ ਹਨ :

ਮੁਹੋਂ, ਧੌਲ, ਕਉਣੁ, ਰਖੀਸਰੁ, ਜੀਭੌ

੨) ਰਹਰਾਸਿ ਇਸ ਬੀੜ ਵਿਚ "ਸੋ ਦਰੁ" ਦੇ ਪੰਜ ਸ਼ਬਦਾਂ ਤਕ ਸੀਮਿਤ ਹੈ; "ਸੋ ਪੁਰਖੁ" ਵਾਲੇ ਚਾਰ ਸ਼ਬਦ ਇਸ ਵਿਚ ਨਹੀਂ। ਹੋਰ ਵਿਸ਼ੇਸ਼ਤਾ ਇਹ ਹੈ ਕਿ ਰਹਰਾਸਿ ਵਿਚਲਾ "ਸੋ ਦਰੁ" ਦਾ ਪਾਠ, ਜਪੁਜੀ ਸਾਹਿਬ ਵਿਚਲੇ "ਸੋ ਦਰੁ" ਦੇ ਪਾਠ ਨਾਲ ਪਹਲਾਂ ਤਾਂ ਮੇਲ ਖਾਂਦਾ ਸੀ, ਪਰ ਬਾਅਦ ਵਿਚ ਕਿਸੇ ਨੇ (ਵੀਹ ਵਿਸਵੇ ਗਿਆਨੀ ਕੁੰਦਨ ਸਿੰਘ ਨੇ) ਇਸ ਵਿਚ "ਤੇਰੇ", "ਤੁਧਨੋ", ਆਦਿ ਸ਼ਬਦ ਵਧਾ ਕੇ ਰਹਰਾਸਿ ਦੇ ਪ੍ਰਚਲਿਤ "ਸੋ ਦਰੁ" ਦੇ ਪਾਠ ਦਾ ਅਨੁਸਾਰੀ ਬਣਾ ਦਿੱਤਾ ਹੈ (ਪਲੇਟ XXXV , ਚਿਤ੍ਰ ੩੧)। ਅੰਦਰ ਰਾਗੁ ਆਸਾ ਵਿਚ ਆਇਆ "ਸੋ ਦਰੁ" ਦਾ ਪਾਠ "ਤੇਰੇ", "ਤੁਧਨੋ" ਆਦਿ ਸੰਬੋਧਨੀ ਵਾਕਾਂਸ਼ਾਂ ਦਾ ਧਾਰਣੀ ਹੈ।

੩. ਸਿਰੀ ਰਾਗੁ ਵਿਚ ਇਕ ਚਉਪਦਾ (ਹਉ ਸਤਿਗੁਰ ਸੇਵੀ ਆਪਣਾ) ਦੋ ਵਾਰ ਦਰਜ ਹੋਇਆ ਹੋਇਆ ਹੈ; ਪਤ੍ਰਾ ੧੨/੨ ਉਪਰ ਇਹ ਮਹਲਾ ੩ ਘਰੁ ੧ ਦਾ ਕਰਕੇ

ਲਿਖਿਆ ਹੈ (ਸ਼ਬਦ ੩੪ਵਾਂ), ਜਦ ਕਿ ਪਤ੍ਰਾ ੧੯/੧ ਉਪਰ ਇਹੀ ਮਹਲਾ ੪ ਦਾ (ਸ਼ਬਦ ੬੫ਵਾਂ) ਕਰਕੇ ਆਇਆ ਹੈ। ਬਾਹਰ ਤਤਕਰੇ ਵਿਚ ਵੀ ਇਸ ਦੀ ਪ੍ਰਤੀਕ ੩੪ਵੇਂ ਨੰਬਰ 'ਤੇ ਲਿਖੀ ਪਹਲੀ ਕੋਈ ਪ੍ਰਤੀਕ ਮੇਸ ਕੇ ਦਰਜ ਕੀਤੀ ਹੋਈ ਹੈ। ਇਸ ਰਾਗੁ ਦੇ ਅੰਤਲੇ ਚਉਪਦਿਆਂ ਦਾ ਕ੍ਰਮ ਛਪੇ ਗ੍ਰੰਥ ਨਾਲ ਨਹੀਂ ਰਲਦਾ, ਉਂਞ ਸ਼ਬਦ ਸਾਰੇ ਮੌਜੂਦ ਹਨ। ਘਰਾਂ ਦਾ ਵੀ ਛਪੇ ਗ੍ਰੰਥ ਨਾਲੋਂ ਫ਼ਰਕ ਹੈ। ਇਸ ਬੀੜ ਵਿਚ ਇਸ ਰਾਗੁ ਦੇ ੯੬ ਤੋਂ ੧੦੦ ਤਕ ਦੇ ਸ਼ਬਦ ਘਰੁ ੭ ਵਿਚ ਰਖੇ ਹੋਏ ਹਨ ਜਦ ਕਿ ਛਪੇ ਗ੍ਰੰਥ ਸਾਹਿਬ ਵਿਚ ਅੰਤਲੇ ਤਿੰਨ, ਘਰੁ ੧ ਦੇ ਕਰਕੇ ਲਿਖੇ ਹਨ। ਇਸ ਕਾਰਣ ਛਪੇ ਗ੍ਰੰਥ ਵਿਚ ਇਹ ਬੇ-ਮਿਸਲ ਪ੍ਰਤੀਤ ਹੁੰਦੇ ਹਨ, ਪਰ ਇਥੇ ਬਾ-ਮਿਸਲ ਲਗਦੇ ਹਨ।

ਇਸ ਰਾਗੁ ਦੀ "ਪਹਰੇ" ਨਾਂ ਦੀਆਂ ਬਾਣੀਆਂ ਵਿਚ ਪਹਲਾਂ ਸੰਬੋਧਨੀ ਪਦ ਨਿਪਟ "ਵਣਜਾਰਿਆ" ਹੀ ਸੀ। ਮਗਰੋਂ ਇਸ ਨਾਲ ਸਭ ਥਾਂ "ਮਿਤ੍ਰਾ" ਪਦ ਵਧਾ ਕੇ ਇਸ ਨੂੰ ਵਰਤਮਾਨ ਪਾਠ ਦਾ ਅਨੁਸਾਰੀ ਕੀਤਾ ਹੋਇਆ ਹੈ। ਇਸੇ ਤਰ੍ਹਾਂ ਇਸ ਰਾਗੁ ਦੇ ਮਹਲਾ ੪ ਤੇ ਮਹਲਾ ੫ ਦੇ ਛੰਤਾਂ ਵਿਚ ਛਪੀ ਸੈਂਚੀ ਦਾ ਪਾਠ "ਪਿਆਰਿਆ ਮਿਤ੍ਰਾ ਜੀਉ" ਨਹੀਂ ਸੀ, ਨਿਪਟ "ਪਿਆਰਿਆ ਮਿਤ੍ਰਾ"ਸੀ। ਇਸ ਨੂੰ ਪਿੱਛੋਂ ਕਿਸੇ ਨੇ "ਜੀਉ" ਪਦ ਸਭ ਥਾਂ ਪਾ ਕੇ ਅਜੋਕੇ ਪਾਠ ਦੇ ਅਨੁਕੂਲ ਕੀਤਾ ਹੋਇਆ ਹੈ। ਮੁੱਢਲੀ ਸ਼ਕਲ ਵਿਚ ਇਹ ਪਾਠ ਬੀੜ ਨੰਬਰ ੫ (ਵਿਲੱਖਣ ਤੇ ਪ੍ਰਾਚੀਨ ਬੀੜ) ਦੇ ਪਾਠਾਂ ਦੇ ਅਨੁਸਾਰੀ ਸਨ; ਦਖਲ-ਅੰਦਾਜ਼ੀ ਪਿੱਛੋਂ ਇਹ ਛਪੇ ਗ੍ਰੰਥ ਦੇ ਅਨੁਸਾਰੀ ਬਣ ਗਏ ਹਨ।

੪. ਰਾਗੁ ਗਉੜੀ ਵਿਚ ਕਬੀਰ ਜੀ ਦਾ ਚਉਪਦਾ, "ਗਗਨ ਮੰਡਲ ਮਹਿ ਏਕੋ ਸੋਈ", ਇਸ ਬੀੜ ਵਿਚ ਪ੍ਰਾਪਤ ਨਹੀਂ ਹੈ। "ਕਾਲਬੂਤ ਕੀ ਹਸਤਨੀ" ਵਾਲੇ ਸ਼ਬਦ ਵਿਚ "ਦੁਰਲਭ ਦੇਹ ਕਉ ਕਾਜ" ਵਾਲੀ ਅੱਧੀ ਤੁਕ ਵੀ ਨਹੀਂ ਹੈ। 'ਵਾਰ' ਕਬੀਰ ਜੀ ਕੇ ਦਾ ਆਰੰਭ "ਧੁਰ ਅੰਬਰ ਵਿਚ ਬੇਲੜੀ" ਵਾਲੇ ਸਲੋਕ ਨਾਲ ਨਹੀਂ ਹੁੰਦਾ।

੫. ਰਾਗੁ ਆਸਾ ਵਿਚ "ਸੋ ਪੁਰਖੁ", "ਸੋ ਦਰੁ" ਦੇ ਮਗਰੋਂ ਦਿੱਤਾ ਹੋਇਆ ਹੈ। ਇਸ ਕਾਰਣ ਬੇ-ਮਿਸਲ ਹੈ। ਕਈ ਸ਼ਬਦਾਂ ਦਾ ਕ੍ਰਮ ਛਪੇ ਗ੍ਰੰਥ ਨਾਲੋਂ ਭਿੰਨ ਹੈ। ਮਹਲਾ ੫ ਦਾ ਸ਼ਬਦ "ਅਗਮ ਅਗੋਚਰ [illegible]" ਬਾਅਦ ਵਿਚ, ਹਾਸ਼ੀਏ ਵਿਚ, ਲਿਖਿਆ ਹੋਇਆ ਹੈ (ਪਤ੍ਰਾ ੧੯੫/੨)। ਇਹ ਤਤਕਰੇ ਵਿਚ ਦਰਜ ਨਹੀਂ; ਭਾਵ ਇਹ ਕਿ ਆਧਾਰਭੂਤ ਖਰੜੇ ਵਿਚ ਨਹੀਂ ਸੀ, ਪਿੱਛੋਂ ਦਾਖਲ ਕੀਤਾ ਗਇਆ; ਰਵਿਦਾਸ ਜੀ ਦਾ ਸ਼ਬਦ "ਮਾਟੀ ਕੋ ਪੁਤਰਾ" ਵੀ ਪਹਲਾਂ ਖਰੜੇ ਵਿਚ ਨਹੀਂ ਸੀ, ਬਾਅਦ ਵਿਚ ਲਿਖਿਆ ਗਇਆ (ਪਤ੍ਰਾ ੧੭੩/੨)। ਧੰਨਾ ਜੀ ਦੇ ਸ਼ਬਦ "ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨ ਲੀਨਾ" ਵਿਚ ਪਾਠ "ਬੁਨਨਾ ਤਨਨਾ" ਠੀਕ ਆਇਆ ਹੈ (ਪਤ੍ਰਾ ੨੩੩/੧)।

੬. ਰਾਗੁ ਗੂਜਰੀ ਮਹਲਾ ੫ ਦੀ ਅਸ਼ਟਪਦੀ "ਨਾਥ ਨਰਹਰ ਦੀਨ" ਦੇ ਅੰਤ 'ਤੇ ਪਾਠ "ਨੈਤ ਦਰਸਨੁ ਸ੍ਰਵਨ ਹਰਿ ਜਸੁ" ਠੀਕ ਹੈ (ਪਤ੍ਰਾ ੨੪੨/੧)। ਇਸ ਰਾ

ਵਿਚ ਤ੍ਰਿਲੋਚਨ ਜੀ ਦਾ ਇਕ ਹੋਰ ਸ਼ਬਦ, "ਨਵ ਨਿਧਿ ਪਰਸੀ ਕਾਹਿ" ਨਹੀਂ ਹੈ।

੭. ਰਾਗੁ ਦੇਵਗੰਧਾਰੀ ਵਿਚ ਸਿਰਲੇਖਾਂ ਨਾਲ ਮਹੱਲੇ ਹਰ ਥਾਂ ਦਰਜ ਹਨ। ਮਹਲਾ ੫ ਘਰੁ ੨ ਦੇ ਚਉਪਦਿਆਂ ਦਾ ਕ੍ਰਮ ਛਪੇ ਗ੍ਰੰਥ ਸਾਹਿਬ ਦੇ ੨੨ਵੇਂ ਚਉਪਦੇ ਤਕ ਰਲਦਾ ਹੈ। ਅਗਲੇ ਚਾਰ "ਠਾਕੁਰ ਹੋਏ ਆਪਿ ਦਿਆਲ", "ਆਪਨੇ ਸਤਿਗੁਰ ਪਹਿ ਬਿਨਉ ਕਹਿਆ", "ਅਨਾਥ ਨਾਥ ਪ੍ਰਭ" ਅਤੇ "ਪ੍ਰਭ ਇਹੈ ਮਨੋਰਥ ਮੇਰਾ" ਇਸ ਗ੍ਰੰਥ ਵਿਚ ਅੰਤ 'ਤੇ ਘਰੁ ੭ ਵਿਚ ਦਿੱਤੇ ਹੋਏ ਹਨ (ਪਤ੍ਰਾ ੨੫੩-੨੫੪), ਜਦੋਂ ਕਿ ਛਪੇ ਗ੍ਰੰਥ ਵਿਚ ਇਹ ਘਰੁ ੨ ਵਿਚ ਹੋਣ ਕਾਰਣ ਪੱਟੀ ਦੇ ਅੱਧ ਵਿਚ ਆਏ ਹਨ।

੮. ਰਾਗੁ ਵਡਹੰਸ ਦਾ ਮਹਲਾ ੫ ਦਾ ਆਖਰੀ ਛੰਤ (ਪ੍ਰਭ ਕਰਣ ਕਾਰਣ ਸਮਰਥਾ ਰਾਮ) ਦਰਜ ਹੋਣੋਂ ਰਹ ਗਇਆ ਹੋਣ ਕਾਰਣ ਗ੍ਰੰਥ ਦੇ ਅੰਤ 'ਤੇ ਦਿੱਤਾ ਹੈ ਤੇ ਇਸ ਦੇ ਮਗਰ ਇਹ ਸੂਚਨਾ ਲਿਖੀ ਹੋਈ ਹੈ : "ਪਿੱਛੋਂ ਲਿਖਿਆ ਹੈ ਸਤਾਰਵਾਂ ਸਮਾਲਿ ਵਾਚਣਾ ਲਿਖਣਾ।"

੯. ਰਾਗੁ ਸੋਰਠਿ ਵਿਚ ਮਹਲਾ ੫ ਘਰੁ ੧ ਦਾ ਸ਼ਬਦ "ਸੰਤ ਜਨਾ ਸਿਉ ਦੂਖਨ ਕਰਤਾ", ਇਸ ਬੀੜ ਵਿਚ ਨਹੀਂ ਹੈ। ਇਸ ਰਾਗੁ ਦੀ ਵਾਰ ਦੀ ੨੯ਵੀਂ ਪਉੜੀ ਨਾਲ ਮਹਲਾ ੩ ਦਾ ਜੋ ਸ਼ਲੋਕ "ਆਪੇ ਸੇਵਾ ਲਾਇਅਨ ਆਪੇ ਬਖਸਿ ਕਰੇਇ" ਆਇਆ ਹੈ, ਉਸ ਦੇ ਨਾਲ "ਆਪੇ ਦੇਇ ਵਡਿਆਈਆ ਆਪੇ ਨਦਰਿ ਕਰੇਇ", ਵਾਲੀ ਤੁਕ ਮੌਜੂਦ ਹੈ (ਪਤ੍ਰਾ ੩੦੭/੨)।

ਕਬੀਰ ਜੀ ਦੇ ਸ਼ਬਦ "ਬੇਦ ਪੁਰਾਨ ਸਭੈ ਮਤਿ ਸੁਨਿ ਕੈ" ਵਿਚ ਪਾਠ "ਖਲਾਸੇ" ਹੈ (ਪਤ੍ਰਾ ੩੦੪/੧)। ਕਬੀਰ ਜੀ ਦੇ ਅਠਵੇਂ ਸ਼ਬਦ ਦੇ ਅੰਤ 'ਤੇ "ਅਉਧੂ ਸੋ ਜੋਗੀ ਗੁਰ ਮੇਰਾ, ਇਸ ਪਦ ਕਾ ਜੋ ਕਰੇ ਨਬੇਰਾ" ਵਾਲੀ ਤੁਕ ਪਹਲਾਂ ਨਹੀਂ ਸੀ, ਮਗਰੋਂ ਹਾਸ਼ੀਏ ਵਿਚ ਲਿਖ ਕੇ ਵਧਾਈ ਹੋਈ ਹੈ (ਪਤ੍ਰਾ ੩੦੮/੨)। ਰਵਿਦਾਸ ਜੀ ਦਾ ਸ਼ਬਦ "ਸੁਖ ਸਾਗਰ ਸੁਰਤਰੁ ਚਿੰਤਾਮਨਿ" ਇਸ ਰਾਗ ਵਿਚ ਦਰਜ ਹੈ (੩੦੯/੨)।

੧੦. ਚਉਪਦਾ "ਨਦਰਿ ਕਰੇ ਤਾਂ ਸਿਮਰਿਆ ਜਾਇ" ਇਸ ਗ੍ਰੰਥ ਵਿਚ ਧਨਾਸਰੀ ਮਹਲਾ ੧ ਘਰੁ ੨ ਦੇ ਸਿਰਲੇਖ ਹੇਠ ਆਇਆ ਹੈ (ਪਤ੍ਰਾ ੩੧੧/੧)। ਮਹੱਲੇ ਦਾ ਅੰਕ ੩ ਕੱਟ ਕੇ ੧ ਬਣਾਇਆ ਹੋਇਆ ਹੈ। ਕਬੀਰ ਜੀ ਦੇ ਸ਼ਬਦ "ਸਨਕ ਸਨੰਦ ਮਹੇਸ ਸਮਾਨਾ" ਵਿਚ ਰਹਾਉ ਦੀ ਅੱਧੀ ਗੁੰਮ ਤੁਕ "ਨਿਰਗੁਨ ਰਾਮ ਜਪਹੁ ਮੇਰੀ ਮਾਈ" ਨਹੀਂ ਹੈ (੩੨੪/੧)।

੧੧. ਰਾਗੁ ਸੂਹੀ, ਮਹਲਾ ੧ ਘਰੁ ੧ ਦਾ ਚੌਥਾ ਪਦਾ (ਜਪ ਤਪ ਕਾ ਬੰਧੁ ਬੇੜਲਾ) ਇਥੇ ਪਤ੍ਰਾ ੩੪੦/੨ ਸੂਹੀ ਮਹਲਾ ੩ ਦੀ ਸੰਗਿਆ ਅਧੀਨ ਦਰਜ ਸੀ; ਮਗਰੋਂ ੩ ਨੂੰ ਭੰਨ ਕੇ ੧ ਕੀਤਾ ਹੋਇਆ ਹੈ। ਸੂਹੀ ਮਹਲਾ ੫ ਦਾ ਸ਼ਬਦ, "ਪਾਰਬ੍ਰਹਮ ਪਰਮੇਸਰ ਸਤਿਗੁਰੂ ਆਪੇ ਕਰਣੈਹਾਰਾ" ਗ੍ਰੰਥ ਵਿਚ ਹਾਸ਼ੀਏ ਵਿਚ ੫੫ਵੇਂ ਨੰਬਰ 'ਤੇ ਘਰੁ ੩ ਦੀ ਪੱਟੀ

ਵਿਚ ਲਿਖਿਆ ਹੋਇਆ ਹੈ (ਪਤ੍ਰਾ ੩੪੭/੨), ਜਦੋਂ ਕਿ ਛਪੇ ਗ੍ਰੰਥ ਵਿਚ ਇਹ ਘਰੁ ੭ ਦੀ ਪੱਟੀ ਵਿਚ ੭੮ਵੇਂ ਨੰਬਰ 'ਤੇ ਹੈ।

੧੨. ਰਾਗੁ ਬਿਲਾਵਲ ਮਹਲਾ ੫ ਦੇ ਤਿੰਨ ਸ਼ਬਦ "ਰੋਗ ਗਇਆ ਪ੍ਰਭਿ ਆਪਿ ਗਵਾਇਆ" (ਘਰੁ ੪), "ਸਤਿਗੁਰ ਕਰਿ ਦੀਨੇ ਅਸਥਿਰ ਘਰੁ ਬਾਰੁ" (ਘਰੁ ੪) ਅਤੇ "ਤਾਪ ਸੰਤਾਪ ਸਗਲੇ ਗਏ" (ਘਰੁ ੫), ਚਉਪਦਿਆਂ ਦੀ ਪੱਟੀ ਦੇ ਅੰਤ 'ਤੇ ਨੰਬਰ ੧੪੩-੧੪੫ ਉਪਰ ਬਾਅਦ ਵਿਚ ਦਰਜ ਕੀਤੇ ਹੋਏ ਹਨ (ਪਤ੍ਰਾ ੩੬੯), ਜਦੋਂ ਕਿ ਛਪੇ ਗ੍ਰੰਥ ਵਿਚ ਇਹ ਘਰੁ ਦੇ ਹਿਸਾਬ ਨਾਲ ੪੩ਵੇਂ ਸ਼ਬਦ ਦੇ ਮਗਰੋਂ ੪੪ਵੇਂ, ੪੫ਵੇਂ ਤੇ ੪੬ਵੇਂ ਨੰਬਰ 'ਤੇ ਆਉਣੇ ਚਾਹੀਦੇ ਸਨ।

੧੩. ਰਾਗੁ ਰਾਮਕਲੀ ਦਾ "ਰੁਣ ਝੁੰਝਨੜਾ ਗਾਉ ਸਖੀ" ਵਾਲਾ ਮਹਲਾ ੫ ਦਾ ਛੰਤ ਇਸ ਗ੍ਰੰਥ ਦੇ ਅੰਤ 'ਤੇ ਵੱਖਰਾ ਕਰਕੇ ਇਸ ਸੂਚਨਾ ਨਾਲ ਲਿਖਿਆ ਹੋਇਆ ਹੈ ਕਿ ਇਹ "ਰਾਮਕਲੀ ਦਾ ਛੰਤ ਮ: ੫ ਪਿੱਛੋਂ ਲਿਖਿਆ ਹੈ"। ਅੰਤ 'ਤੇ ਫਿਰ ਚਿਤਾਉਣੀ ਹੈ : "ਰਾਮਕਲੀ ਕਾ ਛੰਤ ਹੈ ਸਮਾਲਿ ਲਿਖਣਾ ਵਾਚਣਾ"। ਇੱਥੇ ਇਹ ਛੰਤ ਇੰਞ ਸ਼ੁਰੂ ਹੁੰਦਾ ਹੈ : "ਏ ਰਣ ਝਾਝਨੜਾ ਗਾਉ ਸਖੀ...।" ਰਾਗੁ ਰਾਮਕਲੀ ਵਿਚ ਕਬੀਰ ਦੇ ਪੰਜਵੇਂ ਸ਼ਬਦ, "ਜਿਹ ਮੁਖ ਬੇਦ ਗਾਇਤ੍ਰੀ ਨਿਕਸੈ" ਦਾ ਚੌਥਾ ਬੰਦ "ਅਖਰ ਸਾਚੇ ਬੇਦੁ ਭੀ ਸਾਚਾ"... ਇਸ ਗ੍ਰੰਥ ਵਿਚ ਪ੍ਰਾਪਤ ਹੈ (ਪਤ੍ਰਾ ੪੫੪/੨)। ਇਸ ਬੰਦ ਨੂੰ ਹਲਕੀ ਜੇਹੀ ਕਲਮ ਦੀ ਲੀਕ ਫੇਰ ਕੇ ਕੱਟਣ ਦਾ ਯਤਨ ਵੀ ਕੀਤਾ ਗਇਆ ਨਜ਼ਰ ਆਉਂਦਾ ਹੈ।

੧੪. ਰਾਗੁ ਮਾਰੂ ਮਹਲਾ ੫ ਦਾ ਅਖੀਰਲਾ ਚਉਪਦਾ, "ਵੈਦੋ ਨ ਵਾਈ ਭੈਣੋ ਨ ਭਾਈ" ਇਸ ਗ੍ਰੰਥ ਵਿਚ ਨਹੀਂ ਸੀ, ਮਗਰੋਂ ਹਾਸ਼ੀਏ ਵਿਚ ਲਿਖਿਆ ਹੋਇਆ ਹੈ (ਪਤ੍ਰਾ ੪੭੧/੨)। ਅਸ਼ਟਪਦੀ "ਲਾਲੈ ਗਾਰਬੁ ਛੋਡਿਆ" ਛਪੇ ਗ੍ਰੰਥ ਵਿਚ ਮਹਲਾ ੧ ਘਰੁ ੧ ਦੀ ਤਖਤੀ ਵਿਚ ਪੰਜਵੇਂ ਨੰਬਰ 'ਤੇ ਸਥਿਤ ਹੈ, ਪਰ ਇਸ ਗ੍ਰੰਥ ਵਿਚ ਇਹ ਮਹਲਾ ੩ ਘਰੁ ੩ ਦੀ ਸੰਗਿਆ ਅਧੀਨ ਮਹਲਾ ੩ ਦੀਆਂ ਅਸ਼ਟਪਦੀਆਂ ਦੇ ਮੁੱਢ ਵਿਚ ਰਖਿਆ ਹੋਇਆ ਹੈ (ਪਤ੍ਰਾ ੪੭੪/੧)। ਰਵਿਦਾਸ ਜੀ ਦਾ ਰਾਗੁ ਸੋਰਠਿ ਵਾਲਾ ਸ਼ਬਦ "ਸੁਖ ਸਾਗਰ ਸੁਰਤਰ ਚਿੰਤਾਮਨਿ" ਇੱਥੇ ਦੁਹਰਾਇਆ ਹੋਇਆ ਨਹੀਂ। ਕਬੀਰ ਜੀ ਦਾ ਸ਼ਬਦ "ਗਗਨ ਦਮਾਮਾ ਬਾਜਿਓ" ਵਾਲਾ ਇਸ ਗ੍ਰੰਥ ਵਿਚ ਨਹੀਂ ਹੈ, ਪਰੰਤੂ ਮੀਰਾ ਬਾਈ ਦਾ ਸ਼ਬਦ "ਮਨ ਹਮਾਰੋ ਬਾਧਿਓ ਮਾਈ ਕਵਲ ਨੈਨਨ ਆਪਨੇ ਗੁਨ" ਬੀੜ ਵਿਚ ਪ੍ਰਾਪਤ ਹੈ (ਪਤ੍ਰਾ ੫੧੫/੨)। ਇਸ ਚਉਪਦੇ ਦਾ ਦੂਜਾ ਰਹਾਉ ਇੰਞ ਲਿਖਿਆ ਹੈ : "ਕਵਲ ਨੈਨ ਆਪਨੈ ਗੁਨ ਆਪਨੈ ਗੁਨ ਬਾਧਿਓ ਮਾਈ" ॥

੧੫. ਰਾਗੁ ਭੈਰਉ ਮਹਲਾ ੫ ਘਰੁ ੧ ਦੀ ਪੱਟੀ ਵਿਚ ਤੀਜਾ ਚਉਪਦਾ "ਵਰਤ ਨ ਰਹਉ ਨ ਮਹ ਰਮਦਾਨਾ" ਕਬੀਰ ਜੀ ਦੀ ਕਵੀ-ਛਾਪ 'ਤੇ ਸਮਾਪਤ ਹੋਇਆ ਹੋਇਆ ਹੈ (ਪਤ੍ਰਾ ੫੩੩/੧)।

੧੬. ਰਾਗੁ ਬਸੰਤ ਵਿਚ ਚਉਪਦਾ, "ਬਸਤ੍ਰ ਉਤਾਰਿ ਦਿਗੰਬਰੁ ਹੋਗੁ" ਇਸ ਗ੍ਰੰਥ ਵਿਚ ਮਹਲਾ ੧ ਦੀ ਕ੍ਰਿਤ ਮੰਨਦਿਆਂ ਮਹਲਾ ੧ ਦੀ ਪੱਟੀ ਦੇ ਅੰਤ 'ਤੇ ਗਿਆਰਵੀਂ ਥਾਂ 'ਤੇ ਰਖਿਆ ਹੋਇਆ ਹੈ (ਪਤ੍ਰਾ ੫੪੯/੨), ਅਤੇ "ਸਾਹਿਬ ਭਾਵੈ ਸੇਵਕੁ ਸੇਵਾ ਕਰੈ" ਮਹਲਾ ੩ ਘਰੁ ੧ ਦਾ ਦਸਿਆ ਹੈ (ਪਤ੍ਰਾ ੫੫੦/੧)। ਇਸ ਰਾਗੁ ਦੇ ਮਹਲਾ ੧ ਘਰੁ ੨ ਦੇ ਚਉਪਦੇ "ਰਾਜਾ ਬਾਲਕੁ ਨਗਰੀ ਕਾਚੀ" ਦੇ ਅੰਤ ਤੇ ਚੌਥਾ ਬੰਦ "ਕਹਿਆ ਸੁਣਹਿ ਨ ਖਾਇਆ ਮਾਨਹਿ" ਵਾਲਾ ਵੀ ਪ੍ਰਾਪਤ ਹੈ (੫੪੯/੨)। ਬਸੰਤ ਦੀ ਵਾਰ ਥਾਂ ਸਿਰ ਚੜ੍ਹੀ ਹੋਈ ਹੈ। (ਪਤ੍ਰਾ ੫੬੦/੧)।

੧੭. ਰਾਗੁ ਸਾਰੰਗ ਵਿਚ ਸੂਰਦਾਸ ਦਾ ਸ਼ਬਦ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ" ਨਹੀਂ ਹੈ (੫੧੦/੧)।

੧੮. ਰਾਗ ਮਲਾਰ ਦੇ ਕੁਝ ਚਉਪਦਿਆਂ ਦੀਆਂ ਤਤਕਰੇ ਵਿਚ ਦਿੱਤੀਆਂ ਪ੍ਰਤੀਕਾਂ ਅੰਦਰ ਦਿੱਤੇ ਪਾਠਾਂ ਨਾਲ ਨਹੀਂ ਰਲਦੀਆਂ; ਉਂਵ ਸ਼ਬਦਾਂ ਦੇ ਪਾਠ ਛਪੇ ਗ੍ਰੰਥ ਨਾਲ ਮੇਲ ਖਾਂਦੇ ਹਨ। ਇਸ ਰਾਗੁ ਵਿਚ ਮਲਾਰ ਮਹਲਾ ੫ ਘਰੁ ੩ ਵਿਚ ਇਕ ਹੋਰ, ੬੨ਵਾਂ ਚਉਪਦਾ, "ਪ੍ਰਾਨ ਮਾਨ ਏਕ ਨਾਮੁ" ਪਿੱਛੋਂ ਹਾਸ਼ੀਏ ਵਿਚ ਲਿਖਿਆ ਹੋਇਆ ਹੈ।

੧੯. ਰਾਗੁ ਕਾਨੜਾ ਵਿਚ ਮਹਲਾ ੫ ਦੇ ਦੋ ਚਉਪਦੇ, "ਤਾ ਤੇ ਜਪਿ ਮਨਾ ਹਰਿ ਜਾਪਿ" ਅਤੇ "ਕਰਤ ਕਰਤ ਚਰਚ ਚਰਚ ਚਰਚਰੀ" ਮਗਰੋਂ ਹਾਸ਼ੀਏ ਵਿਚ ਛਪੇ ਗ੍ਰੰਥ ਦਾ ਅਨੁਸਾਰੀ ਬਣਾ ਕੇ ਦਰਜ ਕੀਤੇ ਹੋਏ ਹਨ (ਪਤ੍ਰਾ ੬੧੫ ਅੰਤੇ ੬੧੬), ਤਤਕਰੇ ਵਿਚ ਉਹ ਸੰਮਿਲਿਤ ਨਹੀਂ ਸਨ। ਵਾਰ ਰਾਗੁ ਕਾਨੜਾ ਇਸ ਬੀੜ ਵਿਚ ਭਗਤ ਨਾਮਦੇਵ ਦੇ ਇੱਕੋ ਇਕ ਸ਼ਬਦ ਦੇ ਪਿੱਛੋਂ ਦਿੱਤੀ ਹੋਈ ਹੈ (ਪਤ੍ਰਾ ੬੧੯/੧)। ਇਸ ਕਾਰਣ ਬੇ-ਮਿਸਲ ਹੈ।

੨੦. ਰਾਗੁ ਕਲਿਆਨ ਤੇ ਪ੍ਰਭਾਤੀ ਦੇ ਸ਼ਬਦ ਛਪੇ ਗ੍ਰੰਥ ਦੇ ਅਨੁਸਾਰੀ ਹਨ। ਰਾਗੁ ਕਲਿਆਨ ਵਿਚ "ਭੋਪਾਲੀ", ਤੇ ਪ੍ਰਭਾਤੀ ਵਿਚ "ਬਿਭਾਸ" ਆਦਿ ਪਦ ਕਿਧਰੇ ਵੀ ਵਰਤੇ ਹੋਏ ਨਹੀਂ। ਕੇਵਲ ਦੋ ਥਾਵਾਂ ਤੇ ਰਾਗੁ ਦੀ ਪੱਟੀ ਸ਼ੁਰੂ ਕਰਦੇ ਸਮੇਂ, "ਪ੍ਰਭਾਤੀ" ਪਦ /ਪ/ ਤੇ /ਰ/ ਨੂੰ ਸੰਯੁਕਤ ਰੂਪ ਦੇ ਕੇ ਲਿਖਿਆ ਹੋਇਆ ਹੈ। ਅੰਦਰ ਮੂਲ ਪਾਠ ਵਿਚ ਸਭ ਥਾਂ ਸ਼ਬਦ-ਜੋੜ "ਪਰਭਾਤੀ" ਹੈ। ਇੰਵ ਪ੍ਰਤੀਤ ਹੁੰਦਾ ਹੈ ਕਿ ਮੂਲ ਖਰੜੇ ਵਿਚ, ਜਿਥੋਂ ਇਹ ਬੀੜ ਨਕਲ ਕੀਤੀ ਗਈ, ਪਾਠ "ਪਰਭਾਤੀ" ਹੀ ਸੀ।

੨੧. ਭੋਗ ਦੀ ਬਾਣੀ ਵਿਚ ਮਹਲਾ ੧ ਦੇ ਚਾਰ ਸਹਸਕ੍ਰਿਤੀ ਸਲੋਕ ਨਹੀਂ ਹਨ; ਬਾਕੀ ਬਾਣੀ ਮੌਜੂਦ ਹੈ।

੨੨. ਸਵੱਯੇ ਮੁੱਖ ਬਾਕਜ ਤੇ ਭੱਟਾਂ ਕੇ, ਛਪੇ ਗ੍ਰੰਥ ਵਾਲੇ ਸਾਰੇ ਪ੍ਰਾਪਤ ਹਨ। ਭੱਟ ਰਚਿਤ ਸਵੱਯੇ ਮਹਲਾ ੨ ਦੇ ਅੰਤਲੇ ਸਵੱਯੇ ਵਿਚ ਪਾਠ "ਸੁ ਕਹੁ ਟਲ ਗੁਰੁ ਸੇਵੀਐ" ਹੀ ਆਇਆ ਹੈ (ਪਤ੍ਰਾ ੬੫੯/੨)।

੨੩. ਸਲੋਕ ਵਾਰਾਂ ਤੇ ਵਧੀਕ ਦਾ ਬਿਓਰਾ ਇਸ ਪ੍ਰਕਾਰ ਹੈ : ਮਹਲਾ ੧ ਦੀ ਪੱਟੀ ਵਿਚ ਇਸ ਬੀੜ ਦੇ ਲਿਖਾਰੀ ਨੇ ਮਹਲਾ ੩ ਦੇ ਤਿੰਨ ਸਲੋਕ, "ਅਭਿਆਗਤ ਏਹ ਨ

ਆਖੀਅਹਿ", "ਅਭੈ ਨਿਰੰਜਨ ਪਰਮਪਦੁ" ਅਤੇ "ਬ੍ਰਹਮਣ ਕੈਲੀ ਘਾਤ ਕੰਞਕਾ", ਦਰਜ ਕਰਕੇ ਮਹਲਾ ੧ ਦੇ ਸ਼ਲੋਕਾਂ ਦੀ ਗਿਣਤੀ ੩੬ ਰਖੀ ਹੈ, ਜਦੋਂ ਕਿ ਛਪੇ ਗ੍ਰੰਥ ਵਿਚ ਇਹ ੩੩ ਹੈ। ਮਹਲਾ ੧ ਦੇ ਸਲੋਕਾਂ ਵਿਚ ਦਰਜ ਸਲੋਕ, "ਉ ਦੋਸਾ ਹੈ ਕਿਆ ਨੀਸਾਨੀ", ਇਸ ਬੀੜ ਵਿਚ ਮਹਲਾ ੨ ਦਾ ਕਰਕੇ ਲਿਖਿਆ ਹੈ ਜਦੋਂ ਕਿ ਛਪੇ ਗ੍ਰੰਥ ਵਿਚ ਮਹਲਾ ੧ ਦਾ ਕਰਕੇ ਆਇਆ ਹੈ (ਪਤ੍ਰਾ ੬੬੯/੨)। ਮਹਲਾ ੧ ਦਾ ਬਾਰ੍ਹਵਾਂ ਸਲੋਕ "ਹੈਨਿ ਵਿਰਖ ਨਾਹੀ ਘਣੇ ਫੈਲੁ ਫਕੜੁ ਸੰਸਾਰੁ" ਇਸ ਬੀੜ ਵਿਚ ਕੇਵਲ ਇਸੇ ਇਕ ਪੰਗਤੀ ਦਾ ਧਾਰਣੀ ਹੈ। ਦੂਜੀ ਪੂਰਕ ਪੰਗਤੀ "ਨਾਨਕ ਨਦਰਿ ਪਛਾਣੀਐ ਗੁਰ ਕੇ ਸਬਦ ਵੀਚਾਰ" ਇਸ ਬੀੜ ਵਿਚ ਨਹੀਂ ਹੈ।

(ਅ) ਮਹਲਾ ੧ ਦੇ ਤ੍ਰੀਹਵੇਂ ਸਲੋਕ, "ਪਥਰ ਤੂੰ ਹਰਿਆਵਲਾ" ਦਾ ਪਾਠ ਇਸ ਬੀੜ ਵਿਚ ਮੂਲ ਰੂਪ ਵਿਚ "ਪਰਬਤ ਤੂ ਹਰਿਆਵਲਾ" ਸੀ। ਮਗਰੋਂ ਹੜਤਾਲ ਲਾ ਕੇ "ਪਥਰ ਤੂ ਹਰਿਆਵਲਾ" ਕੀਤਾ ਹੋਇਆ ਹੈ (ਪਤ੍ਰਾ ੬੬੯/੨)।

(ੲ) ਮਹਲਾ ੩ ਦੇ ਸਲੋਕਾਂ ਵਿਚ, ਛਪੇ ਗ੍ਰੰਥ ਵਾਲਾ ਪੰਜਵਾਂ ਸਲੋਕ, "ਮਾਥੈ ਜੋ ਧੁਰਿ ਲਿਖਿਆ" ਇਸ ਬੀੜ ਵਿਚ ਨਹੀਂ ਹੈ; ਪਰੰਤੂ ਇਕ ਹੋਰ ਸਲੋਕ 'ਭੈ ਵਿਚ ਸਭ ਆਕਾਰ ਹੈ" ਪ੍ਰਤੀਕ ਵਾਲਾ, ਛਪੇ ਗ੍ਰੰਥ ਤੋਂ ਬਾਹਰਾ, ਮੌਜੂਦ ਹੈ।

(ਸ) ਮਹਲਾ ੪ ਦੇ ਅੰਤਲੇ ਸਲੋਕ ਦੀ ਪਹਲੀ ਤੁਕ ਅਧੂਰੀ ਸੀ, ਮਗਰੋਂ ਕਿਸੇ ਨੇ ਹੇਠ ਦਿੱਤੀ ਕਾਲੇ ਅੱਖਰਾਂ ਵਾਲੀ ਤੁਕ ਪਾ ਕੇ ਇਸ ਅਧੂਰੀ ਪੰਗਤੀ ਨੂੰ ਇਸ ਤਰ੍ਹਾਂ ਪੂਰਾ ਕਰ ਦਿੱਤਾ ਹੈ :

> ਗੁਰਮਤੀ ਹਰਿ ਹਰਿ ਬੋਲੇ ॥ **ਸੋਰਠਿ ਤਾਮਿ ਸੁਹਾਵਣੀ ਜਾ ਹਰਿ ਹਰਿ ਨਾਮਿ ਢੰਢੋਲੇ ॥**
> ਹਰਿ ਪ੍ਰੇਮੁ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗ ਚੋਲੇ ॥

(ਹ) ਸਲੋਕਾਂ ਦਾ ਭੋਗ ਮੁੰਦਾਵਣੀ ਤੋਂ ਹੁੰਦਾ ਹੋਇਆ ਸਲੋਕ "ਤੇਰਾ ਕੀਤਾ ਜਾਤੋ ਨਾਹੀ" ਤੇ ਪੈਂਦਾ ਹੈ (ਪਤ੍ਰਾ ੬੭੬/੨)। ਬਾਕੀ ਪਤ੍ਰਾ ਖਾਲੀ ਹੈ।

੨੪. ਪਤ੍ਰਾ ੬੭੬/੨ ਦੇ ਮਗਰਲੇ ਪਾਸੇ, ਅਰਥਾਤ ਪਤ੍ਰਾ ੬੭੭/੧ ਉਪਰ, ਰਾਗੁਮਾਲਾ ਹੈ ਜਿਸ ਦਾ ਭੋਗ ਪਤ੍ਰਾ ੬੭੭/੨ ਉਪਰ ਜਾ ਕੇ ਪੈਂਦਾ ਹੈ ਤੇ ਇਸੇ ਪਤ੍ਰੇ ਦੇ ਹੇਠ ਵੱਖਰੀ ਡੱਬੀ ਵਿਚ ਗ੍ਰੰਥ ਲਿਖਣ ਦਾ ਬਿਓਰਾ ਦਿੱਤਾ ਹੋਇਆ ਹੈ, ਜਿਸ ਦਾ ਉਤਾਰਾ ਅਸ ਇਸ ਪ੍ਰਸੰਗ ਦੇ ਮੁੱਢ ਵਿਚ ਦੇ ਆਏ ਹਾਂ।

→ ੨੫. ਪਤ੍ਰਾ ੬੭੭/੨ ਦੇ ਮਗਰਲੇ ਪਾਸੇ, ਜੋ ਇਸ ਗ੍ਰੰਥ ਦੇ ਹਿਸਾਬ ਪੰਨਾ ੬੭੮/ ਬਣਦਾ ਹੈ, ਉੱਪਰ ਕਰਕੇ ਰਾਗੁ ਵਡਹੰਸ ਦਾ ਰਹਿਆ ਛੰਦ "ਪ੍ਰਭ ਕਰਣ ਕਾਰਣ ਸਮਰਥਾ ਰਾਮ" ਉੱਪਰ ਦੱਸੀ ਸੂਚਨਾ ਨਾਲ ਦਰਜ ਹੈ; ਇਸੇ ਪੰਨੇ ਦੇ ਮਗਰਲੇ ਪਾਸੇ, ਜੋ ਗ੍ਰੰਥ ਦੇ ਪੰਨੇ ਲਗਾਉਣ ਦੀ ਵਿਧੀ ਅਨੁਸਾਰ ਪਤ੍ਰਾ ੬੭੯/੧ ਬਣਦਾ ਹੈ, ਰਾਗੁ ਰਾਮਕਲੀ

ਛੰਤ "ਏ ਰੁਣ ਝਾਝਨੜਾ ਗਾਉ ਸਖੀ" ਅੰਕਿਤ ਹੈ—ਪੂਰੇ ਚਾਰ ਬੰਦ। ਇੱਥੇ "ਝੁੰਝਨੜਾ" ਦੀ ਥਾਂ ਪਾਠ "ਝਾਝਨੜਾ" ਆਇਆ ਹੈ। ਛੰਤ ਦੇ ਮੁੱਢ ਵਿਚ ਇਹ ਟਿੱਪਣੀ ਦਿੱਤੀ ਹੋਈ ਹੈ : "ਰਾਗੁ ਰਾਮਕਲੀ ਛੰਤੁ ਮਹਲਾ ੫ ਪਿੱਛੋਂ ਲਿਖਿਆ ਹੈ"।

ਛੰਤੁ ਮੁੱਕਣ 'ਤੇ ਫਿਰ ਇਸੇ ਚੀਜ਼ ਨੂੰ ਇਹ ਲਿਖ ਕੇ ਦੁਹਰਾਇਆ ਹੈ :

"ਰਾਮਕਲੀ ਕਾ ਛੰਤੁ ਹੈ ਸਮਾਲਿ ਲਿਖਣਾ ਵਾਚਣਾ ॥"

੨੬. ਰਾਗੁਮਾਲਾ ਤੋਂ ਬਿਨਾ ਹੋਰ ਕੋਈ ਫਾਲਤੂ ਬਾਣੀ ਇਸ ਬੀੜ ਵਿਚ ਸੰਮਿਲਿਤ ਨਹੀਂ।

੨੧. ਬੀੜ ਐਮ-ਐਸ ੧੧੯੨ ਚੰਡੀਗੜ੍ਹ
(ਸੰਮਤ ੧੭੩੧ ?)

ਇਹ ਬੀੜ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਦੀ ਲਾਇਬ੍ਰੇਰੀ ਵਿਚ ਸੁਰੱਖਿਅਤ ਹੈ। ਇਸ ਦਾ ਐਕਸੈਸ਼ਨ ਨੰਬਰ ਐਮ-ਐਸ ੧੧੯੨ ਹੈ। ਪਹਲੇ ਪਤ੍ਰੇ ਉਪਰ ਪੂਰਾ ਮੂਲਮੰਤ੍ਰ ਲਿਖ ਕੇ ਸੂਚੀ ਪਤ੍ਰ ਤਥਾ ਤਤਕਰਿਆਂ ਦਾ ਵੇਰਵਾ ਚਲਦਾ ਹੈ। ਤਤਕਰੇ ਦੋ ਕਾਲਮੀ ਹਨ। ਗ੍ਰੰਥ ਦੇ ਸੂਚੀ ਪਤ੍ਰ ਵਿਚ "ਚਲਿਤ੍ਰ ਜੋਤੀ ਜੋਤਿ ਸਮਾਵਣੇ ਕੇ" ਦੇ ਕੇ ਮਗਰੋਂ ਗ੍ਰੰਥ ਦਾ ਲਿਖਿਆ ਜਾਣਾ "ਸੰਮਤ ੧੭੩੧ ਜੇਠ ਦੀ ਨੌਵੀਂ ਪੋਥੀ ਲਿਖਿ ਪਹੁੰਚੇ" ਦੇ ਵਾਕਾਂਸ਼ ਦੁਆਰਾ ਸੂਚਿਤ ਕੀਤਾ ਗਇਆ ਹੈ। ਪਰੰਤੂ ਇਹ ਬੀੜ ਬਹੁਤ ਪਿੱਛੋਂ ਦੀ ਸਿੱਧ ਹੁੰਦੀ ਹੈ ਕਿਉਂਜੋ ਇਸ ਦੇ ਅੰਦਰ ਨੌਵੇਂ ਪਾਤਸ਼ਾਹ ਦੀ ਬਾਣੀ (ਸਮਾਵਣਾ ੧੭੩੨) ਥਾਉਂ ਥਾਈਂ ਟਿਕਾਣੇ ਸਿਰ ਚੜ੍ਹੀ ਹੋਈ ਹੈ, ਜੋ ੧੭੩੧ ਵਿਚ ਚੜ੍ਹਨੀ ਸੰਭਵ ਨਹੀਂ ਸੀ।

ਤਤਕਰੇ : ਗ੍ਰੰਥ ਵਿਚ ਚਲ ਚੁਕੀ ਰੀਤਿ ਅਨੁਸਾਰ ਤਿੰਨ ਤਤਕਰੇ ਹਨ ਜੋ ਪਤ੍ਰਾ ੩੭/ਅ ਉਪਰ ਮੁਕਦੇ ਹਨ। ਅੰਕ ਇਸ ਗ੍ਰੰਥ ਦੇ ਸੱਜੇ ਪਾਸੇ ਦੇ ਪਤ੍ਰੇ ਉਪਰ ਹਾਸ਼ੀਏ ਵਿਚ ਲਗੇ ਹੋਏ ਹਨ, ਤੇ ਪਤ੍ਰਿਆਂ ਦੀ ਕੁੱਲ ਗਿਣਤੀ ੬੦੪ ਹੈ। ਅੰਕ ਲਗਾਉਣ ਦੀ ਵਿਧੀ ਵਿਗਿਆਨਿਕ ਹੈ, ਅਰਥਾਤ ਇਕ ਹੀ ਪਤ੍ਰੇ ਦੇ ਸਿੱਧੇ ਪੁੱਠੇ ਪਾਸੇ ਲੈ ਕੇ ਪੂਰਾ ਪਤ੍ਰਾ ਬਣਾਇਆ ਗਇਆ ਹੈ। ਤਤਕਰੇ ਇਸੇ ਢੰਗ ਨਾਲ ਤਿਆਰ ਕੀਤੇ ਹੋਏ ਹਨ। ਲਿਖਾਰੀ ਚੰਗਾ ਸੂਝਵਾਨ ਹੈ। ਗ੍ਰੰਥ ਦੇ ਸਿਰਲੇਖ ਤੇ ਰਾਗਾਂ ਦੇ ਅੰਤ ਤੇ ਬਾਣੀ ਦੀ ਗਣਨਾ ਦਰਜ ਕਰਨ ਵਿਚ ਪ੍ਰਵੀਨ ਹੈ।

ਨੀਸਾਣੁ : ਤਤਕਰਿਆਂ ਦੇ ਛੇਤੀ ਪਿੱਛੋਂ ਇਕ ਖ਼ਾਲੀ ਪਤ੍ਰੇ ਉਪਰ ਨੌਵੇਂ ਗੁਰੂ ਜੀ ਦਾ ਨੀਸਾਣੁ (ਮੂਲਮੰਤ੍ਰ) ਲਾਈਨਾਂ ਲਗੇ ਤਤਕਰੇ ਵਾਲੇ ਹੀ ਅੰਕਹੀਨ ਪਤ੍ਰੇ ਉਪਰ ਲਿਖਿਆ ਮਿਲਦਾ ਹੈ। ਇਹ ਜਾਅਲੀ ਹੈ। ਗੁਰੂ ਸਾਹਿਬ ਦਾ ਨੀਸਾਣੁ ਕਿਧਰੋਂ ਲੈ ਕੇ ਉਸ ਦੀ ਟ੍ਰੇਸਿੰਗ ਕਰਕੇ ਇਸ ਨੂੰ ਆਧੁਨਿਕ ਕਿਸਮ ਦੀ ਕਾਲੀ ਸਿਆਹੀ ਨਾਲ ਅਸਲੀ ਬਨਾਉਣ ਦਾ ਤਰਲਾ ਮਾਰਿਆ ਗਇਆ ਹੈ, ਪਰ ਪਾਰਖੂ ਅੱਖ ਇਸ ਜਾਅਲਸਾਜ਼ੀ ਨੂੰ ਇਕ ਛਿਣ ਵਿਚ ਤਾੜ ਜਾਂਦੀ ਹੈ। ਇਸ ਜਾਅਲਸਾਜ਼ੀ ਨੂੰ ਲੁਕਾਉਣ ਲਈ ਜੋ ਟਿੱਪਣੀ ਇਸ ਨੀਸਾਣੁ ਦੇ ਥੱਲੇ ਦਿੱਤੀ ਗਈ ਹੈ, ਉਹੀ ਇਸ ਦੇ ਭਾਂਡੇ ਨੂੰ ਭੰਨਣ ਦਾ ਕਾਰਣ ਬਣਦੀ ਹੈ। ਸੰਬੰਧਿਤ ਟਿੱਪਣੀ ਇਹ ਹੈ :

> ਇਹ ਦਰਸਨ ਨਾਵੇਂ ਪਾਤਸਾਹੀ ਦੀ ਹਜ਼ੂਰੀ ਵਿਚ ਹਾਜਰ ਹੋ ਕੇ ਪ੍ਰਾਪਤ ਕੀਤੇ ਗਏ ਸੰਮਤ ੧੭੩੧ ਵਿਕ੍ਰਮੀ ਪੁੰਨਿਆ ਜੇਠ ਦੀ ਸਮੇਤ ਸੰਗਤ ਦੇ।

"ਦਰਸਨ" ਤੋਂ ਲਿਖਾਰੀ ਦਾ ਭਾਵ "ਗੁਰੂ ਸਾਹਿਬ ਦੇ ਦਸਤਖਤਾਂ ਦੇ ਦਰਸਨ" ਹਨ। ਇਹ ਵੱਖਰੇ ਹੱਥ ਦੀ ਲਿਖਤ ਹੈ। ਲਿਖਣ ਵਾਲਾ ਇਹ ਪ੍ਰਭਾਵ ਦੇਣ ਦਾ ਯਤਨ ਕਰ ਰਹਿਆ ਹੈ ਕਿ ਗ੍ਰੰਥ ਦੇ ਆਪਣੇ ਹੀ ਪਤ੍ਰੇ ਉਪਰ ਲਇਆ ਇਹ ਨੀਸਾਣੁ ਗ੍ਰੰਥ ਸਾਹਿਬ ਨੂੰ ਗੁਰੂ ਮਹਾਰਾਜਾ ਦੀ ਹਜ਼ੂਰੀ ਵਿਚ ਲਿਜਾ ਕੇ ਹੀ ਹਾਸਲ ਕਰਨਾ ਸੰਭਵ ਹੋ ਸਕਿਆ। ਇਸ ਦੀ ਸਮਝ ਨਹੀਂ ਕੀਤੀ ਕਿ ਨੌਵੇਂ ਮਹਲੁ ਦੀ ਬਾਣੀ ਨਾਲ ਸੰਮਿਲਿਤ ਗ੍ਰੰਥ ਸੰਮਤ ੧੭੩੧ ਵਿਚ ਕਿੱਥੋਂ ਤੇ ਕਿਵੇਂ ਆ ਗਇਆ? ਫਿਰ ਅਜੇਹੀ ਮਹੱਤਵਪੂਰਨ ਪ੍ਰਾਪਤੀ ਦਾ ਜ਼ਿਕਰ ਤਤਕਰੇ ਵਿਚ ਕਿਉਂ ਨਹੀਂ ਆਇਆ? ਤਤਕਰੇ ਵਿਚ ਇਸ ਨੀਸਾਣੁ ਬਾਰੇ ਕੋਈ ਸੂਚਨਾ ਨਹੀਂ ਹੈ। ਜੇ ਨੀਸਾਣੁ ਸਚਮੁਚ ਹੀ ਇੰਞ ਹੁੰਦਾ ਤਾਂ ਲਿਖਾਰੀ ਤਤਕਰੇ ਵਿਚ ਇਸ ਦਾ ਜ਼ਿਕਰ ਅਵੱਸ਼ ਕਰਦਾ, ਜਿਵੇਂ ਕਿ ਨੀਸਾਣੁ ਵਾਲੇ ਗ੍ਰੰਥਾਂ ਵਿਚ ਅਕਸਰ ਕੀਤਾ ਮਿਲਦਾ ਹੈ। ਹੋਰ ਇਹ ਕਿ ਸੰਮਤੁ ਨਾਲ "ਬਿਕ੍ਰਮੀ" ਲਿਖਣ ਦਾ ਦਸਤੂਰ ਪੁਰਾਣੇ ਲਿਖਾਰੀਆਂ ਵਿਚ ਨਹੀਂ ਸੀ। ਫਲਸ੍ਵਰੂਪ ਸਿੱਧੇ ਸਾਦੇ ਸ਼ਰਧਾਲੂਆਂ ਨੂੰ ਫ਼ਰੇਬ ਦੇਣ ਦਾ ਇਹ ਇਕ ਕੋਝਾ ਜੇਹਾ ਯਤਨ ਹੈ।

ਬਾਣੀ ਦਾ ਬਿਓਰਾ : ਬਾਣੀ ਇਸ ਗ੍ਰੰਥ ਦੀ ਤਤਕਰੇ ਤੋਂ ਵੱਖਰੇ ਅੰਕ ੧ ਨਾਲ ਸ਼ੁਰੂ ਹੁੰਦੀ ਹੈ। ਮੁੱਢ ਵਿਚ ਜਪੁ ਨੀਸਾਣੁ, ਸੋ ਦਰੁ, ਸੋ ਪੁਰਖੁ, ਤੇ ਸੋਹਿਲਾ ਹਨ। ਮਗਰੋਂ ਮੌਜੂਦਾ ਕ੍ਰਮ ਵਿਚ ੩੧ ਰਾਗ ਚਲਦੇ ਹਨ; ਜੈਜਾਵੰਤੀ ਅਖੀਰ 'ਤੇ ਹੈ। ਭੋਗ ਇਸ ਗ੍ਰੰਥ ਦਾ ਸਲੋਕ ਵਾਰਾਂ ਤੇ ਵਧੀਕ 'ਤੇ ਪੈਂਦਾ ਹੈ। ਮੁੰਦਾਵਣੀ ਅਤੇ ਸਲੋਕ "ਤੇਰਾ ਕੀਤਾ ਜਾਤੋ ਨਾਹੀ" ਅੰਤ 'ਤੇ ਦਰਜ ਹਨ। ਇਸ ਪਿੱਛੋਂ ਫਾਲਤੂ ਬਾਣੀ, ਸਲੋਕ "ਜਿਤ ਦਰੁ ਲਖ ਮੁਹੰਮਦਾ" (੩), "ਬਾਇ ਆਤਿਸ਼ ਆਬ" (੧੬), ਰਤਨਮਾਲਾ (੨੫), ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ, ਹੈ। ਨੌਵੇਂ ਮਹਲੁ ਦੇ ਸਲੋਕ "ਹਕੀਕਤ ਰਾਹ ਮੁਕਾਮ" ਦੇ ਮਗਰ ਦਿੱਤੇ ਹੋਏ ਹਨ। ਇਨ੍ਹਾਂ ਦੀ ਗਿਣਤੀ ੫੭ ਹੈ। ਰਾਗਮਾਲਾ ਅੰਤ ਵਿਚ ਪਤ੍ਰਾ ੬੦੪/ਅ 'ਤੇ ਰਖੀ ਹੈ। ਤੇ ਇਸ ਨਾਲ ਇਸ ਗ੍ਰੰਥ ਦੀ ਸਮਾਪਤੀ ਹੋ ਜਾਂਦੀ ਹੈ। ਨੌਵੇਂ ਮਹਲੁ ਦੀ ਬਾਕੀ ਬਾਣੀ ਥਾਉਂ ਥਾਈਂ ਟਿਕਾਣੇ ਸਿਰ ਹੈ।

ਹੋਰ ਵਿਸ਼ੇਸ਼ਤਾਵਾਂ : ਕੁਝ ਹੋਰ ਵਿਸ਼ੇਸ਼ਤਾਵਾਂ ਇਸ ਬੀੜ ਦੀਆਂ ਹੇਠ ਲਿਖੇ ਅਨੁਸਾਰ ਹਨ :

੧. ਜਪੁ ਦੇ ਮੁਢਲੇ ਸਲੋਕ ਦੇ ਮਗਰ ਅੰਕ '॥੧॥' ਹੈ। ਕੁਝ ਸ਼ਬਦ-ਜੋੜ ਇਸ ਤਰ੍ਹਾਂ ਹਨ : ਮੁਹੇਂ, ਧੌਲ, ਕੋਣ, ਰਖੀਸਰ, ਜੀਭੋਂ।

੨. ਸਿਰੀ ਰਾਗੁ ਦੀ ਵਾਰ ਦੇ ਮਗਰ ਹਿਦਾਇਤੀ ਪਦ "ਸੁਧ" ਨਹੀਂ ਹੈ। ਅੱਗੇ ਵੀ ਕਿਤੇ ਅਜੇਹੀ ਹਿਦਾਇਤ ਨਹੀਂ ਮਿਲਦੀ। ਸਿਰੀ ਰਾਗੁ ਦੇ ਅੰਤ 'ਤੇ ਇਸ ਰਾਗੁ ਦੀ ਬਾਣੀ ਦਾ ਬਿਓਰਾ ਵੇਰਵੇ ਸਹਿਤ ਇੰਞ ਦਿੱਤਾ ਹੋਇਆ ਹੈ :

ਸਲੋਕ ਵਾਰ ਨਾਲਿ ॥੩॥ ਮਹਲਿਆ ਸਭਨਾ ਕੇ ਚਉਪਦੇ ੧੦੦ ॥
ਅਸਟਪਦੀਆਂ ॥੨੧॥ ਸ਼ਬਦ ਤਥਾ ਛੰਤ ਤਥਾ ਪਹਰੇ ਤਥਾ ਵਣਜਾਰਾ ॥੧੦॥
ਤਿਨਾ ਦਾ ਜੋੜ ॥ ਸਿਰੀਰਾਗੁ ਕਾ ੧੩੯ ॥ ਜੁਮਲਾ।

ਸਾਰੇ ਗ੍ਰੰਥ ਵਿਚ ਰਾਗਾਂ ਦੇ ਪਿੱਛੇ ਬਾਣੀ ਦੀ ਗਿਣਤੀ ਇਸੇ ਡੌਲ ਨਾਲ ਦਿ ਹੋਈ ਹੈ। ਇਹ ਇਸ ਬੀੜ ਦੀ ਖਾਸ ਵਿਸ਼ੇਸ਼ਤਾ ਹੈ।

੩. "ਰਾਗੁ ਗਉੜੀ ਬੈਰਾਗਣਿ ਕਬੀਰ ਜੀ ਕੀ" ਦੇ ਅੰਤ ਤੇ ਇਕ ਹੋਰ ... "ਗਗਨ ਮੰਡਲ ਮਹਿ ਏਕੋ ਸੋਈ", ਇਸ ਬੀੜ ਵਿਚ ਨਹੀਂ ਹੈ। ਕਬੀਰ ਜੀ ਦੇ ਹੀ ੫... ਸ਼ਬਦ (ਕਾਲਬੂਤ ਕੀ ਹਸਤਨੀ) ਦੀ ਰਹਾਉ ਦੀ ਤੁਕ ਵਿਚ "ਬਿਖੈ ਬਾਚੁ ਹਰਿ ਰਾਚੁ ਸਮ... ਮਨ ਬਉਰਾ ਰੇ" ਦੇ ਨਾਲ "ਦੁਰਲਭ ਦੇਹ ਕਉ ਕਾਜ" ਵੀ ਨਹੀਂ। ਕਬੀਰ ... ਵਾਰ ਸਲੋਕ "ਧਰ ਅੰਬਰ ਵਿਚ ਬੇਲੜੀ" ਨਾਲ ਸ਼ੁਰੂ ਨਹੀਂ ਹੁੰਦੇ।

੪. ਰਾਗੁ ਆਸਾ ਵਿਚ "ਸੋ ਪੁਰਖੁ" ਵਾਲਾ ਮਹਲਾ ੪ ਦਾ ਸ਼ਬਦ "ਸੋ ਦਰੁ" ... ਮਗਰ ਹੀ ਦਿੱਤਾ ਹੋਇਆ ਹੈ। ਇਸ ਲਈ ਬੇ-ਮਿਸਲ ਹੈ। ਵਾਰ ਰਾਗੁ ਆਸਾ ਮਹਲ... ਇਸ ਬੀੜ ਵਿਚ ਪੂਰਾ ਮੂਲਮੰਤ੍ਰ ਲਿਖ ਕੇ ਸ਼ੁਰੂ ਕੀਤੀ ਗਈ ਹੈ। ਧੰਨਾ ਜੀ ਦੀ ਤਖ਼... ਵਿਚ ਸ਼ਬਦ "ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨ ਲੀਣਾ", ਆਸਾ ਮਹਲਾ ੫ ... ਸਿਰਲੇਖ ਹੇਠ ਆਇਆ ਹੈ। ਇਸ ਵਿਚ ਪਾਠ "ਬੁਨਨਾ ਤਨਨਾ" ਸ਼ੁੱਧ ਹੈ।

੫. ਰਾਗੁ ਗੂਜਰੀ ਵਿਚ ਤ੍ਰਿਲੋਚਨ ਦਾ ਸ਼ਬਦ, "ਨਵ ਨਿਧਿ ਪਰਸੀ ਕਾਹਿ... ਨਹੀਂ ਹੈ। ਰਾਗੁ ਗੂਜਰੀ ਮਹਲਾ ੫ ਘਰੁ ੪ ਦੀ ਅੰਤਲੀ ਅਸ਼ਟਪਦੀ ਵਿਚ ਪਾਠ "... ਦਰਸ਼ਨ" ਹੀ ਹੈ।

੬. ਰਾਗੁ ਦੇਵ ਗੰਧਾਰੀ ਵਿਚ ਸਿਰਲੇਖਾਂ ਦੇ ਨਾਲ ਮਹੱਲੇ ਹਰ ਥਾਂ ਲਿਖੇ ਹੋਏ ਹ... ਲੇਖ ਤੇ ਮੰਗਲ ਦੇਣ ਦੇ ਪੱਖ ਤੋਂ ਇਹ ਗ੍ਰੰਥ ਬੜਾ ਪਰਿਪੱਕ ਹੈ। ਇਸ ਰਾਗੁ ਵਿਚ ... ਮਹਲੁ ਦੇ ਸ਼ਬਦ ਛਪੇ ਗ੍ਰੰਥ ਸਾਹਿਬ ਦੇ ਅਨੁਸਾਰੀ ਹਨ।

੭. ਰਾਗੁ ਸੋਰਠਿ ਮਹਲਾ ੫ ਦੇ ਅੰਤ ਤੇ "ਸੰਤ ਜਨਾ ਸਿਉ ਦੂਖਨ ਕਰ... ਵਾਲਾ ਚਉਪਦਾ ਨਹੀਂ ਹੈ। ਵਾਰ ਰਾਗੁ ਸੋਰਠਿ ਮਹਲਾ ੪, ਪਉੜੀ ੨੯, ਦੇ ਮਹਲ... ਦੇ ਦੂਜੇ ਸਲੋਕ ਦੀ ਛੁਟੀ ਤੁਕ "ਆਪੇ ਦੇਇ ਵਡਿਆਈਆ ਆਪੇ ਨਦਰਿ ਕਰੇਇ" ਸੁਧਾ... ਵਜੋਂ ਹਾਸ਼ੀਏ ਵਿਚ ਲਿਖੀ ਹੋਈ ਹੈ। ਕਬੀਰ ਜੀ ਦੇ ਤੀਜੇ ਸ਼ਬਦ ਵਿਚ ਪਾਠ "ਖਾਲ... ਹੈ। ਕਬੀਰ ਜੀ ਦੇ ਸ਼ਬਦ "ਅਉਧੂ ਸੋ ਜੋਗੀ ਗੁਰ ਮੇਰਾ" ਦੀ ਇਕ ਪੰਗਤੀ ਲਿਖ ਕੇ ਹੜਤਾਲ ਨਾਲ ਕੱਟੀ ਹੋਈ ਹੈ।

੮. ਰਾਗੁ ਧਨਾਸਰੀ ਮਹਲਾ ੧ ਦੀ ਤਖ਼ਤੀ ਦੇ ਚੌਥੇ ਸ਼ਬਦ "ਨਦਰਿ ਕਰੇ... ਸਿਮਰਿਆ ਜਾਇ" ਨਾਲ "ਮਹਲਾ ੧" ਹੈ। ਇਸ ਰਾਗੁ ਵਿਚ ਕਬੀਰ ਜੀ ਦੇ ਸ਼ਬਦ "ਸਨਕ ਸਨੰਦ ਮਹੇਸ ਸਮਾਨਾ" ਦੀ ਰਹਾਉ ਦੀ ਤੁਕ ਦਾ ਗੁੰਮ ਅੱਧਾ ਹਿੱਸਾ, "ਨਿਰ... ਰਾਮ ਜਪਹੁ ਮੇਰੀ ਮਾਈ" ਨਹੀਂ ਹੈ।

੯. ਰਾਗੁ ਤਿਲੰਗ ਦੇ ਮਹਲਾ ੯ ਦੇ ਸ਼ਬਦ ਮਹਲਾ ੪ ਦੀਆਂ ਅਸ਼ਟਪਦੀਆਂ ਦੇ ਪਿੱਛੇ ਦਿੱਤੇ ਹੋਏ ਹਨ। ਸੋ, ਬੇ-ਮਿਸਲ ਹਨ।

੧੦. ਰਾਗੁ ਰਾਮਕਲੀ ਵਿਚ ਬਾਣੀਆਂ ਦਾ ਕ੍ਰਮ ਛਪੇ ਗ੍ਰੰਥ ਸਾਹਿਬ ਵਾਲਾ ਹੈ। ਮਹਲਾ ੫ ਦਾ ਕਥਿਤ ਛੰਤ "ਰੁਣ ਝੁੰਝਨੜਾ ਗਾਉ ਸਖੀ" ਪੂਰਾ ਇਸ ਬੀੜ ਵਿਚ ਲਿਖਿਆ ਮਿਲਦਾ ਹੈ (ਪੱਤੀ ੩੯੧/ੳ)। ਕਬੀਰ ਜੀ ਦੇ ਪੰਜਵੇਂ ਸ਼ਬਦ ਵਿਚ ਕਥਿਤ ਚੌਥਾ ਬੰਦ, "ਅਖਰ ਸਾਚੇ ਬੇਦੁ ਭੀ ਸਾਚਾ" ਵਾਲਾ, ਨਹੀਂ ਹੈ।

੧੧. ਰਾਗੁ ਮਾਰੂ ਦੀ ਵਾਰ ਮਹਲਾ ੩ ਦਾ ਪਹਲਾ ਸਲੋਕ (ਵਿਣੁ ਗਾਹਕ ਗੁਣੁ ਵੇਚੀਐ) ਮਹਲਾ ੧ ਦਾ ਕਰਕੇ ਲਿਖਿਆ ਹੈ, ਰਵਿਦਾਸ ਦਾ ਰਾਗੁ ਸੋਰਠਿ ਵਾਲਾ ਸ਼ਬਦ "ਸੁਖ ਸਾਗਰ ਸੁਰਤਰ ਚਿੰਤਾਮਨਿ" ਇਸ ਰਾਗੁ ਵਿਚ ਵੀ ਦੁਹਰਾਇਆ ਹੋਇਆ ਹੈ। ਮੀਰਾ ਬਾਈ ਦਾ ਸ਼ਬਦ ਵੀ ਹੈ (ਪੱਤੀ ੪੮੬/ਅ)।

੧੨. ਰਾਗੁ ਭੈਰਉ ਮਹਲਾ ੩ ਘਰੁ ੨ ਨਾਲ ਮੰਗਲ ਹੈ।

੧੩. ਬਸੰਤ ਹਿੰਡੋਲ ਮਹਲਾ ੧ ਦੀ ਤਖ਼ਤੀ ਵਿਚ ਦਰਜ ਸ਼ਬਦ "ਬਸਤ੍ਰ ਉਤਾਰਿ ਦਿਗੰਬਰ ਹੋਗੁ" ਮਹਲਾ ੩ ਦਾ ਦਸਿਆ ਹੈ। ਇਸ ਤੋਂ ਅਗੇ ਇਕਤੁਕਾ "ਸਾਹਿਬ ਭਾਵੈ ਸੇਵਕ ਸੇਵਾ ਕਰੈ" ਵੀ ਮਹਲਾ ੩ ਦਾ ਕਰਕੇ ਦਿੱਤਾ ਹੋਇਆ ਹੈ। ਬਸੰਤ ਹਿੰਡੋਲ ਮਹਲਾ ੧ ਘਰੁ ੨ ਦੇ ਤੀਜੇ ਚਉਪਦੇ "ਰਾਜਾ ਬਾਲਕ ਨਗਰੀ ਕਾਚੀ" ਵਿਚ ਚੌਥਾ ਬੰਦ "ਕਹਿਆ ਸੁਣਹਿ ਨ ਖਾਇਆ ਮਾਨਹਿ . . . ਖਿਨੁ ਤੋਲਾ ਖਿਨੁ ਮਾਸਾ" ਇਸ ਬੀੜ ਵਿਚ ਪ੍ਰਾਪਤ ਹੈ।

੧੪. ਰਾਗੁ ਸਾਰੰਗ ਵਿਚ ਸੂਰਦਾਸ ਦੇ ਸ਼ਬਦ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ" ਦੀ ਕੇਵਲ ਇਕ ਤੁਕ ਦਿੱਤੀ ਹੋਈ ਹੈ। ਸੂਰਦਾਸ ਦੂਸਰੇ ਦਾ ਸ਼ਬਦ "ਹਰਿ ਕੇ ਸੰਗਿ ਬਸੇ ਹਰਿ ਲੋਕ" ਵੀ ਹੈ।

੧੫. ਰਾਗੁ ਮਲਾਰ ਮਹਲਾ ੫ ਚਉਪਦੇ ਘਰੁ ੨ ਦੇ ਅੰਤ ਤੇ "ਪ੍ਰਾਨ ਮਾਨ ਏਕ ਨਾਮੁ" ਵਾਲਾ ਸ਼ਬਦ ਨਹੀਂ ਹੈ। ਵਾਰ ਰਾਗੁ ਮਲਾਰ ਵਿਚ ਪਹਲਾ ਸਲੋਕ "ਮਹਲਾ ੩" ਦਾ ਹੈ।

੧੬. ਰਾਗੁ ਕਾਨੜਾ ਮਹਲਾ ੫ ਘਰੁ ੨ ਦੇ ੧ ਤੋਂ ਲੈ ਕੇ ੧੧ ਤਕ ਦੇ ਚਉਪਦਿਆਂ ਨਾਲ ਮਹੱਲੇ ਨਹੀਂ ਹਨ।

੧੭. ਰਾਗੁ ਕਲਿਆਨ ਮਹਲਾ ੪ "ਭੋਪਾਲੀ" ਨਾਲ ਤੇ ਮਹਲਾ ੫ ਘਰੁ ੨ ਨਾਲ ਮੰਗਲ ਹਨ।

੧੮. ਰਾਗੁ ਪ੍ਰਭਾਤੀ ਨਾਲ "ਬਿਭਾਸ" ਪਦ ਛਪੇ ਗ੍ਰੰਥ ਦਾ ਅਨੁਸਰਨ ਕਰਦਾ ਹੈ।

੧੯. ਭੋਗ ਦੀਆਂ ਬਾਣੀਆਂ ਦਾ ਕ੍ਰਮ ਤੇ ਉਹਨਾਂ ਵਿਚ ਸਲੋਕਾਂ ਆਦਿ ਦੀ ਗਿਣਤੀ ਪ੍ਰਕਾਸ਼ਿਤ ਗ੍ਰੰਥ ਸਾਹਿਬ ਅਨੁਸਾਰ ਹੈ।

→ ੨੦. ਭੱਟ ਰਚਿਤ ਸਵੱਯੇ ਮਹਲੇ ਦੂਜੇ ਕੇ ਦੇ ਅੰਤਲੇ ਸਵੱਯੇ ਵਿਚ ਪਾਠ "ਸੋ ਕਹੁ ਕਲ" ਸੀ, ਪਿੱਛੋਂ ਕਿਸੇ ਨੇ ਹੜਤਾਲ ਫੇਰ ਕੇ "ਟਲ" ਕਰ ਦਿੱਤਾ ਹੈ।

੨੨. ਬੀੜ ਪਿੰਡੀ ਲਾਲਾ
(੧੭੩੨ ਬਿ.)

ਇਹ ਬੀੜ ਮੁੱਢ ਵਿਚ ਪਿੰਡੀ ਲਾਲਾ, ਜ਼ਿਲਾ ਗੁਜਰਾਤ (ਹੁਣ ਪਾਕਿਸਤਾਨ) ਦੇ ਗੁਰਦਵਾਰਾ ਸਾਹਿਬ ਵਿਚ ਸਥਿਤ ਸੀ। ਇੱਥੇ ਹੀ ਇਸ ਦੇ ਦਰਸ਼ਨ ਜੀ.ਬੀ. ਸਿੰਘ ਨੇ ਵੰਡ ਤੋਂ ਬਹੁਤ ਪਹਲਾਂ ਕੀਤੇ ਸਨ। ਉਸ ਸਮੇਂ ਇਸ ਗ੍ਰੰਥ ਬਾਰੇ ਪ੍ਰਾਪਤ ਕੀਤੀ ਜਾਣਕਾਰੀ ਉਨ੍ਹਾਂ ਦੀ ਪੁਸਤਕ ਵਿਚ ਉਪਲਬਧ ਹੈ। ੧੯੪੭ ਵਿਚ, ਦੇਸ਼-ਵੰਡ ਮਗਰੋਂ, ਇਹ ਬੀੜ ਸ. ਰਲਾ ਸਿੰਘ ਮੈਨੇਜਰ ਗੁਰਦਵਾਰਾ ਕੇਰ ਬਾਬਾ, ਜ਼ਿਲਾ ਗੁਜਰਾਤ, ਦੇ ਉੱਦਮ ਨਾਲ ਸਿਖ ਰੈਫਰੈਂਸ ਲਾਇਬ੍ਰੇਰੀ ਸ੍ਰੀ ਅਮ੍ਰਿਤਸਰ ਵਿਚ ਪਹੁੰਚੀ, ਜਿੱਥੇ ਇਸ ਨੂੰ ਭਰਪੂਰ ਰੂਪ ਵਿਚ ਵਾਚਣ ਦਾ ਅਵਸਰ ਪਹਲਾਂ ਭੂਤਪਰਵ ਗੁਰਦਵਾਰਾ ਇਨਸਪੈੱਕਟਰ ਭਾਈ ਰਣਧੀਰ ਸਿੰਘ ਨੂੰ ਪ੍ਰਾਪਤ ਹੋਇਆ। ਮਗਰੋਂ ਇਸ ਨੂੰ ਘੋਖਵੀਂ ਨਜ਼ਰ ਨਾਲ ਵਾਚਣ 'ਤੇ ਇਸ ਤੋਂ ਲਾਭ ਉਠਾਉਣ ਦਾ ਮਾਣ ਸ. ਜੋਗਿੰਦਰ ਸਿੰਘ ਤਲਵਾੜਾ ਤੇ ਉਨ੍ਹਾਂ ਦੇ ਸਾਥੀਆਂ ਨੂੰ ਮਿਲਿਆ। ਇਸ ਵਕਤ ਇਹ ਬੀੜ ਸ੍ਰੀ ਹਰਿਮੰਦਿਰ ਸਾਹਿਬ ਉਪਰ ਜੂਨ ੧੯੮੪ ਵਿਚ ਕੀਤੀ ਗਈ ਫੌਜੀ ਯਲਗ਼ਾਰ ਦੌਰਾਨ ਅੱਗ ਲਗ ਜਾਣ ਕਾਰਣ ਸਦਾ ਲਈ ਸਾਡੇ ਹੱਥੋਂ ਨਿਕਲ ਚੁੱਕੀ। ਪਰੰਤੂ ਇਸ ਵਿਚ ਸੰਮਿਲਿਤ ਬਾਣੀ, ਸਿਰਲੇਖਾਂ ਦਾ ਵਿਧੀ-ਵਿਧਾਨ, ਅੰਕਣ-ਪੱਧਤੀ, ਪਾਠ-ਭੇਦਾਂ ਦੀ ਗਤੀ ਇਤਿਆਦਿ ਬਾਰੇ ਭਰਪੂਰ ਜਾਣਕਾਰੀ ਸ. ਜੋਗਿੰਦਰ ਸਿੰਘ ਤਲਵਾੜਾ ਦੇ ਰਜਿਸਟਰਾਂ[1] ਵਿਚ ਸੁਰਖਿਅਤ ਹੈ। ਸਾਡੀ ਇਸ ਬੀੜ ਬਾਰੇ ਟਿੱਪਣੀਆਂ ਦਾ ਆਧਾਰ ਤਲਵਾੜਾ ਜੀ ਦੀ ਖੋਜ, ਜੀ.ਬੀ. ਸਿੰਘ ਦੀ ਲਿਖਤ, ਪ੍ਰਿੰਸੀਪਲ ਹਰਿਭਜਨ ਸਿੰਘ ਦਾ 'ਗੁਰਬਾਣੀ ਸੰਪਾਦਨ ਨਿਰਣੈ' ਵਿਚ ਦਿੱਤਾ ਨੋਟ, ਜਾਂ ਫਿਰ, ਭੂਤਪੂਰਵ ਗੁਰਦਵਾਰਾ ਇਨਸਪੈੱਕਟਰ ਭਾਈ ਰਣਧੀਰ ਸਿੰਘ ਦੀ ਆਪਣੇ ਪਿੱਛੇ ਛੱਡੀ ਜਾਣਕਾਰੀ ਸਮਝਣੀ ਚਾਹੀਦੀ ਹੈ।

ਸੰਮਤ, ਬਾਣੀ, ਨੀਸਾਣ ਆਦਿ ਬੜੀ ਸੁੰਦਰ ਲਿਖਤ ਵਾਲੀ ਇਸ ਬੀੜ ਦੇ ਤਿਆਰ ਕੀਤੇ ਜਾਣ ਦਾ ਸੰਮਤੁ, ਬਕੌਲ ਜੀ.ਬੀ. ਸਿੰਘ, ਇਸ ਤਰ੍ਹਾਂ ਦਿੱਤਾ ਹੋਇਆ ਸੀ :

ਸੂਚੀ ਪਤ੍ਰ ਪੋਥੀ ਤਤਕਰਾ ਰਾਗਾਂ ਕਾ
ਜੋਤੀ ਜੋਤ ਸਮਾਵਣ ਕਾ ਚਿਤ੍ਰ (= ਚਲਿਤ੍ਰ)
ਸੰਮਤ ੧੭੩੨ ਪੋਹ ॥੨੩ ਤ੍ਰੇਵੀਹਵੇ ਪੋਥੀ ਲਿਖਿ ਪਹੁਚੇ

[1] ਇਹ ਰਜਿਸਟਰ ਇਸ ਵਕਤ ਮਾਸਕ ਪਤ੍ਰ "ਸੂਰਾ" ਦੇ ਪ੍ਰਬੰਧਕਾਂ ਪਾਸ ਸੁਰਖਿਅਤ ਹਨ

ਜ਼ਾਹਿਰ ਹੈ ਕਿ ਇਹ ਗ੍ਰੰਥ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਤੋਂ ਲਗਪਗ ਡੇਢ ਕੁ ਮਹੀਨਾ ਪਿੱਛੋਂ ਮੁਕੰਮਲ ਹੋਇਆ। ਓਦੋਂ ਇਸ ਵਿਚ ਨੌਵੇਂ ਮਹਲ ਦੀ ਬਾਣੀ ਦਰਜ ਨਹੀਂ ਸੀ ਤੇ ਇਸ ਦਾ ਭੋਗ "ਸਲੋਕ ਵਾਰਾਂ ਤੇ ਵਧੀਕ" ਦੇ ਅੰਤ ਉੱਤੇ ਦਰਜ ਮੁੰਦਾਵਣੀ ਤੇ ਸਲੋਕ "ਤੇਰਾ ਕੀਤਾ ਜਾਤੋ ਨਾਹੀ" ਉੱਤੇ ਪੈਂਦਾ ਸੀ। ਫਿਰ ਜਦੋਂ ਨੌਵੇਂ ਪਾਤਸਾਹ ਦੀ ਬਾਣੀ, ਜੋ ਕਿਸੇ ਹੋਰ ਹੱਥ ਦੀ ਲਿਖੀ ਹੋਈ ਹੈ, ਇਸ ਵਿਚ ਚੜ੍ਹਾਈ ਗਈ ਤਾਂ ਉਨ੍ਹਾਂ ਦੀ ਸਾਰੀ ਰਾਗੁਬਧ ਬਾਣੀ ਨੂੰ ਰਾਗੁ ਪ੍ਰਭਾਤੀ ਦੇ ਪਿੱਛੇ ਥਾਂ ਦਿੱਤੀ ਗਈ ਅਤੇ ਨੌਵੇਂ ਪਾਤਸਾਹ ਦੇ ਸ਼ਲੋਕ ਪਤ੍ਰਾ ੫੪੧ ਉਪਰ ਚਲ ਰਹੇ ਸਲੋਕ ਵਾਰਾਂ ਤੇ ਵਧੀਕ ਦੇ ਮਗਰੋਂ ਸਲੋਕ "ਜਿਤ ਦਰੁ ਲਖ ਮੁਹੰਮਦਾ" ਤੇ "ਬਾਇ ਆਤਸ ਆਬ" ਦੇ ਸ਼ਲੋਕਾਂ ਦੇ ਪਿੱਛੇ ਪੰਜ ਨਵੇਂ ਪਤ੍ਰੇ ਪਾ ਕੇ ਵਧਾਏ ਗਏ ਤੇ ਇਨ੍ਹਾਂ ਨੌਵੇਂ ਮਹਲੁ ਦੇ ਸਲੋਕਾਂ ਦੇ ਮਗਰ ਫਾਲਤੂ ਬਾਣੀ 'ਰਤਨਮਾਲਾ', ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ, ਰਾਗਮਾਲਾ ਤੇ ਸਿਆਹੀ ਕੀ ਬਿਧਿ—ਜੋ ਪਹਲੇ ਲਿਖਾਰੀ ਦੀ ਹੀ ਲਿਖੀ ਹੋਈ ਸੀ, ਟਾਂਕ ਦਿੱਤੀ ਗਈ।

ਗੁਰਦਵਾਰਾ ਇਨਸਪੈੱਕਟਰ ਭਾਈ ਰਣਧੀਰ ਸਿੰਘ ਦੀ ਪਾਈ ਦੱਸ ਅਨੁਸਾਰ ਇਸ ਬੀੜ ਦਾ ਲਿਖਾਰੀ ਕੋਈ 'ਉੱਤਮ ਚਿਤ੍ਰਕਾਰ' ਸੀ ਜਿਸ ਨੇ ਤਤਕਰਿਆਂ ਦੇ ਬਾਅਦ, ਜੋ ਪਤ੍ਰਾ ੩੬ ਉਪਰ ਸਮਾਪਤ ਹੁੰਦੇ ਸਨ, ਨੌਵੇਂ ਸਤਿਗੁਰਾਂ ਦੀ ਮੂਰਤ ਚਿਤ੍ਰਣ ਦੀ ਚੇਸ਼ਟਾ ਕੀਤੀ ਸੀ। ਬੀੜ ਦੇ ਅਗਲੇ ਪਤ੍ਰੇ ਉਪਰ ਗੁਰੂ ਸਾਹਿਬ ਜੀ ਦੇ ਹੱਥਾਂ ਦਾ ਲਿਖਿਆ ਨੀਸਾਣੁ ਸੀ। ਭਾਈ ਰਣਧੀਰ ਸਿੰਘ ਅਨੁਸਾਰ "ਗੁਰੂ ਸਹਾਇ" ਪੜ੍ਹਿਆ ਜਾ ਸਕਦਾ ਸੀ। ਇਹ ਵੱਖਰੇ ਕਾਗਜ਼ 'ਤੇ ਲਿਖ ਕੇ ਇਥੇ ਚਮੋੜਿਆ ਹੋਇਆ ਸੀ। ਜੀ.ਬੀ. ਸਿੰਘ ਨੇ ਇਸ ਨੂੰ ਛੇਵੇਂ ਗੁਰੂ ਸਾਹਿਬ ਦਾ ਹਸਤਾਲੇਖ ਮੰਨਿਆ ਹੈ, ਜੋ ਸਪਸ਼ਟ ਭਾਂਤ ਭੁੱਲ ਹੈ। ਭਾਈ ਰਣਧੀਰ ਸਿੰਘ ਦੇ ਲਿਖਣ ਅਨੁਸਾਰ ਇਹ ਗ੍ਰੰਥ ਭਾਈ ਹਰਿਦਾਸ ਜੀ ਦੇ ਗ੍ਰੰਥ ਦਾ ਹੀ ਅਨੁਸਰਣ ਕਰਦਾ ਸੀ।

ਇਸ ਬੀੜ ਦੇ ਕੁੱਲ ੫੭੬ ਪਤ੍ਰੇ ਸਨ ਜਿਨ੍ਹਾਂ ਉੱਤੇ ਪਤ੍ਰਾ-ਅੰਕ ਖੁਲ੍ਹੇ ਗ੍ਰੰਥ ਦੇ ਸੱਜੇ ਹੱਥ ਵਾਲੇ ਪੰਨੇ ਉੱਤੇ ਲਗੇ ਹੋਏ ਸਨ।

ਹੋਰ ਵਿਸ਼ੇਸ਼ਤਾਵਾਂ

੧. ਮੰਗਲਾਂ ਨੂੰ ਇਸ ਗ੍ਰੰਥ ਵਿਚ ਹਰ ਥਾਂ ਸਿਰਲੇਖਾਂ ਤੋਂ ਪਹਲ ਦਿੱਤੀ ਹੋਈ ਸੀ। ਰਾਗੁ ਸਿਰੀ ਰਾਗੁ, ਜੈਤਸਰੀ, ਟੋਡੀ (?), ਬੈਰਾੜੀ ਆਦਿ, ਕੁਝ ਰਾਗਾਂ ਦੇ ਸਿਰਲੇਖ ਛੋਟੇ ਮੰਗਲ ਨਾਲ ਅੰਕਿਤ ਸਨ, ਬਾਕੀਆਂ ਦੇ ਪੂਰੇ ਮੂਲਮੰਤ੍ਰ ਨਾਲ। ਵਾਰ ਰਾਗੁ ਆਸਾ ਪੂਰਾ ਮੂਲਮੰਤ੍ਰ ਦੇ ਕੇ ਲਿਖੀ ਹੋਈ ਸੀ।

੨. ਵਾਰਾਂ ਉਪਰ ਧੁਨੀਆਂ ਮੁਢਲੇ ਲਿਖਾਰੀਆਂ ਦੀਆਂ ਹੀ ਲਿਖੀਆਂ ਹੋਈਆਂ ਸਨ। ਤਤਕਰੇ ਵਿਚ ਸਲੋਕਾਂ ਦੀਆਂ ਨਹੀਂ, ਵਾਰਾਂ ਦੀਆਂ ਪਉੜੀਆਂ ਦੀਆਂ ਪਹਲੀਆਂ ਤੁਕਾਂ ਪ੍ਰਤੀਕਾਂ ਵਜੋਂ ਦਿੱਤੀਆਂ ਹੋਈਆਂ ਸਨ। ਇਸੇ ਤਰ੍ਹਾਂ ਛੰਤਾਂ ਵਿਚ ਸਲੋਕਾਂ ਦੀਆਂ ਨਹੀਂ, ਛੰਤਾਂ ਦੀਆਂ ਪ੍ਰਤੀਕਾਂ ਦਿੱਤੀਆਂ ਹੋਈਆਂ ਸਨ।

੩. ਜਪੁਜੀ ਸਾਹਿਬ ਗੁਰੂ ਰਾਮਦਾਸ ਜੀਉ ਕੇ ਨਕਲ ਕਾ ਨਕਲ ਤਿਸ ਕਾ ... ਕਰਕੇ ਲਿਖਿਆ ਹੋਇਆ ਸੀ।

੪. ਸੋ ਦਰੁ ਵਾਲੇ ਪੰਜ ਸ਼ਬਦ, ਸੋ ਪੁਰਖੁ ਵਾਲੇ ਚਾਰੇ ਸ਼ਬਦ ਤੇ ਸੋਹਿਲਾ ... ਦੇ ਪੰਜ ਸ਼ਬਦ ਇਸ ਵਿਚ ਮੌਜੂਦ ਸਨ।

੫. ਸਿਰੀ ਰਾਗੁ ਵਿਚ ਮਹਲਾ ੫ ਦੇ ਚਉਪਦੇ "ਸੰਤ ਜਨਾ ਮਿਲਿ", "ਗੁਰੁ ... ਪੂਜੀਐ" ਤੇ "ਸੰਤ ਜਨਹੁ ਸੁਣਿ" ਘਰੁ ੧ ਵਿਚ ਦਰਜ ਕਰਕੇ ਬਾ-ਮਿਸਲ ਕ... ਸਨ ਤੇ ਇਸ ਤਰ੍ਹਾਂ ਕਬੀਰ ਜੀ ਦੇ ਦੋਵੇਂ ਪਦੇ ਇਕੱਠੇ ਦਿੱਤੇ ਹੋਏ ਸਨ, ਭਾਵ ਬੇ-ਮਿ... ਨਹੀਂ ਸਨ।

੬. ਰਾਗੁ ਦੇਵਗੰਧਾਰੀ ਦੇ ਹਰ ਸ਼ਬਦ ਨਾਲ ਮਹਲਾ ੫, ਮਹਲਾ ੪ ਆਦਿ ਅੰ... ਸਨ।

੭. ਰਾਗੁ ਸੋਰਠਿ, ਕਬੀਰ ਜੀ ਦੇ ਤੀਜੇ ਸ਼ਬਦ ਵਿਚ ਪਾਠ "ਖਾਲਸੇ" ਸੀ। ... ਰਾਗੁ ਵਿਚ ਕਬੀਰ ਜੀ ਦਾ ਸ਼ਬਦ "ਅਉਧੂ ਸੋ ਜੋਗੀ ਗੁਰ ਮੇਰਾ" ਵੀ ਪ੍ਰਾਪਤ ਸੀ।

੮. ਰਾਗੁ ਰਾਮਕਲੀ ਵਿਚ "ਰੁਣ ਝੁੰਝਨੜਾ ਗਾਉ ਸਖੀ" ਵਾਲਾ ਛੰਤ ... ਦਰਜ ਸੀ।

੯. ਰਾਗੁ ਮਾਰੂ ਦੀ "ਲਾਲੇ ਗਾਰਬ ਛੋਡਿਆ" ਵਾਲੀ ਅਸ਼ਟਪਦੀ ਇਸ ... ਵਿਚ ਮੰਗਲ ਦੇ ਕੇ ਮਹਲਾ ੩ ਦੀ ਘਰੁ ੧ ਦੀ ਅਸ਼ਟਪਦੀ ਵਜੋਂ ਦਰਜ ਸੀ। ਹੋ... ਬੀੜਾਂ ਵਿਚ ਇਹ ਮਹਲਾ ੧ ਦੀਆਂ ਅਸ਼ਟਪਦੀਆਂ ਦੀ ਪੱਟੀ ਵਿਚ ਅੰਕ ੫ ਉਪਰ ... ਦੇਖੀ ਗਈ ਹੈ। ਇਸ ਰਾਗੁ ਵਿਚ ਕਬੀਰ ਜੀ ਦਾ ਇਕ ਪਦਾ ਬੇ-ਮਿਸਲ ਹੋਇਆ ... ਵੀ ਦਰਜ ਸੀ : ਪਰੰਤੂ ਇਸ ਭੁੱਲ ਤੋਂ ਲਿਖਾਰੀ ਭਲੀ ਭਾਂਤ ਜਾਣੂ ਸੀ, ਕਿਉਂਜੋ ਇਸ ਸੰ... ਲਿਖਾਰੀ ਦਾ ਇਹ ਨੋਟ, "ਨਕਲਾਇਆ ਨਹੀ" ਹਾਸ਼ੀਏ ਵਿਚ ਲਿਖਿਆ ਹੋਇਆ ... "ਨਕਲਾਇਆ" (ਫ਼ਾਰਸੀ, 'ਨਕਲ' ਅਥਵਾ ਥਾਂ ਦਾ ਬਦਲਣਾ) ਤੋਂ ਭਾਵ ਇਹ ਕਿ 'ਥਾ... ਬਦਲੀ ਨਹੀਂ ਕੀਤੀ'। ਰਾਗੁ ਮਾਰੂ ਵਿਚ ਮੀਰਾਬਾਈ ਦਾ ਪਦਾ "ਮਨ ਹਮਾਰਾ ... ਮਾਈ" ਰਵਿਦਾਸ ਜੀ ਦੇ ਪਦਿਆਂ ਦੇ ਮਗਰ ਦਿੱਤਾ ਹੋਇਆ ਸੀ। ਰਵਿਦਾਸ ਜ... ਸੋਰਠਿ ਰਾਗੁ ਵਾਲਾ ਸ਼ਬਦ "ਸੁਖ ਸਾਗਰ ਸੁਰਤਰੁ ਚਿੰਤਾਮਨਿ" ਇਸ ਗ੍ਰੰਥ ਵਿਚ ਰਾਗੁ ... ਵਿਚ ਵੀ ਦੁਹਰਾਇਆ ਹੋਇਆ ਸੀ।

੧੦. ਰਾਗੁ ਬਸੰਤ ਵਿਚ ਚਉਪਦਾ "ਬਸਤ੍ਰ ਉਤਾਰਿ ਦਿਗੰਬਰੁ ਹੋਗੁ" ਮਹਲਾ ੩ ... ਕਰਕੇ ਅਤੇ ਇਕਤੁਕਾ "ਸਾਹਿਬ ਭਾਵੈ ਸੇਵਕ ਸੇਵਾ ਕਰੈ" ਮਹਲਾ ੩ ਦਾ ਕਰਕੇ ... ਸਨ। ਬਸੰਤ ਦੀ ਵਾਰ ਮਹਲਾ ੫ ਇਸੇ ਰਾਗੁ ਵਿਚ ਬਾਣੀ ਭਗਤਾਂ ਦੀ ਦੇ ਪਿੱਛ... ਦਰਜ ਕੀਤੀ ਹੋਈ ਸੀ।

੧੧. ਰਾਗ ਸਾਰੰਗ ਵਿਚ ਸੂਰਦਾਸ ਦੇ ਪਦੇ ਦੀ ਖਾਲੀ ਇਕ ਤੁਕ, "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ" ਦਿੱਤੀ ਹੋਈ ਸੀ। ਇਸ ਦੇ ਨਾਲ ਹੀ ਦੂਜੇ ਸੂਰਦਾਸ ਦਾ ਸ਼ਬਦ, "ਹਰਿ ਕੇ ਸੰਗ ਬਸੇ ਹਰਿ ਲੋਕ" ਦੇ ਕੇ, ਉਸ ਦੇ ਮਗਰ ਕਬੀਰ ਦਾ ਸ਼ਬਦ "ਹਰਿ ਬਿਨੁ ਕਉਨੁ ਸਹਾਈ" ਦਿੱਤਾ ਹੋਇਆ ਸੀ।

੧੨. ਭੱਟਾਂ ਦੇ ਸਵੱਈਏ ਮਹਲੇ ਦੂਜੇ ਕੇ ਦੇ ਅੰਤਲੇ ਸਵੱਈਏ ਵਿਚ ਕਵੀ-ਛਾਪ "ਕਲ" ਠੀਕ ਸੀ, "ਟਲ" ਨਹੀਂ ਸੀ।

੨੩. ਬੀੜ ਡਾ. ਮਾਨ ਸਿੰਘ ਨਿਰੰਕਾਰੀ (ਪਹਲੀ)

(ਸੰਮਤੁ ੧੭੩੩)

ਇਹ ਬੀੜ ਡਾ. ਮਾਨ ਸਿੰਘ ਨਿਰੰਕਾਰੀ, ਅਮ੍ਰਿਤਸਰ, ਦੇ ਪੁਸਤਕਾਲੇ ਵਿਚ ਸੁਰਖਿਅਤ ਹੈ। ਇਸ ਦੇ ਨਕਲ ਕੀਤੇ ਜਾਣ ਦਾ ਸੰਮਤੁ ੧੭੩੩ ਹੈ ਜੋ "ਜੇਠ ਵਦੀ ਦਸਮੀ ਵਾਰ ਵੀਰ ਪੋਥੀ ਲਿਖਿ ਪਹੁੰਚੇ" ਦੇ ਜਾਣੇ ਪਛਾਣੇ ਵਾਕ ਦੁਆਰਾ ਸੂਚਿਤ ਹੈ। ਸੂਚੀਪਤ੍ਰ ਪੋਥੀ ਕਾ ਤਤਕਰਾ ਰਾਗਾਂ ਕਾ ਵਿਚ "ਨੀਸਾਣੁ ਗੁਰੂ ਜੀ ਕੇ ਦਸਤਖਤ" ਨਾਂ ਦੀ ਟੂਕ ਆਈ ਹੈ, ਪਰ ਇਹ ਨਹੀਂ ਲਿਖਿਆ ਕਿ ਨੀਸਾਣੁ ਕਿਸ ਗੁਰੂ ਜੀ ਦਾ ਹੈ। ਅੰਦਰ ਜਪੁ ਤੋਂ ਪਹਲਾਂ ਜੋ ਨੀਸਾਣੁ ਦਿੱਤਾ ਹੈ, ਉਹ ਗਣੇਸ਼, ਓਮ, ਆਦਿ ਮਹੂਰਤੀ ਚਿੰਨ੍ਹਾਂ ਨਾਲ ਇਸ ਤਰ੍ਹਾਂ ਅੱਟਿਆ ਪਇਆ ਹੈ ਕਿ ਪੜ੍ਹਿਆ ਨਹੀਂ ਜਾ ਸਕਦਾ। ਜਿਹੜੇ ਕੋਈ ਇਕ ਦੋ ਅੱਖਰ ਨਜ਼ਰ ਆਉਂਦੇ ਹਨ, ਉਹ ਨੌਵੀਂ ਪਾਤਸ਼ਾਹੀ ਦੀ ਲਿਖਤ ਦਾ ਉਤਾਰਾ ਲਗਦੇ ਹਨ, ਅਸਲੀ ਦਸਤਖਤ ਨਹੀਂ ਲਗਦੇ। ਅਸਲੀ ਨੀਸਾਣੁ ੧੭੩੩ ਬਿ. ਵਿਚ ਲਇਆ ਹੀ ਨਹੀਂ ਸੀ ਜਾ ਸਕਦਾ, ਕਿਉਂਜੋ ਨੌਵੇਂ ਸਤਿਗੁਰੂ ਜੀ ਮਘਰ ਸੁਦੀ ੫ ਸੰਮਤੁ ੧੭੩੨ ਨੂੰ ਇਹ ਅਸਾਰ ਸੰਸਾਰ ਤਿਆਗ ਚੁਕੇ ਸਨ ਤੇ ਉਸ ਤੋਂ ਪਹਲਾਂ ਆਪ ਕਈ ਮਹੀਨੇ ਔਰੰਗਜ਼ੇਬ ਦੇ ਬੰਦੀਖਾਨੇ ਵਿਚ ਕੈਦ ਰਹੇ ਸਨ। ਜੇ ਪਹਲਾਂ ਲਇਆ ਹੁੰਦਾ ਤਾਂ ਇਹ ਨੀਸਾਣੁ ਵੱਖਰੇ ਕਾਗਜ਼ ਉੱਤੇ ਹੁੰਦਾ, ਪਰ ਇਥੇ ਅਜੇਹਾ ਨਹੀਂ ਹੈ। ਬਹੁਤ ਪਹਲਾਂ ਲਏ ਹੋਣ ਦੀ ਸੂਰਤ ਵਿਚ ਇਸ ਨੂੰ ਮਹੂਰਤੀ ਨਿਸ਼ਾਨਾਂ ਨਾਲ ਖਰਾਬ ਨ ਕੀਤਾ ਹੁੰਦਾ।

ਚਿਹਨ ਚਕ੍ਰ ਤੋਂ ਇਹ ਬੀੜ ਸਿੱਖ ਜਗਤ ਵਿਚ ਭਾਈ ਬੰਨੋ ਦੇ ਨਾਂ 'ਤੇ ਜਾਣੀ ਜਾਂਦੀ ਮਿਸਲ ਦਾ ਉਤਾਰਾ ਪ੍ਰਤੀਤ ਹੁੰਦੀ ਹੈ। ਭੋਗ ਇਸ ਦਾ ਸਲੋਕ ਵਾਰਾਂ ਤੇ ਵਧੀਕ 'ਤੇ ਹੁੰਦਾ ਹੋਇਆ ਮੁੰਦਾਵਣੀ ਤਥਾ ਸਲੋਕ "ਤੇਰਾ ਕੀਤਾ ਜਾਤੋ ਨਾਹੀ" ਤੇ ਪੈਂਦਾ ਹੈ। ਅੰਤ ਵਿਚ ਫ਼ਾਲਤੂ ਬਾਣੀਆਂ, ਰਾਗੁਮਾਲਾ ਤੇ ਸਿਆਹੀ ਕੀ ਬਿਧਿ ਆਦਿ, ਸਭ ਹਨ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਸਾਰੀ ਬਾਣੀ ਸਿਆਹੀ ਕੀ ਬਿਧਿ ਦੇ ਮਗਰ ਇਕੱਠੀ ਹੀ ਦਰਜ ਹੈ। ਇਹ ਬਾਅਦ ਵਿਚ ਚੜ੍ਹਾਈ ਗਈ। ਇਨ੍ਹਾਂ ਪਤ੍ਰਿਆਂ ਨੂੰ ਅੰਕ ਨਹੀਂ ਲੱਗੇ ਹੋਏ। ਗੁਰੂ ਤੇਗ ਬਹਾਦੁਰ ਜੀ ਦੇ ਦੋ ਨਵੇਂ ਸ਼ਬਦ, ਸਿਰੀ ਰਾਗੁ ਦੇ ਅੰਤਰਗਤ, ਇਸ ਬੀੜ ਵਿਚ ਪਹਲੀ ਵਾਰੀ ਦੇਖੇ ਗਏ ਹਨ। ਇਨ੍ਹਾਂ ਦਾ ਪਾਠ ਇਸ ਤਰ੍ਹਾਂ ਹੈ:

[ਸਿਰੀ ਰਾਗੁ ਮਹਲਾ ੯]

ਮਨ ਰੇ ਜਾਗਤਿ ਹਰਿ ਰੰਗ ਲਾਇ ॥
ਹਰਿ ਕੀਰਤਨ ਮਹਿ ਜਾਗੀਐ
ਤੇਰਾ ਜਨਮ ਮਰਨ ਦੁਖ ਜਾਇ ॥੧॥ ਰਹਾਉ ॥

ਜਾਗਤਿ ਪੁਰਖ ਨਿਰੰਜਨਾ ਤੂੰ ਤਿਸ ਕੇ ਸਿਮਰਨਿ ਜਾਗ ॥
ਜਾਗਤਿ ਹੋਏ ਸਿਧ ਪੀਰ ਜਿਨਿ ਕੇ ਮਸਤਕਿ ਭਾਗ ॥
ਪਿਰ ਭਾਵੈ ਤਾ ਜਾਗੀਐ ਹੋਵੈ ਅਟਲ ਸੁਹਾਗੁ ॥੧॥

ਜੇ ਸਵੀਐ ਨਿਸ ਨੀਂਦ ਭਰਿ ਹੰਉ ਸਰਹੇ ਮਨ ਮਾਹਿ ॥
ਪਰਮੇਸਰ ਤੇ ਭੁਲਿਆ ਘਰੁ ਮੁਹਿ ਚੋਰ ਲੈ ਜਾਹਿ ॥
ਜਾ ਆਪਿ ਨਿਰੰਜਨ ਜਾਗਤਾ ਤਾ ਤੁਸ ਕਿਉ ਜਾਗਡ ਨਾਹਿ ॥੨॥

ਮਨ ਕੀ ਬੈਰਨ ਨੀਂਦ ਹੈ ਹਰਿ ਜਸੁ ਨੂੰ ਉਘਲਾਇ ॥
ਅਵਧਿ ਬਿਹਾਵੈ ਬਲੁ ਹਿਰੈ ਸੰਵਤ ਗਈ ਬਿਹਾਇ ॥
ਜੋ ਇੱਛਾ ਕਰਿ ਜਾਗੀਐ ਤੈਸੋ ਹੀ ਫਲ ਪਾਇ ॥੩॥

ਤੇਰੇ ਸੇਵਕ ਜਾਗੇ ਨਾਮ ਰੰਗਿ ਮਿਲੇ ਨਿਰੰਜਨ ਜਾਇ ॥
ਜੋ ਜਾਗੇ ਬਿਖਿਆਦ ਕਉ ਤਿਨਾ ਭੀ ਬਿਖੁ ਭੁੰਚਾਇ ॥
ਜਨ ਨਾਨਕ ਹਰਿ ਧਿਆਈਐ ਦਰਗਹ ਪੈਧਾ ਜਾਇ ॥੪॥੧॥

ਸਿਰੀ ਰਾਗੁ ਮਹਲਾ ੯

ਮਨ ਰੇ ਕਿਆ ਸੋਇ ਰਹਿਆ ਉਠਿ ਜਾਗੁ ॥
ਜਮੁ ਸਾਸ ਨਿਹਾਰੇ ਦਰਿ ਖੜਾ ਉਠਿ ਗੁਰ ਕੀ ਚਰਨੀ ਲਾਗੁ ॥੧॥ ਰਹਾਉ ॥
ਮਾਇਆ ਕੇ ਮਦਿ ਮੋਹਿਆ ਸੁਤ ਬਨੰਤਾ ਕੇ ਸਾਥਿ ॥
ਦੇਖਿ ਬਾਲੂ ਮੰਦਰ ਬਿਗਸਿਆ ਕਛੂ ਨ ਆਇਓ ਹਾਥਿ ॥੧॥

ਕਾਮੁ ਕ੍ਰੋਧ ਅਰੁ ਲੋਭ ਮੋਹੁ ਇਨ ਕੇ ਸੰਗਿ ਨਿਵਾਸ ॥
ਜਾਣੈ ਕਾਇਆ ਅਮਰ ਹੈ ਲਾਏ ਲੇਖੇ ਸਾਸ ਗਿਲਾਸ ॥੨॥

ਆਪਣਾ ਆਪ ਨ ਸੰਭਲੇ ਨਾ ਸਮਝੇ ਮੁਣੀਆਦਿ ॥
ਬੰਨੇ ਭਾਰ ਅਮੋਚਦੇ ਰਚਿਆ ਮੂੜੇ ਸਾਦਿ ॥੩॥

ਕਾਗਦਿ ਕੀ ਇਹ ਪੁਤਲੀ ਜਿਉ ਜਲਿ ਮਾਹਿ ਤਰੰਗ ॥
ਜਨ ਨਾਨਕ ਇਸਿ ਥਲ ਕਾਰਨੇ ਕਿਉ ਸਹ ਸਿਉ ਪਾਈਐ ਭੰਗ ॥੪॥੨॥

ਇਸ ਬੀੜ ਦੇ ਸਿਰਲੇਖਾਂ ਤੇ ਸ਼ਬਦਾਂ ਆਦਿ ਵਿਚ ਕਈ ਥਾਈ ਭੰਨ-ਤੋੜ ਹੋਈ ਹੋਈ ਹੈ, ਜਿਸ ਕਾਰਣ ਇਸ ਦਾ ਮੁੱਢਲਾ ਸ੍ਰੂਪ ਬਦਲ ਗਇਆ ਹੈ। ਤਾਂ ਵੀ, ਇਸ ਭੰਨ ਤੋੜ ਤੋਂ ਇਸ ਦੇ ਮੁੱਢਲੇ ਸ੍ਰੂਪ ਦਾ ਪਤਾ ਲਾਉਣਾ ਤੇ ਇਸ ਦੀ ਭੰਨ ਤੋੜ ਵਾਲੀ ਦਿਸ਼ਾ ਨਿਰਧਾਰਿਤ ਕਰਨਾ ਕਠਿਨ ਨਹੀਂ ਹੈ। ਕੁਝ ਸਿਰਲੇਖਾਂ ਦੀ ਮੁੱਢਲੀ ਤੇ ਹੁਣ ਵਾਲੀ

ਸਥਿਤੀ ਇਸ ਪ੍ਰਕਾਰ ਹੈ :

੧.	(ਪਹਲਾਂ)	ਰਾਗੁ ਆਸਾ ਮਹਲਾ ੧ ਸੋ ਦਰੁ
	(ਮਗਰੋਂ)	ਸੋ ਦਰੁ ਰਾਗੁ ਆਸਾ ਮਹਲਾ ੧
੨.	(ਪਹਲਾਂ)	ਰਾਗੁ ਗਉੜੀ ਦੀਪਕੀ ਮਹਲਾ ੧ ਸੋਹਿਲਾ
	(ਮਗਰੋਂ)	ਸੋਹਿਲਾ ਰਾਗੁ ਗਉੜੀ ਦੀਪਕੀ
੩.	(ਪਹਲਾਂ)	ਰਾਗੁ ਸਿਰੀ ਰਾਗੁ ਮਹਲਾ ੧ ਚਉਪਦੇ ॥ ਘਰੁ ੧॥
	(ਮਗਰੋਂ)	ਰਾਗੁ ਸਿਰੀ ਰਾਗੁ ਮਹਲਾ ੧ ॥ ਘਰੁ ੧॥
੪.	(ਪਹਲਾਂ)	ਰਾਗੁ ਸਿਰੀ ਰਾਗੁ ਮਹਲਾ ੩ ਅਸਟਪਦੀਆਂ ਘਰੁ ੧॥
	(ਮਗਰੋਂ)	ਰਾਗੁ ਸਿਰੀ ਰਾਗੁ ਮਹਲਾ ੩ ਘਰੁ ੧ ਅਸਟਪਦੀਆਂ
੫.	(ਪਹਲਾਂ)	ਰਾਗੁ ਵਡਹੰਸ ਮਹਲਾ ੧ ਛੰਤ
	(ਮਗਰੋਂ)	ਰਾਗੁ ਵਡਹੰਸ ਛੰਤ ਮਹਲਾ ੧

ਇਨ੍ਹਾਂ ਕੁਝ ਕੁ ਉਦਾਹਰਣਾਂ ਤੋਂ ਪਤਾ ਲਗਦਾ ਹੈ ਕਿ ਸੁਧਾਈ ਕਰਨ ਵਾਲਾ ਠੀਕ ਵਿਧੀ ਨਾਲ ਲਿਖੇ ਸਿਰਲੇਖਾਂ ਨੂੰ ਭੰਨ ਕੇ ਗ਼ਲਤ ਕਰਨ ਦੀ ਮੂਰਖਤਾ ਕਰ ਰਹਿਆ ਹੈ, ਕਿਉਂ ਜੋ ਇਹ ਉਸ ਦੇ ਜ਼ਿਹਨ ਵਿਚ ਬੈਠ ਚੁਕੀ ਸੁਧ ਬੀੜ ਦੀ ਡੌਲ ਦਾ ਅਨੁਸਰਨ ਕਰਦੇ ਨਹੀਂ ਸਨ ਲਗਦੇ।

ਸੁਧਾਈ ਦੀ ਇਸ ਪ੍ਰਕਿਰਿਆ ਨੇ ਮਹਲਾ ੫ ਦੇ ਅੰਤਲੇ ੨੨ ਤੋਂ ੩੦ ਤਕ ਦੇ ਚਉਪਦੇ ਹੜਤਾਲ ਨਾਲ ਕਟਵਾ ਕੇ ਨਵੇਂ ਸਿਰਿਓਂ ਲਿਖਵਾਏ ਹੋਏ ਹਨ ਤੇ ਤਤਕਰੇ ਵਿਚ ਵੀ ਇਨ੍ਹਾਂ ਦੀਆਂ ਪ੍ਰਤੀਕਾਂ ਮੇਸ ਕੇ ਨਵੀਆਂ ਲਿਖੀਆਂ ਹੋਈਆਂ ਹਨ। ਆਪਣੀ ਮੌਜੂਦਾ ਹਾਲਤ ਵਿਚ ਇਹ ਕਰਤਾਰਪੁਰੀ ਬੀੜ ਦਾ ਅਨੁਸਰਣ ਕਰਦੇ ਬੇ-ਮਿਸਲ ਹੋ ਗਏ ਹਨ। ਪਹਲਾਂ ਬਾ-ਮਿਸਲ ਸਨ। ਸੋ ਪਤਾ ਲੱਗਾ ਹੈ ਕਿ ਸੁਧਾਈ ਕਰਨ ਵਾਲੇ ਲੇਖਕਾਂ ਦਾ ਯਤਨ ਇਸ ਨੂੰ ਕਥਿਤ ਆਦਿ ਬੀੜ ਦੇ ਸੱਚੇ ਵਿਚ ਢਾਲਣ ਦਾ ਸੀ।

ਹੋਰ ਵਰਣਨਯੋਗ ਗੱਲਾਂ ਇਸ ਬੀੜ ਦੀਆਂ ਇਸ ਪ੍ਰਕਾਰ ਹਨ :

੧. ਜਪੁ ਇਸ ਬੀੜ ਦਾ ਗੁਰੂ ਰਾਮਦਾਸ ਜੀ ਦੇ ਦਸਤਖ਼ਤਾਂ ਵਾਲੇ ਜਪੁ ਦਾ ਤੀਜੀ ਥਾਂ ਨਕਲ ਹੈ। ਕੁਝ ਵਿਸ਼ੇਸ਼ ਸ਼ਬਦਾਂ ਦੇ ਰੂਪ ਇਸ ਪ੍ਰਕਾਰ ਹਨ : ਮੁਹੌ, ਧੌਲੁ, ਕੌਣ, ਰਖੀਸਰੁ, ਜੀਭੌ।

੨. ਰਹਰਾਸਿ ਵਿਚ 'ਸੋ ਪੁਰਖ' ਵਾਲੇ ਜੁੱਟ ਦੇ ਚਾਰ ਸ਼ਬਦ ਵੀ ਮੌਜੂਦ ਹਨ।

੩. ਰਾਗੁ ਗਉੜੀ ਵਿਚ ਕਬੀਰ ਜੀ ਦਾ ਸ਼ਬਦ "ਗਗਨ ਮੰਡਲ ਮਹਿ ਏਕੋ ਸੇਈ" ਨਹੀਂ ਹੈ ਤੇ ਨ ਹੀ ਕਬੀਰ ਜੀ ਦੇ 'ਵਾਰ' "ਧਰ ਅੰਬਰ ਵਿਚ ਬੇਲੜੀ" ਵਾਲੇ ਸਲੋਕ ਨਾਲ ਆਰੰਭ ਹੁੰਦੇ ਹਨ। ਇਸ ਰਾਗੁ ਦੇ "ਕਾਲਬੂਤ ਕੀ ਹਸਤਨੀ" ਵਾਲੇ ਚਉਪਦੇ ਵਿਚ ਗੁੰਮ ਤੁਕ "ਦੁਰਲਭ ਦੇਹ ਕਉ ਕਾਜ" ਨਹੀਂ ਹੈ।

੪. ਰਾਗੁ ਆਸਾ ਵਿਚ "ਸੋ ਪੁਰਖ", "ਸੋ ਦਰੁ" ਦੇ ਮਗਰ ਦਿੱਤਾ ਹੋਇਆ ਹੈ; ਸੋ ਬੇ-ਮਿਸਲ ਹੈ।

੫. ਰਾਗੁ ਗੂਜਰੀ ਮਹਲਾ ੫ ਅਸ਼ਟਪਦੀ "ਨਾਥ ਨਰਹਰ ਦੀਨ" ਵਿਚ ਪਾਠ "ਨੇਤ ਦਰਸਨ" ਠੀਕ ਦਿੱਤਾ ਹੋਇਆ ਹੈ। ਇਸ ਰਾਗੁ ਵਿਚ ਤ੍ਰਿਲੋਚਨ ਜੀ ਦਾ ਇਕ ਹੋਰ ਸ਼ਬਦ, "ਨਵਨਿਧਿ ਪਰਸੀ ਕਾਹਿ" ਨਹੀਂ ਹੈ। ਰਾਗੁ ਗੂਜਰੀ ਦਾ ਆਰੰਭ ਮੂਲਮੰਤ੍ਰ ਨਾਲ ਹੁੰਦਾ ਸੀ; ਮੇਸ ਕੇ ਮੰਗਲ ਬਣਾਇਆ ਹੋਇਆ ਹੈ।

੬. ਰਾਗੁ ਦੇਵਗੰਧਾਰੀ ਮਹਲਾ ੫ ਵਿਚ ਸਿਰਲੇਖਾਂ ਨਾਲ ਮਹੱਲੇ ਹਨ। ਚਉ-ਪਦਿਆਂ ਦੇ ਜੋੜਾਂ ਨਾਲ ਬਾਰ੍ਹਵੇਂ ਚਉਪਦੇ ਮਗਰ "ਛਕਾ ੨" ਅਤੇ ੧੯ਵੇਂ ਦੇ ਪਿੱਛੇ "ਛਕਾ ੩" ਲਿਖੇ ਹੋਏ ਹਨ। ਇਹ ਸੁਧਾਈ ਦੇ ਫਲਸ੍ਵਰੂਪ ਮਗਰੋਂ ਵਧਾਏ ਹੋਏ ਹਨ। ਦੇਵਗੰਧਾਰੀ ਵਿਚ ਘਰੁ ਬਦਲੀ ਸਮੇਂ ਛੋਟੇ ਮੰਗਲ ਮਗਰੋਂ ਵਧਾਏ ਹੋਏ ਹਨ।

੭. ਰਾਗੁ ਸੋਰਠਿ ਵਿਚ ਰਵਿਦਾਸ ਦਾ ਸ਼ਬਦ "ਸੁਖ ਸਾਗਰ ਸੁਰਤਰੁ ਚਿੰਤਾਮਨਿ" ਹੈ। ਕਬੀਰ ਜੀ ਦਾ ਚਉਪਦਾ "ਅਉਧੂ ਸੋ ਜੋਗੀ ਗੁਰ ਮੇਰਾ" ਇਸ ਬੀੜ ਵਿਚ ਨਹੀਂ ਹੈ। ਮਹਲਾ ੫ ਦਾ "ਸੰਤ ਜਨਾ ਸਿਉ ਦੂਖਨ ਕਰਤਾ" ਵੀ ਨਹੀਂ। ਵਾਰ ਰਾਗੁ ਸੋਰਠਿ, ਪਉੜੀ ੨੯ਵੀਂ, ਸਲੋਕ ਮ: ੩ ਦੀ ਰਹੀ ਤੁਕ "ਆਪੇ ਦੇਇ ਵਡਿਆਈਆਂ ਆਪੇ ਸਾਰ ਕਰੇਇ" ਇਸ ਬੀੜ ਵਿਚ ਮਾੜੇ ਜੇਹੇ ਪਾਠ-ਭੇਦ ("ਨਦਰਿ" ਦੀ ਥਾਂ "ਸਾਰ") ਨਾਲ ਪ੍ਰਾਪਤ ਹੈ।

੮. ਰਾਗੁ ਧਨਾਸਰੀ ਮਹਲਾ ੧ ਦਾ ਚੌਥਾ ਪਦਾ "ਨਦਰਿ ਕਰੈ ਤਾ ਸਿਮਰਿਆ ਜਾਏ" ਇਸ ਬੀੜ ਵਿਚ ਮਹਲਾ ੩ ਦਾ ਕਰਕੇ ਸੂਚਿਤ ਕੀਤਾ ਗਇਆ ਹੈ। ਭਗਤ ਕਬੀਰ ਦੇ ਚਉਪਦੇ "ਸਨਕ ਸਨੰਦ ਮਹੇਸ ਸਮਾਨਾ" ਦੀ ਰਹਾਉ ਦੀ ਅਧੀ ਗੁੰਮ ਤੁਕ "ਨਿਰਗੁਣ ਰਾਮ ਜਪਉ ਮੇਰੀ ਮਾਈ" ਇਸ ਬੀੜ ਵਿਚ ਨਹੀਂ ਹੈ। ਨਾਮਦੇਵ ਜੀ ਦਾ ਪਦਾ "ਸਾਤ ਸਮੁੰਦ ਜਾ ਕੀ ਹੈ ਕਿਰਣੀ" ਇਸ ਬੀੜ ਵਿਚ ਪਿੱਛੋਂ ਵਧਾਇਆ ਹੋਇਆ ਹੈ।

੯. ਰਾਗੁ ਬੈਰਾੜੀ ਇਸ ਬੀੜ ਵਿਚ ਛੋਟੇ ਮੰਗਲ ਨਾਲ ਸ਼ੁਰੂ ਹੁੰਦਾ ਹੈ।

੧੦. ਰਾਗੁ ਸੂਹੀ ਵਿਚ ਘਰਾਂ ਦੀ ਬਦਲੀ ਵਾਲੇ ਸਥਾਨਾਂ ਉੱਤੇ ਮੰਗਲ ਪਿੱਛੋਂ ਵਧਾਏ ਹੋਏ ਹਨ। ਬਿਲਾਵਲ ਅਤੇ ਹੋਰ ਰਾਗਾਂ ਵਿਚ ਵੀ ਅਜੇਹੀ ਸੁਧਾਈ ਹੋਈ ਹੋਈ ਹੈ।

੧੧. ਰਾਗੁ ਰਾਮਕਲੀ ਵਿਚ ਮਹਲਾ ੫ ਦਾ ਕਥਿਤ ਛੰਤ "ਰੁਣ ਝੁੰਝਨੜਾ ਗਾਉ" ਸਾਖੀ ਪੂਰਾ ਪ੍ਰਾਪਤ ਹੈ। ਕਬੀਰ ਜੀ ਦੇ ਚਉਪਦੇ "ਜਿਹ ਮੁਖ ਬੇਦ ਗਾਇਤ੍ਰੀ ਨਿਕਸੈ" ਵਿਚ ਚੌਥਾ ਬੰਦ "ਅਖਰ ਸਾਚੇ ਬੇਦ ਭੀ ਸਾਚਾ" ਵਾਲਾ ਨਹੀਂ ਹੈ।

੧੨. ਰਾਗੁ ਮਾਰੂ ਵਾਰ ਮਹਲਾ ੩ ਦਾ ਪਹਲਾ ਸਲੋਕ ਮਹਲਾ ੧ ਦਾ ਹੈ। ਰਵਿਦਾਸ ਜੀ ਦਾ ਸ਼ਬਦ "ਸੁਖ ਸਾਗਰੁ ਸੁਰਤਰੁ ਚਿੰਤਾਮਨਿ" ਇੱਥੇ ਵੀ ਦੁਹਰਾਇਆ ਹੋਇਆ ਹੈ। ਮੀਰਾ ਦਾ ਪਦਾ "ਮਨ ਹਮਾਰਾ ਬਾਧਿਓ" ਇਸ ਬੀੜ ਵਿਚ ਪ੍ਰਾਪਤ ਹੈ।

੧੩. ਰਾਗੁ ਕੇਦਾਰਾ ਪਹਲਾਂ ਮੰਗਲ ਨਾਲ ਸ਼ੁਰੂ ਹੁੰਦਾ ਸੀ, ਮਗਰੋਂ ਭੰਨ ਕੇ ਮੂਲਮੰਤ੍ਰ ਕੀਤਾ ਹੋਇਆ ਹੈ।

੧੪. ਰਾਗੁ ਬਸੰਤ ਵਿਚ "ਬਸਤ੍ਰ ਉਤਾਰਿ ਦਿਗੰਬਰ ਹੋਗੁ" ਵਾਲਾ ਚਉਪਦਾ ਮਹਲਾ ੩ ਦਾ ਅਤੇ "ਸਾਹਿਬ ਭਾਵੈ ਸੇਵਕ ਸੇਵਾ ਕਰੈ" ਵਾਲਾ ਇਕਤੁਕਾ ਮਹਲਾ ੧ ਦਾ ਕਰਕੇ ਲਿਖਿਆ ਹੋਇਆ ਹੈ। ਬਸੰਤ ਹਿੰਡੋਲ ਮਹਲਾ ੧ ਘਰੁ ੨ ਦੇ ਤੀਜੇ ਸ਼ਬਦ "ਰਾਜਾ ਬਾਲਕ ਨਗਰੀ ਕਾਚੀ" ਵਿਚਲਾ ਚੌਥਾ ਬੰਦ "ਕਹਿਆ ਸੁਣਹਿ ਨ ਖਾਇਆ ਮਾਨੈ" ਵਾਲਾ ਇਸ ਬੀੜ ਵਿਚ ਪ੍ਰਾਪਤ ਹੈ।

੧੫. ਰਾਗੁ ਸਾਰੰਗ ਵਿਚ ਸੂਰਦਾਸ ਦੇ ਪਦੇ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ" ਦੀ ਇਕ ਤੁਕ ਲਿਖੀ ਹੋਈ ਹੈ।

੧੬. ਰਾਗੁ ਮਲਾਰ ਮਹਲਾ ੫ ਦਾ ਪਦਾ "ਪ੍ਰਾਨ ਮਾਨ ਏਕ ਨਾਮੁ" ਇਸ ਬੀੜ ਵਿਚ ਨਹੀਂ ਹੈ।

੧੭. ਰਾਗੁ ਕਾਨੜਾ ਦੇ ਘਰਾਂ ਦੀ ਬਦਲੀ ਮੰਗਲਾਂ ਸਹਿਤ ਸੂਚਿਤ ਕੀਤੀ ਹੋਈ ਹੈ।

੧੮. ਸਵੱਯੇ ਭੱਟਾਂ ਕੇ ਦੂਜੇ ਮਹਲੇ ਕੇ ਦੇ ਅੰਤ 'ਤੇ ਪਾਠ "ਕਹੁ ਕਲ" ਠੀਕ ਹੈ।

੨੪. ਬੀੜ ਸਲੋਕ ਰੂਪੀ ਨੀਸਾਣ ਵਾਲੀ
(ਸੰਮਤੁ ੧੭੪੪)

ਇਹ ਬੀੜ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੇ ਅਜਾਇਬ ਘਰ ਵਿਚ ਅਕਸੈਸ਼ਨ ਨੰਬਰ ੧੧੫੧੫੨ ਉਪਰ ਸੁਰੱਖਿਅਤ ਹੈ। ਆਕਾਰ ਇਸ ਦਾ ੨੦ ਸੈ.ਮੀ. × ੩੦ ਸੈ.ਮੀ. (ਲਿਖਤ ੧੬ ਸੈ.ਮੀ. × ੨੫ ਸੈ.ਮੀ.) ਹੈ। ਹਾਸ਼ੀਆ ਇਸ ਦਾ ਦੋ ਲਾਲ ਲਕੀਰਾਂ ਨਾਲ ਸੱਜੇ ਅਤੇ ਖੱਬੇ, ਦੋਹੀਂ ਪਾਸੀਂ, ਲਗਿਆ ਹੋਇਆ ਹੈ। ਗ੍ਰੰਥ ਤਿੰਨ ਚਾਰ ਲਿਖਾਰੀਆਂ ਦੇ ਹੱਥ ਦਾ ਲਿਖਿਆ ਹੋਇਆ ਹੈ।

ਨੀਸਾਣ ਤੇ ਤਤਕਰੇ : ਤਤਕਰੇ ਇਸ ਗ੍ਰੰਥ ਵਿਚ, ਉਸ ਸਮੇਂ ਦੀ ਪਰਿਪਾਟੀ ਅਨੁਸਾਰ ਤਿੰਨ ਹਨ : (੧) ਸੂਚੀ ਪਤ੍ਰ ਪੋਥੀ ਕਾ ਅਥਵਾ ਤਤਕਰਾ ਰਾਗਾਂ ਕਾ, (੨) ਤਤਕਰਾ ਤਤਕਰੇ ਕਾ, (੩) ਤਤਕਰਾ ਸ਼ਬਦਾਂ ਕਾ। ਗ੍ਰੰਥ ਦੇ ਪਹਲੇ ਤਿੰਨ ਪਤ੍ਰੇ (ਜੋ ਸ਼ਾਇਦ ਖ਼ਾਲੀ ਸਨ) ਗੁੰਮ ਹਨ। ਸੂਚੀਪਤ੍ਰ ਪੋਥੀ ਕਾ ਪਤ੍ਰਾ ੪/੨ (ਸੱਜੇ ਪਾਸੇ ਦੇ ਪੰਨੇ) ਤੋਂ ਸ਼ੁਰੂ ਹੁੰਦਾ ਹੈ। ਇਹ ਦੋ ਕਾਲਮੀ ਹੈ; ਖੱਬੇ ਹੱਥ ਦੇ ਪਹਲੇ ਕਾਲਮ ਉੱਤੇ ਮੂਲਮੰਤ੍ਰ ਦੇ ਪਿੱਛੋਂ ਜੋੜੀ ਜੋਤਿ ਸਮਾਵਣ ਦੇ ਚਲਿਤ੍ਰ ਹਨ। ਉਨ੍ਹਾਂ ਤੋਂ ਅੱਗੇ ਪੋਥੀ ਲਿਖੇ ਜਾਣ ਦਾ ਸੰਮਤੁ ਇੰਞ ਦਿੱਤਾ ਹੋਇਆ ਹੈ :

ਸੰਮਤੁ ੧੭੪੪ ਪੋਥੀ ਲਿਖਿ ਪਹੁੰਚੇ

ਅਗਲੀ ਪ੍ਰਤੀਕ "ਨੀਸਾਣ ਗੁਰੂ ਜੀ ਕੇ ਦਸਤਖਤ ਮਹਲਾ ੧੦" ਹੈ।

ਇਸ ਤੋਂ ਅੱਗੇ "ਤਤਕਰਾ ਤਤਕਰੇ ਕਾ" ਹੈ ਤੇ ਫਿਰ ਤਤਕਰਾ ਸ਼ਬਦਾਂ ਕਾ ਹੈ, ਜੋ ਕਿਸੇ ਗ੍ਰੰਥ ਤੋਂ ਸਿੱਧਾ ਹੀ ਚੁਕ ਲਇਆ ਲਗਦਾ ਹੈ। ਫਲਸ੍ਵਰੂਪ ਉਸ ਨੂੰ ਕਿਸੇ ਪ੍ਰਵਾਣਿਤ ਬੀੜ ਦਾ ਅਨੁਸਾਰੀ ਬਣਾਣ ਲਈ ਲੇਖਕ ਨੂੰ ਚੋਖੀ ਕੱਟ ਵੱਢ ਕਰਨੀ ਪਈ ਹੈ। ਤਤਕਰੇ ਵਿਚ ਦਿੱਤੇ ਪ੍ਰਕਰਣਾਂ ਦੇ ਸਿਰਲੇਖ ਵੀ ਹੜਤਾਲ ਕੇ ਠੀਕ ਕੀਤੇ ਹੋਏ ਹਨ। ਇਸ ਤਤਕਰੇ ਵਿਚ ਸ਼ਬਦਾਂ ਦੀਆਂ ਪ੍ਰਤੀਕਾਂ ਨਾਲ ਪਤ੍ਰਿਆਂ ਦੇ ਅੰਕ ਵੀ ਸੂਚਿਤ ਕੀਤੇ ਹੋਏ ਹਨ। ਸ਼ਬਦਾਂ ਦੇ ਕ੍ਰਮਾਂਕ ਖੱਬੇ ਪਾਸੇ ਹਨ ਤੇ ਗ੍ਰੰਥ ਦੇ ਪਤ੍ਰਾ-ਅੰਕ ਸੱਜੇ ਪਾਸੇ। ਬਾਣੀ ਭਗਤਾਂ ਕੀ ਇਕ ਹੀ ਪ੍ਰਤੀਕ ਨਾਲ ਭੁਗਤਾਈ ਗਈ ਹੈ। ਤਤਕਰੇ ਦੇ ਕਾਲਮਾਂ ਉਪਰ ਚਲਦੇ ਰਾਗਾਂ ਦੇ ਨਾਂ ਲਿਖੇ ਹੋਏ ਹਨ।

ਤਤਕਰੇ ਦੇ ਪਿੱਛੋਂ ਤੇ ਚਲਿਤ੍ਰਾਂ ਵਾਲੇ ਪਤ੍ਰੇ ਤੋਂ ਪਹਲਾਂ ਪਤ੍ਰਾ ੨੬/੧ ਉੱਤੇ ਕਿਸੇ

ਪਾਤਸ਼ਾਹੀ ਦੇ ਕਰ-ਕਮਲਾਂ ਨਾਲ ਲਿਖਿਆ ਇਕ ਸਲੋਕ ਨੀਸਾਣੁ ਵਜੋਂ ਇਸ ਤਰ੍ਹਾਂ ਸ਼ੋਭ ਦੇ ਰਹਿਆ ਹੈ (ਪਲੇਟ XXXVI, ਚਿਤ੍ਰ ੩੨)।

> ੧ਓ ਗੁਰੂ ਸਤਿ ॥
> ਗਾਗਾ ਗੋਬਿੰਦ ਗੁਨ ਰਮਹੁ ਸਾਸ ਸਾਸ ਜਪੁ ਨੀਤ ॥
> ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੋ ਮੀਤ ॥[1]

ਇਸ ਨੀਸਾਣੁ ਦਾ ਉੱਲੇਖ ਤਤਕਰੇ ਵਿਚ "ਨੀਸਾਣੁ ਗੁਰੂ ਜੀ ਕੇ ਦਸਤਖਤ ਮਹਲਾ ੧੦' ਲਿਖ ਕੇ ਕੀਤਾ ਹੋਇਆ ਹੈ। ਤਤਕਰੇ ਵਿਚ ਇਸ ਦਾ ਜ਼ਿਕਰ ਇਸ ਗੱਲ ਦਾ ਭ੍ਰਮ ਪੈਦਾ ਕਰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਣ ਸਮੇਂ ਇਹ ਨੀਸਾਣੁ ਉਚੇਚੇ ਤੌਰ ਤੇ ਹਾਸਲ ਕਰਕੇ ਗ੍ਰੰਥ ਦੇ ਸੰਬੰਧਿਤ ਪਤ੍ਰੇ ਤੇ ਚਮੋੜਿਆ ਗਇਆ। ਪਰੰਤੂ ਇਹ ਲਿਖਤ ਦਸਵੀਂ ਪਾਤਸ਼ਾਹੀ ਦੀ ਨਹੀਂ ਲਗਦੀ, ਨੌਵੀਂ ਪਾਤਸ਼ਾਹੀ ਦੀ ਲਗਦੀ ਹੈ। ਪਹਲਾਂ ਕਿਧਰੇ ਗੁਰੂ ਸਾਹਿਬ ਪਾਸੋਂ ਇਹ ਨੀਸਾਣੁ ਵਜੋਂ ਲਈ ਹੋਣੀ ਹੈ, ਜੋ ਇੱਥੇ ਲਾ ਦਿੱਤੀ ਗਈ।

ਬੀੜ ਵਿਚ ਰਾਗਾਂ ਦੇ ਸਿਰਲੇਖ ਪੰਨੇ ਦੇ ਖੱਬੇ ਪਾਸੇ ਲਿਖੇ ਹੋਏ ਹਨ ਤੇ ਮੰਗਲ ਪੰਨੇ ਦੇ ਸੱਜੇ ਹੱਥ। ਦੋਵੇਂ ਲਗਪਗ ਆਹਮੋ ਸਾਮ੍ਹਣੇ ਲਿਖੇ ਹੋਏ ਹਨ। ਵਾਰ ਰਾਗੁ ਆਸਾ ਦਾ ਸਿਰਲੇਖ ਮੰਗਲ ਤੋਂ ਪਹਲਾਂ ਸੀ। ਉਸ ਨੂੰ ਕੱਟ ਕੇ ਪਿੱਛੇ ਕੀਤਾ ਹੋਇਆ ਹੈ। ਕਈ ਥਾਈਂ ਮੰਗਲ ਬਾਹਰ ਹਾਸ਼ੀਏ ਵਿਚ ਲਿਖੇ ਹੋਏ ਹਨ। ਇੰਞ ਪ੍ਰਤੀਤ ਹੁੰਦਾ ਹੈ ਕਿ ਕਿਸੇ ਹੋਰ ਗ੍ਰੰਥ ਨਾਲ ਮੇਲਾਨ ਕਰਕੇ ਦਰੁਸਤੀ ਕੀਤੀ ਗਈ ਹੈ।

ਨੌਵੇਂ ਮਹਲੁ ਦੀ ਬਾਣੀ, ਸਿਵਾਇ ਰਾਗੁ ਜੈਜਾਵੰਤੀ ਦੇ, ਜੋ ਰਾਗ ਜੈਤਸਰੀ ਦੇ ਪਿੱਛੇ ਰਖਿਆ ਹੋਇਆ ਹੈ, ਥਾਉਂ ਥਾਈਂ ਕ੍ਰਮ ਦੇ ਇੱਕਾ ਦੁੱਕਾ ਫ਼ਰਕ ਨਾਲ, ਉਨ੍ਹਾਂ ਰਾਗਾਂ ਵਿਚ ਚੜ੍ਹੀ ਹੋਈ ਹੈ, ਜਿਨ੍ਹਾਂ ਉਪਰ ਇਹ ਮੌਜੂਦਾ ਗ੍ਰੰਥ ਸਾਹਿਬ ਵਿਚ ਹੈ। ਕ੍ਰਮਾਂਕ ਫ਼ਰਕਾਂ ਵਿਚ ਪਹਲਾ ਰਾਗੁ ਸੋਰਠਿ ਵਿਚ ਦੇਖਿਆ ਗਇਆ ਹੈ ਜਿੱਥੇ ਮਹਲਾ ੯ ਦਾ ਚਉਪਦਾ "ਮਨ ਰੇ ਪ੍ਰਭ ਕੀ" ਅੰਤ ਤੇ ਆਇਆ ਹੈ ਜਦੋਂ ਕਿ ਪ੍ਰਚਲਿਤ ਗ੍ਰੰਥ ਵਿਚ ਇਹ ਚੌਥੇ ਨੰਬਰ ਤੇ ਹੈ। ਰਾਗੁ ਤਿਲੰਗ ਵਿਚ ਦਰਜ ਨੌਵੇਂ ਮਹਲੁ ਦੇ ਸ਼ਬਦਾਂ ਵਿਚੋਂ "ਚੇਤਨਾ ਹੈ ਤਉ ਚੇਤ ਲੈ" ਸ਼ਬਦਾਂ ਦੇ ਅੰਤ ਤੇ ਹੈ, ਪਰ ਛਪੇ ਗ੍ਰੰਥ ਵਿਚ ਇਹ ਉਪਰ ਪਹਲੇ ਨੰਬਰ ਤੇ ਹੈ।

ਵਾਰਾਂ ਦੇ ਪਿੱਛੇ "ਸੁਧੁ" ਤੇ "ਸੁਧੁ ਕੀਚੈ" ਆਦਿ ਸੂਚਨਾਵਾਂ ਇਸ ਬੀੜ ਵਿਚ ਨਹੀਂ ਹਨ। ਸੰਬੰਧਿਤ ਵਾਰਾਂ ਉੱਤੇ ਧੁਨੀਆਂ ਚੜ੍ਹੀਆਂ ਹੋਈਆਂ ਹਨ।

---

[1] ਇਹ ਸਲੋਕ ਰਾਗੁ ਗਉੜੀ ਵਿਚਲੇ ਪੰਚਮ ਪਾਤਸਾਹ ਦੇ ਸਲੋਕ ਦਾ ਕੁਝ ਕੁ ਬਦਲਿਆ ਹੋਇਆ ਰੂਪ ਹੈ। ਉੱਥੇ ਇਸ ਦਾ ਪਾਠ ਇੰਞ ਆਇਆ ਹੈ :

> ਗਗਾ ਗੋਬਿੰਦ ਗੁਣ ਰਵਹੁ ਸਾਸਿ ਸਾਸਿ ਜਪਿ ਨੀਤ।
> ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੋ ਮੀਤ।

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੫੪

ਅੰਕਣ-ਵਿਧੀ ਤੇ ਸਮਾਵਣ ਦੇ ਚਲਿਤ੍ਰ : ਤਤਕਰੇ ਵਿਚ ਪ੍ਰਤੀਕਾਂ ਦੇ ਸਾਮ੍ਹਣੇ ਦਿੱਤੇ ਅੰਕਾਂ ਤੋਂ ਸਿੱਧ ਹੁੰਦਾ ਹੈ ਕਿ ਇਸ ਗ੍ਰੰਥ ਦੇ ਲਿਖਾਰੀ ਨੇ ਖੁਲ੍ਹੇ ਗ੍ਰੰਥ ਦੇ ਖੱਬੇ ਤੇ ਸੱਜੇ, ਦੋਹਾਂ ਪਾਸਿਆਂ ਦੇ ਪੰਨਿਆਂ ਨੂੰ ਲੈ ਕੇ ਪਤ੍ਰਾ ਬਣਾਇਆ ਹੈ। ਅੰਕ ਖੱਬੇ ਪਾਸੇ ਵਾਲੇ ਪਤ੍ਰੇ ਦੇ ਹਾਸ਼ੀਏ ਵਿਚ ਉਪਰ ਕਰਕੇ ਲੱਗੇ ਹੋਏ ਹਨ। ਕੁੱਲ ਪਤ੍ਰੇ ੭੦੫ ਹਨ। ਗੁਰੂ ਸਾਹਿਬ ਦੇ ਨੀਸਾਣੁ ਦੇ ਛੇਤੀ ਪਿੱਛੋਂ ਜੋਤੀ ਜੋਤਿ ਸਮਾਵਣ ਦੇ ਚਲਿਤ੍ਰ, ਪਤ੍ਰਾ ੨੮/੨ ਉਪਰ ਅੰਕਿਤ ਹਨ। ਨੌਵੀਂ ਪਾਤਸ਼ਾਹੀ ਤਕ ਦੀਆਂ ਤਿੱਥਾਂ ਇੱਕੋ ਹੱਥ ਦੀਆਂ ਹਨ ਤੇ ਦਸਵੀਂ ਪਾਤਸ਼ਾਹੀ ਦੀ ਵੱਖਰੇ ਹੱਥ ਦੀ। ਸਪਸ਼ਟ ਹੈ ਕਿ ਇਹ ਤਿਥ ਮਗਰੋਂ ਲਿਖੀ ਗਈ।

ਹੋਰ ਵਿਸ਼ੇਸ਼ਤਾਵਾਂ : ਗ੍ਰੰਥ ਪਤ੍ਰਾ ੨੮/੧ ਤੋਂ ਜਪੁ ਨਾਲ ਆਰੰਭ ਹੁੰਦਾ ਹੈ। ਜਿਸ ਬਾਰੇ ਸੂਚੀ ਪਤ੍ਰ ਵਿਚ ਇਹ ਲਿਖਿਆ ਹੈ :

ਜਪੁ ਗੁਰੂ ਰਾਮਦਾਸ ਜੀਉ ਕੇ ਨਕਲ ਕਾ ਨਕਲ।

੧. ਇਹ ਜਪੁ ਸ੍ਰੀ ਗੁਰੂ ਰਾਮਦਾਸ ਵਾਲੀ ਮੂਲ ਦਸਤਾਵੇਜ਼ ਤੋਂ ਦੂਜੇ ਥਾਂ ਨਕਲ ਹੋਇਆ ਸਿੱਧ ਹੁੰਦਾ ਹੈ। ਇਹ ਚੀਜ਼ ਇਸ ਦੀ ਆਧਾਰਭੂਤ ਕਾਪੀ ਦੇ ਚੰਗੀ ਪੁਰਾਣੀ ਹੋਣ ਵੱਲ ਸੰਕੇਤ ਕਰਦੀ ਹੈ। ਜਪੁ ਦੇ ਮੁਢਲੇ ਸਲੋਕ ਨਾਲ ਮਹਲਾ ਨਹੀਂ ਹੈ ਅਤੇ ਨ ਹੀ ਅੰਕ /੧/ ਦਿੱਤਾ ਹੋਇਆ ਹੈ। ਜਪੁ ਵਿਚ ਆਏ ਕੁਝ ਸ਼ਬਦ-ਜੋੜ ਇਸ ਤਰ੍ਹਾਂ ਹਨ :

ਮੁਹੌ, ਧੌਲ, ਕੋਣ, ਰਖੀਸਰ, ਜੀਭੌ

੨. ਜਪੁ ਦੇ ਛੇਤੀ ਪਿੱਛੋਂ ਸੋ ਦਰੁ (ਪੰਜ ਸ਼ਬਦ), ਸੋ ਪੁਰਖ (ਚਾਰ ਸ਼ਬਦ) ਤੇ ਸੋਹਿਲਾ ਆਰਤੀ (ਪੰਜ ਸ਼ਬਦ) ਹਨ। ਅਗੋਂ ਰਾਗਾਂ ਵਾਲੀ ਬਾਣੀ ਸ਼ੁਰੂ ਹੋ ਜਾਂਦੀ ਹੈ।

ਪਹਲੇ ਰਾਗੁ ਨੂੰ "ਸਿਰੀ ਰਾਗੁ" ਕਰਕੇ ਲਿਖਿਆ ਹੋਇਆ ਹੈ। ਇਸ ਰਾਗੁ ਦੇ ਚਉਪਦਿਆਂ ਦੀ ਰਹਾਉ ਦੀ ਤੁਕ ਦੇ ਮਗਰ ਅੰਕ ਨਹੀਂ ਸਨ। ਸਿਵਾਇ ਇਕ ਦੋ ਥਾਵਾਂ ਦੇ ਬਾਕੀ ਸਭ ਥਾਈਂ ਰਹਾਉ ਵਾਲੀ ਤੁਕ ਦੇ ਮਗਰ ਰਹਾਉ ਤੋਂ ਪਹਲਾਂ ਅੰਕ /੧/ ਸੁਧਾਈ ਵਜੋਂ ਪਾਇਆ ਗਇਆ ਹੈ।

ਸਿਰੀ ਰਾਗੁ ਦੇ ਜੋੜਾਂ ਨਾਲ ਪਦ "ਛਕਾ ਕਿਤੇ ਨਹੀਂ ਆਇਆ, ਨਾ ਹੀ ਰਾਗੁ ਦੇਵਗੰਧਾਰੀ ਵਿਚ ਆਇਆ ਹੈ। ਪਰ ਰਾਗੁ ਕਲਿਆਨ ਵਿਚ ਦੋ ਥਾਂ ਤੇ ਪ੍ਰਾਪਤ ਹੈ।

੩. ਰਾਗੁ ਗਉੜੀ ਬੈਰਾਗਣਿ ਕਬੀਰ ਜੀ ਦੇ ਅੰਤ ਤੇ "ਗਗਨ ਮੰਡਲ ਮਹਿ ਏਕੋ ਸੋਈ" ਵਾਲਾ ਪੰਜਵਾਂ ਬੰਦ ਹਾਸ਼ੀਏ ਵਿਚ ਲਿਖਕੇ ਪੂਰਾ ਕੀਤਾ ਹੋਇਆ ਹੈ (੧੮੭/੧)। ਇਸੇ ਤਰ੍ਹਾਂ ਕਬੀਰ ਜੀ ਦੇ "ਕਾਲਬੂਤ ਕੀ ਹਸਤਣੀ" ਵਾਲੇ ਸ਼ਬਦ ਵਿਚ ਰਹਾਉ ਦੀ ਕਥਿਤ ਛੁਟੀ ਹੋਈ ਤੁਕ "ਦੁਰਲਭ ਦੇਹ ਕਉ ਕਾਜ" ਨਹੀਂ ਹੈ। ਵਾਰ ਕਬੀਰ ਜੀ ਕੇ ਦਾ ਆਰੰਭ "ਧਰ ਅੰਬਰੁ ਵਿਚ ਬੇਲੜੀ" ਸਲੋਕ ਨਾਲ ਹੁੰਦਾ ਸੀ, ਪਰ ਮਗਰੋਂ ਕਿਸੇ ਨੇ

ਇਹ ਸਲੋਕ ਹੜਤਾਲ ਦਿੱਤਾ ਹੈ (ਪੱਤੀ ੧੯੧/੨)। ਇਸ ਰਾਗੁ ਵਿਚ ਭਗਤਾਂ ਦੀ ਬਾਣੀ ਨਾਲ ਵੀ ਮੰਗਲ ਦਰਜ ਕੀਤੇ ਹੋਏ ਹਨ।

੪. ਰਾਗੁ ਆਸਾ ਵਿਚ ਸੋ ਦਰੁ ਮਹਲਾ ੧ ਦੇ ਪਿੱਛੋਂ ਸੋ ਪੁਰਖੁ ਮਹਲਾ ੪ ਬੇ-ਮਿਸਲ ਚਲਿਆ ਆਉਂਦਾ ਹੈ। ਵਾਰ ਰਾਗੁ ਆਸਾ ਨਾਲ ਸਿਰਲੇਖ ਵਜੋਂ ਪੂਰਾ ਮੂਲਮੰਤ੍ਰ ਹੈ। ਪਹਲਾਂ ਸਿਰਲੇਖ "ਆਸਾ ਕੀ ਵਾਰ ਸਲੋਕਾਂ ਨਾਲ ਮਹਲਾ ੧ ਸਲੋਕ ਮ: ੧" ਸੀ। ਉਸ ਨੂੰ ਕੱਟ ਕੇ ਮਗਰੋਂ ਇਹ ਸਿਰਲੇਖ ਕੀਤਾ ਗਇਆ ਹੈ :

"ਆਸਾ ਮਹਲਾ ੧ ਵਾਰ ਸਲੋਕਾ ਨਾਲਿ ਸਲੋਕ ਮਹਲੇ
ਪਹਿਲੇ ਕੇ ਲਿਖੇ ਟੁੰਡੇ ਅਸਰਾਜੇ ਕੀ ਧੁਨੀ।"

ਪਰ ਮਗਰੋਂ ਇਸ ਨੂੰ ਵੀ ਕੱਟ ਕੇ ਪਹਲਾ ਹੀ ਬਹਾਲ ਰਖਿਆ ਗਇਆ ਹੈ।

੫. ਰਾਗੁ ਗੂਜਰੀ ਮਹਲਾ ੫ ਦੀ ਅਸਟਪਦੀ "ਨਾਥ ਨਰਹਰ ਦੀਨ" ਵਿਚ ਪਾਠ "ਦੇਤ ਦਰਸਨ" ਸੀ, ਬਾਅਦ ਵਿਚ ਸੁਧਾਈ ਰੂਪ ਵਿਚ "ਨੇਤ੍ਰ ਦਰਸਨ" ਕੀਤਾ ਹੋਇਆ ਹੈ। ਇਸ ਰਾਗੁ ਵਿਚ ਤ੍ਰਿਲੋਚਨ ਜੀ ਦਾ ਇਕ ਹੋਰ ਸ਼ਬਦ "ਨਵ ਨਿਧਿ ਪਰਸੀ ਕਾਹਿ" ਲਿਖਿਆ ਹੋਇਆ ਸੀ; ਮਗਰੋਂ ਹੜਤਾਲ ਫੇਰ ਕੇ ਕੱਟ ਦਿੱਤਾ ਗਇਆ ਹੈ (੨੬੯/੨)।

੬. ਰਾਗੁ ਦੇਵਗੰਧਾਰੀ ਵਿਚ ਸਿਰਲੇਖਾਂ ਨਾਲ ਮਹੱਲੇ ਹਨ। ਘਰਾਂ ਨਾਲ ਮੰਗਲ ਹਾਸ਼ੀਏ ਵਿਚ ਲਿਖ ਕੇ ਵਧਾਏ ਗਏ ਹਨ।

੭. ਰਾਗੁ ਵਡਹੰਸ ਮਹਲਾ ੫ ਦੇ ਛੰਤਾਂ ਦੇ ਅਖੀਰ ਵਿਚ ਛੰਤ "ਪ੍ਰਭ ਕਰਣ ਕਾਰਣ ਸਮਰਥਾ ਰਾਮ" ਨਹੀਂ ਹੈ (ਪਤ੍ਰਾ ੨੯੦/੨)। ਛਪੇ ਗ੍ਰੰਥ ਵਿਚ ਇਹ ਹੈ।

੮. ਰਾਗੁ ਸੋਰਠਿ ਮਹਲਾ ੫ ਦੇ ਅਖੀਰ ਤੇ ਸ਼ਬਦ "ਸੰਤ ਜਨਾ ਸਿਉ ਦੂਖਣ ਕਰਤਾ" ਹੈ ਤਾਂ ਸਹੀ, ਪਰ ਮਗਰੋਂ ਹਾਸ਼ੀਏ ਵਿਚ ਲਿਖਿਆ ਹੋਇਆ ਹੈ (ਪਤ੍ਰਾ ੩੧੨)। ਛਪੇ ਗ੍ਰੰਥ ਵਿਚ ਇਹ ਸ਼ਬਦ ਨਹੀਂ ਹੈ। ਵਾਰ ਰਾਗੁ ਸੋਰਠਿ ਦੀ ੨੯ਵੀਂ ਪਉੜੀ ਦੇ ਨਾਲ ਮਹਲਾ ੩ ਦਾ ਜੋ ਸਲੋਕ (ਆਪੇ ਸੇਵਾ ਲਾਇਨੁ . . . ਆਪੇ ਬਖਸ ਕਰੇਇ) ਹੈ, ਉਸ ਵਿਚੋਂ ਕਥਿਤ ਗੁੰਮ ਅੱਧੀ ਤੁਕ (ਆਪੇ ਦੇਇ ਵਡਿਆਈਆਂ ਆਪੇ ਨਦਰਿ ਕਰੇ) ਇਸ ਬੀੜ ਵਿਚ ਨਹੀਂ ਹੈ। ਕਬੀਰ ਜੀ ਦੇ ਤੀਜੇ ਸ਼ਬਦ (ਬੇਦ ਪੁਰਾਨ ਸਭੇ ਮਤ ਸੁਣਕੇ) ਵਿਚ ਪਾਠ "ਖਲਾਸੇ" ਹੈ (ਪਤ੍ਰਾ ੩੨੪), "ਖਾਲਸੇ" ਨਹੀਂ। ਰਾਗੁ ਸੋਰਠਿ ਦਾ ਕਬੀਰ ਜੀ ਦਾ ਸ਼ਬਦ "ਅਉਧੂ ਸੋ ਜੋਗੀ ਗੁਰ ਮੇਰਾ" ਇਸ ਬੀੜ ਵਿਚ ਨਹੀਂ ਹੈ।

੯. ਰਾਗੁ ਧਨਾਸਰੀ ਮਹਲਾ ੧ ਘਰੁ ੧ ਦੇ ਸ਼ਬਦ (ਨਦਰਿ ਕਰੇ ਤਾ ਸਿਮਰਿਆ ਜਾਇ) ਵਿਚ ਸਿਰਲੇਖ ਨਾਲ ਪਹਲਾਂ ਮਹਲਾ ੩ ਸੀ, ਮਗਰੋਂ ੩ ਕੱਟ ਕੇ ੧ ਕੀਤਾ ਹੋਇਆ ਹੈ। ਧਨਾਸਰੀ ਵਿਚ ਵੀ ਘਰਾਂ ਨਾਲ ਮੰਗਲ ਵਧਾਏ ਹੋਏ ਹਨ। ਇਸ ਬੀੜ ਵਿਚ ਨਾਮਦੇਵ ਜੀ ਦਾ ਸ਼ਬਦ "ਸਾਤ ਸਮੁੰਦ ਜਾ ਕੀ ਹੈ ਕਿਰਣੀ" ਪ੍ਰਾਪਤ ਹੈ (ਪਤ੍ਰਾ ੩੪੧/੨)।

੧੦. ਰਾਗੁ ਤਿਲੰਗ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਪਹਲਾਂ ਕਬੀਰ ਜੀ ਦੇ ਸ਼ਬਦਾਂ ਦੇ ਪਿੱਛੇ ਚੜ੍ਹਾਉਣ ਦਾ ਯਤਨ ਕੀਤਾ ਗਇਆ। ਫਿਰ ਮਹਲਾ ੧ ਘਰੁ ੨ ਦੀਆਂ ਅਸ਼ਟਪਦੀਆਂ "ਜਿਨ ਕੀਆ ਤਿਨ ਦੇਖਿਆ" ਅਤੇ 'ਹਰਿ ਕੀਆ ਕਥਾ ਕਹਾਣੀਆਂ" ਨੂੰ ਮਿਟਾ ਕੇ ਮਹਲਾ ੯ ਦੇ ਸ਼ਬਦ ਚੜ੍ਹਾਉਣ ਲਈ ਥਾਂ ਬਣਾਈ ਗਈ। ਉਪਰਾਂਤ ਮਹਲਾ ੯ ਦੇ ਸ਼ਬਦ ਪਹਲਾਂ ਦਰਜ ਕੀਤੇ ਗਏ ਤੇ ਮਗਰੋਂ ਅਸ਼ਟਪਦੀਆਂ ਮੁੜ ਲਿਖੀਆਂ ਗਈਆਂ। ਇੰਞ ਇਨ੍ਹਾਂ ਦੋਹਾਂ ਬਾਣੀਆਂ ਦਾ ਕ੍ਰਮ ਇਸ ਬੀੜ ਵਿਚ ਉਲਟ ਪੁਲਟ ਹੋਇਆ ਹੋਇਆ ਹੈ।

੧੧. ਰਾਗੁ ਰਾਮਕਲੀ ਵਿਚ ਮਹਲਾ ੫ ਦਾ ਕਥਿਤ ਛੰਤ (ਰੁਣ ਝੁੰਝਨੜਾ ਗਾਉ ਸਖੀ) ਬੀੜ ਵਿਚ ਪਹਲਾਂ ਮੌਜੂਦ ਨਹੀਂ ਸੀ; ਮਗਰੋਂ ਬਾਰੀਕ ਜੇਹੇ ਅੱਖਰਾਂ ਵਿਚ ਕਾਗ਼ਜ਼ ਤੇ ਲਿਖ ਕੇ ਚਮੋੜਿਆ ਹੋਇਆ ਹੈ (ਪਤਿ ੪੫੯/੧)। ਇਸ ਬੀੜ ਵਿਚ ਰਾਗੁ ਰਾਮਕਲੀ ਮਹਲਾ ੧ ਦੀ ਬਾਣੀ "ਓਅੰਕਾਰ" ਨੂੰ "ਦੱਖਣੀ ਓਅੰਕਾਰ" ਲਿਖਣ ਦੀ ਭੁੱਲ ਨਹੀਂ ਕੀਤੀ ਗਈ, ਸਗੋਂ "ਦਖਣੀ" ਪਦ "ਰਾਗੁ ਰਾਮਕਲੀ" ਨਾਲ ਰਖਿਆ ਹੋਇਆ ਹੈ।

੧੨. ਰਾਗੁ ਮਾਰੂ ਵਿਚ ਕਬੀਰ ਦੇ ਦੋ ਸ਼ਬਦ ਹਾਸ਼ੀਏ ਵਿਚ ਲਿਖ ਕੇ ਤੇ ਪਹਲੀ ਥਾਂ ਤੋਂ ਕੱਟ ਕੇ ਕ੍ਰਮ ਬਦਲਿਆ ਹੋਇਆ ਹੈ। ਰਾਗੁ ਮਾਰੂ ਵਿਚ ਭਗਤ ਰਵਿਦਾਸ ਦਾ ਸ਼ਬਦ "ਸੁਖ ਸਾਗਰ ਸੁਰਤਰ ਚਿੰਤਾਮਨਿ" ਇਸ ਬੀੜ ਵਿਚ ਦੁਹਰਾਇਆ ਹੋਇਆ ਹੈ। ਮੀਰਾ ਬਾਈ ਦਾ ਸ਼ਬਦ "ਮਨ ਹਮਾਰਾ ਬਾਧਿਓ" ਇਸ ਬੀੜ ਵਿਚ ਹੈ (੫੪੫/੨)।

੧੩. ਰਾਗੁ ਬਸੰਤ ਦਾ "ਬਸਤ੍ਰ ਉਤਾਰ ਦਿਗੰਬਰ ਹੋਗ" ਵਾਲਾ ਸ਼ਬਦ ਇਥੇ /੧/ ਕਟ ਕੇ ਮਹਲਾ ੩ ਦਾ ਬਣਾਇਆ ਹੋਇਆ ਹੈ। ਇਕਤੁਕਾ "ਸਾਹਿਬ ਭਾਵੈ ਸੇਵਕ ਸੇਵਾ ਕਰੰ" ਵੀ ਮਹਲਾ ੩ ਦਾ ਹੈ। ਬਸੰਤ ਹਿੰਡੋਲ ਮਹਲਾ ੧ ਘਰੁ ੨ ਦੇ ਚਉਪਦੇ "ਰਾਜਾ ਬਾਲਕ ਨਗਰੀ ਕਾਚੀ" ਦਾ ਚੌਥਾ ਬੰਦ ("ਕਹਿਆ ਸੁਣਹਿ ਨ ਖਾਇਆ ਮਾਨਹਿ" ਵਾਲਾ) ਇਸ ਬੀੜ ਵਿਚ ਪ੍ਰਾਪਤ ਹੈ (ਪੱਤੀ ਪ੭੫/੨)। ਇਸ ਰਾਗ ਦੇ ਘਰੁ ੨ ਦੇ ਸ਼ਬਦਾਂ ਨਾਲ ਸਿਰਲੇਖ "ਬਸੰਤ ਹਿੰਡੋਲ" ਹੈ, ਘਰੁ ੧ ਦੇ ਚਉਪਦਿਆਂ ਨਾਲ ਨਿਪਟ "ਬਸੰਤ" ਹੈ।

੧੪. ਰਾਗੁ ਸਾਰੰਗ ਵਿਚ ਸੂਰਦਾਸ ਦਾ ਪਦਾ "ਛਾਡਿ ਮਨ ਹਰਿ ਬਿਮੁਖਨ ਕੋ ਸੰਗਿ" ਬਾਰੀਕ ਕਲਮ ਨਾਲ ਘਸੋੜ ਕੇ ਲਿਖਿਆ ਹੋਇਆ ਸੀ ਪਰ ਮਗਰੋਂ ਹੜਤਾਲ ਫੇਰ ਕੇ ਕੱਟ ਦਿੱਤਾ ਗਇਆ ਹੈ (ਪੱਤੀ ੬੧੫/੨)।

੧੫. ਰਾਗੁ ਮਲਾਰ ਮਹਲਾ ੫ ਘਰੁ ੨ ਦੇ ਸ਼ਬਦ, "ਗੁਰਮੁਖ ਦੀਸੈ ਬ੍ਰਹਮ ਪਸਾਰ" ਨਾਲ "ਘਰੁ ੨" ਲਿਖਿਆ ਹੋਇਆ ਸੀ (ਛਪੇ ਗ੍ਰੰਥ ਵਿਚ ਵੀ ਹੈ); ਮਗਰੋਂ ਹੜਤਾਲ ਫੇਰ ਕੇ ਕੱਟ ਦਿੱਤਾ ਗਇਆ ਹੈ (ਪੱਤੀ ੬੨੪)। "ਪ੍ਰਾਨ ਮਾਨ ਏਕ ਨਾਮੁ" ਪੰਗਤੀ ਵਾਲਾ ਪੰਚਮ ਪਾਤਸ਼ਾਹ ਦਾ ਸ਼ਬਦ ਇਸ ਬੀੜ ਵਿਚ ਨਹੀਂ। ਇਸ ਰਾਗੁ ਦੀ ਵਾਰ ਦਾ ਮੁਢਲਾ ਸਲੋਕ "ਮਹਲਾ ੩" ਦੇ ਸਿਰਲੇਖ ਹੇਠ ਦਰਜ ਸੀ, ਮਗਰੋਂ ਹੜਤਾਲ ਫੇਰ ਕੇ, ਕਟ ਕੇ, /੩/ ਮੁੜ ਕਰ ਦਿੱਤਾ ਗਇਆ ਹੈ (ਪੱਤੀ ੬੨੮)। ਲਿਖਾਰੀ ਦੁਬਿਧਾ ਵਿਚ ਲਗਦਾ ਹੈ। ਪ੍ਰਚਲਿਤ ਗ੍ਰੰਥ ਵਿਖ ਇਹ ਸਲੋਕ ਮਹਲਾ ੩ ਦਾ ਕਰਕੇ ਲਿਖਿਆ ਹੋਇਆ ਹੈ।

੧੬. ਭੱਟਾਂ ਦੇ ਸਵੱਯੇ ਮਹਲਾ ੨ ਕੇ ਅੰਤਲੇ ਸਵੱਯੇ ਵਿਚ ਪਾਠ "ਸੁ ਕਹੁ ਟਲ ਗੁਰ ਸੇਵੀਏ" ਸੀ ਮਗਰੋਂ "ਟਲ" ਕੱਟ ਕੇ "ਕਲ" ਕੀਤਾ ਹੋਇਆ ਹੈ (ਪੱਤੀ ੬੮੧)।

੧੭. ਭੋਗ ਇਸ ਬੀੜ ਦਾ ਸਲੋਕ ਵਾਰਾਂ ਤੇ ਵਧੀਕ ਤੇ ਪੈਂਦਾ ਹੈ। ਮੁੰਦਾਵਣ ਤੇ ਸਲੋਕ "ਤੇਰਾ ਕੀਤਾ ਜਾਤੋ ਨਾਹੀ" ਅੰਤ ਤੇ ਹਨ।

੧੮. ਅੰਤ ਤੇ ਫਾਲਤੂ ਬਾਣੀ ਵੀ ਪ੍ਰਾਪਤ ਹੈ, ਰਤਨਮਾਲਾ ਮਹਲਾ ੧ ਦੇ ਪਿੱਛੇ। ਪ ਸੂਚਨਾ ਆਈ ਹੈ :

> ਸੁਧੁ ਉਧਾਰੁ (ਉਤਾਰਾ) ਕੀਤਾ ਗਿਰੰਥ ਕਾ ਅੱਖਰ ਤੋਰਕੀ ਸੀ ਭੀ
> ਅਖਰੀ ਗੁਰਮੁਖੀ ਲਿਖੀ (੭੦੩/੨)।

੧੯. ਇਸ ਬੀੜ ਵਿਚ ਛੋਟੇ ਮੰਗਲ ਹਾਸ਼ੀਏ ਵਿਚ ਲਿਖ ਕੇ ਕਈ ਥਾਈਂ ਵਧਾਏ ਹੋਏ ਹਨ।

੨੦. ਬਾਣੀਆਂ ਦੇ ਅੰਤ ਤੇ ਜੁਮਲੇ / ਜੋੜ ਇਸ ਬੀੜ ਵਿਚ ਮਹੱਲਿਆਂ ਤੇ ਭਗਤਾਂ ਦੇ ਵੇਰਵੇ ਨਾਲ ਦਿੱਤੇ ਹੋਏ ਹਨ।

੨੫. ਬੀੜ ਨੰਦ ਚੰਦ ਸੰਘਾ

(ਸੰਮਤੁ ੧੭੪੫)

ਬੀੜ ਬਾਰੇ ਰਿਵਾਇਤ : ਇਹ ਇਤਿਹਾਸਕ ਬੀੜ ਹੈ। ਨੰਦ ਚੰਦ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਇਤਬਾਰੀ ਮਸੰਦ ਤੇ ਵੱਡਾ ਯੋਧਾ ਸੀ। ਉਸ ਦਾ ਜ਼ਿਕਰ 'ਬਚਿਤ੍ਰ ਨਾਟਕ' ਦੇ ਅਧਿਆਇ ੮ ਵਿਚ ਆਇਆ ਹੈ। 'ਗੁਰਬਿਲਾਸ ਪਾਤਸ਼ਾਹੀ ੧੦' ਦੇ ਕਰਤਾ ਸੁੱਖਾ ਸਿੰਘ ਨੇ ਵੀ ਅਧਿਆਇ ੬ ਤੇ ਅਧਿਆਇ ੧੧ ਵਿਚ ਉਸ ਦਾ ਜ਼ਿਕਰ ਕੀਤਾ ਹੈ।[1] ਪਹਲੇ ਵਿਚ ਉਸ ਦੀ ਯੁੱਧ ਵਿਚ ਦਿਖਾਈ ਬਹਾਦਰੀ ਦਾ ਵਰਣਨ ਹੈ ਤੇ ਦੂਜੇ ਵਿਚ ਇਸ ਗ੍ਰੰਥ ਦਾ ਬਿਰਤਾਂਤ। ਸੁੱਖਾ ਸਿੰਘ ਕਰਤਾ 'ਗੁਰਬਿਲਾਸ ਪਾਤਸ਼ਾਹੀ ੧੦' ਦਸਦਾ ਹੈ ਕਿ ਇਕ ਉਦਾਸੀ ਸਾਧ ਇਕ ਬੜੀ ਸੁੰਦਰ ਲਿਖਾਈ ਵਾਲੀ ਬੀੜ ਨੰਦ ਚੰਦ ਪਾਸ ਲੈ ਕੇ ਆਇਆ ਕਿ ਸਤਿਗੁਰੂ ਜੀ ਦੀ ਸਹੀ ਇਸ ਉੱਤੇ ਪਵਾ ਦਿਓ। ਸੁੰਦਰ ਲਿਖਾਈ ਦੇਖ ਕੇ ਨੰਦ ਚੰਦ ਦਾ ਦਿਲ ਭਰਮ ਗਇਆ ਤੇ ਬੀੜ ਉਸ ਆਪਣੇ ਪਾਸ ਰਖ ਲਈ। ਫਿਰ ਰਾਜ਼ ਖੁਲ੍ਹ ਜਾਣ ਤੇ ਨੰਦ ਚੰਦ ਬੀੜ ਉਥੋਂ ਲੈ ਕੇ ਭੱਜ ਉਠਿਆ ਤੇ ਗੁਰੂ ਦੇ ਸ੍ਰਾਪ ਕਾਰਣ ਮਾਰਿਆ ਗਇਆ।

ਇਹੀ ਕਹਾਣੀ ਭਾਈ ਸੰਤੋਖ ਸਿੰਘ ਨੇ 'ਗੁਰਪ੍ਰਤਾਪ ਸੂਰਜ' ਗ੍ਰੰਥ ਵਿਚ ਵੀ ਦੁਹਰਾਈ ਹੈ। ਇਸ ਦੇ ਉਲਟ ਬੀੜ ਦੇ ਵਾਰਿਸਾਂ ਦਾ ਦਾਅਵਾ ਹੈ ਕਿ ਇਹ ਬੀੜ ਗੁਰੂ ਸਾਹਿਬ ਵੱਲੋਂ ਉਸ ਨੂੰ ਪਾਉਂਟਾ ਸਾਹਿਬ ਯੁੱਧ ਸਮੇਂ ਬਹਾਦਰੀ ਦਿਖਾਣ ਕਾਰਣ ਇਨਾਮ ਵਿਚ ਮਿਲੀ ਸੀ।

ਅੱਜ ਕੱਲ੍ਹ ਇਹ ਬੀੜ ਭਾਈ ਕੀ ਡਰੋਲੀ (ਜ਼ਿਲ੍ਹਾ ਫ਼ਰੀਦਕੋਟ) ਵਿਚ ਜੰਗ ਸਿੰਘ ਸੰਘਾ ਦੇ ਸਪੁੱਤ੍ਰ ਭਾਈ ਰਤਨ ਸਿੰਘ ਸੰਘਾ ਦੀ ਦੇਖ-ਰੇਖ ਵਿਚ ਸੁਰੱਖਿਅਤ ਹੈ। ਇਹ ਉਸੇ ਮਕਾਨ ਵਿਚ ਹੈ ਜਿੱਥੇ ਸ੍ਰੀ ਗੁਰੂ ਹਰਿਗੋਬਿੰਦ ਸਿੰਘ ਜੀ ਆਪਣੇ ਸਾਂਢੂ ਸਾਈਂ ਦਾਸ ਪਾਸ ਟਿਕੇ ਹੋਏ ਸਨ। ਇੱਥੇ ਗੁਰੂ ਸਾਹਿਬ ਦੀਆਂ ਕੁਝ ਹੋਰ ਯਾਦਗਾਰੀ ਵਸਤਾਂ[2] ਵੀ ਸੰਭਾਲੀਆਂ ਹੋਈਆਂ ਹਨ।

---

[1]ਦੇਖੋ ਹਰਨਾਮ ਦਾਸ, 'ਪੁਰਾਤਨਿ ਬੀੜਾਂ ਤੇ ਵਿਚਾਰ' (ਭਾਗ ਪਹਲਾ), ਪੰਨਾ ੧੧੧-੧੧੯.

[2]ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਪੱਗ (ਇਕ), ਕੱਛਾ (ਇਕ), ਚੋਲਾ (ਇਕ), ਸਿਮਰਨਾ (ਇਕ), ਮਾਤਾ ਦਮੋਦਰੀ ਦਾ ਸਲਾਰਾ (ਇਕ), ਤਿੰਨ ਹੁਕਮਨਾਮੇ, ਗੁਰੂ ਨਾਨਕ ਦੇਵ ਜੀ ਦੀ ਮੁਸਲਮਾਨੀ ਲਿਬਾਸ ਵਿਚ ਇਕ ਮੂਰਤਿ, ਇਕ ਹੋਰ ਗੁਰੂ ਗੋਬਿੰਦ ਸਿੰਘ ਜੀ ਦੀ ਘੋੜੇ ਤੇ ਸਵਾਰ ਹੋਏ ਦੀ ਮੂਰਤਿ। ਇਨ੍ਹਾਂ ਤੋਂ ਬਿਨਾਂ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੀ ਵਰਤੋਂ ਦਾ ਇਕ ਵੱਡਾ ਸੰਦੂਕ, ਰੋਟੀਆਂ ਪਕਾਣ ਵਾਲੀ ਇਕ ਲੋਹ ਤੇ ਕੰਧ 'ਤੇ ਚਿਣਿਆ ਇਕ ਸ਼ਹਤੀਰ ਵੀ ਦੱਸੀਦੇ ਹਨ।

ਬੀੜ ਦੀ ਦਸ਼ਾ : ਬੀੜ ਦੇ ਦੇਖਣ ਦਾ ਮੌਕਾ ਸਾਨੂੰ ਡਾ. ਗੁਰਚਰਨ ਸਿੰਘ ਸੇਕ ਦੇ ਸੰਗ ਦੋ ਵਾਰ ੨੭ ਅਪ੍ਰੈਲ ਤੇ ੧੯ ਜੁਲਾਈ ੧੯੮੯ ਨੂੰ ਮਿਲਿਆ। ਇਹ ਬੀੜ ਬੜੀ ਖ਼ਸਤਾ ਹਾਲਤ ਵਿਚ ਹੈ, ਭਾਵੇਂ ਇਸ ਦੇ ਪਤ੍ਰਿਆਂ ਉੱਤੇ ਪਾਲਿਥੀਨ ਕਾਗਜ਼ ਚੜ੍ਹਾ ਕੇ ਪਤ੍ਰਿਆਂ ਨੂੰ ਫਟਣ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਲਿਖਾਈ ਤਿੰਨ ਚਾਰ ਹੱਥਾਂ ਦੀ ਕੀਤੀ ਹੋਈ ਹੈ। ਮੁਢਲੇ ਕੁਝ ਪਤ੍ਰੇ ਬੜੇ ਸੁੰਦਰ ਤੇ ਇਕ ਹੱਥ ਦੇ ਲਿਖੇ ਹੋਏ ਹਨ। ਅੱਗੇ ਜਾ ਕੇ ਲਿਖਾਈ ਦੋ ਹੱਥਾਂ ਦੀ ਹੋ ਜਾਂਦੀ ਹੈ—ਉਹ ਭੀ ਇਸ ਤਰ੍ਹਾਂ ਕਿ ਪਤ੍ਰੇ ਦਾ ਇਕ ਪਾਸਾ ਇਕ ਹੱਥ ਦਾ ਲਿਖਿਆ ਹੋਇਆ ਹੈ, ਤੇ ਦੂਜਾ ਪਾਸਾ ਦੂਜੇ ਹੱਥ ਦਾ। ਅਜੇਹਾ ਕੰਮ ਨੂੰ ਕਾਹਲੀ ਨਾਲ ਮੁਕਾਉਣ ਦੀ ਖ਼ਾਤਰ ਕੀਤਾ ਲਗਦਾ ਹੈ; ਜਾਂ ਫਿਰ ਮੂਲ ਗ੍ਰੰਥ ਦੇ, ਜਿਸ ਤੋਂ ਉਤਾਰਾ ਕੀਤਾ ਜਾ ਰਹਿਆ ਸੀ, ਛੇਤੀ ਹੱਥੋਂ ਨਿਕਲ ਜਾਣ ਦੇ ਭੈ ਕਾਰਣ। ਇੱਨੇ ਸੁੰਦਰ ਤੇ ਸਜਾਵਟੀ ਗ੍ਰੰਥ ਦੀ ਤਿਆਰੀ ਵਿਚ ਇਸ ਉਕਾਈ ਦਾ ਆਖ਼ਿਰ ਹੋਰ ਕੀ ਕਾਰਣ ਹੋ ਸਕਦਾ ਹੈ ?

ਆਕ੍ਰਿਤੀ : ਗ੍ਰੰਥ ਦੇ ਹਰੇਕ ਪਤ੍ਰੇ ਉੱਤੇ ਪੰਜ ਰੰਗਦਾਰ ਲਕੀਰਾਂ (ਨੀਲੀ + ਲਾਲ, ਮਧ ਵਿਚ ਸੁਨਹਰੀ, ਮੁੜ ਲਾਲ + ਨੀਲੀ) ਨਾਲ ਹਾਸ਼ੀਆ ਲਗਾ ਹੋਇਆ ਹੈ। ਇਸੇ ਤਰ੍ਹਾਂ ਦਾ ਇਕ ਹੋਰ ਹਾਸ਼ੀਆ ਪਹਲੇ ਹਾਸ਼ੀਏ ਤੋਂ ਦੋ ਸੈਂਟੀਮੀਟਰਾਂ ਦੀ ਵਿਥ ਤੇ ਚਾਰੇ ਪਾਸੇ ਫਿਰ ਲਗਾ ਹੋਇਆ ਹੈ। ਰਿਵਾਇਤ ਹੈ ਕਿ ਮਹਾਰਾਜਾ ਪਟਿਆਲਾ ਨੇ ਨਵਾਂ ਹਾਸ਼ੀਆ ਲਗਵਾਇਆ ਸੀ, ਪਰ ਕਿਉਂ ? ਇਹ ਕੋਈ ਨਹੀਂ ਦੱਸ ਸਕਿਆ। ਸਾਡਾ ਖ਼ਿਆਲ ਹੈ ਕਿ ਲਗੇ ਦੋਹਾਂ ਹਾਸ਼ੀਆਂ ਦੇ ਦਰਮਿਆਨ ਬੇਲ ਬੂਟੇ ਬਣਾਉਣ ਦਾ ਵਿਚਾਰ ਹੋਵੇਗਾ, ਜੋ ਸਿਰੇ ਨਹੀਂ ਚੜ੍ਹ ਸਕਿਆ।

ਗ੍ਰੰਥ ੨੫ × ੩੨ ਸੈਂ. ਮੀ. (ਲਿਖਤ ੧੩ ੧/੨ × ੧੯ ਸੈਂ. ਮੀ.) ਆਕਾਰ ਦੇ ੬੮੪ ਪਤ੍ਰਿਆਂ ਉੱਤੇ ਫੈਲਿਆ ਹੋਇਆ ਹੈ। ਤਤਕਰੇ ਦੇ ਲਗਪਗ ੩੭ ਪਤ੍ਰੇ ਇਨ੍ਹਾਂ ਤੋਂ ਅੱਡ ਹਨ। ਸ਼ਕਲ ਗ੍ਰੰਥ ਦੀ ਕਿਤਾਬੀ ਹੈ। ਪਤ੍ਰਿਆਂ ਨੂੰ ਅੰਗ ਸੱਜੇ ਹੱਥ ਵਾਲੇ ਪਤ੍ਰੇ ਦੇ ਬਾਹਰਲੇ ਹਾਸ਼ੀਏ ਦੇ ਉਪਰ ਕਰ ਕੇ ਲੱਗੇ ਹੋਏ ਹਨ। ਪਤ੍ਰਿਆਂ ਨੂੰ ਅੰਕ ਲਗਾਣ ਦੀ ਵਿਧੀ ਵਿਗਿਆਨਕ ਹੈ।

ਲਿਖਣ-ਕਾਲ : ਗ੍ਰੰਥ ਦਾ ਪਹਲਾ, ਤਤਕਰੇ ਵਾਲਾ ਪਤ੍ਰਾ ਜਿਸ ਉੱਤੇ ਇਸ ਦੇ ਲਿਖੇ ਜਾਣ ਦਾ ਸੰਮਤ ਤੇ ਸੂਚੀ-ਪਤ੍ਰ ਰਾਗਾਂ ਦਾ ਸੀ, ਇਸ ਵਕਤ ਗੁੰਮ ਹੈ। ਉਸ ਤੋਂ ਜੋ ਸੂਚਨਾ ਲੈ ਕੇ ਸ੍ਵਾਮੀ ਹਰਿਨਾਮਦਾਸ ਨੇ ਆਪਣੀ ਪੁਸਤਕ ਵਿਚ ਦਿੱਤੀ ਸੀ, ਉਸ ਦਾ ਵੇਰਵਾ ਇਸ ਪ੍ਰਕਾਰ ਹੈ :

ਸੰਬਤੁ ੧੭੪੫ ਵਰਖੇ ਮਿਤੀ ਭਾਦਉ ਸੁਦੀ ੫ ॥
ਸੋਮਵਾਰ ਲਿਖਿ ਪਹੁਤੇ ॥[3]

---

[3]'ਪੁਰਾਤਨਿ ਬੀੜਾਂ ਤੇ ਵਿਚਾਰ' (ਭਾਗ ਪਹਿਲਾ), ਪੰਨਾ ੧੧੯. (ਨੋਟ : ਆਪਣ ਇਸ ਹਵਾਲੇ ਵਿਚ ਸ੍ਵਾਮੀ ਜੀ ਨੇ ਗ੍ਰੰਥ ਦੀ ਤਿਆਰੀ ਦਾ ਸੰਬਤ ੧੭੫੫ ਲਿਖਿਆ ਸੀ, ਪਰੰਤੂ ਇਸੇ ਪੁਸਤਕ ਦੇ ਦੂਜੇ ਭਾਗ
(ਫੁ. ਨੋ. ਚਲਦਾ)

ਇਸ ਤੋਂ ਇਸ ਗ੍ਰੰਥ ਦੇ ੧੭੪੫ ਬਿ. ਵਿਚ ਮੁਕੰਮਲ ਹੋਣ ਦਾ ਪਤਾ ਚਲਦਾ ਹੈ। ਇਸ ਦੀ ਤਸਦੀਕ ਇਸ ਗ੍ਰੰਥ ਵਿਚ ਦਿੱਤੇ ਚਲਿਤ੍ਰ ਜੋਤੀ ਜੋਤਿ ਸਮਾਵਣੇ ਤੋਂ ਹੋ ਜਾਂਦੀ ਹੈ। ਚਲਿਤ੍ਰ ਨੌਵੇਂ ਪਾਤਸ਼ਾਹ ਦੇ ਚਲਾਣੇ (੧੭੩੨ ਬਿ.) ਤੇ ਸਮਾਪਤ ਹੁੰਦੇ ਹਨ। ਦਸਮ ਪਾਤਸ਼ਾਹ ਦੇ ਸਮਾਵਣ ਦੀ ਮਿਤੀ ਇਨ੍ਹਾਂ ਵਿਚ ਨਹੀਂ ਹੈ। ਸੋ ਪਤਾ ਲਗਾ ਕਿ ਇਹ ਬੀੜ ਦਸਵੇਂ ਪਾਤਸ਼ਾਹ ਦੇ ਗੁਰਿਆਈ ਕਾਲ ਵਿਚ ਹੀ ਸੰਪੂਰਣ ਹੋਈ।

ਤਤਕਰੇ : ਮੁੱਢਲੇ, ਸੂਚੀਪਤ੍ਰ ਵਾਲੇ, ਪਤ੍ਰੇ ਉੱਤੇ, ਸੰਭਵ ਹੈ, ਤਤਕਰੇ ਤਿਆਰ ਕਰਨ ਦੀ ਚਲ ਚੁਕੀ ਰੀਤਿ ਅਨੁਸਾਰ 'ਤਤਕਰਾ ਰਾਗਾਂ ਕਾ' ਵੀ ਦਿੱਤਾ ਹੋਵੇ, ਪਰ ਇਸ ਸੰਬੰਧੀ ਪੂਰਾ ਨਿਰਣਾ ਗੁਮ ਪਤ੍ਰੇ ਦੇ ਮਿਲਣ ਉਪਰ ਹੀ ਕੀਤਾ ਜਾ ਸਕਦਾ ਹੈ।

ਗ੍ਰੰਥ ਦੇ ਪਤ੍ਰਾ ਨੰਬਰ ੨ ਤੋਂ "ਸ਼ਬਦਾਂ ਦਾ ਤਤਕਰਾ" ਆਰੰਭ ਹੁੰਦਾ ਹੈ। ਇਹ ਦੋ-ਕਾਲਮੀ ਹੈ। ਦੋਹਾਂ ਕਾਲਮਾਂ ਦੇ ਮੱਧ ਵਿਚ ਉਪਰ ਕਰਕੇ, ਸਿਰਲੇਖ ਰੂਪ ਵਿਚ, ਸੰਬੰਧਿਤ ਰਾਗੁ ਦਾ ਨਾਂ ਦਿੱਤਾ ਹੋਇਆ ਹੈ। ਜਿੱਥੇ ਇੱਕੋ ਪੰਨੇ ਤੇ ਦੋ ਰਾਗ ਆਏ ਹਨ, ਉੱਥੇ ਦੋਹਾਂ ਕਾਲਮਾਂ ਉਪਰ ਸੰਬੰਧਿਤ ਰਾਗਾਂ ਦੇ ਨਾਂ ਹਨ। ਸ਼ਬਦਾਂ ਦਾ ਤਤਕਰਾ ੨੮ ਪਤ੍ਰਿਆਂ ਉਪਰ ਫੈਲਿਆ ਹੋਇਆ ਹੈ। ਇਸ ਦੇ ਸਮਾਪਤ ਹੋਣ ਤੇ ਭੋਗ ਦੀ ਬਾਣੀ ਦਾ ਵੀ ਤਤਕਰਾ ਹੈ ਜੋ ਹੋਰਨਾਂ ਗ੍ਰੰਥਾਂ ਵਿਚ ਦਿੱਤਾ ਹੋਇਆ ਨਹੀਂ ਹੁੰਦਾ।

ਸਮਾਵਣ ਦੇ ਚਲਿਤ੍ਰ : ਪਤ੍ਰਾ ੨੯ ਉਪਰ ਗੁਰੂ ਸਾਹਿਬਾਨ ਦੇ ਜੋਤੀ ਜੋਤਿ ਸਮਾਵਣ ਦੇ ਚਲਿਤ੍ਰ ਹਨ। ਇਹ ਨੌਵੀਂ ਪਾਤਸਾਹੀ ਤੇ ਸਮਾਪਤ ਹੁੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਣੇ ਦੀ ਤਿਥਿ ਇਨ੍ਹਾਂ ਵਿਚ "੧੫੯੬ ਅਸੂ ਸੁਦੀ ੧੦" ਦਿੱਤੀ ਹੋਈ ਹੈ। ਇਸ ਪੱਖ ਤੋਂ ਇਹ ਬੀੜ ਅਦੁੱਤੀ ਹੈ। ਟਾਵੀਂ ਟਾਵੀਂ ਬੀੜ ਵਿਚ ਹੀ "ਸੁਦੀ" ਵਾਲੀ ਤਿਥਿ ਮਿਲਦੀ ਹੈ। ਬਾਬਾ ਗੁਰਦਿੱਤਾ ਦੇ ਚਲਿਤ੍ਰ ਨੂੰ "ਸ੍ਰੀ ਸਤਿਗੁਰੂ ਬਾਬਾ ਗੁਰਦਿੱਤਾ ਜੀ ਸਮਾਣੇ" ਕਰਕੇ ਲਿਖਿਆ ਹੈ। ਸਮਾਵਣ ਦੀਆਂ ਮਿਤੀਆਂ ਨਾਲ ਸਮਾਵਣ ਦੇ ਸਥਾਨ, ਦਿਨ ਤੇ ਸਮੇਂ ਵੀ ਦਿੱਤੇ ਹਨ।

ਪਤ੍ਰਾ ੩੦, ੩੧ ਤੇ ੩੨ ਖਾਲੀ ਹਨ। ਇਨ੍ਹਾਂ ਦੇ ਅੱਗੇ ਇਕ ਅਤਿ ਸੁੰਦਰ ਸਜਾਵਟੀ (ਨਕਸ਼ਾਂ ਵਾਲਾ) ਪਤ੍ਰਾ ਲਗਾ ਹੋਇਆ ਹੈ ਜਿਸ ਉਪਰ ਅੰਕ ਨਹੀਂ ਹੈ। ਤਤਕਰੇ ਦੇ ਤੇ ਇਸ ਵਿਚ ਛੱਡੇ ਖਾਲੀ ਪਤ੍ਰੇ ਮਿਲਾ ਕੇ ਮੁੱਢਲੇ ਪਤ੍ਰਿਆਂ ਦੀ ਗਿਣਤੀ ਲਗਪਗ ੩੭ ਹੋ ਜਾਂਦੀ ਹੈ।

ਬਾਣੀ ਦਾ ਆਰੰਭ : ਬਾਣੀ ਪਤ੍ਰਾ ੧ ਤੋਂ ਆਰੰਭ ਹੁੰਦੀ ਹੈ ਜਿਹੜਾ ਕਿ ਸਚਿਤ੍ਰ ਹੈ। ਉਪਰਲੇ ਹਿੱਸੇ ਵਿਚ ਰੰਗ ਬਰੰਗੇ ਜਿਉਮੈਟ੍ਰੀਕਲ ਡੀਜ਼ਾਈਨ ਬਣਾ ਕੇ ਉਨ੍ਹਾਂ ਵਿਚ ਮੂਲਮੰਤ੍ਰ ਲਿਖਿਆ ਹੋਇਆ ਹੈ। ਸਚਿਤ੍ਰ ਹਿੱਸੇ ਦੇ ਹੇਠਾਂ ਜਪੁ ਸਾਹਿਬ ਚਿੱਟੇ ਕਾਗਜ਼ ਦੀਆਂ ਦੋ

(ਪਿਛਲੇ ਫੁ. ਨੋ. ਦੀ ਬਾਕੀ)
ਵਿਚ ਉਨ੍ਹਾਂ ਆਪਣੇ ਪਾਸੋਂ ਹੋ ਗਈ ਗ਼ਲਤੀ ਨੂੰ ਮੰਨਦਿਆਂ ਇਸ ਗ੍ਰੰਥ ਦੇ ਮੁਕੰਮਲ ਹੋਣ ਦਾ ਸੰਮਤ ੧੭੪੫ ਲਿਖਿਆ ਹੈ – ਦੇਖੋ ਪੰਨਾ ੩੮)। ਖੇਦ ਹੈ ਕਿ ਪਤ੍ਰਾ ਗੁਮ ਹੋ ਚੁਕਿਆ ਹੋਣ ਕਾਰਣ ਇਸ ਸੰਮਤ ਦੀ ਤਸਦੀਕ ਨਹੀਂ ਹੋ ਸਕੀ।—ਲੇਖਕ।

ਨਵੀਆਂ ਚੇਪੀਆਂ ਨਾਲ ਪੂਰਾ ਕੀਤਾ ਹੋਇਆ ਹੈ। ਵਿੱਚ ਵਿੱਚ ਕੇਵਲ ਦੋ ਤਿੰਨ ਸਤਰਾਂ ਪੁਰਾਣੀ ਲਿਖਤ ਦੀਆਂ ਹਨ। ਇਸ ਪਤ੍ਰੇ ਦੇ ਸੱਜੇ ਪਾਸੇ ਵਾਲੇ ਹਾਸ਼ੀਏ ਤੇ ਜਪੁ ਸਾਹਿਬ ਦੀ ਪਹਲੀ ਪਾਲ ਦੇ ਮੁਕਾਬਲੇ ਤੇ ਇਕ ਗੋਲ ਮੁਹਰ ਲਗੀ ਹੋਈ ਹੈ ਜੋ ਇੰਞ ਪੜ੍ਹੀ ਜਾਂਦੀ ਹੈ :

ਅਕਾਲ ਸਹਾਇ
ਗੁਰੂ ਗੋਬਿੰਦ ਸਿੰਘ
ਕਲਗੀ ਵਾਲਾ[4]

ਇਹ ਮੁਹਰ ਸ੍ਰੀ ਦਸਮੇਸ਼ ਜੀ ਦੀ ਨਹੀਂ, ਜਿਵੇਂ ਕਿ ਆਮ ਖਿਆਲ ਕੀਤਾ ਜਾਂਦਾ ਹੈ; ਬਾਅਦ ਵਿਚ ਕਿਸੇ ਸਿਖ ਸਰਦਾਰ ਦੀ ਲਗਦੀ ਹੈ ਜਿਸ ਕੋਲ ਇਹ ਬੀੜ ਰਹੀ ਹੋਵੇਗੀ। ਇਸ ਦੀ ਠੀਕ ਪਛਾਣ ਬਾਰੇ ਹਾਲੀ ਹੋਰ ਖੋਜ ਦੀ ਲੋੜ ਹੈ।

ਜਪੁ ਸਾਹਿਬ ਵਾਲੇ ਇਸ ਪਤ੍ਰੇ (ਨੰ. ੧) ਦਾ ਮਗਰਲਾ ਪਾਸਾ ਖਾਲੀ ਹੈ। ਇੰਞ ਪ੍ਰਤੀਤ ਹੁੰਦਾ ਹੈ ਕਿ ਮੁੱਢਲੇ ਪੰਨੇ ਦੀ ਮੁਰੰਮਤ ਸਮੇਂ ਉਸ ਪਾਸੇ ਦੀ ਲਿਖਤ ਨਵੇਂ ਜੋੜੇ ਪਤ੍ਰੇ ਹੇਠ ਦੱਬੀ ਗਈ।

ਪਤ੍ਰਾਂਕਾਂ ਦੀ ਗਾਥਾ : ਸ਼ਬਦਾਂ ਦੇ ਤਤਕਰੇ ਵਿਚ ਦਿੱਤੇ ਪਤ੍ਰਿਆਂ ਦੇ ਅੰਕ ਅੰਦਰ ਗ੍ਰੰਥ ਵਿਚ ਦਿੱਤੇ ਅੰਕਾਂ ਨਾਲ ਮੇਲ ਨਹੀਂ ਖਾਂਦੇ। ਇੰਞ ਪ੍ਰਤੀਤ ਹੁੰਦਾ ਹੈ ਕਿ ਗ੍ਰੰਥ ਨਕਲ ਕਰਨ ਵਾਲੇ ਨੇ ਮੂਲ-ਪਾਠ ਪਤ੍ਰਾ ੧ ਤੋਂ ਆਰੰਭ ਕਰਨ ਦਾ ਵਿਧਾਨ ਬਣਾਇਆ ਸੀ, ਤੇ ਏਸੇ ਅਨੁਸਾਰ ਅੰਕ ਦੇਣੇ ਸ਼ੁਰੂ ਕੀਤੇ ਸਨ; ਪਰ ਮਗਰੋਂ ਬੀੜ ਤਿਆਰ ਕਰਨ ਵਾਲੇ ਨੇ ਸ੍ਰੋਤ ਗ੍ਰੰਥ ਤੋਂ ਤਤਕਰਾ ਨਕਲ ਕਰਦੇ ਸਮੇਂ ਸ੍ਰੋਤ ਗ੍ਰੰਥ ਵਾਲੇ ਹੀ ਅੰਕ ਲੈ ਲਏ ਜੋ ਤਤਕਰੇ ਤੋਂ ਸ਼ੁਰੂ ਹੋ ਕੇ ਮੂਲ-ਪਾਠ ਦੇ ਅੰਤ ਤਕ ਚਲਦੇ ਸਨ। ਫਲਸਰੂਪ, ਜੇ ਮੂਲ-ਪਾਠ ਦੇ ਅੰਕ ਨਾਲ ਤਤਕਰੇ ਦੇ ੨੭ ਪਤ੍ਰੇ ਮਿਲਾ ਲਈਏ ਤਾਂ ਗ੍ਰੰਥ ਦੇ ਅੰਦਰ ਦਿੱਤਾ ਅੰਕ ਤਤਕਰੇ ਦੇ ਅੰਕ ਨਾਲ ਮੇਲ ਖਾ ਜਾਂਦਾ ਹੈ। ਪਰ ਇਹ ਵੀ ਮੁੱਢਲੇ ਕੁਝ ਪਤ੍ਰਿਆਂ ਦੀ ਹਾਲਤ ਵਿਚ ਠੀਕ ਹੈ। ਜਿਉਂ ਜਿਉਂ ਅੱਗੇ ਜਾਈਏ, ਦਹਾਂ ਦੇ ਅੰਕਾਂ ਵਿਚ ਅੰਤਰ ਵੱਧਦਾ ਜਾਂਦਾ ਹੈ। ਇਸ ਦਾ ਕਾਰਣ ਨਕਲ ਕਰਣ ਵਾਲਿਆਂ ਦੀ ਬੇਬਸੀ ਹੈ। ਮੂਲ-ਪਾਠ ਦੇ ਪਤ੍ਰਿਆਂ ਦਾ ਕੀਤਾ ਘੋਖਵਾਂ ਅਧਿਐਨ ਇਹ ਸਿੱਧ ਕਰਦਾ ਹੈ ਕਿ ਨਕਲ ਕਰਨ ਵਾਲੇ ਨੇ ਇਸ ਗ੍ਰੰਥ ਨੂੰ ਸ੍ਰੋਤ ਗ੍ਰੰਥ ਤੋਂ ਪੰਨਾ ਵਾਰ ਨਕਲ ਕਰਨ ਦਾ ਪ੍ਰਯਾਸ ਕੀਤਾ ਪਰ ਕਿਤੇ ਕਿਤੇ ਸ੍ਰੋਤ ਗ੍ਰੰਥ ਦਾ ਮਤਨ ਵਧ ਕੇ ਅਗਲੇ ਪਤ੍ਰੇ ਤੇ ਚਲਾ ਗਇਆ। ਇਸ ਤਰ੍ਹਾਂ ਫਰਕ ਪੈ ਪੈ ਕੇ ਮੂਲ-ਪਾਠ ਦੇ ਅੰਕਾਂ ਦੀ ਤਤਕਰੇ ਦੇ ਅੰਕਾਂ ਨਾਲ ਸੰਮਤੀ ਨਹੀਂ ਰਹੀ।

ਗ੍ਰੰਥ ਦੇ ਅੰਤਲੇ ਅਰਥਾਤ ੬੯੪ਵੇਂ ਪਤ੍ਰੇ ਦੇ ਉਪਰਲੇ ਕੁਝ ਹਿੱਸੇ ਉੱਤੇ ਹੜਤਾਲ ਫਿਰੀ ਹੋਈ ਹੈ। ਪੋਚਾ ਚੰਗਾ ਗਾੜ੍ਹਾ ਹੈ, ਜਿਸ ਕਾਰਣ ਇਸ ਲਿਖਤ ਦੀ ਪ੍ਰਕਿਰਤੀ ਬਾਰੇ ਪਤਾ ਨਹੀਂ ਲਗ ਸਕਿਆ। ਸ੍ਵਾਮੀ ਹਰਨਾਮ ਦਾਸ ਦਾ ਮਤ ਹੈ ਕਿ ਕੋਈ ਪਹਲਾ ਲੇਖ ਮਿਟਾ ਕੇ ਹੇਠਲਾ ਲੇਖ ਲਿਖਿਆ ਗਇਆ :

[4] ਮੁਹਰ ਕਾਲੀ ਜ਼ਮੀਨ ਉਤੇ ਸਫ਼ੇਦ ਅੱਖਰਾਂ ਵਿਚ ਹੈ, ਗੋਯਾ reverse ਕੱਢੀ ਹੋਈ ਹੈ।

ੴ ਵਾਹਿਗੁਰੂ ਜੀ ਕੀ ਫਤੇ

ਦੋਹਰਾ ॥ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਪੂਰਨ ਗੁਰ ਅਵਤਾਰ ॥
ਜਗਮਗ ਜੋਤਿ ਬਿਰਾਜਹੀ ਸ੍ਰੀ ਅਬਿਚਲ ਨਗਰ ਅਪ੍ਰਾਰ ॥

ਗੁਰੂ ਗ੍ਰੰਥ ਸਾਹਿਬ ਦਸਵੇਂ ਪਾਤਿਸਾਹ ਗੁਰੂ ਗੋਬਿੰਦ ਸਿੰਘ ਜੀ ਨੇ ਬਖਸ਼ਿਆ ਭਾਈ ਨੰਦ ਚੰਦ ਜੀ ਨੂੰ ਹਜ਼ੂਰ ਨੇ ਪਾਉਂਟੇ ਸਾਹਿਬ ਜਿਤ ਸਮੇਂ ਯੁਧ ਹੋਇਆ ਸੀ ਸਾਹਿਬ ਨਾਲ ਪਹਾੜੀਆਂ ਨਾਲ ਤਾਂ ਗ੍ਰੰਥ ਸਾਹਿਬ ਗੁਰੂ ਜੀ ਨੇ ਜਮਨਾ ਨੂ ਸੌਂਪ ਦਿੱਤਾ ਸੀ। ਨਉ ਦਿਨ ੯ ਤੇ ਨਉ ਘੜੀਆਂ ੯ ਜਮਨਾ ਵਿਚ ਰਹਿਆ ਸੀ। ਫੇਰਿ ਗ੍ਰੰਥ ਸਾਹਿਬ ਜਮਨਾ ਪਾਸੋਂ ਲੈ ਕੇ ਗੁਰੂ ਨੇ ਭਾਈ ਨੰਦ ਚੰਦ ਨੂੰ ਬਖਸ਼ਿਆ ਸੀ, ਏਹ ਗ੍ਰੰਥ ਸਾਹਿਬ ਜੀ ਓਹੁ ਹੈ।

ਇਹ ਲਿਖਤ ਕਿਸੇ ਹੋਰ ਹੱਥ ਦੀ ਹੈ। ਸਪਸ਼ਟ ਹੈ ਕਿ ਬਾਅਦ ਵਿਚ ਕੀਤੀ ਗਈ ਇਹ ਲਿਖਤ ਕਿਸੇ ਮੁੱਢਲੇ ਮਾਲਿਕ ਨੂੰ ਲੁਕੋ ਕੇ ਨੰਦ ਚੰਦ ਨੂੰ ਮਾਨਤਾ ਦੇਣ ਲਈ ਕੀਤੀ ਗਈ ਇਸ ਵਿਚ ਵੀ ਦੋ ਥਾਵਾਂ ਤੇ ਆਏ ਨਾਮ 'ਨੰਦਚੰਦ' ਤੇ ਹੜਤਾਲ ਫਿਰੀ ਹੋਈ ਹੈ ਪਰ ਪੜ੍ਹਿਆ ਸਾਫ਼ ਜਾਂਦਾ ਹੈ ਅਤੇ ਗੂਹੜਾ ਕਾਲਾ ਹੈ। ਪਤਾ ਨਹੀਂ ਕਿ ਕੋਈ ਹੋਰ ਨਾਂ ਮਿਟਾ ਕੇ ਨੰਦ ਚੰਦ ਲਿਖਿਆ ਗਇਆ ਸੀ ਯਾ ਨੰਦ ਚੰਦ ਮਿਟਾ ਕੇ ਕੋਈ ਹੋਰ ਨਾਂ ਲਿਖਣ ਦਾ ਵਿਚਾਰ ਸੀ। ਸਾਡੀ ਜਾਚੇ ਪਿਛਲੀ ਗੱਲ ਵਧੇਰੇ ਠੀਕ ਪ੍ਰਤੀਤ ਹੁੰਦੀ ਹੈ, ਭਾਵੇਂ ਸ੍ਵਾਮੀ ਹਰਨਾਮ ਦਾਸ ਨੇ ਪਹਲੀ ਗੱਲ ਦੀ ਸੰਭਾਵਨਾ ਤੇ ਜ਼ੋਰ ਦਿੱਤਾ ਹੈ।[5]

ਸ੍ਵਾਮੀ ਹਰਿਨਾਮ ਦਾਸ ਨੇ ਉਪਰ ਦਿੱਤੀ ਟੂਕ ਵਿਚ ਆਏ ਪਦ "ਗੁਰੂ ਗ੍ਰੰਥ ਸਾਹਿਬ" ਦੇ ਸੰਮਤ ੧੭੪੮ ਵਿਚ (ਜਦੋਂ ਤਕ ਕਿ ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਸਾਹਿਬ ਰਹੇ) ਪ੍ਰਚਲਿਤ ਹੋਣ ਉਤੇ ਸੰਸਾ ਪ੍ਰਗਟ ਕੀਤਾ ਹੈ, ਕਿਉਂਜੋ ਸਿਖ ਰਿਵਾਇਤ ਅਨੁਸਾਰ ਗੁਰਿਆਈ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸੰਮਤ ੧੭੦੮ ਵਿਚ ਸਮਾਉਣ ਸਮੇਂ ਮਿਲੀ।[6] ਪਰੰਤੂ ਅਸੀਂ ਦਸ ਆਏ ਹਾਂ ਕਿ ਇਹ ਲਿਖਤ ਬਾਅਦ ਦੀ ਕੀਤੀ ਹੋਈ ਹੈ। ਇਸ ਵਿਚ ਦਰਜ ਦੋਹਰਾ ਗੁਰੂ ਗੋਬਿੰਦ ਸਿੰਘ ਕ੍ਰਿਤ ਨਹੀਂ, ਕਿਸੇ ਸ਼ਰਧਾਲੂ ਦੀ ਗੁਰੂ ਸਾਹਿਬਾਨ ਬਾਰੇ ਪ੍ਰਗਟਾਈ ਅਕੀਦਤ ਹੈ। ਉਂਞ ਰਿਵਾਇਤ ਇਸ ਨੂੰ ਗੁਰੂ ਸਾਹਿਬ ਨਾਲ ਜੋੜਦੀ ਹੈ।

ਬਾਣੀ ਦਾ ਵੇਰਵਾ : ਬੀੜ ਵਿਚ ਰਾਗਾਂ ਦਾ ਕ੍ਰਮ ਛਪੇ ਗ੍ਰੰਥ ਵਾਲਾ ਹੈ। ਨੌਵੇਂ ਮਹਲ ਦੀ ਬਾਣੀ ਥਾਓਂ ਥਾਈਂ ਚੜ੍ਹੀ ਹੋਈ ਹੈ। ਭੋਗ ਇਸ ਬੀੜ ਦਾ 'ਸਲੋਕ ਵਾਰਾਂ ਤੇ ਵਧੀਕ' 'ਤੇ ਪੈਂਦਾ ਹੈ। ਅੰਤ ਵਿਚ ਮੁੰਦਾਵਣੀ ਤੇ ਸਲੋਕ "ਤੇਰਾ ਕੀਤਾ ਜਾਤੋ ਨਾਹੀ" ਹਨ। ਬਾਣੀਆਂ ਦਾ ਕ੍ਰਮ ਇਸ ਵਕਤ ਪ੍ਰਚਲਿਤ ਬੀੜ ਅਨੁਸਾਰ ਹੈ। ਅੰਤ ਵਿਚ ਸਾਰੀ ਫਾਲਤੂ ਬਾਣੀ ਵੀ ਮੌਜੂਦ ਹੈ।

[5]'ਪੁਰਾਤਨਿ ਬੀੜਾਂ ਤੇ ਵਿਚਾਰ' (ਭਾਗ ਪਹਲਾ), ਪੰਨਾ ੧੨੧.
[6]ਉਹੀ

ਵਾਰਾਂ ਨਾਲ ਧੁਨੀਆਂ ਦਰਜ ਹਨ। ਉਨ੍ਹਾਂ ਦੇ ਅੰਤ ਤੇ "ਸੁਧੁ" ਤੇ "ਸੁਧੁ ਕੀਚੇ", ਆਦਿ ਹਿਦਾਇਤੀ ਪਦ ਕੁਝ ਵਾਰਾਂ ਪਿੱਛੇ ਮਿਲਦੇ ਹਨ, ਕੁਝ ਪਿੱਛੇ ਨਹੀਂ ਹਨ। ਵਾਰ ਰਾਗੁ ਮਾਝ ਦੇ ਅੰਤ 'ਤੇ "ਸੁਧੁ" ਅੰਤਲੇ ਅੰਕ ੨੭ ਤੋਂ ਪਹਲਾਂ ਲਿਖਿਆ ਹੋਇਆ ਹੈ। ਗੂਜਰੀ ਕੀ ਵਾਰ ਮਹਲਾ ੫ ਦੇ ਅੰਤ 'ਤੇ "ਸੁਧ" ਸੁਧਾਈ ਦਾ ਨਿਸ਼ਾਨ + ਪਾ ਕੇ ਹਾਸ਼ੀਏ ਵਿਚ ਲਿਖਿਆ ਹੋਇਆ ਹੈ। ਗਉੜੀ ਕੀ ਵਾਰ ਮ : ੫ ਦੇ ਨਾਲ ਪਦ "ਸਲੋਕਾਂ ਨਾਲਿ" ਸੁਧਾਈ ਵਜੋਂ + ਨਿਸ਼ਾਨ ਦੇ ਕੇ ਬਾਹਰ ਹਾਸ਼ੀਏ ਵਿਚ ਲਿਖੇ ਹਨ। ਇਸ ਤੋਂ ਇਸ ਬੀੜ ਦੇ ਪਾਠਾਂ ਦੀ ਸੁਧਾਈ ਕਰਤਾਰਪੁਰੀ ਬੀੜ ਦੀ ਕਿਸੇ ਸ਼ਾਖਾ ਨਾਲ ਕੀਤੀ ਲਗਦੀ ਹੈ। ਵਾਰਾਂ ਵਿਚ ਸ਼ਲੋਕਾਂ ਨਾਲ ਮਹੱਲੇ ਸਭ ਥਾਂ ਦਰਜ ਹਨ। ਹੋਰ ਗੱਲਾਂ ਜੋ ਵਰਣਨਯੋਗ ਹਨ, ਇਸ ਪ੍ਰਕਾਰ ਗਿਣਾਈਆਂ ਜਾ ਸਕਦੀਆਂ ਹਨ :—

੧) ਜਪੁ ਇਸ ਗ੍ਰੰਥ ਵਿਚ ਗੁਰੂ ਰਾਮਦਾਸ ਜੀ ਦੇ ਜਪੁ ਦੀ ਚੌਥੀ ਥਾਵੇਂ ਨਕਲ ਹੈ। ਸ੍ਵਾਮੀ ਹਰਨਾਮ ਦਾਸ ਦੀ ਪਾਈ ਦੱਸ ਅਨੁਸਾਰ ਇਸ ਦੇ ਸੂਚੀ ਪਤ੍ਰ ਅਰਥਾਤ ਪਹਲੇ ਪਤ੍ਰੇ ਉੱਤੇ ਇਸ ਭਾਵ ਦਾ ਉੱਲੇਖ ਸੀ :

> ਜਪੁ ਗੁਰੂ ਰਾਮਦਾਸ ਜੀਉ ਕੇ ਨਕਲ ਕਾ ਨਕਲ ਥਾ, ਤਿਸ ਕੇ
> ਨਕਲ ਕਾ ਨਕਲ।[7]

ਸ਼ਬਦ-ਜੋੜ ਕੁਝ ਸ਼ਬਦਾਂ ਦੇ ਇਸ ਵਿਚ ਇਸ ਜਪੁ-ਸ਼ਾਖਾ ਦੀ ਪਰਿਪਾਟੀ ਵਾਲੇ ਹੀ ਹਨ : 'ਧੌਲ', 'ਕੌਣ', 'ਰਖੀਸਰ', 'ਜੀਭੌ'।

੨) ਰਹਰਾਸਿ ਵਿਚ 'ਸੋ ਦਰੁ' ਦੇ ਨਾਲ 'ਸੋ ਪੁਰਖ' ਦਾ ਜੁਟ ਸੰਮਿਲਤ ਹੈ।

੩) ਸਿਰੀ ਰਾਗੁ ਪੂਰੇ ਮੂਲਮੰਤ੍ਰ ਨਾਲ ਸ਼ੁਰੂ ਹੁੰਦਾ ਹੈ। ਸਿਰਲੇਖ ਇਸ ਪ੍ਰਕਾਰ ਹੈ :

> "ਰਾਗੁ ਸਿਰੀ ਰਾਗੁ ਮਹਲਾ ੧
> ਚਉਪਦੇ ॥ ਘਰੁ ॥ ੧ ॥"

੪) ਰਾਗੁ ਗਉੜੀ ਪੂਰਬੀ ਕਬੀਰ ਜੀ ਕੀ ਦੇ ੫੭ਵੇਂ ਸ਼ਬਦ, "ਕਾਲਬੂਤ ਕੀ ਹਸਤਨੀ", ਵਾਲੇ ਵਿਚ "ਬਿਖੇ ਬਾਚ ਹਰਿ ਰਾਚੁ ਮਨ ਬਉਰਾ ਰੇ" ਦੇ ਨਾਲ "ਦੁਰਲਭ ਦੇਹ ਕਉ ਕਾਜ" ਵਾਲੀ ਗੁਮ ਤੁਕ ਨਹੀਂ ਹੈ। ਇਸੇ ਤਰ੍ਹਾਂ 'ਵਾਰ ਕਬੀਰ ਜੀ ਕੇ' ਦੇ ਮੁੱਢ ਵਿਚ "ਧਰ ਅੰਬਰ ਵਿਚ ਬੇਲੜੀ ਤਿਹ ਲਾਲ ਸੁਗੰਧਾ ਫੂਲ" ਵਾਲਾ ਸ਼ਲੋਕ ਵੀ ਨਹੀਂ ਹੈ। ਗਉੜੀ ਕੀ ਵਾਰ ਮਹਲਾ ੪ ਦੇ ਪਿੱਛੇ "ਸੁਧੁ" ਅਤੇ ਵਾਰ ਮਹਲਾ ੫ ਦੇ ਅੰਤ ਤੇ "ਸੁਧੁ ਕੀਚੈ" ਬਾਅਦ ਵਿਚ ਵਧਾਇਆ ਗਇਆ ਹੈ।

੫) ਰਾਗੁ ਆਸਾ ਵਿਚ ਮਹਲਾ ੧ ਦੇ ਸ਼ਬਦ "ਸੋ ਦਰੁ" ਦੇ ਮਗਰੋਂ ਮਹਲਾ ੫ ਦਾ ਸ਼ਬਦ "ਸੋ ਪੁਰਖ" ਆਇਆ ਹੈ ਤੇ ਮਗਰੋਂ ਹਨ "ਸੁਣ ਵਡਾ", "ਆਖਾਂ ਜੀਵਾ"

[7]ਉਹੀ, ਪੰਨਾ ੧੨੦.

ਆਦਿ ਵਾਲੇ ਸ਼ਬਦ। ਭਗਤ ਬਾਣੀ ਵਿਚ ਦਰਜ ਮਹਲਾ ੫ ਦੇ ਸ਼ਬਦ "ਗੋਬਿੰਦ ਗੋਬਿੰਦ ਸੰਗਿ ਨਾਮਦੀਉ ਮਨੁ ਲੀਨਾ" ਵਿਚ ਪਾਠ "ਬੁਨਨਾ ਤਨਨਾ" ਠੀਕ ਹੈ।

੬) ਰਾਗੁ ਗੂਜਰੀ ਮਹਲਾ ੫ ਅਸ਼ਟਪਦੀ ਘਰ ੪ ਵਿਚ ਪਾਠ "ਦੇ ਦਰਸਨ" ਆਇਆ ਹੈ; (ਪਤ੍ਰਾ ੨੪੫/ੳ), ਨ "ਦੇਤ" ਹੈ ਤੇ ਨ "ਨੇਤ/ਨੇਤ੍ਰ" ਹੈ। ਭਗਤ ਤ੍ਰਿਲੋਚਨ ਦੇ ਇਸ ਵਿਚ ਦੋ ਹੀ ਸ਼ਬਦ ਹਨ, ਤੀਸਰਾ "ਨਵਨਿਧੀ ਪਰਸੀ ਕਾਹਿ" ਵਾਲਾ ਨਹੀਂ ਹੈ। ਗੂਜਰੀ ਕੀ ਵਾਰ ਮਹਲਾ ੫ ਦੇ ਮਗਰ "ਸੁਧੁ" ਪਿੱਛੋਂ ਲਿਖਿਆ ਹੋਇਆ ਹੈ।

੭) ਰਾਗੁ ਦੇਵ ਗੰਧਾਰੀ ਦੇ ਆਰੰਭ ਵਿਚ "ਮਹਲਾ ੪" ਲਿਖਿਆ ਹੋਇਆ ਹੈ। ਅਗਲੇ ਚਾਰ ਸ਼ਬਦਾਂ ਵਿਚ "ਮਹਲਾ" ਨਾਲ ਅੰਕ ਲਿਖ ਕੇ ਅੰਕ ਨੂੰ ਮੁੜ ਹੜਤਾਲਿਆ ਹੋਇਆ ਹੈ ਤੇ ਨਿਪਟ "ਦੇਵ ਗੰਧਾਰੀ" ਰਹਣ ਦਿੱਤਾ ਹੈ। ਇਸੇ ਤਰ੍ਹਾਂ ਮਹਲਾ ੫ ਦੇ ਪਹਲੇ ਚਉਪਦੇ ਨਾਲ ਤਾਂ ਅੰਕ ਹੈ, ਅਗਲਿਆਂ ਪੰਜਾਂ ਨਾਲ ਨਿਪਟ "ਦੇਵ ਗੰਧਾਰੀ" ਹੈ। ਅਗਲੇ ਸਾਰੇ ਸ਼ਬਦਾਂ ਵਿਚ ਮਹਲਾ ਨਾਲ ਅੰਕ ੫ ਹੈ। ਦੇਵ ਗੰਧਾਰੀ ਦੇ ਮਹਲਾ ੪ ਦੇ ਛੇ ਸ਼ਬਦਾਂ ਮਗਰ "ਛਕਾ ੧" ਲਿਖਿਆ ਹੈ। ਮਹਲਾ ੫ ਦੇ ਪਹਲੇ ਛੇ ਸ਼ਬਦਾਂ ਦੇ ਮਗਰ "ਛਕਾ" ਪਦ ਨਹੀਂ ਆਇਆ ਪਰ ੧੨ਵੇਂ ਤੇ ੧੮ਵੇਂ ਚਉਪਦੇ ਨਾਲ "ਛਕਾ ੨" ਤੇ "ਛਕਾ ੩" ਆਏ ਹਨ।

੮) ਰਾਗੁ ਵਡਹੰਸ ਮਹਲਾ ੧ ਘਰ ੧ ਦੇ ਤੀਜੇ ਚਉਪਦੇ ਦੀ ਅੰਤਲੀ ਕਵੀ-ਛਾਪ ਵਾਲੀ ਗੁਮ ਤੁਕ ਇਸ ਵਿਚ ਨਹੀਂ ਹੈ।

੯) ਰਾਗੁ ਸੋਰਠਿ ਮਹਲਾ ੫ ਘਰ ੧ ਦੇ ਅੰਤ ਤੇ "ਸੰਤ ਜਨਾ ਸਿਉ ਦੂਖਨ ਕਰਤਾ" ਵਾਲਾ ਚਉਪਦਾ ਨਹੀਂ। ਇਸ ਰਾਗੁ ਦੀ ਵਾਰ ਦੀ ਪਉੜੀ ੨੯ਵੀਂ ਦੇ ਦੂਜੇ ਸਲੋਕ ਵਿਚ ਤੁਕ "ਆਪੇ ਦੇਇ ਵਡਿਆਈਆਂ ਆਪੇ ਨਦਰਿ ਕਰੇਇ" ਨਹੀਂ ਹੈ। ਵਾਰ ਦੇ ਪਿੱਛੇ "ਸੁਧੁ" ਹੈ। ਭਗਤ ਕਬੀਰ ਦੇ ਤੀਜੇ ਸ਼ਬਦ ਵਿਚ ਪਾਠ "ਖਲਾਸੇ" ਹੈ। ਕਬੀਰ ਦਾ ਇਕ ਹੋਰ ਸ਼ਬਦ "ਅਉਧੂ ਸੋ ਜੋਗੀ ਗੁਰੁ ਮੇਰਾ" ਇਸ ਵਿਚ ਹੈ, ਪਰ ਰਹਾਉ ਦੀ ਇਕ ਪੰਗਤੀ ਤਕ।

੧੦) ਰਾਗੁ ਰਾਮਕਲੀ ਵਿਚ ਮੁੱਢਲੇ ਲਿਖਾਰੀ ਨੇ "ਰੁਣ ਝੁੰਝਨੜਾ ਗਾਉ" ਦੀਆਂ ਕੇਵਲ ਦੋ ਪਾਲਾਂ ਹੀ ਲਿਖ ਕੇ ਸ਼ਬਦ ਸਮਾਪਤ ਕਰ ਦਿੱਤਾ ਸੀ। ਮਗਰੋਂ ਕਿਸੇ ਨੇ ਵੱਖਰਾ ਕਾਗਜ਼ ਪਾ ਕੇ ਸਾਰਾ ਛੰਤ ਲਿਖਿਆ ਹੋਇਆ ਹੈ। ਰਾਮਕਲੀ ਨੂੰ ਦੱਖਣੀ ਲਿਖਣ ਦੀ ਥਾਂ ਓਅੰਕਾਰ ਨੂੰ ਦੱਖਣੀ ਲਿਖਣ ਦੀ ਭੁੱਲ ਇਸ ਗ੍ਰੰਥ ਨੇ ਵੀ ਕੀਤੀ ਹੋਈ ਹੈ। ਕਬੀਰ ਜੀ ਦੇ ਪੰਜਵੇਂ ਸ਼ਬਦ "ਜਿਹ ਮੁਖ ਬੇਦ ਗਾਇਤ੍ਰੀ ਨਿਕਸੈ" ਦਾ ਚੌਥਾ ਬੰਦ, "ਅਖਰ ਸਾਚੇ ਬੇਦ ਭੀ ਸਾਚਾ" ਵਾਲਾ ਇਸ ਬੀੜ ਵਿਚ ਪ੍ਰਾਪਤ ਨਹੀਂ।

੧੧) ਰਾਗੁ ਮਾਰੂ ਕੀ ਵਾਰ ਮਹਲਾ ੩ ਦਾ ਪਹਲਾ ਸ਼ਲੋਕ ਮਹਲਾ ੧ ਦਾ ਹੈ। ਇਸ ਰਾਗੁ ਵਿਚ ਰਵਿਦਾਸ ਦਾ ਸ਼ਬਦ "ਸੁਖ ਸਾਗਰ ਸੁਰਤਰ ਚਿੰਤਾਮਨਿ" ਦੁਹਰਾਇਆ

ਹੋਇਆ ਹੈ। ਮੀਰਾਬਾਈ ਦਾ ਸ਼ਬਦ "ਮਨ ਹਮਾਰਾ ਬਾਧਿਓ ਮਾਈ" ਹਾਸ਼ੀਏ ਵਿ ਵਿਚ ਕਿਸੇ ਹੋਰ ਹੱਥ ਦਾ ਲਿਖਿਆ ਹੋਇਆ ਹੈ; ਮੂਲ ਲਿਖਾਈ ਦਾ ਲਿਖਿਆ ਨਹੀਂ।

੧੨) ਰਾਗੁ ਬਸੰਤ ਹਿੰਡੋਲ ਵਿਚ "ਬਸਤ੍ਰ ਉਤਾਰਿ ਦਿਗੰਬਰ ਹੋਗ ਚਉਪਦਾ ਮਹਲਾ ੩ ਦਾ ਕਰਕੇ ਆਇਆ ਹੈ (੫੬੨/ਅ); ਤੇ "ਸਾਹਿਬ ਭਾਵੇ ਸੇਵਾ ਕਰੇ" ਦਾ ਇਕਤੁਕਾ ਵੀ ਮਹਲਾ ੩ ਦਾ ਹੈ (੫੬੩/ੳ)। ਇਸ ਰਾਗੁ ਦੇ ਘਰੁ ੨ ਦੇ ਤੀਜੇ ਸ਼ਬਦ (ਰਾਜਾ ਬਾਲਕ ਨਗਰੀ ਕਾਚੀ) ਦਾ ਚੌਥਾ ਬੰਦ ਸੁਣਹਿ ਨ ਖਾਇਆ ਮਾਨਹਿ. . .ਖਿਣ ਤੋਲਾ ਖਿਣ ਮਾਸਾ" ਇਸ ਬੀੜ ਵਿਚ (੫੬੩/ਅ)।

੧੩) ਰਾਗੁ ਸਾਰੰਗ ਵਿਚ ਸੂਰਦਾਸ ਦਾ ਪਦਾ "ਛਾਡਿ ਮਨ ਹਰਿ ਬਿਮੁਖ ਸੰਗੁ" (ਇਕ ਪਾਲ) ਲਿਖ ਕੇ ਹੜਤਾਲ ਫੇਰ ਕੇ ਕਟਿਆ ਹੋਇਆ ਸੀ। ਮਗਰੋਂ ਹਾਸ਼ੀਏ ਵਿਚ ਫਿਰ ਲਿਖ ਦਿੱਤਾ ਹੈ ਅਤੇ ਪੂਰਾ ਲਿਖਿਆ ਹੈ।

੧੪) ਰਾਗੁ ਮਲਾਰ ਮਹਲਾ ੫ ਚਉਪਦੇ ਘਰੁ ੨ ਦੇ ਦੁਪਦਿਆਂ ਦੇ ਇਹ ਸ਼ਬਦ, "ਪ੍ਰਾਨ ਮਾਨੁ ਏਕੋ ਨਾਮ" ਨਹੀਂ ਹੈ।

੧੫) ਰਾਗੁ ਕਾਨੜਾ ਮ: ੫ ਘਰੁ ੩ ਦੇ ੧ ਤੋਂ ੧੧ ਤਕ ਦੇ ਚਉਪਦਿਆਂ ਮਹੱਲੇ ਨਹੀਂ; ਕੇਵਲ ਰਾਗੁ ਦਾ ਨਾਂ ਤੇ ਮਹਲਾ ਅੰਕ ਸਹਿਤ ਲਿਖਿਆ ਹੋਇ "ਛਕਾ" ਪਦ ਜੋੜ ਨਾਲ ਇੱਥੇ ਕਿਧਰੇ ਵੀ ਨਜ਼ਰ ਨਹੀਂ ਆਇਆ।

੧੬) ਸਵੱਯੇ ਮਹਲਾ ੨ ਦੇ ਅੰਤ ਵਿਚ ਪਾਠ "ਕਹੁ ਟਲ ਗੁਰ ਸੇਵੀਏ"

੧੭) ਵਾਰਾਂ ਤੇ ਵਧੀਕ ਸਲੋਕ ਮਹਲਾ ੧ ਦੇ ਤੇਰ੍ਹਵੇਂ ਸਲੋਕ (ਹੈਨਿ ਨਾਹੀ ਘਣੇ ਫੈਲ ਫਕੜੁ ਸੰਸਾਰ) ਦੀ ਦੂਜੀ, ਪੂਰਕ ਤੁਕ, "ਨਾਨਕ ਨਦਰਿ ਪਛਾਣੀ ਕੇ ਸ਼ਬਦ ਵੀਚਾਰ" ਇਸ ਗ੍ਰੰਥ ਵਿਚ ਪ੍ਰਾਪਤ ਹੈ (ਪਤ੍ਰਾ ੮੭੦/ਅ)। ਇਸ ਪੱਖੋਂ ਅਦੁੱਤੀ ਹੈ।

ਸਲੋਕ ਦੀ ਇਹ ਪੂਰਕ ਤੁਕ ਗੁਰੂ ਬਾਬੇ ਨਾਨਕ ਦੀਆਂ ਮਿਹਰਬਾਨ ਦੁਆਰਾ 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' (ਦੋ ਭਾਗ) ਵਿਚ ਵੀ ਪ੍ਰਾਪਤ ਹੈ। ਉ ੧੭੩ਵੀਂ ਗੋਸ਼ਟ, ਜੋ ਅਚਲ ਬਟਾਲੇ ਸਿੱਧਾਂ ਨਾਲ ਚਲਦੀ ਹੈ ਤੇ "ਪੋਥੀ ਹਰਿ ਜੀ" ਹੈ, ਵਿਚ ਸੱਚੇ ਜੋਗੀ ਦੇ ਚਰਿਤ੍ਰ ਨੂੰ ਉਘਾੜਨ ਲਈ ਉੱਧਰਿਤ ਕੀਤੀ ਗਈ ਹੈ।[8] ਇਸ ਜਨਮਸਾਖੀ ਦੀ ਦੂਜੀ ਸੈਂਚੀ ਦੇ ਸੰਪਾਦਕ ਨੇ ਉਪਰੋਕਤ ਸਲੋਕ ਨੂੰ ਗ੍ਰੰਥ ਸਾਹਿਬ ਜੀ ਦਾ ਅਨੁਸਾਰੀ ਬਣਾਉਣ ਲਈ ਇਸ ਠੀਕ ਤੁਕ ਦੀ ਥਾਂ, ਬਿਨਾ

[8]ਦੇਖੋ ਹੱਥ-ਲਿਖਤ ੪੨੭ (ਖਾਲਿਸਾ ਕਾਲਜ, ਅੰਮ੍ਰਿਤਸਰ), ਪਤ੍ਰਾ ੩੪੭/ਅ।

ਕੀਤੇ ਕਿ ਅੱਗੇ ਦਿੱਤੇ ਅਰਥ ਢੁਕਦੇ ਹਨ ਕਿ ਨਹੀਂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਤੁਕ, "ਨਾਨਕ ਲਗੀ ਤੁਰਿ ਪਰੈ, ਜੀਵਨ ਨਾਹੀ ਤਾਣ" ਨਾਲ ਬਦਲ ਦਿੱਤਾ ਹੈ[9], ਜਿਸ ਨਾਲ ਠੀਕ ਪਾਠ ਦੂਸ਼ਿਤ ਹੋ ਗਇਆ ਹੈ। ਹੋਰ ਵਧੇਰੇ ਖੇਦ ਇਹ ਹੈ ਕਿ ਉਸ ਨੇ ਇਸ ਅਦਲਾ ਬਦਲੀ ਬਾਰੇ ਫੁਟਨੋਟ ਤਕ ਨਹੀਂ ਦਿੱਤਾ।

ਖੈਰ, ਇਸ ਤੋਂ ਸਿੱਧ ਹੈ ਕਿ ਡਰੋਲੀ ਵਾਲੀ ਬੀੜ ਦਾ ਪਾਠ ਨ ਕੇਵਲ ਪ੍ਰਮਾਣਿਕ ਤੇ ਸ਼ੁੱਧ ਹੈ, ਸਗੋਂ ਪੁਰਾਣਾ ਵੀ ਹੈ।

[9]ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' (ਮਿਹਰਬਾਨ ਵਾਲੀ), ਸੈਂਚੀ ਦੂਜੀ, ਪੰਨਾ ੭੪.

੨੬. ਪਾਖਰ ਮਲ ਢਿੱਲੋਂ ਵਾਲੀ ਬੀੜ
(ਸੰਮਤੁ ੧੭੪੫)

ਇਹ ਅਮੋਲਕ ਬੀੜ ਵੀ ਜੂਨ ੧੯੮੪ ਵਿਚ ਸ੍ਰੀ ਹਰਿਮੰਦਿਰ ਸਾਹਿਬ ਵਿਰੁਧ ਕੀਤੀ ਗਈ ਫ਼ੌਜੀ ਕਾਰਵਾਈ ਸਮੇਂ ਸਦਾ ਲਈ ਸਾਡੇ ਹੱਥੋਂ ਨਿਕਲ ਗਈ ਹੈ। ਇਸ ਦਾ ਭਰਪੂਰ ਉੱਲੇਖ ਗੁਰਦੁਆਰਾ ਇਨਸਪੈੱਕਟਰ ਭਾਈ ਰਣਧੀਰ ਸਿੰਘ ਦੇ ਕਾਗ਼ਜ਼ਾਂ ਵਿਚ ਮਿਲਦਾ ਹੈ। ਕੁਝ ਸੂਚਨਾ ਸ੍ਵਾਮੀ ਹਰਨਾਮ ਦਾਸ ਤੇ ਪ੍ਰਿੰਸੀਪਲ ਹਰਿਭਜਨ ਸਿੰਘ ਨੇ ਵੀ ਆਪਣੀਆਂ ਲਿਖਤਾਂ ਵਿਚ ਦਿੱਤੀ ਹੈ। ਅਸੀਂ ਆਪਣੇ ਇਸ ਲੇਖ ਲਈ ਉਨ੍ਹਾਂ ਦੇ ਹੀ ਰਿਣੀ ਹਾਂ।

ਲਿਖਣ ਸੰਮਤੁ ਤੇ ਲਿਖਾਰੀ : ਸਵਰਗਵਾਸੀ ਭਾਈ ਰਣਧੀਰ ਸਿੰਘ ਦਸਦੇ ਹਨ ਕਿ ਇਹ ਪ੍ਰਾਚੀਨ ਸੰਚਾ ਗੁਰਦੁਆਰਾ ਸਾਹਿਬ ਤਰਨ ਤਾਰਨ ਦੇ ਕਿਸੇ ਭੂਤਪੂਰਵ ਪੁਜਾਰੀ, ਭਾਈ ਗੁਰਬਖਸ਼ ਸਿੰਘ, ਪਾਸੋਂ ਸਿਖ ਹਿਸਟਰੀ ਸੋਸਾਇਟੀ ਨੇ ਮੂੰਹ ਮੰਗੀ ਭੇਟਾ ਦੇ ਕੇ ਪ੍ਰਾਪਤ ਕੀਤਾ ਸੀ। ਇਹ ਇਸ ਗੁਰਦੁਆਰੇ ਦੇ ਪਹਲੇ ਮਹੰਤ ਨੇ ਮੁੱਢ ਕਦੀਮ ਵਿਚ ਲਿਖਵਾਇਆ ਸੀ ਤੇ ਪੀੜ੍ਹੀ ਦਰ ਪੀੜ੍ਹੀ ਉਨ੍ਹਾਂ ਪਾਸ ਚਲਿਆ ਆਉਂਦਾ ਸੀ।[1] ਇਸ ਦਾ ਲਿਖਾਰੀ ਪਾਖਰ ਮਲ ਢਿੱਲੋਂ ਸੀ ਤੇ ਇਹ ਸੰਮਤੁ ੧੭੪੫ ਵਿਚ ਸੰਪੂਰਣ ਹੋਇਆ ਜਿਵੇਂ ਕਿ ਗ੍ਰੰਥ ਦੇ ਅਖੀਰ ਤੇ ਲਿਖਿਆ ਹੋਇਆ ਸੀ :—

> ੧ੳ ਸੰਮਤੁ ੧੭੪੫ ਮਾਂਘ ਸੁਦੀ (?)[2] ਗ੍ਰੰਥ ਜੀ ਲਿਖਿਆ ਪੂਰਨ ਹੋਆ ਲਿਖਾਰੀ ਪਾਖਰ ਮਲ ਢਿੱਲੋਂ ਵਾਸੀ ਖਾਰਾ ਚੰਭਲਾ (ਝਬਾਲ ?) ਪੋਤ੍ਰਾ ਚੌਧਰੀ ਲੰਗਾਹ ਕਾ ॥ ਵਾਹਿਗੁਰੂ ॥

ਸ੍ਵਾਮੀ ਹਰਨਾਮ ਦਾਸ ਦੀ ਪਾਈ ਦੱਸ ਅਨੁਸਾਰ ਇਹ ਸੰਮਤੁ ਕਿਸੇ ਹੋਰ ਦੇ ਹੱਥ ਦਾ ਲਿਖਿਆ ਹੋਇਆ, ਕਾਗਜ਼ ਦੇ ਪੁਰਾਣੇ ਪਤ੍ਰਿਆਂ ਉੱਤੇ ਸੀ।

ਗ੍ਰੰਥ ਦੀ ਰੂਪ-ਰੇਖਾ ਤੇ ਬਾਣੀ : ਗ੍ਰੰਥ ਦੇ ਪਹਲੇ ੨੭ ਪਤ੍ਰੇ ਤਿੰਨ ਤਤਕਰਿਆਂ ਨੇ ਮੱਲੇ ਹੋਏ ਸਨ। ਪਤ੍ਰਿਆਂ ਦੇ ਅੰਕ ਹਰੇਕ ਪਤ੍ਰੇ ਦੀ ਹਾਲਤ ਵਿਚ ਸੱਜੇ ਹੱਥ ਵਾਲੇ ਪੰਨੇ ਉੱਤੇ ਦਿੱਤਾ ਹੋਇਆ ਸੀ। ਕੁੱਲ ਪਤ੍ਰੇ ੬੬੪ ਸਨ। ਗ੍ਰੰਥ ਪਹਲਾਂ ਪਤ੍ਰਾ ੬੬੪ ਦੇ ਮਗਰਲੇ ਪਾਸੇ ਮੁਕਦਾ ਸੀ। ਨੌਵੇਂ ਮਹਲੁ ਦੇ ਸ਼ਬਦ ਕਿਸੇ ਨੇ ਮਗਰੋਂ ਪਤ੍ਰਾ ੬੬੫

[1]ਇਹ ਸਾਰੀ ਕਹਾਣੀ ਪ੍ਰਿੰਸੀਪਲ ਹਰਿਭਜਨ ਸਿੰਘ ਨੇ ਵੀ ਆਪਣੀ ਪੁਸਤਕ 'ਗੁਰਬਾਣੀ ਸੰਪਾਦਨ ਨਿਰਣੈ' ਦੇ ਪੰਨਾ ੧੨੪-੨੫ ਤੇ ਦਿੱਤੀ ਹੈ।

[2]ਇੱਥੇ ਕਾਗਜ਼ ਫਟਿਆ ਹੋਇਆ ਸੀ।

ਤੋਂ ਸ਼ੁਰੂ ਕਰਕੇ ੬੬੯ ਤਕ ਪਾਏ ਸਨ ਤੇ ਇਹ ਚਿੱਟੇ ਕਾਗਜ਼ ਉੱਤੇ ਸਨ। ਮਗਰੋਂ ਚੜ੍ਹਾਏ ਇਨ੍ਹਾਂ ਸ਼ਬਦਾਂ ਦਾ ਜ਼ਿਕਰ ਤਤਕਰੇ ਵਿਚ ਨਹੀਂ ਸੀ। ਸਲੋਕ ਸਹਸਕ੍ਰਿਤੀ ਮਹਲਾ ੧ ਤੇ ੨ ਇਸ ਵਿਚ ਨਹੀਂ ਸਨ। ਭੋਗ ਇਸ ਦਾ ਸਲੋਕ ਵਾਰਾਂ ਤੇ ਵਧੀਕ ਤੋਂ ਹੁੰਦਾ ਹੋਇਆ ਮੁੰਦਾਵਣੀ ਤੇ ਸਾਥੀ ਸਲੋਕ "ਤੇਰਾ ਕੀਤਾ ਜਾਤੋ ਨਾਹੀ" ਤੇ ਪੈਂਦਾ ਸੀ। ਫਾਲਤੂ ਬਾਣੀ (ਸਲੋਕ "ਜਿਤ ਦਰੁ ਲਖ ਮੁਹੰਮਦਾ", "ਬਾਇ ਆਤਿਸ਼ ਆਬ", ਰਤਨਮਾਲਾ, ਰਾਗੁਮਾਲਾ,) ਆਦਿ ਇਸ ਵਿਚ ਨਹੀਂ ਸੀ। ਪਤ੍ਰਾ ੬੪੫ ਤੋਂ ੬੫੫ ਤਕ ਗੁੰਮ ਸਨ। ਕਬੀਰ ਤੇ ਫ਼ਰੀਦ ਜੀ ਦੇ ਸਲੋਕ ਇਨ੍ਹਾਂ ਉੱਤੇ ਹੀ ਹੋਣੇ ਹਨ, ਕਿਉਂਜੋ ਉਹ ਬੀੜ ਵਿਚ ਪ੍ਰਾਪਤ ਨਹੀਂ ਸਨ।

ਹੋਰ ਵਿਸ਼ੇਸ਼ ਗੱਲਾਂ ਇਹ ਸਨ :

੧. **ਜਪੁ** ਸ੍ਰੀ ਗੁਰੂ ਰਾਮਦਾਸ ਜੀਉ ਕਿਆ ਦਸਖਤਾ ਕਾ ਨਕਲ" ਲਿਖਿਆ ਹੋਇਆ ਸੀ, ਜਿਸ ਤੋਂ ਇਸ ਦੇ ਕਿਸੇ ਮੂਲ-ਲਿਖਤ ਤੋਂ ਸਿੱਧੀ ਨਕਲ ਕੀਤੀ ਗਈ ਹੋਣ ਦੀ ਟੋਹ ਮਿਲਦੀ ਸੀ।

੨. **ਸੋ ਪੁਰਖੁ** ਵਾਲੇ ਚਾਰ ਸ਼ਬਦ ਰਹਰਾਸਿ ਨਾਲ ਸੰਮਿਲਤ ਸਨ।

੩. **ਸਿਰੀ ਰਾਗੁ** ਤੋਂ ਲੈ ਕੇ ਸਾਰੇ ਰਾਗੁ ਪੂਰਾ ਮੂਲਮੰਤ੍ਰ ਲਿਖ ਕੇ ਸ਼ੁਰੂ ਕੀਤੇ ਹੋਏ ਸਨ। ਇਸ ਰਾਗੁ ਵਿਚ ਮ: ੫ ਘਰੁ ੧ ਦੇ ਤਿੰਨ ਸ਼ਬਦ ("ਸੰਤ ਜਨਾ ਮਿਲਿ", "ਗੁਰੁ ਪਰਮੇਸਰੁ ਪੂਜੀਐ" ਤੇ "ਸੰਤ ਜਨਹੁ ਸੁਣਿ"), ਉਪਰ ਘਰੁ ੧ ਵਿਚ ਲਿਜਾ ਕੇ ਬਾ-ਮਿਸਲ ਕੀਤੇ ਹੋਏ ਸਨ। ਇਸ ਰਾਗੁ ਦਾ ਮ: ੧ ਘਰੁ ੩ ਦਾ ਚਉਬੋਲਾ (ਜੋਗੀ ਅੰਦਰ ਜੋਗੀਆ) ਪੂਰੇ ਮੰਗਲ ਨਾਲ ਸ਼ੁਰੂ ਹੁੰਦਾ ਸੀ (ਪੱਤੀ ੨੮/੨); ਭਾਵ ਇਹ ਕਿ ਅਸਟਪਦੀਆਂ ਤੋਂ ਵੱਖਰਾ ਰਖਿਆ ਹੋਇਆ ਸੀ। ਇਸੇ ਤਰ੍ਹਾਂ ਮਹਲਾ ੫ ਦਾ ਇਕੀਸਾ (ਪੈ ਪਾਇ ਮਨਾਈ) ਛੋਟਾ ਮੰਗਲ ਪਾ ਕੇ ਲਿਖਿਆ ਹੋਇਆ ਸੀ। ਇੰਞ ਇਸ ਨੂੰ ਵੀ ਅਸਟਪਦੀਆਂ ਤੋਂ ਨਿਖੇੜਿਆ ਗਇਆ ਸੀ। ਇਸ ਰਾਗੁ ਵਿਚ ਹਰੇਕ ਭਗਤ ਦੀ ਬਾਣੀ ਮੰਗਲ ਦੇ ਬਗੈਰ, ਸਿਰਲੇਖ ਪਾ ਕੇ ਲਿਖੀ ਹੋਈ ਸੀ ਪਰ ਬੇਣੀ ਜੀ ਦੇ ਸ਼ਬਦ ਨਾਲ ਸਿਰਲੇਖ ਅਗਾਂਹ ਵਧਾ ਕੇ ਹਾਸ਼ੀਏ ਉਪਰ ਮੰਗਲ ਨਾਲ ਲਿਖਿਆ ਹੋਇਆ ਸੀ।

੪. **ਦੇਵਗੰਧਾਰੀ** ਦੇ ਹਰ ਸ਼ਬਦ ਨਾਲ ਸੰਬੰਧਿਤ ਮਹਲਾ (੪ ਜਾਂ ੫) ਲਿਖਿਆ ਹੋਇਆ ਸੀ, ਪਰ ਕੇਵਲ ੧੦ਵੇਂ ਸ਼ਬਦ ਤਕ।

੫. **ਸੋਰਠਿ** ਦੀ ਵਾਰ ਦੀ ੨੯ਵੀਂ ਪਉੜੀ ਦੇ ਦੂਜੇ ਸਲੋਕ ਦੀ ਇਕ ਪੰਗਤੀ (ਆਪੇ ਦੇ ਵਡਿਆਈਆਂ ਆਪੇ ਨਦਰ ਕਰੇਇ) ਹੜਤਾਲ ਫੇਰ ਕੇ ਕੱਟੀ ਹੋਈ ਸੀ। ਇਸ ਰਾਗੁ ਦੇ ਕਬੀਰ ਜੀ ਦੇ ਤੀਜੇ ਸ਼ਬਦ ਵਿਚ ਪਾਠ "ਖਲਾਸੇ" ਸੀ, ਪਰ ਮਗਰੋਂ "ਖਾਲਸੇ" ਬਣਾਇਆ ਹੋਇਆ ਸੀ।

੬. **ਰਾਮਕਲੀ** ਵਿਚ ਮਹਲਾ ੫ ਦਾ ਛੰਤ "ਰੁਣ ਝੁੰਝਨੜਾ ਗਾਉ ਸਖੀ" ਦ ਨਹੀਂ ਸੀ।

੭. **ਮਾਰੂ** ਕਬੀਰ ਜੀ ਦੇ ਸਾਰੇ ਸਬਦ ਤੇ ਸ਼ਲੋਕ ਇਕੱਠੇ ਟਿਕਾਣੇ ਸਿਰ ਦਰ ਸਨ (ਪੱਤੀ ੫੧੯)। ਰਵਿਦਾਸ ਜੀ ਦਾ ਰਾਗੁ ਸੋਰਠਿ ਵਾਲਾ ਸ਼ਬਦ "ਸੁਖ ਸਾਗਰ ਸੁਰ ਚਿੰਤਾਮਨਿ" ਇਸ ਰਾਗੁ ਵਿਚ ਦੁਹਰਾਇਆ ਹੋਇਆ ਨਹੀਂ ਸੀ। ਮੀਰਾਬਾਈ ਦਾ ਸ਼ਬ ਵੀ ਇਸ ਵਿਚ ਦਰਜ ਨਹੀਂ ਸੀ।

੮. **ਭੈਰਉ** ਵਿਚ ਨਾਮਦੇਵ ਤੇ ਰਾਗੁ ਬਸੰਤ ਵਿਚ ਕਬੀਰ ਜੀ ਦੇ ਸ਼ਬਦ ਬੇ-ਮਿ. ਨਹੀਂ ਸਨ।

੯. **ਸਾਰੰਗ** ਵਿਚ ਸ਼ਬਦ "ਹਰਿ ਕੇ ਸੰਗ ਬਸੇ ਹਰਿ ਲੋਕ" ਛੋਟਾ ਮੰਗਲ ਪ "ਸਾਰੰਗ ਮਹਲਾ ੫ ਸੂਰਦਾਸ" ਦਾ ਸਿਰਲੇਖ ਦੇ ਕੇ ਲਿਖਿਆ ਹੋਇਆ ਸੀ। ਇਹ ਸ ਸੂਰਦਾਸ ਦਾ ਸੀ। ਪਹਲੇ ਸੂਰਦਾਸ ਦੇ ਸ਼ਬਦ ਦੀ ਕੇਵਲ ਇਕ ਤੁਕ "ਛਾਡਿ ਮਨ ਬਿਮੁਖਨ ਕੋ ਸੰਗੁ" ਮੰਗਲ ਤੋਂ ਪਹਲਾਂ ਕਿਸੇ ਹੋਰ ਲਿਖਾਰੀ ਦੀ ਲਿਖੀ ਹੋਈ ਸੀ।

੨੭. ਬੀੜ ਐਮ-ਐਸ. ੧੧੯੯
(ਸੰਮਤੁ ੧੭੪੮)

ਇਹ ਬੀੜ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਦੀ ਲਾਇਬ੍ਰੇਰੀ ਵਿਚ ਐਮ-ਐਸ. ਨੰਬਰ ੧੧੯੯ ਉੱਤੇ ਸੁਰੱਖਿਅਤ ਹੈ। ਠੀਕ ਪੁਰਾਣੀ ਤੇ ਬੜੀ ਸੁਥਰੀ ਬੀੜ ਹੈ। ਇਹ ਕਿਤਾਬੀ ਸ਼ਕਲ ਦੀ ਹੈ। ਜਿਲਦ ਮੁੱਢਲੀ ਕਾਇਮ ਹੈ।

ਲਿਖਣ-ਸੰਮਤੁ : ਲਿਖਣ-ਸੰਮਤੁ ਇਸ ਦਾ ੧੭੪੮ ਬਿ. ਤੇ ਮਿਤੀ ਕਤਕ ਵਦੀ ਏਕਮ ਹੈ ਤੇ ਇਹ "ਪੋਥੀ ਲਿਖਿ ਪਹੁੰਚੇ" ਦੇ ਪ੍ਰਸਿੱਧ ਸੂਤ੍ਰ ਨਾਲ ਸ਼ੁਰੂ ਹੁੰਦੀ ਹੈ। ਸੰਮਤੁ ਸੂਚੀਪਤ੍ਰ ਤਥਾ ਤਤਕਰਾ ਰਾਗਾਂ ਕਾ ਵਿਚ, "ਜੋਤੀ ਜੋਤਿ ਸਮਾਵਣ" ਦੀ ਪ੍ਰਤੀਕ ਦੇ ਪਿੱਛੇ ਦਿੱਤਾ ਹੋਇਆ ਹੈ, ਤਤਕਰੇ ਵਿਚ "ਗੁਰੂ ਜੀਉ ਕੇ ਦਸਤਖਤ ਮਹਲਾ" ਵੀ ਲਿਖਿਆ ਹੋਇਆ ਹੈ। ਪਰ ਮਹੱਲੇ ਨਾਲ ਅੰਕ ਨਹੀਂ। ਮੂਲਾਧਾਰ ਗ੍ਰੰਥ ਵਿਚ ਇਹ ਸੂਚਨਾ ਹੋਵੇਗੀ, ਜਿਥੋਂ ਤਤਕਰਾ ਨਕਲ ਕਰਦਿਆਂ ਇਹ ਪ੍ਰਤੀਕ ਵੀ ਦਰਜ ਕਰ ਲਈ ਗਈ।

ਤਤਕਰੇ : ਗ੍ਰੰਥ ਦੇ ਤਤਕਰੇ ਪੰਨਾ ੪੬ ਤਕ ਫੈਲੇ ਹੋਏ ਹਨ। ਤਤਕਰੇ ਦੇ ਕਾਲਮਾਂ ਉਪਰ ਸੰਬੰਧਿਤ ਰਾਗਾਂ ਦੇ ਨਾਂ ਦਿੱਤੇ ਹੋਏ ਹਨ, ਜਿਵੇਂ ਕਿ ਡਿਕਸ਼ਨਰੀਆਂ ਵਿਚ ਹੁੰਦਾ ਹੈ। ਲਿਖਾਰੀ ਚੰਗਾ ਸੂਝਵਾਨ ਲਗਦਾ ਹੈ। ਪਤ੍ਰਾ ੪੭/ੳ ਉਪਰ ਜੋਤੀ ਜੋਤਿ ਸਮਾਵਣੇ ਕੇ ਚਲਿਤ੍ਰ ਹਨ। ਅੰਕ ਮਗਰਲੇ ਪਾਸੇ ਲੱਗਾ ਹੋਇਆ ਹੈ। ਬਾਣੀ ਨੂੰ ਵੱਖਰਾ ਅੰਕ ਦੇ ਕੇ ਸ਼ੁਰੂ ਨਹੀਂ ਕੀਤਾ; ਇਹੀ ਅੰਕ-ਲੜੀ ਅੱਗੇ ਵੀ ਚਲਦੀ ਹੈ।

ਅੰਕਣ-ਵਿਧੀ : ਅੰਕ ਖੁੱਲ੍ਹੇ ਗ੍ਰੰਥ ਦੇ ਖੱਬੇ ਪਾਸੇ ਵਾਲੇ ਪਤ੍ਰੇ ਤੇ ਲਗੇ ਹੋਏ ਹਨ ਤੇ ਅੰਕ ਲਾਉਣ ਦੀ ਵਿਧੀ ਵਿਗਿਆਨਕ ਹੈ, ਅਰਥਾਤ ਇਕ ਹੀ ਪਤ੍ਰੇ ਦੇ ਸਿੱਧੇ ਪੁੱਠੇ ਪਾਸਿਆਂ ਨੂੰ ਲੈ ਕੇ ਪਤ੍ਰਾ ਬਣਦਾ ਤਸੱਵੁਰ ਕੀਤਾ ਹੈ।

ਚਲਿਤ੍ਰ ਸਮਾਵਣ ਕੇ : ਚਲਿਤ੍ਰ ਜੋਤੀ ਜੋਤਿ ਸਮਾਵਣ ਕੇ ਗੁਰੂ ਤੇਗ ਬਹਾਦੁਰ ਦੇ ਸਮਾਵਣ ਦੀ ਮਿਤੀ ਨਾਲ ਮੁਕਦੇ ਹਨ। ਛੇਵੇਂ ਪਾਤਸ਼ਾਹ ਦੇ ਚਲਾਣੇ ਦਾ ਬਿਓਰਾ "ਪੰਜ ਦਿਨ ਸਾਂਗ ਹੋਆ" ਵਾਲਾ ਹੈ।

ਬਾਣੀ ਦਾ ਬਿਓਰਾ : ਜਪੁ ਨੂੰ ਤਤਕਰੇ ਵਿਚ ਗੁਰੂ ਰਾਮਦਾਸ ਦੇ ਦਸਤਖ਼ਤ ਵਾਲੇ ਜਪੁ ਤੋਂ ਚੌਥੇ ਥਾਵੇਂ ਨਕਲ ਹੋਆ ਦੱਸਿਆ ਹੈ। ਇਸ ਵਿਚ ਕੁਝ ਸ਼ਬਦਾਂ ਦੇ ਜੋੜ ਇਸ ਤਰ੍ਹਾਂ ਹਨ : ਮੂਹੋਂ, ਧੌਲ ਤੇ ਕੌਣ, ਰਖੀਸਰ, ਜੀਭੋਂ।

ਜਪੁ ਦੇ ਮਗਰੋਂ ਸੋ ਦਰੁ (ਪੰਜ ਸ਼ਬਦ) ਤੇ ਸੋਹਿਲਾ ਹੈ। "ਸੋ ਪੁਰਖੁ" ਵਾਲੇ ਚਾਰ ਸ਼ਬਦ ਇਸ ਵਿਚ ਨਹੀਂ ਹਨ। ਨੌਵੇਂ ਮਹਲ ਦੀ ਬਾਣੀ ਇਸ ਵਿਚ ਚੜ੍ਹੀ ਹੋਈ ਹੈ। ਰਾਗ ਜੈਜਾਵੰਤੀ ਰਾਗੁ ਗਉੜੀ ਦੇ ਮਗਰ ਦਰਜ ਹੈ।

ਗ੍ਰੰਥ ਵਿਚ "ਸਲੋਕ ਵਾਰਾਂ ਤੇ ਵਧੀਕ" ਅੰਤ ਉੱਤੇ ਹਨ। ਇਨ੍ਹਾਂ ਦੀ ਸੰਖਿਆ ਇਸ ਤਰ੍ਹਾਂ ਹੈ : ਮਹਲਾ ੧, ੩੩; ਮ: ੩, ੬੮; ਮ: ੪, ੩੦; ਮਹਲਾ ੫, ੨੨; ਮੁੰਦਾਵਣੀ ਤੇ ਸਲੋਕ "ਤੇਰਾ ਕੀਤਾ ਜਾਤੋ ਨਾਹੀ" ਇਨ੍ਹਾਂ ਦੇ ਮਗਰ ਹਨ। ਸਲੋਕ ਮਹਲਾ ੯ ਅੰਤ 'ਤੇ ਦਰਜ ਹਨ। ਅੱਗੇ ਫਾਲਤੂ ਬਾਣੀ "ਜਿਤੁ ਦਰੁ", "ਬਾਇ ਆਤਿਸ਼ ਆਬ", "ਰਤਨਮਾਲਾ", "ਹਕੀਕਤ ਰਾਹ ਮੁਕਾਮ", ਰਾਗਮਾਲਾ ਤੇ ਸਿਆਹੀ ਕੀ ਬਿਧਿ, ਹੈ। ਤੇ ਇਸ ਨਾਲ ਇਸ ਗ੍ਰੰਥ ਦੀ ਸਮਾਪਤੀ ਹੋ ਜਾਂਦੀ ਹੈ।

ਹੋਰ ਵਿਸ਼ੇਸ਼ਤਾਵਾਂ : ਵਰਣਨਯੋਗ ਕੁਝ ਹੋਰ ਗੱਲਾਂ ਇਹ ਹਨ :

੧. ਮੰਗਲਾਂ ਨੂੰ ਸਿਰਲੇਖਾਂ ਤੋਂ ਬਾਅਦ ਰੱਖਣ ਵਿਚ ਇਸ ਬੀੜ ਦਾ ਲਿਖਾਰੀ ਕਈ ਥਾਵਾਂ ਤੋਂ ਉਕ ਗਇਆ ਹੈ। ਉਸ ਪਹਲੇ ਰਾਗੁ ਨੂੰ ਇੰਞ ਸ਼ੁਰੂ ਕੀਤਾ ਹੈ :

ਰਾਗੁ ਸਿਰੀ ਰਾਗੁ ਮਹਲਾ ਪਹਲਾ ੧ ॥ਘਰੁ ੧॥ ੧ਓ ਸਤਿਗੁਰ ਪ੍ਰਸਾਦਿ ॥

ਇਹ ਢੰਗ ਦੋਸ਼ਯੁਕਤ ਹੈ; ਮੰਗਲ ਸਿਰਲੇਖ ਦੇ ਉਪਰ ਕਰਕੇ ਲਿਖਣਾ ਚਾਹੀਦਾ ਸੀ, ਜਿਵੇਂ ਕਈ ਥਾਵਾਂ ਤੇ ਲਿਖਿਆ ਵੀ ਹੈ।

੨. ਰਾਗੁ ਉਸ ਆਮ ਤੌਰ ਤੇ ਮੂਲਮੰਤ੍ਰ ਨਾਲ ਸ਼ੁਰੂ ਕੀਤੇ ਹਨ; ਪਰੰਤੂ ਰਾਗੁ ਸਿਰੀ ਰਾਗੁ, ਜੈਤਸਰੀ, ਬੈਰਾੜੀ ਤੇ ਕੇਦਾਰਾ ਛੋਟੇ ਮੰਗਲ ਨਾਲ ਆਰੰਭ ਹੁੰਦੇ ਹਨ। ਇੱਥੇ ਉਹ ਕਰਤਾਰਪੁਰੀ ਬੀੜ ਦਾ ਅਨੁਸਰਨ ਕਰਦਾ ਲਗਦਾ ਹੈ। ਤੁਖਾਰੀ ਦੇ ਮੁੱਢ ਵਿਚ ਵੀ ਪਹਲਾਂ ਮੰਗਲ ਹੀ ਸੀ, ਮਗਰੋਂ ਹੜਤਾਲ ਫੇਰ ਕੇ ਪੂਰਾ ਮੂਲਮੰਤ੍ਰ ਲਿਖਿਆ ਹੋਇਆ ਹੈ।

੩. ਗਉੜੀ "ਵਾਰ" ਕਬੀਰ ਜੀਉ ਕੇ ਦੇ ਮੁੱਢ ਵਿਚ "ਧਰ ਅੰਬਰ ਵਿਚ ਬੇਲੜੀ" ਵਾਲਾ ਸਲੋਕ ਨਹੀਂ ਹੈ।

੪. ਜੁਮਲੇ ਬਾਣੀ ਰਚੈਤਿਆਂ ਦੇ ਨਾਵਾਂ ਨਾਲ ਵੇਰਵੇ ਸਹਿਤ ਦਿੱਤੇ ਹੋਏ ਹਨ।

੫. ਗੂਜਰੀ ਮਹਲਾ ੫ ਘਰੁ ੩ ਦੀ ਅੰਤਲੀ ਅਸ਼ਟਪਦੀ (ਨਾਥ ਨਰਹਰ ਦੀਨ) ਦੀ ਅੰਤਲੀ ਤੁਕ ਵਿਚ ਪਾਠ "ਦੇਤ ਦਰਸਨੁ ਸ੍ਰਵਨਿ [illegible] ਨਾਨਕ ਜਾਈ" ਹੈ।

੬. ਸੋਰਠਿ ਵਿਚ ਕਬੀਰ ਜੀ ਦਾ ਸ਼ਬਦ "ਅਉਧੂ ਸੋ ਜੋਗੀ ਗੁਰ ਮੇਰਾ" ਦੀ ਕੇਵਲ ਇਕ ਪੰਗਤੀ ਲਿਖੀ ਹੋਈ ਹੈ।

੭. ਰਾਮਕਲੀ ਵਿਚ ਪੰਚਮ ਪਾਤਸ਼ਾਹ ਦਾ ਕਥਿਤ ਛੰਤ "ਰੁਣ ਝੁੰਝਨੜਾ ਗਾਉ ਸਖੀ" ਪੂਰਾ ਪ੍ਰਾਪਤ ਹੈ।

੮. ਭੈਰਉ ਵਿਚ ਕਬੀਰ ਜੀ ਦੀ ਤਖ਼ਤੀ ਵਿਚ ਦਿੱਤਾ ਇਹ ਸ਼ਬਦ "ਵਰਤ ਨ ਰਹਉ ਨ ਮਹ ਰਮਦਾਨਾ" ਮਹਲਾ ੫ ਦਾ ਕਰਕੇ ਹੀ ਲਿਖਿਆ ਹੈ।

੯. ਬਸੰਤ ਵਿਚਲਾ ਚਉਪਦਾ "ਬਸਤ੍ਰ ਉਤਾਰਿ ਦਿਗੰਬਰ ਹੋਗ" ਮਹਲਾ ੩ ਦਾ ਲਿਖਿਆ ਹੈ। ਇਕਤੁਕਾ "ਸਾਹਿਬ ਭਾਵੈ ਸੇਵਕ ਸੇਵਾ ਕਰੇ" ਮਹਲਾ ੩ ਦਾ ਲਿਖਿਆ ਹੋਇਆ ਸੀ, /੩/ ਨੂੰ ਭੰਨ ਕੇ /੧/ ਬਣਾਇਆ ਹੋਇਆ ਹੈ।

੧੦. ਮਾਰੂ ਵਿਚ ਮੀਰਾਬਾਈ ਦਾ ਸ਼ਬਦ (ਮਨ ਹਮਾਰਾ ਬਾਧਿਓ ਮਾਈ) ਹੈ।

→ ੧੧. ਸਾਰੰਗ ਵਿਚ ਸੂਰਦਾਸ ਦਾ ਸ਼ਬਦ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ" ਦੀ ਇਕ ਤੁਕ ਲਿਖੀ ਹੋਈ ਹੈ। ਦੂਸਰਾ ਸ਼ਬਦ "ਹਰਿ ਕੇ ਸੰਗ ਬਸੈ ਹਰਿ ਲੋਕ" ਪੂਰਾ ਹੈ।

→ ੧੨. ਕਲ ਭੱਟ ਦੇ ਦੂਜੇ ਮਹਲੇ ਦੇ ਅੰਤਲੇ ਸਵੱਯੇ ਵਿਚ ਪਾਠ "ਸੋ ਕਹੁ ਟਲ" ਸੀ, /ਟ/ ਨੂੰ ਭੰਨ ਕੇ /ਕ/ ਕੀਤਾ ਹੋਇਆ ਹੈ।

੧੩. ਸ਼ਬਦਾਂ ਦੇ ਅੰਤ 'ਤੇ ਉਨ੍ਹਾਂ ਦੇ ਜੋੜ ਜੁਮਲਿਆਂ ਸਹਿਤ ਦਰਜ ਹਨ।

੨੮. ਭਾਈ ਰਾਮ ਰਾਇ ਲਿਖਿਤ ਬੀੜ
(ਸੰਮਤੁ ੧੭੪੯)

ਇਸ ਬੀੜ ਬਾਰੇ ਸੂਚਨਾ ਲਈ ਅਸੀਂ ਸਵਰਗਵਾਸੀ ਭਾਈ ਰਣਧੀਰ ਸਿੰ
ਹਾਂ। ਉਹ ਇਸ ਨੂੰ ਭਾਈ ਗੁਰਦਾਸ ਲਿਖਿਤ ਆਦਿ ਬੀੜ ਦੀ ਅਣਹੋਂਦ ਵਿਚ
ਜਾਣ ਦੇ ਯੋਗ ਸਮਝਦੇ ਸਨ। ਉਨ੍ਹਾਂ ਇਸ ਨੂੰ ਸ੍ਰੀ ਹਰਿਮੰਦਰ ਸਾਹਿਬ, ਤਖ
ਸਾਹਿਬ, ਦੇ ਤੋਸ਼ੇਖਾਨੇ ਵਿਚ ਦਰਸਿਆ ਪਰਸਿਆ ਸੀ। ਸਾਨੂੰ ਇਸ ਦੇ ਦਰਸ਼ਨ
ਸੁਭਾਗ ਪ੍ਰਾਪਤ ਨਹੀਂ ਹੋਇਆ। ਜੇ ਕਿਸੇ ਸਵਾਰਥੀ ਦੇ ਹੱਥ ਨਹੀਂ ਚੜ੍ਹ
ਬੀੜ ਹੁਣ ਵੀ ਉਥੇ ਸੁਰੱਖਿਅਤ ਹੋਣੀ ਚਾਹੀਦੀ ਹੈ।

ਗ੍ਰੰਥ ਦੀ ਆਕ੍ਰਿਤੀ : ਭਾਈ ਰਣਧੀਰ ਸਿੰਘ ਲਿਖਦੇ ਹਨ ਕਿ—

(ੳ) ਗ੍ਰੰਥ ਦੇ ਪਹਲੇ ਪਤ੍ਰੇ ਦੇ ਦੋ ਕਾਲਮਾਂ ਅਥਵਾ ਪੱਟੀਆਂ ਵਿੱਚੋਂ
ਵਿਚ "ਬੰਧੇਜ ਵਾਰਾਂ ਕਾ" ਦਿੱਤਾ ਹੋਇਆ ਹੈ ਤੇ ਉਸ ਦੇ ਸਾਮ੍ਹਣੇ ਵਾਲੀ ਦੂਜੀ
ਗ੍ਰੰਥ ਲਿਖੇ ਜਾਣ ਦਾ ਸੰਮਤੁ ਇੰਞ ਦਰਜ ਹੈ :

ਸੰਮਤ ੧੭੪੯ ਗ੍ਰੰਥ ਲਿਖਿਆ

(ਅ) ਇਸੇ ਪਹਲੇ ਪਤ੍ਰੇ ਦੇ ਮਗਰਲੇ ਪਾਸੇ "ਸੂਚੀਪਤ੍ਰ ਪੋਥੀ ਕਾ ਤ
ਕਾ" ਹੈ।

(ੲ) ਰਾਗੁ-ਬਧ ਬਾਣੀ ਦੇ ਸਮਾਪਤ ਹੋ ਜਾਣ ਤੇ ਭੋਗ ਦੀਆਂ ਬਾਣੀਅ
ਹਨ। ਗ੍ਰੰਥ ਦੀ ਸਮਾਪਤੀ ਸੂਚੀਪਤ੍ਰ ਅਨੁਸਾਰ "ਸਵੈਯੇ ਭੱਟਾਂ ਕੇ" ਉਪਰ, ਪਤ੍ਰਾ
ਹੁੰਦੀ ਹੈ। ਇੱਥੇ ਹੀ ਸਵੱਯਾਂ ਦੇ ਮਗਰ ਉਹ ਪੁਸ਼ਪਿਕਾ ਆਈ ਹੈ, ਜਿਸ ਵਿ
ਭਾਈ ਗੁਰਦਾਸ ਦੇ ਗਿਰੰਥ ਨਾਲ ਕਿਸੇ ਪੁਹਕਰ ਦੇ ਗ੍ਰੰਥ ਨਾਲ ਅਗੋਂ ਸੋਧੇ
ਗੱਲ ਕੀਤੀ ਹੈ ਤੇ ਜਿਸ ਦਾ ਉੱਧ੍ਰਣ ਅਸੀਂ ਆਪਣੀ ਇਸ ਕਿਤਾਬ ਦੇ ਪੰਨਾ ੧
ਆਏ ਹਾਂ। ਇਸ ਪੁਸ਼ਪਿਕਾ ਤੋਂ ਸਿੱਧ ਹੁੰਦਾ ਹੈ ਕਿ ਮੁੱਢ ਵਿਚ ਇਹ ਗ੍ਰੰ
ਸਮਾਪਤ ਹੋ ਜਾਂਦਾ ਸੀ। ਇਸ ਦੇ ਮਗਰ ਹੁਣ ਪਤ੍ਰਾ ੧੦੨੮ ਉਪਰ ਸਲੋਕ
ਉੱਤੇ ਰਤਨਮਾਲਾ, ਪਤ੍ਰਾ ੧੦੩੪ ਉਪਰ "ਹਕੀਕਤ ਰਾਹ ਮੁਕਾਮ ਰਾਜੇ ਸ਼ਿ
ਅਤੇ ਪਤ੍ਰਾ ੧੦੩੫ ਉਪਰ ਰਾਗੁਮਾਲਾ ਦਰਜ ਹਨ। ਇਹ ਸਭ ਪਿੱਛੋਂ
ਗਈਆਂ।

ਤਤਕਰੇ : ਗ੍ਰੰਥ ਦੇ ਤਤਕਰਿਆਂ ਨੇ ਪਹਲੇ ੩੩ ਪਤ੍ਰੇ ਮੱਲੇ ਹੋਏ ਸਨ । ਅਗਲੇ ਬਿਨਾ ਅੰਕ (੩੪ਵੇਂ) ਪਤ੍ਰੇ ਉੱਤੇ ਚਲਿਤ੍ਰ ਜੋਤੀ ਜੋਤਿ ਸਮਾਵਣ ਕੇ ਹਨ । ਇਹ ਨੌਵੇਂ ਮਹਲੁ ਤਕ ਚਲਦੇ ਹਨ ਅਤੇ ਸੰਖਿਪਤ ਰੂਪ ਵਿਚ ਦਿੱਤੇ ਹੋਏ ਹਨ ।

ਮੰਗਲ ਤੇ ਸਿਰਲੇਖ : ਮੰਗਲਾਂ ਨੂੰ ਹਰ ਥਾਂ ਪਹਲ ਦਿੱਤੀ ਹੋਈ ਹੈ, ਅਰਥਾਤ ਬਾਣੀ ਦੇ ਸਿਰਲੇਖਾਂ ਤੋਂ ਉਪਰ ਕਰ ਕੇ ਲਿਖੇ ਹੋਏ ਹਨ ।

ਹੋਰ ਵਿਸ਼ੇਸ਼ਤਾਵਾਂ :

੧. ਰਾਗੁ **ਸੋਰਠਿ** ਕਬੀਰ ਜੀ ਦੇ ਤੀਜੇ ਸ਼ਬਦ ਵਿਚ ਪਾਠ ਪਹਲਾਂ "ਖਲਾਸੇ" ਸੀ । /ਖ/ ਨਾਲ ਕੰਨਾ ਮਗਰੋਂ ਲਾਇਆ ਗਇਆ, ਜਿਸ ਨਾਲ ਪਾਠ ਬਦਲ ਕੇ "ਖਾਲਸੇ" ਹੋ ਗਇਆ ਹੈ । ਅਗੇ ਅਠਵੇਂ ਸ਼ਬਦ ਤੋਂ ਬਾਅਦ ਕਬੀਰ ਜੀ ਦਾ ਇਹ ਸ਼ਬਦ–

> ਸੋਰਠ ॥ ਅਉਧੂ ਸੋ ਜੋਗੀ ਗੁਰ ਮੇਰਾ ॥੧॥
> ਇਸ ਪਦ ਕਾ ਜੋ ਕਰੈ ਨਿਬੇਰਾ ॥੧॥ ਰਹਾਉ ॥
>
> ਤਰਵਰ ਏਕ ਮੂਲ ਬਿਨੁ ਠਾਢੋ ਫੂਲੇ ਫਲ ਲਾਗਾ ॥
> ਸਾਖਾ ਪਤ੍ਰ ਕਿਛੁ ਨਹੀਂ ਵਾ ਕੇ ਅਸਟ ਗਗਨ ਮੁਖ ਰਾਜਾ ॥੨॥
>
> ਪਿਉ ਬਿਨ ਪੁਤ੍ਰ ਕਹਹ ਬਿਨੁ ਤੂੰਬਾ ਬਿਨ ਜਿਹਵਾ ਗੁਣ ਗ੍ਰਾਵੈ ॥
> ਗਾਵਨਹਾਰ ਕੋ ਰੂਪ ਨ ਰੇਖਾ ਸਤਿਗੁਰੂ ਹੋਯ ਲਖਾਵੈ ॥੩॥
>
> ਪੰਛੀ ਖੋਜ ਮੀਨ ਕੋ ਮਾਰਗ ਕਹਹਿ ਕਬੀਰ ਦੋਉ ਭਾਰੀ ॥
> ਅਪਰੰਪਰ ਪਾਰ ਪੁਰਸ਼ੋਤਮ ਮੂਰਤਿ ਕੋ ਬਲਿਹਾਰੀ ॥੪॥੯॥

ਪੂਰਾ ਲਿਖਿਆ ਹੋਇਆ ਸੀ । ਮਗਰੋਂ ਕਿਸੇ ਨੇ "ਇਸ ਪਦ ਕਾ ਜੋ ਕਰੈ ਨਿਬੇਰਾ ॥੧॥ ਰਹਾਉ॥" ਤਕ ਪਾਠ ਰੱਖ ਕੇ ਤੇ ਅੰਤਲਾ, ਅੰਕ ੯ ਵੀ ਸੁਰੱਖਿਅਤ ਕਰ ਕੇ, ਵਿਚਲੀਆਂ ਪੰਜ ਪੰਕਤੀਆਂ ਸਫੇਦੇ ਨਾਲ ਮੇਟ ਦਿੱਤੀਆਂ ਹੋਈਆਂ ਹਨ ।

੨. ਰਾਗੁ **ਜੈਜਾਵੰਤੀ** ਜਿਸ ਵਿਚ ਨੌਵੇਂ ਸਤਿਗੁਰਾਂ ਦੀ ਬਾਣੀ ਹੈ, ਪਤ੍ਰਾ ੫੪੫ ਉਪਰ ਜੈਤਸਰੀ ਦੀ ਸਮਾਪਤੀ ਉੱਤੇ ਨਾਲ ਕਰ ਕੇ ਹੀ ਦਰਜ ਹੈ ।

੩. ਭਗਤ ਬਾਣੀ ਦੀ ਹਾਲਤ ਵਿਚ ਰਾਗ ਮਾਰੂ, ਭੈਰਉ, ਬਸੰਤ ਤੇ ਸਾਰੰਗ ਦੇ ਸ਼ਬਦ ਹਰ ਰਾਗੁ ਵਿਚ ਇਕੱਠੇ ਥਾਂ ਸਿਰ, ਲਿਖੇ ਹੋਏ ਹਨ । ਮਾਰੂ ਕਬੀਰ ਦੇ ਦੋ ਸਲੋਕ "ਗਗਨ ਦਮਾਮਾ ਬਾਜਿਆ" ਅਤੇ "ਸੂਰਾ ਸੋ ਪਹਚਾਨੀਐ" ਦਸਵੇਂ ਸ਼ਬਦ, "ਦੀਨ ਬਿਸਾਰਿਓ ਰੇ ਦਿਵਾਨੇ" ਦੇ ਮਗਰ ਦਰਜ ਹਨ । ਇਹੀ ਇਨ੍ਹਾਂ ਦੀ ਠੀਕ ਥਾਂ ਹੈ ।

੪. ਧੁਨੀਆਂ ਕਈ ਵਾਰਾਂ ਨਾਲ ਮਗਰੋਂ ਹਾਸ਼ੀਏ ਉਪਰ ਲਿਖੀਆਂ ਹੋਈਆਂ ਹਨ, ਜਿਵੇਂ ਵਾਰ ਮਲਾਰ ਕੀ ਨਾਲ (ਪਤ੍ਰਾ ੯੩੨) ।

੫. ਸਲੋਕ ਵਾਰਾਂ ਤੇ ਵਧੀਕ ਵਿਚ ਸਲੋਕ ਮਹਲਾ ੫ ਦੇ ਅੰਤ ਤੇ "ਤੇਰਾ ਕੀਤਾ ਜਾਤੋ ਨਾਹੀ" ਵਾਲਾ ਸਲੋਕ ੨੩ਵੇਂ ਅੰਕ 'ਤੇ ਹੈ ਤੇ ਇਸ ਦੇ ਪਿੱਛੋਂ ਮੁੰਦਾਵਣੀ ਲਿਖੀ ਹੋਈ ਹੈ । ਇਸ ਦੇ ਪਿੱਛੇ ਥੋੜੀ ਥਾਂ ਸੀ, ਸੋ ੧ਓ ਸਤਿਗੁਰਪ੍ਰਸਾਦਿ (+, ਚਰਖੜੀ ਵਾਲੇ ਨਿਸ਼ਾਨ ਨਾਲ) ਲਿਖ ਕੇ ਹਾਸ਼ੀਏ ਵਿਚ ਇਹ ਨੋਟ ਦਿੱਤਾ ਹੋਇਆ ਹੈ :

> "ਇਸ ਜਗਹ ਸਲੋਕ ਮਹਲਾ ੯ ਨਾਵੇ ਕੇ ਚਾਹੀਐ ਅਗੇ ਲਿਖੇ ਗਏ"

੬. "ਭਟ ਰਚਿਤ ਸਵੱਯੇ ਮਹਲੇ ਚਉਥੇ ਕੇ" ਦੇ ੩੫ਵੇਂ ਸਵੱਯੇ ਵਿਚ ਪਾਠ "ਮੋਹ ਮਾਹ ਮਗਨ ਭਈ" ਆਇਆ ਹੈ, ਜੋ ਸਹੀ ਹੈ ।

੭. ਪਤ੍ਰਾ ੧੦੨੭ ਉਪਰ ਗ੍ਰੰਥ ਦੇ ਸੰਪੂਰਣ ਹੋਣ ਦਾ ਸ਼ੁਕਰਾਨਾ ਤੇ ਬਾਣੀ ਪੜ੍ਹਨ ਦਾ ਮਹਾਤਮ ਇਸ ਤਰ੍ਹਾਂ ਪ੍ਰਗਟਾਇਆ ਹੋਇਆ ਸੀ :

> ੧ਓ
>
> ਧਰ ਜੀਅੜੇ ਤੂੰ ਏਕ ਟੇਕ ਲਾਹ ਵਿਡਾਣੀ ਆਸ ॥
> ਨਾਨਕ ਨਾਮ ਧਿਆਇ ਤੂ ਕਾਰਜ ਆਵੈ ਰਾਸ ॥੧॥
>
> ਸ੍ਰੀ ਬਾਬੇ ਜੀ ਕੀ ਆਗਿਆ ਹੈ ਜੋ ਏਸ ਨੂੰ ਪਿਆਰ ਲਾਇ ਕੇ ਪੜੈਗਾ ਸੁਣੈਗਾ ॥
> ਤਿਸਕਾ ਆਵਾਗਵਣ ਰਹੇਗਾ ਸਤਿ ਕਰ ਮੰਨਣਾ ॥

ਇਸ ਵਾਕ ਦੇ ਮਗਰ ਇਸ ਗ੍ਰੰਥ ਵਿਚ ਹੇਠ ਲਿਖੀ ਅਤਿ ਲਾਭਦਾਇਕ ਪੁਸ਼ਪਿਕਾ ਉਪਲਬਧ ਹੈ :

> ੧ਓ ॥ ਏਹੁ ਗਿਰੰਥ ਫਤੇ ਚੰਦ ਕੇ ਗਿਰੰਥ ਕਾ ਨਕਲੁ ਫਤੇ ਚੰਦ ਕਾ ਗਿਰੰਥ ਪੁਹਕਰ ਕੇ ਗਿਰੰਥ ਕਾ ਨਕਲੁ ਪੁਹਕਰ ਕਾ ਗਿਰੰਥ ਵਡੇ ਗਿਰੰਥ ਨਾਲਿ ਸੋਧਿਆ ਹੈ ਪੰਜਵੇਂ ਮਹਲ ਗੁਰਦਾਸ ਭਲੈ ਪਾਸਹੁੰ ਲਿਖਵਾਇਆ ਸੀ ਜੋ ਉਸ ਗਿਰੰਥ ਨਾਲਿ ਸੋਧੈ ਸੋ ਗਿਰੰਥ ਸੁਧ ਹੋਵੈ ॥ ਜੇ ਫੇਰ ਗਿਰੰਥ ਸੋਧਿਆ ਲੋੜੀਐ ਤਾ ਜਗਨੇ ਬ੍ਰਾਹਮਣ ਦੇ ਗਿਰੰਥ ਨਾਲਿ ਸੁਧ ਕਰਿ ਲਇਓ ਹੋਰਨਾ ਗਰੰਥਾਂ ਨਾਲਹੁੰ ਜਗਨੇ ਬ੍ਰਹਮਣ ਦਾ ਗਿਰੰਥ ਸੁਧ ਕੀਤਾ ਪੁਹਕਰ ਕਾ ਗਿਰੰਥ ਜਗਨੇ ਦੇ ਗਿਰੰਥ ਨਾਲਿ ਸੁਧਿ ਕੀਆ ਹੈ ॥

ਭਾਈ ਰਣਧੀਰ ਸਿੰਘ ਦਸਦੇ ਹਨ ਕਿ ਫਤਹਿ ਚਿੰਦ ਦਾ ਨਾਮ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਹੁਕਮਨਾਮਿਆਂ ਵਿਚ ਆਇਆ ਹੈ ਤੇ ਇਨ੍ਹਾਂ ਦੇ ਲਿਖੇ ਕੁਝ ਪੁਸਤਕ 'ਸੂਰ ਸਾਗਰ' ਤੇ 'ਸਮੁਦ੍ਰੀਕ' ਕਵਰੇਸ ਕ੍ਰਿਤ ਆਦਿ ਵੀ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਪ੍ਰਾਪਤ ਸਨ ।

ਜਗਨੇ ਬਾਰੇ ਆਪ ਦੀ ਸੂਚਨਾ ਹੈ ਕਿ ਇਹ ਸ੍ਰੀ ਗੁਰੂ ਅਰਜੁਨ ਦੇਵ ਜੀ ਦਾ ਅਨੰਨ ਸਿੱਖ ਸੀ ਤੇ ਇਸ ਨੇ ਅੰਮ੍ਰਿਤਸਰ ਦੀ ਜੰਗ ਵਿਚ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਜੀ ਲਈ

ਵੱਡੀ ਬੀਰਤਾ ਦੇ ਕਾਰਨਾਮੇ ਦਿਖਾਏ ਸਨ।[1]

ਪੁਸ਼ਪਿਕਾ ਵਾਲੇ ਪਤ੍ਰੇ (੧੦੨੭) ਦੇ ਮਗਰਲੇ ਪਾਸੇ ਇਸ ਗ੍ਰੰਥ ਦੇ ਲਿਖਾਰੀ ਭਾਈ ਰਾਮ ਰਾਇ ਨੇ ਆਪਣੇ ਸੰਬੰਧੀ ਵੀ ਕੁਝ ਸੂਚਨਾ ਜੁਟਾਈ ਹੈ, ਆਪ ਲਿਖਦੇ ਹਨ :

> ਲਿਖਤੰ ਗੁਲਾਮ ਖ਼ਾਨੇਜ਼ਾਦ ਸੰਗਤ ਕਾ ਕੀਟ ਜੰਤ ਉਤਮਚੰਦ ਸੁਨਿਆਰ ਕਾ ਬੇਟਾ ॥ ਰਾਮ ਰਾਇ ਸਿਖ ਫ਼ਕੀਰ ਗੁਰੂ ਪੂਰੇ ਕਾ ॥ ਭੁਲੇ ਚੁਕੇ ਬਖਸਣਾ ਸੰਗਤਿ ਗੁਰੂ ਕਾ ਸਦਕਾ ॥

ਇਸ ਰਾਮ ਰਾਇ ਬਾਰੇ ਭਾਈ ਰਣਧੀਰ ਸਿੰਘ ਜੀ ਲਿਖਦੇ ਹਨ ਕਿ ਇਹ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦੇ ਪੂਰਬਿ ਪਿਆਨੇ ਸਮੇਂ ਹਜ਼ੂਰੀ ਸੰਗ਼ਤਿ ਵਿਚ ਸ਼ਾਮਲ ਸੀ। ਪਟਨੇ ਤੋਂ ਕਾਮਰੂਪ (ਅਸਾਮ) ਜਾਣ ਸਮੇਂ ਜਦੋਂ ਗੁਰੂ ਜੀ ਨੇ ਪਰਿਵਾਰ ਨੂੰ ਪਟਨੇ ਛਡਿਆ ਤਾਂ ਇਸੇ ਨੂੰ ਹੀ ਪਰਿਵਾਰ ਦੀ ਸੇਵਾ ਸੰਭਾਲ 'ਤੇ ਨਿਯੁਕਤ ਕੀਤਾ। ਪੂਰਬ ਤੋਂ ਪਟਨੇ ਤੇ ਫਿਰ ਦਿੱਲੀਓਂ ਪਟਨੇ ਘਲਿਆ ਗਇਆ। ਹਰ ਹੁਕਮਨਾਮੇ ਵਿਚ ਇਸ ਦਾ ਨਾਂ ਭਾਈ ਦਿਆਲ ਦਾਸ ਤੋਂ ਬਾਅਦ ਆਉਂਦਾ ਹੈ।

ਟਿੱਪਣੀ : ਇਹ ਪਹਲਾ ਗ੍ਰੰਥ ਹੈ ਜਿਸ ਵਿਚ ਗੁਰੂ ਅਰਜੁਨ ਦੇਵ ਜੀ ਦੇ ਗ੍ਰੰਥ ਦੇ ਭਾਈ ਗੁਰਦਾਸ ਹੱਥੋਂ ਤਿਆਰ ਕੀਤੇ ਜਾਣ ਦਾ ਸੰਕੇਤ ਮਿਲਦਾ ਹੈ। ਇਸ ਤੋਂ ਪਹਲਾਂ ਡੇਰਾਦੂਨ ਵਾਲੀ ਬੀੜ (ਸੰਮਤ ੧੭੧੬) ਵਿਚ ਕੇਵਲ (ਮਹਲੇ ਪੰਜਵੇਂ) ਦੇ ਗ੍ਰੰਥ ਵੱਲ ਹੀ ਸੰਕੇਤ ਸੀ, ਗ੍ਰੰਥ ਦੇ ਭਾਈ ਗੁਰਦਾਸ ਹੱਥੀਂ ਤਿਆਰ ਕਰਵਾਏ ਜਾਣ ਦਾ ਕੋਈ ਸੰਕੇਤ ਨਹੀਂ ਸੀ।

---

[1](ੳ) ਭਾਈ ਗੁਰਦਾਸ ਦੀ ਗਿਆਰਵੀਂ ਵਾਰ ਦੀ ਸਤਾਈਵੀਂ ਪਉੜੀ ਵਿਚ ਆਏ ਭਾਈ ਜਗਨੇ ਦੇ ਜ਼ਿਕਰ (ਜਗਨਾ ਨੰਦ ਸਾਧ ਹਹਿ ਭਾਨਾ ਸੂਹੜ ਹੰਸਾ ਦੀ ਢਾਲਾ) ਦੀ ਵਿਆਖਿਆ ਕਰਦਿਆਂ 'ਸਿੱਖਾਂ ਦੀ ਭਗਤਮਾਲਾ' ਦਾ ਰਚੈਤਾ ਲਿਖਦਾ ਹੈ :

> ਭਾਈ ਜਗਨਾ ਤੇ ਭਾਈ ਨੰਦਾ ਸਾਧ ਤੇ ਭਾਈ ਭਾਨਾ ਸੂਹੜ ਆਗਰੇ ਤੋਂ ਗੁਰੂ ਅਰਜੁਨ ਜੀ ਦੀ ਸ਼ਰਨਿ ਆਏ, ਅਰਦਾਸਿ ਕੀਤੀ, "ਜੀ, ਅਸੀਂ ਇੰਦ੍ਰੀਆਂ ਨੂੰ ਰੋਕ ਕੇ ਭਜਨ ਕਰਦੇ ਹਾਂ, ਪਰ ਕੋਈ ਕੋਈ ਪਦਾਰਥੁ ਦਿਸਟਿ ਆਵਦਾ ਹੈ ਤਾ ਅਸਾਡਾ ਮਨ ਚਲ ਜਾਂਦਾ ਹੈ। ਬਚਨ ਹੋਇਆ, ਮਨੋਰਾਸ ਤੇ ਵਾਸਨਾ ਤੇ ਤਤ ਗਿਆਨ ਤਿਨਾ ਦੀ ਇਕੱਠੀ ਸਾਧਨਾ ਕਰੋ। ਜੈਸੇ 'ਸੋ ਦਰੁ' ਦਾ ਛਕਾ ਪੜੀਤਾ ਹੈ, ਤਾ ਫਲ ਹੁੰਦਾ ਹੈ, ਤੈਸੈ ਤਿਨਾਂ ਹੀ ਗੁਣਾਂ ਦਾ ਅਭਿਆਸ ਕਰੋਗੇ, ਤਾਂ ਤੁਹਾਡਾ ਮਨ ਚਲਾਇਮਨ ਨਹੀਂ ਹੋਵੇਗਾ"। —ਸਿੱਖਾਂ ਦੀ ਭਗਤਮਾਲਾ, ਪੰਨਾ ੧੪੯-੫੦

(ਅ) "ਜਗਨਾ . . . ਸ੍ਰੀ ਗੁਰੂ ਅਰਜੁਨ ਦੇਵ ਜੀ ਦਾ ਪਰੋਪਕਾਰੀ ਬ੍ਰਹਮ ਗਯਾਨੀ ਸਿੱਖ, ਜਿਸ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਆਗਿਆ ਨਾਲ ਅਮ੍ਰਿਤਸਰ ਦੇ ਜੰਗ ਵਿਚ ਭਾਰੀ ਬੀਰਤਾ ਦਿਖਾਈ" —ਕਾਨ੍ਹ ਸਿੰਘ, ਮਹਾਨ ਕੋਸ਼, ਦੂਜਾ ਸੰਸਕਰਣ, ਪੰਨਾ ੩੭ (ਕਾਲਮ ਦੂਜਾ)।

੨੯. ਬੀੜ ਅਜਾਇਬ ਘਰ ਪੰਜਾਬੀ ਯੂਨੀਵਰਸਿਟੀ (ਸੰਮਤੁ ੧੭੪੯)

ਇਹ ਬੀੜ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੇ ਅਜਾਇਬ ਘਰ ਵਿਚ ਸੁਰੱਖਿਅਤ ਹੈ ਤੇ ਨਵੀਂ ਨਕੋਰ ਹਾਲਤ ਵਿਚ ਹੈ। ਇਸ ਦਾ ਐਕਸੈਸ਼ਨ ਨੰਬਰ ਨਹੀਂ ਮਿਲ ਸਕਿਆ। ਤਿਆਰੀ ਪਿੱਛੋਂ ਇਹ ਕਿਸੇ ਧਰਮਸਾਲਾ ਵਿਚ ਪ੍ਰਕਾਸ਼ ਕੀਤੀ ਗਈ ਨਹੀਂ ਲਗਦੀ ਤੇ ਨਾ ਹੀ ਪਾਠ ਕੀਤੇ ਜਾਣ ਲਈ ਵਰਤੀ ਗਈ ਦਿਸਦੀ ਹੈ। ਮੁੱਢਲੇ ਇਕ ਖਾਲੀ ਪਤ੍ਰੇ ਉੱਤੇ ਇਸ ਦੇ ਲਿਖੇ ਜਾਣ ਦਾ ਸੰਮਤ ਇਸ ਤਰ੍ਹਾਂ ਦਰਜ ਹੈ :

ੴ ਸਤਿਗੁਰ ਪ੍ਰਸਾਦਿ

ਗਿਰੰਥ ਲਿਖਿਆ ਸੰਪੂਰਨ ਸੰਮਤੁ ੧੭੪੯
ਮਿਤੀ ਸਾਵਣ ਸੁਦੀ ਏਕਮੀ ਮੰਗਲਵਾਰਿ ॥

ਬਾਣੀ ਦਾ ਵੇਰਵਾ : ਨੌਵੇਂ ਮਹਲੁ ਦੀ ਬਾਣੀ ਇਸ ਬੀੜ ਵਿਚ ਚੜ੍ਹੀ ਹੋਈ ਹੈ। ਰਾਗੁ ਜੈਜਾਵੰਤੀ ਰਾਗੁ ਜੈਤਸ਼ਰੀ ਦੇ ਮਗਰ ਹੈ। ਨੌਵੇਂ ਪਾਤਸ਼ਾਹ ਦੇ ਸਲੋਕ ਵਾਰਾਂ ਤੇ ਵਧੀਕ ਦੇ ਅੰਤ 'ਤੇ ਮਹਲਾ ੫ ਦੇ ਸਲੋਕਾਂ ਦੇ ਮਗਰ ਹਨ। ਸਲੋਕ "ਤੇਰਾ ਕੀਤਾ ਜਾਤੋ ਨਾਹੀ", ਮਹਲਾ ੫ ਦੇ ਸਲੋਕਾਂ ਨਾਲ ਸੰਮਿਲਿਤ ਹੈ। ਮੁੰਦਾਵਣੀ, ਮਹਲਾ ੯ ਦੇ ਸਲੋਕਾਂ ਮਗਰ ਰਖੀ ਗਈ ਹੈ; ਫਿਰ ਸਲੋਕ ਕਬੀਰ ਜੀਉ ਕੇ, ਸਲੋਕ ਸ਼ੇਖ ਫਰੀਦ ਜੀਉ ਕੇ ਤੇ ਅੰਤ ਉੱਤੇ ਸਵੱਯੇ ਹਨ। ਇੰਵ ਇਸ ਬੀੜ ਦਾ ਭੋਗ ਸਵੱਯਾਂ ਉਪਰ ਪੈਂਦਾ ਹੈ। ਹੋਰ ਕੋਈ ਫਾਲਤੂ ਬਾਣੀ ਇਸ ਬੀੜ ਵਿਚ ਨਹੀਂ ਹੈ। 'ਸੋ ਪੁਰਖੁ' ਵਾਲੇ ਸ਼ਬਦਾਂ ਦਾ ਜੁਟ ਮੁਢ ਵਿਚ ਰਹਰਾਸਿ ਨਾਲ ਸੰਮਿਲਿਤ ਹੈ। ਕੁਲ ਪਤ੍ਰੇ ਇਸ ਗ੍ਰੰਥ ਦੇ ੫੯੬ ਹਨ।

ਤਤਕਰੇ : ਚਲ ਚੁਕੀ ਪਰਿਪਾਟੀ ਅਨੁਸਾਰ ਤਿੰਨੇ ਤਤਕਰੇ ਇਸ ਵਿਚ ਮੌਜੂਦ ਹਨ। ਪਹਲਾ ਤਤਕਰਾ ਤਤਕਰੇ ਕਾ ਨਕਲ ਕੀਤਾ ਹੋਇਆ ਹੈ, ਪਰ ਪਤ੍ਰਿਆਂ ਦੇ ਅੰਕ ਨਹੀਂ ਦਿੱਤੇ, ਐਵੇਂ ਰਾਗ ਲਿਖ ਦਿੱਤੇ ਹਨ। ਇਸ ਦੇ ਪਿੱਛੋਂ ਸੂਚੀਪਤ੍ਰ ਚਲਦਾ ਹੈ ਤੇ ਅੰਤ ਵਿਚ ਸ਼ਬਦਾਂ ਕਾ ਤਤਕਰਾ ਹੈ ਜੋ ਰਾਗੁ ਪ੍ਰਭਾਤੀ ਉੱਤੇ ਮੁਕਦਾ ਹੈ। ਭਗਤਾਂ ਦੀ ਬਾਣੀ ਦੀਆਂ ਪ੍ਰਤੀਕਾਂ ਨਹੀਂ ਹਨ। ਕਾਲਮਾਂ ਉਪਰ ਚਲਦੇ ਸਿਰਲੇਖ ਦਿੱਤੇ ਹੋਏ ਹਨ। ਤਤਕਰੇ ਵਿਚ ਸਭ ਥਾਂ ਛੋਟਾ ਮੰਗਲ ਵਰਤਿਆ ਹੋਇਆ ਹੈ। ਤਤਕਰੇ ਪਤ੍ਰਾ ੨੫ ਉਪਰ ਸਮਾਪਤ ਹੋ ਜਾਂਦੇ ਹਨ। ਪਤ੍ਰਾ ੨੬ ਖਾਲੀ ਹੈ।

ਸਮਾਵਣੇ ਕੇ ਚਲਿਤ੍ਰ : ਜੋਤੀ ਜੋਤਿ ਸਮਾਵਣ ਦੇ ਚਲਿਤ੍ਰ ਪਤ੍ਰਾ ੨੭ ਉਪਰ ਦਰਜ ਹਨ। ਇਹ ਨੌਵੇਂ ਪਾਤਸ਼ਾਹ ਦੇ ਚਲਾਣੇ 'ਤੇ ਮੁਕਦੇ ਹਨ। ਛੇਵੇਂ ਗੁਰੂ ਸਾਹਿਬ ਦਾ ਚਲਾਣਾ ਕਾਨਗੜ੍ਹ ਵਾਲੀ ਬੀੜ ਦੀ ਪੰਜ ਦਿਨ ਸਾਂਗ ਹੋਆ ਵਾਲੀ ਸ਼ੈਲੀ ਵਿਚ ਦਰਜ ਹੈ।

ਮੰਗਲ ਤੇ ਸਿਰਲੇਖ : ਤਤਕਰੇ ਵਿਚ ਜਪੁ ਨਾਲ ਪਦ "ਨੀਸਾਣੁ" ਨਹੀਂ ਆਇਆ ਤੇ ਨਾ ਹੀ ਗੁਰੂ ਰਾਮਦਾਸ ਜੀਉ ਕੇ ਦਸਤਖਤਾਂ ਦਾ ਨਕਲ ਜਾਂ ਨਕਲ ਦਰ ਨਕਲ ਲਿਖਿਆ ਹੈ। ਜਪੁ ਮੂਲਮੰਤ੍ਰ ਨਾਲ ਆਰੰਭ ਹੁੰਦਾ ਹੈ; ਅਗਲੀਆਂ ਬਾਣੀਆਂ 'ਸੋ ਦਰੁ', 'ਸੋ ਪੁਰਖੁ', 'ਸੋਹਿਲਾ', ਛੋਟੇ ਮੰਗਲ ਨਾਲ ਹਨ। ਇਨ੍ਹਾਂ ਤੋਂ ਅੱਗੇ ਹਰੇਕ ਰਾਗੁ ਮੂਲਮੰਤ੍ਰ ਨਾਲ ਆਰੰਭ ਹੁੰਦਾ ਹੈ, ਅਧੀਨ ਪ੍ਰਕਰਣ ਮੰਗਲ ਨਾਲ ਲਿਖੇ ਹੋਏ ਹਨ। ਹਰੇਕ ਰਾਗੁ ਦੀ ਭਗਤ ਬਾਣੀ ਵੀ ਛੋਟੇ ਮੰਗਲ ਨਾਲ ਸ਼ੁਰੂ ਹੁੰਦੀ ਹੈ, ਇਨ੍ਹਾਂ ਦੇ ਘਰ ਬਦਲਣ ਨਾਲ ਵੀ ਮੰਗਲ ਨਹੀਂ ਦਿੱਤੇ। ਪਰੰਤੂ ਵਾਰ ਰਾਗੁ ਆਸਾ ਚਲੀ ਪਰਿਪਾਟੀ ਦੀ ਪਾਲਣਾ ਵਿਚ ਪੂਰੇ ਮੂਲਮੰਤ੍ਰ ਨਾਲ ਨਿਰੂਪਿਤ ਹੈ। ਇਹੀ ਢੰਗ ਭੋਗ ਦੀ ਬਾਣੀ ਅੰਕਿਤ ਕਰਨ ਲਗਿਆਂ ਵਰਤਿਆ ਗਇਆ ਹੈ। ਮੰਗਲ ਹਰ ਥਾਂ ਰਾਗੁ ਜਾਂ ਪ੍ਰਕਰਣ ਦੇ ਸਿਰਲੇਖ ਤੋਂ ਪਹਲਾਂ ਦਿੱਤਾ ਹੋਇਆ ਹੈ।

"ਸ਼ਬਦਾਂ ਦੇ ਤਤਕਰੇ" ਵਿਚ ਭਗਤਾਂ ਦੀ ਬਾਣੀ ਇਕ ਹੀ ਪ੍ਰਤੀਕ ਨਾਲ ਭੁਗਤਾਈ ਗਈ ਹੈ। ਉਨ੍ਹਾਂ ਦੇ ਸ਼ਬਦਾਂ ਦੀਆਂ ਅੱਡ ਅੱਡ ਪ੍ਰਤੀਕਾਂ ਨਹੀਂ ਦਿੱਤੀਆਂ। ਇਨ੍ਹਾਂ ਦੇ ਸ਼ਬਦਾਂ ਨੂੰ ਦਰਜ ਕਰਨ ਲਈ ਇਕ ਡੌਲ ਇਖਤਿਆਰ ਨਹੀਂ ਕੀਤੀ। ਸਿਰੀ ਰਾਗੁ, ਗੂਜਰੀ ਅਤੇ ਕੁਝ ਹੋਰ ਰਾਗਾਂ ਵਿਚ ਸ਼ਬਦ ਦੇ ਸਿਰਲੇਖ ਵਜੋਂ ਰਾਗੁ ਤੇ ਰਚੈਤਾ (ਭਗਤ ਦਾ ਨਾਂ) ਦੋਵੇਂ ਆਏ ਹਨ; ਪਰੰਤੂ ਰਾਗੁ ਗਉੜੀ, ਆਸਾ, ਸੋਰਠਿ ਤੇ ਭੈਰਉ ਵਿਚ ਕੇਵਲ ਰਾਗੁ ਦਾ ਨਾਂ ਹੀ ਹੈ, ਭਗਤ ਦਾ ਨਾਂ ਨਹੀਂ। ਇਹੀ ਡੌਲ ਗੁਰੂਆਂ ਦੀ ਬਾਣੀ ਨਾਲ ਵੀ ਕਈ ਥਾਂਈਂ ਦੇਖੀ ਗਈ ਹੈ। ਘਰ ਦੀ ਬਦਲੀ ਸਮੇਂ ਕਈ ਥਾਈਂ ਮੰਗਲ ਦਿੱਤੇ ਹਨ ਤੇ ਕਈ ਥਾਈਂ ਨਹੀਂ ਵੀ ਦਿੱਤੇ। ਜਿਵੇਂ ਰਾਗੁ ਭੈਰਉ ਵਿਚ ਘਰ ਬਦਲੀ ਸਮੇਂ ਮੰਗਲ ਹਨ।

ਧੁਨੀਆਂ ਤੇ ਹਿਦਾਇਤੀ ਪਦ : ਇਸ ਬੀੜ ਵਿਚ ਮਾਝ ਕੀ ਵਾਰ ਮਹਲਾ ੧, ਆਸਾ ਦੀ ਵਾਰ ਮਹਲਾ ੧, ਗੂਜਰੀ ਕੀ ਵਾਰ ਮਹਲਾ ੩ ਤੇ ਸਾਰੰਗ ਕੀ ਵਾਰ ਮਹਲਾ ੪ ਨਾਲ ਧੁਨੀਆਂ ਨਹੀਂ ਹਨ, ਬਾਕੀਆਂ ਨਾਲ ਹਨ। ਵਾਰਾਂ ਦੇ ਪਿੱਛੋਂ ਹਿਦਾਇਤੀ ਪਦ "ਸੁਧੁ" ਤੇ "ਸੁਧੁ ਕੀਚੈ" ਆਦਿ ਵੀ ਨਹੀਂ ਹਨ। ਜੋੜ-ਸੂਚਕ "ਛੱਕਾ" ਪਦ ਇਸ ਬੀੜ ਵਿਚ ਕਿਤੇ ਨਹੀਂ ਆਇਆ।

ਹੋਰ ਵਿਸ਼ੇਸ਼ਤਾਵਾਂ ਇਸ ਬੀੜ ਦੀਆਂ ਇਸ ਪ੍ਰਕਾਰ ਹਨ :

੧. ਜਪੁਜੀ ਵਿਚ ਕੁਝ ਸ਼ਬਦਾਂ ਦੇ ਰੂਪ ਮੁਹੋ, ਧੌਲ, ਕ੍ਰੋਣ, ਰਖੀਮਰ ਤੇ ਜੀਭੌ ਹਨ।

੨. ਰਾਗੁ **ਗਉੜੀ** ਬਾਣੀ ਭਗਤਾਂ ਕੀ ਵਿਚ ਕਬੀਰ ਜੀ ਦੇ ਕੁਝ ਸ਼ਬਦਾਂ ਨਾਲ **ਲਟਕਦੇ ਅੰਕ** ਆਏ ਹਨ, ਇਨ੍ਹਾਂ ਵਿੱਚੋਂ ਕੁਝ ਪ੍ਰਚਲਿਤ ਗ੍ਰੰਥ ਨਾਲ ਮੇਲ ਖਾਂਦੇ ਹਨ ਤੇ ਕੁਝ ਨਹੀਂ ਖਾਂਦੇ। ਵੇਰਵਾ ਹੇਠ ਲਿਖੇ ਅਨੁਸਾਰ ਹੈ :

ਸ਼ਬਦਾਂਕ	ਬੀੜ ਵਿਚ ਲਟਕਦਾ ਅੰਕ	ਪ੍ਰਚਲਿਤ ਗ੍ਰੰਥ ਵਿਚ ਲਟਕਦਾ ਅੰਕ
੪੫	੧	×
੪੯	੨	੨
੫੦	੩	੫
੫੧	੨	੨
੫੨	੧	੧
੫੩	੨	×
੫੪	੩	×
੫੫	੪	×
੫੬	੫	×
੫੭	੬	×
੫੮	੭	×
੬੦	੮	×
੬੧	੮	×
੬੨	੯	੯
੬੩	×	×
੬੪	×	×
੬੫	×	×
੬੬	੧੧	੧੧
੬੭	੧੨	੧੨
੬੮	×	੧੨
੬੯	੧੩	੧੩
੭੦	੧੫	੫

ਇਹ ਲਟਕਦੇ ਅੰਕ ਕਰਤਾਰਪੁਰੀ ਬੀੜ ਦਾ ਖਾਸਾ ਹਨ। ਦੁਰਲਭ ਵਸਤਾਂ ਦੇ ਵਿਕ੍ਰੇਤਾ ਸ: ਹਰਭਜਨ ਸਿੰਘ, ਹਰਚਰਨ ਸਿੰਘ ਚਾਵਲਾ, ਅੰਮ੍ਰਿਤਸਰ, ਪਾਸ ਅਸਾਂ ਇਕ ਅਜੇਹੀ ਬੀੜ ਦੇਖੀ ਹੈ ਜੋ ੧੭੯੯ ਬਿ. ਵਿਚ ਕਰਤਾਰਪੁਰ ਵਿਚ ਲਿਖੀ ਗਈ। ਉਸ ਵਿਚ ਵੀ ਲਟਕਦੇ ਅੰਕ ਪ੍ਰਾਪਤ ਹਨ।

ਗਉੜੀ ਪੂਰਬੀ ਕਬੀਰ ਜੀ ਦੇ ਸ਼ਬਦ "ਕਾਲਬੂਤ ਕੀ ਹਸਤਨੀ" **ਵਾਲੇ ਸ਼ਬਦ ਦੀ** ਗੁਮ ਤੁਕ "ਦੁਰਲਭ ਦੇਹ ਕਉ ਕਾਜ" ਇਸ ਬੀੜ ਵਿਚ ਨਹੀਂ ਹੈ। ਕਬੀਰ ਜੀ ਦਾ ਪੰਦਾ "ਗਗਨ ਮੰਡਲ ਮਹਿ ਏਕੋ ਸੋਈ" ਵੀ ਨਹੀਂ ਹੈ। 'ਵਾਰ' ਕਬੀਰ ਜੀ ਤੋਂ ਪਹਲਾਂ ਸਲੋਕ "ਧਰ ਅੰਬਰ ਵਿਚ ਬੇਲੜੀ" ਇਸ ਬੀੜ ਵਿਚ ਪ੍ਰਾਪਤ ਹੈ (ਪਤ੍ਰਾ ੧੬੯/ਅ)।

੩. ਰਾਗੁ **ਆਸਾ** ਵਿਚ "ਸੋ ਪੁਰਖੁ" ਦਾ ਸ਼ਬਦ "ਸੋ ਦਰੁ" ਦੇ ਮਗਰ ਦਿੱਤਾ ਹੋਇਆ ਹੈ ਤੇ ਇਸ ਕਾਰਣ ਬੇ-ਮਿਸਲ ਹੈ। ਇਸ ਰਾਗੁ ਦੇ ਆਸਾ ਮਹਲਾ ੫ ਦੇ ਸਿਰਲੇਖ ਹੇਠ ਲਿਖੇ ਸ਼ਬਦ "ਗੋਬਿੰਦ ਗੋਬਿੰਦ ਸੰਗ ਨਾਮਦੇਉ ਮਨ ਲੀਨਾ" ਵਿੱਚ ਪਾਠ "ਬੁਨਨਾ ਤਨਨਾ" ਠੀਕ ਹੈ।

੪. ਰਾਗੁ **ਗੂਜਰੀ** ਮਹਲਾ ੫ ਦੀ ਅਸਟਪਦੀ-੨ "ਨਾਥ ਨਰਹਰ ਦੀਨ" ਦੇ ਅੰਤ ਵਿਚ ਪਾਠ "ਦੇਤ ਦਰਸਨ" ਆਇਆ ਹੈ (ਪਤ੍ਰਾ ੨੩੬/ਅ)। ਤ੍ਰਿਲੋਚਨ ਦਾ ਤੀਜਾ ਸ਼ਬਦ "ਨਵਨਿਧਿ ਪਰਸੀ ਕਾਹਿ" ਵੀ ਨਹੀਂ ਹੈ।

੫. ਰਾਗੁ **ਦੇਵਗੰਧਾਰੀ** ਦੇ ਸ਼ਬਦਾਂ ਨਾਲ ਮਹੱਲੇ ਹਨ। ਘਰੁ ਬਦਲਣ ਸਮੇਂ ਮੰਗਲ ਦਾ ਉਪਯੋਗ ਨਹੀਂ ਕੀਤਾ ਗਇਆ।

੬. ਰਾਗੁ **ਵਡਹੰਸ** ਦੇ ਸ਼ਬਦ "ਮੋਰੀ ਰੁਣਝੁਣ ਲਾਇਆ" ਦੀ ਅੰਤਲੀ ਤੁਕ ਇਸ ਬੀੜ ਵਿਚ ਨਹੀਂ।

੭. ਰਾਗੁ **ਸੋਰਠਿ** ਵਿਚ ਮਹਲਾ ੫ ਦਾ ਇਕ ਹੋਰ ਸ਼ਬਦ "ਸੰਤ ਜ਼ਨਾ ਸਿਉ ਦੂਖਣ ਕਰਤਾ" ਨਹੀਂ ਹੈ। ਇਸ ਰਾਗੁ ਦੀ ੨੯ਵੀਂ ਪਉੜੀ ਦੇ ਦੂਜੇ ਸਲੋਕ ਮਹਲਾ ੩ ਵਿਚ ਤੁਕ "ਆਪੇ ਦੇ ਵਡਿਆਈਆ ਆਪੇ ਨਦਰ ਕਰੇਇ" ਇਸ ਬੀੜ ਵਿਚ ਨਹੀਂ ਹੈ।

੮. ਰਾਗੁ **ਧਨਾਸਰੀ** ਵਿਚ ਚਉਪਦਾ "ਨਦਰਿ ਕਰੇ ਤਾ ਸਿਮਰਿਆ ਜਾਇ" ਮਹਲਾ ੧ ਦਾ ਕਰਕੇ ਲਿਖਿਆ ਹੈ। ਕਬੀਰ ਜੀ ਦੇ ਚਉਪਦੇ "ਸਨਕ ਸਨੰਦ ਮਹੇਸ਼ ਸਮਾਨਾ" ਦੀ ਰਹਾਉ ਦੀ ਗੁਮ ਅੱਧੀ ਤੁਕ "ਨਿਰਗੁਣ ਰਾਮ ਜਪਹੁ ਮੇਰੀ ਮਾਈ" ਇਸ ਬੀੜ ਵਿਚ ਨਹੀਂ ਹੈ। ਨਾਮਦੇਵ ਦਾ "ਸਾਤ ਸਮੁੰਦ ਜਾ ਕੀ ਹੈ ਕਿਰਣੀ" ਵਾਲਾ ਪਦਾ ਵੀ ਨਹੀਂ ਹੈ।

੯. ਰਾਗੁ **ਗੋਂਡ** ਦੇ ਨਾਮਦੇਵ ਦੇ ਸ਼ਬਦ "ਮੋਹਿ ਲਾਗਤੀ ਤਾਲਾ ਬੇਲੀ" ਦੇ ਅੰਤ ਰਹਾਉ ਦੀ ਤੁਕ "ਏਈ ਤੇ ਰਾਮਾ ਏਈ ਤੇ" ਇਸ ਬੀੜ ਵਿਚ ਨਹੀਂ ਹੈ।

੧੦. ਰਾਗੁ **ਰਾਮਕਲੀ** ਵਿਚ ਛੰਤ "ਰੁਣ ਝੁੰਝਨੜਾ ਗਾਉ ਸਖੀ" ਦੀ ਮੁੱਢਲੀ ਪੰਗਤੀ ਹੀ ਹੈ (੪੦੫/ੳ)। ਕਬੀਰ ਦੇ ਸ਼ਬਦਾ "ਜਿਹ ਮੁਖ ਬੇਦ ਗਾਇਤ੍ਰੀ ਨਿਕਸੈ" ਦਾ ਚੌਥਾ ਬੰਦ "ਅੱਖਰ ਸਾਚੇ ਬੇਦੇ ਭੀ ਸਾਚਾਂ" ਇਸ ਬੀੜ ਵਿਚ ਨਹੀਂ ਹੈ। ਓਅੰਕਾਰ ਨੂੰ "ਦੱਖਣੀ" ਲਿਖਣ ਦੀ ਭੁੱਲ ਕੀਤੀ ਹੋਈ ਹੈ।

੧੧. ਰਾਗੁ **ਮਾਰੂ** ਕੀ ਵਾਰ ਮਹਲਾ ੩ ਦਾ ਪਹਲਾ ਸਲੋਕ "ਮਹਲਾ ੩ ਦ ਕਰਕੇ ਲਿਖਿਆ ਹੈ। ਰਵਿਦਾਸ ਜੀ ਦਾ ਰਾਗੁ ਸੋਰਠਿ ਵਾਲਾ ਸ਼ਬਦ "ਸੁਖ ਸਾਗਰ ਸੁਰਤ ਚਿੰਤਾਮਨਿ" ਇਸ ਰਾਗੁ ਵਿਚ ਦੁਹਰਾਇਆ ਹੋਇਆ ਨਹੀਂ ਹੈ। ਮੀਰਾਬਾਈ ਦਾ ਪਦ ਵੀ ਇਸ ਬੀੜ ਵਿਚ ਨਹੀਂ ਹੈ।

੧੨. ਰਾਗੁ **ਬਸੰਤੁ** ਵਿਚ ਚਉਪਦਾ "ਬਸਤ੍ਰ ਉਤਾਰ ਦਿਗੰਬਰ ਹੋਗ" ਤੇ ਇ ਤੁਕ "ਸਾਹਿਬ ਭਾਵੈ ਸੇਵਕ ਸੇਵਾ ਕਰੈ" ਦੋਵੇਂ ਇਸ ਬੀੜ ਵਿਚ ਮਹਲਾ ੧ ਦੀ ਕ੍ਰਿਤ ਗਏ ਹਨ। ਰਾਗੁ ਬਸੰਤ ਦੇ ਘਰੁ ੧ ਦੇ ਸ਼ਬਦ ਸਭ ਥਾਂ ਬਸੰਤ ਸਿਰਲੇਖ ਨਾਲ ਆਏ ਹਨ ਪਰ ਘਰੁ ੨ ਦੇ ਸਭ ਥਾਂ ਬਸੰਤ ਹਿੰਡੋਲ ਨਾਲ ਹਨ। ਇਸ ਰਾਗੁ ਦੇ ਮਹਲਾ ੧ ਘਰੁ ਦੇ ਚਉਪਦੇ "ਰਾਜਾ ਬਾਲਕ ਨਗਰੀ ਕਾਚੀ" ਦੇ ਅੰਤ ਤੇ ਚੌਥਾ ਬੰਦ "ਕਹਿਆ ਸੁਣਹਿ ਨ ਖਾਇਆ ਮਾਨਹਿ" . . . ਖਿਨੁ ਤੋਲਾ ਖਿਨੁ ਮਾਸਾ" ਪ੍ਰਾਪਤ ਹੈ।

੧੩. ਰਾਗੁ **ਸਾਰੰਗ** ਵਿਚ ਸੂਰਦਾਸ ਦੇ ਪਦੇ ਦੀ ਇਕ ਤੁਕ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ" ਆਈ ਹੈ।

੧੪. ਰਾਗੁ **ਮਲਾਰ** ਦਾ ਮਹਲਾ ੫ ਦਾ ਸ਼ਬਦ "ਪ੍ਰਾਨ ਮਾਨ ਏਕ ਨਾਮੁ" ਇਸ ਬੀੜ ਵਿਚ ਨਹੀਂ ਹੈ।

੧੫. ਰਾਗੁ **ਕਾਨੜਾ** ਵਿਚ ਘਰਾਂ ਦੀ ਬਦਲੀ ਸਮੇਂ ਨਿਖੇੜੇ ਲਈ ਛੋਟੇ ਮੰਗਲ ਵਰਤੇ ਹੋਏ ਹਨ।

੧੬. ਭੱਟਾਂ ਦੇ ਮਹੱਲੇ ਦੂਜੇ ਦੇ **ਸਵੱਯਾਂ** ਵਿਚ ਪਾਠ "ਕਹੁ ਟਲ ਗੁਰ ਸੇਵੀਏ" ਹੈ। ਮਹਲਾ ੪ ਦੇ ਸਤਾਰਵ੍ਹੇਂ ਸਵੱਯੇ ਦੇ ਅੰਤ ਤੇ "ਗਡ" ਪਦ ਲਿਖਿਆ ਹੋਇਆ । ਇਸੇ ਤਰ੍ਹਾਂ ਮਹਲਾ ੫ ਦੇ ਨੌਵੇਂ ਸਵੱਯੇ ਦੇ ਪਿੱਛੇ ਪਦ "ਸੋਰਠੇ" ਆਇਆ ਹੈ। ਦੋਵੇਂ ਪਦ ਕਾਵਿ-ਰੂਪਾਂ ਦੀ ਪਛਾਣ ਵਜੋਂ ਲਿਖੇ ਲਗਦੇ ਹਨ। ਇਹ ਚੀਜ਼ ਹੋਰਨਾਂ ਬੀੜਾਂ ਵਿਚ ਸਿਵਾਇ ਹੇਠਾਂ, ਫੁਟਨੋਟ 1, ਵਿਚ ਦੱਸੇ ਵਿਕ੍ਰੇਤਾ ਦੀ ਬੀੜ ਦੇ ਹੋਰ ਕਿਤੇ ਵੇਖਣ ਵਿਚ ਨਹੀਂ ਆਈ। ਬਾਬਾ ਮੋਹਨ ਦੀ ਅਹੀਆਪੁਰ ਵਾਲੀ ਪੋਥੀ ਵਿਚ ਰਾਗੁ ਧਨਾਸਰੀ ਮਹਲੁ ੫ ਨਾਲ ਇਕ ਥਾਂ ਤੇ "ਮਰੂ ਗਡਾਓ" ਜ਼ਰੂਰ ਆਇਆ ਹੈ।

---

[1]ਉਪਰ ਲਟਕਦੇ ਅੰਕਾਂ ਦੇ ਪ੍ਰਸੰਗ ਵਿਚ ਵਰਣਿਤ ਹਰਚਰਨ ਸਿੰਘ ਹਰਭਜਨ ਸਿੰਘ ਚਾਵਲਾ ਵਾਲੀ ਬੀੜ ਵਿਚ ਦੋ ਥਾਵਾਂ ਤੇ ਛੰਦ ਰੂਪ (ਗਡਾ ਤੇ ਚਾਚਰੀ) ਲਿਖੇ ਹੋਏ ਹਨ। ਉਸ ਵਿਚ ਲਟਕਦੇ ਅੰਕ ਮਿ ਕਾਰਣ ਦੋਹਾਂ ਬੀੜਾਂ ਦੀ ਸਾਂਝ ਪ੍ਰਤੱਖ ਹੈ, ਪਰ ਭੋਗ ਦੀ ਸਮਾਪਤੀ ਦਾ ਫ਼ਰਕ ਹੈ। ਉਹ ਮੁੰਦਾਵਣੀ ਤੇ ਸ (ਤੇਰਾ ਕੀਤਾ ਜਾਤੋ ਨਾਹੀ) 'ਤੇ ਸਮਾਪਤ ਹੁੰਦੀ ਹੈ ਤੇ ਇਹ ਸ੍ਰਯਾਂ ਉੱਤੇ।

੩੦, ਭਾਈ ਹਰਿਦਾਸ ਲਿਖਿਤ ਬੀੜ
(ਸੰਮਤੁ ੧੭੫੦ ਅੰਦਾਜ਼ਨ)

ਸ਼ਿਖ ਰੈਫਰੈਂਸ ਲਾਇਬਰੇਰੀ ਦੇ ਐਕਸੈਸ਼ਨ ਨੰ. ੫੧੧ ਉਪਰ ਦਰਜ ਇਹ ਬੀੜ ਜੂਨ ੧੯੮੪ ਵਿਚ ਸ੍ਰੀ ਹਰਿਮੰਦਿਰ ਸਾਹਿਬ, ਅਮ੍ਰਿਤਸਰ, ਉਪਰ ਕੀਤੀ ਗਈ ਫੌਜੀ ਯਲਗ਼ਾਰ ਸਮੇਂ ਨਸ਼ਟ ਹੋ ਚੁਕੀ ਹੈ। ਇਸ ਦੁਖਦਾਈ ਘਟਨਾ ਤੋਂ ਪਹਲਾਂ ਗੁਰਦੁਆਰਾ ਇਨਸਪੈੱਕਟਰ ਭਾਈ ਰਣਧੀਰ ਸਿੰਘ, 'ਪੁਰਾਤਨਿ ਬੀੜਾਂ' ਦੇ ਕਰਤਾ ਸ੍ਵਾਮੀ ਹਰਨਾਮ ਦਾਸ, 'ਗੁਰਬਾਣੀ ਸੰਪਾਦਨ ਨਿਰਣੈ' ਦੇ ਰਚੈਤਾ ਪ੍ਰਿੰਸੀਪਲ ਹਰਿਭਜਨ ਸਿੰਘ ਅਤੇ ਭਾਈ ਜੋਗਿੰਦਰ ਸਿੰਘ ਤਲਵਾੜਾ ਦੀ ਟੀਮ ਨੇ ਇਸ ਦਾ ਘੋਖਵੀਂ ਪੁਣਛਾਣ ਨਾਲ ਅਧਿਐਨ ਕੀਤਾ ਸੀ। ਸਾਡੀ ਇਕਤ੍ਰ ਕੀਤੀ ਸੂਚਨਾ ਦੇ ਮੁੱਖ ਸੋਮੇ ਇਨ੍ਹਾਂ ਖੋਜਕਾਰਾਂ ਦੀਆਂ ਲਿਖਤਾਂ ਹੀ ਹਨ।

ਲਿਖਾਰੀ ਤੇ ਸਮਾਂ : ਇਹ ਬੀੜ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਿਖਾਰੀ ਭਾਈ ਹਰਿਦਾਸ ਦੀ ਲਿਖੀ ਹੋਈ ਸੀ। ਹਰਿਦਾਸ ਜੀ ਬਾਰੇ ਲਿਖਦਿਆਂ ਡਾ. ਬਲਬੀਰ ਸਿੰਘ ਜੀ ਆਪਣੀ ਪੁਸਤਕ 'ਸੁੱਧਿ ਸਰੂਪ' ਵਿਚ ਲਿਖਦੇ ਹਨ ਕਿ "ਹਰਿਦਾਸ ਦੇ ਉਤਾਰੇ ਭੁੱਲਾਂ ਦੇ ਲਿਹਾਜ਼ ਨਾਲ ਬੇ-ਐਬ ਹੁੰਦੇ ਸਨ"।[1] ਇਸ ਬੀੜ ਵਿਚ ਗ੍ਰੰਥ ਦੇ ਅਖੀਰ 'ਤੇ ਸਿਆਹੀ ਕੀ ਬਿਧਿ (ਪੱਤੀ ੭੪੧) ਦੇ ਪਿੱਛੋਂ ਇਸ ਭਾਵ ਦਾ ਲੇਖ ਪ੍ਰਾਪਤ ਸੀ–

> ਗਿਰੰਥ ਸੰਪੂਰਨ ਹੋਆ, ਲਿਖਿਆ ਹਰਿਦਾਸ ਲਿਖਾਰੀ; ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਿਖਾਰੀ ਲਿਖਿਆ ਹੈ ॥ ਭੂਲਿ ਚੂਕ ਹੋਵੈ ਸੋ ਸੋਧਣਾ ॥ ਗੁਲਾਮੁ ਪਤਿਤੁ ਅਘ ਪਤਤੁ ਮਹਾ ਪਤੁਤ ਹਰਿਦਾਸ ਲਿਖਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ॥

ਬੀੜ ਵਿਚ ਗ੍ਰੰਥ ਦੇ ਨਕਲ ਕੀਤੇ ਜਾਣ ਦਾ ਸੰਮਤੁ ਨਹੀਂ ਸੀ ਦਿੱਤਾ ਹੋਇਆ। ਐਪਰ, ਇਸ ਦੇ ਮਾਘ ਦੀ ਸੰਗ੍ਰਾਂਦ ਵਾਲੇ ਦਿਨ ਸੰਪੂਰਨ ਹੋਣ ਦੀ ਸੂਚਨਾ ਦਿੱਤੀ ਹੋਈ ਸੀ। ਇਸ ਵਿਚ ਲਿਖੇ ਜੋਤੀ ਜੋਤਿ ਸਮਾਵਣ ਦੇ ਚਲਿਤ੍ਰ ਨੌਵੇਂ ਪਾਤਸ਼ਾਹ ਤੇ ਮੁੱਕ ਜਾਂਦੇ ਸਨ। ਇਸ ਤੋਂ ਸਿੱਧ ਹੁੰਦਾ ਹੈ ਕਿ ਇਹ ਬੀੜ ਉਨ੍ਹਾਂ ਦੀ ਸ਼ਹਾਦਤ ਦੇ ਪਿੱਛੋਂ ੧੭੫੦ ਬਿਕ੍ਰਮੀ ਦੇ ਨੇੜੇ ਤੇੜੇ ਕਿਤੇ ਮੁੱਕੀ।

ਨੀਸਾਣੁ ਤੇ ਬਾਣੀ : ਬੀੜ ਵਿਚ ਤਤਕਰੇ ਤੋਂ ਪਹਲਾਂ ਨੌਵੇਂ ਪਾਤਸ਼ਾਹ ਦੇ ਕਰ ਕਮਲਾਂ ਨਾਲ ਲਿਖਿਆ ਮੂਲਮੰਤ੍ਰ ਨੀਸਾਣ ਵਜੋਂ ਪ੍ਰਾਪਤ ਸੀ। ਇਹ ਵਖਰੇ ਕਾਗਜ਼ ਤੇ

[1]ਦੇਖੋ ਉਪਰੋਕਿਤ ਪੁਸਤਕ, ਪੰਨਾ ੪੯.

ਹਾਸਲ ਕਰਕੇ ਬੀੜ ਵਿਚ ਚਮੋੜਿਆ ਹੋਇਆ ਸੀ। ਬੀੜ ਦਾ ਹਾਸ਼ੀਆ ਕਈ ਥਾਈਂ ਨਵਾਂ ਲਗਿਆ ਹੋਇਆ ਸੀ। ਪਤ੍ਰਿਆਂ ਨੂੰ ਅੰਕ ਸੰਸਕ੍ਰਿਤ ਗ੍ਰੰਥਾਂ ਦੀ ਵਿਧੀ ਅਨੁਸਾਰ ਪਤ੍ਰੇ ਦੇ ਮਗਰਲੇ ਪਾਸੇ ਲਗੇ ਹੋਏ ਸਨ। ਮੁੜ ਜਿਲਦ ਕਰਵਾਉਣ ਸਮੇਂ ਪਤ੍ਰਾ ੩੦੮ ਆਪਣੀ ਥਾਂ ਬਦਲ ਕੇ ਪਤ੍ਰਾ ੩੧੬ ਦੇ ਮਗਰ ਚਲਿਆ ਗਇਆ ਸੀ। ਪੰਨਾ ੮੦ ਤੋਂ ਲਿਖਾਰੀ ਦੀ ਕਲਮ ਬਦਲੀ ਹੋਈ ਸੀ। ਆਪਣੇ ਸ਼ੁਧ ਪਾਠਾਂ ਕਾਰਣ ਇਹ ਬੜਾ ਅਮੋਲਕ ਸੰਚਾ ਸੀ। ਬੀੜ ਵਿਚ ਨੌਵੇਂ ਮਹਲੁ ਦੀ ਬਾਣੀ ਥਾਓਂ ਥਾਈਂ ਚੜ੍ਹੀ ਹੋਈ ਸੀ। ਰਾਗੁ ਗਉੜੀ ਵਿਚ ਇਨ੍ਹਾਂ ਦੇ ਸ਼ਬਦ ਗਉੜੀ ਮਹਲਾ ੫ ਦੀ ਸਮਾਪਤੀ 'ਤੇ, ਥੱਲੇ ਬਚੀ ਥਾਂ ਤੋਂ ਲਿਖਣੇ ਸ਼ੁਰੂ ਕਰਕੇ ਨਵੇਂ ਪਤ੍ਰੇ ਉਪਰ ਪੂਰੇ ਕੀਤੇ ਹੋਏ ਸਨ। ਰਾਗੁ ਬਸੰਤ ਵਿਚ ਵੀ ਮਹਲਾ ੯ ਦੇ ਸ਼ਬਦ ਨਵਾਂ ਪਤ੍ਰਾ ਪਾ ਕੇ ਚੜ੍ਹਾਏ ਹੋਏ ਸਨ।

ਅੰਕ ਤੇ ਤਤਕਰੇ : ਪਤ੍ਰਿਆਂ ਨੂੰ ਅੰਕ ਪਿਛਲੇ ਪਾਸੇ (ਖੁਲ੍ਹੇ ਗ੍ਰੰਥ ਦੇ ਖੱਬੇ ਹੱਥ ਜਾਲੇ ਪੰਨੇ ਉਪਰ) ਲਗੇ ਹੋਏ ਸਨ। ਤਤਕਰੇ ਇਸ ਦੇ ਚਲ ਚੁਕੀ ਪਰਿਪਾਟੀ ਅਨੁਸਾਰ ਸਨ। ਸ਼ਬਦਾਂ ਦੇ ਤਤਕਰੇ ਵਿਚ ਲਗਪਗ ਹਰ ਥਾਂ ਪ੍ਰਤੀਕ ਵਜੋਂ ਸ਼ਬਦ ਦੀ ਪਹਲੀ ਤੁਕ ਪੂਰੀ ਦਿੱਤੀ ਹੋਈ ਸੀ। ਭਗਤਾਂ ਦੇ ਸ਼ਬਦਾਂ ਦੀਆਂ ਪ੍ਰਤੀਕਾਂ ਨਹੀਂ ਸਨ, ਉਨ੍ਹਾਂ ਨੂੰ ਕੇਵਲ ਇਕ ਹੀ ਪ੍ਰਤੀਕ "ਬਾਣੀ ਭਗਤਾਂ ਕੀ" ਨਾਲ ਭੁਗਤਾਇਆ ਗਇਆ ਸੀ। ਵਾਰਾਂ ਵਿਚ ਪ੍ਰਤੀਕਾਂ ਪਉੜੀਆਂ ਦੀਆਂ ਦਿੱਤੀਆਂ ਹੋਈਆਂ ਸਨ, ਸਲੋਕਾਂ ਦੀਆਂ ਨਹੀਂ।

ਮੰਗਲ ਤੇ ਸਿਰਲੇਖ : ਮੰਗਲ ਇਸ ਗ੍ਰੰਥ ਵਿਚ ਹਰ ਰਾਗੁ ਦੇ ਆਰੰਭ ਵਿਚ ਸੱਜੇ ਹੱਥ, ਉਪਰ ਕਰਕੇ ਲਿਖੇ ਹੋਏ ਸਨ। ਰਾਗਾਂ ਦੇ ਮੁੱਢ ਵਿਚ ਆਮ ਤੌਰ ਤੇ ਪੂਰਾ ਮੂਲਮੰਤ੍ਰ ਸੀ; ਕੇਵਲ ਬੈਰਾੜੀ, ਤੁਖਾਰੀ ਤੇ ਕੇਦਾਰਾ ਰਾਗਾਂ ਨਾਲ ਸੰਖੇਪ ਮੰਗਲ ਸਨ। ਵਾਰ ਰਾਗੁ ਆਸਾ ਛੋਟੇ ਮੰਗਲ ਨਾਲ ਹੀ ਸ਼ੁਰੂ ਹੁੰਦੀ ਸੀ।

ਹੋਰ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਸਨ :

੧. **ਰਹਰਾਸਿ** ਵਿਚ 'ਸੋ ਪੁਰਖੁ' ਵਾਲਾ ਚਹੁੰ ਸ਼ਬਦਾਂ ਦਾ ਜੁਟ ਸ਼ਾਮਲ ਸੀ।

੨. **ਗਉੜੀ** ਮਹਲਾ ੫ ਦੇ ਚਉਪਦੇ "ਚਿੰਤਾਮਣੀ ਕਰੁਣਮਏ . . ." ਦਾ ਪਾਠ ਸ੍ਵਾਮੀ ਹਰਨਾਮ ਦਾਸ ਦੇ ਨਿਰਣੈ ਅਨੁਸਾਰ ਇਸ ਬੀੜ ਵਿਚ ਸ਼ੁਧ ਪ੍ਰਾਪਤ ਸੀ, ਜਦੋਂ ਕਿ ਪ੍ਰਚਲਿਤ ਗ੍ਰੰਥਾਂ ਵਿਚ ਇਹ ਅਸ਼ੁੱਧ ਦਿਸ ਆਉਂਦਾ ਹੈ।[1]

੩. **ਗੂਜਰੀ** ਮਹਲਾ ੫ ਦੀ ਅੰਤਲੀ ਅਸ਼ਟਪਦੀ "ਨਾਥ ਨਰਹਰ ਦੀਨ" ਵਿਚ ਪਾਠ "ਨੇਤ ਦਰਸਨ ਸ੍ਰਵਨ ਹਰਿ ਜਸ" ਠੀਕ ਦਰਜ ਹੋਇਆ ਹੋਇਆ ਸੀ।

੪. ਇਸ ਬੀੜ ਵਿਚ ਰਾਗੁ **ਦੇਵਗੰਧਾਰੀ** ਨਾਲ ਮਹਲੇ ਸਭ ਥਾਂ ਦਰਜ ਸਨ।

[1]ਦੇਖੋ 'ਪੁਰਾਤਨਿ ਬੀੜਾਂ ਤੇ ਵਿਚਾਰ', ਭਾਗ ਪਹਲਾ, ਪੰਨਾ ੧੦੯.

੫. **ਸੋਰਠਿ** ਮਹਲਾ ੫ ਦਾ ਚਉਪਦਾ, 'ਸੰਤ ਜਨਾ ਸਿਉ ਦੂਖਨ ਕਰਤਾ' ਇਸ ਬੀੜ ਵਿਚ ਲਿਖਿਆ ਹੋਇਆ ਸੀ। ਇਸ ਰਾਗੁ ਵਿਚ ਕਬੀਰ ਜੀ ਦੇ ਤੀਜੇ ਸ਼ਬਦ ਵਿਚ ਪਾਠ "ਖ਼ਲਾਸੇ" ਸੀ।

੬. **ਰਾਮਕਲੀ** ਵਿਚ ਮਹਲਾ ੫ ਦਾ ਛੰਤ "ਰੁਣ ਝੁੰਝਨੜਾ ਗਾਉ ਸਖੀ" ਪੂਰਾ ਲਿਖਿਆ ਹੋਇਆ ਸੀ।

੭. **ਮਲਾਰ** ਵਿਚ ਮਹਲਾ ੫ ਦਾ ਸ਼ਬਦ "ਪ੍ਰਾਨ ਮਾਨ ਏਕ ਨਾਮੁ" ਪ੍ਰਾਪਤ ਸੀ।

→ ੮. **ਸਾਰੰਗ** ਵਿਚ ਸੂਰਦਾਸ ਦਾ ਪਦਾ "ਛਾਡਿ ਮਨ ਹਰ ਬਿਮੁਖਨ ਕੋ ਸੰਗੁ" ਪੂਰਾ, ਬਿਨਾ ਮੰਗਲ ਤੇ ਸਿਰਲੇਖ ਦੇ ਪਰਮਾਨੰਦ ਦੇ ਸ਼ਬਦ ਨਾਲ ਮਿਲਾ ਕੇ ਲਿਖਿਆ ਹੋਇਆ ਸੀ।

੯. **ਸਵੱਯੇ** ਮਹਲਾ ਦੂਜੇ ਦੇ ਸਾਰੇ ਦੇ ਸਾਰੇ "ਕਲ" ਕਵੀ-ਛਾਪ ਨਾਲ ਆਏ ਸਨ, "ਟਲ" ਨਾਲ ਨਹੀਂ।

→ ੧੦. ਸਲੋਕ ਵਾਰਾਂ ਤੇ ਵਧੀਕ ਮਹਲਾ ੯ ਦੇ ੫੭ ਸਲੋਕ ਦਰਜ ਕਰਕੇ ਭੋਗ ਮੁੰਦਾਵਣੀ 'ਤੇ ਪਾਇਆ ਹੋਇਆ ਸੀ।

੧੧. ਅੰਤ 'ਤੇ ਸਾਰੀਆਂ ਫਾਲਤੂ ਬਾਣੀਆਂ ਮੌਜੂਦ ਸਨ।

੧੨. ਇਸ ਬੀੜ ਵਿਚ ਅਨੁਨਾਸਿਕਤਾ ਨੂੰ ਦਰਸਾਉਣ ਲਈ ਬਿੰਦੀ ਦਾ ਪ੍ਰਯੋਗ ਕਈ ਥਾਵਾਂ ਤੇ ਹੋਇਆ ਹੋਇਆ ਸੀ। ਉਦਾਹਰਣ ਵਜੋਂ-

ੳ) ਵੇਲ ਨ ਪਾਇਆ ਪੰਡਤੀਂ।

ਅ) ਨਿਵ ਨਿਵ ਲਾਗਾਂ ਪਾਇ ਜੀਉ।

ੲ) ਰੀਸਾਂ ਕਰਹਿੰ ਤਿਨਾੜੀਆ।

ਸ) ਜਾਲਉਂ ਐਸੀ ਰੀਤਿ।

੩੧. ਬੀੜ ਡਾ. ਮਾਨ ਸਿੰਘ ਨਿਰੰਕਾਰੀ (ਦੂਜੀ)
(ਸੰਮਤੁ ੧੭੫੦ ਅੰਦਾਜ਼ਨ)

ਦੋ ਵਿਲੱਖਣ ਗੁਣ : ਡਾ. ਮਾਨ ਸਿੰਘ ਨਿਰੰਕਾਰੀ, ਅੰਮ੍ਰਿਤਸਰ, ਦੇ ਪੁਸਤਕਾਲੇ ਵਿਚ ਇਹ ਪੁਰਾਤਨ ਬੀੜ ਆਪਣੇ ਦੋ ਵਿਲੱਖਣ ਗੁਣਾਂ ਕਾਰਣ ਧਿਆਨ ਦੇਣ ਯੋਗ ਹੈ। ਇਕ ਤਾਂ ਇਸ ਵਿਚ ਸੰਬੰਧਿਤ ਸਭ ਥਾਵਾਂ ਤੇ ਮੂਲਮੰਤ੍ਰ ਨਹੀਂ, ਛੋਟਾ ਮੰਗਲ **੧ੴ ਸਤਿਗੁਰ ਪ੍ਰਸਾਦਿ** ਹੈ, ਇੱਥੋਂ ਤਕ ਕਿ ਜਪੁ ਸਾਹਿਬ ਦੇ ਮੁੱਢ ਵਿਚ ਲਿਖੇ ਜਾਂਦੇ ਮੂਲਮੰਤ੍ਰ ਨੂੰ ਵੀ ਇਸ ਬੀੜ ਵਿਚ ਗੌਣ ਥਾਂ ਦਿੱਤੀ ਹੋਈ ਹੈ; ਦੂਸਰੇ, ਸ਼ਬਦਾਂ ਦਾ ਤਤਕਰਾ ਗ੍ਰੰਥ ਦੇ ਮੁੱਢ ਵਿਚ ਨਹੀਂ, ਮੂਲ-ਪਾਠ ਦੇ ਅੰਦਰ ਅੱਡ ਅੱਡ ਰਾਗਾਂ ਨਾਲ, ਸੰਬੰਧਿਤ ਰਾਗੁ ਤੋਂ ਪਹਲਾਂ ਦਿੱਤਾ ਹੋਇਆ ਹੈ।

ਲਿਖਣ-ਕਾਲ : ਸੰਮਤੁ ਇਸ ਬੀੜ ਦੇ ਨਕਲ ਕੀਤੇ ਜਾਣ ਦਾ ਨਹੀਂ ਦਿੱਤਾ (ਪਤ੍ਰਾ ੭੭੫/ੳ)। ਪਰੰਤੂ ਇਸ ਦਾ ਅੰਦਾਜ਼ਾ ਗ੍ਰੰਥ ਦੇ ਅੰਤ ਵਿਚ ਦਿੱਤੇ ਜੋਤੀ ਜੋਤਿ ਸਮਾਵਣ ਕੇ ਚਲਿਤ੍ਰਾਂ ਤੋਂ ਲਗਾਇਆ ਜਾ ਸਕਦਾ ਹੈ। ਇਨ੍ਹਾਂ ਵਿਚ ਨੌਵੇਂ ਪਾਤਸ਼ਾਹ ਦੇ ਸਮਾਵਣ ਤਕ ਦੇ ਚਲਿਤ੍ਰ ਮੂਲ ਲਿਖਾਰੀ ਦੇ ਹੱਥ ਦੇ ਲਿਖੇ ਹੋਏ ਹਨ; ਦਸ਼ਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਮਾਵਣ ਦਾ ਇੰਦ੍ਰਾਜ ਕਿਸੇ ਹੋਰ ਹੱਥ ਦਾ ਕੀਤਾ ਹੋਇਆ ਹੈ। ਸੋ ਪਤਾ ਲਗਾ ਕਿ ਇਸ ਬੀੜ ਦੀ ਲਿਖਾਈ ਦਸ਼ਮ ਪਾਤਸ਼ਾਹ ਦੇ ਸਮੇਂ ਕਿਸੇ ਵੇਲੇ ਹੋਈ। ਇਸੇ ਕਾਰਣ ਅਸੀਂ ਲਿਖਣ-ਕਾਲ ਸੰਮਤੁ ੧੭੫੦ (ਅੰਦਾਜ਼ਨ) ਮੰਨ ਕੇ ਅੱਗੇ ਤੁਰੇ ਹਾਂ।

ਪਤ੍ਰਾ-ਅੰਕਣ ਵਿਧੀ ਇਸ ਗ੍ਰੰਥ ਦੀ ਵਿਗਿਆਨਕ ਹੈ; ਇਕ ਹੀ ਪਤ੍ਰੇ ਦਾ ਸਿਧਾ ਪੁੱਠਾ ਪਾਸ ਲੈ ਕੇ ਪਤ੍ਰਾ ਪੂਰਾ ਹੋਇਆ ਮੰਨਿਆ ਹੈ।

ਅੱਖਰਾਂ ਦੀ ਬਣਾਵਟ ਇਸ ਗ੍ਰੰਥ ਦੀ ਪੁਰਾਤਨਤਾ ਦੀ ਭਾਹ ਮਾਰਦੀ ਹੈ। ਕੰਨੇ ਦੀ ਥਾਂ ਬਹੁਤ ਕਰਕੇ ਗੋਲ ਬਿੰਦੀ ਵਰਤੀ ਹੋਈ ਹੈ, ਭਾਵੇਂ ਡੰਡੀ ਵਾਲੇ ਕੰਨੇ ਦਾ ਪ੍ਰਯੋਗ ਵੀ ਬਹੁਤ ਥਾਈਂ ਹੋਇਆ ਮਿਲਦਾ ਹੈ। ਇਸ ਪੱਖ ਤੋਂ ਇਹ ਬੀੜ ਕੰਨੇ ਤੇ ਗੋਲਬਿੰਦੀ ਵਾਲੀ ਅਵਸਥਾ ਤੋਂ ਡੰਡੀ ਵਾਲੀ ਅਵਸਥਾ ਵਿਚ ਪਰਿਵਰਤਨ ਕਰਨ ਦੇ ਕਾਲ ਦੀ ਸੂਚਕ ਕਹੀ ਜਾ ਸਕਦੀ ਹੈ।

ਤਤਕਰੇ : ਗ੍ਰੰਥ ਦੇ ਮੁੱਢ ਵਿਚ ਤਤਕਰਾ ਰਾਗਾਂ ਕਾ ਹੈ, ਉਹੀ ਜਿਸ ਨੂੰ ਅਸੀਂ "ਸੂਚੀ-ਪਤ੍ਰ" ਦੇ ਨਾਂ ਨਾਲ ਜਾਣਦੇ ਹਾਂ। ਪਰ ਇੱਥੇ ਸੂਚੀਪਤ੍ਰ ਪਦ ਵਰਤਿਆ ਹੋਇਆ ਨਹੀਂ ਹੈ। ਤਤਕਰਾ ਦੋ ਕਾਲਮਾਂ ਵਿਚ ਹੈ ਤੇ ੧ੴ ਦੇ ਸਿਰਲੇਖ ਹੇਠ ਚਲਦਾ ਹੈ। ਇਸ ਦੇ ਜਪੁ ਦੇ

ਅੱਗੇ ਨਕਲ ਦਰ ਨਕਲ ਹੋਣ ਦੀ ਸੂਚਨਾ ਨਹੀਂ ਹੈ, ਨਾ ਹੀ ਇਸ ਨਾਲ ਨੀਸਾਣੁ ਆਦਿ ਪਦ ਦੀ ਵਰਤੋਂ ਹੋਈ ਹੋਈ ਹੈ।

ਸ਼ਬਦਾਂ ਦੇ ਤਤਕਰੇ ਵਿਚ ਭਗਤਾਂ ਦੀ ਬਾਣੀ ਦੀਆਂ ਪ੍ਰਤੀਕਾਂ ਦਿੱਤੀਆਂ ਹੋਈਆਂ ਹਨ, ਪਰ ਉਨ੍ਹਾਂ ਅੱਗੇ ਪਤ੍ਰਿਆਂ ਦੇ ਅੰਕ ਨਹੀਂ ਹਨ। ਸ੍ਵਿਾਇ ਰਾਗੁ ਮਾਝ ਦੀ ਵਾਰ ਦੇ, ਬਾਕੀ ਸਾਰੀਆਂ ਵਾਰਾਂ ਉਪਰ ਧੁਨੀਆਂ ਚੜ੍ਹੀਆਂ ਹੋਈਆਂ ਹਨ।

ਬਾਣੀ ਦਾ ਵੇਰਵਾ : ਨੌਵੇਂ ਮਹਲੁ ਦੀ ਬਾਣੀ ਇਸ ਵਿਚ ਥਾਓਂ ਥਾਈਂ ਚੜ੍ਹੀ ਹੋਈ ਹੈ। ਸਲੋਕ ਨੌਵੇਂ ਮਹਲੁ ਦੇ, 'ਸਲੋਕ ਵਾਰਾਂ ਤੋਂ ਵਧੀਕ' ਦੇ ਮਗਰ ਤੇ ਮੁੰਦਾਵਣੀ ਤਥਾ ਸਲੋਕ "ਤੇਰਾ ਕੀਤਾ ਜਾਤੋ ਨਾਹੀ" ਤੋਂ ਪਹਿਲਾਂ ਰਖੇ ਹੋਏ ਹਨ। ਭੋਗ ਇਸ ਗ੍ਰੰਥ ਦਾ ਸਲੋਕ ਵਾਰਾਂ ਤੇ ਵਧੀਕ, ਸਵੱਯਾਂ ਅਤੇ ਸਲੋਕ ਕਬੀਰ ਜੀਉ ਕੇ ਤੋਂ ਹੁੰਦਾ ਹੋਇਆ ਸ਼ੇਖ ਫ਼ਰੀਦ ਦੇ ਸਲੋਕਾਂ 'ਤੇ ਪੈਂਦਾ ਹੈ। ਸਿਵਾਇ ਰਾਗਮਾਲਾ ਦੇ, ਜੋ ਅੰਤ ਤੇ ਫ਼ਰੀਦ ਜੀ ਦੇ ਸਲੋਕਾਂ ਤੋਂ ਬਾਅਦ, ਦਿੱਤੀ ਹੋਈ ਹੈ, ਹੋਰ ਕੋਈ ਫ਼ਾਲਤੂ ਬਾਣੀ ਇਸ ਬੀੜ ਵਿਚ ਨਹੀਂ ਹੈ। ਹਾਂ, ਰਾਗਮਾਲਾ ਤੋਂ ਬਾਅਦ "ਸਾਖੀ ਗੁਰੂ ਬਾਬੇ ਕੀ" ਸਿਰਲੇਖ ਹੇਠ "ਗੁਰੂ ਬੋਲਿਆ ਜੁ ਪੰਜਿ ਕੰਮ ਨ ਕਰੈ" . . . ਇਤਿ ਆਦਿ ਵਿਧੀ ਨਿਸ਼ੇਧ ਦੇ ਕੁਝ ਪਦੇ ਦਰਜ ਹਨ। ਇਹ ਪਤ੍ਰਾ ੭੭੪/ਅ ਉਪਰ ਮੁਕਦੇ ਹਨ।

ਚਲਿਤ੍ਰ ਜੋਤੀ ਜੋਤਿ ਸਮਾਵਣ ਕੇ ਪਤ੍ਰਾ ੭੭੫/ੳ ਉਪਰ ਦਿੱਤੇ ਹੋਏ ਹਨ। "ਸ੍ਰੀ ਬਾਬਾ ਨਾਨਕ ਦੇਉ ਜੀਉ" ਦਾ ਚਲਿਤ੍ਰ ਵਰਤਮਾਨ ਪੱਧਤੀ ਨਾਲ "ਸੰਮਤੁ ੧੫੯੬" ਕਰਕੇ ਲਿਖਿਆ ਹੋਇਆ ਹੈ ਤੇ ਇਸੇ ਤਰ੍ਹਾਂ ਨੌਵੇਂ ਸਤਿਗੁਰਾਂ ਦਾ ਚਲਿਤ੍ਰ "ਸੰਮਤ ੧੭੩੩ ਮਘਰੁ ਸੁਦੀ ੫" ਵੀ ਵਰਤਮਾਨ ਪੱਧਤੀ ਨਾਲ ਅੰਕਿਤ ਹੈ। ਬਾਬਾ ਗੁਰਦਿੱਤਾ ਜੀ ਦੇ ਚਲਾਣੇ ਦੀ ਥਿਤ ਵੀ ਇਸ ਵਿਚ ਦਰਜ ਸੀ, ਪਰ ਬਾਅਦ ਵਿਚ ਹੜਤਾਲ ਫੇਰ ਕੇ ਕੱਟ ਦਿੱਤੀ ਗਈ ਹੈ।

ਹੋਰ ਵਿਸ਼ੇਸ਼ਤਾਵਾਂ ਇਸ ਗ੍ਰੰਥ ਦੀਆਂ ਨਿਮਨ ਲਿਖੇ ਅਨੁਸਾਰ ਹਨ :

੧. **ਜਪੁ** ਇਸ ਬੀੜ ਵਿਚ ਇੰਞ ਸ਼ੁਰੂ ਹੁੰਦਾ ਹੈ।

੧ੳ ਸਤਿਗੁਰ ਪ੍ਰਸਾਦਿ

ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥ ਆਦਿ ਸਚੁ . . . ਹੈ ਭੀ ਸਚੁ ॥੧॥
ਸੋਚੈ ਸੋਚਿ . . .

ਜਪੁ ਵਿਚ ਆਏ ਕੁਝ ਸ਼ਬਦ-ਜੋੜ ਇੰਞ ਹਨ : ਮੁਹੋਂ, ਧੌਲ, ਕੌਣ (ਕਉਣ ਕਟ ਕੇ ਕੌਣ ਕੀਤਾ ਹੋਇਆ ਹੈ), ਰਖੀਸਰ, ਜੀਭੋਂ, ਆਦਿ।

੨. **ਰਹਰਾਸਿ** ਵਿਚਲੇ "ਸੋ ਪੁਰਖ" ਜੁਟ ਵਾਲੇ ਚਾਰ ਸ਼ਬਦ ਇਸ ਬੀੜ ਵਿਚ ਨਹੀਂ ਸਨ, ਮਗਰੋਂ ਕਿਸੇ ਨੇ ਵਧਾਣ ਦਾ ਯਤਨ ਕੀਤਾ, ਪਰ ਫਿਰ ਹੜਤਾਲ ਦਿੱਤੇ ਗਏ।

੩. ਅੱਗੇ "ਰਾਗੁ ਗਉੜੀ ਮਹਲਾ ੧ ਦੀਪਕੀ **ਸੋਹਿਲਾ ਆਰਤੀ**" ਹੈ ਤੇ ਇਸ ਪਿੱਛੋਂ ਸ੍ਰੀ (ਸਿਰੀ) ਰਾਗੁ ਦੇ ਸ਼ਬਦਾਂ ਦਾ ਤਤਕਰਾ ਹੈ। "ਸ੍ਰੀ" ਨੂੰ ਮੁਖ ਰੂਪ ਵਿਚ 'ਸ੍ਰਿੀ' ਕਰਕੇ ਲਿਖਿਆ ਹੈ। ਸਿਰੀ ਰਾਗੁ ਦੀਆਂ ਰਹਾਉ ਦੀਆਂ ਤੁਕਾਂ ਨਾਲ ਅੰਕ (੧) ਨਹੀਂ ਹੈ। ਗਉੜੀ ਗੁਆਰੇਰੀ ਮਹਲਾ ੧ ਦੀਆਂ ਰਹਾਉ ਦੀਆਂ ਤੁਕਾਂ ਨਾਲ ਵੀ ਅੰਕ (੧) ਨਹੀਂ ਆਇਆ।

੪. ਰਾਗੁ **ਗਉੜੀ** "ਗੁਆਰੇਰੀ" ਪਦ ਨਾਲ ਸ਼ੁਰੂ ਹੁੰਦਾ ਹੈ। ਅੰਦਰ ਗਉੜੀ ਹੀ ਸੀ, "ਗੁਆਰੇਰੀ" ਬਾਅਦ ਵਿਚ ਵਧਾਇਆ ਹੋਇਆ ਹੈ। ਇਸ ਵਿਚ ਕਬੀਰ ਜੀ ਦਾ ਕਥਿਤ ਚਉਪਦਾ "ਗਗਨ ਮੰਡਲ ਮਹਿ ਏਕੋ ਸੋਈ" ਨਹੀਂ ਹੈ। ਕਬੀਰ ਜੀ ਦੀ ਵਾਰ ਨਾਂ ਦੀ ਬਾਣੀ ਤੋਂ ਪਹਲਾਂ "ਧਰ ਅੰਬਰ ਵਿਚਿ ਬਲੇਝੀ" . . . ਇੱਥੇ ਹਾਸ਼ੀਏ ਵਿਚ ਮੂਲ ਲਿਖਾਰੀ ਦੇ ਹੱਥ ਦਾ ਹੀ ਲਿਖਿਆ ਹੋਇਆ ਹੈ। ਕਬੀਰ ਜੀ ਦੇ ਚਉਪਦੇ "ਕਾਲਬੂਤ ਕੀ ਹਸਤਨੀ" ਵਿੱਚੋਂ ਗੁਮ ਤੁਕ, "ਦੁਰਲਭ ਦੇਹ ਕਉ ਕਾਜ" ਇਸ ਬੀੜ ਵਿਚ ਨਹੀਂ।

੫. ਰਾਗੁ **ਆਸਾ** ਵਿਚ "ਸੋ ਪੁਰਖੁ", "ਸੋ ਦਰੁ" ਦੇ ਮਗਰ ਦਰਜ ਹੈ, ਗੋਇਆ ਬੇ-ਮਿਸਲ ਹੈ। ਇਸ ਰਾਗ ਦੇ ਮੂਲ ਪਾਠ ਵਿਚ ਸਿਰਲੇਖ ਵਜੋਂ ਲਿਖੇ ਰਾਗੁ ਤੇ ਮਹੱਲਿਆਂ ਦੇ ਨਾਲ ਘਰੁ ਪਦ ਵੀ ਸਭ ਥਾਂ ਦਰਜ ਹੈ। ਪਰੰਤੂ ਭਗਤਾਂ ਦੀ ਬਾਣੀ ਵਿਚ ਸਿਰਲੇਖ ਕੇਵਲ "ਆਸਾ" ਲਿਖਿਆ ਹੈ; ਨ ਕਰਤਾ ਹੈ ਤੇ ਨ ਘਰੁ। ਵਾਰ ਰਾਗੁ ਆਸਾ ਛੋਟੇ ਮੰਗਲ ਨਾਲ ਹੀ ਦਰਜ ਹੈ।

੬. ਅੰਦਰ ਮੂਲ ਪਾਠ ਵਿਚ ਘਰੁ ਲਿਖਣ ਦੀ ਪਰਿਪਾਟੀ ਰਾਗੁ **ਗੂਜਰੀ** ਵਿਚ ਵੀ ਦੁਹਰਾਈ ਹੋਈ ਹੈ। ਗੂਜਰੀ ਮਹਲਾ ੫ ਅਸ਼ਟਪਦੀ ਘਰੁ ੪ (ਨਾਥ ਨਰਹਰ ਦੀਨ ਬੰਧਵ) ਦੇ ਅੰਤ ਤੇ ਪਾਠ "ਨੇਤ ਦਰਸਨ" (੩੧੦/ਅ) ਠੀਕ ਦਿੱਤਾ ਹੋਇਆ ਹੈ। ਇਸ ਰਾਗੁ ਵਿਚ ਅਤੇ ਰਾਗੁ ਸੋਰਠਿ ਿਚ ਵੀ ਕਬੀਰ ਨੂੰ "ਕੰਬੀਰ" ਕਰਕੇ ਲਿਖਿਆ ਹੋਇਆ ਹੈ। ਇਸ ਰਾਗੁ ਵਿਚ ਤ੍ਰਿਲੋਚਨ ਜੀ ਦਾ ਤੀਸਰਾ ਸ਼ਬਦ "ਨਵ ਨਿਧਿ ਪਰਸੀ ਕਾਹਿ" ਨਹੀਂ ਹੈ।

੭. **ਦੇਵਗੰਧਾਰੀ** ਦੇ ਸ਼ਬਦਾਂ ਨਾਲ ਮਹੱਲੇ ਸਭ ਥਾਂ ਦਰਜ ਹਨ।

੮. **ਸੋਰਠਿ** ਮਹਲਾ ੫ ਦਾ ਚਉਪਦਾ "ਸੰਤ ਜਨਾ ਸਿਉ ਦੂਖਨ ਕਰਤਾ" ਇਸ ਬੀੜ ਵਿਚ ਨਹੀਂ। ਇਸ ਰਾਗੁ ਦੀ ਵਾਰ ਦੀ ਪਉੜੀ ੨੯ ਦੇ ਮਹਲਾ ੩ ਦੇ ਦੂਜੇ ਸਲੋਕ ਵਿਚ ਤੁਕ, "ਆਪੇ ਦੇ ਵਡਿਆਈਆਂ ਆਪੇ ਨਦਰਿ ਕਰੇਇ", ਇਸ ਬੀੜ ਵਿਚ ਪ੍ਰਾਪਤ ਨਹੀਂ ਹੈ। ਕਬੀਰ ਜੀ ਦੇ ਤੀਜੇ ਪਦੇ (ਬੇਦ ਪੁਰਾਨ ਸਭੈ ਮਤਿ ਸੁਨਿ ਕੈ) ਵਿਚ ਪਾਠ "ਖਲਾਸੇ" ਆਇਆ ਹੈ। ਕਬੀਰ ਜੀ ਦਾ ਪਦਾ, "ਅਉਧੂ ਜੋ ਜੋਗੀ ਗੁਰੁ ਮੇਰਾ", ਇਸ ਬੀੜ ਵਿਚ ਪ੍ਰਾਪਤ ਹੈ, ਕੇਵਲ ਇਕ ਤੁਕ (ਪਤ੍ਰਾ ੩੯੮)।

੯. ਰਾਗੁ ਦਾ ਨਾਂ **ਧਨਾਸਰੀ** ਇਸ ਬੀੜ ਵਿਚ "ਧਨਾਸ੍ਰੀ" ਕਰਕੇ ਲਿਖਿਆ ਹੋਇਆ ਹੈ। ਇਸ ਰਾਗੁ ਵਿਚ ਚਉਪਦਾ "ਨਦਰਿ ਕਰੇ ਤਾ ਸਿਮਰਿਆ ਜਾਇ" ਮਹਲਾ ੧

ਦਾ ਮੰਨਿਆ ਗਇਆ ਹੈ। /੧/ ਕਿਸੇ ਅੰਕ ਨੂੰ ਭੰਨ ਕੇ ਬਣਾਇਆ ਹੋਇਆਂ ਹੈ। ਕਬੀਰ ਦੇ ਚਉਪਦੇ 'ਸਨਕ ਸਨੰਦ ਮਹੇਸ਼ ਸਮਾਨਾ' ਦੀ ਗੁਮ ਅੱਧੀ ਤੁਕ, "ਨਿਰਗੁਨ ਰਾਮ ਜਪਹੁ ਮੇਰੀ ਮਾਈ" ਇਸ ਬੀੜ ਵਿਚ ਨਹੀਂ ਹੈ। ਇਸ ਰਾਗੁ ਦੇ ਭਗਤਾਂ ਦੇ ਸ਼ਬਦ ਭਗਤਾਂ ਦੇ ਨਾਂਵਾਂ ਨਾਲ ਨਿਖੇੜਾ ਕਰਕੇ ਨਹੀਂ ਦਿੱਤੇ; ਇਕ ਹੀ ਪ੍ਰਤੀਕ ਨਾਲ ਭੁਗਤਾਏ ਗਏ ਹਨ। ਸ਼ਬਦਾਂ ਦੇ ਸਿਰਲੇਖ ਵਜੋਂ ਨਿਪਟ ਰਾਗੁ ਦਾ ਨਾਂ (ਧਨਾਸ੍ਰੀ) ਹੀ ਲਿਖਿਆ ਹੈ। ਅੱਗੇ ਰਾਗੁ **ਟੋਡੀ** ਵਿਚ ਵੀ ਇਹੀ ਕੈਫੀਅਤ ਹੈ।

੧੦. **ਗੋਂਡ** ਨਾਮਦੇਉ ਘਰੁ ੧ ਦੇ ਚੌਥੇ ਸ਼ਬਦ ਪਿੱਛੇ ਪਦ "ਏਈ ਤੇ ਨਾਮਾ ਏਈ ਤੇ" ਇਸ ਬੀੜ ਵਿਚ ਨਹੀਂ ਹੈ।

੧੧. **ਰਾਮਕਲੀ** ਦਾ ਮਹਲਾ ੫ ਦਾ ਕਥਿਤ ਛੰਤ "ਰੁਣ ਝੁੰਝਨੜਾ ਗਾਉ ਸਖੀ" ਇਸ ਬੀੜ ਵਿਚ ਪ੍ਰਾਪਤ ਹੈ (ਪਤ੍ਰਾ ੫੨੯/ੳ)। ਇਹ ਹਾਸ਼ੀਏ ਵਿਚ ਲਿਖਿਆ ਹੋਇਆ ਹੈ। ਕਬੀਰ ਦੇ ਸ਼ਬਦ "ਜਿਹ ਮੁਖ ਬੇਦ ਗਾਇਤ੍ਰੀ ਨਿਕਸੈ" ਦਾ ਚੌਥਾ ਬੰਦ "ਮੱਖਰ ਸਾਚੇ ਬੇਦੁ ਵੀ ਸਾਚਾ" ਤੁਕ ਵਾਲਾ ਇਸ ਬੀੜ ਵਿਚ ਨਹੀਂ ਹੈ।

੧੨. ਰਾਗੁ **ਮਾਰੂ** ਦਾ ਸੋਹਲਾ "ਅਗਮ ਅਗੋਚਰ ਬੇ ਪਰਵਾਹ" ਤਤਕਰੇ ਵਿਚ ਮਹਲਾ ੩ ਦੇ ਸੋਲਹਿਆਂ ਦੀ ਤਖਤੀ ਵਿਚ ਤੀਜੇ ਨੰਬਰ ਤੇ ਸੀ, ਪਰ ਅੰਦਰ ੨੩ਵੇਂ ਉੱਤੇ ਦਰਜ ਹੈ। ਫਲਸ੍ਵਰੂਪ ਤਤਕਰੇ ਵਿੱਚੋਂ ਵੀ ਕੱਟ ਕੇ ਹੁਣ ੨੩ਵੇਂ ਥਾਂ ਦਰਜ ਕੀਤਾ ਹੋਇਆ ਹੈ। ਇਹ ਚੀਜ਼ ਦਸਦੀ ਹੈ ਕਿ ਇਸ ਬੀੜ ਦਾ ਤਤਕਰਾ ਵੀ ਕਿਧਰੋਂ ਚੁਕ ਲਇਆ ਗਇਆ ਸੀ। ਇਸ ਰਾਗੁ ਵਿਚਲੀ ਵਾਰ ਮਹਲਾ ੩ ਦਾ ਪਹਲਾ ਸਲੋਕ ਬੀੜ ਵਿਚ ਮਹਲਾ ੧ ਦਾ ਕਰਕੇ ਦਰਜ ਹੈ। ਰਵਿਦਾਸ ਦਾ ਰਾਗੁ ਸੋਰਠਿ ਵਾਲਾ ਸ਼ਬਦ "ਸੁਖ ਸਾਗਰ ਸੁਰਤਰ ਚਿੰਤਾਮਨਿ" ਇਸ ਰਾਗੁ ਵਿਚ ਦੁਹਰਾਇਆ ਹੋਇਆ ਨਹੀਂ। ਮੀਰਾ ਦਾ ਸ਼ਬਦ ਹੈ (ਪਤ੍ਰਾ ੬੧੩/ੳ)।

੧੩. **ਬਸੰਤ** ਵਿਚ ਚਉਪਦਾ "ਬਸਤ੍ਰ ਉਤਾਰਿ ਦਿਗੰਬਰ ਹੋਗ" ਮਹਲਾ ੧ ਦੀ ਪੱਟੀ ਵਿਚ ਮਹਲਾ ੩ ਦਾ ਕਰਕੇ ਦਰਜ ਸੀ; ਮਗਰੋਂ /੩/ ਮਿਟਾ ਕੇ /੧/ ਕੀਤਾ ਹੋਇਆ ਹੈ। ਇਕਤੁਕਾ "ਸਾਹਿਬ ਭਾਵੈ ਸੇਵਕੁ ਸੇਵਾ ਕਰੈ" ਮਹਲਾ ੧ ਦਾ ਕਰਕੇ ਲਿਖਿਆ ਹੋਇਆ ਹੈ (੬੪੪/ਅ)। ਇਸ ਰਾਗੁ ਦੀ ਸੰਗਿਆ ਮੁੱਢ ਵਿਚ "ਬਸੰਤੁ" ਕਰਕੇ ਲਿਖੀ ਹੋਈ ਸੀ; "ਹਿੰਡੋਲ" ਕੁਝ ਥਾਵਾਂ 'ਤੇ ਬਾਅਦ ਵਿਚ ਵਧਾਇਆ ਗਇਆ ਹੈ। ਮਹਲਾ ੧ ਘਰੁ ੨ ਦੇ ਤੀਜੇ ਚਉਪਦੇ "ਰਾਜਾ ਬਾਲਕ ਨਗਰੀ ਕਾਚੀ" ਵਿਚ ਚੌਥਾ ਬੰਦ "ਕਹਿਆ ਸੁਣਹਿ ਨ ਖਾਇਆ ਮਾਨਹਿ" ਇਸ ਬੀੜ ਵਿਚ ਪ੍ਰਾਪਤ ਹੈ (੬੪੬/ੳ)।

੧੪. **ਸਾਰੰਗ** ਵਿਚਲਾ ਸੂਰਦਾਸ ਦਾ ਪਦਾ "ਛਾਡਿ ਮਨ ਹਰਿ ਬਿਮੁਖਨ ਕਉ ਸੰਗ" ਇਸ ਬੀੜ ਵਿਚ ਨਹੀਂ ਹੈ।

੧੫. **ਮਲਾਰ** ਮਹਲਾ ੫ ਘਰੁ ੨ ਦਾ ਚਉਪਦਾ "ਪ੍ਰਾਨ ਮਾਨ ਏਕੋ ਨਾਮੁ" ਮਗਰੋਂ ਵਧਾ ਕੇ ਫਿਰ ਹੜਤਾਲ ਦਿੱਤਾ ਗਇਆ ਹੈ (੬੯੫/ੳ)।

੧੬. ਰਾਗੁ **ਪ੍ਰਭਾਤੀ** ਦੇ ਸ਼ਬਦ-ਜੋੜ "ਪਰਭਾਤੀ" ਹਨ ਤੇ "ਬਿਭਾਸ" ਪਦ ਥਾਵਾਂ ਤੇ ਬਾਅਦ ਵਿਚ ਵਧਾਇਆ ਹੋਇਆ ਹੈ।

੧੭. **ਸਲੋਕ ਸਹਸਕ੍ਰਿਤੀ** ਮਹਲਾ ੧ ਤੇ ੨ ਦੇ ਸਲੋਕ ਇਸ ਬੀੜ ਵਿਚ ਅੰਕਿ ਨਹੀਂ ਹਨ।

੧੮. ਭੱਟਾਂ ਦੇ ਦੂਜੇ ਮਹੱਲੇ ਦੇ **ਸਵੱਯਾਂ** ਦੇ ਅੰਤ ਤੇ ਪਾਠ "ਸੁ ਕਹੁ ਟਲ" ਹੈ ਹੈ (੭੫੫/ੳ)।

੧੯. ਨੌਵੇਂ ਮਹਲੁ ਦੇ ਸਲੋਕਾਂ ਵਿੱਚੋਂ "ਬਲ ਹੋਉ ਬੰਧਨ ਛੁਟੇ" ਇਸ ਬੀੜ ਵਿਚ ਮਹਲਾ ੧੦ ਦਾ ਕਰਕੇ ਲਿਖਿਆ ਹੋਇਆ ਹੈ।

੩੨. ਸਫ਼ਰੀ ਬੀੜ ਡਾ. ਮਦਨਜੀਤ ਕੌਰ
(ਸੰਮਤੁ ੧੭੫੮)

ਗ੍ਰੰਥ ਦੀ ਆਕ੍ਰਿਤੀ : ਇਹ ਸਫ਼ਰੀ ਬੀੜ ਡਾ. ਮਦਨਜੀਤ ਕੌਰ, ਪ੍ਰੋਫੈਸਰ, ਗੁਰੂ ਨਾਨਕ ਅਧਿਐਨ ਵਿਭਾਗ, ਪਾਸ ਸੁਰੱਖਿਅਤ ਹੈ। ਇਹ ਕਿਤਾਬੀ ਸ਼ਕਲ ਦੀ ਹੈ, ਭਾਵ ਇਸ ਦਾ ਪੇਂਦਾ ਛੋਟਾ ਤੇ ਉਚਾਈ ਲੰਬੀ ਹੈ। ਅੱਖਰ ਬਾਰੀਕ ਹਨ। ਬੀੜ ਦੇ ਕੁਲ ਪੱਤਰੇ ੫੭੩ ਹਨ, ਜਿਨ੍ਹਾਂ ਵਿਚੋਂ ਅੱਠ (੩੬੯ ਤੋਂ ੩੭੬ ਤਕ) ਗੁਮ ਹਨ। ਪਤ੍ਰਿਆਂ ਦੇ ਅੰਕ ਖੁਲ੍ਹੇ ਗ੍ਰੰਥ ਦੇ ਸੱਜੇ ਹੱਥ ਵਾਲੇ ਪੰਨੇ ਉੱਤੇ ਲਗੇ ਹੋਏ ਹਨ; ਮਗਰਲਾ ਪੰਨਾ ਖ਼ਾਲੀ ਹੈ। ਜਿਲਦ ਦੋਬਾਰਾ ਬਣੀ ਹੋਈ ਹੈ, ਚਮੜੇ ਦੀ। ਕਾਗਜ਼ ਬਾਰੀਕ ਕਸ਼ਮੀਰੀ ਹੈ—ਅਜੇਹਾ ਜੋ ਸਫ਼ਰੀ ਬੀੜਾਂ ਲਈ ਭਾਰ ਨੂੰ ਹੌਲਾ ਰੱਖਣ ਦੇ ਯੋਗ ਹੋਵੇ।

ਚਲਿਤ੍ਰ ਸਮਾਵਣੇ ਕੇ, ਤਤਕਰੇ ਤੇ ਨਕਲ-ਕਾਲ : ਬੀੜ ਦੇ ਮੁੱਢ ਵਿਚ ਚਲਿਤ੍ਰ ਜੋਤੀ ਜੋਤਿ ਸਮਾਵਣੇ ਕੇ ਲਗੇ ਹੋਏ ਹਨ। ਅੰਤਿਮ ਚਲਿਤ੍ਰ ਗੁਰੂ ਗੋਬਿੰਦ ਸਿੰਘ ਦੇ ਸਮਾਵਣ ਦਾ ਹੈ। ਇਹ ਬਾਅਦ ਵਿਚ ਲਿਖੇ ਲਗਦੇ ਹਨ, ਕਿਉਂਜੋ ਗ੍ਰੰਥ ਦਾ ਤਤਕਰਾ ਸਾਮ੍ਹਣੇ ਵਾਲੇ ਪਤ੍ਰੇ ਤੋਂ ਸ਼ੁਰੂ ਹੁੰਦਾ ਹੈ ਜਿਸ ਉੱਤੇ ਅੰਕ ੧ ਲਗਾ ਹੋਇਆ ਹੈ। ਤਤਕਰੇ ਵਿਚ ਸਮਾਵਣੇ ਕੇ ਚਲਿਤ੍ਰਾਂ ਦਾ ਜ਼ਿਕਰ ਨਹੀਂ ਹੈ। ਤਤਕਰਾ ਪਤ੍ਰਾ ੩੨ ਤਕ ਫੈਲਿਆ ਹੋਇਆ ਹੈ, ਜਿਸ ਪਿੱਛੋਂ ਦੋ ਪੱਤਰੇ ਖ਼ਾਲੀ ਹਨ। ਤਤਕਰੇ ਦੇ ਅੰਤਲੇ ਕੁਝ ਪਤ੍ਰੇ ਅਸਲ ਨਾਲੋਂ ਕੁਝ ਮੋਟੇਰੇ ਕਾਗਜ਼ ਉੱਤੇ ਲਿਖੇ ਹੋਏ ਹਨ। ਉਸ ਵਕਤ ਤਕ ਚਲ ਚੁਕੀ ਰੀਤਿ ਅਨੁਸਾਰ ਇਸ ਵਿਚ ਤਿੰਨ ਤਤਕਰੇ ਲਗੇ ਹੋਏ ਹਨ : (੧) ਸੂਚੀਪਤ੍ਰ ਪੋਥੀ ਕਾ, (੨) ਤਤਕਰੇ ਕਾ ਤਤਕਰਾ, ਅਤੇ (੩) ਤਤਕਰਾ ਸ਼ਬਦਾਂ ਕਾ। ਤਤਕਰਾ ਸ਼ਬਦਾਂ ਕਾ ਨਾਲ ਸੰਬੰਧਿਤ ਪੱਤੀਆਂ ਵੀ ਲਿਖੀਆਂ ਹੋਈਆਂ ਹਨ। ਇਹ ਇਸ ਹੱਥ-ਲਿਖਤ ਸੈਂਚੀ ਦੀ ਬੜੀ ਅਦਭੁਤ ਵਿਲੱਖਣਤਾ ਹੈ। ਤਤਕਰਾ ਅੰਦਰ ਦਿੱਤੇ ਸ਼ਬਦਾਂ ਨਾਲ ਠੀਕ ਮੇਲ ਖਾਂਦਾ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਕਿਸੇ ਹੋਰ ਥਾਂ ਤੋਂ ਲੈ ਕੇ ਨਕਲ ਨਹੀਂ ਕੀਤਾ ਗਇਆ। ਤਤਕਰੇ ਦੇ ਮੁੱਢ ਵਿਚ ਗ੍ਰੰਥ ਲਿਖੇ ਜਾਣ ਦੀ ਮਿਤੀ ਇਸ ਤਰ੍ਹਾਂ ਦਰਜ ਹੈ :

> ਸੂਚੀਪਤ੍ਰ ਪੋਥੀ ਕਾ ਤਤਕਰਾ ਰਾਗਾਂ ਕਾ ॥
> ਸੰਮਤੁ ੧੭੫੮ ਜੇਠ ਸੁਦੀ ੧ ਗ੍ਰੰਥ ਲਿਖ ਮੁਕੇਆ ॥

ਇਹ ਸੂਚਨਾ ਵਾਸਤਵ ਵਿਚ ਗ੍ਰੰਥ ਦੇ ਅੰਤ ਤੇ ਆਉਣੀ ਚਾਹੀਦੀ ਸੀ। ਪਰ ਉਥੇ ਥਾਂ ਨ ਹੋਣ ਕਾਰਣ ਇਥੇ ਲਿਖੀ ਗਈ ਹੈ। ਇਸ ਦਾ ਪਤਾ ਲੇਖਕ ਦੇ ਲਿਖਣ ਦੀ ਡੌਲ ਤੋਂ ਲਗਦਾ ਹੈ। ਲੇਖਕ ਨੇ ਹਰ ਥਾਂ ਮੂਲਮੰਤ੍ਰ ਉਪਰ ਕਰਕੇ ਲਿਖਿਆ ਹੈ ਤੇ ਸਿਰਲੇਖ ਜਾਂ

ਪਾਠ ਮੂਲਮੰਤ੍ਰ ਦੇ ਹੇਠਾਂ ਦਿੱਤਾ ਹੈ। ਇੱਥੇ ਵੀ ਇਂਞ ਹੀ ਸੀ। ਪਿਛੋਂ ਜਦੋਂ ਉਪਰ ਛੱਡੀ ਖਾਲੀ ਥਾਂ ਲਿਖਣ-ਮਿਤੀ ਦੇਣ ਲਈ ਵਰਤ ਲਈ ਗਈ ਤਾਂ ਮੁੱਢਲਾ ਪੈਟਰਨ ਭੰਗ ਹੋ ਗਇਆ।

ਨੀਸਾਣ ਆਦਿ : ਤਤਕਰੇ ਦੇ ਪ੍ਰਾਰੰਭ ਵਿਚ "ਨੀਸਾਣ ਸ੍ਰੀ ਗੁਰੂ ਜੀ ਕੀ ਦਸਖਤੀ" ਲਿਖਿਆ ਹੋਇਆ ਹੈ ਪਰ ਅੰਦਰ ਬੀੜ ਵਿਚ ਨੀਸਾਣ ਨਹੀਂ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਜਿਸ ਬੀੜ ਤੋਂ ਉਤਾਰਾ ਕੀਤਾ ਗਇਆ ਸੀ ਉਸ ਵਿਚ ਨੀਸਾਣ ਹੈ ਸੀ, ਪਰ ਪਤਾ ਨਹੀਂ ਕਿਹੜੇ ਗੁਰੂ ਸਾਹਿਬ ਦਾ ਸੀ। ਇਸ ਦੇ ਮਗਰੋਂ "ਜਪੁ ਗੁਰੂ ਰਾਮਦਾਸ ਜੀ ਕੇ ਨਕਲ ਕੇ ਨਕਲੁ ਤਿਸ ਕੇ ਨਕਲ ਕੇ ਨਕਲੁ ਤਿਸ ਕਾ ਨਕਲੁ" ਦੀ ਸੂਚਨਾ ਆਈ ਹੈ। ਪਤਾ ਲਗਾ ਕਿ ਮੂਲ ਨੀਸਾਣ ਵਾਲੇ ਗ੍ਰੰਥ ਤੋਂ ਇਹ ਚੌਥੀ ਥਾਵੇਂ ਨਕਲ ਹੈ।

ਬਾਣੀ ਦਾ ਵੇਰਵਾ : "ਜਪੁ" ਦੇ ਮਗਰੋਂ "ਸੋ ਦਰੁ" ਪੰਚ ਸ਼ਬਦ "ਸੋ ਪੁਰਖ" ਚਾਰ ਸ਼ਬਦ ਤੇ ਸੋਹਿਲੇ ਦੇ ਪੰਜੇ ਸ਼ਬਦ ਮੌਜੂਦ ਹਨ। ਰਾਗਾਂ ਦਾ ਕ੍ਰਮ ਪ੍ਰਚਲਿਤ ਗ੍ਰੰਥ ਵਾਲਾ ਹੈ, ਸਿਵਾਇ ਇਸ ਇਕ ਗੱਲ ਦੇ ਕਿ ਰਾਗੁ ਜੈਜਾਵੰਤੀ ਇੱਥੇ ਰਾਗੁ ਜੈਤਸਰੀ ਦੇ ਮਗਰ ਆਇਆ ਹੈ। ਭੋਗ ਦੀ ਬਾਣੀ ਦਾ ਕ੍ਰਮ ਵੀ ਪ੍ਰਚਲਿਤ ਗ੍ਰੰਥ ਵਾਲਾ ਹੈ। ਅੰਤ 'ਤੇ ਨੌਵੇਂ ਮਹਲੁ ਦੇ ਸ਼ਲੋਕ (੫੭) ਹਨ। ਇਨ੍ਹਾਂ ਦੇ ਪਿਛੋਂ ਮੁੰਦਾਵਣੀ ਲਿਖੀ ਹੈ, ਪਰ ਇਹ ਮੂਲ ਗ੍ਰੰਥ ਦੇ ਸਮਾਪਤ ਕਰਨ ਦੇ ਪਿਛੋਂ ਪਾਈ ਗਈ ਹੈ, ਇਸ ਦੇ ਅੰਤ 'ਤੇ ਮੋਟੀ ਕਲਮ ਨਾਲ ਸਲੋਕ ਮਹਲਾ ੫ ਲਿਖਿਆ ਹੈ, ਪਰ ਸਲੋਕ ਨਹੀਂ ਦਿੱਤਾ। ਲਿਖਾਰੀ, "ਤੇਰਾ ਕੀਤਾ ਜਾਤੋ ਨਾਹੀ" ਵਾਲਾ ਸਲੋਕ ਦੇਣਾ ਚਾਹੁੰਦਾ ਹੋਣਾ ਹੈ ਪਰ ਦਿੱਤਾ ਨਹੀਂ (ਪਤ੍ਰਾ ੫੬੮)।

ਮੁੰਦਾਵਣੀ ਦੇ ਮਗਰੋਂ ਇਕ ਪੰਨਾ ਖਾਲੀ ਛਡ ਕੇ ਪਤ੍ਰਾ ੫੬੯/ੳ ਤੋਂ ਸ਼ੁਰੂ ਹੋ ਕੇ ਫਾਲਤੂ ਬਾਣੀ ਸਾਰੀ ਦੀ ਸਾਰੀ ਪ੍ਰਾਪਤ ਹੈ।

ਮੰਗਲ ਤੇ ਸਿਰਲੇਖ : ਮੰਗਲ ਇਸ ਬੀੜ ਵਿਚ ਪੰਨੇ ਦੇ ਉਪਰ ਸੱਜੇ ਹੱਥ ਹਨ। ਨੌਵੇਂ ਮਹਲੁ ਦੀ ਬਾਣੀ ਸਿਵਾਇ ਰਾਗੁ ਜੈਜਾਵੰਤੀ ਦੇ, ਜਿਸ ਦਾ ਜ਼ਿਕਰ ਉਪਰ ਹੋ ਚੁਕਿਆ ਹੈ, ਥਾਓਂ ਥਾਈਂ ਉਨ੍ਹਾਂ ਰਾਗਾਂ ਵਿਚ ਹੀ ਤੇ ਉਸੇ ਕ੍ਰਮ ਵਿਚ ਦਰਜ ਕੀਤੀ ਹੋਈ ਹੈ ਜਿਸ ਵਿਚ ਪ੍ਰਚਲਿਤ ਗ੍ਰੰਥ ਵਿਚ ਇਹ ਮਿਲਦੀ ਹੈ। ਕੇਵਲ ਇਕ ਥਾਂ ਤੇ ਫ਼ਰਕ ਪਾਇਆ ਗਇਆ ਹੈ। ਰਾਗੁ ਤਿਲੰਗ ਵਿਚ ਮਹਲਾ ੯ ਦੀ ਬਾਣੀ ਅਸ਼ਟਪਦੀਆਂ ਤੋਂ ਪਹਿਲਾਂ ਚਉਪਦਿਆਂ ਵਿਚ ਲਿਖੀ ਹੋਈ ਹੈ, ਜੋ ਇਸ ਦਾ ਠੀਕ ਸਥਾਨ ਹੈ। ਪ੍ਰਚਲਿਤ ਗ੍ਰੰਥ ਵਿਚ ਇਹ ਅਸ਼ਟਪਦੀਆਂ ਤੋਂ ਬਾਅਦ ਹੈ। ਇਥੇ ਮਹਲਾ ੯ ਦੇ ਸ਼ਬਦਾਂ ਦਾ ਆਪਸੀ ਕ੍ਰਮ ਵੀ ਪ੍ਰਚਲਿਤ ਗ੍ਰੰਥ ਨਾਲੋਂ ਕੁਝ ਫ਼ਰਕ ਸਿਰ ਹੈ।

ਵਾਰਾਂ ਦਾ ਵਿਧਾਨ : ਇਸ ਬੀੜ ਵਿਚ ਵਾਰਾਂ ਦਰਜ ਕਰਨ ਦਾ ਪੈਟਰਨ ਛਪੇ ਗ੍ਰੰਥ ਸਾਹਿਬ ਵਾਲਾ ਹੈ। ਸੰਬੰਧਿਤ ਵਾਰਾਂ ਉੱਤੇ ਧੁਨੀਆਂ ਲਿਖੀਆਂ ਹੋਈਆਂ ਹਨ; ਸਲੋਕਾਂ ਨਾਲ ਮਹਲਾ ਅੰਕਿਤ ਕਰਨ ਲਈ ਇਸ ਦਾ ਸੰਖੇਪ ਰੂਪ /ਮ:/ ਵਰਤਿਆ ਹੋਇਆ ਹੈ।

ਇਹੀ ਵਿਧੀ ਰਾਗਾਂ ਤੇ ਘਰਾਂ ਦੇ ਅੰਤ ਤੇ ਜੋੜ ਜੁਮਲਾ/ਦਰਸਾਣ ਵੇਲੇ ਵਰਤੀ ਗਈ ਹੈ। ਵਾਰਾਂ ਦੇ ਅੰਤ ਤੇ "ਸੁਧੁ", "ਸੁਧ ਕੀਚੈ", ਆਦਿ ਦੀ ਸੂਚਨਾ ਨਹੀਂ ਹੈ, ਸਿਵਾਇ ਮਾਝ ਕੀ ਵਾਰ ਦੇ। ਪਰ ਇਸ ਰਾਗੁ ਦੀ ਸੂਰਤ ਵਿਚ ਵਾਰ ਦੇ "ਸੁਧੁ" ਨਿਸ਼ਾਨ ਵਾਲਾ ਪੱਤ੍ਰਾ ਬਾਅਦ ਵਿਚ ਕਿਸੇ ਹੋਰ ਹੱਥ ਦਾ ਲਿਖ ਕੇ ਪਾਇਆ ਹੋਇਆ ਹੈ।

ਨਕਲ ਵਿਚ ਰਹੇ ਸ਼ਬਦ : ਬੀੜ ਵਿਚ ਰਾਗੁ ਤਿਲੰਗ ਮਹਲਾ ੪ ਘਰੁ ੨ ਦਾ ਇਕ ਚਉਪਦਾ "ਨਿਤ ਨਿਹਫਲ ਕਰਮ" (ਛਪਿਆ ਗ੍ਰੰਥ ਪੰਨਾ ੭੨੩) ਅੰਦਰ ਮੂਲ-ਪਾਠ ਵਿਚ ਨਹੀਂ ਅਤੇ ਤਤਕਰੇ ਵਿਚ ਵੀ ਨਹੀਂ। ਪਰੰਤੂ ਰਾਗੁ ਦੇ ਅੰਤ 'ਤੇ ਜੋ ਜੋੜ ਦਿੱਤਾ ਹੈ, ਉਸ ਦੀ ਗਿਣਤੀ ਵਿਚ ਇਹ ਵੀ ਸੰਮਿਲਿਤ ਹੈ, ਇਸ ਤੋਂ ਪਤਾ ਲਗਦਾ ਹੈ ਕਿ ਇਹ ਨਕਲ ਕਰਦਿਆਂ ਰਹ ਗਇਆ ਹੈ। ਇਸੇ ਤਰ੍ਹਾਂ ਰਾਗੁ ਸੂਹੀ ਮਹਲਾ ੫ ਘਰੁ ੩ ਦੇ ਚਉਪਦਿਆਂ ਵਿੱਚੋਂ "ਦੀਨ ਛਡਾਇ ਦੁਨੀ ਸਉ" (ਪ੍ਰਚਲਿਤ ਗ੍ਰੰਥ ਦਾ ੨੯ਵਾਂ ਚਉਪਦਾ) ਵੀ ਦਰਜ ਹੋਣੋਂ ਰਹ ਗਇਆ ਹੈ। ਤੀਸਰਾ ਇਸੇ ਕੋਟੀ ਦਾ ਚਉਪਦਾ ਰਾਗੁ ਬਿਲਾਵਲ ਮਹਲਾ ੫ ਘਰੁ ੪ ਦਾ "ਗੁਰ ਕਾ ਸਬਦੁ ਰਿਦੇ ਮਹਿ" (ਛਪੇ ਗ੍ਰੰਥ ਦਾ ਪੰਨਾ ੮੦੪) ਹੈ। ਇਨ੍ਹਾਂ ਤਿੰਨਾਂ ਸ਼ਬਦਾਂ ਤੋਂ ਬਿਨਾ ਤਿੰਨ ਚਾਰ ਹੋਰ ਥਾਵਾਂ ਤੇ ਨਕਲ ਕਰਨ ਵਿਚ ਉਕਾਈ ਹੋਈ ਹੋਈ ਹੈ; ਬਾਕੀ ਦੀ ਲਿਖਤ ਕਾਫੀ ਹੱਦ ਤਕ ਸ਼ੁੱਧ ਹੈ।

ਵਿਸ਼ੇਸ਼ ਸ਼ਬਦ, ਜੋ ਇਸ ਬੀੜ ਵਿਚ ਪ੍ਰਾਪਤ ਹਨ, ਹੇਠ ਲਿਖੇ ਅਨੁਸਾਰ ਹਨ :

੧. ਰਾਗੁ **ਸੋਰਠਿ** ਵਿਚ ਕਬੀਰ ਜੀ ਦਾ ਇਕ ਹੋਰ ਸ਼ਬਦ :
ਅਉਧੂ ਸੋ ਜੋਗੀ ਗੁਰ ਮੇਰਾ . . .

੨. ਰਾਗੁ **ਰਾਮਕਲੀ** ਵਿਚ ਮਹਲਾ ੫ ਦਾ ਕਥਿਤ ਛੰਤ :
ਰੁਣ ਝੁੰਝਨੜਾ ਗਾਉ ਸਖੀ . . .

੩. ਰਾਗੁ **ਮਾਰੂ** ਵਿਚ ਮੀਰਾ ਬਾਈ ਦਾ ਸ਼ਬਦ :
ਮਨ ਹਮਾਰਾ ਬਾਧਿਓ ਮਾਈ . . . (ਪੱਤੀ ੪੩੭/ਅ)

੪. ਰਾਗੁ **ਸਾਰੰਗ** ਵਿਚ ਸੂਰਦਾਸ ਦਾ ਸ਼ਬਦ :
ਛਾਡਿ ਮਨ (ਹਰਿ) ਬੇ-ਮੁਖਨ ਕਉ ਸੰਗੁ (ਪੱਤੀ ੪੯੯/ੳ)

੫. ਰਾਗੁ **ਮਲਾਰ** ਵਿਚ ਮਹਲਾ ੫ ਘਰੁ ੨ ਦਾ ਇਕ ਹੋਰ ਚਉਪਦਾ :
ਪ੍ਰਾਨ ਮਾਨ ਏਕ ਨਾਮੁ . . . (ਪੱਤੀ ੫੦੭)

ਕੁਝ ਹੋਰ ਵਿਸ਼ੇਸ਼ਤਾਵਾਂ : ਇਸ ਬੀੜ ਦੀਆਂ ਇਸ ਪ੍ਰਕਾਰ ਨਿਸ਼ਚਿਤ ਕੀਤੀਆਂ ਜਾ ਸਕਦੀਆਂ ਹਨ :

੧. **ਜਪੁ** ਦੇ ਮੁਢਲੇ ਸ਼ਲੋਕ ਨਾਲ ਮਹਲਾ ਨਹੀਂ ਲਿਖਿਆ, ਨਾ ਰਾਗੁ ਆਸਾ ਲਿਖਿਆ ਹੈ। ਕੁਝ ਸ਼ਬਦ-ਜੋੜ ਇੰਞ ਹਨ : ਮੁਹੋਂ, ਕਉਣ, ਰਖੀਸਰ, ਜੀਭੋਂ।

੨. ਪਹਲੇ ਰਾਗੁ ਨੂੰ **ਸਿਰੀ** ਕਰ ਕੇ ਲਿਖਿਆ ਹੋਇਆ ਹੈ। ਚਉਪਦੇ ਛਪੇ ਨਾ
ਨਾਲ ਰਲਦੇ ਹਨ, ਪਰ ਮਹਲਾ ਪੰਜਵੇਂ ਦੇ ਅੰਤਲੇ ੧੦ ਚਉਪਦਿਆਂ ਦਾ ਕ੍ਰਮ ਕੁਝ ਵੱ
ਹੈ। ਇੱਥੇ ਕ੍ਰਮ ਘਰਾਂ ਅਨੁਸਾਰ ਠੀਕ ਹੈ, ਜਦੋਂ ਕਿ ਛਪੇ ਗ੍ਰੰਥ ਵਿਚ ਇਨ੍ਹਾਂ ਦਾ ਕ੍ਰ
ਘਰੁ ਦੇ ਪੱਖੋਂ ਅੱਗੇ ਪਿੱਛੇ ਹੋਇਆ ਹੋਇਆ ਹੈ।

ਇਸ ਬੀੜ ਦੇ ਲਿਖਾਰੀ ਨੇ ਹੋਰਨਾਂ ਥਾਵਾਂ ਤੇ ਬੇ-ਮਿਸਲ ਹੋਏ ਸ਼ਬਦਾਂ ਨੂੰ ਠੀਕ
ਤੇ ਲਿਖਣ ਦੀ ਚੇਸ਼ਟਾ ਕੀਤੀ ਹੈ, ਭਾਵੇਂ ਕਈ ਥਾਈਂ ਭਗਤਾਂ ਦੀ ਬਾਣੀ ਵਿਚ ਇਹ ਗੱ
ਨਿਭ ਨਹੀਂ ਸਕੀ।

੩. **ਗੂਜਰੀ** ਮਹਲਾ ੫ ਘਰੁ ੨ ਦੇ ਸ਼ਬਦ "ਨਾਥ ਨਰਹਰ ਦੀਨ" ਦੀ ਅੰਤ
ਤੁਕ ਦਾ ਪਾਠ "ਦੇਤ ਦਰਸਨ ਸ੍ਰਵਨਿ ਹਰਿ ਜਸ"—ਹੈ (ਪੱਤੀ ੧੮੯/ਅ)।

੪. ਕਬੀਰ ਜੀ ਦੇ ਰਾਗੁ **ਸੋਰਠਿ** ਵਿਚਲੇ ਤੀਜੇ ਸ਼ਬਦ (ਬੇਦ ਪੁਰਾਨ ਸਭੈ ਮ
ਸੁਨਿ ਕੈ) ਵਿਚ ਪਾਠ "ਖਲਾਸੇ" ਹੈ, 'ਖਾਲਸੇ' ਨਹੀਂ।

੫. ਰਾਗੁ **ਧਨਾਸਰੀ** ਮਹਲਾ ੧ ਦੇ ਚਉਥੇ ਪਦੇ (ਨਦਰਿ ਕਰੈ ਤਾਂ ਸਿਮਰਿ
ਜਾਇ) ਨਾਲ "ਮਹਲਾ ੧" ਹੈ, ਮਹਲਾ ੩ ਨਹੀਂ।

੬. ਵਾਰ ਰਾਗੁ **ਮਾਰੂ** ਮਹਲਾ ੩ ਦਾ ਪਹਲਾ ਸਲੋਕ ਮਹਲਾ ੧ ਦਾ ਕ
ਲਿਖਿਆ ਹੈ। ਕਬੀਰ ਦੇ ਚਉਪਦੇ "ਸਨਕ ਸਨੰਦ ਮਹੇਸ਼ ਸਮਾਨਾ" ਦੀ ਰਹਾਉ ਦੀ ਤੁ
ਨਾਲ "ਨਿਰਗੁਨ ਰਾਮ ਜਪਹੁ ਮੇਰੀ ਮਾਈ" ਨਹੀਂ ਹੈ।

੭. **ਮਾਰੂ** ਵਿਚ ਰਵਿਦਾਸ ਜੀ ਦਾ ਰਾਗੁ ਸੋਰਠਿ ਵਾਲਾ ਸ਼ਬਦ "ਸੁਖ ਸਾ
ਸੁਰਤਰ ਚਿੰਤਾਮਨਿ" ਦੁਹਰਾਇਆ ਹੋਇਆ ਹੈ (ਪੱਤੀ ੪੨੭/ਅ)।

੮. **ਬਸੰਤ** ਦਾ "ਬਸਤ੍ਰ ਉਤਾਰ ਦਿਗੰਬਰ ਹੋਗ" ਵਾਲਾ ਸ਼ਬਦ ਇਸ ਬ
ਵਿਚ "ਮਹਲਾ ੧" ਦਾ ਕਰਕੇ ਲਿਖਿਆ ਹੈ (ਪੱਤੀ ੪੬੪/ੳ)। ਇਸੇ ਤਰ੍ਹਾਂ ਇਕਤੁ
"ਸਾਹਿਬ ਭਾਵੈ ਸੇਵਕ ਸੇਵਾ" ਵੀ ਮਹਲਾ ੧ ਦਾ ਹੈ (ਪੱਤੀ ੪੬੪/ਅ)।

੯. **ਬਸੰਤ** ਹਿੰਡੋਲ ਮਹਲਾ ੧ ਘਰੁ ੨ ਦੇ ੧੧ਵੇਂ ਸ਼ਬਦ, "ਰਾਜਾ ਬਾਲ
ਨਗਰੀ ਕਾਚੀ" ਦਾ ਚੌਥਾ ਬੰਦ, "ਕਹਿਣਾ ਸੁਣਹਿ ਨ ਖਾਇਆ ਮਾਨਹਿ" ਵਾਲਾ ਇਸ ਗ
ਵਿਚ ਪ੍ਰਾਪਤ ਹੈ।

੧੦. ਰਾਗੁ "**ਕਲਿਆਨ**" ਦੇ ਸ਼ਬਦ-ਜੋੜ ਛਪੇ ਗ੍ਰੰਥ ਵਾਂਙ ਇਸ ਵਿਚ "ਕਲਿਆਨ" ਹਨ।

੧੧. ਹੋਰ ਇਹ ਕਿ ਇਸ ਗ੍ਰੰਥ ਵਿਚ ਰਹਾਉ ਵਾਲੀ ਤੁਕ ਦੇ ਪਿੱਛੇ, ਰਹ
ਤੋਂ ਪਹਲਾਂ ਅੰਕ (੧) ਅਵੱਸ਼ ਆਇਆ ਹੈ।

੩੩ ਬੀੜ ਡਾ. ਮਾਨ ਸਿੰਘ ਨਿਰੰਕਾਰੀ (ਤੀਜੀ)
(ਸੰਮਤੁ ੧੭੫੯)

ਇਹ ਬੀੜ ਵੱਡੇ ਆਕਾਰ ਦੇ ਅਤਿ ਵਧੀਆ ਕਾਗਜ਼ ਉੱਤੇ ਬੜੇ ਸੁੰਦਰ ਅੱਖਰਾਂ ਵਿਚ ਲਿਖੀ ਡਾ. ਮਾਨ ਸਿੰਘ ਨਿਰੰਕਾਰੀ, ਅਮ੍ਰਿਤਸਰ, ਦੇ ਪੁਸਤਕਾਲੇ ਵਿਚ ਸੁਰਖਿਅਤ ਹੈ। ਪਤ੍ਰੇ ਦੇ ਦੋਹੀਂ ਤਰਫੀਂ ਰੰਗਦਾਰ ਲਕੀਰਾਂ ਦਾ ਹਾਸ਼ੀਆ ਲਗਾ ਹੋਇਆ ਹੈ ਤੇ ਕਈ ਪਤ੍ਰੇ ਬਿਨਾ ਹਾਸ਼ੀਆ ਵੀ ਹਨ। ਕਟ ਵਢ ਇਸ ਬੀੜ ਵਿਚ ਬਹੁਤ ਘਟ ਹੋਈ ਹੋਈ ਹੈ। ਆਪਣੀ ਸੁੰਦਰ ਤੇ ਇਕਸਾਰ ਲਿਖਾਈ ਕਾਰਣ ਪ੍ਰਸੰਸਾਯੋਗ ਹੈ।

ਲਿਖਣ ਕਾਲ : ਸੰਮਤੁ ਇਸ ਦਾ ਅਧੂਰਾ ਰਹ ਗਇਆ ਹੈ। ਲਿਖਾਰੀ ਨੇ ੧੭੫ ਲਿਖ ਕੇ ਅੱਗੇ ਇਕਾਈ ਵਾਲਾ ਹਿੰਦਸਾ ਨਹੀਂ ਪਾਇਆ। ਲਿਖਾਈ ਮੁਕਣ ਉੱਤੇ ਲਿਖਣਾ ਚਾਹੁੰਦਾ ਹੋਣਾ ਹੈ, ਪਰ ਫਿਰ ਲਿਖਣਾ ਭੁਲ ਗਇਆ। ਅਸੀਂ ਇਸ ਥਾਂ ਵੱਡੇ ਤੋਂ ਵੱਡਾ ਅੰਕ (ਜੋ ਹੋ ਸਕਦਾ ਸੀ) ਪਾ ਕੇ ਇਸ ਦੀ ਤਿਆਰੀ ਦਾ ਸੰਮਤੁ ੧੭੫੯ ਮਿਥ ਲਇਆ ਹੈ।

ਪਤ੍ਰਾ ਅੰਕ ਇਸ ਗ੍ਰੰਥ ਦੇ ਖੱਬੇ ਹੱਥ ਵਾਲੇ ਪੰਨੇ ਦੇ ਉਪਰ ਲਗੇ ਹੋਏ ਹਨ ਤੇ ਸੱਜਾ ਅਤੇ ਖੱਬਾ, ਦੋਵੇਂ ਪੰਨੇ ਮਿਲ ਕੇ ਪਤ੍ਰਾ ਬਣਾਂਦੇ ਹਨ।

ਬਾਣੀ ਬਿਓਰਾ : ਜਪੁ ਇਸ ਬੀੜ ਵਿਚ ਸ੍ਰੀ ਗੁਰੂ ਰਾਮਦਾਸ ਦੇ ਦਸਤਖਤਾਂ ਵਾਲੇ ਜਪੁ ਤੋਂ ਚੋਥੀ ਥਾਂ ਨਕਲ ਹੈ। ਰਹਰਾਸਿ ਦੇ "ਸੋ ਪੁਰਖੁ" ਵਾਲੇ ਚਾਰ ਸ਼ਬਦਾਂ ਦਾ ਜੁਟ ਇਸ ਵਿਚ ਨਹੀਂ ਹੈ, ਨੌਵੇਂ ਮਹਲੁ ਦੀ ਬਾਣੀ ਇਸ ਵਿਚ ਥਾਓਂ ਥਾਈਂ ਚੜ੍ਹੀ ਹੋਈ ਹੈ; ਰਾਗੁ ਜੈਜਾਵੰਤੀ ਰਾਗੁ ਜੈਤਸਰੀ ਦੇ ਮਗਰ ਰਖਿਆ ਹੋਇਆ ਹੈ, ਤੇ ਨੌਵੇਂ ਮਹਲੁ ਦੇ ਰਾਗੁ ਤਿਲੰਗ ਦੇ ਸ਼ਬਦ ਚਉਪਦਿਆਂ ਦੇ ਮਗਰ ਠੀਕ ਥਾਂ ਤੇ ਦਰਜ ਹਨ। ਭੋਗ ਇਸ ਗ੍ਰੰਥ ਦਾ ਸ਼ਲੋਕ ਵਾਰਾਂ ਤੇ ਵਧੀਕ ਉੱਤੇ ਪੈਂਦਾ ਹੈ ਤੇ ਫਾਲਤੂ ਬਾਣੀ ਵੀ ਇਸ ਵਿਚ ਗ੍ਰੰਥ ਦੇ ਅੰਤ ਤੇ ਮੌਜੂਦ ਹੈ।

ਤਤਕਰੇ : ਤਤਕਰੇ ਇਸ ਗ੍ਰੰਥ ਦੇ ਇਸ ਪੱਖ ਤੋਂ ਸ੍ਪੈਸ਼ਟ ਹਨ ਕਿ ਸ਼ਬਦਾਂ ਦੀਆਂ ਪ੍ਰਤੀਕਾਂ ਦੇ ਸਾਮ੍ਹਣੇ ਸੰਬੰਧਿਤ ਪਤ੍ਰਾ ਅੰਕ ਲਿਖੇ ਹੋਏ ਹਨ, ਇਹ ਨਹੀਂ ਕਿ ਪਤ੍ਰਾ-ਅੰਕ ਇਕ ਥਾਂ ਤੇ, ਪ੍ਰਕਰਣ ਦੇ ਮੁਢ ਵਿਚ, ਹੀ ਦਿੱਤਾ ਹੋਇਆ ਹੋਵੇ। ਭਗਤਾਂ ਦੀ **ਬਾਣੀ** ਦੀਆਂ ਪ੍ਰਤੀਕਾਂ ਨਹੀਂ ਦਿੱਤੀਆਂ, ਇਕ ਹੀ ਪ੍ਰਤੀਕ ਨਾਲ ਸਾਰੀ ਬਾਣੀ ਨਿਭਾਈ ਗਈ ਹੈ। ਰਾਗੁ ਗਉੜੀ ਵਿਚ ਚਉਪਦਿਆਂ ਆਦਿ ਦਾ ਜੋੜ ਚਲਦਾ ਨਹੀਂ ਰਖਿਆ;

ਰਾਗੁ ਦੀ ਕਿਸਮ ਨਾਲ ਮੁਕ ਜਾਂਦਾ ਹੈ, ਤੇ ਅਗਲੀ ਕਿਸਮ ਨਵੇਂ ਅੰਕਾਂ ਨਾਲ ਚਲਦੀ ਹੈ।

ਪਾਠ ਇਸ ਬੀੜ ਦੇ, ਜਿਵੇਂ ਕਿ ਅਸੀਂ ਅੱਗੇ ਚਲ ਕੇ ਦੇਖਾਂਗੇ, ਮੁਢਲੇ ਸੰਕਲਣਾਂ ਵਿੱਚੋਂ ਆਏ ਹਨ। ਲਿਖਾਰੀ ਨੇ ਆਪਣੇ ਵਕਤ ਤਕ ਚਲ ਚੁਕੀਆਂ ਕੁਝ ਪਰਿਪਾਟੀਆਂ ਵੀ ਗ੍ਰਹਣ ਕੀਤੀਆਂ ਹਨ। ਇਸ ਬੀੜ ਦੀ ਪਛਾਣ ਪੂਰੇ ਵੇਰਵੇ ਸਹਿਤ ਇਸ ਤਰ੍ਹਾਂ ਕਹੀ ਜਾ ਸਕਦੀ ਹੈ।

੧. **ਜਪੁ** ਵਿਚ ਕੁਝ ਵਿਸ਼ੇਸ਼ ਸ਼ਬਦਾਂ ਦੇ ਰੂਪ ਮੁਹੋ, ਧੋਲੁ, ਕੋਣੁ, ਰਖੀਸਰ, ਜੀਭੋ ਹੀ ਹਨ।

੨. ਰਾਗੁ **ਗਉੜੀ** ਵਿਚ ਕਬੀਰ ਜੀ ਦਾ ਚਉਪਦਾ "ਗਗਨ ਮੰਡਲ ਮਹਿ ਏਕੋ ਸੋਈ" ਨਹੀਂ ਹੈ ਤੇ ਨ ਹੀ ਕਬੀਰ ਜੀ ਦੇ ਵਾਰ "ਧਰ ਅੰਬਰ ਵਿਚ ਬੇਲੜੀ" ਨਾਲ ਸ਼ੁਰੂ ਹੁੰਦੇ ਹਨ। "ਕਾਲਬੂਤ ਕੀ ਹਸਤਨੀ" ਵਾਲੇ ਕਬੀਰ ਜੀ ਦੇ ਚਉਪਦੇ ਵਿਚ ਗੁਮ ਤੁਕ "ਦੁਰਲਭ ਦੇਹ ਕਉ ਕਾਜ" ਨਹੀਂ ਹੈ।

੩. ਰਾਗੁ **ਆਸਾ** ਵਿਚ "ਸੋ ਪੁਰਖੁ", "ਸੋ ਦਰੁ" ਦੇ ਮਗਰ ਵਿਦਮਾਨ ਹੈ। ਇਸ ਰਾਗ ਦੀ ਵਾਰ ਦਾ ਆਰੰਭ ਪੂਰੇ ਮੂਲਮੰਤ੍ਰ ਨਾਲ ਹੁੰਦਾ ਹੈ ਤੇ ਸਿਰਲੇਖ ਇੰਞ ਆਇਆ ਹੈ :

> ਆਸਾ ਮਹਲਾ ੧ ਵਾਰ ਸਲੋਕਾ ਨਾਲਿ ॥ ਸਲੋਕ ਮਹਲੇ ਪਹਿਲੇ ਕੇ ਲਿਖੇ ਟੁੰਡੇ
> ਅਸਰਾਜੇ ਕੀ ਧੁਨੀ ਸਲੋਕ ਮ: ੧

੪. **ਗੂਜਰੀ** ਮਹਲਾ ੪ ਅਸਟਪਦੀ ਘਰੁ ੪ ਵਿਚ ਪਾਠ "ਨੇਤ ਦਰਸਨ" ਠੀਕ ਹੈ; "ਦੇਤ" ਨੂੰ ਕਟ ਕੇ "ਨੇਤ" ਬਣਾਇਆ ਹੋਇਆ ਹੈ। ਤ੍ਰਿਲੋਚਨ ਦਾ ਸ਼ਬਦ "ਨਵ ਨਿਧਿ ਪਰਸੀ ਕਾਹਿ" ਇਸ ਬੀੜ ਵਿਚ ਨਹੀਂ ਹੈ।

੫. **ਦੇਵਗੰਧਾਰੀ** ਦੇ ਸਿਰਲੇਖਾਂ ਨਾਲ ਮਹੱਲੇ ਸਭ ਥਾਂ ਹਨ।

੬. **ਸੋਰਠਿ** ਵਿਚ ਮਹਲਾ ੫ ਦਾ ਸ਼ਬਦ "ਸੰਤ ਜਨਾ ਸਿਉ ਦੂਖਨ ਕਰਤਾ" ਇਸ ਬੀੜ ਵਿਚ ਨਹੀਂ ਹੈ। ਇਸ ਰਾਗੁ ਦੀ ਵਾਰ ਦੀ ੨੯ਵੀਂ ਪਉੜੀ ਨਾਲ ਦੂਜੇ ਸਲੋਕ ਵਿਚ "ਆਪੇ ਦੇਇ ਵਡਿਆਈਆਂ, ਆਪੇ ਨਦਰਿ ਕਰੇਇ" ਵਾਲੀ ਤੁਕ ਨਹੀਂ ਹੈ। ਕਬੀਰ ਜੀ ਦੇ ਤੀਜੇ ਸ਼ਬਦ ਵਿਚ ਪਾਠ ਪਹਲਾਂ "ਖਾਲਸੇ" ਸੀ, ਮਗਰੋਂ ਇਸ ਨੂੰ "ਖਲਾਸੇ" ਬਣਾਇਆ ਗਇਆ ਹੈ। ਇਸ ਬੀੜ ਵਿਚ ਕਬੀਰ ਜੀ ਦਾ ਪਦਾ "ਅਉਧੂ ਸੋ ਜੋਗੀ ਗੁਰ ਮੇਰਾ" ਨਹੀ ਹੈ।

੭. **ਧਨਾਸਰੀ** ਦਾ ਚਉਪਦਾ "ਨਦਰਿ ਕਰੇ ਤਾ ਸਿਮਰਿਆ ਜਾਇ" ਪਹਲਾਂ ਮਹਲਾ ੩ ਦਾ ਕਰਕੇ ਲਿਖਿਆ ਹੋਇਆ ਸੀ, ਮਗਰੋਂ /੩/ ਕਟਕੇ /੧/ ਕੀਤਾ ਹੋਇਆ ਹੈ। ਕਬੀਰ ਜੀ ਦੇ ਚਉਪਦੇ "ਸਨਕ ਸਨੰਦ ਮਹੇਸ਼ ਸਮਾਨਾ" ਦੀ ਰਹਾਉ ਦੀ ਤੁਕ ਦਾ ਅੱਧਾ

ਹਿੱਸਾ "ਨਿਰਗੁਣ ਰਾਮ ਜਪਹੁ ਮੇਰੀ ਮਾਇ" ਨਹੀਂ ਹੈ। ਇਸ ਵਿਚ ਨਾਮਦੇਵ ਦਾ ਸ਼ਬਦ "ਸਾਤ ਸਮੁੰਦ ਜਾਕੀ ਹੈ ਕਿਰਣੀ" ਨਹੀਂ ਹੈ।

੮. ਰਾਗੁ **ਜੈਤਸਰੀ** ਤੇ ਬੈਰਾੜੀ ਛੋਟੇ ਮੰਗਲ ਨਾਲ ਸ਼ੁਰੂ ਹੁੰਦੇ ਹਨ।

੯. ਰਾਗੁ **ਗੋਂਡ** ਵਿਚ ਨਾਮਦੇਵ ਦੇ ਚੌਥੇ ਸ਼ਬਦ, "ਮੋਹਿ ਲਾਗਤੀ ਤਾਲਾ ਬੇਲੀ" ਦੇ ਅੰਤ ਤੇ "ਏਈ ਤੇ ਨਾਮਾ ਏਈ ਤੇ" ਤੁਕ ਇਸ ਬੀੜ ਵਿਚ ਹੈ।

੧੦. **ਰਾਮਕਲੀ** ਮਹਲਾ ੫ ਦਾ ਕਥਿਤ ਸ਼ਬਦ "ਰੁਣ ਝੁੰਝਨੜਾ ਗਾਉ ਸਖੀ" ਇਸ ਬੀੜ ਵਿਚ ਮੌਜੂਦ ਹੈ। ਕਬੀਰ ਦੇ ਪੰਜਵੇਂ ਸ਼ਬਦ "ਜਿਹ ਮੁਖ ਬੇਦ ਗਾਇਤ੍ਰੀ ਨਿਕਸੈ" ਦਾ ਚੌਥਾ ਬੰਦ "ਅੱਖਰ ਸਾਚੇ ਬੇਦੁ ਭੀ ਸਾਚਾ . . ." ਇਸ ਬੀੜ ਵਿਚ ਪ੍ਰਾਪਤ ਹੈ।

੧੧. ਰਾਗੁ **ਮਾਰੂ** ਦੀ ਵਾਰ ਦਾ ਪਹਲਾ ਸਲੋਕ ਮਹਲਾ ੧ ਦਾ ਕਰਕੇ ਲਿਖਿਆ ਹੈ। ਰਵਿਦਾਸ ਦਾ ਸੋਰਠਿ ਰਾਗੁ ਵਾਲਾ ਪਦਾ "ਸੁਖ ਸਾਗਰ ਸੁਰਤਰ ਚਿੰਤਾਮਨਿ" ਰਾਗੁ ਮਾਰੂ ਵਿਚ ਵੀ ਦੁਹਰਾਇਆ ਹੋਇਆ ਹੈ। ਮੀਰਾ ਬਾਈ ਦਾ ਸ਼ਬਦ ਇਸ ਬੀੜ ਵਿਚ ਹੈ।

੧੨. **ਭੈਰਉ** ਨਾਮਦੇਵ ਦਾ ਸ਼ਬਦ "ਆਉ ਕਲੰਦਰ ਕੇਸਵਾ" ਇਸ ਬੀੜ ਵਿਚ ਮਗਰੋਂ ਹਾਸ਼ੀਏ ਵਿਚ ਲਿਖਿਆ ਹੋਇਆ ਹੈ। ਭੈਰਉ ਘਰੁ ੨ ਦਾ ਰਵਿਦਾਸ ਦਾ ਇਹ ਪਦਾ "ਬਿਨੁ ਦੇਖੇ ਉਪਜੈ ਨਹੀਂ ਆਸਾ" ਮਗਰੋਂ ਵਧਾਇਆ ਹੋਇਆ ਹੈ।

੧੩. ਰਾਗੁ **ਬਸੰਤ** ਦਾ ਚਉਪਦਾ "ਬਸਤ੍ਰ ਉਤਾਰ ਦਿਗੰਬਰ ਹੋਗ" ਤੇ ਇਕ-ਤੁਕਾ "ਸਾਹਿਬ ਭਾਵੈ ਸੇਵਕ ਸੇਵਾ ਕਰੈ" ਦੋਵੇਂ ਮਹਲਾ ੩ ਦੀ ਕ੍ਰਿਤ ਮੰਨ ਕੇ ਮਹਲਾ ੩ ਦੀ ਪੱਟੀ ਵਿਚ ਦਰਜ ਕੀਤੇ ਹੋਏ ਹਨ। ਇਸ ਬੀੜ ਵਿਚ "ਬਸੰਤ" ਨਾਲ "ਹਿੰਡੋਲ" ਪਦ ਕਿਧਰੇ ਵੀ ਨਹੀਂ ਆਇਆ। ਬਸੰਤ ਮਹਲਾ ੧ ਘਰੁ ੨ ਦੇ ਤੀਜੇ ਸ਼ਬਦ "ਰਾਜਾ ਬਾਲਕ ਨਗਰੀ ਕਾਚੀ" ਦਾ ਚੌਥਾ ਬੰਦ "ਕਹਿਆ ਸੁਣਹਿ ਨ ਖਾਇਆ ਮਾਨਹਿ" ਇਸ ਬੀੜ ਵਿਚ ਪ੍ਰਾਪਤ ਹੈ (ਪਤ੍ਰਾ ੩੪੨)। ਉਪਰ ਬਸੰਤੁ ਮਹਲਾ ੫, ਘਰੁ ੨ ਨਾਲ "ਚਰਚਰੀ" ਪਦ ਆਇਆ ਹੈ ਜੋ ਇਥੇ ਵਰਤੇ ਗਏ ਕਾਵਿ ਰੂਪ ਦਾ ਸੂਚਕ ਲਗਦਾ ਹੈ।

੧੪. ਰਾਗੁ **ਸਾਰੰਗ** ਵਿਚ ਸੂਰਦਾਸ ਦਾ ਪਦਾ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ" ਇਸ ਬੀੜ ਵਿਚ ਨਹੀਂ ਹੈ।

੧੫. ਰਾਗੁ **ਮਲਾਰ** ਦਾ ਮਹਲੇ ੫ ਦਾ ਚਉਪਦਾ "ਪ੍ਰਾਨ ਮਾਨ ਏਕ ਨਾਮੁ" ਇਸ ਵਿਚ ਪ੍ਰਾਪਤ ਨਹੀਂ ਹੈ। ਮਲਾਰ ਕੀ ਵਾਰ ਦਾ ਪਹਲਾ ਸਲੋਕ (ਗੁਰ ਮਿਲਿਐ ਮਨੁ ਰਹਸੀਐ) ਮਹਲਾ ੩ ਦਾ ਕਰਕੇ ਲਿਖਿਆ ਹੋਇਆ ਹੈ।

੧੬. ਰਾਗੁ **ਕਾਨੜਾ** ਵਿਚ ਘਰਾਂ ਨਾਲ ਮੰਗਲ ਹਨ।

੧੭. ਰਾਗੁ **ਪ੍ਰਭਾਤੀ** ਵਿਚ "ਇਭਾਸ" ਪਦ ਆਰੰਭ ਵਿਚ ਹੈ, ਅਗੇ ਪ੍ਰਭਾਤੀ ਚਲਦਾ ਹੈ।

੧੮. ਦੂਜੀ ਪਾਤਸਾਹੀ ਦੇ ਭਟ ਰਚਿਤ ਸਵੱਯਾਂ ਦੇ ਅੰਤ ਤੇ ਪਾਠ "ਕਹੁ ਟਲ' ਆਇਆ ਹੈ।

੧੯. ਫਾਲਤੂ ਬਾਣੀਆਂ ਨਾਲ 'ਸਿਆਹੀ ਕੀ ਬਿਧਿ' ਉੱਤੇ ਇਹ ਬੀੜ ਮੁਕਦੀ ਹੈ ਕੁਲ ਪਤ੍ਰੇ ਇਸ ਦੇ ੪੦੪ ਹਨ।

੩੪. ਬੀੜ ਐਮ-ਐਸ. ਜੀ. ੭੩

(੧੭੬੦ ਬਿ.)

ਚਿਹਨ-ਚਕ੍ਰ ਤੇ ਨਕਲ-ਕਾਲ : ਇਹ ਬੀੜ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੁਸਤਕਾਲੇ ਵਿਚ ਐਕਸੈਸ਼ਨ ਨੰਬਰ ਐਮ. ਐਸ. ਜੀ. ੭੩ ਤੇ ਉਪਲਬਧ ਹੈ। ਇਸ ਦੇ ਮੁਢ ਵਿਚ ਜੋ "ਚਲਿਤ੍ ਜੋਤੀ ਜੋਤਿ ਸਮਾਵਣੇ ਕੇ" ਹਨ, ਉਹ ਨੌਵੇਂ ਪਾਤਸ਼ਾਹ ਦੇ ਸਮਾਵਣ ਤੇ ਮੁਕ ਜਾਂਦੇ ਹਨ। ਇਸ ਦੇ ਅੱਗੇ ਸੂਚੀਪਤ੍ਰ ਪੋਥੀ ਕਾ ਸੁਰੂ ਹੁੰਦਾ ਹੈ। ਉਸ ਵਿਚ ਇਸ ਗ੍ਰੰਥ ਦੇ ਲਿਖੇ ਜਾਣ ਦੀ ਮਿਤੀ "ਸੰਮਤ ੧੭੬੦ ਮਾਘ ਸੁਦੀ ੧੨" ਦਿੱਤੀ ਹੋਈ ਹੈ। ਗ੍ਰੰਥ ਦੀ ਲਿਖਾਈ ਬਹੁਤ ਸੁੰਦਰ ਹੈ।

ਤਤਕਰੇ ਤੇ ਅੰਕਣ-ਵਿਧੀ : ਗ੍ਰੰਥ ਵਿਚ ਤਿੰਨ ਤਤਕਰੇ ਹਨ : ਇਕ "ਸੂਚੀਪਤ੍ਰ ਗ੍ਰੰਥ ਕਾ ਤਤਕਰਾ ਰਾਗਾਂ ਕਾ" ਦੂਜਾ "ਤਤਕਰਾ ਤਤਕਰੇ ਕਾ" (ਕੇਵਲ ਰਾਗਾਂ ਦਾ ਤਤਕਰਾ) ਤੀਜਾ "ਤਤਕਰਾ ਸ਼ਬਦਾਂ ਕਾ" ਪਿਛਲੇ ਵਿਚ ਪ੍ਰਕਰਣਾਂ ਦੇ ਸ਼ੁਰੂ ਹੋਣ ਦੇ "ਪੰਨੇ ਸੂਚਿਤ ਕੀਤੇ ਹੋਏ ਹਨ। ਇਸ ਗ੍ਰੰਥ ਵਿਚ ਪਤ੍ਰਿਆਂ ਨੂੰ "ਪੰਨੇ" ਕਰ ਕੇ ਲਿਖਿਆ ਹੈ। ਤਤਕਰੇ ਵਿਚ ਦਿੱਤੇ ਪਤ੍ਰਾ-ਅੰਕ ਅੰਦਰਲੇ ਮੂਲ-ਪਾਠ ਤੇ ਦਿੱਤੇ ਪਤ੍ਰਾ-ਅੰਕਾਂ ਨਾਲ ਮੇਲ ਨਹੀਂ ਖਾਂਦੇ। ਜਦੋਂ ਅੰਦਰ ਸੰਬੰਧਿਤ ਪ੍ਰਕਰਣ ਢੂੰਡੀਏ ਤਾਂ ਨਹੀਂ ਮਿਲਦਾ। ਚਾਰ ਪੰਜ ਪਤ੍ਰੇ ਅਗੇ ਜਾ ਕੇ ਮਿਲਦਾ ਹੈ। ਕਈ ਸ਼ਬਦ ਤਤਕਰੇ ਵਿਚ ਨਹੀਂ ਆਏ, ਪਰ ਅੰਦਰ ਮੌਜੂਦ ਹਨ। ਇਸ ਤੋਂ ਪਤਾ ਲਗਦਾ ਹੈ ਕਿ ਤਤਕਰਾ ਕਿਸੇ ਹੋਰ ਗ੍ਰੰਥ ਤੋਂ ਹੂ-ਬਹੂ ਨਕਲ ਕਰ ਲਇਆ ਗਇਆ ਹੈ। ਪਤ੍ਰਿਆਂ ਦੇ ਅੰਕ ਸੰਸਕ੍ਰਿਤ ਪਰਿਪਾਟੀ ਅਨੁਸਾਰ ਪਤ੍ਰੇ ਦੇ ਮਗਰਲੇ ਪਾਸੇ ਹਾਸ਼ੀਏ ਵਿਚ ਉਪਰ ਕਰਕੇ ਲਗੇ ਹੋਏ ਹਨ। ਪਤ੍ਰਿਆਂ ਦੀ ਗਿਣਤੀ ੭੭੬ ਹੈ।

ਬਾਣੀ ਦਾ ਵੇਰਵਾ : **ਜਪੁ** ਗੁਰੂ ਰਾਮਦਾਸ ਜੀਉ ਕੇ ਦਸਤਖਤਾਂ ਕਾ ਚੋਥੀ ਥਾਵੇਂ ਨਕਲ ਹੈ। ਇਸ ਪਿੱਛੋਂ ਸੋ ਦਰੁ (ਪੰਚ ਸ਼ਬਦ) ਸੋ ਪੁਰਖੁ (ਚਾਰ ਸ਼ਬਦ) ਸੋਹਿਲਾ (ਪੰਚ ਸ਼ਬਦ) ਚਲਦੇ ਸਨ, ਪਰੰਤੂ, ਸੋ ਪੁਰਖੁ ਵਾਲੇ ਚਾਰੇ ਸ਼ਬਦ ਹੜਤਾਲ ਫੇਰ ਕੇ ਕੱਟੇ ਹੋਏ ਹਨ। ਇਹ ਕਿਸੇ ਦੂਸਰੇ ਲਿਖਾਰੀ ਨੇ ਇਸ ਗ੍ਰੰਥ ਨੂੰ ਕਿਸੇ ਪ੍ਰਮਾਣਿਕ ਗ੍ਰੰਥ ਦਾ ਅਨੁਸਾਰੀ ਬਣਾਉਣ ਲਈ ਕੱਟੇ ਲਗਦੇ ਹਨ। ਰਾਗੁ ਜੈਜਾਵੰਤੀ ਮਿਲਾ ਕੇ ਸਾਰੇ ੩੧ ਰਾਗਾਂ ਦੀ ਬਾਣੀ ਇਸ ਬੀੜ ਵਿਚ ਪ੍ਰਾਪਤ ਹੈ।

ਭੋਗ ਦੀ ਬਾਣੀ ਦਾ ਕ੍ਰਮ ਤੇ ਬਿਓਰਾ ਇਸ ਪ੍ਰਕਾਰ ਹੈ। ਸਲੋਕ ਸਹਸਕ੍ਰਿਤੀ (੪+੬੭), ਗਾਥਾ (੨੪), ਫੁਨਹੇ (੨੨), ਚਉਬੋਲੇ (੯), ਸਲੋਕ ਕਬੀਰ ਜੀਉ ਕੇ

(੨੪੪), ਸਲੋਕ ਸ਼ੇਖ ਫ਼ਰੀਦ ਕੇ (੧੩੦), ਸਵੈਯੇ ਮੁਖ ਬਾਕ੍ਯ (੨੦), ਸਵੈਯੇ ਭੱਟਾਂ ਕੇ (੧੨੨), ਸਲੋਕ ਵਾਰਾਂ ਤੇ ਵਧੀਕ (੧੫੩), ਮੁੰਦਾਵਣੀ ਤੇ ਸਲੋਕ "ਤੇਰਾ ਕੀਤਾ ਜਾਤੋ ਨਾਹੀ"।

ਫਾਲਤੂ ਬਾਣੀ ਵਿਚ ਸਲੋਕ ਮਹਲਾ ੧ "ਜਿਤੁ ਦਰੁ ਲਖ ਮੁਹੰਮਦਾ", ੩ ਬੰਦ ਤੇ "ਬਾਇ ਆਤਿਸ਼ ਆਬ" (੧੬ ਬੰਦ), ਰਤਨਮਾਲਾ, ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ, ਰਾਗਮਾਲਾ ਤੇ ਸਿਆਹੀ ਕੀ ਬਿਧਿ ਸਭ ਪ੍ਰਾਪਤ ਹਨ।

ਨੌਵੇਂ ਮਹਲੁ ਦੀ ਬਾਣੀ ਇਸ ਗ੍ਰੰਥ ਵਿਚ ਚੜ੍ਹੀ ਹੋਈ ਹੈ; ਰਾਗੁ ਜੈਜਾਵੰਤੀ ਰਾਗੁ ਜੈਤਸਰੀ ਦੇ ਪਿੱਛੇ ਦਰਜ ਹੈ, ਪਰ ਸਲੋਕਾਂ ਦੀ ਥਾਂ ਬੜੀ ਗਲਤ ਹੈ। ਸਲੋਕ ਮਹਲਾ ੯ ਦੇ ਇਸ ਬੀੜ ਵਿਚ ਮਹਲਾ ਪਹਲਾ ਦੇ ਨਾਂ ਤੇ ਚਲਦੇ ਵਾਧੂ ਸਲੋਕਾਂ ("ਜਿਤੁ ਦਰੁ ਲਖ ਮੁਹੰਮਦਾ" ਤੇ "ਬਾਇ ਆਤਿਸੁ ਆਬ", ਆਦਿ) ਦੇ ਮਗਰ ਤੇ ਰਤਨਮਾਲਾ ਤੋਂ ਪਹਲਾਂ ਦਿੱਤੇ ਹੋਏ ਹਨ।

ਵਾਰਾਂ : ਸੰਬੰਧਿਤ ਵਾਰਾਂ ਨਾਲ ਧੁਨੀਆਂ ਚੜ੍ਹੀਆਂ ਹੋਈਆਂ ਹਨ। ਵਾਰਾਂ ਦੇ ਅੰਤ ਤੇ "ਸੁਧੁ" ਤੇ "ਸੁਧੁ ਕੀਚੈ" ਸੂਚਨਾਵਾਂ ਨਹੀਂ ਹਨ। ਬੀੜ ਸ਼ਬਦਾਂ ਤੇ ਉਨ੍ਹਾਂ ਦੇ ਕ੍ਰਮ ਵਿਚ ਦ੍ਰਿੜ੍ਹ ਭਾਂਤ ਪ੍ਰਚਲਿਤ ਗ੍ਰੰਥ ਦਾ ਅਨੁਸਰਨ ਕਰਦੀ ਸਿੱਧ ਹੁੰਦੀ ਹੈ।

ਮੰਗਲ : ਰਾਗੁ ਤੁਖਾਰੀ, ਕੇਦਾਰਾ ਤੇ ਮਲਾਰ ਛੋਟੇ ਮੰਗਲ ਨਾਲ ਸ਼ੁਰੂ ਹੁੰਦੇ ਹਨ।

ਹੋਰ ਵਰਣਨਯੋਗ ਗੱਲਾਂ ਇਸ ਬੀੜ ਬਾਰੇ ਇਹ ਹਨ :—

੧. **ਜਪੁ** ਦੇ ਸਲੋਕ ਨਾਲ ਮਹਲਾ ਜਾਂ ਅੰਕ ਆਦਿ ਕੁਛ ਨਹੀਂ, ਨਿਪਟ ਸਲੋਕ ਦਾ ਪਾਠ ਲਿਖਿਆ ਹੋਇਆ ਹੈ। ਜਪੁ ਵਿਚ ਕੁਝ ਸ਼ਬਦ-ਜੋੜ ਇਸ ਪ੍ਰਕਾਰ ਆਏ ਹਨ : ਮੁਹੋ, ਧੋਲ, ਕੋਣ, ਰਖੀਸਰੁ, ਜੀਭੋ।

੨. ਇਸ ਬੀੜ ਵਿਚ ਵੀ ਸ੍ਰੀ ਰਾਗੁ ਨੂੰ "**ਸਿਰੀ ਰਾਗ**" ਕਰਕੇ ਹੀ ਲਿਖਿਆ ਹੋਇਆ ਹੈ।

੩. ਰਾਗੁ **ਆਸਾ** ਵਿਚ ਸੋ ਦਰੁ ਦੇ ਛੇਤੀ ਮਗਰੋਂ ਸੋ ਪੁਰਖੁ ਵਾਲਾ ਮਹਲਾ ੪ ਦਾ ਸ਼ਬਦ ਹੈ। ਇਸ ਦੇ ਪਿੱਛੋਂ ਮਹਲਾ ੧ ਦੇ ਸ਼ਬਦ ਫਿਰ ਸ਼ੁਰੂ ਹੋ ਜਾਂਦੇ ਹਨ।

੪. **ਗੂਜਰੀ** ਮਹਲਾ ੫ ਘਰੁ ਦੂਜਾ ਦੀ ਦੂਜੀ ਅਸਟਪਦੀ (ਨਾਥ ਨਰਹਰ ਦੀਨ) ਦੀ ਅੰਤਲੀ ਤੁਕ ਵਿਚ ਪਾਠ "ਦੇਤ ਦਰਸਨੁ ਸ੍ਰਵਨ ਹਰਿ ਜਸੁ" ਹੈ (ਪੱਤੀ ੩੦੪/ੳ)।

੫. ਰਾਗੁ **ਸੋਰਠਿ** ਵਿਚ ਕਬੀਰ ਜੀ ਦੇ ਤੀਜੇ ਸਬਦ (ਬੇਦ ਪੁਰਾਨ ਸਭੈ ਮਤ ਸੁਨਿ ਕੈ) ਵਿਚ ਅੰਤ ਤੇ ਪਾਠ "ਖਾਲਸੇ" ਹੈ। ਇਸੇ ਰਾਗ ਵਿਚ ਕਬੀਰ ਜੀ ਦੇ ਪੱਟੀ ਦੇ ਅੰਤ ਤੇ ਕਬੀਰ ਜੀ ਦੇ ਸਬਦ "ਅਉਧੂ ਸੋ ਜੋਗੀ ਗੁਰ ਮੇਰਾ" ਦੀ ਇਕ ਤੁਕ

ਦਰਜ ਹੈ (ਪੱਤੀ ੩੮੧/ੳ) ।

੬. **ਧਨਾਸਰੀ** ਮਹਲਾ ੧ ਘਰੁ ੨ ਦੇ ਚੌਥੇ ਸ਼ਬਦ (ਨਦਰਿ ਕਰੈ ਤਾਂ ਸਿਮਰਿਆ ਜਾਇ) ਨਾਲ ਇਸ ਗ੍ਰੰਥ ਵਿਚ ਮਹਲਾ ੩ ਆਇਆ ਹੈ ।

੭. ਰਾਗੁ **ਤਿਲੰਗ** ਵਿਚ ਮਹਲਾ ੯ ਦੇ ਸ਼ਬਦ ਛਪੇ ਗ੍ਰੰਥ ਵਾਂਙ ਅਸ਼ਟਪਦੀਆਂ ਦੇ ਮਗਰ ਤੇ ਭਗਤ ਬਾਣੀ ਦੇ ਛੇਤੀ ਪਹਲੋਂ ਹਨ, ਪਰ ਸ਼ਬਦਾਂ ਦਾ ਕ੍ਰਮ ਛਪੇ ਗ੍ਰੰਥ ਨਾਲੋਂ ਕੁਛ ਭਿੰਨ ਹੈ । ਇਸ ਬੀੜ ਵਿਚਲਾ ਕ੍ਰਮ ਇਹ ਹੈ :

(ੳ) ਜਾਗ ਲੇਹੁ ਰੇ ਮਨ

(ਅ) ਹਰਿ ਜਸ ਰੇ ਮਨ ਗਾਇ ਲੈ

(ੲ) ਚੇਤਨਾ ਹੈ ਤਉ ਚੇਤ ਲੈ

→ ੮. ਬੀੜ ਵਿਚ **ਰਾਮਕਲੀ** ਮਹਲਾ ੫ ਦਾ ਕਥਿਤ ਛੰਤ "ਰੁਣ ਝੁੰਝਨੜਾ" ਸਾਰੇ ਦਾ ਸਾਰਾ ਪ੍ਰਾਪਤ ਹੈ ।

੯. ਰਾਗੁ **ਮਾਰੂ** ਅਸਟਪਦੀਆਂ ਵਿਚ ਅਸ਼ਟਪਦੀ "ਲਾਲੇ ਗਾਰਬ ਛੋਡਿਆ" ਇਸ ਬੀੜ ਵਿਚ ਮਹਲਾ ੩ ਦੀ ਤਖਤੀ ਦੇ ਸ਼ੁਰੂ ਵਿਚ ਦਿੱਤੀ ਹੋਈ ਸੀ ਮਗਰੋਂ ਕਿਸੇ ਸੁਧਾਈ ਵਾਲੇ ਨੇ ਇਸ ਨੂੰ ਉਥੋਂ ਹੜਤਾਲ ਕੇ ਮਹਲਾ ੧ ਦੀ ਪੱਟੀ ਵਿਚ ਹੁਣ ਵਾਲੇ ਕ੍ਰਮ ਵਿਚ ਲਿਖ ਦਿੱਤਾ ਹੈ । ਵਾਰ ਰਾਗੁ **ਮਾਰੂ** ਮਹਲਾ ੩ ਦਾ ਪਹਲਾ ਸਲੋਕ "ਮਹਲੁ ੧" ਦਾ ਸੀ । ਮਗਰੋ ਇਸ ਉੱਤੇ ਹੜਤਾਲ ਫੇਰ ਕੇ ਮਹਲਾ ੩ ਬਣਾਇਆ ਗਇਆ ਹੈ । ਇਸੇ ਰਾਗੁ ਵਿਚ ਕਬੀਰ ਜੀ ਦੇ ਸ਼ਬਦ ਪ੍ਰਚਲਿਤ ਗ੍ਰੰਥ ਵਾਂਙ ਬੇ-ਮਿਸਲ ਹੀ ਹਨ । ਭਗਤ ਰਵਿਦਾਸ ਜੀ ਦਾ ਰਾਗੁ ਸੋਰਠਿ ਵਾਲਾ ਸ਼ਬਦ "ਸੁਖ ਸਾਗਰ ਸੁਰਤਰ ਚਿੰਤਾਮਨਿ" ਮਾਰੂ ਵਿਚ ਵੀ ਦੁਹਰਾਇਆ ਹੋਇਆ ਹੈ । ਮੀਰਾ ਬਾਈ ਦਾ ਪਦਾ "ਮਨ ਹਮਾਰਾ ਬਾਧਿਓ ਮਾਈ" ਪੂਰਾ ਪ੍ਰਾਪਤ ਹੈ (ਪੱਤੀ ੬੦੮/ੳ) ।

੧੦. **ਬਸੰਤ** ਮਹਲਾ ੧ ਘਰੁ ੧ ਦੀ ਪੱਟੀ ਵਿਚ ਆਇਆ ਤੀਜਾ ਸ਼ਬਦ "ਬਸਤ੍ਰ ਉਤਾਰਿ ਦਿਗੰਬਰ ਹੋਗ" ਮਹਲਾ ੩ ਦਾ ਕਰਕੇ ਲਿਖਿਆ ਹੈ । ਇਸੇ ਤਖਤੀ ਦਾ ਇਕਤੁਕਾ "ਸਾਹਿਬ ਭਾਵੈ ਸੇਵਕੁ ਸੇਵਾ ਕਰੈ" ਮਹਲਾ ੧ ਦਾ ਹੈ । ਬਸੰਤ ਹਿੰਡੋਲ ਮਹਲਾ ੧। ਘਰੁ ੨ ਦੇ ਤੀਜੇ ਸ਼ਬਦ "ਰਾਜਾ ਬਾਲਕ ਨਗਰੀ ਕਾਚੀ" ਵਿਚ ਚੋਥਾ ਬੰਦ "ਕਹਿਅ ਸੁਣਹਿ ਨ ਖਾਇਆ ਮਾਨਹਿ" ਵਾਲਾ ਹੈ (ਪੱਤੀ ੬੪੦/ਅ) ।

→ ੧੧. **ਸਾਰੰਗ** ਵਿਚ ਸੂਰਦਾਸ ਦਾ ਪਦਾ "ਛਾਡਿ ਮਨ ਹਰਿ ਬਿਮੁਖਨ ਕੋ ਸੰਗ" ਪੂਰੇ ਪਾਠ ਸਹਿਤ ਆਇਆ ਹੈ ।

੧੨. **ਮਲਾਰ** ਕੀ ਵਾਰ ਮਹਲਾ ੧ ਨਾਲ ਪਹਲਾ ਸਲੋਕ ਮਹਲਾ ੩ ਦਾ ਹੈ ।

੧੩. ਭੋਗ ਦੀ ਬਾਣੀ ਵੀ ਛਪੇ ਗ੍ਰੰਥ ਦਾ ਅਨੁਸਰਨ ਕਰਦੀ ਹੈ ।

੩੫. ਡਾ. ਤ੍ਰਿਲੋਚਨ ਸਿੰਘ ਵਾਲੀ ਬੀੜ
(ਸੰਮਤੁ ੧੭੬੨)

ਸੰਮਤ ੧੭੬੨ ਬਿਕ੍ਰਮੀ ਵਿਚ ਮੁਕੰਮਲ ਹੋਈ ਇਹ ਬੀੜ ਲੁਧਿਆਣਾ ਨਿ[illegible] ਡਾ. ਤ੍ਰਿਲੋਚਨ ਸਿੰਘ ਪਾਸ ਸੁਰੱਖਿਅਤ ਹੈ । ਇਹ ਸਾਨੂੰ ਜਨਵਰੀ ੧੯੯੦ ਈਸਵੀ ਵਿ[illegible] ਦੋ ਦਿਨ ਵਾਚਣ ਦਾ ਮੌਕਾ ਬਣਿਆ । ਇਸ ਤੋਂ ਪਹਿਲਾਂ ਇਸ ਨੂੰ ਭੂਤਪੂਰਵ ਗੁਰਦ[illegible] ਇਨਸਪੈਕਟਰ ਭਾਈ ਰਣਧੀਰ ਸਿੰਘ ਨੇ ਨਵੰਬਰ ੧੯੬੨ ਵਿਚ ਵਾਚਿਆ ਸੀ ਤੇ ਇਸ ਅਮੋਲਕ ਹੋਣ ਦੀ ਗਵਾਹੀ ਭਰੀ ਸੀ ।

ਆਕ੍ਰਿਤੀ ਤੇ ਆਕਾਰ : ੨੫ ਸੈ.ਮੀ. × ੩੪ ਸੈ.ਮੀ. (ਲਿਖਤ ੧੫ ਸੈ.ਮੀ × [illegible] ਸੈ.ਮੀ.) ਆਕਾਰ ਦੀ ਇਹ ਬੀੜ ਬੜੇ ਸੁੰਦਰ ਅੱਖਰਾਂ ਵਿਚ ਇਕ ਹੀ ਹੱਥ ਦੀ ਲਿਖੀ ਹੋਈ ਹੈ ਕਾਗਜ਼ ਪਤਲਾ ਕਸ਼ਮੀਰੀ ਹੈ ਤੇ ਸਿਆਹੀ ਵਧੀਆ । ਪਰ ਸਿਆਹੀ ਦੇ ਤੇਜ਼ਾਬੀ [illegible] ਕਾਰਨ ਲਿਖਤ ਕਈ ਥਾਵਾਂ ਤੇ ਕਾਗਜ਼ ਨੂੰ [illegible]ਖਾ ਗਈ ਹੈ ਤੇ [illegible]ਥੋਂ ਪਤ੍ਰੇ ਛਿੱਦਰੇ ਹੋਏ ਹਨ ਸ਼ਕਲ ਇਸ ਬੀੜ ਦੀ ਕਿਤਾਬੀ ਹੈ, ਭਾਵ ਪੇਂਦਾ ਛੋਟਾ ਤੇ ਉਚਾਈ ਵੱਡੀ ਹੈ । ਜਿ[illegible] ਮੁਢਲੀ-ਹਾਲੀ ਕਾਇਮ ਹੈ । ਕਾਗਜ਼ ਪਤਲਾ ਲਗਾ ਹੋਣ ਕਾਰਣ ਵਜ਼ਨ ਵਿਚ ਹਲਕ[illegible] ਜਿਵੇਂ ਸਫ਼ਰੀ ਬੀੜ ਹੋਵੇ ।

ਅੰਕਣ-ਵਿਧੀ : ਅੰਕ ਇਸ ਬੀੜ ਦੇ ਸੱਜੇ ਹੱਥ ਵਾਲੇ ਪਤ੍ਰੇ ਦੇ ਉਪਰ ਕਰਕੇ ਹ[illegible] ਵਿਚ ਲਗੇ ਹੋਏ ਹਨ । ਕੁਲ ਪਤ੍ਰੇ ੬੨੪ ਹਨ । ਅੰਕਣ-ਵਿਧੀ ਵਿਗਿਆਨਕ ਹੈ, ਅਰਥਾ[illegible] ਇਕ ਹੀ ਪਤ੍ਰੇ ਦੇ ਸਿੱਧੇ ਤੇ ਪੁੱਠੇ ਪਾਸੇ ਨੂੰ ਲੈ ਕੇ ਪਤ੍ਰਾ ਮੁਕੰਮਲ ਹੋਇਆ ਮੰਨਿਆ ਗਇਆ ਹੈ ।

ਤਤਕਰੇ : ਮੁਢਲੇ ਸੱਜੇ ਹੱਥ ਵਾਲੇ ਪਤ੍ਰੇ ਨੂੰ ਜਿਸ ਦੇ ਉਪਰ ਅੰਕ ੧ ਲਗਾ ਹੋਇਆ ਹੈ ਖਾਲੀ ਛਡ ਕੇ, ਅੰਕ ੧ ਦੇ ਪੁੱਠੇ ਪਾਸੇ ਤੋਂ ਤਤਕਰੇ ਆਰੰਭ ਹੁੰਦੇ ਹਨ । ਮੂਲਮੰਤ੍ਰ ਦੇ [illegible] ਪਿੱਛੋਂ "ਸੂਚੀਪਤ੍ਰ ਪੋਥੀ ਕਾ ਤਤਕਰਾ" ਦਿੱਤਾ ਹੋਇਆ ਹੈ । ਇਸ ਦੇ ਮੁਢ ਵਿਚ ਸਾਰੇ [illegible] ਇਕ ਬਲਾਕ ਦੀ ਸ਼ਕਲ ਵਿਚ ਕ੍ਰਮਵਾਰ ਦਿੱਤੇ ਹੋਏ ਹਨ; ਪਰੰਤੂ ਇਨ੍ਹਾਂ ਦੇ ਸ਼ਬਦ-ਤਤਕ[illegible] ਵਿਚਲੇ ਪਤ੍ਰਾਂਕ ਸੂਚਿਤ ਨਹੀਂ ਕੀਤੇ ਗਏ, ਜਿਸ ਤੋਂ ਪਤਾ ਲਗਦਾ ਹੈ ਕਿ ਲਿਖਾਰੀ ਨੇ [illegible] ਤਤਕਰੇ ਦੇ ਮਹੱਤਵ ਨੂੰ ਸਮਝੇ ਬਗੈਰ ਐਵੇਂ ਨਕਲ ਕਰ ਦਿੱਤਾ ਹੈ । ਇਸ ਦੇ ਅੱਗੇ ਬਾ[illegible] ਵਿਚ ਮੁਢਲੀਆਂ ਬਾਣੀਆਂ ਤੇ ਰਾਗਾਂ ਦਾ ਵੇਰਵਾ ਪਤ੍ਰਿਆਂ ਸਹਿਤ ਲਿਖਿਆ ਹੋਇਆ [illegible] ਅੰਤ ਵਿਚ ਭੋਗ ਦੀ ਬਾਣੀ ਦਾ ਵੇਰਵਾ ਹੈ ਤੇ ਇਸ ਨਾਲ ਸੂਚੀਪਤ੍ਰ ਪੋਥੀ ਕਾ ਸਮਾਪ[illegible] ਜਾਂਦਾ ਹੈ । ਤਤਕਰਾ ਸ਼ਬਦਾ ਕਾ ਆਮ ਚਲਦੇ ਢੰਗ ਅਨੁਸਾਰ ਬਣਾਇਆ ਗਇਆ ਹੈ

ਭਗਤਾਂ ਦੀ ਬਾਣੀ ਨੂੰ ਇਕ ਹੀ ਪ੍ਰਤੀਕ ਨਾਲ ਭੁਗਤਾਇਆ ਗਇਆ ਹੈ। ਤਤਕਰਿਆਂ ਦੇ ਅਖੀਰ ਤੇ "ਵਾਰਾਂ ਦਾ ਬੰਧੇਜ" ਨਾਂ ਹੇਠ ਗੁਰੂਆਂ ਦੇ ਕ੍ਰਮ ਅਨੁਸਾਰ ਵਾਰਾਂ ਦੀ ਸੂਚੀ ਦਿੱਤੀ ਹੋਈ ਹੈ (ਪਤ੍ਰਾ ੩੦/ਅ)। ਇਸੇ ਪਤ੍ਰੇ (੩੦/ਅ) ਉਤੇ ਸੱਜੇ ਹੱਥ ਵਾਲੇ ਕਾਲਮ ਵਿਚ ਸਿਆਹੀ ਸੰਵਾਰਨ ਦਾ ਇਕ ਵਿਸਤ੍ਰਿਤ ਨੁਸਖਾ ਲਿਖਿਆ ਹੋਇਆ ਹੈ। ਅਗਲੇ ਅਰਥਾਤ ਪਤ੍ਰਾ ੩੧/ੳ ਉਤੇ ਖੱਬੇ ਹੱਥ ਵਾਲੇ ਕਾਲਮ ਵਿਚ ਇਕ ਹੋਰ ਨੁਸਖਾ ਸਿਆਹੀ ਸੰਵਾਰਨ ਦਾ ਦਰਜ ਹੈ, ਪਰ ਇਹ ਪਹਲੇ ਨਾਲੋਂ ਸੰਖੇਪ ਤੇ ਸਾਦਾ ਹੈ।

ਚਲਿਤ੍ਰ ਸਮਾਵਣੇ ਕੇ ਤੇ ਲਿਖਣ-ਕਾਲ : ਸਿਆਹੀ ਸੰਵਾਰਨ ਦੇ ਨੁਸਖਿਆਂ ਮਗਰੋਂ ਪੱਤੀ ੩੨/ੳ ਉਪਰ ਚਲਿਤ੍ਰ ਜੋਤੀ ਜੋਤਿ ਸਮਾਵਣ ਦੇ ਹਨ। ਇਨ੍ਹਾਂ ਵਿਚ ਛੇਵੇਂ ਗੁਰੂ ਸਾਹਿਬ ਦਾ ਚਲਿਤ੍ਰ ਉਸੇ ਤਫਸੀਲ ਨਾਲ ਦਿੱਤਾ ਹੋਇਆ ਹੈ ਜਿਸ ਨਾਲ ਕਿ ਇਹ ਕਰਤਾਰਪੁਰੀ ਬੀੜ (ਨੰਬਰ ੬) ਤੇ ਕਾਨਗੜ੍ਹ ਵਾਲੀ ਬੀੜ (ਨੰਬਰ ੧੫) ਵਿਚ ਦਰਜ ਹੈ।[1] ਚਲਿਤ੍ਰ ਸ੍ਰੀ ਗੁਰੂ ਤੇਗ ਬਹਾਦਰ ਦੇ ਸਮਾਵਣ ਦੀ ਤਿਥ ਨਾਲ ਸਮਾਪਤ ਹੁੰਦੇ ਹਨ। ਅੰਤ ਤੇ ਗ੍ਰੰਥ ਲਿਖੇ ਜਾਣ ਦਾ ਸੰਮਤ ਇਸ ਤਰ੍ਹਾਂ ਦਰਜ ਹੈ :

ਸੰਮਤੁ ੧੭੬੨ ਅਸਾੜਿ ਸੁਦੀ ਦੂਜ ਗਿਰੰਥੁ ਲਿਖਿਆ

ਬਾਣੀ ਦਾ ਬਿਉਰਾ : ਲਿਖਾਰੀ ਨੇ ਤਤਕਰੇ ਵਾਲੇ ਹਿੱਸੇ ਦੇ ਅੰਕ ਹੀ ਅੱਗੇ ਚਲਦੇ ਰਖੇ ਹਨ। ਪੱਤੀ ੩੩ ਦੇ ਮਗਰਲੇ ਪਾਸੇ ਅਰਥਾਤ ੩੩/ਅ ਤੋਂ ਜਪੁ ਸ਼ੁਰੂ ਹੁੰਦਾ ਹੈ। ਸੋ ਦਰੁ ਦੇ ਪੰਜ ਸ਼ਬਦਾਂ ਨਾਲ ਸੋ ਪੁਰਖੁ ਵਾਲਾ ਚਾਰ ਸ਼ਬਦਾਂ ਦਾ ਜੁਟ ਵੀ ਪ੍ਰਾਪਤ ਹੈ। ਫਿਰ ਕੀਰਤਨ ਸੋਹਿਲਾ ਤੇ ਮਗਰੋਂ ਰਾਗ-ਬਧ ਬਾਣੀ ਆਰੰਭ ਹੋ ਜਾਂਦੀ ਹੈ। ਹਰੇਕ ਰਾਗੁ ਪੂਰੇ ਮੂਲਮੰਤ੍ਰ ਨਾਲ ਸ਼ੁਰੂ ਹੁੰਦਾ ਹੈ। "ਸ਼ਲੋਕ ਵਾਰਾਂ ਤੇ ਵਧੀਕ" ਤੇ "ਸਵੱਯੇ ਮੁਖ ਬਾਕਜ ਮਹਲਾ ੫" ਦੇ ਆਰੰਭ ਵਿਚ ਵੀ ਮੂਲਮੰਤ੍ਰ ਹੈ। ਬਾਕੀ ਥਾਵਾਂ ਤੇ ਮੰਗਲ ਵਰਤਿਆ ਗਇਆ ਹੈ। ਪਰੰਤੂ ਵਾਰ ਰਾਗੁ ਆਸਾ ਦੇ ਮੁਢ ਵਿਚ ਵੀ ਪੂਰਾ ਮੂਲਮੰਤ੍ਰ ਸੋਭ ਰਹਿਆ ਹੈ। ਵਾਰਾਂ ਨਾਲ ਧੁਨੀਆਂ ਦਰਜ ਹਨ ਤੇ ਸਲੋਕਾਂ ਨਾਲ ਮਹੱਲੇ ਵੀ ਲਗਪਗ ਸਭ ਥਾਵਾਂ ਤੇ ਅੰਕਿਤ ਹਨ।

ਨੌਵੇਂ ਸਤਿਗੁਰਾਂ ਦੀ ਬਾਣੀ ਰਾਗਾਂ ਵਿਚ ਥਾਂ ਸਿਰ ਚੜ੍ਹੀ ਹੋਈ ਹੈ; ਰਾਗ ਜੈਜਾਵੰਤੀ ਰਾਗਾਂ ਦੇ ਅੰਤ ਤੇ ਰਾਗੁ ਪ੍ਰਭਾਤੀ ਦੇ ਪਿੱਛੇ ਦਰਜ ਹੈ।

ਭੋਗ ਇਸ ਬੀੜ ਦਾ ਭੱਟਾਂ ਦੇ ਸਵੱਯਾਂ ਉਤੇ ਪੈਂਦਾ ਹੈ। ਭੋਗ ਦੀ ਬਾਣੀ ਦਾ ਕ੍ਰਮ ਇਸ ਤਰ੍ਹਾਂ ਹੈ : ਸਲੋਕ ਸਹਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋਕ ਵਾਰਾਂ ਤੇ ਵਧੀਕ, ਮੁੰਦਾਵਣੀ, ਸਲੋਕ ਕਬੀਰ ਜੀ ਕੇ, ਸਲੋਕ ਫਰੀਦ ਜੀ ਦੇ, ਸਵੱਯੇ ਮੁਖ ਬਾਕਜ ਤੇ ਸਵੱਯੇ ਭੱਟਾਂ ਕੇ। ਸਲੋਕ "ਤੇਰਾ ਕੀਤਾ ਜਾਤੋ ਨਾਹੀ" ਇੱਥੇ ਪੰਚਮ ਸਤਿਗੁਰਾਂ ਦੇ ਸਲੋਕਾਂ ਦੇ ਅੰਤ ਤੇ ਹੈ, ਜਿਸ ਪਿੱਛੋਂ ਨੌਵੀਂ ਪਾਤਸਾਹੀ ਦੇ ਸਤਵੰਜਾ ਸਲੋਕ ਦਰਜ ਹਨ। ਤ੍ਰਿਵੰਜਵੇਂ ਸਲੋਕ ਦਾ ਪਾਠ "ਬਲ ਟੂਟਿਓ ਬੰਧਨ ਪਰਿਓ" ਹੈ ਤੇ ਅਗਲੇ ਸਲੋਕ ਚੌਰਿੰਜਵੇਂ ਅਰਥਾਤ "ਬਲੁ ਹੂਓ ਬੰਧਨੁ ਛੁਟੈ" ਦੇ ਮੁਢ ਵਿਚ "ਮਹਲਾ ੧੦" ਲਿਖਿਆ ਹੋਇਆ ਹੈ।

[1]ਦੇਖੋ ਪਲੇਟਸ XX, XXI ਅਤੇ XXXI, ਹੋਰ ਜਾਣਕਾਰੀ ਲਈ ਦੇਖੋ ਪੁਸਤਕ, ਪੰਨਾ ੧੮੭ ਅਤੇ ੨੬੬.

ਉਪਰ ਲਿਖੀ ਭੋਗ ਦੀ ਬਾਣੀ ਤੋਂ ਛੁਟ ਹੋਰ ਕੋਈ ਫ਼ਾਲਤੂ ਬਾਣੀ (ਸਲੋਕ "ਜਿਤ ਦਰੁ ਲਖ ਮੁਹੰਮਦਾ", ਰਤਨਮਾਲਾ ਰਾਗਮਾਲਾ ਆਦਿ) ਇਸ ਬੀੜ ਵਿਚ ਨਹੀਂ ਹੈ। ਸਿਆਹੀ ਕੀ ਬਿਧਿ, ਜਿਵੇਂ ਕਿ ਉਪਰ ਜ਼ਿਕਰ ਆ ਚੁਕਿਆ ਹੈ, ਮੁਢਲੇ ਪਤ੍ਰਿਆਂ ਤੇ ਅੰਕਿਤ ਹੈ, ਗ੍ਰੰਥ ਦੇ ਅੰਤ ਤੇ ਨਹੀਂ।

ਬੀੜ ਦੇ ਸ਼ੁੱਧ ਹੋਣ ਦਾ ਦਾਅਵਾ : ਸਵਰਗਵਾਸੀ ਗੁਰਦਵਾਰਾ ਇਨਸਪੈੱਕਟਰ ਭਾਈ ਰਣਧੀਰ ਸਿੰਘ ਨੇ ਬੀੜ ਨੂੰ ਸੰਥਾ-ਸੋਚੀਆਂ ਦੀ ਸੁਧਾਈ ਲਈ ਅਤਿ ਲਾਹੇਵੰਦ ਸਿੱਧ ਹੋਣ ਦੀ ਘੋਸ਼ਣਾ ਕੀਤੀ ਹੈ। ਉਨ੍ਹਾਂ ਦਾ ਇਹ ਨਿਰਣਾ ਕਾਹਲੀ ਵਿਚ ਲਇਆ ਲਗਦਾ ਹੈ। ਉਨ੍ਹਾਂ ਦੇ ਨਿਰਣੇ ਦਾ ਆਧਾਰ ਹਰੇਕ ਰਾਗੁ ਨਾਲ ਠੀਕ ਮਰਯਾਦਾ ਅਨੁਸਾਰ ਮੂਲਮੰਤ੍ਰ ਦੇ ਆਉਣ, ਕੁਝ ਰਾਗਾਂ ਵਿਚ ਭਗਤ ਬਾਣੀ ਦੇ ਬਾ-ਮਿਸਲ ਲਿਖੇ ਹੋਣ ਤੇ ਜਪੁ ਸਾਹਿਬ ਵਿਚਲੇ ਕੁਝ ਪਾਠਾਂ (ਮੂਹੋਂ, ਰਿਖੀਸਰ ਤੇ ਜੀਭੋ) ਦੇ ਸ਼ੁੱਧ ਹੋਣ ਉਪਰ ਆਧਾਰਿਤ ਹੈ। ਪਰੰਤੂ ਇਹ ਨਿਰਣਾ ਪੂਰੀ ਤਰ੍ਹਾਂ ਠੀਕ ਨਹੀਂ ਹੈ। ਗ੍ਰੰਥ ਦੇ ਲਿਖਾਰੀ ਨੇ ਭਗਤ ਬਾਣੀ ਨੂੰ ਕਈ ਥਾਵਾਂ ਤੇ ਬਾ-ਮਿਸਲ ਕਰਕੇ ਲਿਖਣ ਦਾ ਉਪਰਾਲਾ ਜ਼ਰੂਰ ਕੀਤਾ ਹੈ, ਜਿਵੇਂ ਰਾਗ ਮਾਰੂ, ਭੈਰਉ ਤੇ ਬਸੰਤ ਵਿਚ; ਫਿਰ ਵੀ, ਇਹ ਕਈ ਥਾਵਾਂ ਤੇ ਬੇ-ਮਿਸਲ ਹੀ ਰਹ ਗਈ ■ ਸਿਧ ਹੁੰਦੀ ਹੈ। ਉਦਾਹਰਣ ਵਜੋਂ, ਸਿਰੀ ਰਾਗੁ ਵਿਚ ਪਹਲਾ ਸ਼ਬਦ ਕਬੀਰ ਦਾ ਹੈ, ਦੂਜਾ ਤ੍ਰਿਲੋਚਨ ਦਾ, ਤੀਜਾ ਫਿਰ ਕਬੀਰ ਦਾ ਅਤੇ ਚੋਥਾ ਬੇਣੀ ਦਾ। ਲਿਖਾਰੀ ਨੇ ਨਕਲ ਕਰਨ ਲਗਿਆਂ ਰਾਗਾਂ ਤੇ ਬਾਣੀ ਦੇ ਸਿਰਲੇਖਾਂ ਨੂੰ ਕੁਝ ਥਾਵਾਂ ਤੇ ਮੰਗਲਾਂ ਤੋਂ ਪਹਲਾਂ ਲਿਖਣ ਦੀ ਭੁੱਲ ਵੀ ਕੀਤੀ ਹੋਈ ਹੈ; ਜਿਵੇਂ

ਰਾਗੁ ਮਾਝ ਬਾਰਹ ਮਾਹ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ

ਉਂਞ ਲਿਖਾਰੀ ਨੇ ਬਹੁਤੀਆਂ ਥਾਵਾਂ ਉੱਤੇ ਰਾਗੁ ਦਾ ਨਾਂ ਤੇ ਬਾਣੀ ਦੇ ਸਿਰਲੇਖ ਪਤ੍ਰੇ ਦੇ ਖੱਬੇ ਹੱਥ ਅਤੇ ਮੰਗਲ ਪਤ੍ਰੇ ਦੇ ਸੱਜੇ ਹੱਥ ਇਕ ਦੂਜੇ ਦੇ ਆਹਮੋ ਸਾਹਮਣੇ ਹੀ ਲਿਖੇ ਹਨ। ਮੂਲ ਕਾਪੀ ਜਿਸ ਤੋਂ ਉਹ ਨਕਲ ਕਰ ਰਹਿਆ ਸੀ, ਵਿਚ ਇੰਞ ਹੀ ਹੋਣੇ ਹਨ।

ਹੋਰ ਵਿਸ਼ੇਸ਼ਤਾਵਾਂ : ਇਸ ਬੀੜ ਦੀਆਂ ਬਿਆਨ ਕਰਨ ਯੋਗ ਇਹ ਹਨ :

੧. ਤਤਕਰੇ ਵਿਚ ਜਪੁ ਸਾਹਿਬ ਦੇ ਗੁਰੂ ਰਾਮਦਾਸ ਦੇ ਦਸਤਖਤਾਂ ਵਾਲੇ ਜਪੁ ਸਾਹਿਬ ਤੋਂ ਨਕਲ ਹੋਣ ਦੀ ਸੂਚਨਾ ਨਹੀਂ ਹੈ, ਨਾ ਹੀ ਕਿਸੇ ਪਾਤਸਾਹੀ ਦੇ ਨੀਸਾਣ ਹੋਣ ਦਾ ਉੱਲੇਖ ਹੈ।

੨. ਜਪੁ ਵਿਚ ਕੁਝ ਸ਼ਬਦਾਂ ਦੇ ਸ੍ਵਰੂਪ ਇਸ ਤਰ੍ਹਾਂ ਆਏ ਹਨ : "ਮੂੰਹੋਂ (ਚੌਥੀ ਪਉੜੀ), ਧੌਲ, ਕੌਣ (੧੬ਵੀਂ ਪਉੜੀ), ਰਿਖੀਸਰ (੨੭ਵੀਂ ਪਉੜੀ), ਜੀਭੌ (੩੧ਵੀਂ

ਪਉੜੀ)। 'ਸੋ ਦਰੁ' ਨਾਂ ਦੀ ਬਾਣੀ ਵਿਚ ਤਿੰਨੇ ਥਾਵਾਂ (ਜਪੁ, ਰਹਰਾਸਿ ਤੇ ਰਾਗੁ ਆਸਾ) 'ਤੇ ਪਾਠ "ਰਿਖੀਸਰ" ਹੀ ਹੈ।

੩. **ਗਉੜੀ** ਬੈਰਾਗਣਿ ਕਬੀਰ ਜੀ ਕੀ ਦੇ ਅੰਤ ਤੇ "ਗਗਨ ਮੰਡਲ ਮਹਿ ਏਕੋ ਸੋਈ, ਹੁਕਮੇ ਰਹਿਆ ਸਮਾਈ" ਪ੍ਰਤੀਕ ਵਾਲਾ ਸ਼ਬਦ ਇਸ ਬੀੜ ਵਿਚ ਨਹੀਂ ਹੈ। ਇਸੇ ਰਾਗੁ ਦੇ ਕਬੀਰ ਜੀ ਦੇ ੫੭ਵੇਂ ਸ਼ਬਦ "ਕਾਲਬੂਤ ਕੀ ਹਸਤਨੀ" (ਪੱਤੀ ੧੮੯/ਅ) ਵਾਲੇ ਦੀ ਗੁਮ ਤੁਕ "ਦੁਰਲਭ ਦੇਹ ਕਉ ਕਾਜ" ਵੀ ਇਸ ਸੰਚੇ ਵਿਚ ਪ੍ਰਾਪਤ ਨਹੀਂ। ਕਬੀਰ ਦੀ ਵਾਰ ਨਾਂ ਦੀ ਬਾਣੀ ਦਾ ਆਰੰਭ ਇਸ ਬੀੜ ਵਿਚ "ਧਰ ਅੰਬਰ ਵਿਚ ਬੇਲੜੀ ਤਿਹ ਲਾਲ ਸੁਗੰਧਾ ਫੂਲ" ਦੇ ਸਲੋਕ ਨਾਲ ਹੁੰਦਾ ਹੈ (ਪੱਤੀ ੧੯੨/ਅ)।

੪. ਰਾਗੁ **ਆਸਾ** ਵਿਚ "ਸੋ ਪੁਰਖੁ" ਵਾਲਾ ਸ਼ਬਦ ਸੋ ਦਰੁ ਦੇ ਪਿੱਛੇ ਹੈ ਤੇ ਉਸ ਦੇ ਮਗਰ "ਸੁਣ ਵੱਡਾ ਆਖੈ ਸਭ ਕੋਇ" (ਪੱਤੀ ੧੯੫)। ਇੰਞ ਇਹ ਬੇ-ਮਿਸਲ ਹੀ ਚਲਿਆ ਆਉਂਦਾ ਹੈ। "ਮਹਲਾ ੫" ਦੇ ਸ਼ਬਦ ਗੋਬਿੰਦ ਗੋਬਿੰਦ ਸੰਗ ਨਾਮਦੇਉ ਮਨ ਲੀਨਾ" ਵਿਚ ਪਾਠ "ਬੁਨਨਾ ਤਨਨਾ" ਠੀਕ ਆਇਆ ਹੈ।

੫. **ਗੂਜਰੀ** ਮਹਲਾ ੫ ਅਸ਼ਟਪਦੀ ਘਰੁ ੪, "ਨਾਥ ਨਰਹਰ ਦੀਨ ਬੰਧਵਾ" (ਪੱਤੀ ੨੬੬/ਅ) ਦੇ ਅੰਤ ਤੇ ਪਾਠ ਪਹਲਾਂ "ਦੇਤ ਦਰਸਨੁ" ਸੀ, ਮਗਰੋਂ ਮਿਟਾ ਕੇ "ਦੇਤ" ਦਾ "ਨੇਤੁ" ਬਣਾਇਆ ਹੋਇਆ ਹੈ। ਇਸ ਰਾਗੁ ਵਿਚ ਤ੍ਰਿਲੋਚਨ ਜੀ ਦਾ ਤੀਸਰਾ ਸ਼ਬਦ, "ਨਵਨਿਧਿ ਪਰਸੀ ਕਾਹਿ" ਨਹੀਂ ਹੈ।

੬. **ਦੇਵ ਗੰਧਾਰੀ** ਵਿਚ ਸਿਰਲੇਖਾਂ ਨਾਲ ਰਾਗ ਦਾ ਨਾਂ ਤੇ ਮਹੱਲੇ ਅੰਕਿਤ ਹਨ। ਇਸ ਰਾਗੁ ਦੇ ਸ਼ਬਦਾਂ ਦਾ ਕ੍ਰਮ ਛਪੇ ਗ੍ਰੰਥ ਵਾਲਾ ਹੈ, ਪਰੰਤੂ ਘਰੁ ਦੀ ਬਦਲੀ ਨਾਲ ਮੰਗਲ ਕਿਤੇ ਵੀ ਨਹੀਂ ਆਇਆ (ਦੇਖੋ ਪੱਤੀ ੨੭੬/ੳ-੨੭੮/ਅ)।

੭. **ਵਡਹੰਸ** ਮਹਲਾ ੧ ਘਰੁ ੧ ਦੇ ਤੀਜੇ ਚਉਪਦੇ ਦੀ ਅੰਤਲੀ, ਗੁਮ ਤੁਕ ਇਸ ਬੀੜ ਵਿਚ ਵੀ ਪ੍ਰਾਪਤ ਨਹੀਂ ਹੈ।

੮. **ਸੋਰਠਿ** ਮਹਲਾ ੫ ਦੇ ਅੰਤ ਤੇ ਇਕ ਹੋਰ ੬੫ਵਾਂ ਚਉਪਦਾ "ਸੰਤ ਜਨਾ ਜਿਉ ਦੂਖਨ ਕਰਤਾ" ਇਸ ਬੀੜ ਵਿਚ ਨਹੀਂ। ਇਸ ਰਾਗੁ ਦੀ ਵਾਰ ਦੀ ੨੯ਵੀਂ ਪਉੜੀ ਦੇ ਦੂਜੇ, ਮਹਲਾ ੩, ਦੇ ਸਲੋਕ ਵਿਚ ਤੁਕ "ਆਪੇ ਦੇ ਵਡਿਆਈਆਂ ਆਪੇ ਨਦਰਿ ਕਰੈ" ਪਹਲਾਂ ਨਹੀਂ ਸੀ, ਮਗਰੋਂ ਦਰੁਸਤੀ ਵਜੋਂ ਹਾਸ਼ੀਏ ਵਿਚ ਲਿਖੀ ਹੋਈ ਹੈ (ਪੱਤੀ ੩੨੯/ਅ)। ਇਸ ਰਾਗੁ ਵਿਚ ਕਬੀਰ ਜੀ ਦੇ ਤੀਜੇ ਚਉਪਦੇ ਵਿਚ ਪਾਠ "ਖਲਾਸੇ" ਹੈ (ਪੱਤੀ ੩੩੦/ੳ)। ਕਬੀਰ ਜੀ ਦਾ ਸ਼ਬਦ "ਅਉਧੂ ਸੋ ਜੋਗੀ ਗੁਰ ਮੇਰਾ" ਇਸ ਬੀੜ ਵਿਚ ਨਹੀਂ ਹੈ।

੯. **ਧਨਾਸਰੀ** ਮਹਲਾ ੧ ਘਰੁ ਦੂਜਾ ਦਾ ਚੋਥਾ ਚਉਪਦਾ (ਨਦਰਿ ਕਰੈ ਤਾਂ ਸਿਮਰਿਆ ਜਾਇ) ਇਸ ਬੀੜ ਵਿਚ "ਮਹਲਾ ੧" ਦਾ ਕਰਕੇ ਹੀ ਲਿਖਿਆ ਹੈ

(ਪੱਤੀ ੩੩੨/ਅ)। ਇਸ ਦੇ ਦੂਜੇ ਬੰਦ ਵਿਚ "ਨਿਰਗੁਨ ਰਾਮੁ ਜਪਹੁ ਮੇਰੀ ਮਾਈ" ਪੰਗਤੀ ਮੌਜੂਦ ਹੈ (੩੪੪/ੳ)।

੧੦. **ਰਾਮਕਲੀ** ਮਹਲ ੫ ਦੇ ਅਖੀਰ ਤੇ "ਰੁਣ ਝੁੰਝੁਨੜਾ ਗਾਉ ਸਖੀ" ਛੰਤ ਇਸ ਬੀੜ ਵਿਚ ਪੂਰਾ ਪ੍ਰਾਪਤ ਹੈ (੪੩੪/ਅ)। ਇਸ ਰਾਗ ਵਿਚਲੀ "(ਨਾਂ ਦੀ ਬਾਣੀ ਨੂੰ ਇਸ ਗ੍ਰੰਥ ਦੇ ਕਰਤਾ ਨੇ "ਦਖਣੀ ਓਅੰਕਾਰ" ਲਿਖਣ ਦੀ ਭੁ ਹੈ (ਪੱਤੀ ੪੩੫/ਅ)। ਕਬੀਰ ਜੀ ਦੇ ਪੰਜਵੇਂ ਪਦੇ (ਜਿਹ ਮੁਖ ਬੇਦ ਗਾਇਤ੍ਰੀ ਨਿ ਦਾ ਚੌਥਾ ਬੰਦ, "ਅਖਰ ਸਾਚੇ ਬੇਦੁ ਭੀ ਸਾਚਾ . . . ਭਾਰ ਉਠਾਈ ਲੀਏ ਫਿਰ ਬੀੜ ਵਿਚ ਪ੍ਰਾਪਤ ਨਹੀਂ ਹੈ।

੧੧. **ਮਾਰੂ** ਵਿਚ ਰਵਿਦਾਸ ਜੀ ਦਾ ਸ਼ਬਦ "ਸੁਖ ਸਾਗਰ ਦੁਹਰਾਇਆ ਹੋਇਆ ਨਹੀਂ। ਹਾਂ ਰਾਗੁ ਸੋਰਠਿ ਵਿਚ ਪ੍ਰਾਪਤ ਹੈ (ਪੱਤੀ ੩ ਇਸ ਬੀੜ ਵਿਚ ਮੀਰਾਬਾਈ ਦਾ ਸ਼ਬਦ ਨਹੀਂ ਹੈ।

੧੨. **ਭੈਰਉ** ਮਹਲਾ ੫ ਘਰੁ ੧ ਵਿਚ ਕਬੀਰ ਜੀ ਦਾ ਸ਼ਬਦ "ਵਰਤ ਰ ਮਹ ਰਮਦਾਨਾ" ਮਹਲਾ ੫ ਦੇ ਸਿਰਲੇਖ ਹੇਠ ਹੀ ਦਰਜ ਹੈ।

੧੩. **ਬਸੰਤ** ਵਿਚ ਚਉਪਦਾ "ਬਸਤ੍ਰ ਉਤਾਰਿ ਦਿਗੰਬਰ ਹੋਗ" ਤੇ "ਸਾਹਿਬ ਭਾਵੈ ਸੇਵਕ ਸੇਵਾ ਕਰੈ" ਇਸ ਬੀੜ ਵਿਚ "ਮਹਲਾ ੧" ਦਾ ਕਰਕੇ ਬਸੰਤੁ ਹਿੰਡੋਲ ਮਹਲਾ ੧ ਘਰੁ ੨ ਦੇ ਸ਼ਬਦ "ਰਾਜਾ ਬਾਲਕੁ ਨਗਰੀ ਕਾਚੀ" ਦਾ ਚੌਥ "ਕਹਿਆ ਸੁਣਹਿ ਨ ਖਾਇਆ ਮਾਨਹਿ" ਵਾਲਾ, ਇਸ ਬੀੜ ਵਿਚ (ਪੱਤੀ ੫੨੬/ਅ)।

੧੪. ਰਾਗ **ਸਾਰੰਗ** ਵਿਚ ਸੂਰਦਾਸ ਦੇ ਪਦ "ਛਾਡ ਮਨ ਹਰਿ ਬੇਮੁਖਨ ਕੋ ਦੀ ਇਕ ਹੀ ਤੁਕ ਲਿਖੀ ਹੋਈ ਹੈ (ਪੱਤੀ ੫੫੮/ੳ)।

੧੫. **ਮਲਾਰ** ਮਹਲਾ ੫ ਚਉਪਦੇ ਘਰੁ ੨ ਦੇ ਅੰਤ ਤੇ ਇਕ ਪੰਜਵਾਂ ਚ "ਪ੍ਰਾਨ ਮਾਨ ਏਕ ਨਾਮੁ" ਇਸ ਬੀੜ ਵਿਚ ਪ੍ਰਾਪਤ ਹੈ (ਪੱਤੀ ੫੬੫/ਅ)।

੧੬. **ਕਾਨੜਾ** ਮਹਲਾ ੫ ਘਰੁ ੨ ਦੇ ੧ ਤੋਂ ੧੧ ਤਕ ਦੇ ਚਉਪਦਿਆਂ ਹਰੇਕ ਨਾਲ ਰਾਗੁ ਦਾ ਨਾਂ ਤੇ ਮਹੱਲੇ ਅੰਕਿਤ ਹਨ।

੧੭. ਸਲੋਕ ਵਾਰਾਂ ਤੋਂ ਵਧੀਕ ਵਿਚ ੨੬ ਵਾਂ ਸਲੋਕ "ਲਾਹੌਰ ਸ ਹੁ ਕਹਰੁ" ਇਕਤੁਕਾ ਰਖਿਆ ਹੈ ਤੇ ਇਸ ਦਾ ਅਗਲਾ ਹਿੱਸਾ ਇਸ ਤਰ੍ਹਾਂ ਲਿਖਿਆ ਹੈ

ਮ: ੩ ॥ ਲਾਹੌਰ ਸਹਰੁ ਅਮ੍ਰਿਤਸਰ ਸਿਫਤੀ ਦਾ ਘਰ ॥੨੭॥"

ਇਸੇ ਤਰ੍ਹਾਂ ੧੨ਵੇਂ ਸਲੋਕ ਦੀ ਵੀ ਇਕ ਹੀ ਤੁਕ—

"ਹੈਨਿ ਵਿਰਲੈ ਨਾਹੀ ਘਣੇ ਫੈਲ ਫਕੜੁ ਸੰਸਾਰੁ"

ਦਿੱਤੀ ਹੋਈ ਹੈ (ਪੱਤੀ ੬੦੧/ੳ)। ਅਗਲੀ, ਗੁਮ ਪੰਗਤੀ, ਨਹੀਂ ਹੈ। ਮ

ਸ਼ਲੋਕ "ਤੇਰਾ ਕੀਤਾ ਜਾਤੋ ਨਾਹੀ" ਮਹਲਾ ੫ ਦੇ ਸਲੋਕਾਂ ਦੇ ਅੰਤ ਤੇ ਦਿੱਤਾ ਹੋਇਆ ਹੈ (ਪੱਤੀ ੬੦੬/ੳ)। ਇਸ ਦੇ ਮਗਰੋਂ ਮਹਲਾ ੯ ਦੇ ਸਤਵੰਜਾ ਸ਼ਲੋਕ ਹਨ। ਇਹ ਪੱਤੀ ੬੦੭ ਉਪਰ ਮੁਕਦੇ ਹਨ। ਤ੍ਰਿਵੰਜਵੇਂ ਸਲੋਕ—

ਬਲ ਟੂਟਿਓ ਬੰਧਨ ਪਰਿਓ ਰਹਿਓ ਨ ਕਛੁ ਉਪਾਇ ॥
ਕਹਿ ਨਾਨਕ ਅਬ ਓਟ ਹਰਿ ਗਜਿ ਜਿਉ ਹੋਇ ਸਹਾਇ ॥੫੩॥

ਦਾ ਉੱਤਰ ਇਸ ਤਰ੍ਹਾਂ, "ਮਹਲਾ ੧੦" ਪਦ ਵਰਤ ਕੇ ਲਿਖਿਆ ਹੋਇਆ ਹੈ :

ਮਹਲਾ ੧੦ ॥ ਬਲੁ ਹੂਓ ਬੰਧਨੁ ਛੁਟੇ ਸਭੁ ਕਛੁ ਹੋਤ ਉਪਾਇ ॥
ਸਭੁ ਕਿਛੁ ਤੁਮਰੇ ਹਾਥ ਮੈ ਤੁਮ ਹੀ ਹੋਇ ਸਹਾਇ ॥੫੪॥

ਮੁੰਦਾਵਣੀ ਨੌਵੇਂ ਮਹੱਲੇ ਦੇ ਸਲੋਕਾਂ ਦੇ ਮਗਰ ਦਿੱਤੀ ਹੈ।

ਸਲੋਕ ਭਗਤ ਕਬੀਰ ਜੀਓ ਕੇ ਮੁੰਦਾਵਣੀ ਦੇ ਪਿੱਛੋਂ ਪੱਤੀ ੬੦੭ ਤੋਂ ੬੧੫ ਤਕ ਚਲਦੇ ਹਨ। ਇਸ ਪਿੱਛੋਂ ਸ਼ੇਖ ਫ਼ਰੀਦ ਜੀ ਦੇ ੧੩੦ ਸਲੋਕ ਹਨ (ਪੱਤੀ ੬੧੨ ਤੋਂ ੬੧੪)।

ਸਵੱਯੇ : ਅੰਤ ਵਿਚ ਸਵੱਯੇ ਸ੍ਰੀ ਮੁਖ ਬਾਕਜ ਤੇ ਹੋਰਨਾਂ ਭਟਾਂ ਦੇ ਸਵੱਯੇ ਹਨ ਜੋ ਪਤ੍ਰਾ ੬੧੬ ਤੋਂ ਸ਼ੁਰੂ ਹੋ ਕੇ ੬੨੪ ਉਪਰ ਮੁਕਦੇ ਹਨ। ਇਸ ਨਾਲ ਹੀ ਇਸ ਗ੍ਰੰਥ ਦੀ ਸਮਾਪਤੀ ਹੋ ਜਾਂਦੀ ਹੈ। ਹੋਰ ਕੋਈ ਫਾਲਤੂ ਬਾਣੀ ਰਾਗਮਾਲਾ ਆਦਿ ਇਸ ਗ੍ਰੰਥ ਵਿਚ ਨਹੀ ਹੈ।

੧੮. ਭਟ ਰਚਿਤ ਸਵੱਯੇ ਮਹਲੇ ਦੂਜੇ ਦੀ ਅੰਤਲੀ ਤੁਕ ਵਿਚ ਪਾਠ "ਸੁ ਕਹੁ ਟਲ ਗੁਰੂ ਸੇਵੀਐ" ਹੀ ਹੈ।

੩੬. ਬੀੜ ਕਲਮ ਮੰਦਿਰ ਪਟਿਆਲਾ (ਪਹਲੀ)
(੧੭੮੭ ਬਿ.)

ਇਹ ਬੀੜ ਕਲਮ ਮੰਦਿਰ, ਲੋਇਰ ਮਾਲ, ਪਟਿਆਲਾ ਵਾਲੇ ਪ੍ਰੋ. ਪਿਆਰਾ ਸਿੰਘ ਪਦਮ ਦੀ ਨਿਜੀ ਲਾਇਬ੍ਰੇਰੀ ਵਿਚ ਸੁਰੱਖਿਅਤ ਹੈ। ਹੈ ਤਾਂ ਇਹ ੧੭੮੭ ਬਿ./੧੭੩੦ ਈ. ਚੇਤ ਸੁਦੀ ੩ ਦੀ ਲਿਖੀ ਹੋਈ, ਪਰ ਨਕਲ ਇਹ ਕਿਸੇ ਮੁਢਲੀ ਬੀੜ ਤੋਂ ਹੋਈ ਲਗਦੀ ਹੈ। ਇਸ ਦੇ ਸੂਚੀਪਤ੍ਰ ਵਾਲੇ ਤਤਕਰੇ ਵਿਚ ਸੰਮਤੁ ਦੇ ਹੇਠਾਂ "ਜਪੁ ਮਹਲਾ ੧ ਗੁਰੂ ਰਾਮਦਾਸ ਜੀ ਕੇ ਨਕਲੁ ਕਾ ਨਕਲੁ" ਦੀ ਸੂਚਨਾ ਆਈ ਹੈ। ਇਸ ਵਿਚ ਪੁਰਾਤਨਤਾ ਦੀਆਂ ਹੋਰ ਵੀ ਨਿਸ਼ਾਨੀਆਂ ਮਿਲਦੀਆਂ ਹਨ, ਜਿਸ ਕਾਰਣ ਅਧਿਐਨ ਯੋਗ ਹੈ।

ਤਤਕਰੇ : "ਸੂਚੀਪਤ੍ਰ ਪੋਥੀ ਕਾ ਤਤਕਰਾ ਰਾਗਾਂ ਕਾ" ਪਤ੍ਰਾ ੧ ਤੋਂ ਆਰੰਭ ਹੁੰਦਾ ਹੈ। ਇਹ ਤਤਕਰਾ ਦੋ ਕਾਲਮੀ ਹੈ। ਖੱਬੇ ਹੱਥ ਵਾਲੇ ਕਾਲਮ ਵਿਚ ਪਹਲਾਂ ਮੂਲਮੰਤ੍ਰ ਲਿਖਿਆ ਹੈ। ਉਸ ਦੇ ਹੇਠਾਂ ਤਤਕਰੇ ਦਾ ਨਾਂ ਤੇ ਫਿਰ ਗ੍ਰੰਥ ਲਿਖਣ ਦਾ ਉਪਰ-ਵਰਣਿਤ ਸੰਮਤ ਹੈ। ਇਸ ਦੇ ਮਗਰੋਂ ਬਾਣੀਆਂ ਦਾ ਬਿਓਰਾ ਆਰੰਭ ਹੋ ਜਾਂਦਾ ਹੈ। ਪ੍ਰਤੀਕਾਂ ਦੇ ਖੱਬੇ ਪਾਸੇ ਬਾਣੀ ਦਾ ਕ੍ਰਮਾਂਕ ਹੈ ਤੇ ਸੱਜੇ ਪਾਸੇ ਪਤ੍ਰਾਂਕ, ਜਿਸ ਉੱਤੇ ਸੰਬੰਧਿਤ ਬਾਣੀ ਦਰਜ ਹੈ।

ਦੂਸਰਾ "ਤਤਕਰੇ ਕਾ ਤਤਕਰਾ" ਪਤ੍ਰਾ ੨ ਉਪਰ ਉਪਰਲੇ ਢੰਗ ਨਾਲ ਹੀ ਦਿੱਤਾ ਹੋਇਆ ਹੈ, ਤੇ ਇਸੇ ਪਤ੍ਰੇ ਦੇ ਸੱਜੇ ਹੱਥ ਵਾਲੇ ਕਾਲਮ ਵਿਚ ਛੋਟੇ ਮੰਗਲ ਦੇ ਉਪਰਾਂਤ "ਤਤਕਰਾ ਸ਼ਬਦਾਂ ਦੀਆਂ ਤੁਕਾਂ ਦਾ" ਹੈ। ਅੰਕਣ ਦੀ ਵਿਧੀ ਵੀ ਇਸ ਦੀ ਉਪਰਲੇ ਤਤਕਰੇ ਵਾਲੀ ਹੈ; ਫ਼ਰਕ ਕੇਵਲ ਇਹ ਹੈ ਕਿ ਪਾਠ ਦੇ ਸੰਕੇਤਕ ਅੰਕ ਹਰੇਕ ਸ਼ਬਦ ਅੱਗੇ ਨਹੀਂ ਦਿੱਤੇ, ਕੇਵਲ ਮੁਖ ਪ੍ਰਕਰਣਾਂ ਅੱਗੇ ਦਿੱਤੇ ਹਨ। ਹਰੇਕ ਕਾਲਮ ਉਪਰ ਚਲ ਰਹੇ ਰਾਗੁ ਦਾ ਨਾਂ ਵੀ ਸਿਰਲੇਖ ਰੂਪ ਵਿਚ ਦਿੱਤਾ ਹੈ। ਲਿਖਾਰੀ ਨੇ ਇਕ ਵਾਧਾ ਇਹ ਕੀਤਾ ਹੈ ਕਿ ਹਰੇਕ ਰਾਗ ਦੀ ਸਮਾਪਤੀ ਦੇ ਪਿੱਛੇ ਤਤਕਰੇ ਵਿਚ ਵੀ ਉਸ ਰਾਗੁ ਦਾ ਜੁਮਲਾ ਲਿਖ ਦਿੱਤਾ ਹੈ। ਲਿਖਾਰੀ ਤਤਕਰੇ ਨੂੰ ਹਰ ਤਰ੍ਹਾਂ ਸੰਪੰਨ ਬਣਾਣ ਦੇ ਯਤਨ ਵਿਚ ਦਿਸਦਾ ਹੈ। ਭੋਗ ਦੀ ਬਾਣੀ ਦਾ ਵੇਰਵਾ ਲੇਖਕ ਨੇ ਆਮ ਪ੍ਰਥਾ ਦੇ ਉਲਟ ਸ਼ਬਦਾਂ ਵਾਲੇ ਤਤਕਰੇ ਵਿਚ ਦਿੱਤਾ ਹੈ, ਪਹਲੇ ਸੂਚੀਪਤ੍ਰ ਵਿਚ ਨਹੀਂ ਦਿੱਤਾ। ਬਾਣੀ ਭਗਤਾਂ ਕੀ ਕੇਵਲ ਇਕ ਹੀ ਪ੍ਰਤੀਕ ਨਾਲ ਨਿਭਾਹੀ ਹੈ। ਇਹ ਤਤਕਰਾ ਪਤ੍ਰਾ ੩੫/੧ ਉਪਰ ਸਮਾਪਤ ਹੁੰਦਾ ਹੈ।

ਪਤ੍ਰਾ ੩੬/੨ ਉਪਰ ਜੋਤੀ ਜੋਤਿ ਸਮਾਵਣ ਦੇ ਚਲਿਤ੍ਰ ਹਨ। ਇਨ੍ਹਾਂ ਵਿਚ ਬਾਬੇ ਗੁਰਦਿੱਤੇ ਦਾ ਚਲਿਤ੍ਰ ਨਹੀਂ; ਕੇਵਲ ਦਸਾਂ ਪਾਤਸਾਹੀਆਂ ਦੇ ਚਲਿਤ੍ਰ ਹਨ।

ਬਾਣੀ ਦਾ ਬਿਓਰਾ : ਬਾਣੀ ਜਪੁ ਨਾਲ ਪਤ੍ਰਾ ੩੭ ਤੋਂ ਆਰੰਭ ਹੁੰਦੀ ਹੈ। ਜਪੁ ਮਹਲਾ ੧ "ਗੁਰੂ ਰਾਮਦਾਸ ਜੀ ਕੇ ਨਕਲ ਕਾ ਨਕਲ" ਦਸਿਆ ਹੈ। ਇਹੀ ਪ੍ਰਤੀਕ ਭਾਈ ਬੰਨੋ ਵਾਲੇ ਗ੍ਰੰਥ ਸਾਹਿਬ ਵਿਚ ਮਿਲਦੀ ਹੈ। ਜਪੁ ਸਾਹਿਬ ਦੇ ਮਗਰੋਂ ਸੋ ਦਰੁ (ਪੰਚ ਸ਼ਬਦ) ਪ੍ਰਾਪਤ ਹੈ। 'ਸੋ ਪੁਰਖ' ਵਾਲੇ ਚਾਰ ਸ਼ਬਦ ਇਸ ਵਿਚ ਨਹੀਂ ਹਨ। 'ਸੋਹਿਲਾ' ਆਰਤੀ ਦੇ ਪੰਜ ਸ਼ਬਦ ਹਨ। ਇਸ ਦੇ ਮਗਰੋਂ ਪਤ੍ਰਾ ੪੨ ਤੋਂ ਸਿਰੀ ਰਾਗੁ ਆਰੰਭ ਹੁੰਦਾ ਹੈ। ਜੈਜਾਵੰਤੀ ਸਮੇਤ ਸਾਰੇ ੩੧ ਰਾਗਾਂ ਦੀ ਬਾਣੀ ਇਸ ਵਿਚ ਪ੍ਰਾਪਤ ਹੈ। ਰਾਗੁ ਜੈਜਾਵੰਤੀ ਜੈਤਸਰੀ ਦੇ ਮਗਰ ਚੜ੍ਹਿਆ ਹੋਇਆ ਹੈ। ਨੌਵੇਂ ਸਤਿਗੁਰਾਂ ਦੀ ਬਾਣੀ ਵੀ ਸੰਬੰਧਿਤ ਰਾਗਾਂ ਵਿਚ ਦਰਜ ਹੈ। ਇਨ੍ਹਾਂ ਦੇ ਸਲੋਕ ਬਾਕੀ ਗੁਰੂਆਂ ਦੇ 'ਵਾਰਾਂ ਤੇ ਵਧੀਕ ਸਲੋਕਾਂ' ਨਾਲ ਸੰਮਿਲਿਤ ਕੀਤੇ ਹੋਏ ਹਨ।

ਭੋਗ ਦੀ ਬਾਣੀ ਇਸ ਬੀੜ ਵਿਚ ਆਮ ਚਲਦੇ ਕ੍ਰਮ ਅਤੇ ਵੇਰਵੇ ਸਹਿਤ ਦਿੱਤੀ ਹੋਈ ਹੈ। ਸਮਾਪਤੀ ਇਸ ਬੀੜ ਦੀ, ਸਲੋਕ ਵਾਰਾਂ ਤੇ ਵਧੀਕੁ, ਸਲੋਕ ਮਹਲਾ ੯, ਮੁੰਦਾਵਣੀ ਤਥਾ ਸਲੋਕ "ਤੇਰਾ ਕੀਤਾ ਜਾਤੋ ਨਾਹੀ" ਤੇ ਹੁੰਦੀ ਹੈ ਇਹ ਸਾਰੀ ਬਾਣੀ ਪਤ੍ਰਾ ੮੧੮/੨ ਉਪਰ ਮੁਕਦੀ ਹੈ।

ਭੋਗ ਦੀ ਬਾਣੀ ਤੋਂ ਬਿਨਾ ਇਸ ਵਿਚ ਭਾਈ ਬੰਨੋ ਵਾਲੀ ਮਿਸਲ ਦੀ ਕਥਿਤ ਫਾਲਤੂ ਬਾਣੀ ਵੀ ਪ੍ਰਾਪਤ ਹੈ। ਸਮਾਪਤੀ ਇਸ ਗ੍ਰੰਥ ਦੀ ਪਤ੍ਰਾ ੮੨੩ ਉਪਰ ਹੁੰਦੀ ਹੈ।

ਅੰਕਣ ਵਿਧੀ : ਪਤ੍ਰਿਆਂ ਦੀ ਅੰਕਣ-ਵਿਧੀ ਇਸ ਗ੍ਰੰਥ ਦੀ ਵਿਗਿਆਨਕ ਨਹੀਂ। ਇਸ ਦੇ ਲਿਖਾਰੀ ਨੇ ਖੱਬੇ ਅਤੇ ਸੱਜੇ ਪਾਸੇ ਦੇ ਪੰਨਿਆਂ ਨੂੰ ਰਲਾ ਕੇ ਇਕ ਪਤ੍ਰਾ ਹੁੰਦਾ ਮੰਨਿਆ ਹੈ। ਅੰਕ-ਇਸ ਬੀੜ ਵਿਚ ਸੱਜੇ ਹੱਥ ਵਾਲੇ ਪਤ੍ਰੇ ਦੇ ਉਪਰ ਕਰਕੇ, ਹਾਸ਼ੀਏ ਵਿਚ ਲਗੇ ਹੋਏ ਹਨ। ਫਲਸਰੂਪ, ਅਸੀਂ ਖੱਬੇ ਹੱਥ ਵਾਲੇ ਪੰਨੇ ਨੂੰ ਪਹਲਾ ਅਰਥਾਤ ਪਤ੍ਰਾ-ਅੰਕ/੧ ਅਤੇ ਸੱਜੇ ਹੱਥ ਵਾਲੇ ਪਤ੍ਰੇ ਨੂੰ ਪਤ੍ਰਾ-ਅੰਕ/੨ ਮੰਨਿਆ ਹੈ। ਰਾਗਾਂ ਤੇ ਪ੍ਰਕਰਣਾਂ ਦੇ ਮਗਰ ਜੁਮਲੇ ਬਾਣੀ ਦੇ ਵੇਰਵੇ ਸਹਿਤ ਦਿੱਤੇ ਹੋਏ ਹਨ, ਜਿਵੇਂ

ਸਿਰੀ ਰਾਗੁ ਕਾ ਜੁਮਲਾ ॥ ੧੩੮ ॥ ਚਉਪਦੇ ॥ ੧੦੦ ॥

ਅਸ਼ਟਪਦੀਆਂ ॥ ੨੯ ॥ ਪਹਰੇ ॥ ੪ ॥ ਛੰਤ ਵਣਜਾਰਾ ॥ ੪ ॥

ਵਾਰ ॥ ੧ ॥ ਤਿਨ ਕਾ ਜੋੜ ॥ ੧੩੮ ॥

ਬੇ-ਮਿਸਲ ਸ਼ਬਦ ਤੇ ਵਾਰਾਂ : ਬੇ-ਮਿਸਲ ਸ਼ਬਦ ਇਸ ਬੀੜ ਵਿਚ ਵੀ ਹਨ, ਜਿਵੇਂ ਕਿ ਭਾਈ ਬੰਨੋ ਵਾਲੀ ਬੀੜ ਵਿਚ ਹਨ। ਵਾਰਾਂ ਦੀ ਸਥਿਤੀ ਵੀ ਉਹੀ ਹੈ। ਸਿਵਾਇ ਵਾਰ ਰਾਗੁ ਜੈਤਸਰੀ ਦੇ ਬਾਕੀ ਸਭ ਵਾਰਾਂ ਦੇ ਸਲੋਕਾਂ ਨਾਲ ਮਹੱਲੇ ਦਰਜ ਹਨ ਤੇ ਧੁਨੀਆ ਵੀ ਲਿਖੀਆਂ ਹੋਈਆਂ ਹਨ। ਕੇਵਲ ਵਡਹੰਸ ਕੀ ਵਾਰ ਨਾਲ ਧੁਨੀ ਨਹੀਂ ਹੈ। ਵਾਰਾਂ ਦੇ ਪਿੱਛੇ "ਸੁਧੁ" ਜਾਂ "ਸੁਧੁ ਕੀਚੈ" ਆਦਿ ਹਿਦਾਇਤੀ ਪਦ ਨਹੀਂ ਹਨ।

ਵਾਧੂ ਸ਼ਬਦ : ਭਾਈ ਬੰਨੋ ਵਾਲੀ ਬੀੜ ਵਿਚ ਪ੍ਰਾਪਤ ਵਾਧੂ ਸ਼ਬਦਾਂ ਵਿੱਚੋਂ ਦਾ ਰਾਗੁ ਸੋਰਠਿ ਵਾਲਾ "ਅਉਧੂ ਸੋ ਜੋਗੀ ਗੁਰੁ ਮੇਰਾ" ਇਸ ਬੀੜ ਵਿਚ ਨਹੀ ਰਾਮਕਲੀ ਮਹਲਾ ੫ ਦਾ ਛੰਤ "ਰੁਣ ਝੁੰਝਨੜਾ ਗਾਉ ਸਖੀ" ਇਸ ਬੀੜ ਵਿਚ ਪੂਰਾ ਹੈ (ਪਤ੍ਰਾ ੫੨੪/੧)। ਰਾਗੁ ਮਾਰੂ ਵਿਚ ਮੀਰਾ ਬਾਈ ਦਾ ਸ਼ਬਦ "ਮਨ ਹਮਾਰਾ ਮਾਈ" ਵੀ ਪੂਰਾ ਲਿਖਿਆ ਹੋਇਆ ਹੈ ਤੇ ਰਾਗ ਸਾਰੰਗ ਵਿਚਲਾ ਸੂਰਦਾਸ ਦਾ "ਛਾਡਿ ਮਨ ਹਰਿ ਬਿਮੁਖਨ ਕੋ ਸੰਗ" ਵੀ ਹੈ।

ਮੂਲਮੰਤ੍ਰ ਤੇ ਮੰਗਲਾਂ ਦਾ ਪ੍ਰਯੋਗ ਇਸ ਬੀੜ ਵਿਚ ਬੱਧੀ ਰੀਤਿ ਅਨੁਸਾਰ ਹੋਇਆ ਹੈ। ਰਾਗੁ ਦੇ ਆਰੰਭ ਵਿਚ ਮੂਲਮੰਤ੍ਰ ਹਨ ਤੇ ਬਾਕੀ ਪ੍ਰਕਣਾਂ ਦੇ ਮੁ ਛੋਟੇ ਮੰਗਲ। ਪਰ ਵਾਰ ਰਾਗੁ ਆਸਾ ਦੇ ਆਰੰਭ ਵਿਚ ਪੂਰਾ ਮੂਲ ਮੰਤ੍ਰ ਹਿ ਛੋਟਾ ਮੰਗਲ ਨਹੀਂ। ਸਿਰੀ ਰਾਗੁ ਛੋਟੇ ਮੰਗਲ ਨਾਲ ਹੀ ਸ਼ੁਰੂ ਹੋਇਆ ਹੋਇਆ ਹੈ

ਹੋਰ ਵਿਸ਼ੇਸ਼ਤਾਂਵਾਂ : ਇਸ ਬੀੜ ਵਿਚ ਪ੍ਰਾਪਤ ਬਾਣੀ ਦੀਆਂ ਹੋਰ ਵਿਸ਼ੇਸ਼ਤ ਪ੍ਰਕਾਰ ਕਹੀਆਂ ਜਾ ਸਕਦੀਆਂ ਹਨ :-

੧. ਜਪੁ ਵਿਚ ਕੁਝ ਪਦਾਂ ਦੇ ਸ਼ਬਦ-ਜੋੜ ਇਸ ਤਰ੍ਹਾਂ ਹਨ :
ਮੂਹੋ, ਕੋਣ, ਧੋਲ, ਰਖੀਸਰ, ਜੀਭੌ

੨. **ਗਉੜੀ** ਬੈਰਾਗਣਿ ਕਬੀਰ ਜੀ ਕੀ ਦੇ ਅੰਤ ਤੇ "ਗਗਨ ਮੰਡਲ ਸੋਈ" ਵਾਲਾ ਚਉਪਦਾ ਨਹੀਂ ਹੈ। ਇਸੇ ਤਰ੍ਹਾਂ ਗਉੜੀ ਕਬੀਰ ਜੀ ਕੀ ਦੇ ੫੭ਵੇ "ਕਾਲਬੂਤ ਕੀ ਹਸਤਨੀ" ਵਿਚਲੀ ਗੁਮ ਤੁਕ "ਦੁਰਲਭ ਦੇਹ ਕਉ ਕਾਜ" ਅਤੇ ਨਾਂ ਦੀ ਬਾਣੀ ਤੋਂ ਪਹਲਾਂ "ਧਰ ਅੰਬਰ ਵਿਚ ਬੇਲੜੀ" ਵਾਲਾ ਸਲੋਕ ਵੀ ਨਹੀਂ

੩. ਰਾਗੁ **ਆਸਾ** ਵਿਚ "ਸੋ ਪੁਰਖੁ" "ਸੋ ਦਰੁ" ਦੇ ਮਗਰ ਮਹਲਾ ੧ ਵਾਰ ਵਿਚ ਦਰਜ ਹੈ। ਆਸਾ ਮਹਲਾ ੫ ਦੇ ਚਉਪਦੇ "ਗੋਬਿੰਦ ਸੰਗ ਨਾਮਦੇਉ ਮ ਵਿਚ ਪਾਠ "ਬੁਨਨਾ ਤਨਨਾ" ਹੈ।

੪. **ਗੂਜਰੀ** ਵਿਚ ਭਗਤ ਤ੍ਰਿਲੋਚਨ ਜੀ ਦਾ "ਨਵਨਿਧਿ ਪਰਸੇ ਕਾਹਿ" ਚਉਪਦਾ ਨਹੀਂ ਹੈ। ਇਸ ਰਾਗੁ ਦੀ ਮਹਲਾ ੫, ਘਰੁ ੪ ਦੀ ਅਸ਼ਟਪਦੀ "ਨਾ ਦੀਨ ਬੰਧਵ" ਵਿਚ ਪਾਠ "**ਨੇਤ** ਦਰਸ਼ਨ" ਠੀਕ ਆਇਆ ਹੈ।

੫. **ਦੇਵਗੰਧਾਰੀ** ਵਿਚ ਸਿਰਲੇਖਾਂ ਨਾਲ ਹਰ ਥਾਂ ਮਹੱਲੇ ਹਨ। ਇਸ ਦੇ ਚਉਪਦਿਆਂ ਦੇ ਜੋੜਾਂ ਨਾਲ ਪਦ "ਛਕਾ" ਤਿੰਨ ਥਾਵਾਂ ਤੇ ਆਇਆ ਹੈ। ਅ ਨਾਲ ਵੀ "ਛਕਾ" ਹੈ।

੬. **ਵਡਹੰਸ** ਵਿਚ ਮਹਲਾ ੧ ਦੇ ਤੀਜੇ ਚਉਪਦੇ (ਮੋਰੀ ਰੁਣ ਝੁਣ ਲਾ ਅੰਤਲੀ ਕਵੀ ਛਾਪ ਵਾਲੀ ਪੰਗਤੀ ਇਸ ਬੀੜ ਵਿਚ ਨਹੀਂ ਹੈ।

੭. **ਸੋਰਠਿ** ਵਿਚ "ਸੰਤ ਜਨਾ ਸਿਉ ਦੂਖਨ ਕਰਤਾ" ਵਾਲਾ ਮਹਲਾ ੫ ਦਾ ਚਉਪਦਾ ਨਹੀਂ ਹੈ। ਵਾਰ ਰਾਗੁ ਸੋਰਠਿ ਦੀ ੨੯ਵੀਂ ਪਉੜੀ ਦੇ ਮਹਲਾ ੩ ਦੇ ਦੂਜੇ ਸਲੋਕ ਵਿਖ "ਆਪੇ ਦੇਇ ਵਡਿਆਈਆਂ ਆਪੇ ਨਦਰਿ ਕਰੇਇ" ਵਾਲੀ ਤੁਕ,ਵੀ ਨਹੀਂ। ਇਸ ਰਾਗੁ ਦੇ ਕਬੀਰ ਦੇ ਤੀਜੇ ਸ਼ਬਦ ਵਿਚ ਪਾਠ ਖਾਲਸੇ (ਪਤ੍ਰਾ ੩੭੪/੨) ਹੈ। ਕਬੀਰ ਦਾ "ਅਉਧੂ ਸੋ ਜੋਗੀ ਗੁਰ ਮੇਰਾ" ਵਾਲਾ ਪਦਾ ਵੀ ਨਹੀਂ ਹੈ।

੮. **ਧਨਾਸਰੀ** ਦਾ ਚਉਪਦਾ "ਨਦਰਿ ਕਰੇ ਤਾ ਸਿਮਰਿਆ ਜਾਇ" ਇਸ ਗ੍ਰੰਥ ਸਾਹਿਬ ਵਿਚ ਮਹਲਾ ੧ ਦਾ ਕਰਕੇ ਲਿਖਿਆ ਹੈ। ਇਸ ਦੇ ਦੂਜੇ ਬੰਦ ਦੇ ਮੁਢ ਵਿਚ, "ਗੁਰ ਪਰਸਾਦੀ ਪਾਇਆ ਜਾਇ" ਤੋਂ ਪਹਲਾਂ ਵਾਲੀ ਤੁਕ "ਨਿਰਗੁਨ ਰਾਮ ਜਪਹੁ ਮੇਰੀ ਮਾਈ" ਇਸ ਬੀੜ ਵਿਚ ਨਹੀਂ ਹੈ।

੯. **ਗੋਂਡ** ਵਿਚ ਪਹਲੇ ਛੇ ਪਦਿਆਂ ਦੇ ਮਗਰ "ਛਕਾ" ਪਦ ਆਇਆ ਹੈ।

੧੦. **ਰਾਮਕਲੀ** ਵਿਚ "ਓਅੰਕਾਰ" ਨੂੰ "ਦਖਣੀ ਓਅੰਕਾਰ" ਲਿਖਣ ਦੀ ਭੁਲ ਇਸ ਲਿਖਾਰੀ ਨੇ ਵੀ ਕੀਤੀ ਹੋਈ ਹੈ। "ਰੁਣ ਝੁੰਝਨੜਾ" ਵਾਲਾ ਛੰਤ ਪੂਰਾ ਪ੍ਰਾਪਤ ਹੈ। ਇਸ ਰਾਗੁ ਵਿਚ ਕਬੀਰ ਦੇ ਸ਼ਬਦ "ਜਿਹ ਮੁਖ ਬੇਦ ਗਾਇਤ੍ਰੀ ਨਿਕਸੈ" ਦੇ ਅੰਤ ਤੇ ਚੌਥਾ ਬੰਦ "ਅੱਖਰ ਸਾਚੇ ਬੇਦ ਭੀ ਸਾਚਾ" ਨਹੀਂ ਹੈ।

੧੧. ਵਾਰ ਰਾਗੁ **ਮਾਰੂ** ਦਾ ਪਹਲਾ ਸਲੋਕ ਇਸ ਬੀੜ ਵਿਚ ਮਹਲਾ ੩ ਦਾ ਕਰਕੇ ਲਿਖਿਆ ਹੈ। ਰਵਿਦਾਸ ਦਾ ਰਾਗੁ ਸੋਰਠਿ ਵਾਲਾ ਸ਼ਬਦ "ਸੁਖ ਸਾਗਰ ਸੁਰਤਰ ਚਿੰਤਾਮਨਿ" ਇੱਥੇ ਵੀ ਦੁਹਰਾਇਆ ਹੋਇਆ ਹੈ। ਮੀਰਾਬਾਈ ਦਾ ਸ਼ਬਦ ਇਸ ਬੀੜ ਵਿਚ ਹੈ।

੧੨. **ਬਸੰਤ** ਹਿੰਡੋਲ ਵਿਚ ਚਉਪਦਾ "ਬਸਤ੍ਰ ਉਤਾਰਿ ਦਿਗੰਬਰ ਹੋਗ" ਮਹਲਾ ੩ ਦਾ ਕਰਕੇ ਲਿਖਿਆ ਹੈ ਤੇ ਇਕਤੁਕਾ "ਸਾਹਿਬ ਭਾਵੈ ਸੇਵਕ ਸੇਵਾ ਕਰੈ" ਵੀ ਮਹਲਾ ੩ ਦਾ ਹੈ (ਪਤ੍ਰਾ ੬੭੦)। ਇਸ ਰਾਗੁ ਦੇ ਮਹਲਾ ੧ ਘਰੁ ੨ ਦੇ ਚਉਪਦੇ, "ਰਾਜਾ ਬਾਲਕ ਨਗਰੀ ਕਾਚੀ" ਦੇ ਅੰਤ ਤੇ ਚੌਥਾ ਬੰਦ "ਕਹਿਆ ਸੁਣਹਿ ਨ ਖਾਇਆ ਮਾਨਹਿ . . . ਖਿਨੁ ਤੋਲਾ ਖਿਨੁ ਮਾਸਾ" ਹੈ।

੧੩. **ਸਾਰੰਗ** ਵਿਚ ਸੂਰਦਾਸ ਦਾ ਚਉਪਦਾ "ਛਾਡਿ ਮਨ ਹਰਿ ਬਿਮੁਖਨ ਕੋ ਸੰਗ" ਪ੍ਰਾਪਤ ਹੈ।

੧੪. **ਮਲਾਰ** ਮਹਲਾ ੫ ਦਾ ਪੰਜਵਾਂ ਚਉਪਦਾ "ਪ੍ਰਾਨ ਮਾਨ ਏਕ ਨਾਮੁ" ਇਸ ਬੀੜ ਵਿਚ ਨਹੀਂ। ਵਾਰ ਰਾਗੁ ਮਲਾਰ ਦਾ ਪਹਲਾ ਸਲੋਕ "ਗੁਰ ਮਿਲਿਐ ਮਨੁ ਰਹਸੀਐ" ਇਸ ਗ੍ਰੰਥ ਵਿਚ "ਮਹਲਾ ੧" ਦਾ ਕਰਕੇ ਲਿਖਿਆ ਹੈ।

੧੫. **ਕਲਿਆਨ** ਅਸਟਪਦੀਆਂ ਦੇ ਅੰਤ ਤੇ ਪਦ "ਛਕਾ" ਆਇਆ ਹੈ।

→ ੧੬. ਸਵੱਯੇ ਮਹਲਾ ਦੂਜੇ ਦੇ ਅੰਤਲੇ ਸਵੱਯੇ ਵਿਚ ਪਾਠ "ਕਹੁ **ਕਲ** ਗੁਰ ਸੇਵੀਐ" ਹੈ।

੩੭. ਸੋਢੀ ਤੀਰਥਦਾਸ ਲਿਖਿਤ ਬੀੜ
(ਸੰਮਤੁ ੧੭੮੯)

ਇਹ ਅਮੋਲਕ ਗ੍ਰੰਥ ਸਿਖ ਰੈਫਰੈਂਸ ਲਾਇਬਰੇਰੀ ਅਮ੍ਰਿਤਸਰ ਵਿਚ ਸਾਕਾ ਨੀਲਾ ਤਾਰਾ ਜੂਨ ੧੯੮੪ ਤੋਂ ਪਹਲਾਂ ਐਕਸੈਸ਼ਨ ਨੰਬਰ ੩੪ ਉਪਰ ਉਪਲਬਧ ਸੀ ਤੇ ਆਪਣੀ ਸੁੰਦਰ ਲਿਖਾਈ ਤੇ ਸ਼ੁੱਧ ਪਾਠਾਂ ਕਾਰਣ ਬੜਾ ਹੀ ਕੀਮਤੀ ਸਮਝਿਆ ਜਾਂਦਾ ਸੀ। ਇਸ ਦਾ ਲਿਖਾਰੀ ਸੋਢੀ ਤੀਰਥਦਾਸ ਸੀ ਜਿਵੇਂ ਕਿ ਗ੍ਰੰਥ ਦੇ ਅੰਤ ਤੇ 'ਸਿਆਹੀ ਕੀ ਬਿਧਿ' ਦੇ ਮਗਰੋਂ ਲਿਖਾਰੀ ਦੇ ਲਿਖੇ ਇਸ ਨੋਟ ਵਿਚ ਆਇਆ ਸੀ :

> ਸੰਮਤ ੧੭੮੫ ਅਸੂ ਸੁਦੀ ੮ ਸੋਮਵਾਰ ਸ੍ਰੀ ਗਿਰੰਥ ਲਿਖਣਾ ਸ਼ੁਰੂ ਕੀਤਾ ਸੰਮਤ ੧੭੮੯ ਮਿਤੀ ਸਾਵਣ ਵਦੀ ੨ ਬੁਧਵਾਰ ਸੰਗਰਾਂਦ ਹਾੜ ਕੀ ਦਿਨ ਤ੍ਰੀਹ ਗੁਦਰੇ ਸ੍ਰੀ ਗਿਰੰਥ ਜੀ ਰਾਵੀ ਦੇ ਕਿਨਾਰੇ ਅਉਲੀਆਪੁਰ ਗਾਉਂ ਵਿਚ ਭੋਗ ਪਾਇਆ ॥ ਲਿਖਤੰ ਤੀਰਥਦਾਸ ਸੋਢੀ ਪੁਤ੍ਰ ਚੰਦ੍ਰਭਾਨ ਸੋਢੀ ਕਾ ਵਤਨ ਲਹਉਰ ॥ (ਪੱਤੀ ੧੨੬੭)

ਬਾਣੀ ਤੇ ਗ੍ਰੰਥ ਦੀ ਰੂਪ ਰੇਖਾ : ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਇਸ ਵਿਚ ਥਾਉਂ ਥਾਈਂ ਚੜ੍ਹੀ ਹੋਈ ਸੀ। ਜੈਜਾਵੰਤੀ ਰਾਗੁ ਜੈਤਸਰੀ ਦੇ ਮਗਰ ਦਿੱਤਾ ਹੋਇਆ ਸੀ (ਪੱਤੀ ੬੧੩)। ਸਲੋਕ ਮਹੱਲੇ ਨੌਵੇਂ ਕੇ (੫੭) 'ਸਲੋਕ ਵਾਰਾਂ ਤੇ ਵਧੀਕ' ਦੇ ਅੰਤ ਤੇ ਸਨ। ਭੋਗ ਸਲੋਕ "ਤੇਰਾ ਕੀਤਾ ਜਾਤੋ ਨਾਹੀ" ਅਤੇ ਮੁੰਦਾਵਣੀ ਤੇ ਪੈਂਦਾ ਸੀ। ਅੰਤਲੇ ਸਲੋਕ ਨਾਲ "ਦੋਹਰਾ ॥ ਪਾਤਸਾਹੀ ॥ ੧੦ ॥" ਸਿਰਲੇਖ ਵਜੋਂ ਦਿੱਤਾ ਹੋਇਆ ਹੈ।

ਭੋਗ ਦੀ ਬਾਣੀ ਦਾ ਕ੍ਰਮ ਛਪੀ ਸੈਂਚੀ ਵਾਲਾ ਸੀ, ਅਰਥਾਤ ਸਲੋਕ ਸਹਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋਕ ਕਬੀਰ ਜੀ ਕੇ, ਸਲੋਕ ਸੇਖ ਫਰੀਦ ਕੇ, ਸਵੈਯੇ ਮੁਖਬਾਕਜ, ਸਵੈਯੇ ਭੱਟਾਂ ਕੇ ਅਤੇ ਸਲੋਕ ਵਾਰਾਂ ਤੇ ਵਧੀਕ ('ਤੇਰਾ ਕੀਤਾ ਜਾਤੋ ਨਾਹੀ' ਅਤੇ ਮੁੰਦਾਵਣੀ ਨਾਲ ਸੰਮਿਲਿਤ)।

ਭੋਗ ਦੀ ਬਾਣੀ ਛੇਤੀ ਪਿੱਛੋਂ ਫਾਲਤੂ ਬਾਣੀ ਦੇ ਪੁਰਾਤਨ ਗ੍ਰੰਥਾਂ ਵਿਚ ਦਿੱਤੇ ਕ੍ਰਮ ਅਨੁਸਾਰ ਵਿਦਮਾਨ ਸੀ ਪਰ ਇਸ ਦੇ ਤੁਰਕੀ ਅੱਖਰਾਂ ਤੋਂ ਨਕਲ ਕੀਤੇ ਜਾਣ ਦਾ ਜ਼ਿਕਰ ਨਹੀਂ ਸੀ। ਰਾਗਮਾਲਾ ਵਿਚ ਛੰਦਾਂ ਦੇ ਸਿਰਲੇਖ ਆਲਮ ਕਵੀ ਦੀ ਰਾਗਮਾਲਾ ਵਾਂਙ ਚਉਪਈ, ਦੋਹਰਾ, ਸੋਰਠਾ ਆਦਿ ਦਿੱਤੇ ਹੋਏ ਸਨ (੧੨੩੭)।

ਮੰਗਲਾਂ ਦੀ ਵਿਵਸਥਾ : ਮੰਗਲ ਇਸ ਗ੍ਰੰਥ ਦੇ ਸਾਰੇ ਰਾਗਾਂ ਉਪਰ ਪੂਰਾ ਮੂਲਮੰਤ੍ਰ ਪਾ ਕੇ ਲਿਖੇ ਹੋਏ ਸਨ। ਬਾਣੀ-ਖੰਡਾਂ ਵਿਚ ਮੰਗਲ ਸੱਜੇ ਹੱਥ ਦੀ ਅੱਧੀ ਪੱਟੀ ਵਿਚ ਉਪਰ ਕਰਕੇ ਲਿਖੇ ਹੋਏ ਸਨ; ਸਿਰਨਾਵੇਂ ਖੱਬੇ ਹੱਥ ਵਾਲੀ ਅੱਧੀ ਪੱਟੀ ਵਿਚ ਦਰਜ ਸਨ।

ਹੋਰ ਵਿਸ਼ੇਸ਼ਤਾਵਾਂ ਇਸ ਗ੍ਰੰਥ ਦੀਆਂ ਭਾਈ ਰਣਧੀਰ ਸਿੰਘ, ਜਿਨ੍ਹਾਂ ਦੀ ਲਿਖਤ ਤੋਂ ਇਹ ਸਾਰੀ ਸੂਚਨਾ ਲਈ ਹੈ, ਅਨੁਸਾਰ ਇੰਞ ਸਨ :

੧. **ਜਪੁ** ਵਿਚ ਹੇਠ ਲਿਖੇ ਪਾਠ ਹੋਰਨਾਂ ਬੀੜਾਂ ਦੇ ਮੁਕਾਬਲੇ ਤੇ ਸ਼ੁੱਧ ਮੰਨੇ ਗਏ ਸਨ :-

ਪਉੜੀ ਕ੍ਰਮਵਾਰ ੭, ਦੋਸੀ ਦੋਸੁ **ਧਰੇਇ**; ੮, ਗੁਣਵੰਤਿਆ ਗੁਣ **ਦੇਇ**; ੭, ਜਿ ਤਿਸੁ ਗੁਣ ਕੋਇ **ਕਰੇਇ**; ੧੬, **ਧਉਲ** ਧਰਮੁ ਦਇਆ; ੧੬, ਜਾਣੈ **ਕਉਣ** ਕੂਤ, ੨੫ ਲੈ ਲੈ **ਮੁਕਰਿ** ਪਾਹਿ

੨. **ਰਹਰਾਸਿ** 'ਸੋ ਪੁਰਖੁ' ਵਾਲੇ ਸ਼ਬਦਾਂ ਦੇ ਜੁਟ ਸਹਿਤ ਅੱਜ ਕਲ ਦੇ ਪ੍ਰਚਲਿਤ ਰੂਪ ਵਿਚ ਸੋਭ ਰਹੀ ਸੀ।

੩. **ਸਿਰੀ** ਰਾਗੁ ਮਹਲਾ ੫ ਘਰੁ ੧ ਦੇ ਸਾਰੇ ੨੪ ਸ਼ਬਦ ਇਕੱਠੇ ਤੇ ਥਾਂ ਸਿਰ ਦਰਜ ਕੀਤੇ ਹੋਏ ਸਨ। ਇਸੇ ਰਾਗੁ ਦਾ ਮਹਲਾ ੧ ਘਰੁ ੩ ਦਾ ਚਉਬੀਸਾ (ਚੌਵੀ ਪਦਿਆਂ ਵਾਲਾ ਸ਼ਬਦ) ਤੇ ਮਹਲਾ ੫ ਦਾ ਇਕੀਸਾ (ਇੱਕੀ ਪਦਿਆਂ ਵਾਲਾ ਸ਼ਬਦ) ਅਸਟਪਦੀਆਂ ਤੋਂ ਨਿਖੇੜ ਕੇ ਵਖਰੇ ਲਿਖੇ ਹੋਏ ਸਨ। ਇਸ ਰਾਗੁ ਵਿਚ ਕਬੀਰ ਜੀ ਦੇ ਦੋਵੇਂ ਸ਼ਬਦ ਟਿਕਾਣੇ ਸਿਰ ਇਕੱਠੇ ਲਿਖੇ ਹੋਏ ਸਨ, ਹਰੇਕ ਭਗਤ ਦੀ ਬਾਣੀ ਛੋਟੇ ਮੰਗਲ ਤੇ ਸਿਰਲੇਖ ਨਾਲ ਦਰਜ ਸੀ।

੪. **ਗਉੜੀ** ਸੁਖਮਨੀ ਮਹਲਾ ੫ ਦੀ ਸਤਾਰ੍ਹਵੀਂ ਅਸ਼ਟਪਦੀ ਦੇ ਸਲੋਕ ਵਿਚ "ਭੀ" ਦੇ ਸ਼ਬਦਜੋੜ ਠੀਕ ਕਰਕੇ ਇੰਞ ਲਿਖੇ ਹੋਏ ਸਨ :

ਹੈ ਭੀ ਸਚੁ ਨਾਨਕ ਹੋਸੀ ਭੀ ਸੱਚ

ਗਉੜੀ ਕਬੀਰ ਜੀ ਦੇ ੫੨ਵੇਂ ਸ਼ਬਦ (ਜਹ ਕਛੁ ਅਹਾ ਤਹਾ) ਦੇ ਦੋ ਹੋਰ ਪਦੇ ਹੇਠ ਲਿਖੇ ਅਨੁਸਾਰ ਪੱਤੀ ੨੮੭ ਉਪਰ ਹਾਸ਼ੀਏ 'ਤੇ ਲਿਖੇ ਹੋਏ ਸਨ :

ਗਗਨ ਮੰਡਲ ਮਹਿ ਏਕੋ ਸੋਈ ਹੁਕਮ ਰਹਿਆ ਸਮਾਈ ॥
ਗੁਰ ਪ੍ਰਸਾਦਿ ਹੁਕਮੇ ਬੂਝੇ ਇਹੁ ਸੰਸਾ ਇਉ ਜਾਈ ॥
ਨ ਕਿਛੁ ਤੂਟੇ ਨ ਕਿਛੁ ਬਿਨਸੇ ਮੂਲ ਪਛਾਣਹੁ ਭਾਈ ॥
ਅਨੇਕ ਅਸੰਖ ਖੇਲ ਹੈ ਤਿਸ ਕੇ ਗਣਤ ਨ ਕਰਹੁ ॥
ਏਕ ਲਿਵ ਲਾਵਹੁ ਸਹਜੇ ਰਹਹੁ ਸਮਾਈ ॥

੫. **ਦੇਵ ਗੰਧਾਰੀ** ਵਿਚ ਹਰੇਕ ਸ਼ਬਦ ਦੇ ਸਿਰਲੇਖ ਨਾਲ ਮਹਰ
ਮਹਲਾ ੫ ਲਿਖਿਆ ਹੋਇਆ ਸੀ।

੬. **ਸੋਰਠਿ** ਵਿਚ ਕਬੀਰ ਜੀ ਦੇ ਤੀਜੇ ਸ਼ਬਦ ਵਿਚ ਪਾਠ "
ਆਇਆ ਸੀ।

੭. **ਤਿਲੰਗ** ਮਹਲਾ ੯ ਦੇ ਸ਼ਬਦ ਠੀਕ ਟਿਕਾਣੇ ਸਿਰ ਦਰ
(ਪੱਤੀ ੬੨੫)।

੮. **ਰਾਮਕਲੀ** ਮਹਲਾ ੫ ਵਿਚ ਛੰਤ "ਰੁਣ ਝੁੰਝਨੜਾ ਗਾਉ ਸਖੀ" ਪੂਰਾ
ਹੋਇਆ ਸੀ (ਪੱਤੀ ੮੧੨)।

੯. **ਮਾਰੂ** ਵਿਚ ਕਬੀਰ ਜੀ ਦੇ ਸਾਰੇ ਸ਼ਬਦ ਇਕੱਠੇ ਦਰਜ ਸਨ ਅਤੇ
ਦੇ ਸ਼ਬਦ ਨੂੰ ਵੀ ਥਾਂ ਦਿੱਤੀ ਹੋਈ ਸੀ।

੧੦. ਇੰਞ ਹੀ ਰਾਗੁ **ਭੈਰਉ** ਵਿਚ ਨਾਮਦੇਵ ਜੀ ਦੇ ਸਾਰੇ ਸ਼ਬਦ ਇਕ
ਰਾਗੁ ਸਾਰੰਗ ਵਿਚ ਕਬੀਰ ਜੀ ਦੇ ਵੀ ਥਾਂ ਸਿਰ, ਠੀਕ ਟਿਕਾਣੇ ਤੇ, ਦਿੱਤੇ ਹੋਏ ਸ

੧੧. **ਸਾਰੰਗ** ਵਿਚ ਸੂਰਦਾਸ ਦਾ ਪਦਾ "ਛਾਡਿ ਮਨ ਹਰਿ ਬਿਮੁਖ
ਨਹੀਂ ਸੀ।

→ ੧੨. **ਸਵਈਏ** ਮਹਲੇ ਦੂਜੇ ਦੇ ਦਸਵੇਂ ਸਵਈਏ ਵਿਚ ਪਾਠ "
ਠੀਕ ਸੀ ਪਰ ਪਿੱਛੋਂ ਕਿਸੇ ਬੇਸਮਝ ਨੇ "ਕਲ" ਦਾ "ਟਲ" ਬਣਾ ਦਿੱਤਾ

੧੩. ਬੀੜ ਹਰ ਪਖ ਤੋਂ ਦਮਦਮੀ ਮਿਸਲ ਦਾ ਇਕ ਸੁੰਦਰ ਸੰਚਾ ਸੀ।

੩੯. ਬੀੜ ਕਲਮ ਮੰਦਿਰ ਪਟਿਆਲਾ (ਦੂਜੀ)

(ਸੰਮਤੁ ੧੯੧੧)

ਕਲਮ ਮੰਦਿਰ ਪਟਿਆਲਾ ਵਾਲੇ ਪ੍ਰੋਫੈਸਰ ਪਿਆਰਾ ਸਿੰਘ ਪਦਮ ਪਾਸ ਸੁਰੱਖਿਅਤ ਇਹ ਦੂਸਰੀ ਮਹੱਤਵਪੂਰਣ ਬੀੜ ਹੈ। ਇਹ ਹੈ ਤਾਂ ਹਾੜ ਵਦੀ ਏਕਾਦਸੀ ਸੰਮਤ ੧੯੧੧ ਬਿਕ੍ਰਮੀ ਦੀ ਨਕਲ, ਪਰ ਆਈ ਇਹ ਕਿਸੇ ਮੁਢਲੇ ਸ੍ਰੋਤ ਤੋਂ ਹੈ। ਘੱਟੋ ਘੱਟ ਤਤਕਰੇ ਤੋਂ ਇਹੀ ਪ੍ਰਤੀਤ ਹੈ। ਤਤਕਰੇ ਵਿਚ "ਨੀਸਾਣੁ ਗੁਰੂ ਜੀ ਕੇ ਦਸਤਖਤ ਮਹਲਾ ੧" ਲਿਖਿਆ ਹੋਇਆ ਹੈ। ਜ਼ਾਹਿਰ ਹੈ ਕਿ "ਮਹਲਾ ੧" ਲਿਖਣ ਲਗਿਆਂ ਭੁਲ ਹੋਈ ਹੋਈ ਹੈ। ਨਕਲ ਦੇ ਮੂਲਾਧਾਰ ਗ੍ਰੰਥ ਵਿਚ ਮਹਲਾ ੫ ਜਾਂ ਮਹਲਾ ੬ ਹੋਣਾ ਹੈ। ਅੰਦਰ ਨੀਸਾਣੁ ਕੋਈ ਨਹੀਂ; ਹੋ ਹੀ ਨਹੀਂ ਸਕਦਾ ਕਿਉਂਜੋ ਅਗੇ ਜਪੁ ਚੌਥੇ ਥਾਂ ਨਕਲ ਹੋਇਆ ਲਿਖਿਆ ਹੈ।

ਪਤ੍ਰਾ-ਅੰਕਣ ਵਿਧੀ ਤੇ ਤਤਕਰੇ : ਪਤ੍ਰਾ-ਅੰਕਣ ਵਿਧੀ ਇਸ ਗ੍ਰੰਥ ਦੀ ਵਿਗਿਆਨਕ ਨਹੀਂ; ਸੱਜੇ ਤੇ ਖੱਬੇ ਪਾਸੇ ਦੋ ਪੰਨੇ ਲੈ ਕੇ ਪਤ੍ਰਾ ਪੂਰਾ ਹੋਇਆ ਮੰਨਿਆ ਹੈ। ਅੰਕ ਖੱਬੇ ਹੱਥ ਵਾਲੇ ਪੰਨੇ ਤੇ ਹਨ। ਤਤਕਰੇ ਦੇ ੨੯ ਪਤ੍ਰੇ ਅੱਡਰੇ ਹਨ ਤੇ ਗ੍ਰੰਥ (ਬਾਣੀ) ਦੇ ੪੯੫ ਅੱਡਰੇ। ਤਤਕਰੇ ਦੋ ਹੀ ਹਨ : ਪਹਲਾ "ਸੂਚੀਪਤ੍ਰ ਪੋਥੀ ਕਾ ਤਤਕਰਾ ਰਾਗਾਂ ਕਾ" ਹੈ ਜੋ ਪਤ੍ਰਾ ੧/੧ ਤੋਂ ਸ਼ੁਰੂ ਹੁੰਦਾ ਹੈ। ਇਸ ਵਿਚ ਭੋਗ ਦੀ ਤੇ ਫਾਲਤੂ ਸਾਰੀ ਬਾਣੀ ਦਰਜ ਹੈ। ਦੂਸਰਾ "ਤਤਕਰਾ ਸ਼ਬਦਾਂ ਕਾ" ਹੈ, ਜੋ ਪਹਲੇ ਤਤਕਰੇ ਨੂੰ ਮੁਕਾ ਕੇ ਨਾਲ ਹੀ ਪਤ੍ਰਾ ੧/੨ ਤੋਂ ਸ਼ੁਰੂ ਕੀਤਾ ਹੈ। ਇਹ ਵੀ, ਬੱਧੇ ਦਸਤੂਰ ਅਨੁਸਾਰ ਸ਼ਬਦ ਦਾ ਕ੍ਰਮ ਖੱਬੇ ਪਾਸੇ ਦੇਂਦਾ ਹੈ, ਪਰ ਸ਼ਬਦ ਦਾ ਪ੍ਰਾਪਤੀ-ਸਥਾਨ ਨਹੀਂ ਦਸਦਾ; ਮੁੱਢ ਵਿਚ ਕੇਵਲ ਰਾਗ ਜਾਂ ਪ੍ਰਕਰਣ ਦੇ ਆਰੰਭ ਹੋਣ ਦਾ ਅੰਕ ਦੇਂਦਾ ਹੈ। ਭਗਤਾਂ ਦੀ ਬਾਣੀ ਨੂੰ ਕੇਵਲ ਇਕ ਹੀ ਪ੍ਰਤੀਕ ਨਾਲ ਭੁਗਤਾਇਆ ਗਇਆ ਹੈ; ਅੱਡ ਅੱਡ ਭਗਤਾਂ ਦਾ ਬਿਓਰਾ ਨਹੀਂ ਦਿੱਤਾ, ਨਾ ਉਨ੍ਹਾਂ ਦੇ ਸ਼ਬਦਾਂ ਦੀਆਂ ਪ੍ਰਤੀਕਾਂ ਲਿਖੀਆਂ ਹਨ। ਤਤਕਰੇ ਦੀ ਲਿਖਾਈ ਮੂਲ ਗ੍ਰੰਥ ਨਾਲੋਂ ਭਿੰਨ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਤਤਕਰੇ ਕਿਸੇ ਹੋਰ ਵਿਅਕਤੀ ਦੇ ਲਿਖੇ ਹੋਏ ਹਨ। "ਸੋ ਪੁਰਖ" ਵਾਲਾ ਜੁਟ ਤਤਕਰੇ ਵਿਚ ਦਰਜ ਨਹੀਂ, ਪਰ ਅੰਦਰ ਹੈ; ਮਲਾਰ ਦਾ ਮਹਲਾ ੫ ਦਾ ਸ਼ਬਦ "ਪ੍ਰਾਨ ਮਾਨ ਏਕ ਨਾਮੁ" ਤਤਕਰੇ ਵਿਚ ਹੈ, ਪਰ ਅੰਦਰ ਨਹੀਂ। ਇਸ ਤੋਂ ਪਤਾ ਲਗਦਾ ਹੈ ਕਿ ਤਤਕਰਾ ਕਿਸੇ ਹੋਰ ਗ੍ਰੰਥ ਦਾ ਉਠਾ ਕੇ ਇਥੇ ਲਾ ਲਇਆ ਗਇਆ ਹੈ।

ਮਿਸਲ ਤੇ ਮਹੱਤਵ : ਮੂਲ ਰੂਪ ਵਿਚ ਇਹ ਗ੍ਰੰਥ ਕਿਸੇ ਐਸੇ ਗ੍ਰੰਥ ਦੀ ਨਕਲ ਸੀ ਜਿਸ ਨੂੰ "ਖਾਰੇ ਵਾਲੀ ਮਿਸਲ" ਕਹਿਆ ਜਾਂਦਾ ਹੈ। ਪਰੰਤੂ, ਬਾਅਦ ਵਿਚ ਇਸ ਦੀ

ਕਰਤਾਰਪੁਰੀ ਬੀੜ ਵਾਲੇ ਕਿਸੇ ਗ੍ਰੰਥ ਨਾਲ ਭਰਪੂਰ ਰੂਪ ਵਿਚ ਸੁਧਾਈ ਕੀਤੀ ਗਈ। "ਭਰਪੂਰ ਰੂਪ" ਤੋਂ ਭਾਵ ਨਿਪਟ ਬਾਣੀ ਦੀ ਹੀ ਸੁਧਾਈ ਨਹੀਂ, ਹਰੇਕ ਸਿਰਲੇਖ ਤੇ ਨਿੱਕੇ ਨਿੱਕੇ ਵੇਰਵੇ ਦੀ ਸੁਧਾਈ ਵੀ ਹੈ; ਅਤੇ ਇਹ ਸੁਧਾਈ ਹੜਤਾਲ ਫੇਰ ਕੇ ਕੀਤੀ ਹੋਈ ਹੈ। ਇਸ ਤੋਂ ਇਹ ਨਤੀਜਾ ਸਹਜੇ ਹੀ ਕਢਿਆ ਜਾ ਸਕਦਾ ਹੈ ਕਿ ਸਿਖ ਰਾਜ ਦੇ ਪੂਰਬਲੇ ਤੇ ਮੁਢਲੇ ਦਹਾਕਿਆਂ ਵਿਚ ਗ੍ਰੰਥ ਦੇ ਲਿਖਾਰੀਆਂ ਤੇ ਸਿਖ ਸੰਗਤਾਂ ਦਾ ਰੁਝਾਨ "ਖਾਰੇ ਦੀ ਮਿਸਲ" ਤੋਂ ਹਟ ਕੇ ਕਰਤਾਰਪੁਰੀ ਮਿਸਲ ਵਲ ਹੋ ਗਇਆ ਸੀ। ਨਮੂਨੇ ਮਾਤ੍ਰ ਕੁਝ ਸੁਧਾਈਆਂ ਸਾਡੀ ਟਿੱਪਣੀ ਸਹਿਤ ਹੇਠਾਂ ਪ੍ਰਸਤੁਤ ਹਨ :

ਸੁਧਾਈ	ਟਿੱਪਣੀ
੧) ਪਤ੍ਰਾ ੪/ਅ. ਰਹਰਾਸਿ ਵਾਲੇ ਹਿੱਸੇ ਵਿਚ ਸ਼ਬਦ "ਸੁਣ ਵਡਾ ਆਖੈ ਸਭ ਕੋਇ" ਇਸ ਤਰ੍ਹਾਂ ਸ਼ੁਰੂ ਕੀਤਾ ਹੋਇਆ ਸੀ : ੧ਓ ਸਤਿਗੁਰ ਪ੍ਰਸਾਦਿ ਰਾਗੁ ਆਸਾ ਮਹਲਾ ੧ ॥ ਸੁਣ ਵਡਾ . . . । ਸੁਧਾਈ ਵਜੋਂ ਮੰਗਲ ਤੇ ਰਾਗੁ ਪਦ ਹੜਤਾਲ ਦਿੱਤੇ ਗਏ ਹਨ। ਹੁਣ ਕੇਵਲ "ਆਸਾ ਮਹਲਾ ੧" ਹੀ ਹੈ।	ਸੁਧਾਈ ਕਰਤਾਰਪੁਰੀ ਬੀੜ ਦੀ ਪੈਰਵੀ ਵਿਚ ਕੀਤੀ ਗਈ ਲਗਦੀ ਹੈ।
੨) ਪਤ੍ਰਾ ੫/ਅ ਉਪਰ ਕੀਰਤਨ ਸੋਹਿਲਾ ਪਹਲਾਂ ਇੰਵ ਸ਼ੁਰੂ ਹੁੰਦਾ ਸੀ : ਰਾਗ ਗਉੜੀ ਦੀਪਕੀ ਮਹਲਾ ੧ ਸੋਹਿਲਾ। ਇਸ ਉਪਰ ਹੜਤਾਲ ਫੇਰ ਕੇ ਹੁਣ ਸਿਰਲੇਖ ਇੰਵ ਕੀਤਾ ਹੋਇਆ ਹੈ : ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧	ਇਸ ਤਬਦੀਲੀ ਨਾਲ ਸਿਰਲੇਖ ਕਰਤਾਰਪੁਰੀ ਬੀੜ ਦਾ ਅਨੁਸਾਰੀ ਬਣ ਗਇਆ ਹੈ।
੩) ਸਿਰੀ ਰਾਗੁ ਇਸ ਬੀੜ ਵਿਚ ਮੂਲ-ਮੰਤ੍ਰ ਨਾਲ ਸ਼ੁਰੂ ਹੁੰਦਾ ਸੀ। **ਮੂਲਮੰਤ੍ਰ** ਹੜਤਾਲ ਕੇ ਮੰਗਲ ਲਿਖ ਦਿੱਤਾ	ਕਰਤਾਰਪੁਰੀ ਬੀੜ ਵਿਚ ਵੀ ਸਿਰੀ ਰਾਗੁ ਮੰਗਲ ਨਾਲ ਸ਼ੁਰੂ ਹੁੰਦਾ ਹੈ। ਸੁਧਾਈ ਮਗਰੋਂ ਇਹ ਸਿਰਲੇਖ

	ਗਇਆ ਹੈ; ਅਤੇ ਸਿਰਲੇਖ "ਰਾਗੁ ਸਿਰੀ ਰਾਗ ਮਹਲਾ ਪਹਲਾ ੧ ਘਰੁ ੧ ਚਉਪਦੇ" ਨਾਲ ਆਇਆ ਪਦ "**ਚਉਪਦੇ** ਹੜਤਾਲ ਦਿੱਤਾ ਗਇਆ ਹੈ।	ਕਰਤਾਰਪੁਰੀ ਬੀੜ ਦਾ ਅਨੁਸਾਰੀ ਹੋ ਗਇਆ ਹੈ।
੪)	ਰਾਗੁ ਮਾਝ ਦੇ ਮਹਲਾ ੪ ਦੇ ਸਤ ਚਉਪਦਿਆਂ ਦੇ ਪਿੱਛੇ ਇਹ ਸ਼ਬਦ ਸੁਧਾਈ ਵਜੋਂ ਦੁਹਰਾਏ ਗਏ ਹਨ : "ਸਤ ਚਉਪਦੇ ਮਹਲੇ ਚਉਥੇ ਕੇ"	ਇਹ ਪਦ ਕਰਤਾਰਪੁਰੀ ਬੀੜ ਵਿਚ ਪ੍ਰਾਪਤ ਹਨ। ਉਸੇ ਦੀ ਪੈਰਵੀ ਵਿਚ ਸੁਧਾਈ ਕੀਤੀ ਲਗਦੀ ਹੈ।
੫)	ਗਉੜੀ ਮਹਲਾ ੫ ਦੇ ਚਉਪਦਿਆਂ ਦੇ ਸਿਰਲੇਖਾਂ ਵਿਚ "ਗਉੜੀ" ਨਾਲ ਆਇਆ ਪਦ **ਗੁਆਰੇਰੀ** ਬਹੁਤ ਥਾਈਂ ਹੜਤਾਲ ਦਿੱਤਾ ਗਇਆ ਹੈ; ਹੁਣ ਲਿਖਤ **ਗਉੜੀ** ਹੈ।	ਕਰਤਾਰਪੁਰੀ ਬੀੜ ਵਿਚ ਇਨ੍ਹਾਂ ਥਾਵਾਂ ਤੇ ਨਿਪਟ "ਗਉੜੀ" ਹੈ।
੬)	ਇਸੇ ਤਰ੍ਹਾਂ ਗਉੜੀ ਭਗਤ ਬਾਣੀ ਵਿਚ ਸਿਰਲੇਖ ਗਉੜੀ ਰਹਣ ਦਿੱਤਾ ਹੈ। ਹੋਰ ਬਿਓਰਾ ਕੱਟ ਦਿੱਤਾ ਹੈ। ਪਰੰਤੂ ਕਈ ਥਾਵਾਂ ਤੇ ਗਉੜੀ ਨਾਲ **ਕਬੀਰ ਜੀ** ਵਧਾਇਆ ਹੋਇਆ ਵੀ ਹੈ।	ਕਰਤਾਰਪੁਰੀ ਬੀੜ ਵਿਚ ਪਦ "ਕਬੀਰ ਜੀ" ਹੈ। ਉਸੇ ਦੀ ਪੈਰਵੀ ਵਿਚ ਇਹ ਤਬਦੀਲੀ ਕੀਤੀ ਗਈ ਲਗਦੀ ਹੈ।
੭)	"**ਵਾਰ** ਰਾਗੁ ਆਸਾ" ਪਹਲਾਂ ਮੰਗਲ ਨਾਲ ਸ਼ੁਰੂ ਹੁੰਦੀ ਸੀ। ਮੰਗਲ ਹੜਤਾਲ ਕੇ ਮੂਲਮੰਤ੍ਰ ਲਿਖ ਦਿੱਤਾ ਗਇਆ ਹੈ।	ਕਰਤਾਰਪੁਰੀ ਬੀੜ ਵਿਚ ਮੂਲਮੰਤ੍ਰ ਹੀ ਹੈ।
੮)	ਭਗਤ ਬਾਣੀ ਵਿਚ ਕਬੀਰ ਆਦਿ ਭਗਤਾਂ ਦੇ ਪਦਿਆਂ ਨਾਲ ਸਿਰਲੇਖ ਵਜੋਂ ਦਿੱਤੇ ਰਾਗਾਂ ਦੇ ਨਾਂ ਚੇਵ-ਗੰਧਾਰੀ, ਸੋਰਠਿ, ਧਨਾਸਰੀ, ਮਾਰੂ, ਕੇਦਾਰਾ, ਭੈਰਉ ਆਦਿ ਹੜਤਾਲ ਦਿੱਤੇ ਗਏ ਹਨ।	ਕਰਤਾਰਪੁਰੀ ਬੀੜ ਵਿਚ ਵੀ ਇੰਝ ਹੀ ਹੈ।

੯)	ਰਾਗ ਤੁਖਾਰੀ ਮੂਲਮੰਤ੍ਰ ਕਟਕੇ ਛੋਟੇ ਮੰਗਲ ਨਾਲ ਸ਼ੁਰੂ ਕੀਤਾ ਹੈ।	ਕਰਤਾਰਪੁਰੀ ਬੀੜ ਵਿਚ ਵੀ ਤੁਖਾ ਛੋਟੇ ਮੰਗਲ ਨਾਲ ਹੈ।
੧੦)	ਰਾਮਕਲੀ ਦੀ ਓਅੰਕਾਰ ਨਾਂ ਦੀ ਬਾਣੀ ਦਾ ਸਿਰਲੇਖ ਪਹਲਾਂ "ਓਅੰਕਾਰ ਦਖਣੀ" ਸੀ, ਮਗਰੋਂ ਸੁਧਾਈ ਵਜੋਂ **ਦਖਣੀ ਓਅੰਕਾਰ** ਬਣਾਇਆ ਹੋਇਆ ਹੈ।	ਕਰਤਾਰਪੁਰੀ ਬੀੜ ਵਿਚ "[illegible] ਓਅੰਕਾਰ" ਹੀ ਹੈ।

ਸਾਰੀਆ ਸੁਧਾਈਆਂ ਦੀ ਜਾਚ ਕਰਨੀ ਸੰਭਵ ਨਹੀਂ, ਪਰੰਤੂ ਕੁਝ ਹੋਰ ਸੁਧਾਈਅ ਉਸੇ ਪਾਸੇ ਸੰਕੇਤ ਕਰਦੀਆਂ ਹਨ, ਇਹ ਹਨ :-

ੳ) ਬਾਣੀ ਦੇ ਪ੍ਰਕਰਣਾਂ ਦੇ ਮਗਰ ਸ਼ਬਦਾਂ ਦੇ ਜੋੜਾਂ ਨਾਲ ਆਏ ਮ: ੧, ੮ ਆਦਿ ਸਭ ਕੱਟ ਕੇ ਉਨ੍ਹਾਂ ਨੂੰ ਵੀ ਕਰਤਾਰਪੁਰੀ ਬੀੜ ਦੀ ਡੌਲ ਤੇ ਢਾਲ ਲ. ਗਇਆ ਹੈ।

ਅ) ਵਾਰਾਂ ਦੇ ਮਗਰ "ਸੁਧੁ" ਤੇ "ਸੁਧੁ ਕੀਚੈ" ਆਦਿ ਹਿਦਾਇਤੀ ਜੋ ਕਰਤਾਰਪੁਰੀ ਬੀੜ ਦਾ ਖਾਸਾ ਹਨ, ਸੁਧਾਈ ਵਜੋਂ ਵਧਾਏ ਹੋਏ ਹਨ।

ੲ) ਗਉੜੀ ਵਿਚ ਕਬੀਰ ਜੀ ਦੇ ਪਦਿਆਂ ਦੀ ਰਹਾਉ ਦੀ ਤੁਕ ਤੋਂ ਪ ਅੰਕ (੧) ਨਹੀਂ ਸੀ। ਬਾਅਦ ਵਿਚ ਸੁਧਾਈ ਵਜੋਂ ਵਧਾਇਆ ਹੋਇਆ ਹੈ—ਸਭ ਥਾਂ

ਸੁਧਾਈ ਕਰਨ ਵਾਲਾ ਕੋਈ ਸਿਆਣਾ ਪੁਰਖ ਨਹੀਂ ਲਗਦਾ। ਇੰਞ ਪ੍ਰਤੀਤ ਹੁ ਹੈ ਕਿ ਕਰਤਾਰਪੁਰੀ ਬੀੜ ਦੀ ਕੋਈ ਗਲਤ ਨਕਲ ਉਸ ਦੇ ਹੱਥ ਲਗ ਗਈ, ਜਾਂ ਬੀੜ ਨੂੰ ਠੀਕ ਤਰ੍ਹਾਂ ਪੜ੍ਹਨ ਵਿਚ ਭੁੱਲਾਂ ਕੀਤੀਆਂ। ਫਲਸਰੂਪ ਇਸ ਵਿਚ ਇਹੋ ਜੇਹ ਕੋਝੀਆਂ ਸੁਧਾਈਆਂ ਵੀ ਕੀਤੀਆਂ ਹੋਈਆਂ ਹਨ। ਮੂਲ ਵਿਚ ਰਾਗੁ ਗਉੜੀ ਇਸ ਬ ਵਿਚ ਇੰਞ ਆਰੰਭ ਹੁੰਦਾ ਸੀ :

> ੧ੳ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ
> ਅਕਾਲ ਮੂਰਤਿ ਅਜੂਨੀ ਸੈਭੰ[illegible] ਗੁਰ ਪ੍ਰਸਾਦਿ ॥

ਰਾਗ ਗਉੜੀ ਗੁਆਰੇਰੀ ਮਹਲਾ ੧ ਚਉਪਦੇ, ਦੁਪਦੇ ॥ ਭਉ ਮੁਚੁ ਭਾਰਾ ਵਡਾ . .

ਸੋਧਕ ਨੇ ਸਿਰਲੇਖ ਨੂੰ ਮੂਲਮੰਤ੍ਰ ਤੋਂ ਪਹਿਲਾਂ ਲਿਆਉਣ ਲਈ ਮੂਲਮੰਤ੍ਰ ਤੇ ਸਾਰੀ ਪਹਲੀ ਸੱਤਰ ਉਪਰ ਹੜਤਾਲ ਫੇਰੀ ਹੋਈ ਹੈ। ਇਸੇ ਤਰ੍ਹਾਂ ਦੀਆਂ ਮੰਗਲਾਂ ਪਹਲਾਂ ਬਾਣੀ ਦੇ ਸਿਰਲੇਖਾਂ ਨੂੰ ਲਿਆਉਣ ਦੀਆਂ ਸੁਧਾਈਆਂ ਹੋਰ ਵੀ ਹਨ। ਰਾਗੁ ਆ ਵਿਚ ਸਲੋਕਾਂ ਨਾਲ /ਮ: ੨/ ਬਹੁਤ ਥਾਈਂ ਰਹਣ ਦਿੱਤਾ ਹੈ, ਪਰ ਵੀਹਵੀਂ ਪਉੜੀ ਬਾਅਦ ਦੇ ਸਲੋਕਾਂ ਨਾਲ ਸਭ ਥਾਈਂ /ਮ:/ ਨੂੰ ਮੇਸ ਕੇ /ਮਹਲਾ/ ਕੀਤਾ ਹੋਇਆ ਹੈ ਮੱਖੀ ਤੇ ਮੱਖੀ ਮਾਰਨ ਦੀ ਵਧੀਆ ਮਿਸਾਲ ਹੈ।

ਬਾਣੀ ਦਾ ਬਿਓਰਾ : ਜਪੁ ਦੇ ਮਗਰੋਂ ਪੱਤੀ ੪ ਤੇ "ਸੋ ਦਰੁ" ਪੰਚ ਸ਼ਬਦ ਸ਼ੁਰੂ ਹੋ ਜਾਂਦੇ ਹਨ। ਅੱਗੇ ਮੂਲ ਪਾਠ ਵਿਚ "ਸੋ ਪੁਰਖੁ" ਚਾਰ ਸ਼ਬਦ ਵੀ ਹਨ, ਪਰ ਤਤਕਰੇ ਵਿਚ ਨਹੀਂ ਦਿਖਾਏ ਗਏ। ਰਾਗਬਧ ਬਾਣੀ ਦੇ ਉਪਰਾਂਤ ਭੋਗ ਦੀ ਬਾਣੀ ਹੈ ਜਿਸ ਦੀ ਸਮਾਪਤੀ "ਨੌਵੇਂ ਮਹਲੁ ਦੇ ਸਲੋਕਾਂ ਨਾਲ ਸੰਮਿਲਿਤ 'ਸਲੋਕ ਵਾਰਾਂ ਤੇ ਵਧੀਕ' ਤੇ ਹੁੰਦੀ ਹੈ। ਮੁੰਦਾਵਣੀ ਅੰਤ ਤੇ ਹੈ, ਪਰ ਸਲੋਕ "ਤੇਰਾ ਕੀਤਾ ਜਾਤੋ ਨਾਹੀ" ਤੋਂ ਪਹਲਾਂ ਲਿਖੀ ਹੋਈ ਹੈ।

ਮਲਾਰ ਦਾ ਮਹਲਾ ੫ ਦਾ ਚਉਪਦਾ "ਪ੍ਰਾਨ ਮਾਨ ਏਕ ਨਾਮੁ" ਅੰਦਰ ਮੂਲ-ਪਾਠ ਵਿਚ ਦਰਜ ਨਹੀਂ, ਪਰ ਤਤਕਰੇ ਵਿਚ ਹੈ। ਇਸ ਤੋਂ ਪਤਾ ਲਗਦਾ ਹੈ ਕਿ ਤਤਕਰਾ ਕਿਸੇ ਹੋਰ ਬੀੜ ਦਾ ਚੁਕ ਕੇ ਇੱਥੇ ਟਾਂਕ ਲਇਆ ਗਇਆ ਹੈ। ਰਾਗ ਇਸ ਵਿਚ ਇਕੱਤੀ ਦੇ ਇਕੱਤੀ (ਸਣੇ ਜੈਜਾਵੰਤੀ ਦੇ) ਦੇ ਚੜ੍ਹੇ ਹੋਏ ਹਨ ਤੇ ਕ੍ਰਮ ਉਨ੍ਹਾਂ ਦਾ ਅੱਜ ਕਲ ਵਾਲਾ ਪ੍ਰਮਾਣਿਕ ਹੈ।

ਨੌਵੇਂ ਮਹਲੁ ਦੀ ਬਾਣੀ ਇਸ ਬੀੜ ਵਿਚ ਥਾਓਂ ਥਾਈਂ ਸੰਬੰਧਿਤ ਰਾਗਾਂ ਵਿਚ ਚੜ੍ਹੀ ਹੋਈ ਹੈ। ਰਾਗੁ ਜੈਜਾਵੰਤੀ ਤਤਕਰੇ ਵਿਚ ਜੈਤਸਰੀ ਦੇ ਮਗਰ ਹੈ, ਪਰੰਤੂ ਸੁਧਾਈ ਵਾਲੇ ਨੇ ਕਟ ਕੇ ਪ੍ਰਭਾਤੀ ਦੇ ਅੰਤ ਤੇ ਲੈ ਆਂਦਾ ਹੈ। ਇਸ ਦੇ ਦਰਜ ਕਰਨ ਲਈ ਇਕ ਨਵਾਂ ਅੰਕ-ਹੀਨ ਪਤ੍ਰਾ ੪੬੩ ਤੇ ੪੬੪ ਦੇ ਵਿਚਾਲੇ ਵਧਾਇਆ ਹੋਇਆ ਹੈ।

ਵਾਧੂ ਸ਼ਬਦਾਂ ਦੀ ਸਥਿਤੀ : ਇਸ ਬੀੜ ਵਿਚ ਪ੍ਰਾਪਤ ਵਾਧੂ ਸ਼ਬਦ ਤੇ ਉਨ੍ਹਾਂ ਦੀ ਸਥਿਤੀ ਇਸ ਪ੍ਰਕਾਰ ਹੈ :

ੳ) **ਧਨਾਸਰੀ** ਵਿਚ ਭਗਤ ਨਾਮਦੇਵ ਦਾ ਇਕ ਹੋਰ ਸ਼ਬਦ "ਸਾਤ ਸਮੁੰਦ ਜਾ ਕੀ ਹੈ ਕਿਰਣੀ" ਇਸ ਬੀੜ ਵਿਚ ਲਿਖਿਆ ਹੋਇਆ ਸੀ (ਪਤ੍ਰਾ ੨੨੯/੧); ਮਗਰੋਂ ਹੜਤਾਲ ਦਿੱਤਾ ਗਇਆ ਹੈ;

ਅ) **ਰਾਮਕਲੀ** ਵਿਚ ਮਹਲਾ ੫ ਦਾ ਛੰਤ "ਰੁਣ ਝੁੰਝੁਨੜਾ ਗਾਉ" ਪੂਰਾ ਲਿਖਿਆ ਹੋਇਆ ਸੀ; ਮਗਰੋਂ ਦੋ ਤੁਕਾਂ ਰਖ ਕੇ ਹੜਤਾਲ ਦਿੱਤਾ ਗਇਆ ਹੈ (੩੧੦/੧)।

ੲ) **ਮਾਰੂ** ਵਿਚ ਮੀਰਾ ਬਾਈ ਦਾ ਪੂਰਾ ਸ਼ਬਦ ਦਰਜ ਸੀ, ਪਰ ਮਗਰੋਂ ਹੜਤਾਲ ਦਿੱਤਾ ਗਇਆ ਹੈ (ਪਤ੍ਰਾ ੩੭੬/੨)। ਰਵਿਦਾਸ ਦਾ ਸ਼ਬਦ "ਸੁਖ ਸਾਗਰ ਸੁਰਤਰੁ ਚਿੰਤਾਮਨੀ" ਮਾਰੂ ਵਿਚ ਵੀ ਦੁਹਰਾਇਆ ਹੋਇਆ ਹੈ।

→ ਸ) ਸੂਰਦਾਸ ਦੇ ਸ਼ਬਦ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ" ਦੀ ਇਕ ਤੁਕ ਇਸ ਵਿਚ ਲਿਖੀ ਹੋਈ ਹੈ (ਪਤ੍ਰਾ ੪੨੭/੧)।

ਹੋਰ ਵਿਸ਼ੇਸ਼ਤਾਵਾਂ ਇਸ ਬੀੜ ਦੀਆਂ ਇਸ ਪ੍ਰਕਾਰ ਹਨ :-

੧. ਰਾਗੁ ਆਸਾ ਵਿਚ ਸ਼ਬਦ ਮਹਲਾ ੫ "ਗੋਬਿੰਦ ਗੋਬਿੰਦ ਸੰਗ ਨਾਮ ਦਿਉ ਮਨ ਲੀਨਾ" ਵਿਚ ਪਾਠ "ਬੁਨਨਾ ਤਨਨਾ" ਠੀਕ ਹੈ।

੨. **ਗੂਜਰੀ** ਮਹਲਾ ੫, ਅਸਟਪਦੀ ਘਰੁ ੪ (ਨਾਥ ਨਰਹਰ ਦੀਨ) ਵਿਚ ਅੰਤ ਤੇ ਪਾਠ "ਦੇਤ ਦਰਸਨੁ ਸ੍ਰਵਨਿ ਹਰਿ ਜਸੁ" ਆਇਆ ਹੈ। "ਨੇਤ" ਭੰਨ ਕੇ "ਦੇਤ" ਬਣਾਇਆ ਹੋਇਆ ਹੈ (ਪਤ੍ਰਾ ੧੬੬)। ਇਸ ਵਿਚ ਤ੍ਰਿਲੋਚਨ ਦਾ ਤੀਜਾ ਸ਼ਬਦ "ਨਵ ਨਿਧਿ ਪਰਸੀ ਕਾਹਿ" ਨਹੀਂ ਹੈ।

੩. **ਦੇਵਗੰਧਾਰੀ** ਦੇ ਚਉਪਦਿਆਂ ਦੇ ਪਹਲੇ ਜੋੜ ਨਾਲ "ਛਕਾ ੧" ਹੈ (ਪਤ੍ਰਾ ੧੭੪/ੳ); ਅੱਗੇ "ਛਕਾ ੨" ਵੀ ਸੀ (੧੭੪/ਅ), ਪਰ ਮਗਰੋਂ ਹੜਤਾਲ ਦਿੱਤਾ ਗਇਆ ਹੈ। ਅਠਾਰ੍ਹਵੇਂ ਚਉਪਦੇ ਦੇ ਮਗਰ "ਛਕਾ ੩" ਕਾਇਮ ਹੈ। ਗੋਂਡ ਮਹਲਾ ੪ ਦੇ ਛੇ ਪਦਿਆਂ ਦੇ ਪਿੱਛੇ ਵੀ "ਛਕਾ" ਸੁਧਾਈ ਵਜੋਂ ਵਧਾਇਆ ਹੋਇਆ ਹੈ। ਰਾਗ ਕਲਿਆਨ ਦੇ ਪਹਲੇ ਛੇ ਪਦਿਆਂ ਦੇ ਮਗਰ ਵੀ "ਛਕਾ ੧" ਆਇਆ ਹੈ। ਦੇਵਗੰਧਾਰੀ ਵਿਚ ਚਉਪਦਿਆਂ ਦੇ ਸਿਰਲੇਖਾਂ ਨਾਲ ਮਹੱਲੇ ਲਿਖੇ ਹੋਏ ਸਨ, ਮਗਰੋਂ ਹੜਤਾਲ ਦਿੱਤੇ ਗਏ ਹਨ।

੪. **ਸੋਰਠਿ**, ਭਗਤ ਕਬੀਰ ਦੇ ਤੀਜੇ ਚਉਪਦੇ "ਬੇਦ ਪੁਰਾਣ ਸਭੇ ਮਤ ਸੁਨਿ ਕੇ" ਵਿਚ ਪਾਠ "ਖਾਲਸੇ" ਹੈ। **ਸੋਰਠਿ** ਦਾ ਪੰਚਮ ਪਾਤਸ਼ਾਹ ਦਾ ਕਥਿਤ ਚਉਪਦਾ "ਸੰਤ ਜਨਾ ਸਉ ਦੂਖਨ ਕਰਤਾ" ਨਹੀਂ ਹੈ। ਵਾਰ ਰਾਗ ਸੋਰਠਿ ਦੀ ੨੯ਵੀਂ ਪਉੜੀ ਦੇ ਦੂਜੇ ਸਲੋਕ ਦੀ ਗੁਮ ਤੁਕ "ਆਪੇ ਦੇ ਵਡਿਆਈਆਂ ਆਪੇ ਨਦਰਿ ਕਰੇਇ" ਦਰੁਸਤੀ ਵਜੋਂ ਲਿਖੀ ਹੋਈ ਸੀ, ਮਗਰੋਂ ਕਟ ਦਿੱਤੀ ਗਈ ਹੈ।

੫. ਧਨਾਸਰੀ ਮਹਲਾ ੧ ਦੇ ਚਉਥੇ ਪਦੇ "ਨਦਰਿ ਕਰੇ ਤਾਂ ਸਿਮਰਿਆ ਜਾਇ" ਨਾਲ ਪਹਲਾਂ "ਮਹਲਾ ੧" ਹੀ ਸੀ, ਕਟਾਈ ਕਰ-ਕੇ ਮਗਰੋਂ ਮਹਲਾ ੩ ਕੀਤਾ ਹੋਇਆ ਹੈ। ਸੁਧਾਈ ਸਮੇਂ ਹੜਤਾਲ ਫੇਰ ਕੇ /੩/ ਨੂੰ ਮੁੜ /੧/ ਵਿਚ ਬਦਲ ਦਿੱਤਾ ਗਇਆ ਹੈ।

੬. ਰਾਗ ਰਾਮਕਲੀ ਵਿਚ ਪਹਲਾਂ "ਓਅੰਕਾਰ ਦਖਣੀ" ਸੰਗਿਆ ਆਈ ਸੀ, ਮਗਰੋਂ ਕੱਟ ਕੇ "ਦਖਣੀ ਓਅੰਕਾਰ" ਕੀਤਾ ਹੋਇਆ ਹੈ। "ਦੱਖਣੀ ਨੂੰ ਰਾਮਕਲੀ ਨਾਲ ਨਹੀਂ ਜੋੜਿਆ, ਅੱਡ ਹੀ ਰਖਿਆ ਹੋਇਆ ਹੈ।

੭. ਵਾਰ ਰਾਗੁ **ਮਾਰੂ** ਮਹਲਾ ੩ ਦਾ ਪਹਲਾ ਸਲੋਕ, "ਵਿਣ ਗਾਹਕ ਗੁਣ ਵੇਚੀਐ" ਪਹਲਾ "ਮਹਲਾ ੩" ਦਾ ਕਰਕੇ ਲਿਖਿਆ ਹੋਇਆ ਸੀ, ਮਗਰੋਂ ਹੜਤਾਲ ਕੇ "ਮਹਲਾ ੧" ਦਾ ਕੀਤਾ ਹੋਇਆ ਹੈ। ਇਸ ਵਾਰ ਵਿਚ ਸਲੋਕਾਂ ਨਾਲ ਮਹੱਲੇ ਹੇਠ ਉਤੇ ਖਾਲੀ ਥਾਂ ਲੱਭ ਕੇ ਪਿੱਛੋਂ ਘਸੋੜੇ ਹੋਏ ਹਨ। ਰਵਿਦਾਸ ਦਾ ਸੋਰਠਿ ਰਾਗ ਵਾਲਾ ਸ਼ਬਦ "ਸੁਖ ਸਾਗਰ ਸੁਰਤਰ ਚਿੰਤਾਮਨਿ" ਇਸ ਰਾਗੁ ਵਿਚ ਵੀ ਦੁਹਰਾਇਆ ਹੋਇਆ ਹੈ।

੮. ਰਾਗੁ **ਬਸੰਤ** ਦਾ ਚਉਪਦਾ "ਬਸਤ੍ਰ ਉਤਾਰ ਦਿਗੰਬਰ ਹੋਗ" ਪਹਲਾਂ ਮਹਲਾ ੩ ਦਾ ਕਰਕੇ ਲਿਖਿਆ ਹੋਇਆ ਸੀ; ਮਗਰੋਂ ਕਟ ਕੇ "ਮਹਲਾ ੧" ਦਾ ਕੀਤਾ ਹੋਇਆ ਹੈ। ਇਕਤੁਕਾ "ਸਾਹਿਬ ਭਾਵੈ ਸੇਵਕ ਸੇਵਾ ਕਰੈ" ਮਹਲਾ ੩ ਦਾ ਕਰਕੇ ਲਿਖਿਆ ਹੋਇਆ ਹੈ। ਇਸ ਰਾਗੁ ਦੇ ਮਹਲਾ ੧ ਘਰੁ ੨ ਦੇ ਗਿਆਰਵੇਂ ਚਉਪਦੇ (ਰਾਜਾ ਬਾਲਕ

ਨਗਰੀ ਕਾਚੀ) ਦੇ ਮਗਰ "ਕਹਿਆ ਸੁਣਹਿ ਨ ਖਾਇਆ ਮਾਨਹਿ" ਵਾਲਾ ਚੌਥਾ ਬੰਦ ਪ੍ਰਾਪਤ ਹੈ।

੯. **ਕਾਨੜਾ** ਮਹਲਾ ੫ ਘਰੁ ੨ ਦੇ ਇਕ ਤੋਂ ਗਿਆਰਾਂ ਤਕ ਦੇ ਚਉਪਦਿਆਂ ਨਾਲ ਮੰਗਲ ਹਨ।

੧੦. **ਸਵੱਯੇ** ਮਹਲੇ ੨ ਦੇ ਅੰਤ ਤੇ ਪਾਠ "ਕਹੁ ਟਲ ਗੁਰੁ ਸੇਵੀਐ" ਹੀ ਹੈ।

੩੯. ਅਮੋਲਕ ਬੀੜ ਪੰਜਾਬੀ ਯੂਨੀਵਰਸਿਟੀ
(ਸੰਮਤੁ ੧੮੧੨)

ਇਹ ਅਮੋਲਕ ਬੀੜ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੀ ਲਾਇਬ੍ਰੇ‍ਰੀ ਦੇ ਮੋਹਨ ਸਿੰਘ ਵੈਦ ਸੈਕਸ਼ਨ ਵਿਚ ਇੰਦ੍ਰਾਜ ਨੰਬਰ ੧੧੫੫੯੪ ਉਪਰ ਉਪਲਬ‍ ‍ਹੈ ਸ. ਸ਼ਮਸ਼ੇਰ ਸਿੰਘ ਅਸ਼ੋਕ ਵਲੋਂ ਭੇਂਟ ਕੀਤੀ ਗਈ।

ਆਕਾਰ ਤੇ ਅੰਕਣ-ਵਿਧੀ : ਇਹ ਬੀੜ ਸੁਥਰੀ ਲਿਖਾਈ, ਸ਼ੁੱਧ ਪਾਠਾਂ **(format)** ਦੀ ਇਕਸਾਰਤਾ ਲਈ ਪ੍ਰਸੰਸਾ-ਯੋਗ ਹੈ। ਆਕਾਰ ਇਸ ਦਾ ਵੱਡਾ, ਅ... ਅਖ਼ਬਾਰਾਂ ਜਿੱਡਾ ਹੈ। ਵੱਡਾ ਆਕਾਰ ਹੋਣ ਕਾਰਣ ਪ੍ਰਤਿ ਪੰਨਾ ੩੩ ਪੰਗਤੀਆਂ ਤੇ ਪਾਲ ਵਿਚ ੨੩-੨੫ ਸ਼ਬਦ ਹਨ। ਕਾਗ਼ਜ਼ ਵਧੀਆ ਤੇ ਜਿਲਦ ਮੁਢਲੀ ਪੱਕੀ ਹੈ ... ਇਸ ਗ੍ਰੰਥ ਦੇ ੩੬੧ ਹਨ। ਲਿਖਤ ਕਾਲੀ ਤੇ ਲਾਲ ਸਿਆਹੀ ਨਾਲ ਕੀਤੀ ਹੋਈ ਲਾਲ ਸਿਆਹੀ ਮੰਗਲ, ਸਿਰਲੇਖ ਤੇ ਹੋਰ ਮਹੱਤਵਪੂਰਣ ਤੱਥ ਅੰਕਿਤ ਕਰਨ ਲਾਈ ਗਈ ਹੈ। ਹਾਸ਼ੀਆ ਦੋਹਾਂ ਪਾਸਿਆਂ ਉੱਤੇ ਲਾਲ+ਨੀਲੀ+ਲਾਲ, ਤਿੰਨ ਲ... ਲੱਗਾ ਹੋਇਆ ਹੈ। ਇਸ ਨਾਲ ਲਿਖਤ ਦੀ ਸੁੰਦ੍ਰਤਾ ਵਧੀ ਹੈ।

ਪਤ੍ਰਾ-ਅੰਕ ਇਸ ਗ੍ਰੰਥ ਦੇ ਸੱਜੇ ਹੱਥ ਵਾਲੇ ਪੰਨੇ ਦੇ ਉਪਰ ਕਰ ਕੇ ਹ... ਲਗੇ ਹੋਏ ਹਨ। ਪਤ੍ਰਾ ਇਕ ਹੀ ਵਰਕੇ ਦੇ ਸਿੱਧੇ ਪੁੱਠੇ ਪਾਸੇ ਨੂੰ ਲੈ ਕੇ ਪੂਰ... ਹੈ। ਸੋ ਪਤ੍ਰੇ ਸੰਬੰਧੀ ਧਾਰਣਾ ਇਸ ਲਿਖਾਰੀ ਦੀ ਵਿਗਿਆਨਕ ਹੈ।

ਸਮਾਵਣੇ ਕੇ ਚਲਿਤ੍ਰ ਤੇ ਲਿਖਣ-ਕਾਲ : ਗ੍ਰੰਥ ਦੇ ਮੁਢਲੇ ਅੰਕਹੀਨ ਪਤ੍ਰੇ ਉ... ਜੋਤੀ ਜੋਤਿ ਸਮਾਵਣੇ ਕੇ ਹਨ। ਚਲਿਤ੍ਰਾਂ ਦੇ ਉਪਰ ਕਰ ਕੇ ਚੋਖੀ ਵਿਥ 'ਤੇ ਨਾਨਕ ਦੇਵ ਜੀ ਦੇ "ਸੰਮਤ ੧੫੨੬ ਵੈਸਾਖ ਮਾਹਿ ਤ੍ਰਿਤੀਆ ਚਾਣਨੀ ਰਾਤਿ ਪ... ਰਹਿੰਦੀ" ਅਵਤਾਰ ਧਾਰਣ ਦੀ ਮਿਤੀ ਲਿਖੀ ਹੋਈ ਹੈ। ਅਗੇ ਚਲਿਤ੍ਰ ਸਮਾਵਣੇ ... ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਮਾਵਣਾ ੧੫੯੬ ਅਸੂ ਵਦੀ ੧੦ ਦਾ ਲਿ... ਹੋਇਆ ਹੈ। ਅੰਤ ਉੱਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਾਵਣ ਦਾ ਚਲਿਤ੍ਰ ... ਗੁਰਦਿੱਤਾ ਜੀ ਦਾ ਚਲਿਤ੍ਰ ਵੀ ਦਿੱਤਾ ਹੋਇਆ ਹੈ।

ਗ੍ਰੰਥ ਦੇ ਅੰਤਲੇ ਪੰਨੇ (੩੬੧/ੳ) ਉਪਰ ਗ੍ਰੰਥ ਦੇ ਆਰੰਭ ਤੇ ਸਮਾਪ... ਮਿਤੀਆਂ ਇਸ ਤਰ੍ਹਾਂ ਦਿੱਤੀਆਂ ਹੋਈਆਂ ਹਨ :

> ਸੰਮਤ ॥ ੧੮੧੧ ਮਿਤੀ ਸਾਵਣੋ ਦਿਨ ੧੫ ਗਿਰੰਥ ਜੀ ਲਿਖਣ ਲਗੇ ॥ ਸੰਮਤ ੧... ਮਿਤੀ ਚੇਤ੍ਰੋ ਦਿਨ ੫ ਸਪੂਰਨ ਹੋਆ। ਸਤਗੁਰੁ ਬਾਬਾ ਅਪਰ ਅਪਾਰ ...

ਮਿਹਰਿਵਾਨ ਨਿਮਾਣਿਆ ਕੇ ਮਾਣੁ ॥ ਨਿਤਾਣਿਆ ਕੇ ਤਾਣਿ ਜੀ ਮਿਹਰਬਾਨ ॥
ਤੇਰਾ ਕੀਤਾ ਗਿਰੰਥ ਪੂਰਾ ਹੋਆ ਮੁਝ ਤੇ ਕਛੁ ਨ ਹੋਆ ॥

ਤਤਕਰਾ (ਸੂਚੀਪਤ੍ਰ) ਗ੍ਰੰਥ ਦਾ ਚਲਿਤ੍ਰਾਂ ਵਾਲੇ ਪਤ੍ਰੇ ਦੇ ਮਗਰਲੇ ਪਾਸੇ ਤੋਂ ਸ਼ੁਰੂ ਹੁੰਦਾ ਹੈ। ਇਹ ਦੋ ਕਾਲਮੀ ਹੈ। ਬਾਣੀਆਂ ਦੀਆਂ ਪ੍ਰਤੀਕਾਂ ਇਸ ਗ੍ਰੰਥ ਵਿਚ ਪਰੰਪਰਾਗਤ ਪ੍ਰਤੀਕਾਂ (ਜਪੁ ਨੀਸਾਣੁ, ਆਦਿ) ਤੋਂ ਭਿੰਨ ਢੰਗ ਨਾਲ ਦਿੱਤੀਆਂ ਹੋਈਆਂ ਹਨ। ਲਿਖਿਆ ਹੈ :–

੧)	ਜਪੁ ਚਲਿਆ	੧
੨)	ਸੋ ਦੁਰੁ ਚਲਿਆ	੩
੩)	ਕੀਰਤਿ ਚਲੀ	੩
੫)	ਸ੍ਰੀ ਰਾਗੁ	੪

ਸ਼ਬਦਾਂ ਦਾ ਤਤਕਰਾ, ਹਰ ਰਾਗੁ ਦਾ, ਇਸ ਗ੍ਰੰਥ ਵਿਚ ਰਾਗੁ ਦੇ ਆਰੰਭ ਵਿਚ ਦਿੱਤਾ ਹੋਇਆ ਹੈ। ਫਲਸਰੂਪ "ਤਤਕਰਾ ਤਤਕਰੇ ਕਾ", ਬੇ-ਲੋੜਾ ਸਮਝ ਕੇ ਛੱਡ ਦਿੱਤਾ ਗਇਆ ਹੈ।

ਹੋਰ ਵਿਲੱਖਣਤਾਵਾਂ : ਤਤਕਰਾ ਹਰ ਰਾਗੁ ਦਾ ਮੁਢ ਵਿਚ ਬਾਣੀ ਤੋਂ ਪਹਲਾਂ ਦੇਣ ਤੋਂ ਸਿਵਾਇ ਇਸ ਗ੍ਰੰਥ ਦੀਆਂ ਕੁਝ ਹੋਰ ਵਿਲੱਖਣਤਾਵਾਂ ਹਨ ਜੋ ਇਸ ਨੂੰ ਆਪਣੀ ਕਿਸਮ ਦਾ ਅਦਭੁਤ ਸੰਚਾ ਬਣਾਉਂਦੀਆਂ ਹਨ :–

ਪਹਲੀ ਵਿਲੱਖਣਤਾ ਇਹ ਹੈ ਕਿ ਇਸ ਗ੍ਰੰਥ ਵਿਚ ਮੂਲਮੰਤ੍ਰ ਰਾਗੁ ਦੇ ਸਿਰਲੇਖ ਨਾਲ ਕਿਤੇ ਵੀ ਨਹੀਂ ਆਇਆ; ਸਭ ਥਾਂ ਛੋਟਾ ਮੰਗਲ, "੧ਓ ਸਤਿਗੁਰ ਪ੍ਰਸਾਦਿ" ਹੀ ਹੈ। ਜਪੁਜੀ ਸਾਹਿਬ ਦੇ ਮੁਢ ਵਿਚ ਮੰਗਲ ਵਜੋਂ "੧ਓ ਸਤਿਗੁਰ ਪ੍ਰਸਾਦਿ" ਹੀ ਲਿਖਿਆ ਹੈ। ਅਗੇ "ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤ ਅਜੂਨੀ ਸੈਭੰਗ ਗੁਰ ਪ੍ਰਸਾਦਿ" ਲਿਖ ਕੇ ਉਸ ਨੂੰ ਜਪੁਜੀ ਦਾ ਅੰਗ ਬਣਾਇਆ ਹੋਇਆ ਹੈ। ਇਹ ਸਾਰਾ ਲਾਲ ਸਿਆਹੀ ਨਾਲ ਲਿਖਿਆ ਹੋਇਆ ਹੈ। ਅਗੇ "ਜਪੁ ਚਲਿਆ ਮ: ੧" ਲਿਖ ਕੇ ਜਪੁਜੀ ਦਾ ਪਾਠ ਸ਼ੁਰੂ ਕੀਤਾ ਹੈ। ਇਸ ਤੋਂ ਸਿਵਾਇ ਇਸ ਬੀੜ ਵਿਚ ਮੂਲਮਤ੍ਰ ਹੋਰ ਕਿਤੇ ਦੇਖਣ ਵਿਚ ਨਹੀਂ ਆਇਆ।

ਦੂਜੀ, ਇਸ ਗ੍ਰੰਥ ਵਿਚ ਚਉਪਦਿਆਂ ਦੇ ਸਿਰਲੇਖਾਂ ਨਾਲ ਸਿਵਾਇ ਮੁਢਲੇ ਸਿਰਲੇਖ ਦੇ ਬਾਕੀ ਸਭ ਥਾਵਾਂ ਤੇ ਮਹਲਾ ਸੂਚਿਤ ਕਰਨ ਲਈ ਪੂਰਾ ਪਦ (ਮਹਲਾ) ਨਹੀਂ ਵਰਤਿਆ; ਉਸ ਦਾ ਸੰਖੇਪ ਰੂਪ /ਮ:/ ਵਰਤਿਆ ਹੋਇਆ ਹੈ।

ਤੀਜੀ, ਇਸ ਗ੍ਰੰਥ ਦੇ ਲਿਖਾਰੀ ਨੇ ਘਰਾਂ ਤੋਂ ਪਹਲਾਂ ਛੋਟੇ ਮੰਗਲ ਨਹੀਂ ਵਰਤੇ, ਕੇਵਲ ਘਰੁ ਸੂਚਿਤ ਕਰ ਕੇ ਅਗੇ ਬਾਣੀ ਲਿਖ ਦਿੱਤੀ ਹੈ।

ਚੋਥੀ, ਇਸ ਗ੍ਰੰਥ ਵਿਚ ਰਹਾਉ ਵਾਲੀਆਂ ਤੁਕਾਂ ਦੇ ਅੰਤ 'ਤੇ ਅੰਕ (੧) ਨਹੀਂ ਹਨ; ਹਰ ਥਾਂ ਤੁਕ ਦੇ ਅੰਤ 'ਤੇ ਹੱਦਾਂ (ਦੋ ਲਕੀਰਾਂ) ਪਾ ਕੇ ਅੱਗੇ "ਰਹਾਉ" ਲਿਖਿਆ ਹੋਇਆ ਹੈ।

ਬਾਣੀ ਦਾ ਬਿਓਰਾ : ਜਪੁ ਦੇ ਮਗਰੋਂ "ਸੋ ਦਰੁ" (ਪੰਜ ਸ਼ਬਦ) ਤੇ ਕੀਰਤੀ ਸੋਹਿਲਾ ਹੈ। ਸੋ ਪੁਰਖੁ ਵਾਲਾ ਚਾਰ ਸ਼ਬਦਾਂ ਦਾ ਜੁਟ ਇਸ ਵਿਚ ਨਹੀਂ ਹੈ। ਸ੍ਰੀ ਗੁਰੂ ਤੇਗ ਬਹਾਦੁਰ ਦੀ ਬਾਣੀ ਇਸ ਵਿਚ ਚੜ੍ਹੀ ਹੋਈ ਹੈ। ਰਾਗੁ ਜੈਜਾਵੰਤੀ ਰਾਗੁ ਜੈਤਸਰੀ ਦੇ ਮਗਰ ਹੈ। ਬਾਕੀ ਦੇ ਰਾਗਾਂ ਦਾ ਕ੍ਰਮ ਛਪੇ ਗ੍ਰੰਥ ਵਾਲਾ ਹੈ। ਭੋਗ ਦੀ ਬਾਣੀ ਦਾ ਕ੍ਰਮ ਇਸ ਗ੍ਰੰਥ ਵਿਚ ਇੰਞ ਹੈ : ਸਲੋਕ ਸਹਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋਕ ਕਬੀਰ ਜੀ ਕੇ, ਸਵੱਯੇ, ਸਲੋਕ ਵਾਰਾਂ ਤੇ ਵਧੀਕ ਸਣੇ "ਤੇਰਾ ਕੀਤਾ ਜਾਤੋ ਨਾਹੀ" ਵਾਲੇ ਸਲੋਕ ਦੇ, ਅਤੇ ਮੁੰਦਾਵਣੀ। ਇਸ ਦੇ ਪਿੱਛੋਂ ਮਹਲਾ ੯ ਦੇ ਸਲੋਕ ਹਨ। ਇੰਞ ਇਸ ਦਾ ਭੋਗ "ਸਲੋਕ ਵਾਰਾਂ ਤੇ ਵਧੀਕ" ਉੱਤੇ ਪੈਂਦਾ ਹੈ। ਅੰਤ ਉੱਤੇ ਫਾਲਤੂ ਬਾਣੀ ਵੀ ਹੈ। ਰਤਨਮਾਲਾ ਨਾਲ ਇਹ ਸੂਚਨਾ ਆਈ ਹੈ :

"ਸੁਧੁ ਉਤਾਰਾ ਕੀਤਾ ਗਿਰੰਥ ਕਾ ਅਖਰੀ ਤੋਰਕੀ ਸੀ ਭੀ ਅਖਰੀ ਗੁਰਮੁਖੀ ਲਿਖੀ"।

ਹੋਰ ਵਿਸ਼ੇਸ਼ਤਾਵਾਂ

੧. ਜਪੁ ਦੇ ਸ੍ਰੀ ਗੁਰੂ ਰਾਮਦਾਸ ਜੀ ਦੇ ਦਸਤਖਤਾਂ ਦੀ ਕਿਸੇ ਨਕਲ ਦੀ ਨਕਲ ਹੋਣ ਦੀ ਸੂਚਨਾ ਇਸ ਗ੍ਰੰਥ ਵਿਚ ਨਹੀਂ ਹੈ। ਜਪੁ ਵਿਚ ਕੁਝ ਸ਼ਬਦਾਂ ਦੇ ਜੋੜ ਇਸ ਤਰ੍ਹਾਂ ਹਨ : ਮੂਹੇਂ, ਧੌਲੁ, ਕਉਣ, ਰਖੀਸਰ, ਜੀਭੋਂ।

੨. ਸ਼ਬਦ "**ਸਿਰੀ**" ਇਸ ਗ੍ਰੰਥ ਵਿਚ /ਸ/ /ਰ/ ਨੂੰ ਸੰਯੁਕਤ ਕਰਕੇ "ਸ੍ਰੀ" ਤੇ "ਸ੍ਰਿ" ਲਿਖਿਆ ਹੋਇਆ ਹੈ। ਸ਼ਬਦਾਂ ਨਾਲ ਘਰੁ ਨਹੀਂ ਸਨ, ਮਗਰੋਂ ਸੁਧਾਈ ਵਜੋਂ ਪਾਏ ਹੋਏ ਹਨ। ਇਸ ਵਿਚ ਸ਼ਬਦਾਂ ਦੇ ਜੋੜ ਨਾਲ "ਛਕਾ" ਪਦ ਕਿਤੇ ਨਹੀਂ ਆਇਆ; ਹੋਰਨਾਂ ਰਾਗਾਂ, ਜਿਵੇਂ ਦੇਵਗੰਧਾਰੀ, ਕਲਿਆਨ ਆਦਿ ਵਿਚ ਵੀ "ਛਕਾ" ਨਹੀਂ। ਇਸੇ ਤਰ੍ਹਾਂ ਸਿਰੀ ਰਾਗੁ ਦੀ ਵਾਰ ਦੇ ਅੰਤ 'ਤੇ "ਸੁਧੁ" ਪਦ ਨਹੀਂ ਹੈ। ਅੱਗੇ ਵੀ ਵਾਰਾਂ ਦੇ ਅੰਤ 'ਤੇ ਹਿਦਾਇਤੀ ਪਦ ਨਹੀਂ ਹਨ।

੩. **ਗਉੜੀ** ਮਹਲਾ ੫ ਦਾ ਚਉਪਦਾ "ਕਿਉਂ ਭ੍ਰਮੀਐ ਭ੍ਰ_ ਕਿਸ ਕਾ ਹੋਈ" ਇਸ ਗ੍ਰੰਥ ਵਿਚ ਗਿਣਤੀ ਵਿਚ ਆਇਆ ਹੋਇਆ ਹੈ ਜਿਸ ਕਾਰਣ ਚਉਪਦਿਆਂ ਦੀ ਗਿਣਤੀ ੨੪੨ ਹੈ; ਛਪੇ ਗ੍ਰੰਥ ਵਾਂਙ ੨੪੧ ਨਹੀਂ। ਛਪੇ ਗ੍ਰੰਥ ਵਿਚ ਇਹ ਪਦਾ ਗਿਣਤੀ ਤੋਂ ਬਾਹਰ ਰਹ ਗਇਆ ਹੈ। ਰਾਗੁ ਗਉੜੀ ਪੂਰਬੀ ਮਹਲਾ ੫ ਮੂਲਪਾਠ ਵਿਚ "ਅਉਧ ਘਟੈ ਦਿਨਸੁ ਰੈਨਾ ਰੇ" ਨਾਲ ਸ਼ੁਰੂ ਹੁੰਦਾ ਸੀ, ਪਰੰਤੂ ਕਿਸੇ ਨੇ ਦਰੁਸਤੀ ਵਜੋਂ "ਕਰਉ ਬੇਨੰਤੀ ਸੁਣੋ ਮੇਰੇ ਮੀਤਾ" ਨੂੰ ਪਹਲਾਂ ਪੜ੍ਹਨ ਦੀ ਹਿਦਾਇਤ ਹਾਸ਼ੀਏ ਵਿਚ ਲਿਖ ਦਿੱਤੀ ਹੈ। ਇਸ ਰਾਗੁ ਵਿਚ ਮਹਲਾ ੯ ਦੇ ਸ਼ਬਦ ਠੀਕ ਥਾਂ ਸਿਰ ਚੜ੍ਹੇ ਹੋਏ ਹਨ।

ਗਉੜੀ ਗੁਆਰੇਰੀ ਮਹਲਾ ੫ ਦੇ ਪਹਲੇ ੪੩ ਸ਼ਬਦਾਂ ਨਾਲ ਪਦ "ਗੁਆਰੇਰੀ" ਆਇਆ ਹੈ। ਉਸ ਤੋਂ ਅਗਲੇ ਸੱਤਾਂ ਨਾਲ (੫੦ਵੇਂ ਤਕ) ਗੁਆਰੇਰੀ ਉਤੇ ਹੜਤਾਲ

ਫੇਰੀ ਹੋਈ ਹੈ। ਵਿਚ ਵਿਚ ਕਿਸੇ ਸਿਰਲੇਖ ਨੂੰ ਛਡ ਕੇ ਮਗਰਲੇ ਕੋਈ ਦਰਜਨ ਕੁ ਥਾਵਾਂ ਤੇ ਹੜਤਾਲ ਫਿਰੀ ਹੋਈ ਹੈ। ਇਸ ਤਰ੍ਹਾਂ ਸੁਧਾਈਆਂ ਬਹੁਤ ਹੋਈਆਂ ਹੋਈਆਂ ਹਨ। (ਦੇਖੋ ਪਲੇਟ **XXXVI**, ਚਿਤ੍ਰ ੩੩) ਅਗੇ ਪੂਰਬੀ ਵੀ ਲਿਖ ਕੇ ਅਨੇਕਾਂ ਥਾਵਾਂ ਤੇ ਬਿੰਦੇ ਪਾ ਕੇ ਖਾਰਿਜ ਕੀਤੀ ਹੋਈ ਹੈ। ਇਹ ਸਭ ਸੁਧਾਈਆ ਮਗਰੋਂ ਕਿਸੇ ਨੇ ਗ੍ਰੰਥ ਦੇ ਪਾਠ ਨੂੰ ਪ੍ਰਚਲਿਤ ਪਾਠ ਨਾਲ ਮੇਲਣ ਲਈ ਕੀਤੀਆਂ ਹਨ ਜਿਸ ਨਾਲ ਮਿਹਨਤ ਨਾਲ ਤਿਆਰ ਕੀਤੇ ਗ੍ਰੰਥ ਦੇ ਮੂਲਪਾਠ ਦਾ ਵਿਨਾਸ ਹੋ ਗਇਆ ਹੈ। "ਵਾਰ" ਭਗਤ ਕਬੀਰ ਜੀ ਕੇ ਇਸ ਬੀੜ ਵਿਚ ਸਲੋਕ "ਧਰ ਅੰਬਰ ਵਿਚ ਬੇਲੜੀ" ਨਾਲ ਸ਼ੁਰੂ ਹੁੰਦੇ ਹਨ (ਪਤ੍ਰਾ ੯੩/ਅ)।

੪. ਰਾਗੁ **ਆਸਾ** ਵਿਚ "ਸੋ ਪੁਰਖੁ" ਵਾਲਾ ਸ਼ਬਦ "ਸੋ ਦਰੁ" ਦੇ ਪਿੱਛੇ ਦਰਜ ਹੈ; ਕਹਣ ਦਾ ਭਾਵ ਇਹ ਕਿ ਬੇ-ਮਿਸਲ ਹੈ। ਭਗਤ ਧੰਨਾ ਦੀ ਤਖਤੀ ਵਿਚ ਦਰਜ ਸ਼ਬਦ "ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਨਾ" ਦਾ ਸਿਰਲੇਖ "ਆਸਾ ॥ ਮ: ੫ ॥" ਹੀ ਹੈ (ਪੱਤੀ ੧੨੯)।

੫. **ਗੂਜਰੀ** ਵਿਚ ਮਹਲਾ ੫ ਘਰੁ ੪ ਅਸਟਪਦੀ "ਨਾਥ ਨਰਹਰ ਦੀਨ" ਦੇ ਅੰਤ 'ਤੇ ਪਾਠ "ਨੇਤ੍ਰ ਦਰਸਨ ਸ੍ਰਵਨ ਹਰਿ ਜਸੁ" ਠੀਕ ਆਇਆ ਹੈ। ਇਸ ਰਾਗੁ ਵਿਚ ਤ੍ਰਿਲੋਚਨ ਦਾ ਤੀਜਾ ਸ਼ਬਦ "ਨਵ ਨਿਧਿ ਪਰਸੀ ਕਾਹਿ" ਨਹੀਂ ਹੈ।

੬. **ਦੇਵਗੰਧਾਰੀ** ਵਿਚ ਸਿਰਲੇਖਾਂ ਨਾਲ ਸਭ ਥਾਂ ਮਹੱਲੇ ਹਨ।

੭. **ਸੋਰਠਿ** ਵਿਚ ਕਬੀਰ ਜੀ ਦੇ ਸ਼ਬਦ "ਅਉਧੂ ਸੋ ਜੋਗੀ ਗੁਰ ਮੇਰਾ" ਦੀਆਂ ਪਹਲੀਆਂ ਦੋ ਤੁਕਾਂ ਇਸ ਗ੍ਰੰਥ ਵਿਚ ਲਿਖੀਆਂ ਹੋਈਆਂ ਹਨ (ਪੱਤੀ ੧੭੨/ੳ)। ਕਬੀਰ ਦੇ ਤੀਜੇ ਸ਼ਬਦ (ਬੇਦ ਪੁਰਾਨ ਸਭੈ ਮਤ ਸੁਨਿ ਕੇ) ਵਿਚ ਪਾਠ "ਖਲਾਸੇ" ਹੈ।

੮. **ਧਨਾਸਰੀ** ਘਰੁ ੧ ਦਾ ਸ਼ਬਦ "ਨਦਰਿ ਕਰੇ ਤਾ ਸਿਮਰਿਆ ਜਾਏ" ਇਸ ਬੀੜ ਵਿਚ ਘਰੁ ੨ ਵਿਚ ਲਿਖਿਆ ਹੈ। ਮਹਲਾ ੩ ਘਰੁ ੨ ਦਾ ਚਉਪਦਾ "ਮਨ ਮਰੈ ਧਾਤੁ ਮਰ ਜਾਇ" ਇਸ ਬੀੜ ਵਿਚ ਨਹੀਂ ਹੈ। ਧਨਾਸਰੀ ਕਬੀਰ ਜੀ ਦੇ ਸ਼ਬਦ "ਸਨਕ ਸਨੰਦ ਮਹੇਸ ਸਮਾਨਾ" ਵਿਚ ਰਹਾਉ ਦੀ ਅੱਧੀ ਗੁਮ ਤੁਕ "ਨਿਰਗੁਨ ਰਾਮੁ ਜਪਹੁ ਮੇਰੀ ਮਾਈ" ਇਸ ਗ੍ਰੰਥ ਵਿਚ ਨਹੀਂ ਹੈ।

੯. ਰਾਗੁ **ਸੂਹੀ** ਦੇ ਚਉਪਦੇ ਛਪੇ ਗ੍ਰੰਥ ਨਾਲ ਮੇਲ ਖਾਂਦੇ ਹਨ; ਪਰ ਮਹਲਾ ੫ ਦੇ ਅੰਤਲੇ ਚਉਪਦਿਆਂ ਦੇ ਕ੍ਰਮ ਵਿਚ ਹੇਠ ਲਿਖੇ ਅਨੁਸਾਰ ਫ਼ਰਕ ਹੈ :

ਪ੍ਰਤੀਕ	ਛਪਿਆ ਗ੍ਰੰਥ	ਹਥਲੀ ਬੀੜ
ਪਾਰਬ੍ਰਹਮ ਪਰਮੇਸਰ	੫੫	੫੮ ਘਰੁ ੭ (ਅੰਕ ਨਹੀਂ)
ਤੁਧੁ ਚਿਤਿ ਆਏ ਮਹ	੫੬	੫੫ ਘਰੁ ੭
ਜਿਸ ਕੇ ਸਿਰ ਊਪਰਿ ਤੂ	੫੭	੫੬ ਘਰੁ ੭
ਸਗਲ ਤਿਆਗਿ ਗੁਰ ਸਰਣਹੀ	੫੮	੫੭ ਘਰੁ ੭

੧੦. ਰਾਗੁ **ਗੋਂਡ** ਵਿਚਲੇ ਗੁਰਵਿਅਕਤੀਆਂ ਦੇ ਸ਼ਬਦ ਤਾਂ ਵਰਤਮਾਨ ਕ੍ਰ... ਦ ਅਨੁਸਰਨ ਕਰਦੇ ਹਨ, ਪਰ ਭਗਤ ਨਾਮਦੇਵ ਦੇ ਤਿੰਨ ਪਦਿਆਂ ਦਾ ਕ੍ਰਮ ਛਪੇ ਗ੍ਰੰਥ ਨਾਲੋਂ ਭਿੰਨ ਹੈ (ਪੱਤੀ ੨੨੫)।

ਪ੍ਰਤੀਕ	ਛਪਿਆ ਗ੍ਰੰਥ	ਹਥਲੀ ਬੀੜ
ਮੋ ਕਉ ਤਾਰਿ ਲੇ ਰਾਮਾ	੩ ਘਰੁ ੧	੪ ਘਰੁ
ਮੋਹਿ ਲਾਗਤੀ ਤਾਲਾ ਬੇਲੀ	੪ ਘਰੁ ੧	੫ ਘਰੁ ੨
ਹਰਿ ਹਰਿ ਕਰਤ ਮਿਟੇ	੫ ਘਰੁ ੨	੩ ਘਰੁ ੧

ਇਹ ਫ਼ਰਕ ਸ਼ਬਦ "ਮੋ ਕਉ ਤਾਰਿ ਲੇ ਰਾਮਾ" ਨੂੰ ਘਰੁ ੨ ਦਾ ਮੰਨਣ ਕ[illegible]ਰ ਪਇਆ ਹੈ।

੧੧. **ਰਾਮਕਲੀ** ਮਹਲਾ ੫ ਦਾ ਕਥਿਤ ਛੰਤ "ਰੁਣ ਝੁੰਝਨੜਾ ਗਾਉ" ਇਸ ਬੀੜ ਵਿਚ ਪੂਰਾ ਪ੍ਰਾਪਤ ਹੈ (ਪੱਤੀ ੨੩੮)। ਰਾਮਕਲੀ ਓਅੰਕਾਰ ਮਹਲਾ ੧ ਨਾਲ "ਦੱਖਣੀ" ਵਿਸ਼ੇਸ਼ਣ ਲਾਉਣ ਦੀ ਭੁੱਲ ਇਸ ਗ੍ਰੰਥ ਵਾਲੇ ਨੇ ਵੀ ਕੀਤੀ ਹੋਈ ਹੈ (ਪੱਤੀ ੨੩[illegible])। ਰਾਮਕਲੀ ਦੇ ਅੰਤ ਤੇ ਭਗਤਾਂ ਦੀ ਬਾਣੀ ਸਾਰਿਆਂ ਦੀ ਇਕੱਠੀ ਕਰਕੇ ਲਿਖੀ ਹੈ। ਕ[illegible]ਰ ਤੇ ਨਾਮਦੇਵ ਦੀ ਬਾਣੀ ਦਾ ਨਿਖੇੜਾ ਸਿਰਲੇਖਾਂ ਵਿਚ ਨਾਂ ਦੇ ਕੇ ਨਹੀਂ ਕੀਤਾ। ਹਾਂ, ਕਵੀ-ਛਾਪ "ਕਬੀਰ", "ਨਾਮਾ" ਆਦਿ ਨੂੰ ਲਾਲ ਸਿਆਹੀ ਵਿਚ ਲਿਖ ਕੇ ਚਉਪਦੇ ਦਾ ਕਰਤ੍ਰਿਤਵ ਦਿਖਾ ਦਿੱਤਾ ਹੈ। ਕਬੀਰ ਦੇ ਪੰਜਵੇਂ ਸ਼ਬਦ "ਜਿਹ ਮੁਖ ਬੇਦ ਗਾਇਤ੍ਰੀ ਨਿ[illegible]" ਦਾ ਚੌਥਾ ਬੰਦ ਇਸ਼ ਬੀੜ ਵਿਚ ਨਹੀਂ ਹੈ।

੧੨. **ਮਾਰੂ** ਦੀ ਅਸ਼ਟਪਦੀ "ਲਾਲੇ ਗਾਰਬ ਛੋਡਿਆ" ਛਪੇ ਗ੍ਰੰਥ ਵਿਚ ਮਹਲਾ ੧ ਦੀ ਤਖ਼ਤੀ ਵਿਚ ਦਰਜ ਹੈ, ਪਰ ਇਸ ਬੀੜ ਵਿਚ ਇਹ ਮਹਲਾ ੩ ਦੀ ਤਖਤੀ ਦੇ ਮੁਢ ਵਿਚ ਹੈ। ਇੰਞ ਕਰਤ੍ਰਿਤਵ ਦਾ ਫ਼ਰਕ ਪੈ ਗਇਆ ਹੈ। ਰਾਗੁ ਮਾਰੂ ਕੀ ਵਾਰ ਮਹਲਾ ੩ ਦਾ ਪਹਲਾ ਸਲੋਕ ਮਹਲਾ ੩ ਦਾ ਹੀ ਹੈ। ਭਗਤਾਂ ਦੀ ਬਾਣੀ ਰਲਗਡ ਜਹੇ ਰੂਪ [illegible]ਚ ਦਿੱਤੀ ਹੋਈ ਹੈ। ਸਿਰਲੇਖਾਂ ਵਿਚ ਭਗਤਾਂ ਦੇ ਨਾਂ ਨਹੀਂ, ਕਵੀ ਛਾਪ ਨੂੰ ਲਾਲ ਸਿਆਹੀ ਨਾਲ ਲਿਖ ਕੇ ਕਰਤ੍ਰਿਤਵ ਉਜਾਗਰ ਕੀਤਾ ਹੈ। ਕ੍ਰਮ ਅੰਤਲੇ ਸ਼ਬਦਾਂ ਦਾ ਛਪੇ ਗ੍ਰੰਥ ਨ[illegible] ਕੁਛ ਭਿੰਨ ਹੈ। ਇਹ ਫ਼ਰਕ ਇਸ ਕਾਰਣ ਪਇਆ ਹੈ ਕਿ ਕਬੀਰ ਦਾ "ਗਗਨ ਦਮ[illegible]ਾ ਬਾਜਿਓ" ਵਾਲਾ ਸ਼ਬਦ ਇਸ ਬੀੜ ਵਿਚ ਨਹੀਂ ਹੈ। ਇਸੇ ਤਰ੍ਹਾਂ ਭਗਤ ਰਵਿਦਾਸ ਦਾ ਸ਼ਬਦ "ਸੁਖ ਸਾਗਰ ਸੁਰਤਰੁ ਚਿੰਤਾਮਨਿ" ਵੀ ਇਸ ਰਾਗੁ ਵਿਚ ਦੁਹਰਾਇਆ ਹੋਇ[illegible] ਨਹੀਂ। ਮੀਰਾ ਬਾਈ ਦਾ ਪਦਾ "ਮਨ ਹਮਾਰਾ ਬਾਧਿਓ" ਇਸ ਬੀੜ ਵਿਚ ਹੈ।

੧੩. ਰਾਗੁ **ਭੈਰਉ** ਬਾਣੀ ਭਗਤਾਂ ਕੀ ਵਿਚ "ਆਉ ਕਲੰਦਰ ਕੇਸਵਾ" ਵਾ[illegible] ਸ਼ਬਦ ਉਪਰ ਨਾਮਦੇਵ ਦੇ ਸ਼ਬਦਾਂ ਵਿਚ ਲਿਜਾ ਕੇ ਬਾ-ਮਿਸਲ ਕੀਤਾ ਹੋਇਆ [illegible], ਫਲਸ੍ਵਰੂਪ ਪੋਥੀ ਵਿਚ ਕੁਝ ਸ਼ਬਦਾਂ ਦਾ ਕ੍ਰਮ ਹੇਠ ਲਿਖੇ ਵਾਲਾ ਹੈ :

ਸ਼ਬਦ	ਹਥਲੀ ਬੀੜ	ਛਪਿਆ ਗ੍ਰੰਥ
ਸੰਡਾ ਮਰਕਾ ਜਾਇ ਪੁਕਾਰੈ	੨੯	੨੯
ਆਉ ਕਲੰਦਰ ਕੇਸਵਾ	੩੦	੩੩
ਸੁਲਤਾਨ ਪੂਛੇ ਸੁਨਹੁ ਬੇਨਾਮਾ	੩੧	੩੦
ਜਉ ਗੁਰਦੇਉ ਤਉ ਮਿਲੈ ਰਿਵਿਦਾਸ	੩੨	੩੧
ਬਿਨ ਦੇਖੇ ਉਪਜੇ ਨਹੀ	੩੩	੩੨

ਭੈਰਉ ਦਾ ਕਬੀਰ ਛਾਪ ਵਾਲਾ ਚਉਪਦਾ "ਵਰਤ ਨ ਰਹਉ ਨ ਮਹ ਰਮਦਾਨਾ" ਮਹਲਾ ੫ ਦੀ ਪੱਟੀ ਵਿਚ ਹੀ ਦਰਜ ਹੈ (ਪੱਤੀ ੨੮੮)।

੧੪.. **ਬਸੰਤ** ਦਾ ਚਉਪਦਾ "ਬਸਤ੍ਰ ਉਤਾਰਿ ਦਿਗੰਬਰ ਹੋਗ" ਅਤੇ ਇਕਤੁਕਾ "ਸਾਹਿਬ ਭਾਵੇ ਸੇਵਕ ਸੇਵਾ ਕਰੇ" ਮਹਲਾ ੩ ਦੀ ਕ੍ਰਿਤ ਮੰਨਦਿਆਂ ਮਹਲਾ ੩ ਦੀ ਤਖਤੀ ਵਿਚ ਲਿਖੇ ਹੋਏ ਹਨ। ਬਸੰਤ ਹਿੰਡੋਲ ਮਹਲਾ ੧ ਘਰੁ ੨ ਦੇ ਤੀਜੇ ਚਉਪਦੇ (ਰਾਜਾ ਬਾਲਕ ਨਗਰੀ ਕਾਚੀ) ਦਾ ਚੌਥਾ ਬੰਦ "ਕਹਿਆ ਸੁਣਹ ਨ ਖਾਇਆ ਮਾਨਹਿ" ਵਾਲਾ, ਇਸ ਬੀੜ ਵਿਚ ਹੈ (ਪੱਤੀ ੨੯੭)। ਇਸ ਰਾਗੁ ਦੇ ਘਰੁ ੧ ਦੇ ਪਦਿਆਂ ਨਾਲ ਰਾਗੁ ਦੇ ਨਾਂ ਵਜੋਂ "ਬਸੰਤ" ਹੈ ਤੇ ਘਰੁ ੨ ਦੇ ਪਦਿਆਂ ਨਾਲ "ਹਿੰਡੋਲ" ਵੀ ਵਧਾਇਆ ਹੋਇਆ ਹੈ।

੧੫. **ਸਾਰੰਗ** ਵਿਚ ਸੂਰਦਾਸ ਪਹਲੇ ਤੇ ਦੂਜੇ ਦੋਹਾਂ ਦੇ ਸ਼ਬਦ ਪ੍ਰਾਪਤ ਹਨ, ਪਰ ਕ੍ਰਮ ਉਲਟ ਪੁਲਟ ਹੈ। ਪੋਥੀ ਵਿਚ "ਹਰਿ ਕੇ ਸੰਗ ਬਸੇ ਹਰਿ ਲੋਗ" ਪਹਲਾਂ ਦਿੱਤਾ ਹੈ ਤੇ "ਛਾਡਿ ਮਨ ਹਰਿ ਬਿਮੁਖਨ ਕੋ ਸੰਗ" ਬਾਅਦ ਵਿਚ। ਇਹ ਪਿਛਲਾ ਕੇਵਲ ਇਕ ਤੁਕ ਦਾ ਦਾ ਹੈ; ਪ੍ਰਤੀਕ ਹੀ ਦਿੱਤੀ ਹੈ (ਪੱਤੀ ੩੧੭)।

੧੬. **ਮਲਾਰ** ਮਹਲਾ ੫ ਘਰੁ ੨ ਦੇ ਅੰਤ 'ਤੇ "ਪ੍ਰਾਨ ਮਾਨ ਏਕ ਨਾਮੁ" ਵਾਲਾ ਸ਼ਬਦ ਨਹੀਂ ਹੈ। ਇਸ ਰਾਗੁ ਦੀ ਵਾਰ ਦਾ ਪਹਲਾ ਸਲੋਕ (ਗੁਰ ਮਿਲੀਐ ਮਨ ਰਹਸੀਐ) ਮਹਲਾ ੩ ਦਾ ਕਰਕੇ ਲਿਖਿਆ ਹੈ; ਮਹਲਾ ੧ ਦਾ ਨਹੀਂ।

੧੭. **ਕਾਨੜਾ** ਮਹਲਾ ੫ ਘਰੁ ੨ ਦੇ ੧ ਤੋਂ ੧੧ ਤਕ ਦੇ ਚਉਪਦਿਆਂ ਨਾਲ ਮੰਗਲ ਨਹੀਂ ਸਨ। ਦੁਹਰਾਈ ਸਮੇਂ ਪਹਲੇ ਸ਼ਬਦ ਦੇ ਮੁਢ ਵਿਚ ਮੰਗਲ ਵਧਾਇਆ ਹੋਇਆ ਹੈ, ਅਗਲਿਆਂ ਵਿਚ ਨਹੀਂ।

੧੮. ਇੱਥੇ ਰਾਗ **ਕਲਿਆਨ** ਮਹਲਾ ੪ ਦੇ ਕੇਵਲ ਸਤਵੇਂ ਚਉਪਦੇ ਨਾਲ ਭੁਪਾਲੀ ਹੈ, ਬਾਕੀ ਨਾਲ ਕੇਵਲ ਕਲਿਆਨ। ਭਗਤਾਂ ਦੀ ਬਾਣੀ ਓਵੇਂ ਹੀ ਰਲਗਡ ਰੂਪ ਵਿਚ ਹੈ। ਮਹਲਾ ੫ ਘਰੁ ੨ ਨਾਲ ਵੀ ਭੁਪਾਲੀ ਨਹੀਂ।

੧੯. ਕੇਵਲ ਸ਼ੁਰੂ ਵਿਚ ਹੀ "੧ਓ ਸਤਿਗੁਰ ਪ੍ਰਸਾਦਿ" ਨਾਲ ਪ੍ਰਭਾਤੀ ਬਿਭਾਸ ਲਿਖਿਆ ਹੋਇਆ ਹੈ; ਅਗੇ ਸਭ ਥਾਂ "ਪਰਭਾਤੀ" ਹੈ। ਕਬੀਰ ਤੇ ਹੋਰਨਾਂ ਭਗਤਾਂ ਦੇ ਪਦਿਆਂ ਨਾਲ ਵੀ "ਪਰਭਾਤੀ" ਹੀ ਹੈ।

੨੦. ਭੱਟ ਰਚਿਤ ਦੂਜੀ ਪਾਤਸ਼ਾਹੀ ਦੇ ਅੰਤਲੇ **ਸਵੱਯੇ** ਵਿਚ ਪਾਠ "ਕਹੁ ਟਲ ਗੁਰ ਸੇਵੀਐ" ਹੀ ਹੈ (ਪੱਤੀ ੩੫੦)।

੪੦. ਬੀੜ ਕਲਮ ਮੰਦਿਰ ਪਟਿਆਲਾ (ਤੀਜੀ)
(ਸੰਮਤੁ ੧੮੧੭)

ਇਹ ਬੀੜ ਪ੍ਰੋਫੈਸਰ ਪਿਆਰਾ ਸਿੰਘ ਪਦਮ ਵਾਸੀ ਕਲਮ ਮੰਦਿਰ, ਲੋਇਰ ਮਾਲ, ਪਟਿਆਲਾ ਦੇ ਨਿੱਜੀ ਪੁਸਤਕਾਲੇ ਵਿਚ ਸੁਰੱਖਿਅਤ ਹੈ। ਸੂਚੀਪਤ੍ਰ ਪੋਥੀ ਕਾ ਵਿਚ ਇਸ ਦੇ ਲਿਖੇ ਜਾਣ ਦਾ ਸੰਮਤੁ ੧੮੧੭ ਅਤੇ ਤਿਥਿ ਚੇਤ ਵਦੀ ਦੁਈਜ ਦਿੱਤੀ ਹੈ। ਸੂਚੀਪਤ੍ਰ ਵਿਚ "ਨੀਸਾਣੁ ਗੁਰੂ ਜੀ ਕੇ ਦਸਖਤ ਮਹਲਾ" ਦੀ ਸੂਚਨਾ ਆਈ ਹੈ, ਪਰ ਮਹਲਾ ਨਹੀਂ ਲਿਖਿਆ ਅਤੇ ਨਾ ਹੀ ਕੋਈ ਨੀਸਾਣੁ ਅੰਦਰ ਬੀੜ ਵਿਚ ਮੌਜੂਦ ਹੈ। ਇਸ ਲਈ ਇਹ ਪਦ ਮੂਲ-ਪੋਥੀ ਤੋਂ ਸੁਭਾਵਿਕ ਹੀ ਨਕਲ ਹੋ ਗਏ ਲਗਦੇ ਹਨ। ਜਪੁ ਗੁਰੂ ਰਾਮਦਾਸ ਜੀ ਦੇ ਜਪੁ ਤੋਂ ਪੰਜਵੇਂ ਥਾਂ ਨਕਲ ਹੈ।

ਪਤ੍ਰਾ-ਅੰਕਣ ਵਿਧੀ ਤੇ ਬਾਣੀ : ਪਤ੍ਰਾ-ਅੰਕ ਇਸ ਗ੍ਰੰਥ ਦੇ ਸੱਜੇ ਹੱਥ ਵਾਲੇ ਪੰਨੇ ਉਪਰ ਲਗੇ ਹੋਏ ਹਨ। ਸੱਜੇ ਅਤੇ ਖੱਬੇ ਦੋਹਾਂ ਪਾਸਿਆਂ ਦੇ ਪੰਨੇ ਮਿਲ ਕੇ ਪਤ੍ਰਾ ਪੂਰਾ ਹੁੰਦਾ ਮੰਨਿਆ ਹੈ। ਨੌਵੇਂ ਸਤਿਗੁਰਾਂ ਦੀ ਬਾਣੀ ਇਸ ਬੀੜ ਵਿਚ ਚੜ੍ਹੀ ਹੋਈ ਹੈ। ਰਾਗੁ ਜੈਜਾਵੰਤੀ ਰਾਗੁ ਜੈਤਸਰੀ ਦੇ ਮਗਰ ਹੈ। ਭੋਗ ਇਸ ਬੀੜ ਦਾ ਸਲੋਕ ਵਾਰਾਂ ਤੇ ਵਧੀਕ 'ਤੇ ਹੁੰਦਾ ਹੋਇਆ ਮੁੰਦਾਵਣੀ ਤੇ ਸਲੋਕ "ਤੇਰਾ ਕੀਤਾ ਜਾਤੋ ਨਾਹੀ" ਉੱਤੇ ਪੈਂਦਾ ਹੈ। ਫਾਲਤੂ ਬਾਣੀ ਵੀ ਸਭ ਦੀ ਸਭ ਇਸ ਵਿਚ ਪ੍ਰਾਪਤ ਹੈ। ਕੁਲ ਪਤ੍ਰੇ ਇਸ ਬੀੜ ਦੇ ੧੦੭੫ ਹਨ।

ਮੰਗਲਾਂ ਦਾ ਪ੍ਰਯੋਗ : ਸਿਰੀ ਰਾਗੁ ਇਸ ਬੀੜ ਵਿਚ ਨਿੱਕੇ ਮੰਗ਼ਲ, "੧ੳ ਸਤਿਗੁਰ ਪ੍ਰਸਾਦਿ" ਨਾਲ ਸ਼ੁਰੂ ਹੁੰਦਾ ਹੈ। ਸਿਰੀ ਰਾਗੁ ਤੋਂ ਬਿਨਾ ਤੁਖਾਰੀ, ਜੈਤਸਰੀ ਤੇ ਬੈਰਾੜੀ ਵੀ ਛੋਟੇ ਮੰਗਲ ਨਾਲ ਆਏ ਹਨ। ਬਾਕੀ ਰਾਗ ਮੂਲਮੰਤ੍ਰ ਨਾਲ ਆਰੰਭ ਹੁੰਦੇ ਹਨ। ਵਾਰ ਰਾਗੁ ਆਸਾ ਪੂਰੇ ਮੂਲਮੰਤ੍ਰ ਨਾਲ ਵਿਦਮਾਨ ਹੈ।

ਸ਼ਬਦ-ਗਿਣਤੀ ਦੇ ਜੋੜ : ਸ਼ਬਦਾਂ ਦੀ ਗਿਣਤੀ ਦੇ ਜੋੜ ਲਾਉਣ ਲਈ ਬਾਣੀ ਸੰਕਲਣ ਦੇ ਮੁਢਲੇ ਪੜਾਵਾਂ ਤੇ ਵਰਤਿਆ ਗਇਆ ਪਦ "ਛਕਾ" ਸਿਰੀ ਰਾਗੁ ਵਿਚ ਤਾਂ ਨਹੀਂ, ਪਰੰਤੂ ਰਾਗੁ ਦੇਵਗੰਧਾਰੀ ਵਿਚ ਸਾਧਾਰਣ ਜੋੜਾਂ ਦੇ ਨਾਲ "ਛਕਾ ੧", "ਛਕੇ ੨" ਤੇ "ਛਕੇ ੩" ਕਰ ਕੇ ਆਇਆ ਹੈ। ਰਾਗੁ ਆਸਾ ਮਹਲਾ ੪ ਘਰੁ ੩ ਦੇ ਮਗਰ ਵੀ ਇਕ ਥਾਂ "ਛਕੇ ॥੩॥" ਲਿਖਿਆ ਹੈ। ਰਾਗੁ ਕਲਿਆਨ ਵਿਚ ਵੀ "ਛਕਾ" ਦੋ ਥਾਂ ਤੇ ਆਇਆ ਹੈ।

ਭਗਤ ਬਾਣੀ : ਭਗਤ ਬਾਣੀ ਅੰਕਿਤ ਕਰਨ ਦਾ ਢੰਗ ਇਸ ਬੀੜ ਦਾ ਇਕਸਾਰ ਨਹੀਂ। ਰਾਗੁ ਸਿਰੀ ਰਾਗ ਵਿਚ ਚਉਪਦਿਆਂ ਦੇ ਸਿਰਲੇਖ ਵਜੋਂ ਸੰਬੰਧਿਤ ਭਗਤ ਦਾ ਨਾਂ

ਆਇਆ ਹੈ, ਪਰ ਅੱਗੇ ਕਈ ਰਾਗਾਂ ਵਿਚ ਇਸ ਪਰਿਪਾਟੀ ਨੂੰ ਨਹੀਂ ਨਿਭਾਇਆ ਰਾਗੁ ਧਨਾਸਰੀ, ਸੂਹੀ, ਭੈਰਉ, ਟੋਡੀ ਤੇ ਮਾਰੂ ਵਿਚ ਕੇਵਲ ਰਾਗੁ ਦਾ ਨਾਂ ਦੇਣ ਵਾਲੀ ਨੂੰ ਨਿਭਾਇਆ ਗਇਆ ਹੈ; ਹਾਂ ਰਾਗੁ ਸੋਰਠਿ ਵਿਚ ਰਾਗੁ ਦਾ ਨਾਂ ਦੇਣ ਨਾਲ ਅੰਕਿਤ ਹਨ।

ਵਾਧੂ ਸ਼ਬਦ : ਇਸ ਬੀੜ ਵਿਚ ਦਰਜ ਵਾਧੂ ਸ਼ਬਦ ਹੇਠ ਲਿਖੇ ਅਨੁਸਾਰ :

੧. ਸੋਰਠਿ ਵਿਚ ਕਬੀਰ ਜੀ ਦਾ ਚਉਪਦਾ, "ਅਉਧੂ ਸੋ ਜੋਗੀ ਗੁ (ਕੇਵਲ ਇਕ ਤੁਕ);

੨. ਮਾਰੂ ਵਿਚ ਮੀਰਾ ਬਾਈ ਦਾ ਪਦਾ "ਮਨ ਹਮਾਰਾ ਬਾਧਿਉ ਮਾਈ (ਪੂ);

੩. ਰਾਮਕਲੀ ਵਿਚ ਪੰਚਮ ਪਾਤਸਾਹ ਦਾ ਕਥਿਤ ਛੰਤ "ਰੁਣ ਝੁੰਝਨੜਾ ਸਖੀ" (ਪਤ੍ਰਾ ੬੫੧/੧) (ਪੂਰਾ);

੪. ਸਾਰੰਗ ਵਿਚ ਸੂਰਦਾਸ ਦਾ ਪਦਾ "ਛਾਡਿ ਮਨ ਹਰਿ ਬਿਮੁਖਨ ਕੋ (ਪੂਰਾ)।

ਅਪ੍ਰਾਪਤ ਸ਼ਬਦ ਤੇ ਤੁਕਾਂ : ਜੋ ਸ਼ਬਦ ਨਹੀਂ ਹਨ, ਉਨ੍ਹਾਂ ਦੀ ਸੂਚੀ ਇਸ ਹੈ :

(ੳ) ਕਬੀਰ ਦਾ ਰਾਗੁ ਗਉੜੀ ਦਾ ਕਥਿਤ ਪਦਾ "ਗਗਨ ਮੰਡਲ ਸੋਈ" ਅਤੇ 'ਵਾਰ' ਨਾਂ ਦੀ ਬਾਣੀ ਤੋਂ ਪਹਲਾਂ ਆਉਣ ਵਾਲਾ ਸਲੋਕ "ਧਰ ਅੰਬਰ ਬੇਲੜੀ";

(ਅ) ਗੂਜਰੀ ਦਾ ਭਗਤ ਤ੍ਰਿਲੋਚਨ ਦਾ ਤੀਸਰਾ ਪਦਾ "ਨਵ ਨਿਧਿ ਪਰਸੀ

(ੲ) ਸੋਰਠਿ ਦਾ ਪੰਚਮ ਮਹਲੁ ਦਾ ਕਥਿਤ ਪਦਾ "ਸੰਤ ਜਨਾ ਸਿਉਂ ਕਰਤਾ";

(ਸ) ਮਲਾਰ ਦਾ ਪੰਜਵੀਂ ਪਾਤਸਾਹੀ ਦਾ ਸ਼ਬਦ "ਪ੍ਰਾਨ ਮਾਨ ਏਕ ਨਾਮੁ"।

ਤੁਕਾਂ ਤੇ ਬੰਦ ਜੋ ਨਹੀਂ ਹਨ :

੧. ਰਾਗੁ ਗਉੜੀ ਭਗਤ ਕਬੀਰ ਦੇ ਸ਼ਬਦ "ਕਾਲਬੂਤ ਕੀ ਹਸਤਨੀ" ਦ ਅੱਧੀ ਤੁਕ–

"ਦੁਰਲਭ ਦੇਹ ਕਉ ਕਾਜ"

੨. ਸੋਰਠਿ ਦੀ ੨੧ ਵੀਂ ਪਉੜੀ ਦੇ ਦੂਜੇ ਸਲੋਕ "ਆਪੇ ਸੇਵਾ ਲਾਇ ਬਖਸ ਕਰੇਇ" ਦੇ ਨਾਲ ਦੀ ਤੁਕ–

ਆਪੇ ਦੇਇ ਵਡਿਆਈਆਂ ਆਪੇ ਨਦਰਿ ਕਰੇਇ"

੩. ਧਨਾਸਰੀ ਦੇ ਚਉਪਦੇ "ਨਦਰਿ ਕਰੇ ਤਾਂ ਸਿਮਰਿਆ ਜਾਇ" ਦੀ ਛੁਟੀ ਹੋਈ ਤੁਕ–

"ਨਿਰਗੁਨ ਰਾਮ ਜਪਹੁ ਮੇਰੀ ਮਾਈ" ॥

੪. ਰਾਗੁ ਰਾਮਕਲੀ ਭਗਤ ਕਬੀਰ ਦੇ ਚਉਪਦੇ "ਜਿਹ ਮੁਖ ਬੇਦ ਗਾਇਤ੍ਰੀ ਨਿਕਸੈ" ਦਾ ਚੌਥਾ ਬੰਦ–

"ਅਖਰ ਸਾਚੇ ਬੇਦ ਭੀ ਸਾਚਾ ਤਿਨ ਕਾ ਕਹਿਆ ਤੂੰ ਕਿਉ ਨ ਕਰਹਿ";

੫. ਸ੍ਵਾਮੀ ਹਰਨਾਮ ਦਾਸ ਦੀ ਖੋਜ ਅਨੁਸਾਰ ਭੈਰਉ ਬਾਣੀ ਭਗਤ ਨਾਮਦੇਵ ਦੇ ਪਦੇ "ਪਰ ਦਾਰਾ ਪਰਧਨ ਪਰਹਰੀ" ਦੇ ਮੁਢ ਵਿਚ ਆਉਣ ਵਾਲੀ ਤੁਕ–

"ਤੇ ਨਰ ਗਨੀਅਨ ਪੁਸ਼ੂਅਨ ਮਾਹਿ"

੬. ਰਾਗ ਬਸੰਤ ਮਹਲਾ ੧ ਘਰੁ ੨ ਦੇ ਚਉਪਦੇ "ਰਾਜਾ ਬਾਲਕ ਨਗਰੀ ਕਾਚੀ" ਦਾ ਚੌਥਾ ਬੰਦ–

"ਕਹਿਆ ਸੁਣਹਿ ਨ ਖਾਇਆ ਮਾਨਹਿ"

ਇਸ ਬੀੜ ਦੀਆਂ **ਹੋਰ ਵਿਸ਼ੇਸ਼ਤਾਵਾਂ** ਇਸ ਪ੍ਰਕਾਰ ਗਿਣਾਈਆਂ ਜਾ ਸਕਦੀਆਂ ਹਨ :

੧. **ਜਪੁ** ਸ੍ਰੀ ਗੁਰੂ ਰਾਮਦਾਸ ਜੀਉ ਕੇ ਦਸਤਖਤਾਂ ਕਾ ਪੰਜਵੀਂ ਥਾਂ ਨਕਲ ਹੈ।

੨. **ਰਹਰਾਸਿ** ਵਿਚ "ਸੋ ਪੁਰਖੁ" ਦੇ ਚਾਰ ਸ਼ਬਦਾਂ ਵਾਲਾ ਜੁਟ ਨਹੀਂ ਹੈ।

੩. ਰਾਗੁ **ਗਉੜੀ** ਦੇ ਮੁਢ ਵਿਚ "ਗਉੜੀ" "ਗੁਆਰੇਰੀ" ਆਦਿ ਸਿਰਲੇਖ ਹਨ। ਪਰੰਤੂ ਮੂਲਪਾਠ ਵਿਚ ਸ਼ਬਦਾਂ ਦੇ ਸਿਰਲੇਖ ਵਜੋਂ ਨਿਪਟ "ਗਉੜੀ" ਹੀ ਆਇਆ ਹੈ।

੪. **ਗੂਜਰੀ** ਮਹਲਾ ੫ ਦੀ ਅਸ਼ਟਪਦੀ "ਨਾਥ ਨਰਹਰ ਦੀਨ" ਦੇ ਅੰਤ 'ਤੇ ਪਾਠ "ਦੇਤ ਦਰਸਨ" ਹੈ।

੫. **ਦੇਵਗੰਧਾਰੀ** ਦੇ ਸ਼ਬਦਾਂ ਦੇ ਸਿਰਲੇਖਾਂ ਵਿਚ ਰਾਗੁ ਦੇ ਨਾਲ ਮਹੱਲੇ ਵੀ ਲਿਖੇ ਹੋਏ ਹਨ।

੬. **ਧਨਾਸਰੀ** ਦੇ ਚਉਪਦੇ "ਨਦਰਿ ਕਰੇ ਤਾ ਸਿਮਰਿਆ ਜਾਇ" ਦੇ ਮਹੱਲੇ ਦਾ ਅੰਕ ੩ ਕੱਟ ਕੇ /੧/ ਕੀਤਾ ਹੋਇਆ ਹੈ।

੭. **ਗੋਂਡ** ਵਿਚ ਨਾਮਦੇਵ ਦੇ ਘਰੁ ੧ ਦੇ ਸ਼ਬਦ ੪ (ਮੋਹਿ ਲਾਗਤੀ ਤਾਲਾਬੇਲੀ) ਦੇ ਅੰਤ ਤੇ "ਏਈ ਤੇ ਰਾਮਾ ਏਈ ਤੇ" ਮੌਜੂਦ ਹੈ, ਪਰ ਸੁਧਾਈ ਵਜੋਂ ਮਗਰੋਂ ਵਧਾਇਆ ਹੋਇਆ ਹੈ।

੮. ਵਾਰ **ਮਾਰੂ** ਮਹਲਾ ੩ ਦਾ ਪਹਲਾ ਸਲੋਕ ਮਹਲਾ ੧ ਦੀ ਕ੍ਰਿਤ ਮੰਨਿਆ ਹੈ।

੯. ਰਾਗੁ **ਰਾਮਕਲੀ** ਦੇ ਓਅੰਕਾਰ ਨੂੰ "ਦੱਖਣੀ ਓਅੰਕਾਰ" ਲਿਖਣ ਦੀ ਭੁੱਲ ਇਸ ਬੀੜ ਵਿਚ ਵੀ ਕੀਤੀ ਹੋਈ ਹੈ।

੧੦. **ਬਸੰਤ** ਵਿਚ ਚਉਪਦਾ "ਬਸਤ੍ਰ ਉਤਾਰਿ ਦਿਗੰਬਰ ਹੋਗ" ਤੇ ਇਕਤੁਕਾ "ਸਾਹਿਬ ਭਾਵੇ ਸੇਵਕ ਕਰੇ", ਦੋਵੇਂ ਮਹਲਾ ੩ ਦੀ ਕ੍ਰਿਤ ਮੰਨੇ ਹਨ।

੧੧. **ਭੱਟ ਰਚਿਤ ਸ੍ਵੱਯੇ** ਮਹਲੇ ਚਉਥੇ ਦੇ ਛੇਵੇਂ ਸਵੱਯੇ ਵਿਚ ਪਾਠ "ਕੋਟਿ ਮੈਨਿ ਸੰਗ ਸੋਭ" ਆਇਆ ਹੈ (ਪਤ੍ਰਾ ੧੦੪੫)।

੧੨. ਸਮਾਪਤੀ ਇਸ ਬੀੜ ਦੀ ਸਲੋਕ ਵਾਰਾਂ ਤੇ ਵਧੀਕ ਤੋਂ ਹੁੰਦੇ ਹੋਏ ਮੁੰਦਾਵਣੀ ਤਥਾ ਸਲੋਕ 'ਤੇਰਾ ਕੀਤਾ ਜਾਤੋ ਨਾਹੀ' ਤੇ ਹੁੰਦੀ ਹੈ। ਫਾਲਤੂ ਬਾਣੀ ਵੀ ਅੰਤ ਤੇ ਲਿਖੀ ਹੋਈ ਹੈ।

੪੧. ਬੀੜ ਐਮ-ਐਸ.ਜੀ. ੭੨੯
(ਸੰਮਤੁ ੧੮੨੮)

ਇਹ ਬੀੜ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚ ਐਕਸੈਸ਼ਨ ਨੰਬਰ ਐਮ-ਐਸ.ਜੀ. ੭੨੯ ਉਪਰ ਪ੍ਰਾਪਤ ਹੈ। ਮੁਢ ਵਿਚ ਤਿੰਨ ਤਤਕਰੇ ਲਗੇ ਹੋਏ ਹਨ : ਤਤਕਰਾ ਰਾਗਾਂ ਕਾ (ਸੂਚੀਪਤ੍ਰ ਪੋਥੀ ਕਾ), ਤਤਕਰਾ ਤਤਕਰੇ ਕਾ (ਰਾਗਾਂ ਕਾ ਤਤਕਰਾ), ਤਤਕਰਾ ਸ਼ਬਦਾਂ ਕਾ। ਪਹਲੇ ਤਤਕਰੇ ਵਿਚ ਇਸ ਗ੍ਰੰਥ ਦੇ ਨਕਲ ਕੀਤੇ ਜਾਣ ਦਾ ਸੰਮਤੁ ਇਸ ਤਰ੍ਹਾਂ ਲਿਖਿਆ ਹੋਇਆ ਹੈ :

ਸੰਮਤੁ ੧੮੨੮ ਮਿਤੀ ਮਾਘ ਸੁਦੀ ਇਕਾਦਸੀ ਪੋਥੀ ਲਿਖਿ ਪਹੁੰਚੇ ॥

ਭਾਵੇਂ ਇਹ ਗ੍ਰੰਥ ਸੰਮਤ ੧੮੨੮ ਵਿਚ ਨਕਲ ਕੀਤਾ ਗਇਆ, ਇਸ ਦਾ ਆਧਾਰ-ਭੂਤ ਗ੍ਰੰਥ ਪੁਰਾਣਾ ਲਗਦਾ ਹੈ। ਇਸ ਵਿਚ ਜੋਤੀ ਜੋਤਿ ਸਮਾਵਣ ਕੇ ਚਲਿਤ੍ਰ ਨੌਵੇਂ ਪਾਤਸ਼ਾਹ ਉੱਤੇ ਸਮਾਪਤ ਹੁੰਦੇ ਹਨ; ਦਸਵੇਂ ਪਾਤਸ਼ਾਹ ਦੇ ਸਮਾਵਣ ਦਾ ਸੰਮਤੁ ਇਸ ਵਿਚ ਨਹੀਂ ਹੈ। ਪਤ੍ਰਿਆਂ ਦੇ ਅੰਕ ਇਕ ਉੱਤੇ ਸੱਜੇ ਹੱਥ ਵਾਲੇ ਪੰਨੇ ਦੇ ਉਪਰ ਹਾਸ਼ੀਏ ਵਿਚ ਲਗੇ ਹੋਏ ਹਨ ਤੇ ਪਤ੍ਰੇ ਦੀ ਧਾਰਣਾ ਵਿਗਿਆਨਕ ਹੈ। ਕੁਲ ਪਤ੍ਰੇ ੭੨੮ ਹਨ। ਤਤਕਰਿਆਂ ਦੇ ਪਤ੍ਰੇ ਇਨ੍ਹਾਂ ਤੋਂ ਵਾਧੂ ਹਨ। ਚਲਿਤ੍ਰਾਂ ਵਿਚ ਪਹਲੇ ਪੰਜ ਗੁਰੂਆਂ ਦੇ ਸਮਾਵਣ ਦੀਆਂ ਮਿਤੀਆਂ ਦੇ ਕੇ ਛੇਵੇਂ ਗੁਰੂ ਜੀ ਦੇ ਸਮਾਵਣ ਦੀ ਮਿਤੀ "ਪੰਜ ਦਿਨ ਸਾਂਗ ਹੋਆ" ਵਾਲੀ ਸ਼ੈਲੀ ਦੀ ਹੈ।

ਇਨ੍ਹਾਂ ਦੇ ਸਮਾਵਣੇ ਦੇ ਚਲਿਤ੍ਰ ਦੇ ਮਗਰੋਂ ਸ੍ਰੀ ਹਰਿਰਾਇ ਜੀ ਦਾ ਕੀਰਤਿਪੁਰ ਅਤੇ ਸ੍ਰੀ ਹਰਿ ਕ੍ਰਿਸ਼ਨ ਜੀ ਦਾ ਦਿੱਲੀ ਵਿਚ ਸਮਾਵਣਾ ਦਸਿਆ ਹੈ। ਸ੍ਰੀ ਗੁਰੂ ਤੇਗ ਬਹਾਦੁਰ ਦਾ ਚਲਾਣਾ ਵੀ ਉਸੇ ਸ਼ੈਲੀ ਵਿਚ ਦਰਜ ਹੈ :

> ਸੰਮਤ ੧੭੩੨ ਮਿਤੀ ਮਘਰ ਸੁਦੀ ੫ ਵੀਰਵਾਰ ਦੋਇ ਪਹਰ ਇਕ ਘੜੀ ਦਿਨ ਚੜਿਆ ਸ੍ਰੀ ਸਤਿਗੁਰੂ ਜੀ ਤੇਗ ਬਹਾਦੁਰ ਜੀ ਦਿੱਲੀ ਵਿਚਿ ਸਾਂਗ ਹੋਆ ਗੁਰੂ ਕੀਤਾ ॥

ਸਮਾਵਣ ਦੇ ਚਲਿਤ੍ਰਾਂ ਦੀ ਇਹ ਸ਼ੈਲੀ ਕਰਤਾਰਪੁਰੀ ਬੀੜ ਤੇ ਕਾਨਗੜ੍ਹ ਵਾਲੇ ਗ੍ਰੰਥ (ਨੰ) ਦੀ ਯਾਦ ਤਾਜ਼ਾ ਕਰਾਂਦੀ ਹੈ।[1] ਸੰਭਵ ਹੈ ਕਿ ਇਹ ਉਸ ਤੋਂ ਜਾਂ ਉਸੇ ਦੀ ਸ਼ਾਖਾ ਤੋਂ ਨਕਲ ਕੀਤੇ ਗਏ ਹੋਣ।

[1]ਦੇਖੋ ਪਲੇਟ XXXI

ਨੀਸਾਣੁ : ਮੁਢਲੇ ਤਤਕਰੇ ਵਿਚ ਗ੍ਰੰਥ ਲਿਖੇ ਜਾਣ ਦੀ ਮਿਤੀ ਦੇ ਛੇਤੀ ਪਿ "ਨੀਸਾਣੁ ਗੁਰੂ ਜੀਉ ਕੇ ਦਸਖਤ ਮਹਲਾ" ਲਿਖਿਆ ਹੋਇਆ ਹੈ। ਮਹ ਅੰਕ ਨਹੀਂ। ਨੀਸਾਣੁ ਇਸ ਗ੍ਰੰਥ ਵਿਚ ਨਹੀਂ ਹੈ। ਨਕਲ ਕੀਤੇ ਜਾ ਰਹੇ ਗ੍ਰੰਥ ਹੋਣਾ ਹੈ। ਲਿਖਾਰੀ ਮਹੱਲੇ ਬਾਰੇ ਦੁਬਿਧਾ ਵਿਚ ਲਗਦਾ ਹੈ। ਇਸ ਲਈ ਅੰਕ ਦਿੱਤਾ, ਜਾਂ ਫਿਰ ਅਭੋਲ ਰਹ ਗਇਆ ਹੈ।

ਬਾਣੀ ਦਾ ਵੇਰਵਾ : ਜਪੁ ਸੰਬੰਧੀ ਤਤਕਰੇ ਵਿਚ ਇਹ ਸੂਚਨਾ ਹੈ : "ਜਪੁ ਰਾਮਦਾਸ ਜੀਉ ਕੇ ਨਕਲ ਕਾ ਨਕਲ ਥਾ ਨਕਲ ਕਾ ਨਕਲ ਤਿਸ ਕਾ ਨਕਲ"। ਵ ਗੁਰੂ ਰਾਮਦਾਸ ਜੀ ਦੇ ਕਰ ਕਮਲਾਂ ਨਾਲ ਲਿਖੇ ਜਪੁ ਦੀ ਪੰਜਵੀਂ ਥਾਂ ਨਕਲ ਹੈ। ਜਪੁ ਮਗਰੋਂ "ਸੋ ਦਰੁ" (ਪੰਜ ਸ਼ਬਦ), ਫਿਰ ਸੋਹਿਲਾ ਆਰਤੀ (ਪੰਜ ਸ਼ਬਦ) ਹਨ। "ਸੋ ਪੁ ਵਾਲੇ ਚਾਰ ਸ਼ਬਦ ਇਸ ਵਿਚ ਨਹੀਂ ਹਨ। ਅੱਗੇ ਛਪੇ ਗ੍ਰੰਥ ਵਾਲੇ ਕ੍ਰਮ ਵਿਚ ਗ ਬਾਣੀ ਹੈ। ਭੋਗ ਇਸ ਬੀੜ ਦਾ ਸਲੋਕ ਵਾਰਾਂ ਤੇ ਵਧੀਕ 'ਤੇ ਪੈਂਦਾ ਹੈ। ਫ਼ਾਲਤੂ ਬਾਣ ਇਸ ਵਿਚ ਸਾਰੀ ਦੀ ਸਾਰੀ ਪ੍ਰਾਪਤ ਹੈ। ਗ੍ਰੰਥ ਦੀ ਸਮਾਪਤੀ ਪੱਤੀ ੭੩੮/ਅ ਉੱਤੇ ਹੋਈ

ਨੌਵੇਂ ਮਹਲ ਦੀ ਰਾਗੁ-ਬਧ ਬਾਣੀ ਇਸ ਗ੍ਰੰਥ ਵਿਚ ਸੰਬੰਧਿਤ ਰਾਗਾਂ ਵਿਚ ਥ ਥਾਈਂ ਚੜ੍ਹੀ ਹੋਈ ਹੈ, ਜੈਜਾਵੰਤੀ ਰਾਗਾਂ ਦੇ ਅੰਤ 'ਤੇ ਹੈ ਤੇ ਨੌਵੇਂ ਮਹਲੁ ਦੇ ਸਲੋਕ ਸ ਅਖੀਰ ਵਿਚ, ਜਿਵੇਂ ਕਿ ਉਪਰ ਦਸਿਆ ਜਾ ਚੁਕਿਆ ਹੈ।

ਮੰਗਲਾਂ ਦੀ ਸਥਿਤੀ : ਮੰਗਲ ਇਸ ਗ੍ਰੰਥ ਵਿਚ ਸਭ ਥਾਈਂ ਰਾਗਾਂ ਦੇ ਸਿਰ ਦੇ ਮਗਰ ਦਿੱਤੇ ਹੋਏ ਹਨ, ਜਿਵੇਂ ਰਾਗੁਦੇਵਗੰਧਾਰੀ, ਬਿਹਾਗੜਾ, ਵਡਹੰਸ, ਮਲਾਰ, ਕ ਆਦਿ ਵਿਚ। ਪਰੰਤੂ ਬਹੁਤੇ ਰਾਗਾਂ ਦੇ ਆਰੰਭ ਵਿਚ ਵੀ ਹਨ। ਰਾਗੁ ਸਿਰੀ ਰਾਗੁ, ਜੈਤ ਤੁਖਾਰੀ, ਕੇਦਾਰਾ ਤੇ ਜੈਜਾਵੰਤੀ ਛੋਟੇ ਮੰਗਲਾਂ ਨਾਲ ਆਏ ਹਨ ਤੇ ਬਾਕੀ ਪੂਰੇ ਨ ਨਾਲ। ਵਾਰ ਰਾਗੁ ਆਸਾ ਪੂਰੇ ਮੰਗਲ ਨਾਲ ਵਿਦਮਾਨ ਹੈ।

ਵਾਰਾਂ ਤੇ ਧੁਨੀਆਂ ਚੜ੍ਹੀਆਂ ਹੋਈਆਂ ਹਨ। ਵਾਰਾਂ ਦੇ ਪਿੱਛੇ "ਸੁਧ" "ਸੁਧ ਕ ਆਦਿ ਸੂਚਨਾਵਾਂ ਨਹੀਂ ਹਨ। ਰਾਗਾਂ ਦੀ ਸਮਾਪਤੀ 'ਤੇ ਜੋੜ ਆਦਿ ਲਿਖੇ ਹੋਏ ਨ "ਜੁਮਲਾ" ਪਦ ਦੀ ਵਰਤੋਂ ਵੀ ਕੀਤੀ ਹੋਈ ਹੈ। ਹੋਰ ਧਿਆਨ ਦੇਣ ਯੋਗ ਗੱਲਾਂ ਇਹ ਹ

੧. ਤਤਕਰਿਆਂ ਨੂੰ ਵੱਖਰਾ ਰਖ ਕੇ **ਜਪੁ** ਪਤ੍ਰਾ ੧ ਤੋਂ ਸ਼ੁਰੂ ਹੁੰਦਾ ਹੈ। ਮਹਲਾ ਨਹੀਂ ਲਿਖਿਆ। ਸਲੋਕ ਦੇ ਅੰਤ ਤੇ ੧ ਅੰਕ ਹੈ। ਕੁਝ ਸ਼ਬਦ-ਜੋੜ ਇਸ ਤਰ੍ਹਾਂ ਹ ਮੁਹੋ, ਧੋਲ, ਕੋਣ, ਰਖੀਸਰ, ਜੀਭੋ।

੨. **ਸਿਰੀ ਰਾਗੁ** ਅਤੇ ਰਾਗੁ ਗਉੜੀ ਵਿਚ ਵੀ ਕਬੀਰ ਨੂੰ "ਕੰਬੀਰ" ਲਿਖਿਆ ਹੈ। ਨਾਮਦੇਵ ਵੀ ਕਈ ਥਾਂ "ਨਾਮਦੇਇ" ਰੂਪ ਵਿਚ ਆਇਆ ਹੈ। ਇਹ ਦੇ ਹੋਰ ਵੀ ਭੇਦ ਹਨ।

੩. ਰਾਗੁ **ਆਸਾ** "ਸੋ ਦਰੁ" ਨਾਲ ਸ਼ੁਰੂ ਹੁੰਦਾ ਹੈ। ਉਸ ਦੇ ਮਗਰ "ਸੋ ਪੁਰਖੁ" ਹੈ। ਮਗਰੋਂ "ਸੁਣ ਵਡਾ" ਆਦਿ ਸ਼ਬਦ ਹਨ। ਮਹਲਾ ੪ ਦੀ ਪੱਟੀ "ਤੂ ਕਰਤਾ ਸਚਿਆਰੁ" ਨਾਲ ਸ਼ੁਰੂ ਹੁੰਦੀ ਹੈ।

੪. **ਗੂਜਰੀ** ਮਹਲਾ ੫ ਘਰੁ ੪ ਦੀ ਅੰਤਲੀ ਅਸ਼ਟਪਦੀ ਵਿਚ ਪਾਠ "ਦੇਤ ਦਰਸਨੁ ਸ੍ਰਵਨਿ ਹਰਿ ਜਸੁ" ਹੈ (ਪੱਤੀ ੨੮੪)।

੫. **ਦੇਵਗੰਧਾਰੀ** ਦੇ ਸਿਰਲੇਖਾਂ ਨਾਲ ਮਹੱਲੇ ਸਭ ਥਾਂ ਹਨ।

੬. **ਸੋਰਠਿ** ਵਿਚ ਕਬੀਰ ਜੀ ਦੇ ਤੀਜੇ ਸ਼ਬਦ ਵਿਚ ਪਾਠ "ਖਲਾਸੇ" ਹੈ (੩੯੮)। ਕਬੀਰ ਜੀ ਦੇ ਸ਼ਬਦ "ਅਉਧੂ ਸੋ ਜੋਗੀ ਗੁਰ ਮੇਰਾ" ਦੀ ਇਕ ਪੰਗਤੀ ਇੱਥੇ ਦਿੱਤੀ ਹੋਈ ਹੈ (੩੬੯/ਅ)।

੭. **ਧਨਾਸਰੀ** ਮਹਲਾ ੧ ਦੇ ਚਉਥੇ ਪਦੇ (ਨਦਰਿ ਕਰੇ ਤਾਂ ਸਿਮਰਿਆ ਜਾਇ) ਨਾਲ ਮਹਲਾ ੩ ਹੈ ਭਾਵੇਂ ੩ ਨੂੰ ਮੇਟ ਕੇ ਠੀਕ ਕਰਨ ਦਾ ਯਤਨ ਵੀ ਕੀਤਾ ਦਿਸ ਆਉਂਦਾ ਹੈ (੩੭੨/ੳ)।

੮. ਰਾਗੁ **ਤਿਲੰਗ** ਵਿਚ ਮਹਲਾ ੯ ਦੇ ਸ਼ਬਦ ਇਸ ਪੋਥੀ ਵਿਚ ਮਹਲਾ ੫ ਦੇ ਸ਼ਬਦਾਂ ਦੇ ਮਗਰ ਠੀਕ ਥਾਂ ਸਿਰ ਹਨ ਜਦੋਂ ਕਿ ਛਪੇ ਗ੍ਰੰਥ ਵਿਚ ਇਹ ਮਹਲਾ ੧ ਦੀਆਂ ਅਸ਼ਟਪਦੀਆਂ ਦੇ ਪਿੱਛੇ ਹਨ (ਪੱਤੀ ੪੦੮)।

੯. **ਰਾਮਕਲੀ** ਮਹਲਾ ੫ ਦਾ ਕਥਿਤ ਛੰਤ "ਰੁਣ ਝੁੰਝਨੜਾ ਗਾਉ ਸਖੀ" ਇਸ ਬੀੜ ਵਿਚ ਪੂਰਾ ਦਿੱਤਾ ਹੋਇਆ ਹੈ (ਪੱਤੀ ੫੧੬ ਅ)।

੧੦. ਵਾਰ ਰਾਗੁ **ਮਾਰੂ** ਦਾ ਪਹਲਾ ਸਲੋਕ ਮਹਲਾ ੧ ਦਾ ਕਰਕੇ ਲਿਖਿਆ ਹੈ (ਪੱਤੀ ੫੮੦/ਅ)। ਰਵਿਦਾਸ ਦਾ ਰਾਗੁ ਸੋਰਠਿ ਵਾਲਾ ਸ਼ਬਦ "ਸੁਖ ਸਾਗਰ ਸੁਰਤਰ ਚਿੰਤਾਮਨਿ" ਇਸ ਰਾਗੁ ਵਿਚ ਵੀ ਦੁਹਰਾਇਆ ਹੋਇਆ ਹੈ। ਭਗਤ ਕਬੀਰ, ਜੈਦੇਵ, ਆਦਿ ਦੇ ਸ਼ਬਦ ਬੇ-ਮਿਸਲ ਹਨ। ਮੀਰਾਬਾਈ ਦਾ ਸ਼ਬਦ, "ਮਨੁ ਹਮਾਰਾ ਬਾਧਿਓ ਮਾਈ" ਇਸ ਬੀੜ ਵਿਚ ਪ੍ਰਾਪਤ ਹੈ (ਪੱਤੀ ੫੯੦/ੳ)।

੧੧. ਰਾਗੁ **ਭੈਰਉ** ਵਿਚ ਸ਼ਬਦ "ਵਰਤ ਨ ਰਹਉ ਨ ਮਹ ਰਮਦਾਨਾ" ਮਹਲਾ ੫ ਦੀ ਸੰਗਿਆ ਹੇਠ ਹੀ ਆਇਆ ਹੈ (ਪੱਤੀ/੬੦੩)।

੧੨. **ਬਸੰਤ** ਹਿੰਡੋਲ ਮਹਲਾ ੧ ਦੀ ਪੱਟੀ ਵਿਚ ਦਰਜ ਸ਼ਬਦ "ਬਸਤ੍ਰ ਉਤਾਰਿ ਦਿਗੰਬਰ ਹੋਗ" ਮਹਲਾ ੩ ਦੇ ਸ਼ੀਰਸ਼ਕ ਅਧੀਨ ਆਇਆ ਹੈ। ਇਸੇ ਤਰ੍ਹਾਂ ਸ਼ਬਦ "ਸਾਹਿਬ ਭਾਵੈ ਸੇਵਕ ਸੇਵਾ ਕਰੈ" ਮਹਲਾ ੧ ਘਰੁ ੧ ਦੀ ਤਖਤੀ ਵਿਚ ਦਰਜ ਹੈ, ਭਾਵੇਂ ਸਿਰਲੇਖ ਵਜੋਂ ਮਹਲਾ ੩ ਦਿੱਤਾ ਹੋਇਆ ਹੈ। ਇਸ ਰਾਗੁ ਦੇ ਮਹਲਾ ੧ ਘਰੁ ੨ ਦੇ ਤੀਜੇ ਸ਼ਬਦ, "ਰਾਜਾ ਬਾਲਕ ਨਗਰੀ ਕਾਚੀ" ਵਿਚ ਚੌਥਾ ਬੰਦ "ਕਹਿਆ ਸੁਣਹਿ ਨ ਖਾਇਆ ਮਾਨਹਿ" ਪ੍ਰਾਪਤ ਹੈ (੬੨੦/੧)।

੧੩. **ਸਾਰੰਗੁ** ਵਿਚ ਸੂਰਦਾਸ ਦੇ ਸ਼ਬਦ, "ਛਾਡਿ ਮਨ ਹਰਿ ਬਿਮੁਖਨ ਕੋ ਸੰਗ" ਦੀ ਇਕ ਪੰਗਤੀ ਮੌਜੂਦ ਹੈ।

੧੪. **ਕਾਨੜਾ** ਮਹਲਾ ੫ ਘਰੁ ੨ ਦੇ ੧ ਤੋਂ ੧੧ ਤਕ ਦੇ ਸ਼ਬਦਾਂ ਦੇ ਸਿਰਲੇਖਾਂ ਨਾਲ ਮਹਲੇ ਨਹੀਂ ਹਨ, ਕੇਵਲ ਰਾਗ ਦਾ ਨਾਂ ਹੀ ਦਿੱਤਾ ਹੋਇਆ ਹੈ।

੧੫. ਭਟ ਰਚਿਤ **ਸਵੱਯੇ** ਮਹਲੇ ਦੂਜੇ ਵਿਚ ਪਾਠ "ਸੁ ਕਹੁ ਟਲ" ਹੀ ਹੈ (ਪੱਤੀ ੭੧੭/੨)।

੪੨. ਆਸਾ ਨੰਦ ਸੇਵਾ ਪੰਥੀ ਲਿਖਿਤ ਬੀੜ
(ਸੰਮਤੁ ੧੯੧੫)

ਇਹ ਬੀੜ ਡਾ. ਮਾਨ ਸਿੰਘ ਨਿਰੰਕਾਰੀ, ਅੰਮ੍ਰਿਤਸਰ, ਦੇ ਪੁਸਤਕਾਲੇ ਵਿਚ ਸੁਰਖਿਅਤ ਹੈ। ਇਸ ਦੀ ਵਿਲੱਖਣਤਾ ਇਸ ਵਿਚ ਹੈ ਕਿ "ਹੈਨ ਵਿਰਲੇ ਨਾਹੀ ਘਣੇ ਫੈਲ ਫਕੜ ਸੰਸਾਰ" ਦੀ ਗੁਮ ਦੂਜੀ ਤੁਕ ਇਸ ਵਿਚ ਵੀ ਪ੍ਰਾਪਤ ਹੈ। ਪਰੰਤੂ ਇਸ ਵਿਚਲਾ ਪਾਠ "ਨਾਨਕ ਨਦਰੀ ਪਾਈਐ ਗੁਰ ਕੈ ਸਬਦਿ ਬੀਚਾਰਿ" ਨੰਦ ਚੰਦ ਸੰਘ ਦੇ ਪਾਠ ਨਾਲੋਂ ਕੁਝ ਭਿੰਨ ਹੈ। ਉਸ ਵਿਚ "ਨਦਰੀ ਪਾਈਐ" ਦੀ ਥਾਵੇਂ "ਨਦਰਿ ਪਛਾਣੀਐ" ਹੈ। ਇਸ ਬੀੜ ਦਾ ਪਾਠ ਇਸ ਪਖੋਂ ਸੋਢੀ ਮਿਹਰਬਾਨ ਦੀ ਜਨਮਸਾਖੀ ਵਿਚ ਆਏ ਪਾਠ ਨਾਲ ਰਲਦਾ ਹੈ।

ਮੂਲ ਰੂਪ ਵਿਚ ਇਹ ਬੀੜ ਕਥਿਤ ਭਾਈ ਬੰਨੋ ਵਾਲੀ ਮਿਸਲ ਦਾ ਅਨੁਸਰਨ ਕਰਦੀ ਸਿੱਧ ਹੁੰਦੀ ਹੈ। ਇਸ ਵਿਚ ਕਬੀਰ ਦਾ ਪਦਾ 'ਅਉਧੂ ਸੋ ਜੋਗੀ ਗੁਰੂ ਮੇਰਾ' (ਇਕ ਤੁਕ) ਪ੍ਰਾਪਤ ਹੈ। ਰਾਗੁ ਰਾਮਕਲੀ ਦਾ ਛੰਤ "ਰੁਣ ਝੁੰਝਨੜਾ" ਤੇ ਮੀਰਾ ਦਾ ਪਦਾ, "ਮਨ ਹਮਾਰਾ ਬਾਧਿਓ", ਤੇ ਸੂਰਦਾਸ ਦਾ ਸ਼ਬਦ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ", ਤਿੰਨੇ ਪੂਰੇ ਲਿਖੇ ਹੋਏ ਹਨ। ਫਾਲਤੂ ਬਾਣੀ ਵੀ, ਸਿਆਹੀ ਕੀ ਬਿਧਿ ਸਹਿਤ, ਲਿਖੀ ਹੋਈ ਹੈ।

ਇਸ ਬੀੜ ਵਿਚ ਜੋ ਸ਼ਬਦ ਪ੍ਰਾਪਤ ਨਹੀਂ ਹਨ, ਉਹ ਇਸ ਪ੍ਰਕਾਰ ਹਨ : ਰਾਗੁ ਗਉੜੀ ਕਬੀਰ ਦਾ "ਗਗਨ ਮੰਡਲ ਮਹਿ ਏਕੋ ਸੋਈ", ਉਨ੍ਹਾਂ ਦਾ ਹੀ ਸਲੋਕ "ਧਰ ਅੰਬਰ ਵਿਚ ਬੇਲੜੀ", ਰਾਗੁ ਗੂਜਰੀ ਵਿਚ ਤ੍ਰਿਲੋਚਨ ਜੀ ਦਾ ਤੀਸਰਾ ਸ਼ਬਦ "ਨਵ ਨਿਧਿ ਪਰਸੀ ਕਾਹਿ"; ਰਾਗੁ ਸੋਰਠਿ ਵਿਚਲਾ ਮਹਲਾ ੫ ਦਾ ਸ਼ਬਦ "ਸੰਤ ਜਨਾ ਸਿਉ ਦੂਖਨ ਕਰਤਾ" ਰਾਗੁ ਮਲਾਰ ਦਾ ਪੰਚਮ ਪਾਤਸਾਹ ਦਾ ਚਉਪਦਾ "ਪ੍ਰਾਨ ਮਾਨ ਏਕ ਨਾਮੁ"।

ਇਸ ਬੀੜ ਦੀਆਂ **ਹੋਰ ਵਿਸ਼ੇਸ਼ਤਾਵਾਂ** ਇਸ ਪ੍ਰਕਾਰ ਹਨ :

੧. ਵਾਰ ਰਾਗੁ **ਆਸਾ** ਛੋਟੇ ਮੰਗਲ ਨਾਲ ਆਈ ਹੈ ਇੰਞ "੧ਓ . . . ਪ੍ਰਸਾਦਿ ॥ ਆਸਾ ਕੀ ਵਾਰ ਸਲੋਕਾਂ ਨਾਲਿ ਮਹਲਾ ੧ ॥ ਟੁੰਡੇ ਅਸਰਾਜੇ ਕੀ ਧੁਨੀ ॥ ਸਲੋਕ ੧ ॥"

੨. ਰਾਗੁ **ਧਨਾਸਰੀ** ਵਿਚ ਚਉਪਦਾ "ਨਦਰ ਕਰੈ ਤਾਂ ਸਿਮਰਿਆ ਜਾਇ" ਮਹਲਾ ੧ ਦਾ ਕਰਕੇ ਲਿਖਿਆ ਹੈ।

੩. ਰਾਗੁ **ਮਾਰੂ** ਵਿਚ ਰਵਿਦਾਸ ਜੀ ਦਾ ਪਦਾ, "ਸੁਖ ਸਾਗਰ ਸੁਰਤਰ ਚਿੰਤਾਮ ਂ" ਦੁਹਰਾਇਆ ਹੋਇਆ ਹੈ। ਰਾਗੁ ਮਾਰੂ ਦੀ ਵਾਰ ਦਾ ਪਹਲਾ ਸਲੋਕ "ਮਹਲ ੧" ਦਾ ਕਰਕੇ ਲਿਖਿਆ ਹੈ।

੪. **ਬਸੰਤ** ਵਿਚ "ਬਸਤ੍ਰ ਉਤਾਰਿ ਦਿਗੰਬਰ ਹੋਗ" ਤੇ "ਸਾਹਿਬ ਭਾਵੈ .. ਕ ਸੇਵਾ ਕਰੈ" ਮਹਲਾ ੧ ਦੀ ਸੰਗਿਆ ਨਾਲ ਦਰਜ ਹਨ। ਇਸ ਰਾਗੁ ਵਿਚ ਮਹਲਾ ੧ ਘਰੁ ੨ ਦੇ ਤੀਜੇ ਚਉਪਦੇ "ਰਾਜਾ ਬਾਲਕ ਨਗਰੀ ਕਾਚੀ" ਵਿਚ ਚੌਥਾ ਬੰਦ "ਕ ਆ ਸੁਨਹਿ ਨ ਖਾਇਆ ਮਾਨਹਿ" ਵਾਲਾ ਹੈ।

੫. **ਕਾਨੜਾ** ਵਿਚ ਘਰਾਂ ਦੀ ਬਦਲੀ ਨਾਲ ਮੰਗਲ ਆਏ ਹਨ। ਇਕ ਥਾਂ ੜ ਨਾਲ "ਛਕਾ ੧" ਵੀ ਲਿਖਿਆ ਹੋਇਆ ਹੈ।

੬. **ਸਵੱਯੇ** ਮਹਲਾ ੨ ਦੇ ਅੰਤ ਵਿਚ ਗ਼ਲਤ ਚਲੇ ਪਦ "ਕਹੁ **ਟਲ** ਗੁਰ ਸੇਵੀਐ" ਨੂੰ ਇਸ ਲਿਖਾਰੀ ਨੇ "ਕਹੁ **ਅਟਲ** ਗੁਰ ਸੇਵੀਐ" ਕਰਕੇ ਸੋਧਿਆ ਹੋਇਆ ਹੈ।

੭. ਵਾਰਾਂ ਤੇ ਵਧੀਕ ਸਲੋਕਾਂ ਵਿਚੋਂ ਇਕ ਦੀ ਗੁਮ ਤੁਕ ਦੇ ਇਸ ਗ੍ਰੰਥ ਵਿਚ ਮਿਲਣ ਦਾ ਉੱਲੇਖ ਉਪਰ ਹੋ ਚੁਕਿਆ ਹੈ। ਉਸ ਨੂੰ ਇੱਥੇ ਮੁੜ ਦੁਹਰਾਉਣ ਦੀ ੜ ਪ੍ਰਤੀਤ ਨਹੀਂ ਹੁੰਦੀ।

੮. ਇਸ ਬੀੜ ਦੇ ਤਤਕਰੇ ਗ੍ਰੰਥ ਦੇ ਅੰਤ ਉੱਤੇ ਲਗੇ ਹੋਏ ਹਨ ਤੇ ਉੱਥੇ ਹੀ ਇਸ ਦੇ ਆਸਾ ਨੰਦ ਸੇਵਾ ਪੰਥੀ ਦੇ ਹਥੀਂ ੧੯੧੫ ਬਿਕ੍ਰਮੀ ਵਿਚ ਲਿਖੇ ਜਾਣ ਦੀ ਨਾ ਦਰਜ ਹੈ।

੪੩. ਬੀੜ ਸੋਢੀ ਆਸਾ ਸਿੰਘ ਵਾਲੀ
(ਮਿਤੀਹੀਨ)

ਬੜੀ ਅਦਭੁਤ ਚਿਤ੍ਰਕਾਰੀ ਵਾਲੀ ਇਹ ਬੀੜ ਪੰਜਾਬੀ ਯੂਨੀਵਰਸਿਟੀ ਦੇ ਭਾਈ ਮੋਹਨ ਸਿੰਘ ਵੈਦ ਵਾਲੇ ਸੈਕਸ਼ਨ ਵਿਚ ਸੁਰੱਖਿਅਤ ਹੈ। ਇਸ ਦੇ ਉਤਾਰੇ ਦਾ ਸੰਮਤੁ ਮਾਲੂਮ ਨਹੀਂ। ਚਲਿਤ੍ਰ ਜੋਤੀ ਜੋਤਿ ਸਮਾਵਣੇ ਕੇ ਦਸਵੀਂ ਪਾਤਸਾਹੀ ਤੇ ਮੁਕਦੇ ਹਨ। ਇਨ੍ਹਾਂ ਵਿਚ ਬਾਬਾ ਗੁਰਦਿੱਤਾ ਜੀ ਦਾ ਚਲਿਤ੍ਰ ਵੀ ਹੈ। ਸਭਨਾਂ ਨੂੰ "ਸਤਿਗੁਰੂ" ਕਰਕੇ ਲਿਖਿਆ ਹੈ। ਸ੍ਰੀ ਗੁਰੂ ਤੇਗ ਬਹਾਦੁਰ ਦਾ ਚਲਿਤ੍ਰ ਹੇਠ ਦਿੱਤੇ ਸ਼ਬਦਾਂ ਵਿਚ ਅੰਕਿਤ ਹੈ :

> ਸੰਮਤ ੧੭੩੨ ਮੰਘਰ ਸੁਦੀ ੫ ਵੀਰਵਾਰ ਪਹਿਰ ਦਿਨ ਚੜ੍ਹੇ ਦਿਲੀ ਵਿਚ ਸ੍ਰੀ ਸਤਿਗੁਰੂ ਕਰਤਾ ਪੁਰਖੁ ਨਿਰੰਕਾਰ ਗੁਰੂ ਤੇਗ ਬਹਾਦਰ ਜੀ ਸਮਾਣੇ ॥

ਬਾਣੀ ਦਾ ਬਿਓਰਾ : ਆਮ ਗ੍ਰੰਥਾਂ ਵਾਂਙ ਇਹ ਗ੍ਰੰਥ ਜਪੁ, ਸੋ ਦਰੁ, ਸੋ ਪੁਰਖੁ, ਸੋਹਿਲਾ ਨਾਲ ਆਰੰਭ ਹੁੰਦਾ, ਭੱਟਾਂ ਤੇ ਸਵੱਯਾਂ ਉਪਰ ਸਮਾਪਤ ਹੁੰਦਾ ਹੈ। ਸਲੋਕ "ਤੇਰਾ ਕੀਤਾ ਜਾਤੋ ਨਾਹੀ", 'ਸਲੋਕ ਵਾਰਾਂ ਤੇ ਵਧੀਕ' ਦੇ ਅੰਤ 'ਤੇ ਦਿੱਤਾ ਹੋਇਆ ਹੈ; 'ਮੁੰਦਾਵਣੀ' ਇਸ ਦੇ ਮਗਰ ਹੈ। ਅੰਤ ਵਿਚ ਵਾਧੂ ਬਾਣੀਆਂ ਤੇ ਚਲਿਤ੍ਰ ਜੋਤੀ ਜੋਤਿ ਸਮਾਵਣ ਕੇ ਵੀ ਲਿਖੇ ਹੋਏ ਹਨ। ਰਾਗੁ ਜੈਜਾਵੰਤੀ ਬਾਕੀ ਰਾਗਾਂ ਦੇ ਅੰਤ 'ਤੇ ਹੈ।

ਹੋਰ ਵਿਸ਼ੇਸ਼ ਗੱਲਾਂ ਇਸ ਬੀੜ ਦੀਆਂ ਹੇਠ ਲਿਖੇ ਅਨੁਸਾਰ ਹਨ :

੧. ਰਾਗੁ **ਗੂਜਰੀ** ਮਹਲਾ ੫ ਦੀ ਅਸ਼ਟਪਦੀ "ਨਾਥ ਨਰਹਰ ਦੀਨ" ਦੇ ਅੰਤ ਤੇ ਪਾਠ "ਨੇਤ੍ਰ ਦਰਸਨ" ਹੈ "ਦੇਤ ਦਰਸਨ" ਨਹੀਂ। ਤ੍ਰਿਲੋਚਨ ਦਾ ਤੀਸਰਾ, "ਨਵ ਨਿਧਿ ਪਰਜੀ ਕਾਹਿ" ਵਾਲਾ, ਸ਼ਬਦ ਇਸ ਬੀੜ ਵਿਚ ਪ੍ਰਾਪਤ ਹੈ (ਪੱਤੀ ੩੨੭/ੳ)।

੨. **ਸੋਰਠਿ** ਕਬੀਰ ਜੀ ਕੀ ਵਿਚ "ਅਉਧੂ ਸੋ ਜੋਗੀ ਗੁਰ ਮੇਰਾ" ਦੀ ਇਕ ਤੁਕ ਪ੍ਰਾਪਤ ਹੈ (ਪੱਤੀ ੪੨੬/ੳ)।

੩. **ਧਨਾਸਰੀ** ਵਿਚ ਸ਼ਬਦ "ਨਦਰਿ ਕਰੈ ਤਾ ਸਿਮਰਿਆ ਜਾਏ" ਮਹਲਾ ੧ ਦਾ ਕਰਕੇ ਦਰਜ ਹੈ, ਮਹਲਾ ੩ ਦਾ ਕਰਕੇ ਨਹੀਂ।

੪. **ਰਾਮਕਲੀ** ਵਿਚ ਮਹਲਾ ੫ ਦਾ ਛੰਤ "ਰੁਣ ਝੁੰਝਨੜਾ ਗਾਉ" ਪੂਰਾ ਦਿੱਤਾ ਹੋਇਆ ਹੈ। ਓਅੰਕਾਰ ਨਾਲ "ਦਖਣੀ" ਲਿਖਣ ਦੀ ਭੁੱਲ ਇਸ ਲੇਖਕ ਨੇ ਵੀ ਕੀਤੀ ਹੋਈ ਹੈ (੬੦੪/ੳ)।

੫. ਵਾਰ ਰਾਗੁ **ਮਾਰੂ** ਦਾ ਪਹਲਾ ਸਲੋਕ ਮਹਲਾ ੧ ਦਾ ਕਰਕੇ ਦਿੱਤਾ ਹੋਇਆ ਹੈ। ਮੀਰਾਬਾਈ ਦਾ ਸ਼ਬਦ "ਮਨ ਹਮਾਰਾ ਬਾਧਿਓ ਮਾਈ" ਇਸ ਵਿਚ ਹੈ।

੬. **ਬਸੰਤ** ਹਿੰਡੋਲ ਵਿਚ ਚਉਪਦਾ "ਬਸਤ੍ਰ ਉਤਾਰਿ ਦਿਗੰਬਰ ਹੋਗ" ਮਹਲਾ ੧ ਦਾ ਕਰਕੇ ਲਿਖਿਆ ਹੋਇਆ ਹੈ। ਇਕਤੁਕਾ "ਸਾਹਿਬ ਭਾਵੈ ਸੇਵਕ ਸੇਵਾ ਕਰੈ" ਦੇ ਮਹਲਾ ਪਦ ਨਾਲ ਆਇਆ ਅੰਕ ੩ ਕਟ ਕੇ ੧ ਕੀਤਾ ਹੋਇਆ ਹੈ।

੭. ਰਾਗੁ **ਸਾਰੰਗ** ਵਿਚ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ" ਦੀ ਇਕ ਤੁਕ ਦਿੱਤੀ ਹੋਈ ਹੈ।

→ ੮. ਭਟ ਰਚਿਤ **ਸਵੱਯੇ** ਮਹਲੇ ਦੂਜੇ ਕੇ ਦੇ ਅੰਤਲੇ ਸਵੱਯੇ ਵਿਚ "ਸੁ ਕਹੁ ਕਲ" ਠੀਕ ਲਿਖਿਆ ਹੋਇਆ ਸੀ, ਮਗਰੋਂ ਕਿਸੇ ਨੇ "ਕਲ" ਨੂੰ "ਟਲ" ਵਿਚ ਬਦਲ ਦਿੱਤਾ ਹੈ।

੯. ਮਹਲਾ ੯ ਦੇ ਸਲੋਕਾਂ ਵਿਚ ਪਾਠ "ਨਿਸਿ ਦਿਨ ਭਜੇ" ਦੀ ਥਾਂ ਤੇ "ਅਹਿ-ਨਿਸ ਭਜੈ" ਹੈ।

੧੦. ਮਹਲਾ ੯ ਦਾ ਸਲੋਕ "ਬਲ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ" ਦਸਵੇਂ ਪਾਤਸਾਹ ਦਾ ਕਰਕੇ ਲਿਖਿਆ ਹੋਇਆ ਹੈ।

੪੪. ਦੀਨਾ ਕਾਂਗੜ ਵਾਲੀ ਬੀੜ
(ਮਿਤੀਹੀਨ)

ਇਹ ਬੀੜ ਇਸ ਵਕਤ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੇ ਅਜਾਇਬ ਘਰ ਵਿਚ ਸੁਰਖਿਅਤ ਹੈ। ਇਹ ਮਿਤੀਹੀਨ ਹੈ, ਪਰ ਕਲਾ ਦੇ ਪੱਖੋਂ ਬੜੀ ਅਦੁੱਤੀ ਵਸਤੂ ਹੈ। ਇਸ ਵਿਚ ਸਾਰਾ ਜਪੁ ਬੜੇ ਸੁੰਦਰ, ਰੰਗ-ਬਰੰਗੇ ਸੁਨਹਰੀ ਬੇਲ ਬੂਟਿਆਂ ਨਾਲ ਸੁਸੱਜਿਤ ਹੈ। ਹੋਰ ਥਾਈਂ ਵੀ ਤਰ੍ਹਾਂ ਤਰ੍ਹਾਂ ਦੇ ਰੰਗਾਂ ਦੇ ਨਾਲ ਚਿਤ੍ਰਕਾਰੀ ਕੀਤੀ ਹੋਈ ਹੈ। ਬੀੜ ਆਢੇ ਦਾਅ ਖੁਲ੍ਹਦੀ ਹੈ। ਕੁਲ ਪਤ੍ਰੇ ਇਸ ਦੇ ੯੪੧ ਹਨ।

ਤਤਕਰੇ ਇਸ ਦੇ ਅੰਦਰਲੇ ਬਿਓਰੇ ਨਾਲ ਮੇਲ ਨਹੀਂ ਖਾਂਦੇ। ਤਤਕਰੇ ਕਿਸੇ ਹੋਰ ਬੀੜ ਤੋਂ ਚੁਕੇ ਲਗਦੇ ਹਨ, ਕਿਉਂਜੋ ਬਾਣੀਆਂ ਦਾ ਅੰਦਰਲਾ ਕ੍ਰਮ ਹੋਰ ਹੈ ਤੇ ਬਾਹਰ ਤਤਕਰੇ ਵਿਚ ਹੋਰ। ਤਤਕਰਾ ਗ੍ਰੰਥ ਨੂੰ ਸਵੱਯਾਂ ਉਪਰ ਸਮਾਪਤ ਹੁੰਦਾ ਦਰਸਾਂਦਾ ਹੈ, ਪਰ ਗ੍ਰੰਥ 'ਸਲੋਕ ਵਾਰਾਂ ਤੇ ਵਧੀਕ' ਤੋਂ ਹੁੰਦਾ ਹੋਇਆ ਨੌਵੇਂ ਮਹਲੁ ਦੇ ਸਲੋਕਾਂ 'ਤੇ ਭੋਗ ਪਾਂਦਾ ਹੈ। ਤਤਕਰਾ ਨਕਲ ਕਰਨ ਵਾਲਾ ਅਨਾੜੀ ਲਗਦਾ ਹੈ। "ਗਾਥਾ" ਨੂੰ "ਰਾਗ ਗਾਥਾ" ਲਿਖਿਆ ਹੈ ਤੇ "ਫੁਨਹੇ" ਨੂੰ "ਰਾਗ ਫੁਨਹੇ"। ਬੀੜ ਅੰਦਰਲੀ ਬਾਣੀ ਬਹੁਤ ਹਦ ਤਕ ਅੱਜ ਕਲ ਆਮ ਚਲਦੇ ਗ੍ਰੰਥ ਸਾਹਿਬ ਦਾ ਅਨੁਸਰਨ ਕਰਦੀ ਹੈ।

ਵਿਸ਼ੇਸ਼ਤਾਵਾਂ : ਇਸ ਬੀੜ ਦੀਆਂ ਧਿਆਨ ਯੋਗ ਕੁਝ ਗੱਲਾਂ ਇਸ ਤਰ੍ਹਾਂ ਹਨ :-

੧. ਰਾਗੁ **ਗਉੜੀ** ਕਬੀਰ ਜੀ ਦੀ 'ਵਾਰ' ਨਾਂ ਦੀ ਬਾਣੀ ਤੋਂ ਪਹਲਾਂ "ਧਰ ਅੰਬਰ ਵਿਚ ਬੇਲੜੀ" ਵਾਲਾ ਸਲੋਕ ਹਾਸ਼ੀਏ ਵਿਚ ਲਿਖ ਕੇ ਮਗਰੋਂ ਵਧਾਇਆ ਹੋਇਆ ਹੈ।

੨. **ਗੂਜਰੀ** ਮਹਲਾ ੫ ਦੀ ਅਸਟਪਦੀ "ਨਾਥ ਨਰਹਰ ਦੀਨ" ਦੇ ਅੰਤ 'ਤੇ ਪਾਠ "ਨੇਤ ਦਰਸਨ ਸ੍ਰਵਨਿ ਹਰਿ ਜਸ" ਠੀਕ ਆਇਆ ਹੈ।

੩. **ਸੋਰਠਿ** ਦੀ ਵਾਰ, ਪਉੜੀ ੨੯ਵੀਂ ਦੇ ਮਹਲਾ ੩ ਦੇ ਦੂਜੇ ਸਲੋਕ ਦੀ ਗੁਮ ਤੁਕ "ਆਪੇ ਦੇਇ ਵਡਿਆਈਆਂ ਆਪੇ ਨਦਰਿ ਕਰੇ" ਇਸ ਬੀੜ ਵਿਚ ਪ੍ਰਾਪਤ ਸੀ, ਪਰ ਮਗਰੋਂ ਹੜਤਾਲ ਫੇਰ ਕੇ ਕਟ ਦਿੱਤੀ ਗਈ ਹੈ। ਹੜਤਾਲੀ ਹੋਈ ਤੁਕ ਵਿਚ ਪਾਠ "ਨਦਰਿ ਕਰੇ" ਦੀ ਥਾਂ "ਸਾਰ ਕਰੈ" ਸੀ।

੪. ਰਾਗੁ **ਧਨਾਸਰੀ** ਦਾ ਚਉਪਦਾ "ਨਦਰਿ ਕਰੈ ਤਾਂ ਸਿਮਰਿਆ ਜਾਇ" ਮਹਲਾ ੧ ਦੀ ਕ੍ਰਿਤ ਮੰਨਿਆ ਹੈ।

→ ੫. ਰਾਗੁ **ਰਾਮਕਲੀ** ਦਾ ਛੰਤ "ਰੁਣ ਝੁੰਝਨੜਾ ਗਾਉ ਸਖੀ" ਪੂਰਾ ਦਿੱਤਾ ਹੋਇਆ ਹੈ। "ਓਅੰਕਾਰ" ਨਾਲ "ਦਖਣੀ" ਲਿਖਣ ਦੀ ਭੁੱਲ ਕੀਤੀ ਹੋਈ ਹੈ। ਮੀਰਾਬਾਈ ਦਾ ਸ਼ਬਦ, "ਮਨ ਹਮਾਰਾ ਬਾਧਿਓ", ਇਸ ਬੀੜ ਵਿਚ ਪ੍ਰਾਪਤ ਹੈ।

੬. ਰਾਗੁ **ਬਸੰਤ** ਦਾ ਚਉਪਦਾ "ਬਸਤ੍ਰ ਉਤਾਰਿ ਦਿਗੰਬਰ ਹੋਗ" ਮਹਲਾ ੩ ਕਰਕੇ ਲਿਖਿਆ ਸੀ, ਪਰੰਤੂ ਮਗਰੋਂ ਕੱਟ ਕੇ ਮਹਲਾ ੧ ਕੀਤਾ ਹੋਇਆ ਹੈ। ਇਕਤੁਕਾ "ਸਾਹਿਬ ਭਾਵੈ ਸੇਵਕ ਸੇਵਾ ਕਰੈ" ਮਹਲਾ ੧ ਦਾ ਹੀ ਹੈ। ਇਸ ਰਾਗੁ ਦੇ ਮਹਲਾ ੧ ਦੇ ਸ਼ਬਦ "ਰਾਜਾ ਬਾਲਕ ਨਗਰੀ ਕਾਚੀ" ਦਾ ਚੌਥਾ ਬੰਦ "ਕਹਿਆ ਸੁਣਹਿ ਨ ਖਾਇਆ ਮਾਨਹਿ" ਵਾਲਾ ਇਸ ਬੀੜ ਵਿਚ ਪ੍ਰਾਪਤ ਹੈ।

→ ੭. ਰਾਗੁ **ਸਾਰੰਗ** ਵਿਚ ਸੂਰਦਾਸ ਦਾ ਸ਼ਬਦ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ" ਇਸ ਬੀੜ ਵਿਚ ਨਹੀਂ ਹੈ।

੮. ਰਾਗੁ **ਕਲਿਆਨ** ਮਹਲਾ ੪ ਦੇ ਚਉਪਦਿਆਂ ਪਿੱਛੇ "ਛਕਾ" ਪਦ-ਜੋੜ ਵਜੋਂ ਆਇਆ ਹੈ।

→ ੯. **ਭੱਟਾਂ ਦੇ ਸਵੱਯਾਂ** ਵਿਚ ਪਾਠ "ਸੁ ਕਹੁ ਕਲ ਗੁਰ ਸੇਵੀਐ" ਠੀਕ ਹੈ।

ਪ੍ਰਕਰਣ ਚੌਥਾ

ਵਿਵੇਚਨ

ਵਿਵੇਚਨ

੧. ਬੀੜ ਤਿਆਰ ਕਰਾਉਣ ਦੀ ਲੋੜ

ਰਿਵਾਇਤ ਬਾਣੀ ਦੇ ਸੰਕਲਣ ਤੇ ਆਦਿ ਬੀੜ ਦੇ ਸੰਪਾਦਨ ਦਾ ਕਾਰ
ਅਰਜੁਨ ਦੇਵ ਜੀ ਦੀ ਆਗਿਆ ਨਾਲ ਸੋਢੀ ਮਿਹਰਬਾਨ ਦੇ ਹੱਥੋਂ ਬਾਣੀ ਵਿਚ ਲ
ਜਾਣ ਦੇ ਭੈ ਤੋਂ ਹੱਥ ਵਿਚ ਲਇਆ ਦਸਦੀ ਹੈ । ਇਹ ਵਿਚਾਰ ਕੇਸਰ ਸਿੰਘ ਛਿੱਬ
ਹੈ । ਉਹ ਸ੍ਰੀ ਆਦਿ ਬੀੜ ਦੇ ਸੰਪਾਦਨ ਦਾ ਕਾਰਜ ਸੰਮਤ ੧੬੫੭ ਬਿ. ਵਿ
ਹੋਇਆ ਤੇ ੧੬੫੮ ਬਿ. ਵਿਚ ਸਮਾਪਤ ਹੋਇਆ ਦਸਦਾ ਹੈ । ਸੋਢੀ ਮਿ ਬਾ
ਜਨਮ ਸਿਖ ਇਤਿਹਾਸ ਅਨੁਸਾਰ ਸੰਮਤੁ ੧੬੩੮ ਵਿਚ ਹੋਇਆ, ਜਿਸ ਦਾ ਮਤਲਬ
ਹੈ ਕਿ ਆਦਿ ਗ੍ਰੰਥ ਦੇ ਸੰਕਲਣ ਦਾ ਕੰਮ ਆਰੰਭੇ ਜਾਣ ਸਮੇਂ ਉਸ ਦੀ ਆਯੂ
ਦੀ ਸੀ । ਯਕੀਨ ਨਹੀਂ ਬਝਦਾ ਕਿ ਇਸ ਸਮੇਂ ਤਕ ਉਸ ਨੇ "ਨਾਨਕ" ਵਾਂ
ਨਾਲ ਬਾਣੀ ਰਚ ਕੇ ਉਸ ਨੂੰ ਸੰਗਤ ਵਿਚ ਠੇਲ੍ਹ ਦਿੱਤਾ ਹੋਵੇ ਤੇ ਉਸ ਤੋਂ ਰਲਾ ਪਾਏ
ਦਾ ਭੈ ਚਿੰਤਾ-ਜਨਕ ਹੱਦ ਤਕ ਉਪਜ ਵੀ ਪਇਆ ਹੋਵੇ ।

ਦੂਸਰਾ ਵਿਚਾਰ ਨਵੇਂ ਚਲੇ ਮਤ ਨੂੰ ਧਰੁਵਾ ਰੂਪ ਵਿਚ ਧਰਮ-ਪੁਸਤਕ ਜੁਟਾ
ਹੈ । ਇਹ ਬਣਦਾ ਢੁਕਦਾ ਵਿਚਾਰ ਹੈ । ਸਿਖ ਜਗਤ ਪਾਸ ਧਰੁਵਾ ਰੂਪ ਚ
ਅੱਗੇ ਹੀ ਮੌਜੂਦ ਸੀ ਤੇ ਇਸ ਨੂੰ ਯੋਗ ਢੰਗ ਨਾਲ ਸੰਕਲਿਤ ਤੇ ਸੰਪਾ
ਸਮੇਂ ਦੀ ਮੰਗ ਸੀ, ਜੋ ਸਤਿਗੁਰਾਂ ਨੇ ਆਦਿ ਬੀੜ ਤਿਆਰ ਕਰਵਾ ਕੇ ਪੂ
ਦਿੱਤੀ ।

ਰਿਵਾਇਤ ਦਾ ਦੂਜਾ ਅੰਗ ਇਹ ਹੈ ਕਿ ਆਦਿ ਬੀੜ ਦੀ ਤਿਆਰੀ ਲਈ
ਸਤਿਗੁਰਾਂ ਨੇ ਸਭ ਥਾਵਾਂ ਤੋਂ ਮੰਗਵਾਈ, ਤੇ ਬਾਬਾ ਮੋਹਨ ਪਾਸ ਪਈਆਂ ਪੋਥੀਆਂ ਲੈਣ
ਗਏ; ਪ੍ਰਾਨਸੰਗਲੀ ਲਿਆਉਣ ਲਈ ਪੈੜੇ ਮੋਖੇ ਨੂੰ ਸਿੰਘਲਾਦੀਪ ਘਲਿਆ, ਅ
ਆਪ ਆਪਣੀ ਬਾਣੀ ਲਿਖਵਾਉਣ ਆਏ ।

ਰਿਵਾਇਤ ਦੇ ਇਸ ਅੰਗ ਦੇ ਸਹੀ ਹੋਣ ਤੋਂ ਸ੍ਵਾਮੀ ਹਰਨਾਮ ਦਾਸ ਤੇ ਪ੍ਰੋਫੈ
ਸਿੰਘ ਦੋਵੇਂ ਨਾਬਰ ਹਨ । ਪਹਲੇ ਦਾ ਮਤ ਹੈ ਕਿ ਭਗਤ ਬਾਣੀ ਗੁਰੂ ਨਾਨ ਦੇ
ਨੇ ਆਪ ਇਕਤ੍ਰ ਕੀਤੀ; ਗੁਰੂ ਨਾਨਕ ਦੇਵ ਜੀ ਦੀ ਆਪਣੀ ਰਚਨਾ ਨੂੰ ਉ
ਉਤਰਾਧਿਕਾਰੀ, ਭਾਵ ਗੁਰੂ ਅੰਗਦ ਦੇਵ ਨੇ ਆਪਣੇ ਸਤਿਗੁਰਾਂ ਵੱਲੋਂ ਇਕਤ੍ਰ ਕੀ
ਬਾਣੀ ਦੇ ਸੰਚੈ ਵਿਚ ਚੜ੍ਹਾਇਆ ਤੇ ਇਸੇ ਤਰ੍ਹਾਂ ਹਰੇਕ ਅਗਲੇ ਗੁਰੂ ਨੇ ਆਪਣੇ ਤ
ਹੋਏ ਗੁਰੂ ਸਾਹਿਬ ਦੀ ਬਾਣੀ ਨੂੰ ਚਲੇ ਆ ਰਹੇ ਸੰਚੈ ਵਿਚ ਥਾਂ ਦਿੱਤੀ; ਜਾਂ ਫਿਰ ਪਿ

ਨਵੀਂ ਬਾਣੀ ਨੂੰ ਮਿਲਾ ਕੇ ਨਵਾਂ ਸੰਚਾ ਤਿਆਰ ਕਰਵਾਇਆ, ਤੇ ਉਸ ਨੂੰ ਗੱਦੀ ਬਦਲਣ 'ਤੇ ਅਗਲੇ ਅਧਿਕਾਰੀ ਨੂੰ ਸੌਂਪਿਆ। ਸ੍ਵਾਮੀ ਜੀ ਦੇ ਇਸ ਮਤ ਅਤੇ ਉਨ੍ਹਾਂ ਦੇ ਹੋਰ ਗ਼ਲਤ ਨਿਰਣਿਆਂ ਦੀ ਕਲੱਈ ਅਸੀਂ ਪ੍ਰਕਰਣ ੨, ਪੰਨਾ ੫੮ ਤੋਂ ੬੩ ਵਿਚ ਖੋਲ੍ਹ ਆਏ ਹਾਂ।

ਦੂਸਰਾ ਲੇਖਕ, ਜੋ ਰਿਵਾਇਤ ਦੇ ਇਸ ਅੰਗ ਤੋਂ ਨਾਬਰ ਹੈ, ਪ੍ਰੋਫੈਸਰ ਸਾਹਿਬ ਸਿੰਘ ਹੈ। ਉਨ੍ਹਾਂ ਦਾ ਮਤ ਹੈ ਕਿ ਗੁਰ-ਵਿਅਕਤੀਆਂ ਨੇ ਆਪਣੀ ਰਚੀ ਬਾਣੀ ਆਪ ਸੰਭਾਲੀ ਤੇ ਗੁਰ-ਗੱਦੀ ਨਾਲ ਅਗਲੇ ਉਤਰਾਧਿਕਾਰੀ ਨੂੰ ਸੌਂਪੀ। ਇਸ ਤਰ੍ਹਾਂ ਇਹ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰਦੀ ਆਈ। ਪ੍ਰੋਫੈਸਰ ਸਾਹਿਬ ਦੀ ਇਸ ਧਾਰਣਾ ਨੂੰ ਸ੍ਵੀਕਾਰ ਕਰਨ ਵਿਚ ਇਹ ਮੁਸ਼ਕਿਲ ਪੇਸ਼ ਆਉਂਦੀ ਹੈ ਕਿ ਮੁਢਲੀਆਂ ਪੋਥੀਆਂ ਇਕ ਨਹੀਂ, ਅਨੇਕ ਤਰ੍ਹਾਂ ਦੇ ਪਾਠ-ਭੇਦਾਂ ਅਤੇ ਭਿੰਨ ਭਿੰਨ ਡੌਲਾਂ ਉੱਤੇ ਇਕਤ੍ਰਿਤ ਹੋਣ ਦਾ ਪਤਾ ਦੇਂਦੀਆਂ ਹਨ। ਦੂਸਰੇ, ਬਹੁਤੀਆਂ ਬੀੜਾਂ ਵਿਚ ਜਪੁ ਦੇ ਸ੍ਰੀ ਗੁਰੂ ਰਾਮਦਾਸ ਜੀ ਦੇ ਦਸਤਖਤਾਂ ਵਾਲੇ ਜਪੁ ਦੀ ਨਕਲ ਹੋਣ ਦੀ ਸੂਚਨਾ ਮਿਲਦੀ ਹੈ; ਕੋਈ ਵੀ ਲੇਖਕ ਇਹ ਨਹੀਂ ਕਹਿੰਦਾ ਕਿ ਮੈਂ ਗੁਰੂ ਨਾਨਕ ਦੇਵ ਜੀ ਦੇ ਦਸਤਖਤਾਂ ਵਾਲੇ ਜਪੁ ਦੀ ਨਕਲ ਕਰ ਰਹਿਆ ਹਾਂ। ਜਪੁ ਦੇ ਪਾਠ ਵੀ ਦੋ ਸਪਸ਼ਟ ਸ਼ਾਖਾਂਵਾਂ (recensions) ਵਿਚ ਪ੍ਰਾਪਤ ਹਨ। ਕਿਸ ਨੂੰ ਪੀੜ੍ਹੀ ਦਰ ਪੀੜ੍ਹੀ ਆਇਆ ਮੰਨੀਏ ?

੨. ਬੀੜਾਂ ਦੇ ਮੰਨੇ ਜਾਂਦੇ ਭੇਦ

ਬਾਣੀ ਕਿੱਥੋਂ ਕਿੱਥੋਂ ਆਈ, ਕਿਵੇਂ ਆਈ ਤੇ ਕਿਸ ਹਾਲਤ ਵਿਚ ਆਈ ? ਇਸ ਦਾ ਉੱਤਰ ਤਾਂ ਇਤਿਹਾਸ ਦੇ ਧੁੰਧਲਕੇ ਵਿਚ ਲੁਕਿਆ ਪਇਆ ਹੈ, ਪਰੰਤੂ ਇਕ ਗੱਲ ਜੋ ਦ੍ਰਿੜ ਭਾਂਤ ਸਿਖ ਮਨਸ ਵਿਚ ਘਰ ਕਰ੍ਹੀ ਬੈਠੀ ਹੈ, ਇਹ ਹੈ ਕਿ ਆਦਿ ਬੀੜ ਦਾ ਪਹਲਾ ਸੰਚਾ ਪੰਚਮ ਪਾਤਸ਼ਾਹ ਨੇ ਭਾਈ ਗੁਰਦਾਸ ਪਾਸੋਂ ਤਿਆਰ ਕਰਵਾਇਆ ਤੇ ਫਿਰ ਉਸ ਦੇ ਹੀ ਉਤਾਰੇ ਵਾਧੇ ਘਾਟਿਆਂ ਨਾਲ ਹੁੰਦੇ ਚਲੇ ਗਏ। ਇਨ੍ਹਾਂ ਨੇ ਹੀ ਬਾਅਦ ਵਿਚ ਬੀੜਾਂ ਦੇ ਵਿਭਿੰਨ ਭੇਦ ਅਥਵਾ ਮਿਸਲਾਂ ਸਥਾਪਤ ਕੀਤੀਆਂ। ਪਹਲੀ **ਭਾਈ ਗੁਰਦਾਸ ਵਾਲੀ ਮਿਸਲ** ਅਖਵਾਈ। ਕਰਤਾਰਪੁਰੀ ਸੋਢੀਆਂ ਦਾ ਦਾਅਵਾ ਹੈ ਕਿ ਸ੍ਰੀ ਗੁਰੂ ਅਰਜੁਨ ਦੇਵ ਜੀ ਦੁਆਰਾ ਭਾਈ ਗੁਰਦਾਸ ਦੇ ਹੱਥੀਂ ਤਿਆਰ ਕੀਤੀ ਗਈ ਅਸਲੀ ਬੀੜ ਉਨ੍ਹਾਂ ਵਾਲੀ ਹੀ ਹੈ। ਉਸ ਨੂੰ ਮੁਖ ਰਖ ਕੇ ਇਸ ਮਤ ਦੇ ਅਨੁਯਾਈਆਂ ਨੇ ਭਾਈ ਗੁਰਦਾਸ ਵਾਲੀ ਅਥਵਾ ਆਦਿ ਬੀੜ ਦੀ ਪਛਾਣ, ਗੁਰੂ ਸਾਹਿਬ ਦੇ ਨੀਸਾਣੁ ਤੋਂ ਅਤਿਰਿਕਤ ਇਹ ਨਿਰਧਾਰਿਤ ਕੀਤੀ ਹੋਈ ਹੈ ਕਿ-

(ੳ) ਉਸ ਦੀ ਲਿਖਣ-ਮਿਤੀ ਸੰਮਤ ੧੬੬੧ ਬਿਕ੍ਰਮੀ ਸੀ;
(ਅ) ਉਸ ਵਿਚ ਜਪੁ ਗੁਰੂ ਰਾਮਦਾਸ ਜੀ ਦੇ ਦਸਤਖਤਾਂ ਤੋਂ ਸਿੱਧਾ ਨਕਲ ਸੀ;
(ੲ) ਰਹਰਾਸਿ ਵਿਚ ਕੇਵਲ "ਸੋ ਦਰੁ" ਦੇ ਜੁਟ ਵਾਲੇ ਪੰਜ ਸ਼ਬਦ ਸਨ;

(ਸ) ਜੈਜਾਵੰਤੀ ਨੂੰ ਛਡਕੇ ਬਾਕੀ ਤੀਹ ਰਾਗਾਂ ਦੀ ਬਾਣੀ ਉਸ ਵਿਚ ਅੱਜ ਕਲ ਦੇ ਕ੍ਰਮ ਵਿਚ ਪ੍ਰਾਪਤ ਸੀ। ਭੋਗ ਗ੍ਰੰਥ ਸਾਹਿਬ ਦਾ ਸਹਸਕ੍ਰਿਤੀ ਸਲੋਕਾਂ, ਗਾਥਾ, ਫੁਨਹ, ਚੌਬੋਲੇ, ਸਲੋਕ ਭਗਤ ਕਬੀਰ, ਸਲੋਕ ਸ਼ੇਖ ਫਰੀਦ, ਸਵੱਯੇ ਮੁਖ ਬਾਕ੍ਯ ਤੇ ਸਵੱਯੇ ਭਟਾਂ ਤੋਂ ਹੁੰਦਾ ਹੋਇਆ ਸਲੋਕ ਵਾਰਾਂ ਤੇ ਵਧੀਕ 'ਤੇ ਪੈਂਦਾ ਸੀ;

(ਹ) ਅੰਤ ਵਿਚ ਰਾਗਮਾਲਾ ਵੀ ਸੀ। ਇਸ ਤੋਂ ਬਿਨਾ ਹੋਰ ਕੋਈ ਵਾਧੂ ਬਾਣੀ, ਜਿਵੇਂ ਕਿ ਭਾਈ ਬੰਨੋ ਵਾਲੀ ਬੀੜ ਵਿਚ ਮਿਲਦੀ ਹੈ, ਉਸ ਵਿਚ ਪ੍ਰਾਪਤ ਨਹੀਂ ਸੀ।

ਦੂਸਰੀ **ਭਾਈ ਬੰਨੋ ਵਾਲੀ ਮਿਸਲ** ਹੈ, ਜਿਸ ਦੀ ਮੂਲ ਕਾਪੀ ਇਸ ਪੁਸਤਕ ਵਿਚ ਅੰਕਿਤ ਬੀੜ ਨੰ. ੧੧ ਹੋਣ ਦਾ ਦਾਅਵਾ ਕਰਦੀ ਹੈ। ਦਸਿਆ ਜਾਂਦਾ ਹੈ ਕਿ ਇਹ ਭਾਈ ਬੰਨੋ ਨੇ ਗੁਰੂ ਸਾਹਿਬ ਦੀ ਆਗਿਆ ਨਾਲ ਜਿਲਦ ਕਰਵਾਉਣ ਸਮੇਂ ਜਾਂ ਆਪਣੇ ਪਿੰਡ ਮਾਂਗਟ ਫੇਰਾ ਪੁਆਉਣ ਸਮੇਂ ਨਕਲ ਕੀਤੀ, ਜਾਂ ਕਰਵਾਈ, ਪਰ ਨਾਲ ਹੀ ਕੁਝ ਵਾਧੂ ਬਾਣੀ, ਜੋ ਉਨ੍ਹਾਂ ਨੂੰ ਕਿਤੋਂ ਮਿਲੀ, ਗ੍ਰੰਥ ਵਿਚ ਦਰਜ ਕਰ ਲਈ। ਸਿੱਟੇ ਵਜੋਂ ਭਾਈ ਬੰਨੋ ਵਾਲੀ ਮਿਸਲ ਹੋਰਨਾਂ ਗੱਲਾਂ ਵਿਚ ਤਾਂ ਭਾਈ ਗੁਰਦਾਸ ਦੀ ਮਿਸਲ ਨਾਲ ਰਲਦੀ ਹੈ, ਪਰ ਹੇਠ ਲਿਖੇ ਸ਼ਬਦ ਉਸ ਵਿਚ ਵਾਧੂ ਚੜ੍ਹੇ ਹੋਏ ਹਨ ਤੇ ਇਹੀ ਇਸ ਮਿਸਲ ਦੀ ਮੁਖ ਪਛਾਨ ਸਮਝਣੀ ਚਾਹੀਦੀ ਹੈ :

੧) ਰਾਗੁ ਸੋਰਠਿ ਵਿਚ ਕਬੀਰ ਜੀ ਦਾ "ਅਉਧੂ ਸੋ ਜੋਗੀ ਗੁਰੁ ਮੇਰਾ"।
→ ੨) ਰਾਗੁ ਰਾਮਕਲੀ ਵਿਚ ਮ : ੫ ਦਾ ਛੰਤ "ਰੁਣ ਝੁੰਝਨੜਾ ਗਾਉ ਸਖੀ"।
੩) ਰਾਗੁ ਮਾਰੂ ਵਿਚ ਮੀਰਾਬਾਈ ਦਾ ਪਦਾ "ਮਨ ਹਮਾਰਾ ਬਾਧਿਓ ਮਾਈ"।
੪) ਸਾਰੰਗ ਵਿਚ ਸੂਰਦਾਸ ਦਾ ਪਦਾ "ਛਾਡਿ ਮਨ ਹਰਿ ਬਿਮੁਖਨ ਕੋ ਸੰਗ"।
੫) ਗੁਰੂ ਨਾਨਕ ਦੇ ਨਾਂ ਤੇ ਚਲਦੀ ਫਾਲਤੂ ਬਾਣੀ :-
   ੳ) ਹੇਠ ਲਿਖੇ ਤਿੰਨ ਸਲੋਕ :
      "ਜਿਤੁ ਦਰ ਲਖ ਮੁਹੰਮਦਾ"
      "ਏਸ ਕਲੀਓਂ ਪੰਜ ਭੀਤੀਓਂ
      "ਦਿਸਟਿ ਨ ਰਹੀਆ ਨਾਨਕਾ"
   ਅ) ਨਿਮਨ ਪੰਗਤੀ ਨਾਲ ਸ਼ੁਰੂ ਹੁੰਦੇ ੧੬ ਸਲੋਕ :
      "ਬਾਇ ਆਤਿਸ਼ ਆਬ"
   ੲ) ਰਤਨਮਾਲਾ (੨੫ ਬੰਦ); ਅਤੇ
੬) ਹਕੀਕਤ ਰਾਹ ਮੁਕਾਮ ਰਾਜੇ ਸਿਵਨਾਭਿ ਕੀ;
੭) ਸਿਆਹੀ ਕੀ ਬਿਧਿ।

ਹੋਰ ਪਛਾਨ ਇਹ ਕਿ ਇਸ ਮਿਸਲ ਦੇ ਸੂਚੀਪਤ੍ਰ ਵਿਚ ਸੰਮਤੁ ਦੇ ਨਾਲ "ਪੋਥੀ ਲਿਖਿ ਪਹੁੰਚੇ" ਵਾਕਾਂਸ਼ ਅਵੱਸ਼ ਮਿਲਦਾ ਹੈ।

ਤੀਸਰੀ **ਦਮਦਮੇ ਵਾਲੀ ਮਿਸਲ** ਹੈ। ਇਸ ਬਾਰੇ ਰਿਵਾਇਤ ਹੈ ਕਿ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧੀਰਮਲੀਆਂ ਦੇ ਬੀੜ ਦੇਣ ਤੋਂ ਇਨਕਾਰ ਕਰਨ ਉੱਤੇ ਆਤਮਿਕ ਸ਼ਕਤੀ ਨਾਲ ਮੂਹੋਂ ਬੋਲ ਕੇ ਲਿਖਾਈ। ਕੋਈ ਇਸ ਨੂੰ ਆਨੰਦਪੁਰ ਸਾਹਿਬ ਦੇ ਆਦਿ ਸਿੰਘਾਸਣ ਦਮਦਮੇ ਬੈਠ ਕੇ ਲਿਖਵਾਈ ਮੰਨਦਾ ਹੈ, ਕੋਈ ਸਾਬੋ ਕੀ ਤਲਵੰਡੀ ਵਾਲੇ ਦਮਦਮੇ। ਹੋਰ ਨਿਸ਼ਚਾ ਇਹ ਹੈ ਕਿ ਇਸੇ ਬੀੜ ਨੂੰ ਗੁਰੂ ਗੋਬਿੰਦ ਸਿੰਘ ਆਪਣੇ ਨਾਲ ਨੰਦੇੜ ਲੈ ਗਏ ਤੇ ਗੁਰਪੁਰੀ ਸਿਧਾਰਣ ਸਮੇਂ ਇਸੇ ਨੂੰ ਗੁਰਿਆਈ ਦਿੱਤੀ। ਦਸਦੇ ਹਨ ਕਿ ਇਹ ਬੀੜ ਸਿੱਖਾਂ ਦੇ ਦੁੱਰਾਨੀਆਂ ਨਾਲ ਯੁਧ ਸਮੇਂ ਪੰਥ ਦੇ ਹੱਥੋਂ ਸਦਾ ਲਈ ਨਿਕਲ ਗਈ।

ਇਕ ਹੋਰ ਰਿਵਾਇਤ ਇਹ ਹੈ ਕਿ ਸ਼ਹੀਦ ਬਾਬਾ ਦੀਪ ਸਿੰਘ ਨੇ ਭਾਈ ਬੰਨੋ ਦੀ ਮਿਸਲ ਦਾ ਇਕ ਉਤਾਰਾ ਲੈ ਕੇ ਉਸ ਨੂੰ ਕਰਤਾਰਪੁਰ ਸੋਢੀਆਂ ਪਾਸ ਪਏ ਗ੍ਰੰਥ ਨਾਲ ਸੋਧ ਕੇ ਤੇ ਉਸ ਵਿਚ ਨੌਵੀਂ ਪਾਤਸ਼ਾਹੀ ਦੀ ਬਾਣੀ ਥਾਓਂ ਥਾਈਂ ਪਾ ਕੇ ਉਸ ਦੇ ਚਾਰ ਉਤਾਰੇ ਕੀਤੇ ਤੇ ਇਕ ਸ੍ਰੀ ਹਰਿਮੰਦਿਰ ਸਾਹਿਬ ਅਮ੍ਰਿਤਸਰ, ਦੂਸਰਾ ਸ੍ਰੀ ਨੰਦੇੜ ਸਾਹਿਬ, ਤੀਸਰਾ ਪਟਨੇ ਸਾਹਿਬ ਤੇ ਚੌਥਾ ਦਮਦਮੇ ਰਖਿਆ। ਰਿਵਾਇਤ ਦੀ ਪ੍ਰਮਾਣਿਕਤਾ[1] ਤੇ ਉਪਰ-ਵਰਣਿਤ ਚੌਹਾਂ ਬੀੜਾਂ ਵਿੱਚੋਂ ਕਿਸੇ ਦੇ ਵੀ ਪ੍ਰਾਪਤ ਨ ਹੋਣ ਦੀ ਸਮਸਿਆ ਵਿਚ ਨ ਜਾਂਦਿਆਂ ਅਸੀਂ ਦਮਦਮੀ ਬੀੜ ਦੇ ਨਵੇਕਲੇ ਤੱਤਾਂ ਦਾ ਹੀ ਜ਼ਿਕਰ ਕਰਾਂਗੇ। ਸਿਖ ਜਗਤ ਮੰਨਦਾ ਹੈ ਕਿ ਇਹ ਭਾਈ ਗੁਰਦਾਸ ਵਾਲੀ ਬੀੜ ਦਾ ਉਹ ਰੂਪ ਹੈ ਜਿਸ ਵਿਚ ਰਹਰਾਸਿ ਦੇ "ਸੋ ਦਰੁ" ਵਾਲੇ ਪੰਜ ਸ਼ਬਦਾਂ ਦੇ ਨਾਲ "ਸੋ ਪੁਰਖੁ' ਵਾਲੇ ਚਾਰ ਸ਼ਬਦ, ਨੌਵੇਂ ਮਹਲੁ ਦੀ ੧੫ ਰਾਗਾਂ ਦੀ ਬਾਣੀ ਸੰਬੰਧਿਤ ਰਾਗਾਂ ਦੇ ਮਗਰ ਚੜ੍ਹੀ ਹੋਈ ਹੈ; ਰਾਗ ਜੈਜਾਵੰਤੀ ਰਾਗਬਧ ਬਾਣੀ ਦੇ ਅੰਤ ਤੇ ਹੈ ਅਤੇ ਨੌਵੇਂ ਮਹਲੁ ਦੇ 'ਸਲੋਕ ਵਾਰਾਂ ਤੇ ਵਧੀਕ' ਦੇ ਮਗਰ ਦਰਜ ਕੀਤੇ ਹੋਏ ਹਨ। ਇਸ ਵਿਚ ਭਾਈ ਬੰਨੋ ਦੀ ਬੀੜ ਵਾਲੀ ਫਾਲਤੂ ਬਾਣੀ (ਸਿਵਾਇ ਰਾਗਮਾਲਾ ਦੇ) ਵੀ ਨਹੀਂ ਹੈ। ਅੱਜ ਕਲ ਛਪੀਆਂ ਤੇ ਛਪ ਰਹੀਆਂ ਬੀੜਾਂ ਇਸੇ ਪੱਧਤੀ ਦਾ ਅਨੁਸਰਨ ਕਰਦੀਆਂ ਹਨ। ਆਮ ਘਰਾਂ ਵਿਚ ਪੜ੍ਹੀਆਂ ਜਾਂਦੀਆਂ ਸ਼ਬਦਾਰਥ ਦੀਆਂ ਪੋਥੀਆਂ ਭੀ ਇਸੇ ਮਿਸਲ ਨਾਲ ਸੰਬੰਧਿਤ ਹਨ।

੩. ਮੁਢਲੇ ਬਾਣੀ-ਸੰਗ੍ਰਹਾਂ ਦੇ ਪੈਰ-ਚਿੰਨ੍ਹ

ਆਦਿ ਬੀੜ ਦੇ ਸੰਪਾਦਨ ਲਈ ਸ੍ਰੀ ਗੁਰੂ ਅਰਜੁਨ ਦੇਵ ਜੀ ਵੱਲੋਂ ਵਰਤੀਆਂ ਗਈਆਂ ਪੋਥੀਆਂ ਤੇ ਹੋਰ ਲਿਖਤਾਂ ਸਾਡੇ ਤਕ ਨਹੀਂ ਪਹੁੰਚੀਆਂ; ਨ ਹੀ ਉਨ੍ਹਾਂ ਦੀ ਸੂਚੀ

[1] **ਰਿਵਾਇਤ ਤੇ ਉਸ ਦੇ ਖੰਡਨ ਮੰਡਨ ਵਿਚ ਦਿੱਤੀਆਂ ਗਈਆਂ ਦਲੀਲਾਂ ਤੋਂ ਲਿਖੇ ਗਏ ਲੇਖਾਂ ਲਈ ਦੇਖੋ ਹਰਿਭਜਨ ਸਿੰਘ, ਪ੍ਰਿੰਸੀਪਲ, 'ਗੁਰਬਾਣੀ ਸੰਪਾਦਨ ਨਿਰਣੈ', ਪੰਨੇ ੧੩੫-੧੫੨ ਅਤੇ ੧੭੦-੧੯੭.**

ਕਿਧਰੇ ਦਰਜ ਹੈ। 'ਬਾਬਾ ਮੋਹਨ ਵਾਲੀਆਂ ਪੋਥੀਆਂ' ਦਾ ਜ਼ਿਕਰ ਸਿੱਖ ਰਿਵਾਇਤ ਵਿ[ਚ] ਜ਼ਰੂਰ ਆਇਆ ਹੈ ਅਤੇ ਬੜੇ ਉੱਘੇ ਜੇਹੇ ਢੰਗ ਨਾਲ ਆਇਆ ਹੈ। ਇਨ੍ਹਾਂ ਪੋਥੀਆਂ ਸੰਬੰਧੀ ਪ੍ਰਥਮਤਮ ਲੇਖ ਭੱਲਾ ਵੰਸ਼ ਦੇ ਹੀ ਇਕ ਸਾਖੀਕਾਰ ਬਾਵਾ ਸਰੂਪ ਚੰਦ ਭੱਲਾ ਕ੍ਰਿ[ਤ] 'ਮਹਿਮਾ ਪ੍ਰਕਾਸ਼' ਵਿਚ ਹੈ। ਉਸ ਨੇ ਵੀ ਸਿਵਾਇ ਇਨ੍ਹਾਂ ਪੋਥੀਆਂ ਦੇ ਹੋਰ ਕਿਸੇ ਪੋਥੀ ਦੀ ਟੋਹ ਨਹੀਂ ਦਿੱਤੀ, ਸ਼ਾਇਦ ਉਹ ਇਸ ਪਾਵਨ ਕਾਰਜ ਦੀ ਵਡਿਆਈ ਹੋਰ ਕਿਸੇ ਪੋਥੀ ਨੂੰ ਦੇਣਾ ਨਹੀਂ ਚਾਹੁੰਦਾ ਸੀ; ਜਾਂ ਫਿਰ, ਉਸ ਨੂੰ ਕਿਸੇ ਹੋਰ ਸ੍ਰੋਤ ਦਾ ਨਿਸ਼ਚੈ ਸਹਿ[ਤ] ਪਤਾ ਨਹੀਂ ਸੀ। ਮੁਢਲੇ ਬਾਣੀ-ਸੰਗ੍ਰਹਾਂ ਤੋਂ ਜੋ ਸਾਡੇ ਅਧਿਐਨ ਹੇਠ ਆਏ ਹਨ, ਇਹ ਗੱਲ ਦ੍ਰਿੜਤਾ ਨਾਲ ਕਹੀ ਜਾ ਸਕਦੀ ਹੈ ਕਿ 'ਬਾਬਾ ਮੋਹਨ ਵਾਲੀਆਂ ਪੋਥੀਆਂ' ਤੋਂ ਪਹਲਾਂ ਬਾਣੀ-ਸੰਕਲਣ ਤੇ ਸੰਪਾਦਨ ਦੇ ਯਤਨ ਚੱਲੇ ਹੋਏ ਸਨ। ਕਾਰਣ ਇਹ ਕਿ 'ਬਾਬਾ ਮੋਹਨ ਵਾਲੀਆਂ ਪੋਥੀਆਂ' ਕਾਫੀ ਪ੍ਰੌੜ੍ਹ ਕਾਰਜ ਦਾ ਪਤਾ ਦੇਂਦੀਆਂ ਹਨ। ਦੂਸਰੇ, 'ਬਾਹੋ-ਵਾਲ ਵਾਲੀ ਪੋਥੀ' ਤੇ 'ਗ੍ਰੰਥ ਭਾਈ ਪੈਂਹਦਾ ਸਾਹਿਬ' ਤੋਂ ਪਤਾ ਲਗਦਾ ਹੈ ਕਿ ਬਾਣੀ [ਫ] ਵਿਚ ਰਾਗਾਂ ਦੇ ਕ੍ਰਮ ਤੋਂ ਬਿਨਾ ਤੇ ਟੁਟਵੇਂ ਬਾਣੀ-ਖੰਡਾਂ ਵਿਚ ਘੁੰਮਦੀ ਰਹੀ। ਉਸ ਵਕਤ ਨ ਤਾਂ ਉਸ ਦੀ ਮੰਗਲ ਦੇਣ ਦੀ ਵਿਧੀ ਇੱਕ ਸੀ, ਨ ਰਾਗਾਂ ਦੇ ਕ੍ਰਮ ਨਿਸ਼ਚਿਤ ਸਨ, ਅਤੇ ਨ ਹੀ ਉਨ੍ਹਾਂ ਨੂੰ ਅੰਕ ਦੇਣ ਦਾ ਢੰਗ ਸਮਾਨ ਸੀ। ਬਾਣੀ ਵਿਚ ਪਾਠ-ਭੇਦਾਂ ਦੀ ਭਰਮਾਰ ਸੀ। ਇਹ ਬਾਣੀ-ਸੰਗ੍ਰਹ ਮੁਢਲੇ ਉੱਦਮੀਆਂ ਦੀ ਮਿਹਨਤ ਦਾ ਫਲ ਸਨ। ਬਾਣੀ-ਸੰਕਲਣ ਬਾਣੀ ਨਾਲ ਪਿਆਰ ਰਖਣ ਵਾਲਿਆਂ ਦੀ ਆਪਣੀ ਰੀਝ ਸੀ ਤੇ ਪ੍ਰਚਾਰਕਾਂ ਦੀ ਲੋੜ ਵੀ। ਫਲਸਰੂਪ ਬਾਣੀ ਸੰਭਾਲਣ ਦੇ ਯਤਨ ਹੁੰਦੇ ਰਹੇ। ਇਨ੍ਹਾਂ ਮੁਢਲੇ ਯਤਨ ਦੇ ਪੈਰ-ਚਿੰਨ੍ਹ (foot-prints) ਸਾਨੂੰ ਪ੍ਰਾਚੀਨ ਬੀੜਾਂ ਤੇ ਪੋਥੀਆਂ ਵਿਚ ਸਪਸ਼ਟ ਭਾਂਤ ਮਿਲਦੇ ਹਨ। ਹੇਠਾਂ ਕੁਝ ਕੁ ਦਾ ਵੇਰਵਾ ਦਿੱਤਾ ਜਾਂਦਾ ਹੈ –

੧) **ਪਦ "ਮਹਲੁ/ਮਹਲ" ਦੀ ਵਰਤੋਂ** : ਬਾਣੀ ਸੰਕਲਣ ਦੇ ਮੁਢਲੇ ਯਤਨਾਂ ਵਿਚੋਂ ਇਕ ਦੀ ਪ੍ਰਤਿਨਿਧਤਾ 'ਬਾਬਾ ਮੋਹਨ ਵਾਲਆਂ ਪੋਥੀਆਂ' ਕਰਦੀਆਂ ਹਨ। ਬਾਣੀ ਦੇ ਸੰਕਲਣ ਦਾ ਮੁੱਢਲਾ ਸਾਰਥਕ ਯਤਨ ਇਹੀ ਪੋਥੀਆਂ ਸਨ। ਇਹ ਜਾਂ ਇਨ੍ਹਾਂ ਦੀ ਆਧਾਰ[ਭੂ]ਤ ਕੋਈ ਹੋਰ ਪੋਥੀ ਨਿਸਚੈ ਹੀ, ਕਿਸੇ ਫ਼ਾਰਸੀ-ਦਾਨ ਦਾ ਉੱਦਮ ਸੀ। ਉਸ ਗੁਰੂ-ਜੋਤਾਂ ਦੇ ਨਿਖੇੜੇ ਲਈ ਗੁਰੂ ਸੂਚਕ ਅੰਕ ਦੇ ਨਾਲ "ਮਹਲੁ/ਮਹਲ" ਪਦ ਵਰਤਣ ਦੀ ਰੀਤਿ ਚਲਾਈ। "ਮ[ਹਲ]/ ਮਹੱਲ" ਅਰਬੀ ਭਾਸ਼ਾ ਦਾ ਪਦ ਹੈ ਜਿਸ ਦੇ ਅਰਥ ਹਨ 'ਉਤਰਨ ਅਥਵਾ ਦਾਖਲ [ਹੋ]ਣ ਦੀ ਥਾਂ', ਮਾੜੀ, ਮੁਕਾਮ ਜਾਂ ਦਰਜਾ। 'ਦਬਿਸਤਾਨਿ ਮਜ਼ਾਹਿਬ' ਦਾ ਕਰਤਾ ਜ਼ੁਲਫਿਕਾਰ ਅਰਦਸਤਾਨੀ, ਪ੍ਰਸਿਧ ਨਾਂ ਮੁਹਸਿਨ ਫ਼ਾਨੀ, ਜੋ ਗੁਰੂ ਹਰਿ ਗੋਬਿੰਦ ਤੇ ਹਰਿ ਰਾਇ ਦੇ ਦਰਬਾਰ ਵਿਚ ਚੋਖਾ ਚਿਰ ਰਹਿਆ, ਇਸ ਗੱਲ ਦਾ ਉੱਲੇਖ ਕਰਦਾ ਹੈ ਕਿ ਸਿੱਖ ਆਪਣੇ ਗੁਰੂਆਂ ਨੂੰ "ਮਹੱਲ ਪਹਲਾ", "ਮਹੱਲ ਦੂਜਾ", "ਮਹੱਲ ਤੀਜਾ", "ਮਹੱਲ ਚੋਥਾ" ਤੇ ਇਸੇ ਤਰ੍ਹਾਂ "ਮਹੱਲ ਪੰਜਵਾਂ" ਕਰਕੇ ਯਾਦ ਕਰਦੇ ਹਨ।[2] ਇਸ ਤੋਂ ਸਪਸ਼ਟ ਹੈ ਕਿ ਭ

[2] ਦੇਖੋ ਗੰਡਾ ਸਿੰਘ, 'ਮਾਖੁਜ਼ਿ ਤਵਾਰੀਖਿ ਸਿੱਖਾਂ', ਪ੍ਰਕਰਣ "ਦਬਿਸਤਾਨਿ ਮਜ਼ਾਹਿਬ", ਪੰਨਾ ੩੧.

ਵਿਚ ਗੁਰ-ਵਿਅਕਤੀ ਨੂੰ "ਮਹਲੁ" ਕਰਕੇ ਲਿਖਿਆ ਜਾਂਦਾ ਸੀ; ਇਹ ਸ਼ਬਦ ਬਾਅਦ ਵਿਚ ਹੀ ਕਿਤੇ "ਮਹਲਾ" ਵਿਚ ਵਟਿਆ। ਸਿੱਟਾ ਇਹ ਕਿ ਪ੍ਰਾਚੀਨ ਪੋਥੀਆਂ ਤੇ ਪ੍ਰਾਚੀਨ ਬੀੜਾਂ ਵਿਚ ਸ਼ਬਦ ਨਾਲ ਜਿੱਥੇ ਕਿਤੇ "ਮਹਲਾ" ਦੀ ਥਾਂ ਪਦ "ਮਹਲੁ" ਆਇਆ ਹੈ, ਉੱਥੇ ਹੀ ਉਸ ਹਿੱਸੇ ਨੂੰ ਕਿਸੇ ਮੁਢਲੇ ਬਾਣੀ-ਸੰਗ੍ਰਹ ਤੋਂ ਆਇਆ ਸਮਝਣਾ ਚਾਹੀਦਾ ਹੈ, ਭੁੱਲ ਕਰਕੇ ਵਰਤਿਆ ਗਇਆ ਨਹੀਂ ਮੰਨਣਾ ਚਾਹੀਦਾ, ਜਿਵੇਂ ਕਿ ਅਨਾੜੀ ਪਾਠਕ ਅਕਸਰ ਕਹਣ ਦੀ ਭੁੱਲ ਕਰਦੇ ਹਨ।

"ਮਹਲੁ" ਪਦ ਦੀ ਵਰਤੋਂ, ਗਿਣਤੀਆਂ ਦੀਆਂ ਕੁਝ ਥਾਵਾਂ ਛਡ ਕੇ, ਜੋ ਕਿ ਬਾਅਦ ਦੀਆਂ ਲਿਖਤਾਂ ਹਨ, 'ਬਾਬਾ ਮੋਹਨ ਵਾਲੀਆਂ ਪੋਥੀਆਂ' ਵਿਚ ਨਿਰੰਤਰ ਹੋਈ ਮਿਲਦੀ ਹੈ। ਸੋ ਪਤਾ ਲੱਗਾ ਕਿ ਪੁਰਾਣੀ ਪਰਿਪਾਟੀ ਗੁਰ-ਵਿਅਕਤੀਆਂ ਲਈ "ਮਹਲੁ" ਪਦ ਵਰਤਣ ਦੀ ਸੀ। 'ਬਾਹੋਵਾਲ ਵਾਲੀ ਪੋਥੀ ਵਿਚ ਸੰਮਿਲਿਤ ਬਾਣੀ ਨਾਲ ਵੀ ਅਨੇਕ ਥਾਵਾਂ ਤੇ "ਮਹਲੁ" ਪਦ ਵਰਤਿਆ ਮਿਲਦਾ ਹੈ, ਤੇ ਇਹ ਹਿੱਸੇ ਹਨ ਵੀ ਪੁਰਾਣੇ। ਇਨ੍ਹਾਂ ਨੂੰ ਪੁਰਾਣੀ ਪਰਿਪਾਟੀ ਦੇ ਬਾਣੀ-ਸੰਗ੍ਰਹਾਂ ਤੋਂ ਆਏ ਮੰਨਣਾ ਨਿਆਇਕਾਰੀ ਹੋਵੇਗਾ।

੨) **ਮੰਗਲਾਂ ਦੇ ਰੂਪ** : "ਮਹਲੁ" ਪਦ ਦੀ ਵਰਤੋਂ ਤੋਂ ਅਤਿਰਿਕਤ ਪ੍ਰਾਚੀਨ ਬਾਣੀ-ਸੰਗ੍ਰਹਾਂ ਵਿਚ ਮੰਗਲਾਂ ਦੇ ਰੂਪ ਮੌਜੂਦਾ ਰੂਪਾਂ ਨਾਲੋਂ ਭਿੰਨ ਹਨ। 'ਬਾਹੋਵਾਲ ਵਾਲੀ ਪੋਥੀ' ਵਿਚ ਭਿੰਨ ਭਿੰਨ ਥਾਵਾਂ ਤੇ ਹੇਠ ਲਿਖੇ ਮੰਗਲ ਆਏ ਹਨ :

ਓ ਗੁਰੂ ਸਤਿ
੧ ਗੁਰੂ ਸਤਿ

੧ ਓ ਗੁਰੂ ਸਤਿ
ਸਤਿਗੁਰੂ ਪਰਸਾਦਿ
੧ ਸਤਿਗੁਰੁ ਪ੍ਰਸਾਦਿ
੧ ਸ੍ਰਿੀ ਸਤਿਗੁਰੂ ਪ੍ਰਸਾਦਿ

੧ ਓ ਸਤਿਗੁਰੂ ਪਰਿਸਾਦਿ

ਇਹ ਉਨ੍ਹਾਂ ਲਿਖਾਰੀਆਂ ਦੀਆਂ ਵਿਅਕਤੀਗਤ ਰੁਚੀਆਂ ਦੇ ਸੂਦਕ ਹਨ ਜਿਨ੍ਹਾਂ ਤੋਂ ਸੰਬੰਧਿਤ ਥਾਵਾਂ ਵਾਲੇ ਸ਼ਬਦ ਬਾਣੀ-ਭਾਲ ਦੀ ਯਾਤ੍ਰਾ ਵਿਚ ਆਏ ਹਨ ਤੇ ਜੋ 'ਬਾਹੋਵਾਲ ਵਾਲੀ ਪੋਥੀ' ਦੇ ਸੰਗ੍ਰਹ-ਕਰਤਾ ਨੇ ਓਵੇਂ ਜਿਵੇਂ ਲਿਖ ਜਾਂ ਸੰਭਾਲ ਲਏ ਲਗਦੇ ਹਨ।

'ਬਾਹੋਵਾਲ ਵਾਲੀ ਪੋਥੀ' ਵਿਚ ਮੰਗਲ ਰੂਪ ਵਿਚ ਮੂਲਮੰਤ੍ਰ ਦੀ ਕਿਤੇ ਵੀ ਵਰਤੋਂ ਹੋਈ ਨਹੀਂ ਮਿਲਦੀ; ਜਿੱਥੇ ਕਿਤੇ ਮਿਲਦੀ ਹੈ, ਬਾਅਦ ਦੀ ਭੰਨ-ਤੋੜ ਦਾ ਸਿੱਟਾ ਹੈ।

ਹੋਰ ਵੀ ਗ੍ਰੰਥ ਹਨ ਜਿਨ੍ਹਾਂ ਵਿਚ ਮੂਲਮੰਤ੍ਰ ਨਹੀਂ ਹੈ ਤੇ ਜਿਨ੍ਹਾਂ ਦਾ ਉੱਲੇਖ ਅਸੀਂ ਅੱਗੇ ਚਲ ਕੇ ਕਰਾਂਗੇ। ਪਰੰਤੂ ਉਨ੍ਹਾਂ ਵਿਚ ਵੀ ਮੰਗਲ "੧ਓ ਸਤਿਗੁਰੁ ਪ੍ਰਸਾਦਿ" ਜਾਂ ਫਿਰ "੧ਓ ਗੁਰ ਪ੍ਰਸਾਦਿ" ਆਇਆ ਹੈ, "ਗੁਰੂ ਸਤਿ" ਨਹੀਂ। ਜ਼ਾਹਿਰ ਹੈ ਕਿ ਮੰਗਲ ਦਾ ਰੂਪ ਪਹਲਾਂ ਸਥਿਰ ਨਹੀਂ ਹੋਇਆ ਸੀ ਤੇ ਉਸ ਲਈ ਭਿੰਨ ਭਿੰਨ ਸੂਤ੍ਰ ਵਰਤ ਲਏ ਜਾਂਦੇ ਸਨ। ਮੁਢਲੇ ਸੂਤ੍ਰ ਉਪਰ-ਵਰਣਿਤ ਹੀ ਸਨ। ਬਾਅਦ ਵਿਚ ਇਹ "ਗੁਰੁ ਪ੍ਰਸਾਦਿ" ਤੇ "ਸਤਿਗੁਰ ਪ੍ਰਸਾਦਿ" ਤੇ ਪਰਿਪੱਕ ਹੋਏ। "ਗੁਰੂ ਸਤਿ" ਤੋਂ "ਸਤਿਗੁਰੁ ਪਰਸਾਦਿ" ਵਿਚ ਵਟਣ ਦੀ ਕਿਰਿਆ ਪਿੱਛੇ ਸੰਭਵ ਹੈ, 'ਬਾਬਾ ਮੋਹਨ ਵਾਲੀਆਂ ਪੋਥੀਆਂ' ਦਾ ਹੱਥ ਹੋਵੇ। ਉਸ ਵਿਚ ਮੰਗਲ ਵਜੋਂ ਰਾਗਾਂ ਦੇ ਮੁਢ ਵਿਚ;

੧ਓ ਸਤਿਗੁਰੂ ਪਰਸਾਦੁ
ਸਚੁ ਨਾਮੁ ਕਰਤਾਰੁ ਨਿਰਭਉ ਨਿਰੀਕਾਰੁ
ਅਕਾਲ ਮੂਰਤਿ ਅਜੂਨੀ ਸੰਭਉ

ਆਇਆ ਹੈ ਤੇ ਦੋ ਤਿੰਨ ਥਾਵਾਂ ਉੱਤੇ "ਸਤਿਗੁਰ ਪਰਸਾਦ" ਜਾਂ "ਗੁਰ ਪਰਸਾਦ" ਮੁੜ ਮੂਲ-ਮੰਤ੍ਰ ਦੇ ਅੰਤ ਤੇ ਵੀ ਦੁਹਰਾਇਆ ਹੋਇਆ ਹੈ (ਪਲੇਟ I, ਚਿਤ੍ਰ ੧) ਹੋਰਨਾ ਥਾਵਾਂ ਅਥਵਾ ਨਿੱਕੇ ਪ੍ਰਕਰਣਾਂ ਉੱਤੇ ਬਾਬਾ ਮੋਹਨ ਵਾਲੀਆਂ ਪੋਥੀਆਂ ਵਿਚ "੧ਓ ਸਤਿਗੁਰੂ ਪ੍ਰਸਾਦ" ਲਿਖਿਆ ਹੈ ਤੇ ਕਈ ਥਾਵਾਂ ਤੇ ਨਿਪਟ /੧/, /੧ਓ/ ਜਾਂ /੧ਓ ਸਤਿਗੁਰੂ/ ਦਿਸ ਆਉਂਦਾ ਹੈ। ਬੱਧੀ ਪਰਿਪਾਟੀ ਤੋਂ ਇਹ ਵਿਚਲਣ (deviation) ਉਸੇ ਗੱਲ ਵੱਲ ਸੰਕੇਤ ਕਰਦਾ ਹੈ ਕਿ ਜਿਸ ਬਿਆਜ਼ ਤੋਂ ਇਹ ਸ਼ਬਦ ਆਏ ਹਨ, ਉੱਥੇ ਇਹ ਇਨ੍ਹਾਂ ਸਿਰਲੇਖਾਂ ਨਾਲ ਹੀ ਲਿਖੇ ਹੋਏ ਸਨ। ਫ਼ਾਰਸੀ ਅੱਖਰਾਂ ਦੀ ਇਕ ਬਿਆਜ਼ ਵਿਚ, ਜਿਸ ਦਾ ਜ਼ਿਕਰ ਅਸੀਂ ਅੱਗੇ 'ਮਹਲਾ ਪਦ ਦਾ ਉਚਾਰਣ' ਨਾਂ ਦੇ ਪ੍ਰਕਰਣ ਵਿਚ ਲਿਖਤ ਦੇ ਚਿਤ੍ਰਾਂ ਸਹਿਤ ਫਿਰ ਕਰਾਂਗੇ, ਸ਼ਬਦਾਂ ਦੇ ਮੁਢ ਵਿਚ ਕੇਵਲ ਇਹ ਸਿਰਲੇਖ ਆਇਆ ਹੈ :

ਸਤਨਾਮ ਕਰਤਾਪੁਰਖ ਸ੍ਰੀ ਸਤਗੁਰ ਪਰਸਾਦ

'ਅਹੀਆਪੁਰ ਵਾਲੀ ਪੋਥੀ' ਵਿਚ ਵਾਰ ਰਾਗੁ ਆਸਾ ਦੇ ਮੁਢਲੇ ਤਿੰਨ ਸਲੋਕਾਂ ਤੋਂ ਪਹਲਾਂ ਆਏ ਮੂਲਮੰਤ੍ਰ ਵਿਚ "ਸਤਿਗੁਰ ਪ੍ਰਸਾਦਿ" ਨਹੀਂ, "ਗੁਰ ਪ੍ਰਸਾਦਿ" ਹੈ, ਪਰ ਇਹ ਲਿਖਤ ਮੂਲ ਲਿਖਾਰੀ ਦੀ ਨਹੀਂ; ਕਿਸੇ ਹੋਰ ਦੇ ਹੱਥ ਦੀ ਲੰਡਾ ਲਿਪੀ ਵਿਚ ਬਾਅਦ ਦੀ ਕੀਤੀ ਹੋਈ ਹੈ। ਇਸ ਲਈ ਇਹ ਕਹਣਾ ਉਚਿਤ ਹੋਵੇਗਾ ਕਿ 'ਬਾਬਾ ਮੋਹਨ ਵਾਲੀਆਂ ਪੋਥੀਆਂ' ਦੇ ਸੰਪਾਦਕ ਦੀ ਰੁਚੀ ਮੰਗਲ ਵਜੋਂ ਨਿਰੰਤਰ "ਸਤਿਗੁਰੂ ਪਰਸਾਦ" ਵਰਤਣ ਦੀ ਸੀ, ਜੋ ਨਿਪਟ "ਗੁਰ ਪਰਸਾਦਿ" ਵਰਤੇ ਜਾਣ ਨਾਲੋਂ ਵਧੇਰੇ ਸਤਿਕਾਰ ਤੇ ਚੋਖੀ ਵਧ ਨਿਸ਼ਠਾ ਦਾ ਸੂਚਕ ਹੈ। ਤਾਂ ਵੀ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਸਮੇਂ "ਸਤਿਗੁਰ ਪ੍ਰਸਾਦਿ" ਦੀ ਥਾਂ "ਗੁਰ ਪ੍ਰਸਾਦਿ" ਵਰਤਣ ਦੀ ਪਰਿਪਾਟੀ ਵੀ ਬੜੀ ਤੀਬਰਤਾ ਸਹਿਤ ਚਲੀ ਹੋਈ ਸੀ, ਜਿਸ ਦੀ ਵਰਤੋਂ ਅਸੀਂ ਅੱਗੇ ਬੀੜਾਂ

ਵਿਚ ਨਿਰੰਤਰ ਹੋਈ ਵੇਖਦੇ ਹਾਂ। ਦੋਵੇਂ ਪਰਿਪਾਟੀਆਂ ਇਕਸਾਥ ਵਿਕਸਿਤ ਹੋਈਆਂ ਲਗਦੀਆਂ ਹਨ ਤੇ ਇਨ੍ਹਾਂ ਨੇ ਹੀ "ਗੁਰੂ ਸਤਿ" ਵਾਲੀ ਪਰਿਪਾਟੀ ਦੀ ਥਾਂ ਲਈ ਸਿੱਧ ਹੁੰਦੀ ਹੈ। ਪਰੰਤੂ "ਗੁਰੂ ਸਤਿ" ਵਾਲੀ ਪਰਿਪਾਟੀ ਦੇ ਪੁਰਾਤਨ ਹੋਣ ਵਿਚ ਸ਼ਕ ਨਹੀਂ ਕੀਤਾ ਜਾ ਸਕਦਾ।

'ਬਾਬਾ ਮੋਹਨ ਵਾਲੀਆਂ ਪੋਥੀਆਂ' ਵਿਚ ਮੂਲਮੰਤ੍ਰ ਰੂਪ ਵਿਚ ਆਇਆ ਮੰਗਲ, ਮੂਲਮੰਤ੍ਰ ਦੇ ਵਿਕਾਸ ਦੀ ਕਹਾਣੀ ਵੀ ਕਰਦਾ ਹੈ। ਇਹ ਸਤਿਗੁਰੂ ਦੇ ਪ੍ਰਸਾਦਿ ਦੁਆਰਾ ਮਿਲਣ ਵਾਲੇ ਏਕੰਕਾਰ ਓਅੰਕਾਰ (੧ਓ) ਦੇ ਸ੍ਵਰੂਪ ਨੂੰ ਦ੍ਰਿੜ੍ਹ ਕਰਾਣ ਲਈ ਘੜਿਆ ਗਿਆ ਸੂਤ੍ਰ ਹੈ। ਪਹਲਾਂ ਇਸ ਦਾ ਪਾਠ—

"ਸਚੁ ਨਾਮੁ ਕਰਤਾਰੁ ਨਿਰਭਉ ਨਿਰੀਕਾਰੁ ਅਕਾਲ ਮੂਰਤਿ ਅਜੂਨੀ ਸੰਭਉ"

ਸੀ, ਜੇਹਾ ਕਿ ਇਨ੍ਹਾਂ ਪੋਥੀਆਂ ਵਿਚ ਲਿਖਿਆ ਮਿਲਦਾ ਹੈ; ਫਿਰ, ਸਮਾਂ ਪਾ ਕੇ, "ਸਚੁ" ਦੀ ਥਾਂ "ਸਤਿ", "ਕਰਤਾਰੁ" ਦੀ ਥਾਂ "ਕਰਤਾਪੁਰਖੁ", "ਨਿਰੀਕਾਰੁ" ਦੀ ਥਾਂ "ਨਿਰਵੈਰੁ" ਤੇ "ਸੰਭਉ" ਦੀ ਥਾਂ "ਸੈਭੰ" ਨੇ ਲੈ ਲਈ। ਇਹ ਤਬਦੀਲੀ ਕਦੋਂ, ਕਿਸ ਨੇ ਤੇ ਕਿਉਂ ਕੀਤੀ ? —ਇਸ ਦਾ ਉੱਤਰ ਸਾਡੀ ਬੁੱਧੀ ਦੇਣ ਤੋਂ ਅਸਮਰਥ ਹੈ, ਕਿਉਂਜੋ ਹੋਰ ਕਿਸੇ ਪ੍ਰਾਚੀਨ ਪੋਥੀ ਜਾਂ ਬੀੜ ਵਿਚ ਸਾਨੂੰ ਇਸ ਪਾਠ ਵਾਲਾ ਮੂਲਮੰਤ੍ਰ ਨਹੀਂ ਮਿਲਿਆ। ਹਾਂ, 'ਗੁਰੂ ਹਰਿ ਸਹਾਇ ਵਾਲੀ ਪੋਥੀ' ਵਿੱਚੋਂ "ਸਚੁ ਨਾਮ ਬਾਬਾ ਨਾਨਕ" ਪਾਠ ਵਾਲੀ ਲਿਖਤ ਦੇ ਇਕ ਪਤ੍ਰੇ ਦੇ ਮਿਲਣ ਦਾ ਪਤਾ ਹੈ (ਪਲੇਟ IX, ਚਿਤ੍ਰ ੭)। ਇਹ ਵੀ ਪਤਾ ਹੈ ਕਿ ਜਪੁ ਦੇ ਮੁਢ ਵਿਚ ਆਏ ਸਲੋਕ ਵਿਚ ਪਾਠ "ਸਚੁ" ਹੈ, "ਸਤਿ" ਨਹੀਂ। ਜਪੁ ਦੀਆਂ ਅਗਲੀਆਂ ਪਉੜੀਆਂ ਵਿਚ ਵੀ ਗੱਲ "ਸਾਚਾ ਸਾਹਿਬ ਸਾਚਿ ਨਾਇ" ਦੀ ਹੀ ਕੀਤੀ ਗਈ ਹੈ। ਗੁਰੂ ਬਾਬਾ ਨਾਨਕ ਜੀ ਦੀ ਬਾਣੀ ਵਿਚ "ਸਤਿ" ਦੇ ਮੁਕਾਬਲੇ ਤੇ "ਸਚੁ" ਨੂੰ ਵਰਤਣ ਦੀ ਤਰਜੀਹ ਇਸ ਪਦ ਦੇ ਪਹਲਾਂ ਪਹਲ "ਸਚੁ ਨਾਮ" ਦੇ ਰੂਪ ਵਿਚ ਚਲਦੇ ਹੋਣ ਦਾ ਸੰਕੇਤ ਕਰਦੀ ਹੈ। ਇਸ ਨੂੰ "ਸਤਿ" ਵਿਚ ਤੇ "ਕਰਤਾਰੁ" ਨੂੰ, ਜੋ ਓਦੋਂ ਆਮ ਵਰਤੋਂ ਵਿਚ ਆਉਂਦਾ ਸੀ, "ਕਰਤਾਪੁਰਖੁ" ਵਿਚ ਬਦਲਣਾ ਇਨ੍ਹਾਂ ਨੂੰ ਪੁਰਾਣੀ ਪਰਿਪਾਟੀ ਵਾਲੀ ਸੂਤ੍ਰਿਕ ਸ਼ੈਲੀ ਵਿਚ ਢਾਲਣ ਦੀ ਕਿਰਿਆ ਲਗਦੀ ਹੈ। ਕਦੀਮ ਜਾਂ ਦੱਖਣੀ ਉਰਦੂ ਵਿਚ, ਜਿਸ ਨੂੰ ਪੁਰਾਣੀ ਸਾਂਝੀ ਭਾਸ਼ਾ "ਹਿੰਦਵੀ" ਅਥਵਾ "ਸਾਧੂਕੜੀ" ਦਾ ਮੁਸਲਮਾਨੀ ਪ੍ਰਭਾਵ ਵਾਲੀ ਭਾਖਾ ਕਹਿਆ ਜਾ ਸਕਦਾ ਹੈ, ਲਿਖੇ ਕਿੱਸਿਆਂ ਦੇ ਮੁਨਾਜਾਤ (ਪ੍ਰਭੂ ਸਤੁਤੀ ਵਾਲੇ ਪਦਿਆਂ) ਵਿਚ "ਕਰਤਾਰੁ" ਪਦ ਪਰਮਾਤਮਾ ਲਈ ਵਰਤਿਆ ਆਮ ਮਿਲਦਾ ਹੈ। ਗੁਰੂ ਨਾਨਕ ਸਾਹਿਬ ਵੇਲੇ ਵੀ ਇਸੇ ਦੀ ਵਰਤੋਂ ਕੀਤੀ ਜਾਂਦੀ ਸੀ। "ਕਰਤਾਰੁ" ਦਾ ਭਾਵ 'ਖ਼ਾਲਿਕ' ਜਾਂ 'ਪੈਦਾ ਕਰਨ ਵਾਲਾ' ਹੈ। "ਕਰਤਾ ਪੁਰਖੁ" ਕਰਤਾਰੁ ਦਾ ਹੀ ਦਾਰਸ਼ਨਿਕ ਸ਼ਬਦਾਵਲੀ ਵਿਚ ਢਲਿਆ ਪਦ ਹੈ। ਪੰਚਮ ਪਾਤਸ਼ਾਹ ਨੇ ਇਸ ਨੂੰ "ਕਰਤਾਰੁ" ਦੀ ਥਾਂ ਇਸ ਲਈ ਚਲਾਇਆ ਲਗਦਾ ਹੈ ਤਾਂ ਜੋ ਸਿਖ ਮਤ ਦੀ ਧਾਰਣਾ ਬਾਰੇ ਕੋਈ ਭੁਲੇਖਾ ਨ ਰਹੇ ਕਿ ਸ੍ਰਿਸ਼ਟੀ ਦਾ ਇੱਕੋ ਇਕ ਕਰਤਾ ਪਰਮਾਤਮਾ ਆਪ ਹੈ ਤੇ ਉਸ ਨੂੰ ਇਸ ਕਾਰਜ ਲਈ

ਪ੍ਰਕ੍ਰਿਤੀ ਦੀ ਮੱਦਦ ਦੀ ਲੋੜ ਨਹੀਂ, ਜਿਵੇਂ ਕਿ ਭਾਰਤੀ ਦਰਸ਼ਨ ਸ਼ਾਸ਼ਤ੍ਰਾਂ ਦੇ
ਕਲਪਿਤ ਕਰਦੇ ਹਨ। "ਕਰਤਾ" ਨਾਲ "ਪੁਰਖੁ" ਦਾ ਲਾਉਣਾ ਯਕੀਨੀ
"ਪ੍ਰਕਿਰਤੀ" ਦੇ ਨਿਸ਼ੇਧ ਵਿਚ ਹੈ। ਸਿਖ ਵਿਚਾਰਧਾਰਾ ਵਿਚ ਪਰਮਾਤਮਾ ਨੂੰ
ਪੁਰਖੁ ਰੂਪ ਵਿਚ ਚਿਤਾਰਿਆ ਗਇਆ ਹੈ, ਭਾਵੇਂ ਵਿਖੇਪਤਾ ਦਰਸਾਣ ਲਈ
ਕੋਈ ਨ ਕੋਈ ਹੋਰ ਪਦ ਅਵੱਸ਼ ਜੋੜਿਆ ਗਇਆ ਮਿਲਦਾ ਹੈ। "ਅਕਾਲ
"ਕਰਤਾ ਪੁਰਖੁ", "ਆਦਿ ਪੁਰਖੁ", "ਨਿਰੰਜਨ ਪੁਰਖੁ", "ਸਤਿ ਪੁਰਖੁ" ਇ
ਕੁਝ ਉਦਾਹਰਣ ਹਨ। "ਪੁਰਖੁ" ਦੀ ਵਰਤੋਂ ਨਾਲ ਉਸ ਦਾ ਸੰਬੰਧ ਮਨੁੱਖ-ਮਾ
ਆਪਣੇ ਆਪ ਕਾਇਮ ਹੋ ਜਾਂਦਾ ਹੈ। ਉਹ ਮਨੁੱਖ-ਮਾਤ੍ਰ ਦਾ ਸੋਮਾ ਹੈ ਤੇ ਅ
ਆਦਰਸ਼ ਵੀ ਹੈ। ਦੋਵੇਂ ਗੱਲਾਂ "ਪੁਰਖੁ" ਪਦ ਦੀ ਵਰਤੋਂ ਨਾਲ ਸੁਗਮ ਭਾਂਤ
ਆ ਜਾਂਦੀਆਂ ਹਨ। ਇਸੇ ਲਈ ਤਬਦੀਲੀ ਕੀਤੀ ਗਈ ਲਗਦੀ ਹੈ।

'ਬਾਬਾ ਮੋਹਨ ਵਾਲੀਆਂ ਪੋਥੀਆਂ' ਦੇ ਮੂਲਮੰਤ੍ਰ ਵਿਚ ਅਗਲਾ ਪਦ "ਨਿ
ਤੇ ਉਸ ਤੋਂ ਅਗਲਾ "ਨਿਰੀਕਾਰੁ"। ਪੰਚਮ ਪਾਤਸਾਹ ਦੇ ਨਿਰਧਾਰਿਤ ਮੂਲਮੰ
ਪਹਲਾ ਅਥਵਾ "ਨਿਰਭਉ" ਉਵੇਂ ਜਿਵੇਂ ਕਾਇਮ ਹੈ, ਪਰ "ਨਿਰੀਕਾਰੁ" ਦੀ ਥਾਂ "ਨਿ
ਨੇ ਲੈ ਲਈ ਹੈ। "ਨਿਰੀਕਾਰੁ" (ਨਿਰ+ਆਕਾਰ), ਨਿਰੰਕਾਰ ਦਾ ਹੀ ਲੋਕਿ
ਇਸ ਦਾ ਅਰਥ 'ਆਕਾਰ-ਹੀਨ' (ਕਿਸੇ ਵੀ ਆਕਾਰ ਦੀ ਕੈਦ ਤੋਂ ਬਾਹਰ)
'ਨਿਰਗੁਣ ਸ੍ਵਰੂਪ-ਧਾਰੀ' ਹੋਣਾ ਹੈ। ਅਗਲੇ ਪਦ "ਅਕਾਲ ਮੂਰਤਿ" ਤੇ
ਪਰਮਾਤਮਾ ਦੇ ਨਿਰਗੁਣ ਸ੍ਵਰੂਪ ਨੂੰ ਹੀ ਪ੍ਰਗਟਾਉਣ ਵਾਲੇ ਹਨ। "ਨਿਰੀਕਾਰੁ"
ਉਨ੍ਹਾਂ ਦੇ ਲਿਆਉਣ ਦੀ ਕੋਈ ਵਧੇਰੇ ਲੋੜ ਨਹੀਂ ਰਹ ਜਾਂਦੀ ਸੀ। ਇਸੇ ਕਾਰਨ
ਸਤਿਗੁਰਾਂ ਨੇ "ਨਿਰੀਕਾਰੁ" ਨੂੰ "ਨਿਰਵੈਰੁ" ਵਿਚ ਬਦਲ ਦਿੱਤਾ ਤੇ "ਅਕਾ
ਤੇ "ਅਜੂਨੀ" ਨੂੰ ਓਵੇਂ ਜਿਵੇਂ ਰਹਣ ਦਿੱਤਾ, ਕਿਉਂਜੋ ਪਿਛਲੇ ਦੋਵੇਂ ਪਦ ਸਿਖ
ਪਰਮਾਤਮਾ ਸੰਬੰਧੀ ਧਾਰਣਾ ਨੂੰ ਸਪਸ਼ਟ ਕਰਨ ਲਈ ਜ਼ਰੂਰੀ ਸਨ। "ਨਿਰਵੈ
ਤੌਰ ਤੇ ਲਿਆਉਣ ਦੀ ਇਸ ਲਈ ਲੋੜ ਪਈ ਲਗਦੀ ਹੈ, ਕਿਉਂਜੋ ਮਜ਼੍ਹਬਾਂ ਦੇ
ਵਿਚ ਕੁਝ ਮਜ਼੍ਹਬਾਂ ਦੇ ਰੱਬ ਦੂਸਰੇ ਮਜ਼੍ਹਬਾਂ ਦੇ ਰੱਬਾਂ ਅਤੇ ਉਨ੍ਹਾਂ ਦੇ ਨਾਮ-ਲੇਵਿਆ
ਘਿਰਣਾ ਕਰਦੇ ਤੇ ਵੈਰ ਕਮਾਉਂਦੇ ਚਿਤ੍ਰੇ ਗਏ ਹਨ। ਸਾਮੀ ਨਸਲ ਦੇ ਹੋਰਨਾਂ
ਯਹੂਦੀ ਲੋਕਾਂ ਦਾ ਰੱਬ "ਯਾਹਵਾ" ਵੀ ਪਹਲਾਂ ਇਕ ਫ਼ਿਰਕੇ ਦਾ ਰੱਬ ਸੀ।
ਹੋਰ ਰੱਬ ਭੁਲ ਭੁਲਾ ਕੇ ਯਹੂਦੀਆਂ ਦਾ ਇਹ ਇਕ ਹੀ ਰੱਬ ਬਣ ਗਇਆ, ਉਸੇ
ਤਰ੍ਹਾਂ ਵੈਦਿਕ ਲੋਕਾਂ ਦਾ "ਵਰੁਣ" ਤੇ ਯੂਨਾਨੀ ਲੋਕਾਂ ਦਾ "ਜ਼ੀਅਸ" ਬਣ
ਮੰਨੇ ਜਾਣ ਤੇ ਵੀ "ਯਾਹਵਾ" ਨੂੰ ਕਨਆਨ ਦੇ ਦੂਸਰੇ ਦੇਵਤੇ "ਬਾਲ" ਨਾਲ ਬੜਾ ਵੈ
ਰਹਿਆ। ਯਹੂਦੀ ਮਤ ਤੋਂ ਹੀ ਸਮਾਂ ਪਾ ਕੇ ਈਸਾਈਅਤ ਤੇ ਇਸਲਾਮ ਵਿਕ
ਜਿੱਥੇ ਈਸਾਈਅਤ ਨੇ ਆਪਣੇ ਮਤ ਵਿਚ ਦਇਆ ਤੇ ਨਦਰ ਨੂੰ ਦਾਖਿਲ ਕਰ
ਵੈਰ ਮੁਕਤ ਕਰ ਲਇਆ, ਉੱਥੇ ਮੁਸਲਮਾਨਾਂ ਨੇ ਉਸ ਨੂੰ "ਰੱਬ-ਉਲ-ਆਲਮੀਨ

ਲੋਕਾਂ ਦਾ ਰੱਬ) ਮੰਨਦਿਆਂ ਹੋਇਆਂ ਵੀ "ਜੱਬਾਰ" (ਜਬਰ ਕਰਨ ਵਾਲਾ) ਤੇ "ਕੱਹਾਰ" (ਕਹਰ ਢਾਹੁਣ ਵਾਲਾ) ਦਸਿਆ। ਇਸਲਾਮ ਦੇ ਪੈਰੋਕਾਰਾਂ ਨੇ ਆਪਣੇ ਵਿਹਾਰ ਵਿਚ ਆਪਣੇ ਵਿਰੋਧੀਆਂ ਨਾਲ ਭਰਪੂਰ ਵੈਰ ਤੇ ਘਿਰਣਾ ਦਾ ਵਤੀਰਾ ਅਪਣਾਈ ਰਖਿਆ ਤੇ ਇਸ ਨੂੰ ਅੱਲਾਹ ਤਆਲਾ ਦਾ ਫੁਰਮਾਨ ਜਾਣਿਆ। ਗੁਰੂ ਸਾਹਿਬ ਸਿੱਖ ਮਤ ਦੀ ਧਾਰਣਾ ਵਾਲੇ ਰੱਬ ਨੂੰ ਇਸ ਤੰਗਦਿਲੀ ਤੋਂ ਮੁਕਤ ਰਖਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਮੂਲਮੰਤ੍ਰ ਵਿਚ "ਨਿਰਵੈਰੁ" ਵਾਲੇ ਗੁਣ ਨੂੰ ਬੜੇ ਉਘੜਵੇਂ ਰੂਪ ਨਾਲ ਪੇਸ਼ ਕੀਤਾ। ਇਧਰ ਤਬਦੀਲੀ ਇਸੇ ਸੋਚ ਕਾਰਣ ਵਜੂਦ ਵਿਚ ਆਈ।

"ਨਿਰੀਕਾਰੁ" ਦੀ ਥਾਂ "ਨਿਰਵੈਰੁ" ਨੂੰ ਤਰਜੀਹ ਦੇਣ ਦਾ ਇਕ ਹੋਰ ਕਾਰਣ ਸਿਖ ਸੰਗਤਾਂ ਨੂੰ ਆਚਰਣ ਦਾ ਪ੍ਰਾਪਤ ਕਰਨ ਯੋਗ ਆਦਰਸ਼ ਜੁਟਾਉਣਾ ਵੀ ਸੀ। ਉਪਰ ਇਸ ਗੱਲ ਵਲ ਸੰਕੇਤ ਕੀਤਾ ਜਾ ਚੁਕਿਆ ਹੈ ਕਿ ਸਿੱਖ-ਮਤ ਵਿਚ ਅਕਾਲ ਪੁਰਖੁ ਮਨੁੱਖ-ਮਾਤ੍ਰ ਲਈ ਅਨੁਕਰਣ ਯੋਗ ਆਦਰਸ਼ ਵੀ ਹੈ। "ਨਿਰਭਉ" ਤੇ "ਨਿਰਵੈਰੁ" ਉਸ ਆਦਰਸ਼ ਨੂੰ ਦਰਸਾਂਦੇ ਹਨ ਜਿਸ ਨੂੰ ਗੁਰਸਿਖ ਨੇ ਗ੍ਰਹਣ ਕਰਨਾ ਹੈ। ਗੁਰਸਿਖ ਲਈ ਸੰਸਾਰ-ਯਾਤ੍ਰਾ ਵਿਚ "ਨਿਰਭਉ" ਤੇ "ਨਿਰਵੈਰੁ" ਹੋ ਕੇ ਵਿਚਰਨਾ ਜ਼ਰੂਰੀ ਹੈ। ਗੁਰਬਾਣੀ ਵਿਚ ਇਸੇ ਆਦਰਸ਼ ਨੂੰ ਇਨ੍ਹਾਂ ਪੰਗਤੀਆਂ ਰਾਹੀਂ ਦ੍ਰਿੜ੍ਹ ਕਰਾਇਆ ਗਇਆ ਹੈ :

(ੳ) ਨਾ ਕੋ ਬੈਰੀ ਨਹੀਂ ਬਿਗਾਨਾ ॥
ਸਗਲ ਸੰਗਿ ਹਮ ਕਉ ਬਨਿ ਆਈ ॥
(ਕਾਨੜਾ, ਮ: ੫, ਪੰ. ੧੨੯੯)

(ਅ) ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥
(ਸਲੋਕ ਮ: ੯, ਪੰ. ੧੪੨੭)

'ਬਾਬਾ ਮੋਹਨ ਵਾਲੀਆਂ ਪੋਥੀਆਂ' ਦੇ ਮੂਲਮੰਤ੍ਰ ਦੇ ਪਾਠ ਵਿਚ "ਅਕਾਲ ਮੂਰਤਿ" ਤੇ "ਅਜੂਨੀ" ਮੌਜੂਦ ਹਨ, ਪਰੰਤੂ ਅਗਲਾ ਪਦ "ਸੰਭਉ" ਇਸ ਵਕਤ ਪ੍ਰਚਲਿਤ "ਸੈਭੰ" ਨਾਲੋਂ ਭਿੰਨ ਹੈ। ਡਾ. ਟ੍ਰੰਪ "ਸੈਭੰ" ਨੂੰ "ਸੰਭਵ" ਤੋਂ ਵਿਕਸਿਤ ਹੋਇਆ ਮੰਨਦਾ ਹੈ, ਜਿਸ ਦੇ ਗੁਰਬਾਣੀ ਵਿਚ ਮਿਲਦੇ ਹੋਰ ਰੂਪ "ਸੰਭੂ", "ਸੰਭੌ" "ਸੰਭਵਿਅਉ" ਹਨ। ਭਾਈ ਕਾਨ੍ਹ ਸਿੰਘ ਨਾਭਾ "ਸੰਭਵਿਓ" ਤੇ "ਸ੍ਵੈਭਵਿਓ" ਨੂੰ "ਸ੍ਵਯੰਭਵ" ਤੇ "ਸ੍ਵਯੰਭੂ" ਤੋਂ ਵਿਕਸਿਤ ਹੋਇਆ ਦਸਦਾ ਹੈ, ਜਿਸ ਦੇ ਅਰਥ ਹਨ 'ਜੋ ਆਪਣੀ ਰੋਸ਼ਨੀ ਯਾ ਭੂਮੀ ਆਪ ਹੈ'। ਇੰਞ ਪ੍ਰਤੀਤ ਹੁੰਦਾ ਹੈ ਕਿ ਸਤਿਗੁਰਾਂ ਨੇ "ਸੰਭਉ" ਦੀ ਥਾਂ ਉਚਾਰਣ ਦੀ ਆਸਾਨੀ ਲਈ ਉਸ ਦਾ ਆਮ ਪ੍ਰਚਲਿਤ ਰੂਪ "ਸੈਭੰ" (ਉਚਾਰਣ, 'ਸੈਭੰਗ') ਕਰ ਦਿੱਤਾ। ਇਸ ਤੋਂ ਬਿਨਾ ਹੋਰ ਕੋਈ ਕਾਰਣ ਹੋਵੇ ਤਾਂ ਉਹ ਸਤਿਗੁਰੂ ਜੀ ਆਪ ਹੀ ਜਾਣਦੇ ਹਨ।

ਖ਼ੈਰ ਰਾਗਾਂ ਤੇ ਵਿਸ਼ੇਸ਼ ਬਾਣੀਆਂ ਤੋਂ ਪਹਲਾਂ ਮੂਲਮੰਤ੍ਰ ਲਿਖਣ ਦੀ ਪਰਿਪਾਟੀ 'ਬਾਬਾ ਮੋਹਨ ਵਾਲੀਆਂ ਪੋਥੀਆਂ' ਨੇ ਪਾਈ ਲਗਦੀ ਹੈ; ਪਹਲਾਂ ਦੀ ਪਰਿਪਾਟੀ ਉਪਰ-ਵਰਣਿਤ ਛੋਟੇ ਮੰਗਲ ਹੀ ਵਰਤਣ ਦੀ ਸੀ।

ੲ) **ਬਾਣੀ-ਸਿਰਲੇਖਾਂ ਦਾ ਸਥਾਨ ਤੇ ਡੌਲ :** ਬਾਣੀ-ਸੰਗ੍ਰਹਾਂ ਦੀਆਂ ਇਹ ਮੁਢਲੀਆਂ ਪੋਥੀਆਂ ਸਿਰਲੇਖਾਂ ਦੇ ਪੱਖ ਤੋਂ ਵੀ ਪੁਰਾਤਨਤਾ ਦੇ ਪੈਰ-ਚਿੰਨ੍ਹ ਜੁਟਾਂਦੀਆਂ ਹਨ। ਕੀ 'ਬਾਬਾ ਮੋਹਨ ਵਾਲੀਆਂ ਪੋਥੀਆਂ', ਕੀ 'ਬਾਹੋਵਾਲ ਵਾਲੀ ਪੋਥੀ', ਅਤੇ ਸ਼ਾਇਦ 'ਗੁਰੂ ਹਰਿਸਹਾਇ ਵਾਲੀ ਪੋਥੀ' ਵੀ, ਇਹ ਦਸਦੀਆਂ ਹਨ ਕਿ ਬਾਣੀ ਨਿਰੂਪਣ ਵੇਲੇ ਮੰਗਲ ਨੂੰ ਪਹਲੀ ਥਾਂ ਦਿੱਤੀ ਜਾਂਦੀ ਸੀ ਤੇ ਰਾਗੁ ਆਦਿ ਸਿਰਲੇਖਾਂ ਨੂੰ ਦੂਜਰੀ ਥਾਂ। ਇਸ ਲਈ ਜਿੱਥੇ ਕਿਤੇ ਇਸ ਮਰਯਾਦਾ ਦਾ ਉਲੰਘਣ ਹੋਇਆ ਹੈ, ਉਹ ਲਿਖਾਰੀ ਦੀ ਭੁੱਲ ਕਾਰਣ ਮੰਨਣਾ ਹੋਵੇਗਾ। ਇਸ ਨੂੰ ਇਸ ਗੱਲ ਦਾ ਸੰਕੇਤ ਕਰਦਾ ਵੀ ਸਮਝਣਾ ਚਾਹੀਦਾ ਹੈ ਕਿ ਮਰਯਾਦਾ ਭੰਗ ਕਰਨ ਵਾਲੇ ਅਜੇਹੇ ਗ੍ਰੰਥ ਅਵੱਸ਼ ਕਿਸੇ ਹੋਰ ਗ੍ਰੰਥ ਦਾ ਉਤਾਰਾ ਹਨ। ਇਹ ਭੁੱਲਾਂ ਅਨਾੜੀ ਉਤਾਰਾ ਕਰਨ ਵਾਲਿਆਂ ਤੋਂ ਹੀ ਹੋਈਆਂ, ਸੂਝਵਾਨ ਲਿਖਾਰੀਆਂ ਤੋਂ ਨਹੀਂ।

ਸਿਰਲੇਖ ਵਿਚਲੇ ਪੁਰਾਤਨਤਾ ਦੇ ਪੈਰ-ਚਿੰਨ੍ਹ ਸਿਰਲੇਖਾਂ ਦੇ ਰਾਗਾਂ ਦੇ ਆਮਿਆਨਾ ਢੰਗ ਨਾਲ ਲਿਖੇ ਜਾਣ ਤੋਂ ਵੀ ਮਿਲਦੇ ਹਨ। ਉਦਾਹਰਣ ਵਜੋਂ, ਪਹਲਾਂ ਪਹਲ ਸ੍ਰੀ ਰਾਗੁ ਮੁਢਲੀਆਂ ਪੋਥੀਆਂ ਵਿਚ, "ਰਾਗੁ ਸਿਰੀ ਰਾਗ" ਕਰਕੇ ਲਿਖਿਆ ਗਇਆ। ਬਾਅਦ ਵਿਚ ਮੀਨ ਮੇਖ ਰੱਖਣ ਵਾਲੇ ਲਿਖਾਰੀਆਂ ਨੇ ਇਸ ਨੂੰ "ਸ੍ਰੀ ਰਾਗ" ਵਿਚ ਬਦਲਿਆ, ਅਰਥਾਤ ਮੁਢਲਾ ਪਦ "ਰਾਗੁ" ਤਿਆਗ ਦਿੱਤਾ ਅਤੇ "ਸਿਰੀ" ਦੇ ਸ਼ਬਦ-ਜੋੜ ਵੀ "ਸ੍ਰੀ" ਕਰ ਲਏ। ਕੁਝ ਨੇ ਇਸ ਨੂੰ "ਸ੍ਰਿ" ਲਿਖਣ ਦੀ ਵੀ ਭੁੱਲ ਕੀਤੀ। ਅਸੀਂ ਕਿਸੇ ਬੀੜ ਵਿਚ ਇਸ ਰਾਗੁ ਦਾ ਨਾਂ ਦੇਖ ਕੇ ਕਹ ਸਕਦੇ ਹਾਂ ਕਿ ਸੰਬੰਧਿਤ ਬੀੜ ਦਾ ਪਾਠ ਪੁਰਾਤਨ ਸ਼ਾਖਾ ਵਾਲਾ ਹੈ ਕਿ ਬਾਅਦ ਦਾ ਸੋਧਿਆ ਹੋਇਆ।

'ਅਹੀਆਪੁਰ ਵਾਲੀ ਪੋਥੀ' ਵਿਚ ਰਾਗੁ ਭੈਰਉ ਦੇ ਲਗਪਗ ਸਾਰੇ ਸਿਰਲੇਖ "ਰਾਗੁ ਭੈਰੋ" ਕਰਕੇ ਲਿਖੇ ਹੋਏ ਹਨ। ਉਂਞ ਪ੍ਰਾਚੀਨ ਬੀੜਾਂ ਵਿਚ ਇਹ ਪਦ ਬਹੁਤਾ "ਰਾਗੁ ਭੈਰਉ" ਕਰ ਕੇ ਹੀ ਆਇਆ ਹੈ। ਦੇਵਨੇਤ ਨਾਲ ਜੇ ਕਿਸੇ ਗ੍ਰੰਥ ਵਿਚ ਜਾਂ ਕਿਸੇ ਸ਼ਬਦ-ਪੁੰਜ ਉਪਰ ਸਾਨੂੰ ਰਾਗੁ ਦਾ ਨਾਂ "ਭੈਰੋ" ਕਰ ਕੇ ਲਿਖਿਆ ਨਜ਼ਰ ਆਉਂਦਾ ਹੈ, ਤਾਂ ਉੱਥੇ ਅਸੀਂ ਇਸ ਨਿਰਣੈ ਉਪਰ ਅਪੜਨ ਵਿਚ ਗ਼ਲਤ ਨਹੀਂ ਹੋਵਾਂਗੇ ਕਿ ਇਹ ਕਿਸੇ ਮੁਢਲੇ ਸ੍ਰੋਤ ਤੋਂ ਉਤਾਰੇ ਵਿਚ ਆਇਆ ਹੈ—'ਬਾਬਾ ਮੋਹਨ ਵਾਲੀਆਂ ਪੋਥੀਆਂ' ਜਾਂ ਉਸ ਸ਼ਾਖਾ ਦੇ ਕਿਸੇ ਪੁਰਾਣੇ ਨੁਸਖ਼ੇ ਤੋਂ।

ਸਰਵੇਖਣ ਵਿਚ ਆਏ ਦੋ ਪੁਰਾਣੇ ਬਾਣੀ-ਸੰਗ੍ਰਹਾਂ ਵਿੱਚੋਂ, 'ਪਿੰਡ ਗੁਰੂ ਹਰਿਸਹਾਇ ਵਾਲੀ ਪੋਥੀ' ਬਾਰੇ ਤਾਂ ਸਾਨੂੰ ਪਤਾ ਨਹੀਂ, ਪਰ 'ਬਾਬਾ ਮੋਹਨ ਵਾਲੀਆਂ ਪੋਥੀਆਂ' ਦੇ ਸਿਰਲੇਖਾਂ ਦੀ ਡੌਲ ਦਾ ਪਤਾ ਹੈ। ਇਨ੍ਹਾਂ ਦੋਹਾਂ ਪੋਥੀਆਂ ਵਿੱਚੋਂ 'ਅਹੀਆਪੁਰ ਵਾਲੀ ਪੋਥੀ'

ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ "ਬਾਬੇ ਦੀ/ਦੇ" ਪਦ ਨਾਲ ਹੇਠ ਲਿਖੀ ਡੌਲ ਤੇ ਸੂਚਿਤ ਹੋਟੀ ਹੋਈ ਹੈ :

ਰਾਗੁ ਸੂਹਬੀ ਗੁਰੂ ਬਾਬੇ ਦੀ
ਰਾਗੁ ਸੂਹੀ ਛੰਦ ਬਾਬੇ ਕੇ
ਰਾਗੁ ਪਰਭਾਤੀ ਬਾਬੇ ਦੀ
ਰਾਗੁ ਬਸੰਤ ਬਾਬੇ ਪਾਤਸਾਹ ਦਾ
ਤਿਲੰਗ [:]
ਬਾਬੇ ਪਾਤਸਾਹ ਕਾ ਬੋਲਣਾ

ਇਸੇ ਪੋਥੀ ਦੇ ਰਾਗੁ ਧਨਾਸਰੀ ਵਾਲੇ ਸਿਰਲੇਖਾਂ ਵਿਚ ਦੋ ਥਾਵਾਂ ਤੇ ਬਾਬਾ ਨਾਨਕ ਲਈ "ਮਹਲ ੧" ਲਿਖਿਆ ਹੋਇਆ ਹੈ, ਪਰ ਬਾਕੀ ਥਾਵਾਂ 'ਤੇ ਸਿਰਲੇਖਾਂ ਦੀ ਡੌਲ ਉਪਰ ਵਾਲੀ ਹੀ ਹੈ। "ਮਹਲ ੧" ਵਾਲੇ ਸ਼ਬਦ, ਨਿਸ਼ਚੇ ਹੀ, ਸਿਰਲੇਖ ਲਈ "ਮਹਲ" ਪਦ ਚਲ ਪੈਣ ਪਿੱਛੋਂ ਲਿਖੇ ਗਏ ਨੁਸਖਿਆਂ ਤੋਂ ਆਏ ਹੋਣਗੇ। ਖੈਰ ਵਰਣਨ ਯੋਗ ਗੱਲ ਇਹ ਹੈ ਕਿ 'ਅਹੀਆਪੁਰ ਵਾਲੀ ਪੋਥੀ' ਵਿਚ ਮੁਢਲੇ ਸ਼ਬਦਾਂ ਉਪਰ "ਬਾਬਾ" ਜਾਂ "ਬਾਬਾ ਪਾਤਸ਼ਾਹ" ਆਦਿ ਸੂਚਿਤ ਕਰਨ ਦੇ ਪਿਛੋਂ, ਬਾਬਾ ਜੀ ਦੇ ਅਗਲੇ ਸ਼ਬਦਾਂ ਦੇ ਸਿਰਲੇਖਾਂ ਵਿਚ ਇਹ ਪਦ ਦੁਹਰਾਏ ਹੋਏ ਨਹੀਂ ਹਨ, ਨਿਪਟ ਰਾਗੁ ਦਾ ਨਾਂ ਸੂਹੀ, ਪਰਭਾਤੀ, ਧਨਾਸਰੀ, ਬਸੰਤ, ਭੈਰੋ, ਆਦਿ ਲਿਖਿਆ ਹੋਇਆ ਹੈ। ਮੁਢਲੇ ਸੰਗ੍ਰਹਾਂ ਵਿਚ ਸ਼ਬਦ ਲਿਖਣ ਦਾ ਢੰਗ ਇਹੀ ਸੀ। ਹਰੇਕ ਸ਼ਬਦ ਦੇ ਸਿਰਲੇਖ ਵਿਚ ਰਾਗੁ ਦੇ ਨਾਂ ਨਾਲ ਰਚੈਤਾ (ਮਹਲਾ) ਸੂਚਿਤ ਕਰਨਾ ਬਾਅਦ ਵਿਚ ਚਲਿਆ।

'ਅਹੀਆਪੁਰ ਵਾਲੀ ਪੋਥੀ' ਵਿਚਲੀ ਭਗਤ ਬਾਣੀ ਦੇ ਸਿਰਲੇਖ. ਕਬੀਰ ਤੇ ਨਾਮਦੇਵ ਜੀ ਦੀ ਹਾਲਤ ਵਿਚ, ਇਕੱਠੇ ਦਿੱਤੇ ਹੋਏ ਹਨ; ਜਿਵੇਂ-

ਸੂਹੀ ਕਮੀਰ ਨਾਮਾ ਭਗਤ ਕੀ ਬਾਣੀ
ਪਰਭਾਤੀ ਕਬੀਰੁ ਨਾਮਦੇਉ
ਧਨਾਸਰੀ ਕਮੀਰੁ ਨਾਮੇ ਕੀ ਬਾਣੀ
ਬਸੰਤ ਕਮੀਰੁ ਨਾਮਾ
ਭੈਰੋ, ਕਮੀਰੁ ਨਾਮਾ ਬਾਬੇ ਦੇ ਭਗਤ

ਮੁਢਲੇ ਸਿਰਲੇਖਾਂ ਵਿਚ ਹੀ ਨਹੀਂ ਅਗੋਂ ਆਏ ਹਰੇਕ ਸ਼ਬਦ ਵਿਚ ਵੀ ਰਾਗੁ ਤੇ ਭਗਤ ਦਾ ਨਾਂ, ਇਕਹਿਰਾ ਜਾਂ ਜੁੜਵਾਂ, ਜਿਵੇਂ ਕਿ ਉਹ ਹੈ, ਦਿੱਤਾ ਹੋਇਆ ਹੈ। ਇਸ ਦੇ ਉਲਟ ਗੁਰੂ-ਵਿਅਕਤੀਆਂ ਦੀ ਹਾਲਤ ਵਿਚ, ਮੁਢਲੇ ਤੋਂ ਬਾਅਦ ਦੇ ਸ਼ਬਦਾਂ ਵਿਚ ਨਿਪਟ ਰਾਗੁ ਦਾ ਨਾਂ ਹੀ ਸੂਚਿਤ ਹੈ। ਗੁਰ-ਵਿਅਕਤੀਆਂ ਦੀ ਹਾਲਤ ਵਿਚ ਰਾਗੁ ਦੇ ਨਾਂ ਨਾਲ "ਮਹਲੁ ਜਾਂ ਮਹਲਾ" ਸੂਚਿਤ ਕਰਨ ਦੀ ਪ੍ਰਥਾ ਬਾਅਦ ਵਿਚ ਚਲੀ। ਸੰਭਵ ਹੈ ਕਿ ਗੁਰ-

ਵਿਅਕਤੀਆਂ ਦੇ ਸ਼ਬਦਾਂ ਨਾਲ "ਮਹਲੁ" ਜਾਂ "ਮਹਲਾ" ਲਿਖਣ ਦਾ ਖਿਆਲ ਗ ਬਾਣੀ ਦੇ ਪੈਟਰਨ ਨੂੰ ਦੇਖ ਕੇ ਪੈਦਾ ਹੋਇਆ ਹੋਵੇ। ਖੈਰ, ਸ਼ਬਦ ਨਾਲ ਮਹੱਲੇ ਦਾ ਲਿਖਿਆ ਹੋਣਾ ਤੇ ਕੇਵਲ ਰਾਗੁ ਸੂਹੀ, ਪਰਭਾਤੀ, ਧਨਾਸਰੀ, ਤਿਲੰਗ, ਭੈਟਉ ਆ ਹੀ ਉਲਿਖਿਤ ਹੋਣਾ, ਸੰਬੰਧਿਤ ਸ਼ਬਦ ਦੇ ਕਿਸੇ ਮੁਢਲੇ ਸੰਗ੍ਰਹ ਤੋਂ ਆਏ ਹੋਣ ਦੀ ਭਰਦਾ ਹੈ—ਉਸ ਕਾਲ ਦੀ ਜਦੋਂ ਕਰਤ੍ਰਿਤ੍ਵ ਨਿਖੇੜਨ ਦਾ ਅਮਲ ਹਾਲੀ ਪੂਰੀ ਤਰਾਂ ਨਹੀਂ ਸੀ ਹੋਇਆ। ਇਸ ਲਈ ਰਾਗੁ ਦੇ ਆਰੰਭਿਕ ਸ਼ਬਦ ਦੇ ਪਿੱਛੋਂ ਅਗਲੇ ਸ਼ਬਦ ਜਿੱਥੇ ਕਿਤੇ ਕੇਵਲ ਰਾਗੁ ਦਾ ਨਾਂ (ਕਰਤਾ ਬਾਰੇ ਸੂਚਨਾ ਤੋਂ ਬਿਨਾ) ਦਿੱਤਾ ਹੋਇ ਹੈ, ਉਹ ਸ਼ਬਦ ਜਾਂ ਬੀੜ ਦਾ ਹਿੱਸਾ ਕਿਸੇ ਮੁਢਲੇ ਸੰਗ੍ਰਹ ਤੋਂ ਆਇਆ ਮੰਨਣਾ ਹੋਵੇਗਾ।

ਰਾਗੁ ਤਥਾ ਬਾਣੀਆਂ ਦੇ ਮੁਖ ਸਿਰਲੇਖ ਲਿਖਣ ਦਾ ਢੰਗ ਬੀੜ ਦੀ ਸ਼ਾਖਾ ਨਿਰਧਾਰਿਤ ਕਰਨ ਤੇ ਉਸ ਵਿਚ ਦਰਜ ਬਾਣੀ ਬਾਰੇ ਇਹ ਜਾਣਨ ਵਿਚ ਸਹਾਇ ਹੈ ਪਈ ਇਹ ਪਹਲੇ ਸਮੇਂ ਦੀ ਹੈ ਕਿ ਪਿਛਲੇ ਸਮੇਂ ਦੀ। ਪੁਰਾਤਨ ਬੀੜਾਂ ਦੇ ਅਧਿ... ਮੋਟੇ ਜੇਹੇ ਹਿਸਾਬ ਨਾਲ ਗੱਲ ਕੀਤਿਆਂ, ਰਾਗੁ ਤਥਾ ਬਾਣੀ ਦੇ ਮੁਖ ਸਿਰਲੇਖਾਂ ਦੇ ਹੇਠ ਦੋ ਢੰਗ ਦ੍ਰਿਸ਼ਟੀਗੋਚਰ ਹੁੰਦੇ ਹਨ :

(੧) ਪਹਲਾ ਢੰਗ	(੨) ਦੂਜਾ ਢੰਗ
ਜਪੁ	**ਜਪੁ**
ਸੋਦਰੁ ਰਾਗੁ ਆਸਾ ਮਹਲਾ ੧	ਰਾਗੁ ਆਸਾ ਮਹਲਾ ੧ **ਸੋਦਰੁ**
ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧	ਰਾਗੁ ਗਉੜੀ ਦੀਪਕੀ ਮਹਲਾ ੧ **ਸੋ**
ਬਾਰਹ ਮਾਹ ਮਾਝ ਮਹਲਾ ੫ ਘਰੁ ੪	ਰਾਗੁ ਮਾਝ **ਬਾਰਹ ਮਾਹ** ਮਹਲਾ
ਵਾਰ ਮਾਝ ਕੀ ਤਥਾ ਸਲੋਕ ਮਹਲਾ ੧	ਰਾਗੁ ਮਾਝ **ਵਾਰ** ਸਲੋਕਾ ਨਾਲਿ ਮਹ
ਥਿਤੀ ਗਉੜੀ ਮਹਲਾ ੫	ਰਾਗੁ ਗਉੜੀ **ਥਿਤੀ** ਮਹਲਾ ੫

ਗੱਲ ਨੂੰ ਸਮਝਾਉਣ ਲਈ ਉਪਰ ਲਿਖੇ ਕੁਝ ਕੁ ਨਮੂਨੇ ਹੀ ਕਾਫੀ ਹਨ। ਸ ਨਿਰੂਪਣ ਦਾ ਪਹਲਾ (ਖੱਬੇ ਕਾਲਮ ਵਾਲਾ) ਢੰਗ ਸਿਰਲੇਖ ਨੂੰ ਓਵੇਂ ਜਿਵੇਂ ਰੱਖ ਹੱਕ ਵਿਚ ਹੈ, ਜਿਵੇਂ ਇਹ ਉਸ ਨੂੰ ਜਨ-ਸਾਧਾਰਣ ਪਾਸੋਂ ਪਹੁੰਚਿਆ ਹੈ। ਜਨ ਵਿਚ ਜਪੁ, ਸੋਦਰੁ, ਸੋਹਿਲਾ, ਬਾਰਹਮਾਹ, ਥਿਤੀ ਆਦਿ ਬਾਣੀਆਂ ਆਪਣੀ ਲੋਕ- ਕਾਰਣ ਇਨ੍ਹਾਂ ਨਾਵਾਂ ਨਾਲ ਚਿਤਾਰੀਆਂ ਜਾਂਦੀਆਂ ਸਨ ਤੇ ਇਨ੍ਹਾਂ ਨਾਵਾਂ ਨਾਲ ਸ਼ਰਧਾਲੂਆਂ ਦੀਆਂ ਬਿਆਜ਼ਾਂ (ਬਾਣੀ-ਸੰਗ੍ਰਹਾਂ) ਵਿਚ ਦਰਜ ਸਨ। ਇਨ੍ਹਾਂ ਨ ਹੀ ਇਹ ਬਾਣੀ-ਸੰਕਲਣ ਕਰਨ ਵਾਲਿਆਂ ਪਾਸ ਪਹੁੰਚੀਆਂ ਤੇ ਇਨ੍ਹਾਂ ਨਾਵਾਂ ਨ ਇਹ ਮੁਢਲੀਆਂ ਬੀੜਾਂ ਵਿਚ ਚੜ੍ਹ ਗਈਆਂ, ਅਰਥਾਤ ਸਿਰਲੇਖ ਦੇਣ ਲਗਿਆ ਪਹਲ ਨ ਦਿੱਤੀ ਗਈ, ਸਗੋਂ ਬਾਣੀ ਦੇ ਪ੍ਰਚਲਿਤ ਨਾਂ ਨੂੰ ਮੁਖ ਰਖਿਆ ਗਇ... ਜਦੋਂ "ਸੋ ਪੁਰਖੁ" ਵਾਲਾ ਜੁਟ ਰਹਰਾਸਿ ਨਾਲ ਜੁੜਿਆ, ਤਾਂ ਉਹ "ਸੋ ਪੁਰਖੁ

ਮੁਢ ਵਿਚ ਲੈ ਕੇ ਨ ਆਇਆ, ਸਗੋਂ "ਰਾਗੁ ਆਸਾ ਮਹਲਾ ੪ ਸੋ ਪੁਰਖੁ" ਦੀ ਸੰਗਿਆ ਨਾਲ ਅੰਕਿਤ ਹੋਇਆ। ਇਸ ਗੱਲ ਦੀ ਤਸਦੀਕ ਉਨ੍ਹਾਂ ਪੁਰਾਤਨ ਬੀੜਾਂ ਤੋਂ ਕੀਤੀ ਜਾ ਸਕਦੀ ਹੈ, ਜਿਨ੍ਹਾਂ ਵਿਚ "ਸੋ ਦਰੁ" ਨਾਲ "ਸੋ ਪੁਰਖੁ" ਵੀ ਦਰਜ ਹੈ। ਉੱਥੇ "ਸੋ ਦਰੁ" ਤੇ "ਸੋਹਿਲਾ" ਤਾਂ ਕਾਲਮ (੧) ਵਾਲੇ ਪੈਟਰਨ ਵਿਚ ਲਿਖੇ ਮਿਲਣਗੇ, ਪਰ "ਸੋ ਪੁਰਖੁ" ਕਾਲਮ (੨) ਵਾਲੇ ਪੈਟਰਨ ਵਿਚ ਅੰਕਿਤ ਹੋਇਆ ਦਿਸੇਗਾ। "ਸੋ ਪੁਰਖੁ" ਦਾ ਇਹ ਇੰਦ੍ਰਾਜ ਉਸ ਕਾਲ ਵਲ ਸੰਕੇਤ ਕਰਦਾ ਕਹਿਆ ਜਾ ਸਕਦਾ ਹੈ ਜਦੋਂ ਰਾਗਾਂ ਨਾਲ ਬਾਣੀ ਲਿਖਣ ਦੀ ਨਿਸ਼ਚਿਤ ਮਰਯਾਦਾ ਦ੍ਰਿੜ੍ਹ ਹੋ ਚੁਕੀ ਸੀ। ਚਰਚਾ ਦਾ ਸਾਰਾਂਸ਼ ਇਹ ਕਿ ਬਾਣੀ ਸੰਕਲਣ ਤੇ ਦਰਜ ਕਰਨ ਦਾ ਢੰਗ ਵੀ ਬਾਕੀ ਗੱਲਾਂ ਵਾਂਙ ਵਿਕਾਸ ਕਰਦਾ ਰਹਿਆ। ਫਲਸ੍ਵਰੂਪ ਪਿਛਲੇ ਸੰਪਾਦਨ, ਤਕਨੀਕੀ ਪੱਖ ਤੋਂ ਵਧੇਰੇ ਪ੍ਰੌੜ੍ਹ ਹਨ, ਭਾਵੇਂ ਉਕਾਈਆਂ ਤੋਂ ਉਹ ਵੀ ਮੁਕਤ ਨਹੀਂ। ਅਜੇਹੀਆਂ ਪ੍ਰੌੜ੍ਹ ਬੀੜਾਂ ਦੇ ਉਦਾਹਰਣ ਰੂਪ ਵਿਚ ਉਹ ਬੀੜਾਂ ਪ੍ਰਸਤੁਤ ਕੀਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਦੇ ਭੋਗ ਸਵੱਯਾਂ ਜਾਂ ਫ਼ਰੀਦ ਜੀ ਦੇ ਸਲੋਕਾਂ ਉੱਤੇ ਪੈਂਦੇ ਹਨ।

ਉਤੇ ਕਾਲਮ (੧) 'ਚ ਦਰਜ ਸਿਰਲੇਖ ਮੁਢਲੀਆਂ ਬੀੜਾਂ 'ਚੋਂ ਹਨ, ਜਿਹੜੀਆਂ ਆਦਿ ਗ੍ਰੰਥ ਦੀਆਂ ਅਨੁਸਾਰੀ ਹੋਣ ਦਾ ਦਮ ਭਰਦੀਆਂ ਹਨ। ਕਰਤਾਰਪੁਰੀ ਬੀੜ ਦੀ ਡੌਲ ਇਹੀ ਹੈ। ਹੱਥ-ਲਿਖਤ ਬੀੜਾਂ ਦੇ ਸਿਰਲੇਖਾਂ ਦੀਆਂ, ਜਿੱਥੇ ਕਿਤੇ ਸੁਧਾਈਆਂ ਹੋਈਆਂ ਹੋਈਆਂ ਹਨ, ਉੱਥੇ ਹੀ ਉਹ ਕਾਲਮ ਨੰਬਰ (੨) ਦੇ ਸਿਰਲੇਖਾਂ ਨੂੰ ਭੰਨ ਕੇ ਕਾਲਮ ਨੰਬਰ (੧) ਦੇ ਸਿਰਲੇਖਾਂ ਨੂੰ ਗ੍ਰਹਣ ਕਰਨ ਦਾ ਤਰਲਾ ਮਾਰਦੀਆਂ ਦਿਸਦੀਆਂ ਹਨ। ਕਾਲਮ ਨੰਬਰ (੨) ਦੇ ਸਿਰਲੇਖ ਉਨ੍ਹਾਂ ਬੀੜਾਂ ਦੇ ਹਨ ਜਿਨ੍ਹਾਂ ਬਾਣੀ ਦੇ ਇੰਦ੍ਰਾਜ ਨੂੰ ਨਿਯਮਿਤ ਕਰਨ ਦਾ ਯਤਨ ਕੀਤਾ ਤੇ ਜਿਨ੍ਹਾਂ ਦੇ ਕੁਝ ਚੰਗੇ ਨਮੂਨੇ ਸਾਰਨਕੇ ਵਾਲੇ ਗ੍ਰੰਥ (ਨੰ. ੨੦), ਡਾ. ਤ੍ਰਿਲੋਚਨ ਸਿੰਘ ਵਾਲੀ ਬੀੜ (ਨੰ. ੩੫) ਅਤੇ ਅਮੋਲਕ ਬੀੜ ਪਟਿਆਲਾ (ਨੰ. ੩੯) ਕਹੇ ਜਾ ਸਕਦੇ ਹਨ।

੪) **ਨਿਖੇੜੂ ਅਥਵਾ ਅਧੀਨ-ਸਿਰਲੇਖ** : ਰਾਗਾਂ, ਸ਼ਬਦ-ਰਚੈਤਿਆਂ, ਕਾਵਿ-ਰੂਪਾਂ ਤੇ ਘਰਾਂ ਨੂੰ ਦਰਸਾਉਣ ਲਈ ਅਧੀਨ-ਸਿਰਲੇਖਾਂ ਦਾ ਨਿਸ਼ਚਿਤ ਪੈਟਰਨ ਰਖਿਆ ਗਇਆ ਹੈ। ਮੰਗਲਾਂ ਦਾ ਸਥਾਨ ਵੀ ਨਿਸ਼ਚਿਤ ਹੈ। ਪਰੰਤੂ ਦੇਖਿਆ ਗਇਆ ਹੈ ਕਿ ਬਾਅਜ਼ ਥਾਵਾਂ 'ਤੇ ਬਾਹਰੋਂ ਢੂੰਡ ਕੇ ਲੱਭੇ ਸ਼ਬਦਾਂ ਦੇ ਪੁੰਜ ਇਕੱਠੇ ਹੀ, ਬਿਨਾ ਪੈਟਰਨ ਨਿਭਾਏ ਦੇ, ਬੀੜਾਂ ਵਿਚ ਦਰਜ ਹੋ ਗਏ ਹਨ। ਜਿੱਥੇ ਇਹ ਇਕੱਠੇ ਹੀ ਪੁੰਜ-ਰੂਪ ਵਿਚ ਦਰਜ ਹੋਏ ਹੋਏ ਹਨ, ਉਥੇ ਇਹ ਮੁਢਲੇ ਯਤਨ ਦੀ ਉਪਜ ਤੇ ਸਿੱਧੇ ਉਤਾਰਾ ਵਿਚ ਆਏ ਮੰਨਣੇ ਬਣਦੇ ਹਨ। ਇਸ ਦੇ ਉਲਟ ਜਿੱਥੇ ਇਹ ਮੰਗਲ ਅਥਵਾ "ਮਹਲਾ" ਆਦਿ ਪਦਾਂ ਨਾਲ ਨਿਖੇੜ ਕੇ ਬੱਝੇ ਪੈਟਰਨ ਵਿਚ ਲਿਖੇ ਗਏ ਹਨ, ਉੱਥੇ ਇਹ ਸੰਪਾਦਨ-ਕਿਰਿਆ ਵਿੱਚੋਂ ਲੰਘੇ ਕਹੇ ਜਾ ਸਕਦੇ ਹਨ। ਮੁੱਢਲੀਆਂ ਬੀੜਾਂ ਵਿਚ ਰਾਗੁ ਦੇਵਗੰਧਾਰੀ ਦੇ ਚਉਪਦਿਆਂ ਨੂੰ ਨਿਖੇੜਨ ਲਈ ਮਹੱਲੇ ਦਰਜ ਨਹੀਂ ਹਨ, ਕੇਵਲ "ਦੇਵਗੰਧਾਰੀ" ਹੀ ਲਿਖਿਆ ਮਿਲਦਾ ਹੈ। ਮਗਰਲੀਆਂ ਬੀੜਾਂ ਵਿਚ ਮਹੱਲੇ ਵਧਾਏ ਹੋਏ ਹਨ। ਕਿਸੇ ਬੀੜ ਵਿਚ

ਨਿਪਟ ਪਹਲੀ ਕਿਸਮ ਦੇ ਵੇਰਵੇ ਦੇ ਮਿਲਣ ਦਾ ਭਾਵ ਇਹ ਹੈ ਕਿ ਸੰਬੰਧਿਤ ਸ਼ਬਦ ਕਿਸੇ ਮੁਢਲੇ ਸ੍ਰੋਤ ਤੋਂ ਆ ਕੇ ਉਵੇਂ ਜਿਵੇਂ ਨਕਲ ਹੋ ਗਏ ਹਨ।

੫) **ਪਦਿਆਂ ਦੇ ਜੋੜ ਲਾਉਣ ਦਾ ਢੰਗ :** ਪੋਥੀਆਂ ਵਿਚ ਪਦਿਆਂ ਦੇ ਜੋੜ ਲਾਉਣ ਦਾ ਢੰਗ ਇਕ ਬੜਾ ਰੋਚਕ ਪੈਰ-ਚਿੰਨ੍ਹ ਜੁਟਾਂਦਾ ਹੈ। 'ਬਾਹੋਵਾਲ ਵਾਲੀ ਪੋਥੀ' ਵਿਚ ਸਿਰੀ ਰਾਗੁ ਦੇ ਪਦਿਆਂ ਦੇ ਜੋੜ ਛਕਿਆਂ ਵਿਚ ਕੀਤੇ ਹੋਏ ਹਨ; ਹਰ ਛੇ ਪਦਿਆਂ ਬਾਅਦ ਇਕ ਛਕਾ ਪੂਰਾ ਹੋ ਗਇਆ ਲਿਖਿਆ ਹੈ। ਇਸ ਤਰ੍ਹਾਂ ਕੁਲ ੧੬ ਛਕੇ ਹਨ ਤੇ ਉਨ੍ਹਾਂ ਦੇ ਮਗਰ ਤਿੰਨ ਹੋਰ ਦਉਪਦੇ ਦਰਜ ਹਨ, ਜਿਸ ਦਾ ਮਤਲਬ ਹੈ ਕਿ ਪੋਥੀ ਵਿਚ ਸਿਰੀ ਰਾਗੁ ਦੇ ਅੰਤਰਗਤ ਕੁਲ ੯੯ ਚਉਪਦੇ ਦਰਜ ਹਨ। ਸਿਰੀ ਰਾਗੁ ਤੋਂ ਬਿਨਾ ਰਾਗੁ ਮਾਝ, ਰਾਗੁ ਗਉੜੀ, ਦੇ ਕੁਝ ਚਉਪਦਿਆਂ, ਰਾਗੁ ਬਸੰਤ ਦੇ ਪਹਲੇ ਛੇ ਪਦਿਆਂ, ਤੇ ਸਮੁੱਚੇ ਰਾਗੁ ਕਾਨੜਾ ਵਿਚ ਇਹੀ ਰੀਤਿ ਨਿਭਾਈ ਮਿਲਦੀ ਹੈ। ਇਹ 'ਬਾਬਾ ਮੋਹਨ ਵਾਲੀਆਂ ਪੋਥੀਆਂ' ਤੋਂ ਕਿਸੇ ਭਿੰਨ ਪ੍ਰਣਾਲੀ ਦੀ ਦੇਣ ਹੈ। ਪੁਰਾਤਨ ਬੀੜਾਂ ਵਿਚ, ਇੱਥੋਂ ਤਕ ਕਿ 'ਕਰਤਾਰਪੁਰੀ ਬੀੜ' ਵਿਚ ਵੀ, ਸ਼ਬਦਾਂ ਦੇ ਜੋੜ ਨਾਲ ਕੁਝ ਥਾਵਾਂ 'ਤੇ ਪਦ "ਛਕਾ" ਬੇਲੋੜਾ ਲਿਖਿਆ ਮਿਲਦਾ ਹੈ। ਇਹ ਸੰਬੰਧਿਤ ਪਾਠ ਦੀ ਪੁਰਾਤਨਤਾ ਦਾ ਚਿੰਨ੍ਹ ਹੈ ਜੋ ਅਭੋਲ ਹੀ ਪਾਠ ਨਾਲ ਦਰਜ ਹੋ ਗਇਆ ਹੈ। ਫਲਸ੍ਵਰੂਪ ਬਾਣੀ ਦਾ ਉਹ ਅੰਸ਼ ਛਕਿਆਂ ਵਾਲੀ ਕਿਸੇ ਮੁਢਲੀ ਪਰਿਪਾਟੀ ਤੋਂ ਆਇਆ ਮੰਨਣਾ ਹੋਵੇਗਾ, ਜਿਸ ਦੀ ਪਾਲਣਾ ਅਸੀਂ 'ਬਾਹੋਵਾਲ ਵਾਲੀ ਪੋਥੀ' ਵਿਚ ਵੀ ਹੋਈ ਵੇਖਦੇ ਹਾਂ। ਬੀੜ ਵਿਚ ਮੂਲਪਾਠ ਦੀ ਪੁਰਾਤਨਤਾ ਨੂੰ ਨਿਰਧਾਰਿਤ ਕਰਨ ਲਈ ਇਹ ਵੀ ਇਕ ਵਧੀਆ ਕਸਵੱਟੀ ਹੈ।

ਉਪਲਬਧ ਪੁਰਾਤਨ ਪੋਥੀਆਂ ਤੇ ਗੁਟਕਿਆਂ ਤੋਂ ਪਤਾ ਲਗਦਾ ਹੈ ਕਿ ਵਾਰਾਂ ਦਾ ਸੰਕਲਣ ਤੇ ਸੰਪਾਦਨ ਬਾਕੀ ਬਾਣੀਆਂ ਨਾਲੋਂ ਵਖਰਾ ਹੋਇਆ। ਬਾਬਾ ਮੋਹਨ ਦੇ ਨਾਂ ਨਾਲ ਜੁੜੀਆਂ ਦੋਹਾਂ ਪੋਥੀਆਂ ਵਿਚ ਵਾਰਾਂ ਕਿਸੇ ਵਿਚ ਵੀ ਨਹੀਂ ਹਨ। 'ਬਾਹੋਵਾਲ ਵਾਲੀ ਪੋਥੀ' ਵਿਚ ਇਹ ਲਗਪਗ ਇਕੱਠੀਆਂ ਹੀ ਇਕ ਥਾਂ ਦਰਜ ਹਨ ਅਤੇ ਰਾਗਾਂ ਵਾਂਙ ਉਨ੍ਹਾਂ ਦਾ ਕ੍ਰਮ ਵੀ ਉਘੜਾ ਦੁਘੜਾ ਹੈ। ਪ੍ਰੋ: ਪਿਆਰਾ ਸਿੰਘ ਪਦਮ ਪਾਸ ਇਕ ਗੁਟਕਾ ਹੈ ਜਿਸ ਦੀ ਲਿਖਤ ਬਹੁਤ ਪੁਰਾਣੀ ਹੈ। ਇਸ ਵਿਚ ਬਾਰਾਂ ਵਾਰਾਂ ਦੇ ਪਾਠ ਸਲੋਕਾਂ ਸਹਿਤ ਇਸ ਕ੍ਰਮ ਵਿਚ ਦਰਜ ਹਨ : ਮਲਾਰ ਕੀ ਵਾਰ, ਗੂਜਰੀ ਕੀ ਵਾਰ, ਸੂਹੀ ਕੀ ਵਾਰ, ਰਾਗੁ ਸਿਰੀ ਰਾਗੁ ਕੀ ਵਾਰ, ਰਾਗੁ ਸਾਰੰਗ ਕੀ ਵਾਰ, ਰਾਗੁ ਬਿਹਾਗੜਾ ਕੀ ਵਾਰ, ਰਾਗੁ ਵਡਹੰਸ ਕੀ ਵਾਰ, ਰਾਗੁ ਕਾਨੜਾ ਕੀ ਵਾਰ, ਬਿਲਾਵਲ ਕੀ ਵਾਰ, ਵਾਰ ਗਉੜੀ ਕੀ, ਵਾਰ ਜੈਤਸਰੀ ਕੀ, ਵਾਰ ਮਾਰੂ ਕੀ। ਇਸ ਤੋਂ ਸਿੱਧ ਹੁੰਦਾ ਹੈ ਕਿ ਵਾਰਾਂ ਦਾ ਬੰਧੇਜ ਵਖਰੇ ਸੁਤੰਤਰ ਕਿਰਿਆ ਰਾਹੀਂ ਚਲਦਾ ਰਹਿਆ ਤੇ ਉੱਥੋਂ ਹੀ ਇਹ ਪੱਕਾ ਰੂਪ ਧਾਰ ਕੇ ਸ੍ਰੀ ਆਦਿ ਬੀੜ ਵਿਚ ਦਰਜ ਹੋਈਆਂ। ਧੁਨੀਆਂ ਵੀ ਬਾਅਦ ਵਿਚ ਲਗਾਈਆਂ ਗਈਆਂ।

ਵਾਰਾਂ ਦਾ ਵਿਧਾਨ ਇਸ ਤਰ੍ਹਾਂ ਹੈ ਕਿ ਪਉੜੀਆਂ ਦੇ ਨਾਲ ਸਲੋਕ ਜਿਸ ਜਿਸ ਗੁਰੂ ਦੇ ਹਨ, ਉਨ੍ਹਾਂ ਨਾਲ ਉਨ੍ਹਾਂ ਦਾ ਮਹਲਾ (ਸੰਖੇਪ ਮ:) ਲਿਖ ਕੇ ਕਰਤਾ ਸਪਸ਼ਟ ਕਰ ਦਿੱਤਾ ਗਇਆ ਹੈ। ਤਾਂ ਵੀ, ਪੁਰਾਤਨ ਬੀੜਾਂ ਅਥਵਾ ਗੁਰਬਾਣੀ ਦੇ ਸੰਚਿਆਂ ਵਿਚ ਅਜੇਹੀਆਂ ਵਾਰਾਂ ਮਿਲਦੀਆਂ ਹਨ ਜਿਨ੍ਹਾਂ ਨਾਲ ਸਲੋਕਾਂ ਦੇ ਕਰਤਾ (ਮਹੱਲੇ) ਸੂਚਿਤ ਨਹੀਂ ਹਨ। ਅਜੇਹੀ ਕੋਈ ਵਾਰ ਜਿੱਥੇ ਕਿਤੇ ਮਿਲਦੀ ਹੈ, ਉਸ ਨੂੰ ਕਿਸੇ ਮੁਢਲੇ ਸੰਗ੍ਰਹ ਤੋਂ ਆਈ ਮੰਨਣਾ ਚਾਹੀਦਾ ਹੈ। ਖੋਜ ਵਿਚ ਦੇਖਿਆ ਗਇਆ ਹੈ ਕਿ ਲੋਪ ਹੋ ਚੁਕੇ ਤੱਥ ਹੌਲੀ ਹੌਲੀ ਸਾਮ੍ਹਣੇ ਆਉਂਦੇ ਹਨ, ਇਕਦਮ ਨਹੀਂ। ਲੋਕਾਂ ਵਿਚ ਘੁਲ ਮਿਲ ਚੁਕੀ ਬਾਣੀ ਕਰਤ੍ਰਿਤਵ ਦੇ ਪੱਖ ਤੋਂ ਇਸ ਨੇਮ ਤੋਂ ਬਾਹਰ ਨਹੀਂ ਸੀ, ਜਦੋਂ ਕਰਤਾ ਲਿਖਣ ਦਾ ਹਾਲੀ ਵਿਧਾਨ ਨਹੀਂ ਸੀ। ਇਹ ਗੱਲ ਸਿੱਖ ਜਗਤ ਵਿਚ ਮੰਨੀ ਪ੍ਰਮੰਨੀ ਹੈ ਕਿ ਵਾਰਾਂ ਨਾਲ ਪਹਲਾਂ ਸਲੋਕ ਨਹੀਂ ਸਨ; ਇਹ ਬਾਅਦ ਵਿਚ ਵਿਸ਼ੈ ਤੇ ਭਾਵ ਨੂੰ ਮੁਖ ਰੱਖ ਕੇ ਜੋੜੇ ਗਏ। ਵਾਰਾਂ ਨਾਲ ਸਲੋਕ ਲਾਉਣ ਦੀ ਪਿਰਤ, ਵੀਹ ਵਿਸਵੇ, ਕੀਰਤਨੀਆਂ ਨੇ ਪਾਈ। ਫਿਰ ਜਦੋਂ ਗ੍ਰੰਥ ਸਾਹਿਬ ਦਾ ਸੰਪਾਦਨ ਹੋਣ ਲਗਾ ਤਾਂ ਜਿਹੜੇ ਸਲੋਕ ਵਾਰਾਂ ਨਾਲ ਸਮੋਏ ਜਾ ਸਕੇ, ਸਮੋ ਲਏ ਗਏ, ਬਾਕੀ ਦਿਆਂ ਨੂੰ ਸਲੋਕ ਵਾਰਾਂ ਤੇ ਵਧੀਕ ਦੇ ਸ਼ੀਰਸ਼ਕ ਹੇਠ ਬੀੜ ਦੇ ਅੰਤ 'ਤੇ ਰਖ ਦਿੱਤਾ ਗਇਆ। ਕਰਤ੍ਰਿਤਵ ਰਹਿਤ ਸਲੋਕਾਂ ਵਾਲੀਆਂ ਵਾਰਾਂ, ਜੋ ਵਾਰਾਂ ਦੇ ਬੰਧੇਜ ਦੀ ਮੁਢਲੀ ਅਵਸਥਾ ਦੀਆਂ ਸੂਚਕ ਹਨ, 'ਵਿਲੱਖਣ ਤੇ ਪ੍ਰਾਚੀਨ ਬੀੜ' (ਨੰ. ੫) ਵਿਚ ਦੇਖੀਆਂ ਜਾ ਸਕਦੀਆਂ ਹਨ। ਉੱਥੇ ਇਸ ਬੀੜ ਵਿਚ ਦਰਜ ਵਾਰਾਂ ਨਾਲ ਮਹੱਲੇ ਦਰਜ ਨਹੀ ਹਨ; ਅਧੀਨ-ਸਿਰਲੇਖਾਂ ਵਜੋਂ ਕੇਵਲ 'ਪਉੜੀ' ਤੇ 'ਸਲੋਕ' ਵਰਤੇ ਹੋਏ ਹਨ। ਇਹ ਵਾਰਾਂ ਦੇ ਮੁਢਲੇ ਰੂਪ ਹਨ, ਅਧੀਨ-ਸਿਰਲੇਖਾਂ ਨਾਲ ਮਹੱਲੇ ਬਾਅਦ ਵਿਚ ਹੌਲੀ ਹੌਲੀ ਚੜ੍ਹੇ। ਇਸ ਪ੍ਰਾਚੀਨ ਬੀੜ ਦੀਆਂ ਵਾਰਾਂ ਨਾਲ ਜੁੜੇ ਸਲੋਕ ਵੀ ਛਪੇ ਗ੍ਰੰਥ ਦੇ ਸਲੋਕਾਂ ਨਾਲੋਂ ਭਿੰਨ ਤੇ ਅੱਡਰੇ ਪਾਠ-ਭੇਦਾਂ ਵਾਲੇ ਹਨ। ਇਹ ਗੱਲ ਵੀ ਇਨ੍ਹਾਂ ਵਾਰਾਂ ਦੇ ਮੁਢਲੇ ਸ੍ਰੂਪ ਵਾਲੀਆਂ ਹੋਣ ਦੀ ਗਵਾਹੀ ਭਰਦੀ ਹੈ। 'ਕਰਤਾਰਪੁਰੀ ਬੀੜ' ਦੀ ਸਥਿਤੀ ਵੀ ਪਹਲਾਂ ਇਸੇ ਤਰ੍ਹਾਂ ਦੀ ਸੀ। ਉਸ ਵਿਚ ਵਾਰ ਦੇ ਸਲੋਕਾਂ ਨਾਲ ਮਹੱਲੇ ਬਾਅਦ ਵਿਚ ਵਧਾਏ ਗਏ।

੬) **ਬਾਣੀ ਦਾ ਲੋਕਿਕ ਉਚਾਰਣ :** ਪੁਰਾਤਨਤਾ ਦਾ ਨਿਰਣਾਇਕ ਇਕ ਹੋਰ ਪੈਰ-ਚਿੰਨ੍ਹ ਬਾਣੀ ਵਿਚ ਵਰਤੇ ਗਏ ਕੁਝ ਪਦਾਂ ਦਾ ਲੋਕਿਕ ਉਚਾਰਣ ਹੈ। ਉਦਾਹਰਣ ਵਜੋਂ, "ਅੰਮ੍ਰਿਤ" ਦੀ ਥਾਂ "ਅੰਬ੍ਰਿਤ" ਜਾਂ "ਸਮ੍ਰਥ" ਦੀ ਥਾਂ "ਸੰਬ੍ਰਥ" ਜਾਂ "ਡੂਬੇ" ਦੀ ਥਾਂ "ਬੂਡੇ"। ਗੁਰੂ ਵਿਅਕਤੀਆਂ ਨੇ ਤਾਂ ਨਿਸਚੈ ਹੀ, ਅਜੇਹੇ ਸ਼ਬਦਾਂ ਦਾ ਸ਼ੁੱਧ ਰੂਪ ਕਵਿਤਾ ਵਿਚ ਬੰਨ੍ਹਿਆ ਹੋਵੇਗਾ, ਪਰੰਤੂ ਲੋਕਾਂ ਨੇ ਉਨ੍ਹਾਂ ਨੂੰ ਪੜ੍ਹਨ ਜਾਂ ਗਾਉਣ ਸਮੇਂ ਆਪਣਾ ਮਨ-ਭਾਉਂਦਾ ਉਚਾਰਣ ਦੇ ਲਇਆ। ਆਪਣੀ ਨਿੱਤ ਦੀ ਲੋੜ ਨੂੰ ਪੂਰਿਆਂ ਕਰਨ ਲਈ ਜੋ ਬਾਣੀ-ਸੰਗ੍ਰਹ ਉਨ੍ਹਾਂ ਤਿਆਰ ਕੀਤੇ, ਉਨ੍ਹਾਂ ਵਿਚ ਵੀ ਇਹੀ ਉਚਾਰਣ ਪ੍ਰਵੇਸ਼ ਕਰ ਗਇਆ। ਫਲਸ੍ਰੂਪ, ਮੁਢਲੇ ਬਾਣੀ-ਸੰਗ੍ਰਹਾਂ ਵਿਚ ਲੋਕਿਕ ਉਚਾਰਣ ਦੇ ਇਹ ਭੇਦ ਆਮ ਦਿਸ ਆਉਂਦੇ ਹਨ। 'ਬਾਬਾ ਮੋਹਨ ਵਾਲੀਆਂ ਪੋਥੀਆਂ' ਵਿੱਚੋਂ 'ਅਹੱਯਾਪੁਰ ਵਾਲੀ ਪੋਥੀ' ਵਿਚ

ਅੰਬ੍ਰਿਤ (ਅੰਮ੍ਰਿਤ), ਸੰਬ੍ਰਥ (ਸਮ੍ਰਥ), ਸਿਪਤੀ (ਸਿਫ਼ਤੀ), ਕਮੀਰ/ਕੰਬੀਰ (
ਮਤਲਬ ਦੇ ਕੁਝ ਉਦਾਹਰਣ ਹਨ। ਪਰੰਤੂ ਬਾਅਦ ਦੇ ਪ੍ਰੌੜ੍ਹ ਲਿਖਾਰੀਆਂ ਨੇ
ਅਜੇਹੇ ਸ਼ਬਦਾਂ ਦੇ 'ਸ਼ੁੱਧ ਰੂਪਾਂ ਤੋਂ ਜਾਣੂ ਸਨ, ਇਨ੍ਹਾਂ ਨੂੰ ਮੁੜ ਸ਼ੁੱਧ ਰੂ
ਲਇਆ। ਸਾਹਿਤਿਕ ਜਗਤ ਦਾ ਇਹ ਇਕ ਜਾਣਿਆ ਪਛਾਣਿਆ ਪ੍ਰਪੰਚ
ਸੁਚੱਜੇ ਸੰਪਾਦਕ ਦੇ ਹੱਥਾਂ ਵਿਚ ਪਹੁੰਚ ਕੇ ਕੋਈ ਚੀਜ਼ ਪੁਖ਼ਤਗੀ ਪਕੜ ਲੈਂ
ਗੁਰਬਾਣੀ ਦੀ ਹਾਲਤ ਵਿਚ ਵੀ ਇਹ ਵਰਤਾਰਾ ਵਰਤਿਆ ਸਿੱਧ ਹੁੰਦਾ ਹੈ।
ਮੁਢਲੇ ਸੰਚਿਆ ਨਾਲੋਂ ਬਾਅਦ ਵਿਚ ਤਿਆਰ ਹੋਏ ਸੰਚੇ ਉਕਾਈਆਂ ਦੇ ਪਖ
ਹੱਦ ਤਕ ਮੁਕਤ ਹਨ, ਪਰੰਤੂ ਤਾਂ ਜੇ ਉਹ ਕਿਸੇ ਪੁਰਾਣੇ ਸੰਗ੍ਰਹ ਤੋਂ ਸਿੱਧੇ
ਬਿਨਾ ਨ ਚੁਕ ਲਏ ਗਏ ਹੋਣ। ਖੈਰ, ਲੋਕਿਕ ਉਚਾਰਣ ਕਿਸੇ ਬੀ
ਪੈਰ-ਚਿੰਨ੍ਹਾਂ ਵਿੱਚ ਮਹੱਤ੍ਵਪੂਰਣ ਸਥਾਨ ਰਖਦਾ ਹੈ।

੭) **ਕਨੌੜੇ ਦੀ ਥਾਂ /ਅਉ/ ਦੀ ਵਰਤੋਂ :** ਮੁਢਲੇ ਗੁਰੂ ਕਾਲ ਦੀ
ਕਨੌੜੇ ਦਾ ਅਭਾਵ ਸੀ ਤੇ ਇਸ ਦਾ ਕੰਮ /ਅਉ/ ਤੋਂ ਲਇਆ ਜਾਂਦਾ ਸਾ।
"ਕੌਣ" ਨਹੀਂ, "ਕਉਣ" ਜਾਂ ਫਿਰ "ਕਵਣ" ਲਿਖਿਆ ਜਾਂਦਾ ਸੀ; "
"ਧਵਲ" ਪਰਵਾਨ ਸੀ, "ਧੌਲ" ਨਹੀਂ ਸੀ। ਇਸ ਤੋਂ ਬਿਨਾ /ਵ/ ਧੁਨੀ
ਉਚਾਰਣ ਤੇ ਲਿਖਣ ਦੀ ਰੁਚੀ ਪ੍ਰਬਲ ਸੀ। ਫਲਸ੍ਰੂਪ /ਕਿਵ/, ਜਿਵ/, /ਤਿਵ/
"ਜਿਉ", "ਤਿਉ" ਕਰਕੇ ਲਿਖੇ ਜਾਂਦੇ ਸਨ। ਹੋਰ ਢੰਗ ਅਨੁਨਾਸਿਕਤਾ
(ਸੰਪ੍ਰਦਾਨ ਕਾਰਕ ਲਈ) ਅਕਾਰ ਅੰਤ ਸ਼ਬਦ ਦੇ ਪਿੱਛੇ (ਹੁੰ) ਵਧਾ ਕੇ ਭੁਗ
ਜਿਵੇਂ ਮੁਹਹੁੰ (ਮੂਹੋਂ), ਜੀਭਹੁੰ (ਜੀਭੋਂ) ਆਦਿ। ਸ਼ਬਦ-ਜੋੜ ਦੇ ਇਹ ਪੈਟਰਨ
ਵਾਲੀ ਪੋਥੀ' (ਨੰ. ੩) ਤੇ 'ਵਿਲੱਖਣ ਤੇ ਪ੍ਰਾਚੀਨ ਬੀੜ' (ਨੰ. ੫) ਵਿਚ ਬ
ਆਏ ਹਨ। ਇਸ ਤਰ੍ਹਾਂ ਦੇ ਪ੍ਰਾਚੀਨਤਾ ਦੀ ਭਾਹ ਮਾਰਨ ਵਾਲੇ ਸ਼ਬਦ-ਜੋੜ
ਪੁਰਾਣੇ ਸ੍ਰੋਤ ਦੇ ਸੂਚਕ ਮੰਨ ਲੈਣੇ ਬਣਦੇ ਹਨ।

੮) **ਔਂਕੜ ਰਹਿਤ /ਉ/ :** ਉਪਰਲੀ ਭਾਂਤ ਦਾ ਹੀ ਇਕ
/ਉ/ ਸੁਰ ਵਾਲੇ ਸ਼ਬਦਾਂ ਵਿਚ /ਉ/ ਦਾ ਔਂਕੜ ਰਹਿਤ ਆਉਣਾ ਹੈ। ਸ. ਜੋਗਿ
ਤਲਵਾੜਾ ਨੇ ਬਾਣੀ-ਪਾਠਾਂ ਦੇ ਆਪਣੇ ਮੇਲਾਨ ਕਾਰਜ ਵਿਚ ਇਕ
ਵਰਤੋਂ ਕੀਤੀ ਹੋਈ ਹੈ ਜੋ ਸੰਮਤ ੧੭੯੭ ਵਿਚ ਤਿਆਰ ਹੋਈ। ਉਸ ਦਾ
ਸੰਚੈ ਨੂੰ ਆਦਿ ਬੀੜ ਦੀ ਨਕਲ ਦਰਸਾਂਦਾ ਸੀ ਕਿਉਂਜੋ ਤਤਕਰੇ ਵਿਚ ਸੰਸੰ
ਸੰਮਤ ੧੬੬੧ ਵਿਚ ਮੁੱਕੇ ਹੋਣ ਦਾ ਉੱਲੇਖ ਸੀ ਤੇ ਉਸ ਵਿਚ ਗੁਰੂ ਸਾ
ਹੋਣ ਦਾ ਜ਼ਿਕਰ ਵੀ ਸੀ, ਉਂਞ ਭਾਵੇਂ ਨੀਸਾਣੁ ਉਸ ਬੀੜ ਵਿਚ ਕੋਈ
ਤਲਵਾੜਾ ਜੀ ਉਸ ਨੂੰ ੧੬੬੧ ਬਿਕ੍ਰਮੀ ਵਿਚ ਲਿਖੀ ਆਦਿ ਬੀੜ ਦਾ
ਸਨ ਤੇ ਉਨ੍ਹਾਂ ਇਸ ਨੂੰ ਕਰਤਾਰਪੁਰੀ ਮਿਲਨ ਵਿਚ ਵਰਤਿਆ ਹੋਇਆ ਸੀ।
ਇਕ ਵਿਚਿਤ੍ਰਤਾ ਇਹ ਸੀ ਕਿ ਇਸ ਵਿਚ ਦਰਜ ਸਾਰੀਆਂ ਵਾਰਾਂ ਵਿਚ ਸ਼ਬਦ

ਔਂਕੜ ਤੋਂ ਬਿਨਾ /ਉ/ ਨਾਲ ਲਿਖਿਆ ਹੋਇਆ ਸੀ। ਪਤਾ ਨਹੀਂ ਇਹ ਆਦਿ ਬੀੜ ਦਾ ਖਾਸਾ ਸੀ ਯਾ ਵਾਰਾਂ ਤਿਆਰ ਕਰਨ ਵਾਲੇ ਵਿਅਕਤੀ ਦੇ ਮਨ ਦੀ ਮੌਜ। ਪਰ ਇਹ ਸ਼ੈਲੀ ਇੱਥੇ ਹੀ ਸਮਾਪਤ ਹੋਈ ਸਿੱਧ ਨਹੀਂ ਹੁੰਦੀ। 'ਸਾਰਨਕੇ ਵਾਲਾ ਗ੍ਰੰਥ' (ਨੰ. ੨੦) ਜੋ ੧੭੨੮ ਬਿ. ਵਿਚ ਲਿਖਿਆ ਗਇਆ, ਇਸੇ ਪਰਿਪਾਟੀ ਦਾ ਅਨੁਸਰਨ ਕਰਦਾ ਦਿਸਦਾ ਹੈ। ਇਸ ਗ੍ਰੰਥ ਵਿਚ ਵੀ ਪਦ 'ਗਉੜੀ' ਕਈ ਥਾਵਾਂ ਤੇ ਔਂਕੜ ਰਹਿਤ /ਉ/ ਨਾਲ ਆਇਆ ਹੈ। ਇਸ ਤੋਂ ਬਿਨਾ "ਰਹਾਉ" ਪਦ ਵੀ ਔਂਕੜ ਰਹਿਤ /ਉ/ ਨਾਲ ਹੈ। 'ਕਰਤਾਰਪੁਰੀ ਬੀੜ' ਵੀ ਇਸ ਸ਼ੈਲੀ ਤੋਂ ਮੁਕਤ ਨਹੀਂ। ਤਰਨਤਾਰਨੀ ਟੋਲੀ ਨੂੰ ਇਹ ਸ਼ਿਕਾਇਤ ਸੀ ਕਿ "ਹਉਮੈ" ਆਦਿ ਪਦ ਇਸ ਬੀੜ ਵਿਚ ਕਈ ਥਾਂਈਂ ਔਂਕੜ ਤੋਂ ਵਿਹੀਨ /ਉ/ ਨਾਲ ਲਿਖੇ ਹੋਏ ਹਨ (ਦੇਖੋ ਪਿੱਛੇ ਪੰਨਾ ੧੮੧)। ਜ਼ਾਹਿਰ ਹੈ ਕਿ ਪਾਠ ਦੇ ਸੰਬੰਧਿਤ ਹਿੱਸੇ ਕਿਸੇ ਮੁਢਲੇ ਪਰ ਸਾਂਝੇ ਸ੍ਰੋਤ ਤੋਂ ਆਏ ਸਨ। ਇਹ ਪ੍ਰਪੰਚ ਗੁਰਬਾਣੀ ਨਿਰੂਪਣ ਦੀ ਉਸ ਅਵਸਥਾ ਵਲ ਸੰਕੇਤ ਕਰਦਾ ਹੈ ਜਦੋਂ ਬਾਣੀ ਦੇ ਲਿਖਾਰੀ ਦੇਵਨਾਗਰੀ ਲਿਪੀ ਦੇ ਅਨੁਸਰਨ ਵਿਚ /ਉ/ ਨੂੰ ਵਰਣ (ਚਿੰਨ੍ਹ) ਨਹੀਂ, ਸੁਰ ਮੰਨ ਕੇ ਤੁਰ ਪੈਂਦੇ ਸਨ; ਹਾਲਾਂ ਕਿ ਪੰਜਾਬੀ ਵਿਚ /ਉ/ ਨਿਪਟ ਇਕ ਵਰਣ (ਚਿੰਨ੍ਹ) ਹੈ ਤੇ ਇਹ ਆਵਾਜ਼ ਆਪਣੀ ਵਿਸ਼ੇਸ਼ ਮਾਤ੍ਰਾ ਔਂਕੜ /ੁ/ ਲੈ ਕੇ ਹੀ ਦੇਂਦਾ ਹੈ।

੯) **ਰਹਾਉ ਵਾਲੀ ਪੰਗਤੀ ਦਾ ਅੰਕ ੧ ਨਾਲ ਆਉਣਾ :** ਕਈ ਪ੍ਰਾਚੀਨ ਬੀੜਾਂ ਵਿਚ ਰਹਾਉ ਵਾਲੀ ਤੁਕ ਦੇ ਅੰਤ ਤੇ, 'ਰਹਾਉ' ਪਦ ਤੋਂ ਪਹਲਾਂ, ਅੰਕ ੧ ਲਿਖਿਆ ਨਹੀਂ ਮਿਲਦਾ; ਤੇ ਕਈਆਂ ਵਿਚ ਲਿਖਿਆ ਮਿਲਦਾ ਹੈ। ਉਦਾਹਰਣ ਵਜੋਂ, 'ਬਾਹੋਵਾਲ ਵਾਲੀ ਪੋਥੀ' (ਨੰ. ੩) ਦੇ ਮੁਢਲੇ ਸਿਰੀ ਰਾਗੁ ਵਿਚ ਰਹਾਉ ਦੀ ਤੁਕ ਦੇ ਅੰਤ 'ਤੇ ਅੰਕ ੧ ਨਹੀਂ ਹੈ। ਅੱਗੇ ਵੀ, ਜਿੱਥੇ ਕਿਤੇ ਅੱਖਰ ਪੁਰਾਤਨ ਹਨ, ਜਿਵੇਂ ਰਾਗੁ ਗਉੜੀ ਵਿਚ, "ਰਹਾਉ" ਪਦ ਤੋਂ ਪਹਲਾਂ ਅਥਵਾ ਰਹਾਉ ਵਾਲੀ ਤੁਕ ਦੇ ਮਗਰ ਅੰਕ ੧ ਨਹੀਂ ਹੈ। ਹੋਰਨਾਂ ਬੀੜਾਂ ਵਿਚ ਵੀ ਜਿੱਥੇ ਪਾਠ ਪੁਰਾਤਨ ਸ੍ਰੋਤਾਂ ਤੋਂ ਆਏ ਹਨ, ਰਹਾਉ ਦੀ ਤੁਕ ਅੰਕ ਤੋਂ ਬਿਨਾ ਹੀ ਆਈ ਹੈ, ਜਾਂ ਫਿਰ ਅੰਕ ਮਗਰੋਂ ਘੁਸੇੜਿਆ ਹੋਇਆ ਸਿਧ ਹੁੰਦਾ ਹੈ, ਜਿਵੇਂ ਬੀੜ ਡੇਰਾ ਭਾਈ ਰਾਮ ਕਿਸ਼ਨ (ਨੰਬਰ. ੧੨) ਦੇ ਰਾਗੁ ਭੈਰਉ ਵਿਚ। ਇਸ ਬੀੜ ਵਿਚ ਇਸ ਰਾਗੁ ਦੇ, ਸ਼ਬਦ-ਜੋੜ, ਭੈਰੋ, ਪੰਡਿਤਾਊ ਨਹੀਂ, ਸਾਧਾਰਣ ਲਿਖਾਰੀਆਂ ਵਾਲੇ ਹਨ ਤੇ ਰਹਾਉ ਦੀਆਂ ਤੁਕਾਂ ਨਾਲ ਅੰਕ ਵੀ ਪਹਲਾਂ ਨਹੀਂ ਸਨ, ਬਾਅਦ ਵਿਚ ਵਧਾਏ ਹੋਏ ਹਨ। ਜੋ ਸਾਡੇ ਸਾਮ੍ਹਣੇ ਆਏ ਹਨ, ਉਨ੍ਹਾਂ ਵਿਚ ਵੀ ਰਹਾਉ ਵਾਲੀ ਤੁਕ ਅੰਕ ਤੋਂ ਬਿਨਾ ਹੈ। 'ਬਾਬਾ ਮੋਹਨ ਵਾਲੀਆਂ ਪੋਥੀਆਂ' ਵਿਚ ਰਹਾਉ ਦੀ ਤੁਕ ਦੇ ਅੰਤ 'ਤੇ ਅੰਕ ੧ ਹੈ ਤੇ ਕਰਤਾਰਪੁਰੀ ਬੀੜ ਦੀਆਂ ਰਹਾਉ ਦੀਆਂ ਤੁਕਾਂ ਨਾਲ ਵੀ ਅੰਕ ੧ ਆਇਆ ਹੈ। ਇਕ ਹੋਰ ਵਿਲਖਣ ਗੱਲ ਇਸ ਸੰਮਤ ੧੭੯੭ ਵਾਲੀ ਬੀੜ ਦੀ ਇਹ ਹੈ ਕਿ ਇਸ ਵਿਚ ਰਾਗੁ ਆਸਾ ਮਹਲਾ ੫ ਦੇ ਸ਼ਬਦ "ਗੋਬਿੰਦ ਗੋਬਿੰਦ ਸੰਗ ਨਾਮਦੇਉ ਮਨੁ ਲੀਨਾ" ਵਿਚ ਕਰਤਾਰਪੁਰੀ ਬੀੜ ਵਾਲਾ ਪਾਠ 'ਬੁਨਨਾ ਤਤਨਾ' ਹੀ ਆਇਆ ਸੀ ਜੋ ਬਾਅਦ ਵਿਚ ਭੰਨ ਕੇ ਠੀਕ ਕੀਤਾ ਗਇਆ। ਇਹ ਸਾਂਝ ਦੋਹਾਂ ਦੇ ਕਿਸੇ ਪੁਰਾਣੇ ਸ੍ਰੋਤ ਤੋਂ ਆਏ ਹੋਣ ਕਾਰਣ ਹੋ ਸਕਦੀ ਹੈ।

'ਗੁਰੂ ਹਰਿ ਸਹਾਇ ਵਾਲੀ ਪੋਥੀ' (ਨੰ. ੨) ਉਪਰ ਉੱਧ੍ਰਿਤ ਕਬੀਰ ਗੁਸਾਈ ਵਾਲੇ ਪਦੇ (ਪਲੇਟ X, ਚਿਤ੍ਰ ੮/ਉ) ਵਿਚ ਵੀ ਰਹਾਉ ਨਾਲ ਅੰਕ ਨਹੀਂ। ਹੋਰਨਾਂ ਕਈ ਬੀੜਾਂ ਵਿਚ ਵੀ ਰਹਾਉ ਦੀ ਤੁਕ ਦੇ ਅੰਤ ਤੇ ਅੰਕ ਨਹੀਂ ਸਨ, ਦਰੁਸਤੀ ਵਜੋਂ ਬਾਅਦ ਵਿਚ ਵਧਾਏ ਹੋਏ ਹਨ। ਅਜੇਹੀ ਇਕ ਬੀੜ ਜੋਗਰਾਜ ਲਿਖਿਤ (ਨੰ. ੧੯) ਹੈ, ਜਿਸ ਦੀਆਂ ਰਹਾਉ ਦੀਆਂ ਤੁਕਾਂ ਨਾਲ ਅੰਕ ਨਹੀਂ ਸਨ, ਮਗਰੋਂ ਸੁਧਾਈ ਵਜੋਂ ਵਧਾਏ ਹੋਏ ਹਨ। ਕੁਝ ਗ੍ਰੰਥ ਤਾਂ ਰਹਾਉ ਦੀ ਤੁਕ ਨੂੰ ਅੰਕ ਤੋਂ ਬਿਨਾ ਲਿਖਣ ਦੀ ਰੀਤਿ ਦੀ ਪਾਲਨਾ ਸ਼ਿੱਦਤ (ਕਰੜਾਈ) ਨਾਲ ਕਰਦੇ ਸਿੱਧ ਹੁੰਦੇ ਹਨ। 'ਸਾਰਨਕੇ ਵਾਲਾ ਗ੍ਰੰਥ' (ਨੰ. ੨੦) ਤੇ 'ਅਮੋਲਕ ਬੀੜ' (ਨੰ. ੩੯) ਇਸ ਗੱਲ ਦਾ ਵਧੀਆ ਪ੍ਰਮਾਣ ਹਨ। ਇਨ੍ਹਾਂ ਵਿਚ ਰਹਾਉ ਦੀ ਤੁਕ ਸਭ ਥਾਂ ਅੰਕ-ਰਹਿਤ ਹੈ। ਕਾਵਿ-ਨਿਰੂਪਣ ਦੀ ਪ੍ਰਮਾਣਿਕ ਪੱਧਤੀ ਵੀ ਇਹੀ ਹੈ। ਸਤਾਰ੍ਹਵੀਂ ਸਦੀ ਈਸਵੀ ਦੀ ਫ਼ਾਰਸੀ ਅੱਖਰਾਂ ਵਾਲੀ ਇਕ ਬਿਆਜ਼ ਵਿਚ ਵੀ, ਜਿਸ ਦੇ ਦੋ ਪਤ੍ਰਿਆਂ ਦਾ ਅਕਸ ਅਸੀਂ ਅੱਗੇ ਚਲ ਕੇ ਦਿਆਂਗੇ, ਇਸੇ ਰੀਤਿ ਨੂੰ ਨਿਭਾਇਆ ਗਇਆ ਹੈ। ਇਸ ਤੋਂ ਅਸੀਂ ਸਹਜੇ ਹੀ ਇਸ ਸਿੱਟੇ ਤੇ ਪੁਜ ਸਕਦੇ ਹਾਂ ਕਿ ਬੀੜਾਂ ਦੀ ਪੁਰਾਤਨਤਾ ਦਾ ਇਕ ਹੋਰ ਪੈਰ-ਚਿੰਨ੍ਹ ਰਹਾਉ ਵਾਲੀ ਤੁਕ ਦਾ ਅੰਕ ਤੋਂ ਬਿਨਾ ਆਉਣਾ ਹੈ। ਪ੍ਰਾਚੀਨ ਬੀੜਾਂ ਵਿਚ ਅੰਕ-ਰਹਿਤ ਰਹਾਉ ਦੀਆਂ ਤੁਕਾਂ ਸੰਬੰਧਿਤ ਹਿੱਸਿਆਂ ਦੇ ਪ੍ਰਾਚੀਨ ਹੋਣ ਦੀ ਸਾਖ ਭਰਦੀਆਂ ਹਨ। ਪਰੰਤੂ, ਇਹ ਗੱਲ ਨਹੀਂ ਭੁਲਣੀ ਚਾਹੀਦੀ ਕਿ ਰਹਾਉ ਨਾਲ ਅੰਕ ਲਗਾਉਣ ਦੀ ਪਰਿਪਾਟੀ ਛੇਤੀ ਹੀ ਚਲ ਪਈ ਸੀ, ਭਾਵੇਂ ਭੁੱਲ ਕਾਰਣ ਚਲੀ। ਬਾਬਾ ਮੋਹਨ ਵਾਲੀਆਂ ਪੋਥੀਆਂ, ਕਰਤਾਰਪੁਰੀ ਬੀੜ ਤੇ ਭਾਈ ਬੰਨੋ ਵਾਲੀ ਕਥਿਤ ਬੀੜ, ਜਿਨ੍ਹਾਂ ਨੂੰ ਅਸੀਂ ਮੁਢਲੇ ਸੰਗ੍ਰਹੇ ਮੰਨਦੇ ਹਾਂ, ਰਹਾਉ ਦੀ ਤੁਕ ਨਾਲ /੧/ ਅੰਕ ਲੈ ਕੇ ਆਈਆਂ ਹਨ।

੧੦) **ਪੈਰ-ਚਿੰਨ੍ਹਾਂ ਦੀ ਭਾਲ ਅੱਖਰਾਂ ਦੀ ਬਨਾਵਟ ਤੇ ਲਿਖਣ-ਸ਼ੈਲੀ** ਵਿਚ ਵੀ ਕੀਤੀ ਜਾਂਦੀ ਹੈ। ਅੱਖਰਾਂ ਦੀ ਬਨਾਵਟ ਤੇ ਉਨ੍ਹਾਂ ਦੇ ਸਮੇਂ ਦੀ ਪਛਾਣ ਇਕ ਵੱਖਰਾ ਅਧਿਐਨ ਹੈ। ਅਸੀਂ ਉਸ ਵਿਚ ਇੱਥੇ ਨਹੀਂ ਜਾ ਸਕਦੇ। ਪੁਰਾਣੇ ਅੱਖਰਾਂ ਦਾ ਭਾਨ ਪਾਠਕ ਇਸ ਪੁਸਤਕ ਵਿਚ ਦਿੱਤੀਆਂ ਪਲੇਟਾਂ ਤੋਂ ਲਾ ਸਕਦੇ ਹਨ। ਖੈਰ, ਇਹ ਮੰਨਿਆ ਜਾਂਦਾ ਹੈ ਕਿ ਵਰਤਮਾਨ ਕੰਨੇ ਦੀ ਥਾਂ ਤੇ ਗੋਲ ਬਿੰਦੀ ਦੀ ਵਰਤੋਂ, ਲਿਖਤ ਦੇ ਪੁਰਾਤਨ ਹੋਣ ਦੀ ਨਿਸ਼ਾਨੀ ਹੈ, ਜਿਵੇਂ ਕਿ ਉਪਰ ਲਿਖਿਆ ਜਾ ਚੁਕਿਆ ਹੈ। ਕਨੌੜੇ ਦੀ ਥਾਂ /ਅਉ/ ਦਾ ਵਰਤਣਾ ਭੀ ਪੁਰਾਤਨ ਲਿਖਣ-ਸ਼ੈਲੀ ਦਾ ਅੰਗ ਹੈ। ਇਨ੍ਹਾਂ ਤੋਂ ਬਿਨਾ ਲਿਖਣ ਵਿਚ ਕਿਸੇ ਫ਼ੈਸ਼ਨ ਦਾ ਚਲ ਪੈਣਾ ਵੀ ਸਮੇਂ ਦਾ ਸੂਚਕ ਹੋ ਸਕਦਾ ਹੈ। 'ਭਾਈ ਬੰਨੋ ਵਾਲੀ ਬੀੜ' ਵਿਚ ਅਸੀਂ ਮੂਲਮੰਤ੍ਰ ਜਾਂ ਮੰਗਲ ਦੇ ਏਕੇ /੧/ ਨੂੰ ਲਮਕਾ ਕੇ ਹੇਠਲੀਆਂ ਸਤਰਾਂ ਵਿਚ ਲੈ ਜਾਣ ਦੀ ਗੱਲ ਕਰ ਆਏ ਹਾਂ (ਦੇਖੋ ਪਲੇਟ XXIV ਚਿਤ੍ਰ ੧੯ ਅਤੇ ਪਿੱਛੇ ਪੰਨਾ ੨੫੦ ਤੇ ਦਿੱਤਾ ਚਿਤ੍ਰ)। ਲਿਖਾਰੀ ਇਸ ਵਿਧੀ ਰਾਹੀਂ ਇੱਕੋ ਇੱਕ ਪਰਮਾਤਮਾ ਨੂੰ ਸਭ ਥਾਂ ਵਿਆਪਕ ਦਰਸਾਣਾ ਲੋੜਦਾ ਲਗਦਾ ਹੈ। ਇਹ ਲਿਖਣ-ਸ਼ੈਲੀ ਅਸੀਂ 'ਬਾਹੋਵਾਲ ਵਾਲੀ ਪੋਥੀ' ਦੇ ਇਕ ਹਿੱਸੇ ਵਿਚ ਅਤੇ ਕੁਝ ਹੋਰ ਪੁਰਾਤਨ ਬੀੜਾਂ, ਜਿਵੇਂ ਡੇਰਾ ਰਾਮ ਕਿਸ਼ਨ

ਵਾਲੀ ਬੀੜ (ਨੰ. ੧੩) ਤੇ ਪੰਜਾਬ ਪੁਰਾਤਤ੍ਵ ਵਿਭਾਗ ਵਾਲੀ ਬੀੜ (ਨੰ. ੧੭) ਵਿਚ ਨਿਰੂਪਿਤ ਹੋਈ ਦੇਖ ਸਕਦੇ ਹਾਂ। ਫਲਸ੍ਵਰੂਪ ਅਜੇਹੀ ਸ਼ੈਲੀ ਵਾਲੀਆਂ ਲਿਖਤਾਂ ਕਾਲ ਦੇ ਪੱਖ ਤੋਂ, 'ਭਾਈ ਬੰਨੋ ਵਾਲੀ ਬੀੜ' ਦੇ ਨੇੜੇ ਤੇੜੇ ਆ ਜਾਂਦੀਆਂ ਹਨ।

੧੧) **ਚਲਿਤ੍ਰ ਜੋਤੀ ਜੋਤਿ ਸਮਾਵਣ ਕੇ** : ਇਹ ਵੀ ਬੀੜ ਦੇ ਸਮੇਂ ਨੂੰ ਨਿਰਧਾਰਿਤ ਕਰਨ ਲਈ ਇਕ ਮਹੱਤਵਪੂਰਣ ਸਾਧਨ ਜੁਟਾਉਂਦੇ ਹਨ। ਇਹ ਦੋ ਤਰ੍ਹਾਂ ਸਹਾਇਤਾ ਕਰਦੇ ਹਨ : ਇਕ ਤਾਂ ਅੰਤ 'ਤੇ ਦਰਜ ਚਲਿਤ੍ਰ ਬੀੜ ਦੇ ਲਿਖੇ ਜਾਣ ਦਾ ਸਮਾਂ ਦਸਦਾ ਹੈ; ਦੂਜੇ, ਚਲਿਤ੍ਰਾਂ ਦਾ ਲਿਖਣ-ਢੰਗ ਉਸ ਸ੍ਰੋਤ ਨੂੰ ਪ੍ਰਗਟ ਕਰਦਾ ਹੈ, ਜਿੱਥੋਂ ਇਹ ਆਏ ਹੁੰਦੇ ਹਨ। ਦੂਜੇ ਸ਼ਬਦਾਂ ਵਿਚ ਮੂਲ ਕਾਪੀ, ਜਿੱਥੋਂ ਬੀੜ ਨਕਲ ਕੀਤੀ ਗਈ ਹੁੰਦੀ ਹੈ, ਦੀ ਟੋਹ ਲਾਉਣ ਵਿਚ ਵੀ ਇਹ ਕਈ ਵਾਰ ਸਹਾਈ ਹੁੰਦੇ ਹਨ। ਪਰੰਤੂ, ਇਹ ਇਕ ਬੜਾ ਛਲਾਵਾ ਜੇਹਾ ਪੈਰ-ਚਿੰਨ੍ਹ ਹੈ। ਜ਼ਰੂਰੀ ਨਹੀਂ ਕਿ ਬੀੜ ਦੇ ਲਿਖਾਰੀ ਨੇ ਇਸ ਨੂੰ ਮੂਲ ਗ੍ਰੰਥ ਤੋਂ ਹੀ, ਜਿਸ ਤੋਂ ਉਹ ਬੀੜ ਦਾ ਉਤਾਰਾ ਕਰ ਰਹਿਆ ਹੈ, ਲਇਆ ਹੋਵੇ। ਉਹ ਇਹ ਸੂਚਨਾ ਬਾਹਰੋਂ ਵੀ ਲੈ ਕੇ ਆਪਣੇ ਗ੍ਰੰਥ ਵਿਚ ਟਾਂਕ ਸਕਦਾ ਹੈ। ਤਾਂ ਵੀ, ਇਸ ਦੀ ਮੌਜੂਦਗੀ ਸਮੇਂ ਦਾ ਕੁਝ ਕੁ ਭਾਨ ਜ਼ਰੂਰ ਕਰਾ ਦੇਂਦੀ ਹੈ।

੪. ਬਾਣੀ ਸੰਕਲਣ ਤੇ ਨਿਰੂਪਣ ਦੇ ਮੁਢਲੇ ਸ੍ਵਰੂਪ

ਬਾਣੀ ਸੰਕਲਣ ਤੇ ਨਿਰੂਪਣ ਦੇ ਮੁਢਲੇ ਸ੍ਵਰੂਪਾਂ ਦਾ ਭਾਨ ਸਾਨੂੰ ਇਸ ਵਕਤ ਪ੍ਰਾਪਤ ਕੁਝ ਕੁ ਪੋਥੀਆਂ ਤੋਂ ਹੁੰਦਾ ਹੈ। ਉਨ੍ਹਾਂ ਦੀ ਗਿਣਤੀ, ਜਿਵੇਂ ਕਿ ਅਸੀਂ ਦੇਖ ਚੁਕੇ ਹਾਂ, ਬਹੁਤ ਥੋੜੀ ਹੈ ਤੇ ਉਨ੍ਹਾਂ ਸਭਨਾਂ ਬਾਰੇ ਭਰਪੂਰ ਜਾਣਕਾਰੀ ਸਾਡੇ ਕੋਲ ਨਹੀਂ ਹੈ। ਤਾਂ ਵੀ, ਜੋ ਕੁਝ ਸਪਸ਼ਟ ਅਤੇ ਨਿਰਵਿਵਾਦ ਰੂਪ ਵਿਚ ਉਘੜ ਕੇ ਅੱਖਾਂ ਸਾਮ੍ਹਣੇ ਆਉਂਦਾ ਹੈ, ਉਹ ਇਸ ਪ੍ਰਕਾਰ ਹੈ :–

੧. ਬਾਣੀ ਲਿਖਣ ਸਮੇਂ ਰਾਗੁ ਦਾ ਆਰੰਭ ਮੰਗਲ ਨਾਲ ਕੀਤਾ ਜਾਂਦਾ ਸੀ ਜਿਸ ਦੇ, ਜਿਵੇਂ ਕਿ ਉਪਰ ਵਰਣਿਤ ਹੋ ਚੁਕਿਆ ਹੈ, ਕਈ ਸ੍ਵਰੂਪ ਪ੍ਰਚਲਿਤ ਸਨ। ਅਨੁਮਾਨ ਇਹੀ ਹੈ ਕਿ ਮੁਢ ਵਿਚ "ਗੁਰੂ ਸਤਿ" ਜਾਂ "ਸਤਿਗੁਰੂ ਪ੍ਰਸਾਦਿ" ਮੰਗਲ ਵਜੋਂ ਵਰਤਿਆ ਜਾਂਦਾ ਸੀ, ਮੂਲਮੰਤ੍ਰ ਬਾਅਦ ਵਿਚ ਪ੍ਰਚਲਿਤ ਹੋਇਆ। 'ਬਾਹੋਵਾਲ ਵਾਲੀ ਪੋਥੀ' (ਨੰ. ੩) ਵਿਚ ਇਨ੍ਹਾਂ ਮੁਢਲੇ ਮੰਗਲਾਂ ਦੀ ਵਰਤੋਂ ਕਈ ਥਾਈਂ ਹੋਈ ਹੋਈ ਮਿਲਦੀ ਹੈ। ਮੰਗਲ ਵਜੋਂ ਮੂਲਮੰਤ੍ਰ ਦੇ ਲਿਖੇ ਜਾਣ ਦੀ ਪਰਿਪਾਟੀ 'ਬਾਬਾ ਮੋਹਨ ਵਾਲੀਆਂ ਪੋਥੀਆਂ' ਨਾਲ ਆਰੰਭ ਹੋਈ ਕਹੀ ਜਾ ਸਕਦੀ ਹੈ, ਪਰ ਵਾਸਤਵ ਵਿਚ ਇਨ੍ਹਾਂ ਪੋਥੀਆਂ ਦੇ ਲਿਖਾਰੀ ਨੇ ਵੀ ਪੁਰਾਣੀ ਰੀਤਿ ਦਾ ਤਿਆਗ ਕੀਤਾ ਨਹੀਂ ਕਹਿਆ ਜਾ ਸਕਦਾ, ਕਿਉਂਜੋ 'ਬਾਬਾ ਮੋਹਨ ਵਾਲੀਆਂ ਪੋਥੀਆਂ' ਵਿਚ ਆਏ ਸਾਰੇ ਮੂਲਮੰਤ੍ਰ ਮੁਢ ਵਿਚ "੧ਓ ਸ੍ਰੀ ਸਤਿਗੁਰ ਪ੍ਰਸਾਦਿ" ਜਾਂ "੧ਓ ਸਤਿਗੁਰ ਪ੍ਰਸਾਦਿ" ਲੈ ਕੇ ਹੀ ਆਏ ਹਨ। ਪਹਲਾਂ ਛੋਟਾ ਮੰਗਲ

ਲਿਖਕੇ ਬਾਅਦ ਵਿਚ ਮੂਲਮੰਤ੍ਰ "**ਸਚੁ ਨਾਮੁ ਕਰਤਾਰੁ ਨਿਰਭਉ ਨਿ**[illegible] **ਮੂਰਤਿ ਅਜੂਨੀ ਸੰਭਉ**", ਲਿਖਿਆ ਹੋਇਆ ਹੈ; ਕਈ ਵਾਰੀ ਤਾਂ "ਸਤਿਗੁਰ [illegible] ਅੰਤ ਤੇ ਮੁੜ ਦੁਹਰਾਇਆ ਹੋਇਆ ਵੀ ਨਜ਼ਰ ਆਉਂਦਾ ਹੈ। ਮੰਗਲ ਵਜੋਂ "੧ਓ [illegible] ਪਰਸਾਦ" ਲਿਖਣ ਦੀ ਇਹ ਪਰਿਪਾਟੀ ਮੂਲਮੰਤ੍ਰ ਦੇ ਚਲ ਪੈਣ ਪਿਛੋਂ ਵੀ [illegible] ਚਲਦੀ ਰਹੀ। ਸਾਡੇ ਸਰਵੇਖਣ ਵਿਚ ਤਿੰਨ ਅਜੇਹੀਆਂ ਬੀੜਾਂ ਦਾ ਉੱਲੇਖ [illegible] ਵਿਚ ਮੂਲਮੰਤ੍ਰ ਬਾਣੀ ਦੇ ਮੁਢ ਵਿਚ ਕਿਤੇ ਥਾਂ ਨਹੀਂ ਆਇਆ; ਸਭ ਥ[illegible] (੧ਓ ਸਤਿਗੁਰ ਪ੍ਰਸਾਦਿ) ਵਰਤਿਆ ਹੋਇਆ ਹੈ। ਇਨ੍ਹਾਂ ਵਿੱਚੋਂ ਪਹਲੀ ਸੰਮਤ [illegible] ਵਿਚ ਤਿਆਰ ਹੋਇਆ ਸਾਰਨਕੇ ਵਾਲਾ ਗ੍ਰੰਥ (ਨੰ. ੨੦) ਹੈ, ਦੂਜੀ ਡਾ[illegible] ਨਿਰੰਕਾਰੀ ਵਾਲੀ ਬੀੜ (ਨੰ. ੩੧) ਹੈ ਅਤੇ ਤੀਜੀ ਸੰਮਤੁ ੧੮੧੨ ਵਿਚ [illegible] 'ਅਮੋਲਕ ਬੀੜ ਪਟਿਆਲਾ' (ਨੰ. ੩੯) ਹੈ।

੨. ਸੰਬੰਧਿਤ ਰਾਗੁ ਵਿਚ ਬਾਣੀ ਦਰਜ ਕਰਦੇ ਸਮੇਂ ਰਾਗੁ ਦੀ [illegible] ਜ਼ਰੂਰੀ ਸਮਝੇ ਜਾਂਦੇ ਸੰਬੋਧਨੀ ਪਦ ਤੇ ਟੇਕ ਵਾਲੀਆਂ ਤੁਕਾਂ ਵੀ ਪੂਰੇ ਵੇਰਵੇ [illegible] ਦਿੱਤੀਆਂ ਜਾਂਦੀਆਂ ਸਨ। ਉਦਾਹਰਣ ਵਜੋਂ, ਰਾਗੁ ਮਾਝ ਮਹਲਾ ੫ ਦਾ [illegible] "ਮੇਰਾ ਮਨ ਲੋਚੇ ਗੁਰਦਰਸ਼ਨ ਤਾਈ", 'ਬਾਹੋਵਾਲ ਵਾਲੀ ਪੋਥੀ' ਵਿਚ ਰ[illegible] ਹੀ ਤੁਕ ਨਾਲ ਦਰਜ ਹੈ, ਜਦੋਂ ਕਿ ਛਪੇ ਗ੍ਰੰਥਾਂ ਵਿਚ ਰਹਾਉ ਵਾਲੀ ਤੁਕ ਹ[illegible] ਮਗਰ ਮਾਮੂਲੀ ਜੇਹੀ ਤਬਦੀਲੀ ਨਾਲ ਦੁਹਰਾਈ ਹੋਈ ਹੈ। ਫਲਸ੍ਵਰੂਪ, ਛ[illegible] ਰਹਾਉ ਦੀਆਂ ਚਾਰ ਤੁਕਾਂ ਵਿਦਮਾਨ ਹਨ। ਸਿੱਧ ਹੈ ਕਿ ਆਦਿ ਬੀੜ ਵਿਚ [illegible] ਉਸ ਵਕਤ ਬਣ ਚੁਕੀ ਕੀਰਤਨੀ-ਸ਼ੈਲੀ ਨਾਲ ਅੰਕਿਤ ਹੋਇਆ ਹੈ। ਦੂਜੇ ਪਦਿ[illegible] ਵੀ ਇਸੇ ਤਰ੍ਹਾਂ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ।

"ਸੋ ਦਰੁ" ਨਾਂ ਦੀ ਬਾਣੀ ਛਪੇ ਗ੍ਰੰਥਾਂ ਵਿਚ ਤਿੰਨ ਥਾਵਾਂ ਤੇ ਦਰਜ ਹੈ; ਇ[illegible] ਸਾਹਿਬ ਵਿਚ, ਦੂਜੀ ਰਹਰਾਸਿ ਵਿਚ, ਤੇ ਤੀਜੀ ਰਾਗੁ ਆਸਾ ਦੇ ਮੁਢ ਵਿ[illegible] ਗਇਆ ਹੈ ਕਿ ਰਹਰਾਸਿ ਤੇ ਰਾਗੁ ਆਸਾ ਵਾਲੇ ਇਸ ਦੇ ਪਾਠ ਵਿਚ ਜਪੁਜੀ [illegible] "ਤੇਰੇ", "ਤੁਧਨੂੰ", ਆਦਿ ਸੰਬੋਧਨੀ ਪਦ ਕਈ ਥਾਵਾਂ ਤੇ ਵਧ ਹਨ। ਇਹ ਸਭ [illegible] ਨੂੰ ਸਜੀਵ ਸੰਬੋਧਨੀ ਸ਼ੈਲੀ ਦੇਣ ਦੇ ਉਸ ਸਮੇਂ ਚਲਦੇ ਚਿੰਨ੍ਹ ਹਨ। ਜਦੋਂ ਇ[illegible] ਵਿਚ ਸੰਕਲਿਤ ਕੀਤੀ ਗਈ ਤਾਂ ਇਹ ਸੰਬੋਧਨੀ ਪਦ ਵੀ ਨਕਲ ਹੋ ਗਏ, [illegible] 'ਵਿਲੱਖਣ ਤੇ ਪ੍ਰਾਚੀਨ ਬੀੜ' (ਨੰ. ੫) ਦੇ ਜਪੁਜੀ ਸਾਹਿਬ ਵਿਚਲੇ "ਸੋ ਦਰੁ" ਦੇ ਪਾ[illegible] ਇਹ ਹੁਣ ਵੀ ਹਨ। ਫਿਰ ਜਦੋਂ ਗੁਰੂ ਰਾਮਦਾਸ ਦੇ ਦਸਤਖਤਾਂ ਵਾਲਾ ਜ[illegible] ਗਇਆ, ਤਾਂ ਜਪੁ ਵਾਲੇ ਪਾਠ ਵਿੱਚੋਂ ਇਹ ਸੰਬੋਧਨੀ ਪਦ ਕੱਢ ਦਿੱਤੇ ਗਏ; ਕ[illegible] ਭਾਵ ਇਹ ਕਿ ਇਸ ਬਾਣੀ ਨੂੰ ਕਾਵਿ-ਨਿਰੂਪਣ ਦੀ ਪੱਧਤੀ ਅਨੁਸਾਰ ਇਸ [illegible] ਕਾਵਿ-ਰੂਪ ਵਿਚ ਅੰਕਿਤ ਕੀਤਾ ਗਇਆ। 'ਸਾਰਨਕੇ ਵਾਲੇ ਗ੍ਰੰਥ' (ਨੰ. ੨੦) [illegible] ਵਿਚਲਾ "ਸੋਦਰੁ" ਦਾ ਪਾਠ, ਜਪੁਜੀ ਸਾਹਿਬ ਵਾਲੇ "ਸੋ ਦਰੁ" ਦੇ ਪਾਠ ਵਾ[illegible]

ਸੰਬੋਧਨੀ ਪਦਾਂ ਤੋਂ ਮੁਕਤ ਹੈ, ਪਰ ਅੰਦਰ ਰਾਗੁ ਆਸਾ ਵਿਚ ਦਰਜ "ਸੋ ਦਰੁ" ਦੇ ਪਾਠ ਵਿਚ ਸੰਬੋਧਨੀ ਪਦ ਹਨ। ਸਾਰਨਕੇ ਵਾਲੇ ਗ੍ਰੰਥ (ਨੰ. ੨੦)ਦੇ ਲੇਖਕ ਨੇ ਰਾਗੁ ਆਸਾ ਵਿਚਲੇ ਪਾਠ ਨੂੰ ਰਾਗੁ ਦੀ ਕੈਦ ਵਿਚ ਬੱਧਾ ਹੋਣ ਕਾਰਣ ਨਹੀਂ ਛੇੜਿਆ ਤੇ ਸੰਬੋਧਨੀ ਪਦਾਂ ਨੂੰ ਓਵੇਂ ਜਿਵੇਂ ਰਹਣ ਦਿੱਤਾ ਲਗਦਾ ਹੈ, ਪਰ ਰਹਰਾਸਿ ਵਿਚਲੇ ਪਾਠ ਵਿੱਚੋਂ ਕੱਢ ਦਿੱਤੇ, ਸ਼ਾਇਦ ਇਸ ਕਾਰਣ ਕਿ ਰਹਰਾਸਿ ਵਿਚ ਦਰਜ ਬਾਣੀ ਨਿਤਨੇਮ ਵਜੋਂ ਪੜ੍ਹੀ ਜਾਣ ਕਰਕੇ ਰਾਗੁ ਦੀ ਬੰਦਿਸ਼ ਤੋਂ ਮੁਕਤ ਹੋਣ ਦਾ ਦਾਅਵਾ ਕਰ ਸਕਦੀ ਸੀ।

ਗਾਇਨ ਦੀ ਸੁਵਿਧਾ ਲਈ ਰਦੀਫ਼ ਵਜੋਂ 'ਸਿਰੀ ਰਾਗੁ ਪਹਰੇ ਮਹਲਾ ੧ ਘਰੁ ੧' ਵਿਚ ਵਧਾਏ ਪਦ /ਵੇ/ ਦਾ ਉੱਲੇਖ ਅਸੀਂ 'ਵਿਲੱਛਣ ਤੇ ਪ੍ਰਾਚੀਨ ਬੀੜ' (ਨੰ. ੫) ਵਿਚ ਕਰ ਆਏ ਹਾਂ। ਇਹ ਪ੍ਰਚਲਿਤ ਪਾਠ ਨਾਲੋਂ ਵਧ ਆਪਣੇ ਵਲੋਂ ਜੋੜਿਆ ਪਦ ਹੈ। ਇਸ ਤਰ੍ਹਾਂ ਛਪੇ ਗ੍ਰੰਥਾਂ ਵਿਚ ਸਿਰੀ ਰਾਗੁ ਕੇ ਪਹਰੇ ਨਾਂ ਦੀ ਬਾਣੀ ਵਿਚ "ਮਨ ਪਿਆਰਿਆ ਮਿਤ੍ਰਾ ਜੀਉ ਗੋਬਿੰਦ ਨਾਮ ਸਮਾਲੇ" ਵਿਚ 'ਵਿਲੱਖਣ ਤੇ ਪੁਰਾਤਨ ਬੀੜ' (ਨੰ. ੫) ਦੇ ਮੁਕਾਬਲੇ ਤੇ "ਜੀਉ" ਵਧ ਹੋਣ ਦਾ ਪਤਾ ਵੀ ਲਾ ਆਏ ਹਾਂ। ਉਸ ਬੀੜ ਵਿਚ ਸੰਬੋਧਨੀ ਪਦ ਨਿਪਟ "ਪਿਆਰਿਆ ਮਿਤ੍ਰਾ" ਹੈ। ਇਹੀ ਹਾਲਤ ਬੀੜ (ਨੰ. ੨੦) ਸਾਰਨਕੇ ਵਾਲੇ ਗ੍ਰੰਥ ਦੀ ਹੈ। ਉਸ ਵਿਚ ਵੀ ਛਪੇ ਗ੍ਰੰਥਾਂ ਦੇ ਸੰਬੋਧਨੀ ਪਦਿਆਂ "ਵਣਜਾਰਿਆ ਮਿਤ੍ਰਾ" ਤੇ "ਪਿਆਰਿਆ ਮਿਤ੍ਰਾ ਜੀਉ" ਦੀ ਥਾਂ ਨਿਪਟ "ਵਣਜਾਰਿਆ" ਤੇ "ਪਿਆਰਿਆ ਮਿਤ੍ਰਾ" ਆਏ ਹਨ। ਗਾਇਣ-ਸ਼ੈਲੀ ਦੀ ਲੋੜ ਨੂੰ ਪੂਰਾ ਕਰਨ ਲਈ ਕੋਈ ਪਦ ਆਪਣੇ ਕੋਲੋਂ ਪਾ ਲੈਣਾ ਬੜੀ ਸੁਭਾਵਿਕ ਜੇਹੀ ਗੱਲ ਸੀ।[3]

ਲੌਕਿਕ ਦਖਲ-ਅੰਦਾਜ਼ੀ ਵਾਲੇ ਇਹ ਪਾਠ ਬਾਣੀ ਦੇ ਲੋਕਾਂ ਦੀਆਂ ਸੰਚੀਆਂ ਵਿੱਚੋਂ ਚੱਕਰ ਕਟ ਕੇ ਆਏ ਹੋਣ ਦਾ ਪਤਾ ਦੇਂਦੇ ਹਨ ਤੇ ਆਪਣੀ ਪ੍ਰਕ੍ਰਿਤੀ ਵਿਚ ਉਸੇ ਤਰ੍ਹਾਂ ਦੇ ਹਨ ਜਿਸ ਤਰ੍ਹਾਂ ਦੇ ਕਿ ਗ੍ਰਾਮੀਨ ਅਥਵਾ ਲੌਕਿਕ ਉਚਾਰਣ ਵਾਲੇ "ਅੰਬ੍ਰਿਤ" (ਅਮ੍ਰਿਤ), "ਸੰਮ੍ਰਥ" (ਸਮ੍ਰਥ), "ਗੋਇੰਦ" (ਗੋਬਿੰਦ) ਆਦਿ।

੩. ਮੁਢ ਵਿਚ ਰਾਗਾਂ ਦਾ ਕ੍ਰਮ ਨਿਸ਼ਚਿਤ ਨਹੀਂ ਸੀ। ਰਾਗਾਂ ਵਿਚ ਵੰਡੀ ਬਾਣੀ ਦੇ ਸਮੂਹ ਤਿਆਰ ਹੋ ਕੇ ਸਿਖ ਜਗਤ ਵਿਚ ਘੁਮਦੇ ਰਹਿੰਦੇ ਸਨ ਤੇ ਜਿਵੇਂ ਜਿਵੇਂ ਸ਼ਰਧਾਲੂਆਂ ਦੇ ਹੱਥਾਂ ਵਿਚ ਆਉਂਦੇ ਸਨ, ਉਹ ਆਪਣੇ ਸੰਚਿਆਂ ਵਿਚ ਦਰਜ ਕਰਦੇ ਚਲੇ ਜਾਂਦੇ ਸਨ। ਮੁਢਲੀਆਂ ਸਾਰੀਆਂ ਪੋਥੀਆਂ 'ਬਾਬਾ ਮੋਹਨ ਵਾਲੀਆਂ' (ਨੰ. ੧), 'ਗੁਰੂ ਹਰਿ ਸਹਾਇ ਵਾਲੀ' (ਨੰ. ੨),'ਬਾਹੋਵਾਲ ਵਾਲੀ' (ਨੰ. ੩) ਤੇ ਧਰਮਸਾਲਾ ਭਾਈ ਪੈਂਹਦਾ ਵਾਲੀ (ਨੰ. ੪),'ਵਿਲੱਖਣ ਤੇ ਪ੍ਰਾਚੀਨ ਬੀੜ' (ਨੰ. ੫) ਵਿਚਲੇ ਰਾਗਾਂ ਦੇ ਕ੍ਰਮ, ਜੋ ਉਘੜ ਦੁਘੜ ਹਨ, ਸਾਡੀ ਇਸ

[3]ਇਸ ਗੱਲ ਦਾ ਇਕ ਵਧੀਆ ਉਦਾਹਰਣ ਸੁਲਤਾਨ ਬਾਹੂ ਦਾ ਕਲਾਮ ਹੈ। ਅੱਜ ਕਲ ਇਹ ਉਸ ਲਈ ਚਲ ਚੁਕੀ "ਹੂ" ਵਾਲੀ ਗਾਇਣ ਸ਼ੈਲੀ (ਅਲਿਫ ਅਲਾਹ ਚੰਬੇ ਦੀ ਬੂਟੀ, ਮੁਰਸ਼ਿਦ ਮੇਰੇ ਲਾਈ ਹੂ) ਵਿਚ ਪ੍ਰਕਾਸ਼ਿਤ ਮਿਲਦਾ ਹੈ। ਪਰ ਸਾਨੂੰ ਇਸ ਦਾ ਇਕ ਪੁਰਾਣਾ ਨੁਸਖਾ ਵੇਖਣ ਦਾ ਮੌਕਾ ਮਿਲਿਆ ਹੈ ਜਿਸ ਵਿਚ ਸਾਰਾ ਕਲਾਮ "ਹੂ" ਦੀ ਰਦੀਫ਼ ਤੋਂ ਬਿਨਾ ਛਪਿਆ ਹੋਇਆ ਸੀ। ਇੰਞ "ਹੂ" ਬਾਅਦ ਵਿਚ ਗਾਇਣ-ਸ਼ੈਲੀ ਕਾਰਣ ਜੁੜਿਆ ਪਦ ਹੈ।

ਗੱਲ ਦੀ ਪ੍ਰੋੜ੍ਹਤਾ ਕਰਦੇ ਹਨ। ਇਹ ਹੀ ਗ੍ਰੰਥ ਦਸਦੇ ਹਨ ਕਿ ਬਾਣੀ ਦਾ ਸੰਕਲਣ ਹੌਲੀ ਹੌਲੀ ਹੁੰਦਾ ਤੇ ਅਡ ਅਡ ਰਾਗਾਂ ਤੇ ਵਾਰਾਂ ਦੇ ਸੰਗ੍ਰਹਾਂ ਦੀ ਸੂਰਤ ਵਿਚ ਚਲਦਾ ਤੇ ਅੰਕਿਤ ਹੁੰਦਾ ਰਹਿਆ। ਮੌਜੂਦਾ ਗ੍ਰੰਥ ਨੇ ਹੁਣ ਵਾਲਾ ਸਰੂਪ ਚੋਖਾ ਚਿਰ ਪਾ ਕੇ ਇਖਤਿਆਰ ਕੀਤਾ। 'ਭਾਈ ਜੋਗਰਾਜ ਲਿਖਿਤ ਗ੍ਰੰਥ' (ਨੰ. ੧੯) ਜੋ ਸੰਮਤੁ ੧੭੨੪ ਵਿਚ ਤਿਆਰ ਹੋਇਆ ਤੇ ਜਿਸ ਨੂੰ ਸੰਕਲਣ-ਕਰਤਾ ਨੇ "ਸੰਪੂਰਨ ਤੇ ਸਹੀ" ਦੀ ਉਪਾਧੀ ਦਿੱਤੀ ਹੋਈ ਹੈ, ਦਸਦਾ ਹੈ ਕਿ ਨੌਵੇਂ ਪਾਤਸ਼ਾਹ ਦੇ ਸਮੇਂ ਤਕ ਵੀ ਲਿਖਾਰੀਆਂ ਵਿਚ ਕੁਝ ਰਾਗਾਂ ਦੇ ਕ੍ਰਮ ਬਾਰੇ ਮਤਭੇਦ ਸਨ।

'ਬਾਬਾ ਮੋਹਨ ਵਾਲੀਆਂ ਪੋਥੀਆਂ' ਵਿੱਚੋਂ 'ਅਹੀਆਪੁਰ ਵਾਲੀ ਪੋਥੀ' ਵਿਚ ਮਾਰੂ ਰਾਗੁ ਦੀ ਬਾਣੀ ਮੁਢ ਵਿਚ ਕਿਦਾਰਾ ਰਾਗੁ ਦੀ ਸੰਗਿਆ ਅਧੀਨ ਦਰਜ ਸੀ। ਮਗਰੋਂ ਲਿਖਾਰੀ ਨੇ ਗੁਰੂ ਸਾਹਿਬਾਨ ਦੀ ਬਾਣੀ ਉਪਰੋਂ ਕਿਦਾਰਾ ਕਟ ਕੇ ਮਾਰੂ ਕਰ ਦਿੱਤਾ। ਇੰਞ ਪ੍ਰਤੀਤ ਹੁੰਦਾ ਹੈ ਕਿ ਗਾਇਣ ਪੱਧਤੀਆਂ ਦੇ ਪੱਖ ਤੋਂ ਦੋਹਾਂ ਰਾਗਾਂ ਵਿਚ ਅੰਤਰ ਬਹੁਤ ਘਟ ਸੀ ਇਸੇ ਲਈ ਅੱਜ ਕਲ ਚਲੇ ਗ੍ਰੰਥਾਂ ਵਿਚ ਮਹਲਾ ੩ ਦੀ ਵਾਰ ਰਾਗੁ ਮਾਰੂ ਵਿਚ ਦਰਜ ਹੋਈ ਹੋਈ ਹੈ ਹਾਲਾਂ ਕਿ ਇਸ ਵਿਚ ਪਹਲੀ ਪਉੜੀ ਨਾਲ ਆਇਆ ਮਹਲਾ ੩ ਦਾ ਸਲੋਕ "ਕੇਦਾਰਾ ਰਾਗਾਂ ਵਿਚ ਜਾਣੀਐ ਭਾਈ ਸਬਦੇ ਕਰੇ ਪਿਆਰੁ" . . . ਇਸ ਨੂੰ ਕੇਦਾਰ ਰਾਗੁ ਦੀ ਵਾਰ ਸਿੱਧ ਕਰਦਾ ਹੈ। 'ਸਾਰਨਕੇ ਵਾਲੇ ਗ੍ਰੰਥ' (ਨੰ. ੨੦) ਦੇ ਲਿਖਾਰੀ ਨੇ ਤਾਂ ਇਸ ਨੂੰ ਦਰਜ ਹੀ ਰਾਗੁ ਕੇਦਾਰਾ ਵਿਚ ਕੀਤਾ ਹੈ ਜਦੋਂ ਕਿ 'ਲਾਹੌਰੀ ਬੀੜ' (ਨੰ. ੮) ਦੇ ਲਿਖਾਰੀ ਨੇ ਇਸ ਨੂੰ ਆਪਣੇ ਗ੍ਰੰਥ ਵਿਚ "ਵਾਰ ਕਿਦਾਰਾ ਮਾਰੂ" ਦੇ ਸਾਂਝੇ ਸਿਰਲੇਖ ਹੇਠ ਰਖਿਆ ਹੈ।

ਪ੍ਰਕਿਰਤੀ ਦੀ ਆਪਣੀ ਇਸ ਸਾਂਝ ਕਾਰਣ ਰਾਗੁ ਮਾਰੂ ਤੇ ਰਾਗੁ ਕੇਦਾਰਾ, ਕੁਝ ਬੀੜਾਂ ਵਿਚ, ਜਿਵੇਂ ਕਿ 'ਜੋਗਰਾਜ ਲਿਖਿਤ ਗ੍ਰੰਥ' (ਨੰ. ੧੯) ਵਿਚ ਦਰਜ ਵੀ ਨਾਲ ਨਾਲ ਹੋਏ ਹੋਏ ਹਨ। ਰਾਗੁ ਤੁਖਾਰੀ ਇਨ੍ਹਾਂ ਦੀ ਸੰਨ੍ਹ ਵਿਚ ਚਿਰਕਾਲ ਪਿੱਛੋਂ ਆ ਕੇ ਬੈਠਾ ਲਗਦਾ ਹੈ।

੪. 'ਬਾਬਾ ਮੋਹਨ ਵਾਲੀਆਂ ਪੋਥੀਆਂ', ਤੇ ਸੰਭਵ ਹਦ ਤਕ 'ਗੁਰੂ ਹਰਿ ਸਹਾਇ ਵਾਲੀ ਪੋਥੀ' ਵੀ, ਇਸ ਗੱਲ ਦਾ ਭਾਨ ਕਰਾਂਦੀਆਂ ਹਨ ਕਿ ਮੁਢ ਵਿਚ ਬਾਣੀ ਦੀ ਰਾਗਾਂ ਵਿਚ ਵੰਡ ਪੇਚ-ਦਰ-ਪੇਚ ਬਾਰੀਕੀ ਵਾਲੀ ਨਹੀਂ ਸੀ। "ਵਿਲੱਖਣ ਤੇ ਪ੍ਰਾਚੀਨ ਬੀੜ' (ਨੰ. ੫) ਵਿਚ ਰਾਗ-ਵੰਡ ਬਾਰੀਕੀ ਵਾਲੀ ਨਹੀਂ; ਰਾਗਾਂ ਦੇ ਸਾਧਾਰਨ ਨਾਂ ਹੀ ਲਿਖੇ ਮਿਲਦੇ ਹਨ। 'ਅਹੀਆਪੁਰ ਵਾਲੀ ਪੋਥੀ' ਵਿਚ ਰਾਗੁ ਪ੍ਰਭਾਤੀ ਤੇ ਰਾਗੁ ਬਸੰਤ ਅਧੀਨ ਦਰਜ ਬਾਣੀ, "ਬਿਭਾਸ" ਤੇ "ਹਿੰਡੋਲ" ਆਦਿ ਦੀ ਅਗੋਂ ਬਾਰੀਕੀ ਭਰੀ ਵੰਡ ਵਿਚ ਵਿਭਾਜਿਤ ਨਹੀਂ ਹੈ। ਰਾਗੁ ਬਸੰਤ 'ਬਾਹੋਵਾਲ ਵਾਲੀ ਪੋਥੀ' (ਨੰ. ੩), 'ਵਿਲੱਖਣ ਤੇ ਪ੍ਰਾਚੀਨ ਬੀੜ' (ਨੰ. ੫) ਅਤੇ 'ਡਾ. ਮਾਨ ਸਿੰਘ ਨਿਰੰਕਾਰੀ ਵਾਲੀ ਦੂਜੀ ਬੀੜ' (ਨੰ. ੩੧) ਵਿਚ ਸਿਰਲੇਖ ਵਜੋਂ ਪਹਲਾਂ ਨਿਪਟ "ਬਸੰਤੁ" ਲਿਖਿਆ ਹੋਇਆ ਸੀ। ਇਸ ਨਾਲ "ਹਿੰਡੋਲ"

ਕੁਝ ਥਾਵਾਂ 'ਤੇ ਬਾਅਦ ਵਿਚ ਦਰਜ ਕੀਤਾ ਗਇਆ। ਇਸੇ ਤਰ੍ਹਾਂ ਰਾਗੁ ਪਰਭਾਤੀ 'ਅਹੀਆਪੁਰ ਵਾਲੀ ਪੋਥੀ' ਵਿਚ ਆਮ ਤੌਰ ਤੇ "ਪਰਭਾਤੀ" (ਸਿਵਾਇ ਇਕ ਦੋ ਥਾਵਾਂ ਦੇ ਜਿੱਥੇ "ਪਰਭਾਤੀ ਲਲਿਤ" ਲਿਖਿਆ ਹੋਇਆ ਹੈ) ਸਿਰਲੇਖ ਅਧੀਨ ਆਇਆ ਹੈ, ਇਸ੍ਰ ਨੂੰ "ਬਿਭਾਸ" ਪਦ ਨਾਲ ਜੋੜ ਕੇ ਲਿਖਣ ਦਾ ਵਿਧਾਨ ਪਿੱਛੋਂ ਹੀ ਬਣਿਆ। ਰਾਗਾਂ ਦੀ ਬਾਰੀਕੀ ਭਰੀ ਇਹ ਵੰਡ ਪਿੱਛੋਂ ਹੀ ਰਾਗਾਂ ਵਿਚ ਦਾਖਲ ਕੀਤੀ ਗਈ। ਵਰਗ-ਦਰ-ਵਰਗ ਵੰਡ ਸਭ ਤੋਂ ਵਧ ਰਾਗੁ ਗਾਉੜੀ ਵਿਚ ਹੋਈ ਮਿਲਦੀ ਹੈ। ਉੱਥੇ ਰਾਗੁ ਗਉੜੀ ਦੇ ਸ਼ਬਦਾਂ ਨੂੰ ਗੁਆਰੇਰੀ, ਬੈਰਾਗਣਿ, ਪੂਰਬੀ, ਚੇਤੀ, ਮਾਲਵਾ, ਮਾਝ, ਆਦਿ ਵਿਸ਼ੇਸ਼ਣਾਂ ਨਾਲ ਪਰਿਭਾਸ਼ਿਤ ਕੀਤਾ ਗਇਆ ਹੈ। ਅਜੇਹੀਆਂ ਬੀੜਾਂ ਹਨ ਜਿਨ੍ਹਾਂ ਵਿਚ ਇਹ ਵਰਗ ਗਉੜੀ ਨਾਲ ਸਭ ਥਾਂ ਨਹੀਂ ਆਏ, ਕੇਵਲ ਮੁਢ ਵਿਚ ਹੀ ਸੰਕੇਤਿਤ ਹਨ। 'ਅਮੋਲਕ ਬੀੜ ਪਟਿਆਲਾ' (ਨੰ. ੩੯) ਜੋ ਸੰਮਤੁ ੧੮੧੨ ਦੀ ਨਕਲ ਹੈ, ਰਾਗਾਂ ਦੀ ਵਰਗ-ਵੰਡ ਦੇ ਪੱਖ ਤੋਂ ਆਪਣੇ ਸਿਖਰ ਨੂੰ ਛੋਹੀ ਹੋਈ ਸੀ ਤੇ ਇਹ ਬੀੜ ਹੋਰਨਾਂ ਪੱਖਾਂ ਤੋਂ ਵੀ ਬਹੁਤ ਸ਼ੁੱਧ ਸੀ, ਪਰੰਤੂ ਬਾਅਦ ਵਿਚ ਕਿਸੇ ਸੋਧਕਾਰ ਨੇ ਇਸ ਬਾਰੀਕ-ਦਰ-ਬਾਰੀਕ ਵੰਡ ਨੂੰ ਸਭ ਥਾਵਾਂ ਤੇ ਬਿੰਦਿਆ ਦੇ ਨਾਲ ਵਲ ਕੇ ਪਾਠ ਤੋਂ ਖ਼ਾਰਿਜ ਕਰ ਦਿੱਤਾ। (ਦੇਖੋ ਪਲੇਟ XXXVI, ਚਿਤ੍ਰ ੩੨) ਇਹ ਚੀਜ਼ ਦਸਦੀ ਹੈ ਕਿ ਰਾਗਾਂ ਦੀ ਵੰਡ ਵਿਚ ਵਿਕਾਸ ਹੁੰਦਾ ਰਹਿਆ। ਜਿਨ੍ਹਾਂ ਬੀੜਾਂ ਵਿਚ ਇਨ੍ਹਾਂ ਦੀ ਵੰਡ ਜਟਿਲ ਹੈ, ਉਹ ਨਿਸਚੈ / ਹੀ ਸੰਪਾਦਨ ਦੀ ਮੁਢਲੀ ਅਵਸਥਾ ਦੀਆਂ ਨਹੀਂ, ਬਾਅਦ ਦੀ ਵਿਕਾਸ-ਪ੍ਰਾਪਤ ਅਵਸਥਾ ਦੀਆਂ ਹਨ। ਕਹਣ ਦਾ ਭਾਵ ਇਹ ਕਿ ਸਾਧਾਰਣ ਰਾਗ-ਵੰਡ ਵਾਲੀਆਂ ਬੀੜਾਂ ਮੁਢਲੇ ਬਾਣੀ-ਸੰਗ੍ਰਹ ਹਨ।

੫. ਰਾਗ-ਯੁਕਤ ਬਾਣੀ ਦੀ ਅਗੋਂ ਘਰਾਂ ਵਿਚ ਵੰਡ ਨਿਹਿਤ ਰੂਪ ਵਿਚ ਤਾਂ ਸ਼ੁਰੂ ਤੋਂ ਹੀ ਚਲੀ ਆਈ ਹੈ, ਕਿਉਂਜੋ 'ਬਾਬਾ ਮੋਹਨ ਵਾਲੀਆਂ ਪੋਥੀਆਂ' (ਨੰ. ੧) ਵਿਚ ਇਸ ਭਾਂਤ ਦੇ ਆਦੇਸ਼ ਮੌਜੂਦ ਹਨ ਕਿ ਇਹ ਸ਼ਬਦ ਫਲਾਣੇ ਫਲਾਣੇ ਸ਼ਬਦ ਦੀ ਧੁਨੀ ਜਾਂ ਪਰਥਾਇ ਗਾਵਣਾ।[4] ਪਰੰਤੂ ਘਰੁ 'ਬਾਬਾ ਮੋਹਨ ਵਾਲੀਆਂ ਪੋਥੀਆਂ' ਵਿਚ ਸਿਰਲੇਖਾਂ ਨਾਲ ਕਿਤੇ ਵੀ ਦਰਜ ਨਹੀਂ ਹਨ। 'ਗੁਰੂ ਹਰਿਸਹਾਇ ਵਾਲੀ ਪੋਥੀ' (ਨੰ. ੨) ਦੀ ਸਥਿਤੀ ਦਾ ਪਤਾ ਨਹੀਂ ਹੈ। 'ਬਾਹੋਵਾਲ ਵਾਲੀ ਪੋਥੀ' (ਨੰ. ੩) ਦੇ ਅਗਲੇ ਅਥਵਾ ਪ੍ਰਾਚੀਨ ਹਿੱਸਿਆਂ ਵਿਚ ਵੀ ਸਾਨੂੰ ਘਰੁ ਕਿਸੇ ਥਾਂ ਲਿਖੇ ਨਜ਼ਰ ਨਹੀਂ ਆਏ। 'ਵਿਲੱਖਣ

---

[4]ਰਾਗ ਸੂਹੀ ਵਿਚ ਛੰਤਾਂ ਦੇ ਮੁਢ ਵਿਚ ਕੁਝ ਥਾਵਾਂ ਤੇ ਇਹ ਸੂਚਨਾ ਆਈ ਹੈ :-

(੧) ਆਵਹੋ ਸਜਨਾ ਦਰਸਨ ਦੇਖਹੁ ਤੇਰਾ ਰਾਮੁ ਛੰਦ ਏਤ ਧੁਨਿ ਗਾਵਣ ਪਰਿਥਾਇ ਹੋਇ। (ਪਤ੍ਰਾ ੨੩/ੳ)।

(੨) ਆਵਹੋ ਸਜਨਾ ਦਰਸਨ ਦੇਖਹੁ ਤੇਰਾ ਏਤੁ ਪਰਥਾਇ ਹੋਇ (੨੫/ੳ)।

(੩) ਆਵਹੁ ਸਜਨਾ ਦਰਸਨ ਦੇਖਾ ਤੇਰੇ ਫੁਰਥਾਇ ਹੋਇ (੨੯/ੳ)।

(੪) "ਧੁਨਿ" ਤੇ "ਪਰਥਾਇ/ਫੁਰਥਾਇ" ਦਾ ਭਾਵ ਉਹੀ ਪ੍ਰਤੀਤ ਹੁੰਦਾ ਹੈ ਜੋ "ਕੇ ਘਰਿ ਗਾਵਣਾ" ਦਾ ਹੈ।

ਤੇ ਪ੍ਰਾਚੀਨ ਬੀੜ' (ਨੰ. ੫) ਦੇ ਤਤਕਰਿਆਂ ਵਿਚ ਘਰਾਂ ਦਾ ਉੱਲੇਖ ਹੈ, ਦ
ਘਰੁ ਦਰਜ ਹਨ।

੬. ਰਾਗੁ ਵਿਚ ਬਾਣੀ ਦਰਜ ਕਰਨ ਲਗਿਆ ਕਾਵਿ-ਵੰਨਗੀ ਦਾ ਆ
ਰਖਿਆ ਜਾਂਦਾ ਸੀ। ਇਸ ਪੱਖ ਤੋਂ ਚਉਪਦਿਆਂ ਨੂੰ ਪ੍ਰਥਮ ਸਥਾਨ ਮਿਲਿਆ ਹੋ ਆ
ਤਿੰਨ ਤੁਕੇ, ਦੋ ਤੁਕੇ, ਇਕ ਤੁਕੇ ਆਦਿ ਇਸ ਵਿਚ ਸੰਮਿਲਿਤ ਸਨ। ਚਉਪਦਿਆਂ ਦੇ
ਅਸ਼ਟਪਦੀਆਂ ਤੇ ਫਿਰ ਛੰਤ ਰਖੇ ਜਾਂਦੇ ਸਨ। ਲੰਮੇਰੀਆਂ ਬਾਣੀਆਂ ਜਿਵੇਂ ਪੱਟੀ, ਅ
ਸਿਧ ਗੋਸਟਿ ਆਦਿ ਨੂੰ ਛੰਤਾਂ ਦੇ ਮਗਰ ਰਖਿਆ ਜਾਂਦਾ ਸੀ ਤੇ ਵਾਰ ਹਰ ਹਾਲਤ
ਰਾਗੁ ਦੇ ਅੰਤ 'ਤੇ ਸੁਭਾਇਮਾਨ ਹੁੰਦੀ ਸੀ। ਜਿੱਥੇ ਕਿਤੇ ਇਹ ਕ੍ਰਮ ਭੰਗ ਹੋਇਆ
ਆਉਂਦਾ ਹੈ, ਉਹ ਲਿਖਾਰੀ ਦੀ ਬੇਸਮਝੀ ਕਾਰਣ ਸਮਝਣਾ ਚਾਹੀਦਾ ਹੈ। ਰਾ ਿ
ਵਿਚ ਮਹਲਾ ੯ ਦੇ ਚਉਪਦੇ 'ਅਸ਼ਟਪਦੀਆਂ ਦੇ ਪਿੱਛੇ ਦਰਜ ਕਰਨ ਵਾਲੇ ਲਿ
ਇਸ ਕ੍ਰਮ ਤੋਂ ਅਣਜਾਨ ਕਹੇ ਜਾ ਸਕਦੇ ਹਨ, ਅਤੇ ਉਹ ਜਿਨ੍ਹਾਂ ਨੇ ਇਨ੍ਹਾਂ ਨੂੰ ਅ ਟਪ
ਤੋਂ ਪਹਲਾਂ ਰਖਿਆ, ਉਹ ਬਾਣੀ ਦਰਜ ਕਰਨ ਦੀ ਪਰਿਪਾਟੀ ਠੀਕ ਨਿਭਾ ਏ
ਪੈਂਦੇ ਹਨ।

੭. ਬਾਣੀ-ਰਚੈਤਿਆਂ ਦਾ ਕ੍ਰਮ ਵੀ 'ਬਾਬਾ ਮੋਹਨ ਵਾਲੀਆਂ ਪੋ ਅ
ਨਿਸ਼ਚਿਤ ਕਰ ਦਿੱਤਾ ਹੋਇਆ ਸੀ। ਗੁਰੂ ਸਾਹਿਬਾਨ ਨੂੰ ਉਨ੍ਹਾਂ ਦੇ ਕ੍ਰਮ ਅਨੁਸਾਰ
ਕੀਤਾ ਜਾਂਦਾ ਸੀ। ਭਗਤਾਂ ਦੀ ਬਾਣੀ ਗੁਰੂ ਸਾਹਿਬਾਨ ਦੇ ਮਗਰ ਦਰਜ ਕੀ ੀ
ਸੀ ਅਤੇ ਉਨ੍ਹਾਂ ਨੂੰ ਇਕ ਹੀ ਸੰਗਿਆ, "ਬਾਣੀ ਭਗਤਾਂ ਕੀ" ਹੇਠ ਲਿਖਿਆ ਦਾ
ਵਿਹਾਰ ਵਿਚ ਕਬੀਰ ਨੂੰ ਪਹਲ ਪ੍ਰਾਪਤ ਸੀ; ਨਾਮਦੇਵ ਕਬੀਰ ਦੇ ਮਗਰ ਆਉਂ
ਤੇ ਉਸ ਦੇ ਪਿੱਛੋਂ ਹੋਰ ਭਗਤ। ਸ਼ੇਖ ਫਰੀਦ ਨੂੰ ਅੰਤ 'ਤੇ ਰਖਿਆ ਹੋਇਆ ਸ।
ਕਿਤੇ ਇਹ ਕ੍ਰਮ ਭੰਗ ਹੋਇਆ ਹੋਇਆ ਹੈ, ਉੱਥੇ ਹੀ ਇਹ ਸਮਝਣਾ ਚਾਹੀਦਾ ਕਿ
ਲੱਭੇ ਸ਼ਬਦਾਂ ਨੇ ਆ ਕੇ ਕ੍ਰਮ ਭੰਗ ਕਰ ਦਿੱਤਾ ਹੈ। ਇਕ ਅਦਭੁਤ ਗੱਲ ਇਹ ਕਿ
ਜਗਤ ਭਗਤ ਕਬੀਰ ਤੇ ਨਾਮਦੇਵ ਨੂੰ ਗੁਰੂ ਬਾਬੇ ਦੇ ਭਗਤ ਸਮਝ ਕੇ ਸਤਿਕ ਦਾ
ਬਾਬਾ ਮੋਹਨ ਵਾਲੀਆਂ ਪੋਥੀਆਂ ਵਿਚ ਕਈ ਥਾਂ "ਕਬੀਰ ਨਾਮਾ ਬਾਬੇ ਕੇ ਭਗਤ" ਲਿ
ਮਿਲਦਾ ਹੈ। ਇਹ ਗੱਲ ਵੱਖਰੀ ਹੈ ਕਿ ਭਾਈ ਗੁਰਦਾਸ ਨੂੰ ਇਸ ਸੰਬੰਧੀ ਕੋ
ਨਹੀਂ ਸੀ, ਕਿਉਂਜੋ ਉਨ੍ਹਾਂ ਵਾਰ ੧੦, ਪਉੜੀ ੧੫ ਵਿਚ ਕਬੀਰ ਜੀ ਦਾ ਭਗ ਤਾ
ਤੋਂ ਵਰੁਸਾਇਆ ਜਾਣਾ ਲਿਖਿਆ ਹੈ।

੮. ਪ੍ਰਚਲਿਤ ਬੀੜਾਂ ਵਿਚ ਨਿਸ਼ਚਿਤ ਕਾਵਿ-ਵੰਨਗੀ (ਚਉਪਦੇ, ਸ਼ਬ
ਸ਼ਲੋਕ, ਆਦਿ) ਅਧੀਨ ਦਰਜ ਬਾਣੀ ਦੇ ਹਰੇਕ ਪਦੇ ਉਪਰ, ਇਸ ਵਕਤ ਰਾਗੁ
ਤੇ ਮਹਲਾ ਦਰਜ ਹੈ। ਪਰੰਤੂ ਸ਼ੁਰੂ ਵਿਚ ਪਦੇ ਦੇ ਨਿਖੇੜੇ ਲਈ ਰਾਗੁ ਦਾ ਨਾਂ ਹੀ
ਜਾਂਦਾ ਸੀ, ਮਹਲਾ ਲਿਖਣ ਦੀ ਲੋੜ ਨਹੀਂ ਸਮਝੀ ਜਾਂਦੀ ਸੀ। ਹਰੇਕ ਪ ਤੇ
ਨਾਲ ਮਹਲਾ ਲਿਖਣ ਦੀ ਪਰਿਪਾਟੀ ਬਾਅਦ ਵਿਚ ਚਲੀ। ਮੁਢਲੀਆਂ ਬੀੜਾਂ ਵਿਚ

ਕਿਤੇ ਸ਼ਬਦਾਂ ਦਾ ਕੋਈ ਪੁੰਜ ਇਸ ਤਰ੍ਹਾਂ ਪੂਰੀ ਸੂਚਨਾ ਤੋਂ ਬਿਨਾ, ਨਿਪਟ ਰਾਗੁ ਦੇ ਨਾਂ ਹੇਠ, ਦਰਜ ਹੋਇਆ ਮਿਲਦਾ ਹੈ, ਉੱਥੇ ਹੀ ਉਸ ਨੂੰ ਬਾਣੀ ਦੇ ਸੰਗ੍ਰਹ-ਕਰਤਾ ਪਾਸੋਂ ਨਿਯਮਿਤ ਆਰੂਪ ਤੋਂ ਬਿਨਾਂ ਆਇਆ ਮੰਨਣਾ ਚਾਹੀਦਾ ਹੈ। ਘਰੁ ਦੀ ਬਦਲੀ ਨਾਲ ਮੰਗਲ ਲਿਖਣ ਦਾ ਵਿਧਾਨ ਵੀ ਬਾਅਦ ਵਿਚ ਚਲਿਆ। ਫਲਸਰੂਪ ਜਿੱਥੇ ਕਿਤੇ ਬਾਣੀ ਇਨ੍ਹਾਂ ਮਰਯਾਦਾਵਾਂ ਦੀ ਉਲੰਘਣਾ ਕਰਦੀ ਨਜ਼ਰ ਆਉਂਦੀ ਹੈ, ਉੱਥੇ ਹੀ ਸੰਬੰਧਿਤ ਸ਼ਬਦ-ਪੁੰਜਾਂ ਨੂੰ ਮੁੱਢਲੇ ਯਤਨਾਂ ਦਾ ਫਲ ਸਮਝਣਾ ਚਾਹੀਦਾ ਹੈ। ਬਹੁਤ ਸਾਰੀਆਂ ਪੁਰਾਤਨ ਬੀੜਾਂ ਵਿਚ ਰਾਗੁ ਦੇਵਗੰਧਾਰੀ ਤੇ ਕਾਨੜਾ ਵਿਚ ਅਜੇਹੇ ਸ਼ਬਦ-ਪੁੰਜ ਮਿਲਦੇ ਹਨ ਜਿਹੜੇ ਮਹਲੇ ਤੋਂ ਬਗ਼ੈਰ ਸਨ ਤੇ ਜਿਨ੍ਹਾਂ ਵਿਚ ਮਹਲੇ ਬਾਅਦ ਵਿਚ ਵਧਾਏ ਗਏ। ਇਹੀ ਗੱਲ ਬਾਅਦ ਵਿਚ ਵਧਾਏ ਮੰਗਲਾਂ ਸੰਬੰਧੀ ਕਹੀ ਜਾ ਸਕਦੀ ਹੈ। ਘਰੁ ਦੇ ਆਰੰਭ ਵਿਚ ਮੰਗਲ ਲਿਖਣ ਦੀ ਪਰਿਪਾਟੀ ਪਹਲਾਂ ਨਹੀਂ ਸੀ, ਜਾਂ ਇੰਞ ਕਹ ਲਓ ਕਿ ਕੁਝ ਸੰਗ੍ਰਹ-ਕਰਤਾ ਇਸ ਪਰਿਪਾਟੀ ਦੀ ਪਾਲਨਾ ਨਹੀਂ ਕਟਦੇ ਸਨ। ਫਿਰ ਜਦੋਂ ਇਹ ਪਰਵਾਨ ਹੋ ਗਈ ਤਾਂ ਰਹ ਗਈਆਂ ਥਾਵਾਂ 'ਤੇ ਮੰਗਲ ਬਾਅਦ ਵਿਚ, ਸੁਧਾਈ ਵਜੋਂ, ਦਰਜ ਕੀਤੇ ਗਏ। ਫਲਸਰੂਪ ਮਹੱਲਿਆਂ ਤੋਂ, ਮੰਗਲਾਂ ਤੋਂ ਵਿਹੀਨ ਸ਼ਬਦ-ਪੁੰਜ ਮੁੱਢਲੇ ਸ੍ਰੋਤਾਂ ਤੋਂ ਆਏ ਮੰਨਣੇ ਪੈਂਦੇ ਹਨ।

੯. ਬਾਣੀ-ਪਦਿਆਂ ਦੇ ਜੋੜ ਛਕਿਆਂ ਵਿਚ ਲਾਉਣ ਦੀ ਵਿਧੀ ਦਾ ਉੱਲੇਖ ਅਸੀਂ ਉਪਰ ਕਰ ਆਏ ਹਾਂ। ਭਾਵੇਂ ਇਸ ਦੀ ਵਰਤੋਂ ਦੇ ਪੈਰ-ਚਿੰਨ੍ਹ ਸਿਰੀ ਰਾਗੁ, ਮਾਝ, ਗਉੜੀ, ਦੇਵਗੰਧਾਰੀ, ਬਸੰਤ, ਕਾਨੜਾ, ਕਲਿਆਨ, ਆਦਿ ਕਈ ਰਾਗਾਂ ਵਿਚ ਮਿਲਦੇ ਹਨ, ਇਹ ਢੰਗ ਵਿਆਪਕ ਵਰਤਾਰਾ ਨ ਲੈ ਸਕਿਆ। ਇਸ ਦੀ ਥਾਂ ਛੇਤੀ ਹੀ ਅੰਕਾਂ ਨੇ ਲੈ ਲਈ। ਅੰਕਾਂ ਨਾਲ ਜੋੜ ਲਾਉਣ ਦੀ ਤਰਤੀਬ ਇਹ ਕਢੀ ਗਈ ਕਿ ਹਰੇਕ ਬਾਣੀ-ਰਚੈਤਾ ਲਈ ਅੰਕ ਅੱਡ ਹੋਣ ਤੇ ਉਸ ਨਾਲ ਪਹਲੇ ਆਏ ਬਾਣੀ-ਰਚੈਤਾ ਦੇ ਅੰਕ ਜੋੜ ਕੇ, ਵਧਦਾ ਜੋੜ ਵੀ ਨਾਲੋਂ ਨਾਲ ਸੂਚਿਤ ਕੀਤਾ ਜਾਏ। ਅੰਕਾਂ ਰਾਹੀਂ ਜੋੜ ਦੀ ਇਸ ਪ੍ਰਣਾਲੀ ਦਾ ਸ੍ਰੀ ਗਣੇਸ਼ ਅਸੀਂ 'ਬਾਬਾ ਮੋਹਨ ਵਾਲੀਆਂ ਪੋਥੀਆਂ' ਵਿਚ ਹੋਇਆ ਦੇਖਦੇ ਹਾਂ।

ਰਾਗੁ ਦੀ ਹਰੇਕ ਕਾਵਿ-ਵਿਧਾ (ਚਉਪਦੇ, ਅਸ਼ਟਪਦੀਆਂ, ਛੰਤ ਆਦਿ) ਅਤੇ ਸਮੁਚੇ ਰਾਗੁ ਦੇ ਅੰਤ ਤੇ ਬਾਣੀ-ਰਚੈਤਿਆਂ ਅਨੁਸਾਰ ਬਾਣੀ ਦੇ ਜੁਮਲੇ ਦੇਣ ਦੀ ਪਰਿਪਾਟੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕਈ ਬੀੜਾਂ ਵਿਚ ਦੇਖਣ ਵਿਚ ਆਈ ਹੈ। ਇਹ ਬਾਅਦ ਦੇ ਲਿਖਾਰੀਆਂ ਦੀ ਕਾਢ ਹੈ ਤੇ ਇਸ ਤੋਂ ਸੰਪਾਦਨ ਕਿਰਿਆ ਦੀ ਗਤੀ ਵਿਧੀ ਦਾ ਪਤਾ ਲਗਦਾ ਹੈ ਅਤੇ ਜੁਮਲਿਆਂ ਦੀ ਡੌਲ ਨੂੰ ਦੇਖ ਕੇ ਇਨ੍ਹਾਂ ਦੀ ਸ਼ਾਖਾ ਨਿਰਧਾਰਿਤ ਕਰਨ ਵਿਚ ਮਦਦ ਮਿਲਦੀ ਹੈ।

੧੦. ਸ੍ਰੀ ਗੁਰੂ ਗ੍ਰੰਥ ਸਾਹਿਬ ਜਿੱਡੇ ਵਡ-ਅਕਾਰੀ ਗ੍ਰੰਥ ਦਾ ਤਤਕਰਾ ਤਿਆਰ ਕਰਨਾ ਕੋਈ ਸਹਿਲ ਕੰਮ ਨਹੀਂ। ਇਸ ਲਈ ਦੇਖਿਆ ਗਇਆ ਹੈ ਕਿ ਬਹੁਤੇ ਲੇਖਕ ਪਹਲਾਂ ਤਿਆਰ ਕੀਤੇ ਤਤਕਰੇ ਹੀ ਚੁਕ ਕੇ ਆਪਣੇ ਸੰਗ੍ਰਹਾਂ ਨਾਲ ਜੋੜ ਲੈਂਦੇ ਸਨ।

ਇਸ ਗੱਲ ਦਾ ਉੱਲੇਖ ਅਸੀਂ ਸਰਵੇਖਣ ਵਾਲੇ ਵਿਭਾਗ ਵਿਚ ਕਈ ਥਾਈਂ ਕਰ ਆਏ ਹਾਂ। ਹੋਰ ਤਾਂ ਹੋਰ 'ਕਰਤਾਰਪੁਰੀ ਬੀੜ' ਦਾ ਤਤਕਰਾ ਵੀ ਬਾਹਰੋਂ ਲੈ ਕੇ ਨਕਲ ਕੀਤਾ ਸਿਧ ਹੋਇਆ ਹੈ।

੧੧. ਮੁਢਲੇ ਬਾਣੀ-ਸੰਗ੍ਰਹਾਂ ਵਿਚ ਰਾਗਾਂ ਤੇ ਹੋਰਨਾਂ ਬਾਣੀਆਂ ਦੇ ਮਗਰ ਖ਼ਾਲੀ ਪਤ੍ਰੇ ਆਮ ਮਿਲਦੇ ਹਨ। ਇਨ੍ਹਾਂ ਦਾ ਮਿਲਣਾ ਬੜਾ ਸੁਭਾਵਿਕ ਹੈ। ਇਹ ਪ੍ਰਾਪਤ ਬਾਣੀ ਨੂੰ ਵਖ ਵਖ ਸੈਂਚੀਆਂ ਵਿਚ ਦਰਜ ਕਰਨ ਦਾ ਕੁਦਰਤੀ ਸਿੱਟਾ ਹੋ ਸਕਦੇ ਹਨ; ਬਾਣੀ ਦਰਜ ਹੋਣ ਪਿੱਛੋਂ ਜੋ ਪਤ੍ਰੇ ਖਾਲੀ ਬਚ ਗਏ, ਉਹ ਉਵੇਂ ਜਿਵੇਂ ਜਿਲਦ ਵਿਚ ਟਿਕੇ ਰਹੇ। ਦੂਜਾ ਕਾਰਣ, ਆਉਣ ਵਾਲੇ ਕਿਸੇ ਸਮੇਂ ਹੋਰ ਬਾਣੀ ਮਿਲਣ ਦੀ ਆਸ ਤੇ ਇਹ ਜਾਣ ਬੁਝ ਕੇ ਛੱਡੇ ਗਏ ਵੀ ਕਹੇ ਜਾ ਸਕਦੇ ਹਨ। ਇਸ ਨਾਲ ਇਸ ਗੱਲ ਦੀ ਨਿਵਿਰਤੀ ਹੋ ਜਾਣੀ ਚਾਹੀਦੀ ਹੈ ਕਿ 'ਕਰਤਾਰਪੁਰੀ ਬੀੜ' ਦੀ ਇਸ ਪੱਖ ਤੋਂ ਕੋਈ ਅਲੌਕਿਕ ਵਿਸ਼ੇਸ਼ਤਾ ਨਹੀਂ ਹੈ। ਮੁਢਲੀਆਂ ਪੋਥੀਆਂ ਤੋਂ ਬਿਨਾਂ ਅਜੇਹੀਆਂ ਬੀੜਾਂ ਵੀ ਹਨ ਜਿਨ੍ਹਾਂ ਵਿਚ ਰਾਗਾਂ ਦੇ ਮਗਰ ਇਕ ਦੋ ਪਤ੍ਰੇ ਖਾਲੀ ਛਡੇ ਹੋਏ ਹਨ, ਭਾਵੇਂ ਨਿਖੇੜੇ ਦੇ ਖਿਆਲ ਤੋਂ ਹੀ ਕਿਉਂ ਨ ਹੋਣ।

੫. ਸੰਪਾਦਨ-ਕਾਰਜ ਦੀ ਪ੍ਰਗਤੀ

ਉਪਰ ਕੀਤੀ ਗਈ ਵਿਚਾਰ ਤੇ ਮੁਢਲੇ ਉੱਦਮਾਂ ਦੇ ਦਰਸਾਏ ਗਏ ਪੈਰ-ਚਿੰਨ੍ਹਾਂ ਤੋਂ ਇਹ ਗੱਲ ਸਪਸ਼ਟ ਹੋ ਜਾਣੀ ਚਾਹੀਦੀ ਹੈ ਕਿ ਸਿਖ ਜਗਤ ਵਿਚ ਬਾਣੀ-ਸੰਕਲਣ ਅਤੇ ਸੰਪਾਦਨ ਦੀ ਕਿਰਿਆ, ਬਹੁਤ ਪਹਲਾਂ ਸ਼ੁਰੂ ਹੋ ਚੁਕੀ ਸੀ। ਫਲਸਰੂਪ ਅਜੇਹਾ ਖਿਆਲ ਕਰਨਾ ਕਿ ਇਹ ਕਾਰਜ ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਹੱਥੋਂ ਇਤਿਹਾਸ ਦੇ ਕਿਸੇ ਵਿਸ਼ੇਸ਼ ਕਾਲ-ਬਿੰਦੂ 'ਤੇ ਸ਼ੁਰੂ ਹੋ ਕੇ ਕਾਲ ਦੇ ਕਿਸੇ ਅਗਲੇ ਬਿੰਦੂ 'ਤੇ ਸਮਾਪਤ ਹੋਇਆ, ਭੁੱਲ ਹੋਵੇਗੀ। ਇਹ ਕਿਰਿਆ ਸ਼ੁਰੂ ਬਹੁਤ ਪਹਲਾਂ ਹੋਈ ਤੇ ਚਲਦੀ ਵੀ ਢੇਰ ਚਿਰ ਤਕ ਨਿਰੰਤਰ ਰਹੀ। ਅਨੁਮਾਨ ਇਹੀ ਹੈ ਕਿ ਇਹ ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਹੱਥੋਂ ਸ੍ਰੀ ਆਦਿ ਗ੍ਰੰਥ ਦੇ ਸ਼ਕਲ ਧਾਰਣ ਪਿੱਛੋਂ ਵੀ ਚਲਦੀ ਰਹੀ। ਇਸ ਗੱਲ ਦਾ ਸਬੂਤ ਉਹ ਅਨੇਕ ਬੀੜਾਂ ਹਨ ਜੋ ਆਦਿ ਗ੍ਰੰਥ ਦੇ ਸ਼ਕਲ ਧਾਰਣ ਪਿੱਛੋਂ ਵੀ ਉਤਸਾਹੀ ਸੰਪਾਦਕਾਂ ਦੇ ਹੱਥੋਂ ਵਖ ਵਖ ਡੌਲਾਂ ਤੇ ਤਿਆਰ ਕੀਤੀਆਂ ਗਈਆਂ ਤੇ ਜਿਨ੍ਹਾਂ ਦੇ ਕਈ ਸੁਚੱਜੇ ਨਮੂਨੇ ਹੁਣ ਵੀ ਮਿਲ ਜਾਂਦੇ ਹਨ। ਇਸ ਪੱਖ ਤੋਂ 'ਸਾਰਨਕੇ ਵਾਲਾ ਗ੍ਰੰਥ' (ਨੰ. ੨੦) ਤੇ 'ਅਮੋਲਕ ਬੀੜ ਪਟਿਆਲਾ' (ਨੰ. ੩੯) ਵਰਣਨ ਯੋਗ ਹਨ।

੬. ਆਦਿ ਬੀੜ ਦੇ ਭੇਦ : ਪੁਨਰ-ਨਿਰਧਾਰਣ

ਆਦਿ ਬੀੜ ਤਥਾ ਗੁਰੂ ਗ੍ਰੰਥ ਸਾਹਿਬ ਦੇ ਭੇਦਾਂ ਜਾਂ ਵਿਭਿੰਨ ਸ਼ਾਖਾਵਾਂ ਦੇ ਕਿਸੇ ਵਿਗਿਆਨਕ ਢੰਗ ਨਾਲ ਪੁਨਰ-ਨਿਰਧਾਰਣ ਦੀ ਸਮਸਿਆ ਬੜੀ ਜਟਿਲ ਹੈ। ਧਰਮ-ਭਾਵਨਾ

ਨਾਲ ਜੁੜੇ ਹੋਣ ਕਾਰਣ ਗੁਰਬਾਣੀ ਦੇ ਪ੍ਰੇਮੀ ਆਪਣੇ ਆਪਣੇ ਸੰਚਿਆਂ ਨੂੰ ਕਿਸੇ ਗੱਲੋਂ ਊਣਾ ਨਹੀਂ ਦੇਖਣਾ ਚਾਹੁੰਦੇ ਸਨ; ਜਿੱਥੇ ਕਿਤੇ ਕਿਸੇ ਬੀੜ ਵਿਚ ਕੋਈ ਵਾਧਾ ਜਾਂ ਤਬਦੀਲੀ ਹੋਈ ਦੇਖਦੇ ਸਨ, ਉਥੇ ਹੀ ਉਹ ਭੀ ਆਪਣੇ ਸੰਚੈ ਵਿਚ ਵਾਧਾ ਤੇ ਤਬਦੀਲੀ ਕਰਨ ਨੂੰ ਉਠ ਭਜਦੇ ਸਨ। ਫਲਸਰੂਪ, ਕਿਸੇ ਇਕ ਗ੍ਰੰਥ ਦਾ ਮੁਹਾਂਦਰਾ ਦੂਜੇ ਨਾਲ ਹੂ-ਬ-ਹੂ ਨਹੀਂ ਮਿਲਦਾ।

ਦੂਸਰਾ ਇਹ ਕਿ ਬੀੜ ਬੱਝਣ ਦੇ ਕਾਰਜ ਦੇ ਆਰੰਭ ਹੋ ਜਾਣ 'ਤੇ ਵੀ ਬਾਣੀ ਦੇ ਪ੍ਰੇਮੀਆਂ ਨੇ ਬੀੜ ਦੇ ਬੱਝ ਜਾਣ ਅਥਵਾ ਉਸ ਦੇ ਸੰਪੂਰਣ ਹੋਣ ਤਕ ਉਡੀਕਿਆ ਨਹੀਂ ਲਗਦਾ; ਜਿਹੜੀ ਜਿਹੜੀ ਬਾਣੀ, ਜਿਹੜਾ ਜਿਹੜਾ ਰਾਗੁ, ਤਿਆਰ ਹੋ ਗਇਆ, ਉਸੇ ਨੂੰ ਲੈ ਕੇ ਉਨ੍ਹਾਂ ਆਪਣੇ ਸੰਚੈ ਤਿਆਰ ਕਰ ਲਏ। 'ਬਾਹੋਵਾਲ ਵਾਲੀ ਪੋਥੀ' (ਨੰ. ੩) ਤੇ 'ਗ੍ਰੰਥ ਧਰਮਸਾਲਾ ਭਾਈ ਪੈਂਹਦਾ ਸਾਹਿਬ' (ਨੰ. ੪) ਇਸ ਗੱਲ ਦਾ ਵਧੀਆ ਸਬੂਤ ਹਨ। ਉਂਞ ਵੀ ਤਿਆਰ ਹੋ ਚੁਕੀ ਆਦਿ ਬੀੜ ਸਭਨਾਂ ਨੂੰ ਤੇ ਸਭ ਥਾਈਂ ਪ੍ਰਾਪਤ ਨਹੀਂ ਸੀ ਹੋ ਸਕਦੀ; ਪਰ ਉਸ ਦੀਆਂ ਤਿਆਰ ਹੋਈਆਂ ਜੁਜ਼ਾਂ ਘੁਮਣ ਘੁਮਾਣ ਲਈ ਉਪਲਬਧ ਸਨ। ਫਲਸਰੂਪ, ਜਿਗਿਆਸੂਆਂ ਦੀ ਜਿਗਿਆਸਾ ਉਹੀ ਪੂਰਦੀਆਂ ਰਹੀਆਂ। ਅਸਲੋਂ ਵਿਭਿੰਨ ਪ੍ਰਤੀਤ ਹੁੰਦੀਆਂ ਸ਼ਾਖਾਵਾਂ ਵਿਚ ਬਾਣੀ ਦੇ ਕੁਝ ਵਿਲੱਖਣ ਤੱਤ ਆ ਜਾਣੇ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ। ਉਦਾਹਰਣ ਵਜੋਂ, ਲਟਕਦੇ ਅੰਕ ਬਾਣੀ ਦੀਆਂ ਤਿੰਨ ਅੱਡ ਅੱਡ ਸ਼ਾਖਾਂ ਵਾਲੀਆਂ ਬੀੜਾਂ (ਨੰ. ੬, ਕਰਤਾਰਪੁਰੀ; ਨੰ: ੨੯, ਅਜਾਇਬ ਘਰ ਪੰਜਾਬੀ ਯੂਨੀਵਰਸਿਟੀ ਵਾਲੀ; ਅਤੇ ਹਰਚਰਨ ਸਿੰਘ ਹਰਭਜਨ ਸਿੰਘ ਚਾਵਲਾ ਪਾਸ ੧੭੯੯ ਬਿ. ਦੀ ਸੁਰਖਿਅਤ ਇਕ ਬੀੜ) ਲਟਕਦੇ ਅੰਕਾਂ ਦਾ ਸ਼ਿੰਗਾਰ ਹਨ। ਇਸੇ ਤਰ੍ਹਾਂ ਕੁਝ ਸੰਚਿਆਂ ਵਿਚ "ਸੁਧ ਕੀਚੈ" ਦੀ ਸੂਚਨਾ ਵਾਲੀ ਵਾਰ ਤਾਂ ਦਰਜ ਹੋਈ ਮਿਲਦੀ ਹੈ, ਪਰ "ਸੁਧੁ" ਸੂਚਨਾ ਵਾਲੀ ਕੋਈ ਵੀ ਵਾਰ ਉਨ੍ਹਾਂ ਵਿਚ ਨਜ਼ਰ ਨਹੀਂ ਆਉਂਦੀ। ਇਸ ਤੋਂ ਸਿੱਧ ਹੈ ਕਿ ਇਨ੍ਹਾਂ ਬੀੜਾਂ ਦੇ ਤਿਆਰ ਕਰਨ ਵਾਲੇ ਆਦਿ ਬੀੜ ਦੇ ਸੰਪੂਰਣ ਹੋ ਚੁਕੇ ਸੰਚੈ ਤੋਂ ਨਕਲ ਨਹੀਂ ਕਰ ਰਹੇ ਸਨ, ਸਗੋਂ ਸਿਖ ਜਗਤ ਵਿਚ ਘੁਮ ਰਹੀਆਂ ਜੁਜ਼ਾਂ ਤੋਂ ਬਾਣੀ ਉਤਾਰ ਰਹੇ ਸਨ।

ਆਦਿ ਬੀੜ ਵਿਚਲੇ ਰਾਗਾਂ ਦੇ ਬੱਧੇ ਕ੍ਰਮ ਤੋਂ ਭਿੰਨ ਕ੍ਰਮ ਵਾਲੀਆਂ ਬੀੜਾਂ, ਜਿਵੇਂ ਗ੍ਰੰਥ ਧਰਮਸਾਲਾ ਭਾਈ ਪੈਂਹਦਾ ਸਾਹਿਬ (ਨੰ. ੪), ਵੀ ਇਸ ਗੱਲ ਵੱਲ ਸੰਕੇਤ ਕਰਦੀਆਂ ਹਨ। ਉਸ ਵਿਚ ਬਾਣੀਆਂ ਟੁਟੀਆਂ ਜੁਜ਼ਾਂ ਤੇ ਅੱਡਰੇ ਕ੍ਰਮ ਵਿਚ ਦਰਜ ਹੋਈਆਂ ਮਿਲਦੀਆਂ ਹਨ। ਇਹੀ ਹਾਲ 'ਬਾਹੋਵਾਲ ਵਾਲੀ ਪੋਥੀ' (ਨੰ: ੩) ਦਾ ਹੈ।

ਇਸ ਤੋਂ ਪਹਿਲਾਂ ਕਿ ਅਸੀਂ ਆਦਿ ਬੀੜ ਦੀਆਂ ਸ਼ਾਖਾਵਾਂ ਨਿਰਧਾਰਿਤ ਕਰਨ ਵਲ ਵਧੀਏ, ਸਾਨੂੰ ਇਕ ਗੱਲ ਸਪਸ਼ਟ ਕਰ ਦੇਣੀ ਬਣਦੀ ਹੈ; ਉਹ ਇਹ ਕਿ ਇੱਥੇ ਸਾਡੇ ਇਸ ਅਧਿਐਨ ਦਾ ਮੁਖ ਧੇਅ ਜਾਂ ਨਿਸ਼ਾਨਾ ਉਹ ਆਦਿ ਬੀੜ ਹੈ ਜੋ ਪੰਚਮ ਪਾਤਸਾਹ ਦੁਆਰਾ ਤਿਆਰ ਕਰਵਾਈ ਗਈ ਸੀ। ਓਦੋਂ ਨੌਵੇਂ ਪਾਤਸਾਹ ਦੀ ਬਾਣੀ ਹਾਲੀ ਵਜੂਦ ਵਿਚ ਨਹੀਂ

ਆਈ ਸੀ। ਸੋ ਇਸ ਚਰਚਾ ਵਿਚ ਵਿਚਾਰ-ਅਧੀਨ ਮੁਢਲੀਆਂ ਬੀੜਾਂ ਵਿਚ ... ਕੀਤੀ ਗਈ ਨੌਵੇਂ ਪਾਤਸਾਹ ਦੀ ਬਾਣੀ ਨੂੰ ਨਜ਼ਰ-ਅੰਦਾਜ਼ ਕਰਕੇ ਉਨ੍ਹਾਂ ਦੇ ਮ... ਨੂੰ ਹੀ ਅੱਖਾਂ ਸਾਮ੍ਹਣੇ ਰਖ ਕੇ ਗੱਲ ਕੀਤੀ ਜਾਏਗੀ; ਕਹਣ ਦਾ ਭਾਵ ਇਹ ... ਤੇ ਅੰਤ ਕਰਨ ਵਾਲੀ ਕਿਸੇ ਬੀੜ ਨੂੰ ਨੌਵੇਂ ਮਹਲੁ ਦੇ ਸ਼ਬਦ ਚੜ੍ਹਾਉਣ ਸਮੇਂ ਵਧੀਕ ਸਲੋਕਾਂ ਉੱਤੇ ਭੋਗ ਪੈਣ ਵਾਲੀ ਬਣਾ ਦਿੱਤਾ ਗਇਆ ਸੀ, ਤਾਂ ਅ... ਵਿਸ਼ਲੇਸ਼ਣ ਲਈ ਉਸ ਨੂੰ ਸਵੈਯਾਂ ਉਪਰ ਸਮਾਪਤ ਹੋਣ ਵਾਲੀ ਬੀੜ ਹੀ ਮੰਨਾਂ...।

ਪਰੰਪਰਾ ਵਿਚ ਚਲੇ ਆਉਂਦੇ ਆਦਿ ਬੀੜ ਦੇ ਭੇਦਾਂ ਦਾ ਉੱਲੇਖ ਅਸੀਂ ਉ... ਆਏ ਹਾਂ : (੧) ਭਾਈ ਗੁਰਦਾਸ ਵਾਲੀ ਬੀੜ; (੨) ਭਾਈ ਬੰਨੋ ਵਾ... (੩) ਦਮਦਮੀ ਬੀੜ। ਇਹ ਵੰਡ ਇਨ੍ਹਾਂ ਭੇਦਾਂ ਜਾਂ ਮਿਸਲਾਂ ਦੇ ਲਿਖਾਰੀਆਂ ਦੇ ਨਾਂ... ਹੋਈ ਹੈ, ਤੇ ਇਸ ਦਾ ਮੂਲਾਧਾਰ ਬੀੜ ਵਿਚ ਆਈ ਵਧ ਘਟ ਬਾਣੀ ਵੀ ਹੈ। ... ਵੰਡ ਬੀੜਾਂ ਦੇ ਭੇਦਾਂ ਦਾ ਪੂਰਣ ਚਿਤ੍ਰ ਅੱਖਾਂ ਸਾਮ੍ਹਣੇ ਨਹੀਂ ਲਿਆਉਂਦੀ। ਇ... ਨਵੇਂ ਆਧਾਰ ਲਭਣੇ ਹੋਣਗੇ।

ਮੁਖ ਤੇ ਅਧੀਨ ਸ਼ਾਖਾਵਾਂ

(i) **"ਪੋਥੀ ਲਿਖਿ ਪਹੁੰਚੇ" ਵਾਲੀ ਮੁਖ ਸ਼ਾਖਾ** : ਪ੍ਰਾਪਤ ਬੀੜਾਂ ... ਗਿਣਤੀ ਉਨ੍ਹਾਂ ਬੀੜਾਂ ਦੀ ਹੈ ਜੋ ਲਿਖਣ-ਮਿਤੀ ਨਾਲ "ਪੋਥੀ ਲਿਖਿ ਪਹੁੰਚੇ" ਦੇ ... ਵਾਕਾਂਸ਼ ਨਾਲ ਆਈਆਂ ਹਨ ਤੇ ਜਿਨ੍ਹਾਂ ਦੇ ਜਪੁ "ਗੁਰੂ ਰਾਮਦਾਸ ਜੀ ਦੇ ਦਸ... ਦੀ ਨਕਲ ਹੋਣ ਦਾ ਦਾਅਵਾ ਕਰਦੇ ਹਨ। ਸੋ, ਅਸੀਂ ਆਦਿ ਬੀੜਾਂ ਨੂੰ ਦੋ ... ਵਿਚ ਰਖ ਸਕਦੇ ਹਾਂ : ਪਹਲੀ ਉਹ ਜਿਸ ਵਿਚ ਉਪਰੋਕਤ ਦੋਵੇਂ ਗੱਲਾਂ ਨਿਖਰ ... ਆਈਆਂ ਹਨ; ਦੂਜੀ ਉਹ ਜੋ ਇਸ ਵਾਕਾਂਸ਼ ਤੋਂ ਵਿਹੀਨ ਹਨ ਤੇ ਜਿਨ੍ਹਾਂ ਦੇ ਜ... ਰਾਮਦਾਸ ਜੀ ਦੇ ਦਸਤਖਤਾਂ ਵਾਲੇ ਜਪੁ ਹੋਣ ਦਾ ਦਾਅਵਾ ਨਹੀਂ ਕਰ... ਦੀ ਵੰਡ ਦਾ ਵਿਆਪਕ ਆਧਾਰ ਇਹੀ ਹੈ। ਭਾਈ ਗੁਰਦਾਸ ਵਾਲੀ ਅਸਲ ... ਸਥਿਤੀ ਦਾ ਤਾਂ ਪਤਾ ਨਹੀਂ, ਪਰ 'ਕਰਤਾਰਪੁਰੀ ਬੀੜ' ਤੇ 'ਭਾਈ ਬੰਨੋ ਵਾ... ਇਹੀ ਦੋ ਵਿਸ਼ੇਸ਼ ਲੱਛਣ ਹਨ, ਉਂਞ ਬਾਣੀ-ਪਾਠਾਂ ਕਰਕੇ ਦੋਵੇਂ ਚੋਖੀਆਂ ... ਫਲਸਰੂਪ ਅੱਡ ਅੱਡ ਵਿਹਾਰ ਦੀ ਮੰਗ ਕਰਦੀਆਂ ਹਨ। ਅਸੀਂ ਇਨ੍ਹਾਂ ਦੋ... **"ਪੋਥੀ ਲਿਖਿ ਪਹੁੰਚੇ" ਵਾਲੀ ਮੁਖ ਸ਼ਾਖਾ** ਦੇ ਅੰਤਰਗਤ ਰਖ ਕੇ ਵਿਚਾਰਾਂਗੇ...

(ੳ) **ਭਾਈ ਬੰਨੋ ਵਾਲੀ ਮਿਸਲ :** ਉਪਰਲੀ "ਪੋਥੀ ਲਿਖਿ ਪਹੁੰਚੇ" ਵਾ... ਸ਼ਾਖਾ ਵਿਚ ਭਾਈ ਬੰਨੋ ਵਾਲੀ ਮਿਸਲ ਦਾ ਵਿਸ਼ੇਸ਼ ਸਥਾਨ ਹੈ। ਭਾਈ ਬੰਨੋ ਵ... ਦੀ ਪਛਾਣ ਦਾ ਵਿਸ਼ੇਸ਼ ਪਦ "ਪੋਥੀ ਲਿਖਿ ਪਹੁੰਚੇ" ਪ੍ਰਾਚੀਨ ਪੰਜਾਬੀ ਮੁਹ... ਬੱਝਿਆ ਵਾਕ ਹੈ ਜਿਸ ਦਾ ਅਰਥ ਹੈ, 'ਲਿਖਾਈ ਆਪਣੇ ਅੰਤ ਨੂੰ ਪਹੁੰਚੀ'। ਸੰ...

ਗਿਆਨੀ "ਪਹੁੰਚੇ" ਦਾ ਅਰਥ "ਪਹੋਏ" ਕਰਦੇ ਰਹੇ ਹਨ। ਉਨ੍ਹਾਂ ਦੇ ਪਾਏ ਚਕ੍ਰ ਵਿਚ ਫਸ ਕੇ ਜੀ.ਬੀ. ਸਿੰਘ ਇਸ ਨੂੰ ਖਿਚ ਕੇ ਲਾਹੌਰ ਵਲ ਲੈ ਗਇਆ। ਉਸ ਇਸ ਵਾਕਾਂਸ਼ ਨੂੰ ਭਾਈ ਬੰਨੋ ਨਾਲ ਜੋੜ ਕੇ ਇਸ ਦੇ ਅਰਥ ਇਹ ਕੀਤੇ ਕਿ "ਪੋਥੀ ਜਾਂ ਗ੍ਰੰਥ ਲਿਖ ਕੇ ਅਸੀਂ, ਭਾਵ ਭਾਈ ਬੰਨੋ ਤੇ ਉਨ੍ਹਾਂ ਦੇ ਸਾਥੀ, ਲਾਹੌਰ ਪਹੁੰਚੇ"[5] ਸਪਸ਼ਟ ਹੈ ਕਿ ਜੀ.ਬੀ. ਸਿੰਘ ਦੇ ਮਨ ਵਿਚ ਗ੍ਰੰਥ ਦੀ ਜਿਲਦ ਕਰਾਉਣ ਲਈ ਲਾਹੌਰ ਪਹੁੰਚਣ ਦੀ ਰਿਵਾਇਤ ਕੰਮ ਕਰ ਰਹੀ ਸੀ। ਬ-ਹਰ ਹਾਲ, ਇਸ ਵਾਕਾਂਸ਼ ਦੇ ਅਰਥ ਉਹ ਨਹੀਂ ਜੋ ਉਹ ਕਰ ਰਹੇ ਹਨ। ਇਸ ਦਾ ਸਿੱਧਾ ਤੇ ਸਪਸ਼ਟ ਭਾਵ ਇਹੀ ਹੈ ਕਿ "ਗ੍ਰੰਥ ਦੀ ਲਿਖਾਈ ਦਾ ਕਾਰਜ ਮੁੱਕਾ"। ਪਦ "ਪਹੁੰਚੇ" ਜਨਮਸਾਖੀਆਂ ਵਿਚ ਠੀਕ "ਮੁੱਕਣ" ਜਾਂ ਆਪਣੇ ਅੰਤ ਨੂੰ ਪਹੁੰਚਣ ਦੇ ਅਰਥਾਂ ਵਿਚ ਵਰਤਿਆ ਮਿਲਦਾ ਹੈ। 'ਆਦਿ ਸਾਖੀਆਂ' ਵਿਚ ਲਿਖਿਆ ਹੈ : "ਜਾ ਕਾਜੀ ਅਰੁ ਖਾਨ ਨਿਵਾਜ ਕਰਿ ਪਹੁੰਚੇ"।[6] ਇਸੇ ਤਰ੍ਹਾਂ 'B 40 ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' ਵਿਚ ਲਿਖਿਆ ਹੈ : "ਤਾਂ ਰੁਹੇਲੇ ਆਖਿਆ ਜਿ ਇਸ ਨੂੰ ਤੂੰ ਕਿਤਣੀ ਵਾਰ ਵੇਚਿ ਪਹੁੰਚਿਆ ਹੈ"।[7] ਦੋਹੀਂ ਥਾਈਂ "ਪਹੁੰਚੇ" ਜਾਂ "ਪਹੁੰਚਿਆ" ਦਾ ਅਰਥ ਕਾਰਜ ਦਾ ਆਪਣੇ ਅੰਤ ਨੂੰ ਪਹੁੰਚਣਾ ਹੈ।

"ਜਪੁ ਸ੍ਰੀ ਰਾਮਦਾਸ ਜੀ ਕੇ ਦਸਤਖਤਾਂ ਕਾ ਨਕਲ" ਵਿਚ "ਜਪੁ" ਦਾ ਭਾਵ ਸੁਆਮੀ ਹਰਨਾਮ ਦਾਸ ਗੁਰੂ ਰਾਮਦਾਸ ਜੀ ਵੱਲੋਂ ਤਿਆਰ ਕੀਤਾ ਸਮੁੱਚਾ ਸ੍ਰੀ ਗੁਰੂ ਗ੍ਰੰਥ ਸਾਹਿਬ ਲੈਂਦਾ ਹੈ। ਉਹ ਭਾਈ ਸੰਤੋਖ ਸਿੰਘ ਦੇ ਹਵਾਲੇ ਨਾਲ ਲਿਖਦਾ ਹੈ : "ਜਪੁ" ਸ਼ਬਦ ਦਾ ਅਰਥ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ; ਇਕੱਲੀ 'ਜਪੁ' ਨਾਮੀ ਬਾਣੀ ਨਹੀਂ"।[8] ਉਂਞ ਇਹ ਵਿਚਾਰ ਭਾਈ ਸੰਤੋਖ ਸਿੰਘ ਨੇ ਸੋਢੀ ਮਿਹਰਬਾਨ ਪਾਸੋਂ ਲਇਆ ਲਗਦਾ ਹੈ। ਉਸ ਜਪੁ ਅਵਤਰਨ ਵਾਲੀ ਸਾਖੀ ਵਿਚ ਗੁਰੂ ਅੰਗਦ ਦੇ ਮੂੰਹੋਂ ਸ੍ਰੀ ਗੁਰੂ ਨਾਨਕ ਦੀ ਹਜ਼ੂਰੀ ਵਿਚ ਇਹ ਕਹਾਇਆ ਹੈ ਕਿ ਗੁਰੂ ਬਾਬਾ, ਤੇਰਿਓਂ ਮੁਹੋਂ ਜੋ ਕੁਝ ਨਿਕਲਦਾ ਹੈ, ਸਭ ਜਪੁ ਹੈ।[9] ਤਾਂ ਵੀ ਸੁਆਮੀ ਹਰਨਾਮ ਦਾਸ ਦੇ ਇਹ ਅਰਥ ਇੱਥੇ ਕਿਸੀ ਸੂਰਤ ਵੀ ਜਚਦੇ ਨਹੀਂ ਦਿਸਦੇ, ਕਿਉਂਜੋ 'ਜਪੁ' ਨਾਂ ਹੇਠ ਦਰਜ ਬਾਣੀ ਸਲੋਕ "ਪਵਨ ਗੁਰੂ ਪਾਣੀ ਪਿਤਾ" ਉੱਤੇ ਮੁਕ ਜਾਂਦੀ ਹੈ ਤੇ ਅਗਲੀ ਬਾਣੀ ਦਾ ਨਾਂ "ਸੋ ਦਰੁ" ਲਿਖਿਆ ਹੋਇਆ ਹੈ ਤੇ ਉਸ ਤੋਂ ਅਗਲੀ ਦਾ ਨਾ "ਸੋਹਿਲਾ" ਹੈ। ਇਸ ਲਈ ਗੁਰੂ ਰਾਮਦਾਸ ਜੀ ਦੇ ਦਸਤਖਤਾਂ ਵਾਲੀ ਬਾਣੀ "ਜਪੁ" ਤਕ ਹੀ ਸੀਮਿਤ ਮੰਨਣੀ ਬਣਦੀ ਹੈ।

[5]ਦੇਖੋ 'ਪ੍ਰਾਚੀਨ ਬੀੜਾਂ' ਪੰਨਾ ੨੪੨-੨੪੩.

[6](ਸੰਪ. ਪਿਆਰ ਸਿੰਘ), ਤੀਜਾ ਸੰਸਕਰਣ, ਪੰਨਾ ੧੬੧.

[7](ਸੰਪ. ਪਿਆਰ ਸਿੰਘ), ਦੂਜਾ ਸਸਕਰਣ, ਪੰਨਾ ੧੩੧.

[8]ਦੇਖੋ 'ਪੁਰਾਤਨਿ ਬੀੜਾਂ ਤੇ ਵਿਚਾਰ', (ਭਾਗ ਪਹਲਾ), ਪੰਨਾ ੧੯ ਅਤੇ ੮੩.

[9]ਮਿਹਰਬਾਨ, 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ', ਸੈਂਚੀ ਦੂਜੀ, ਪੰਨਾ ੨੪੮ (ਗੋਸ਼ਟਿ ੬੧ਵੀਂ)

ਸੁਆਮੀ ਹਰਨਾਮ ਦਾਸ ਨੇ "ਜਪੁ ਗੁਰੂ ਰਾਮਦਾਸ ਜੀ ਕੇ ਨਕਲ ਕਾ ਨਕਲ" ਨੂੰ ਤੀਜੇ ਥਾਂ ਨਕਲ ਮੰਨਣ ਵਿਚ ਵੀ ਬਹੁਤ ਖਿਚ ਧੂਹ ਤੋਂ ਕੰਮ ਲਇਆ ਹੈ।[10] ਇਸ ਦਾ ਸਾਫ਼ ਤੇ ਸਪਸ਼ਟ ਅਰਥ ਗੁਰੂ ਰਾਮਦਾਸ ਦੇ ਨਕਲ ਕੀਤੇ ਜਪੁ ਦੀ ਦੂਜੇ ਥਾਂ ਨਕਲ ਹੈ ਤੇ ਇਸ ਤੋਂ ਅੱਗੇ ਧੂਹ ਖਿਚ ਕਰਨੀ ਬਣਦੀ ਨਹੀਂ।

ਉਪਰਲੇ ਦੋਹਾਂ ਲੱਛਣਾਂ (ਪੋਥੀ ਲਿਖਿ ਪਹੁੰਚੇ ਤੇ ਜਪੁ ਦਾ ਗੁਰੂ ਰਾਮਦਾਸ ਦੇ ਦਸਤਖਤਾਂ ਦਾ ਨਕਲ ਹੋਣ) ਤੋਂ ਬਿਨਾਂ ਤੀਸਰਾ ਲੱਛਣ ਇਹ ਹੈ ਕਿ ਇਸ ਸ਼ਾਖਾ ਦੀਆਂ ਬੀੜਾਂ ਵਿਚ ਭਗਤਾਂ ਦੇ ਉਹ ਸਾਰੇ ਸਬਦ ਤੇ ਪੰਚਮ ਪਾਤਸਾਹ ਦੇ ਨਾਂ 'ਤੇ ਚਲਦਾ ਛੰਤ → "ਰੁਣ ਝੁੰਝਨੜਾ ਗਾਉ ਸਖੀ" ਮਿਲਦੇ ਹਨ, ਜਿਨ੍ਹਾਂ ਦਾ ਉੱਲੇਖ ਅਸੀਂ ਇਸੇ ਪ੍ਰਕਰਣ ਦੇ ਮੁਢ ਵਿਚ ਕਰ ਆਏ ਹਾਂ।

ਚੋਥਾ ਇਹ ਕਿ ਬਾਣੀ ਦੇ ਜੁਮਲੇ ਰਚੈਤਿਆਂ ਤੇ ਵਿਧਾਵਾਂ ਅਨੁਸਾਰ ਇਸ ਸ਼ਾਖਾ ਦੀਆਂ ਬਾਅਦ ਦੀਆਂ ਲਿਖੀਆਂ ਬਹੁਤੀਆਂ ਪ੍ਰਤੀਆਂ ਵਿਚ ਮਿਲਦੇ ਹਨ।

ਪੰਜਵਾਂ ਲੱਛਣ ਇਹ ਕਿ ਇਸ ਸ਼ਾਖਾ ਦੀਆਂ ਸਾਰੀਆਂ ਬੀੜਾਂ ਵਿਚ ਬਾਣੀ ਦਾ ਭੋਗ 'ਸਲੋਕ ਵਾਰਾਂ ਤੇ ਵਧੀਕ' ਤੋਂ ਹੁੰਦਾ ਹੋਇਆ ਮੁੰਦਾਵਣੀ ਤਥਾ ਸਲੋਕ 'ਤੇਰਾ ਕੀਤਾ ਜਾਤੋ ਨਾਹੀ' ਤੇ ਪੈਂਦਾ ਹੈ।

ਛੇਵਾਂ, ਫਾਲਤੂ ਬਾਣੀ ਵੀ ਸਾਰੀ ਦੀ ਸਾਰੀ "ਜਿਤ ਦਰ ਲਖ ਮੁਹੰਮਦਾ" ਤੋਂ ਲੈ ਕੇ 'ਸਿਆਹੀ ਕੀ ਬਿਧਿ' ਤਕ ਇਸ ਮਿਸਲ ਵਿਚ ਵਿਦਮਾਨ ਮਿਲਦੀ ਹੈ।

ਭਾਈ ਬੰਨੋ ਵਾਲੀ ਸ਼ਾਖਾ ਦੇ ਅੱਗੋਂ ਦੋ ਰੂਪ ਨਿਸ਼ਚਿਤ ਕੀਤੇ ਜਾ ਸਕਦੇ ਹਨ : ਇਕ ਉਹ ਰੂਪ ਹੈ ਜਿਸ ਵਿਚ "ਸੋ ਪੁਰਖੁ" ਦੇ ਜੁਟ ਵਾਲੇ ਚਾਰ ਸ਼ਬਦ ਪ੍ਰਾਪਤ ਹਨ; ਤੇ ਦੂਜਾ ਉਹ ਜਿਸ ਵਿਚ "ਸੋ ਪੁਰਖੁ" ਦਾ ਜੁਟ ਹਾਲੀ ਪ੍ਰਵੇਸ਼ ਨਹੀਂ ਸੀ ਕਰ ਪਾਇਆ। ਸਰਵੇਖਣ ਵਿਚ ਆਈਆਂ ਬੀੜਾਂ ਵਿੱਚੋਂ ਇਨ੍ਹਾਂ ਦੋਹਾਂ ਉਪਰੂਪਾਂ ਦੀਆਂ ਪ੍ਰਤਿਨਿਧਿ ਬੀੜਾਂ ਇਹ ਕਹੀਆਂ ਜਾ ਸਕਦੀਆਂ ਹਨ :-

(੧) ਰਹਰਾਸਿ "ਸੋ ਪੁਰਖ" ਤੋਂ ਬਿਨਾਂ	(੨) ਰਹਰਾਸਿ "ਸੋ ਪੁਰਖ" ਸਹਿਤ
ਐਮ-ਐਸ. ੭੯੭ (ਨੰ. ੧੦) (੧੬੯੮ ਬਿ.)	ਬੀੜ ਐਮ-ਐਸ. ੧੧੯੨ (ਨੰ. ੨੧) (੧੭੩੧ ਬਿ.)
ਬੰਨੋ ਵਾਲੀ ਬੀੜ (ਨੰ. ੧੧) (੧੬੯੯ ਬਿ.)	ਬੀੜ ਪਿੰਡੀ ਲਾਲਾ (ਨੰ. ੨੨) (੧੭੩੨ ਬਿ.)
ਬੀੜ ਡੇਰਾ ਰਾਮ ਕਿਸ਼ਨ (ਨੰ. ੧੨) (੧੭੧੦ ਬਿ.)	ਬੀੜ ਸਲੋਕ ਰੂਪੀ ਨੀਸਾਣੁ ਵਾਲੀ (ਨੰ. ੨੪) (੧੭੪੪ ਬਿ.)

[10]'ਪੁਰਾਤਨਿ ਬੀੜਾਂ ਤੇ ਵਿਚਾਰ', ਭਾਗ ਪਹਲਾ, ਪੰਨਾ ੯੪-੯੬.

(੧)	(੨)
ਬੀੜ ਪੰਜਾਬ ਪੁਰਾਤ੍ਵ ਵਿਭਾਗ (ਨੰ. ੧੭) (੧੭੨੩ ਬਿ.)	ਬੀੜ ਨੰਦ ਚੰਦ ਸੰਘਾ (ਨੰ. ੨੫) (੧੭੪੫ ਬਿ.)
ਐਮ.ਐਸ ੧੧੮੯ (ਨੰ. ੨੭) (੧੭੪੮ ਬਿ.)	ਹਰਿਦਾਸ ਲਿਖਿਤ ਬੀੜ (ਨੰ. ੩੦) (੧੭੫੦ ਬਿ.)
ਬੀੜ ਮਾਨ ਸਿੰਘ ਨਿਰੰਕਾਰੀ (ਨੰ. ੩੩) (੧੭੫੯ ਬਿ.)	ਸਫਰੀ ਬੀੜ (ਨੰ. ੩੨) (੧੭੫੮ ਬਿ.)
ਬੀੜ ਕਲਮ ਮੰਦਿਰ (ਨੰ. ੩੬) (੧੭੮੭ ਬਿ.)	ਐਮ-ਐਸ.ਜੀ. ੭੩ (ਨੰ. ੩੪) (੧੭੬੦ ਬਿ.)
ਬੀੜ ਕਲਮ ਮੰਦਿਰ (ਨੰ. ੪੦) (੧੮੧੭ ਬਿ.)	ਤੀਰਥ ਦਾਸ ਲਿਖਿਤ ਬੀੜ (ਨੰ. ੩੭) (੧੭੮੯ ਬਿ.)
ਐਮ-ਐਸ.ਜੀ. ੭੨੯ (ਨੰ. ੪੧) (੧੮੨੮ ਬਿ.)	ਬੀੜ ਕਲਮ ਮੰਦਿਰ (ਨੰ. ੩੮) (੧੮੧੧ ਬਿ.)

ਇੱਥੇ ਤੇ ਹੋਰਨਾਂ ਸ਼ਾਖਾਂ ਦੀਆਂ ਬੀੜਾਂ ਵਿਚ 'ਸੋ ਪੁਰਖੁ' ਵਾਲੀ ਬਾਣੀ ਦੇ ਪ੍ਰਵੇਸ਼ ਕਰਨ ਯਾ ਨ ਕਰਨ ਦੀ ਸਥਿਤੀ ਅਜੇਹੀ ਹੀ ਹੈ; ਕਿਸੇ ਬੀੜ ਵਿਚ ਇਹ ਪ੍ਰਾਪਤ ਹੈ ਤੇ ਕਿਸੇ ਵਿਚ ਨਹੀਂ। ਇਸ ਤੋਂ ਪਤਾ ਲਗਦਾ ਹੈ ਕਿ ਇਹ ਬਾਣੀ ਚੋਖਾ ਚਿਰ ਮਗਰੋਂ ਬੀੜ ਵਿਚ ਥਾਂ ਪਾ ਸਕੀ, ਉਂਵ ਭਾਵੇਂ ਪੜ੍ਹੀ ਇਹ ਚੌਥੇ ਸਤਿਗੁਰਾਂ ਦੇ ਆਪਣੇ ਕਾਲ ਵਿਚ ਹੀ ਜਾਣ ਲਗ ਪਈ।

(ਅ) **ਮਿਸਲ ਕਰਤਾਰਪੁਰੀ ਬੀੜ** : ਕਰਤਾਰਪੁਰੀ ਮਿਸਲ, ਜਿਸ ਦੀ ਪ੍ਰਤਿਨਿਧਿਤਾ ਕਰਤਾਰਪੁਰੀ ਸੋਢੀਆਂ ਪਾਸ ਸੁਰੱਖਿਅਤ ਬੀੜ ਕਰਦੀ ਹੈ, "ਪੋਥੀ ਲਿਖਿ ਪਹੁੰਚੇ" ਵਾਲੀ ਸ਼ਾਖਾ ਦੇ ਅੰਤਰਗਤ ਹੀ ਆਉਂਦੀ ਹੈ। ਇਸ ਵਿਚ ਦਰਜ ਜਪੁ ਗੁਰੂ ਰਾਮਦਾਸ ਜੀ ਦੇ ਦਸਤਖਤਾਂ ਵਾਲੇ ਜਪੁ ਤੋਂ ਸਿੱਧਾ ਨਕਲ ਹੋਇਆ ਦਸਿਆ ਗਇਆ ਹੈ। ਰਿਵਾਇਤ ਤਾਂ ਕਰਤਾਰਪੁਰੀ ਬੀੜ ਨੂੰ ਮੂਲ ਕਾਪੀ ਮੰਨਦੀ ਹੈ ਤੇ ਭਾਈ ਬੰਨੋ ਵਾਲੀ ਨੂੰ ਇਸ ਦੀ ਨਕਲ। ਤਾਂ ਵੀ, ਦੋਹਾਂ ਦੇ ਪਾਠਾਂ ਵਿਚ ਅਨੇਕ ਅੰਤਰ ਹਨ, ਜਿਨ੍ਹਾਂ ਕਰਕੇ ਇਸ ਨੂੰ "ਪੋਥੀ ਲਿਖਿ ਪਹੁੰਚੇ" ਵਾਲੀ ਸ਼ਾਖਾ ਵਿਚ ਸੁਤੰਤਰ ਸਥਾਨ ਦੇਣਾ ਬਣਦਾ ਹੈ। ਇਸ ਮਿਸਲ ਦੀਆਂ ਵਿਸ਼ੇਸ਼ਤਾਵਾਂ ਦਾ ਉੱਲੇਖ ਅਸੀਂ ਅੱਗੇ ਚਲ ਕੇ ਕਰਾਂਗੇ।

(ii) **ਸਵੈਯਾਂ ਉੱਤੇ ਭੋਗ ਵਾਲੀ** ਸ਼ਾਖਾ : ਬੀੜਾਂ ਦੀ ਦੂਜੀ ਸ਼ਾਖਾ ਉਹ ਹੈ ਜਿਨ੍ਹਾਂ ਦਾ ਭੋਗ ਸਵੈਯਾਂ 'ਤੇ ਪੈਂਦਾ ਹੈ। ਸਾਡੇ ਸਰਵੇਖਣ ਵਿਚ ਅਜੇਹੀਆਂ ਸੱਤ ਬੀੜਾਂ ਆਈਆਂ ਹਨ :

੧. ਬੂੜੇ ਸੰਧੂ ਵਾਲੀ (ਨੰ. ੧੩), ੧੭੧੧ ਬਿ.
੨. ਕਾਨਗੜ੍ਹ ਵਾਲੀ (ਨੰ. ੧੫), ੧੭੧੮ ਬਿ.
੩. ਬੀੜ ਸਿਖ ਰੈਫਰੈਂਸ ਲਾਇਬ੍ਰੇਰੀ ਨੰ. ੪/੩ (ਨੰ. ੧੬), ੧੭੨੨ ਬਿ.
੪. ਰਾਮ ਰਾਇ ਲਿਖਿਤ ਬੀੜ (ਨੰ. ੨੮), ੧੭੪੯ ਬਿ.

੫. ਬੀੜ ਅਜਾਇਬ ਘਰ ਪੰਜਾਬੀ ਯੂਨੀਵਰਸਿਟੀ (ਨੰ. ੨੯), (੧੭੬ [illegible]
੬. ਡਾ. ਤ੍ਰਿਲੋਚਨ ਵਾਲੀ ਬੀੜ (ਨੰ. ੩੫), (੧੭੬੨ ਬਿ.)
੭. ਬੀੜ ਸੋਢੀ ਆਸਾ ਸਿੰਘ (ਨੰ. ੪੩), (ਮਿਤੀਹੀਨ)

ਇਨ੍ਹਾਂ ਬੀੜਾਂ ਵਿਚ "ਪੋਥੀ ਲਿਖਿ ਪਹੁੰਚੇ" ਵਾਕਾਂਸ਼ ਕਿਤੇ ਨਹੀਂ ਆ[illegible]ਆ ਜਪੁ ਸਾਹਿਬ ਦੇ ਸ੍ਰੀ ਗੁਰੂ ਰਾਮਦਾਸ ਜੀ ਦੇ ਜਪੁ ਦੀ ਨਕਲ ਹੋਣ ਦਾ ਉੱਲੇਖ ਲਿਖਿ ਪਹੁੰਚੇ ਦੀ ਭਾਈ ਬੰਨੋ ਵਾਲੀ ਸ਼ਾਖਾ (ੳ) ਦੇ ਬਹੁਤੇ ਲੱਛਣਾਂ ਤੋਂ ਇਹ [illegible] ਸ਼ਾਖਾ ਦੀ ਪ੍ਰਾਪਤ ਪ੍ਰਥਮਤਮ 'ਬੀੜ ਬੂੜੇ ਸੰਧੂ ਵਾਲੀ' (ਨੰ. ੧੩) ਵਿਚ ਭਾਈ ਬੰਨੋ ਵਾਲੇ ਵਾਧੂ ਸ਼ਬਦ ਨਹੀਂ ਹਨ। ਰਾਗੁ ਸੋਰਠਿ ਵਿਚ "ਅਉਧੂ ਸੋ ਜੋਗੀ ਗੁ[illegible] ਹੈ; ਨਾ ਹੀ ਰਾਗੁ ਰਾਮਕਲੀ ਦਾ ਪੰਚਮ ਮਹਲੁ ਦਾ ਛੰਤ "ਰੁਣ ਝੁੰਝਨ[illegible] ਹੈ। ਮੀਰਾ ਬਾਈ ਦਾ ਅਤੇ ਸੂਰਦਾਸ ਦੇ ਪਦੇ ਵੀ ਨਹੀਂ ਹਨ। ਰਾਗਮਾਲਾ ਫਾਲਤੂ ਬਾਣੀ ਦਾ ਨਾਂ ਨਿਸ਼ਾਨ ਤਕ ਨਹੀਂ ਹੈ। ਹੋਰ ਫ਼ਰਕ ਭਾਈ ਬੰਨੋ ਵਾ[illegible] ਨਾਲੋਂ ਇਹ ਪਇਆ ਹੈ ਕਿ ਇਸ ਵਿਚ "ਸੋ ਪੁਰਖੁ" ਵਾਲੇ ਚਾਰ ਸ਼ਬਦ [illegible] ਤਰ੍ਹਾਂ ਵਿਦਮਾਨ ਹੈ। ਫਲਸਰੂਪ, ਇਹ ਸ਼ਾਖਾ ਉਪਰ ਵਰਣਿਤ-ਸ਼ਾਖਾ (i) [illegible] ਉੱਦਮ ਦਾ ਫਲ ਹੈ। ਇਸ ਸ਼ਾਖਾ ਦੀ ਵਿਆਪਕ ਸਥਿਤੀ 'ਬੂੜੇ ਸੰਧੂ ਵਾ[illegible] (ਨੰ. ੧੩) ਦੀ ਅਨੁਸਾਰੀ ਹੈ, ਪਰ ਇਸ ਦੀਆਂ ਹੋਰਨਾਂ ਕਾਪੀਆਂ ਵਿਚ ਕੁਝ ਵਿਲੇ[illegible] ਦਰਜ ਹੋਏ ਵੀ ਮਿਲਦੇ ਹਨ; ਜਿਵੇਂ ਕਬੀਰ ਜੀ ਦੇ ਰਾਗੁ ਗਉੜੀ ਦੇ ਵਾ[illegible] ਦੇ ਸ਼ਲੋਕ : "ਧਰ ਅੰਬਰ ਵਿਚ ਬੇਲੜੀ" ਜਾਂ ਮਲਾਰ ਰਾਗੁ ਦਾ ਪੰਚਮ ਪਾ[illegible] "ਪ੍ਰਾਨ ਮਾਨ ਏਕ ਨਾਮ"। ਕੁਝ ਕਾਪੀਆਂ ਵਿਚ "ਰੁਣ ਝੁੰਝਨੜਾ" ਦੀ ਇ[illegible] ਘੁਸੜ ਆਈ ਹੈ। ਇਹ ਸਭ ਬਾਅਦ ਦੇ ਲਿਖਾਰੀਆਂ ਹੱਥੋਂ ਹੋਈ ਦਖਲ-ਅੰ[illegible] ਲੱਛਣ ਇਸ ਸ਼ਾਖਾ ਦੇ ਉਪਰ-ਵਰਣਿਤ ਹੀ ਸਨ।

(iii) **ਫਰੀਦ ਜੀ ਦੇ ਸਲੋਕਾਂ ਉੱਤੇ ਭੋਗ ਵਾਲੀ ਸ਼ਾਖਾ** : ਤੀਜੀ ਪ੍ਰਤਿਨਿਧਤਾ ਉਹ ਬੀੜਾਂ ਕਰਦੀਆਂ ਹਨ ਜਿਨ੍ਹਾਂ ਵਿਚ ਭੋਗ ਫਰੀਦ ਦੇ ਸ[illegible]ਾਂ ਹੈ। ਸਾਡੇ ਸਰਵੇਖਣ ਵਿਚ ਆਈਆਂ ਇਸ ਸ਼ਾਖਾ ਦੀਆਂ ਬੀੜਾਂ ਇਹ ਹਨ :

ਲਾਹੌਰੀ ਬੀੜ (ਨੰ. ੮), ੧੬੬੭ ਬਿ.
ਐਮ-ਐਸ. ੧੦੮੪ (ਨੰ. ੧੮), ੧੭੨੩ ਬਿ.
ਜੋਗਰਾਜ ਲਿਖਿਤ ਬੀੜ (ਨੰ. ੧੯), ੧੭੨੪ ਬਿ.
ਬੀੜ ਡਾ. ਮਾਨ ਸਿੰਘ ਨਿਰੰਕਾਰੀ (ਨੰ. ੩੧), ੧੭੫੫ ਬਿ. (ਅੰਦਾ[illegible])

ਇਹ ਸ਼ਾਖਾ ਲੱਛਣਾਂ ਵਿਚ ਸ਼ਾਖਾ (ii) ਨਾਲ ਮੇਲ ਖਾਂਦੀ ਹੈ; ਫ਼ਰਕ [illegible] ਕੁ ਹੈ ਕਿ ਇਸ ਸ਼ਾਖਾ ਵਿਚ ਭੱਟਾਂ ਦੇ ਸਵੈਯਾਂ ਨੇ ਕਬੀਰ ਜੀ ਅਤੇ ਫ਼ਰੀਦ [illegible] ਤੋਂ ਪਹਲਾਂ ਥਾਂ ਲੈ ਲਈ ਹੈ। ਸ਼ਾਖਾ (ii) ਵਾਂਙ ਨ ਤਾਂ ਇਨ੍ਹਾਂ ਬੀੜ[illegible] "ਪੋਥੀ ਲਿਖਿ ਪਹੁੰਚੇ" ਆਇਆ ਹੈ, ਨ "ਜਪੁ ਸ੍ਰੀ ਗੁਰੂ ਰਾਮਦਾਸ ਜੀ ਕੇ [illegible]

ਨਕਲ'' ਦਸਿਆ ਹੈ। ''ਸੋ ਪੁਰਖੁ'' ਵਾਲਾ ਜੁਟ ਵੀ ਇਸ ਸ਼ਾਖਾ ਦਾ ਹਾਲੀ ਦ੍ਰਿੜ੍ਹ ਅੰਗ ਬਣਿਆ ਨਹੀਂ ਲਗਦਾ ਕਿਉਂਜੋ ਲਾਹੌਰੀ ਬੀੜ (ਨੰ. ੮) ਵਿਚ ਇਹ ਮਗਰੋਂ ਕਿਸੇ ਨੇ ਵਧਾਇਆ ਹੈ; ਬੀੜ ਐਮ-ਐਸ. ੧੦੮੪ (ਨੰ. ੧੮) ਵਿਚ ਇਹ ਹੈ ਹੀ ਨਹੀਂ; ਜੋਗਰਾਜ ਲਿਖਿਤ ਗ੍ਰੰਥ (ਬੀੜ ਨੰ. ੧੯) ਵਿਚ ਇਹ ਮੌਜੂਦ ਹੈ ਤੇ ਡਾ. ਮਾਨ ਸਿੰਘ ਨਿਰੰਕਾਰੀ ਵਾਲੀ ਬੀੜ (ਨੰ. ੩੧) ਵਿਚ ਇਹ ਲਿਖ ਕੇ ਹੜਤਾਲਿਆ ਹੋਇਆ ਹੈ। ਇਸ ਸ਼ਾਖਾ ਦੀਆਂ ਬੀੜਾਂ ਵਿਚ ਰਾਗਮਾਲਾ ਆਦਿ ਫਾਲਤੂ ਬਾਣੀ ਨਹੀਂ ਹੈ।

ਕਿਆਸ ਇਹੀ ਹੈ ਕਿ ਇਹ ਦੋਵੇਂ, ਸਵੈਯਾਂ ਉੱਤੇ ਅੰਤ ਵਾਲੀ ਤੇ ਫਰੀਦ ਦੇ ਸਲੋਕਾਂ ਉੱਤੇ ਅੰਤ ਪਾਉਣ ਵਾਲੀਆਂ ਸ਼ਾਖਾਵਾਂ ਇਕ ਸਾਥ ਵਿਕਸਿਤ ਹੋਈਆਂ। ਦੋਹਾਂ ਸ਼ਾਖਾਂ ਦੇ ਸੰਪਾਦਕਾਂ ਨੇ ਬਾਣੀ-ਨਿਰੂਪਣ ਦੀ ਬੱਧੀ ਮਰਯਾਦਾ ਨੂੰ ਨਿਭਾਉਣ ਦੀ ਚੇਸ਼ਠਾ ਕੀਤੀ ਲਗਦੀ ਹੈ। ਸਲੋਕ ਵਾਰਾਂ ਤੇ ਵਧੀਕ ਗੁਰੂ ਸਾਹਿਬਾਨ ਦੀ ਰਚਨਾ ਸੀ। ਬੱਝ ਚੁਕੀ ਪਰੰਪਰਾ ਅਨੁਸਾਰ ਗੁਰੂ ਸਾਹਿਬਾਨ ਦੀ ਬਾਣੀ ਭਗਤਾਂ ਦੀ ਬਾਣੀ ਤੋਂ ਪਹਲਾਂ ਆਉਣੀ ਚਾਹੀਦੀ ਸੀ। ਸੋ ਇਨ੍ਹਾਂ ਸ਼ਾਖਾਂ ਦੇ ਸੰਪਾਦਕਾਂ ਨੇ ਉਸ ਨੂੰ ਬਾਕੀ ਬਾਣੀ ਤੋਂ ਪਹਲ ਦਿੱਤੀ। ਭਗਤ ਬਾਣੀ ਨੇ ਹਰ ਹਾਲਤ ਵਿਚ ਉਸ ਦੇ ਪਿੱਛੇ ਜਾਣਾ ਸੀ, ਸੋ ਇਹ ਸਲੋਕ ਵਾਰਾਂ ਤੇ ਵਧੀਕ ਦੇ ਮਗਰ ਰਖੀ ਗਈ। ਹੁਣ ਪ੍ਰਸ਼ਨ ਭੱਟਾਂ ਦੇ ਸਵੈਯਾਂ ਦਾ ਸੀ। ਸ਼ਾਖਾ (**ii**) ਦੇ ਸੰਪਾਦਕ ਨੇ ਇਨ੍ਹਾਂ ਨੂੰ ਇਕ ਖਿਲ (**addendum**) ਮੰਨਦਿਆਂ ਗ੍ਰੰਥ ਦੇ ਅੰਤ 'ਤੇ ਰਖ ਦਿੱਤਾ ਤੇ ਗੁਰੂ ਬਾਣੀ ਤੇ ਭਗਤ ਬਾਣੀ ਦੀ ਤਰਤੀਬ ਨੂੰ ਬਣਾਈ ਰੱਖਿਆ। ਭੋਗ ਉਸ ਫ਼ਰੀਦ ਜੀ ਦੇ ਸਲੋਕਾਂ 'ਤੇ ਪਾ ਕੇ ਭੱਟਾਂ ਦੇ ਸਵੈਯਾਂ ਨੂੰ ਵਾਧੂ ਕ੍ਰਿਤੀ ਵਾਂਙ ਗ੍ਰੰਥ ਦੇ ਅੰਤ 'ਤੇ ਸੁਰੱਖਿਅਤ ਕਰ ਦਿੱਤਾ। ਪਰੰਤੂ ਸ਼ਾਖਾ (**iii**) ਦੇ ਸੰਪਾਦਕ ਨੇ ਭੱਟਾਂ ਦੇ ਸਵੈਯਾਂ ਨੂੰ ਉਸੇ ਤਰ੍ਹਾਂ ਦੀ ਕ੍ਰਿਤੀ ਮੰਨਿਆ ਜਿਸ ਤਰ੍ਹਾਂ ਦੀ ਕਿ ਰਾਗੁ ਰਾਮਕਲੀ ਵਿਚ 'ਸਤਾ ਬਲਵੰਡ ਦੀ ਵਾਰ' ਜਾਂ 'ਸਦ' ਹੈ। ਜਿਸ ਤਰ੍ਹਾਂ ਇਨ੍ਹਾਂ ਨੂੰ ਬਾਣੀ ਵਿਚ ਥਾਂ ਦਿੱਤੀ ਗਈ ਸੀ, ਉਸੇ ਤਰ੍ਹਾਂ ਸ਼ਾਖਾ (**iii**) ਦੇ ਸੰਪਾਦਕ ਨੇ ਇਨ੍ਹਾਂ ਨੂੰ ਬਾਣੀ ਦੇ ਅੰਦਰ ਰਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਫ਼ਰੀਦ ਜੀ ਦੇ ਸਲੋਕਾਂ ਤੇ ਪਾਣਾ ਉਚਿਤ ਸਮਝਿਆ। ਦੋਵੇਂ ਆਪਣੀ ਆਪਣੀ ਥਾਂ ਬਾਣੀ ਅੰਕਿਤ ਕਰਨ ਦੀ ਬੱਧੀ ਮਰਯਾਦਾ ਦੀ ਪੂਰਤੀ ਕਰਦੇ ਕਹੇ ਜਾ ਸਕਦੇ ਹਨ। ਦੋਹਾਂ ਨੂੰ ਅਸੀਂ ਮਰਯਾਦਾ ਅਨੁਕੂਲ ਕਹ ਸਕਦੇ ਹਾਂ, ਪਰੰਤੂ ਨਿਆਇ ਸਵੈਯਾਂ ਨੂੰ ਖਿਲ ਰੂਪ ਮੰਨ ਕੇ ਸਵੈਯਾਂ ਉੱਤੇ ਕਰਨ ਵਾਲੀ ਬਾਣੀ ਦੇ ਹਕ ਵਿਚ ਜਾਂਦਾ ਹੈ।

ਅਸੀਂ ਦ੍ਰਿੜ੍ਹਤਾ ਸਹਿਤ ਨਹੀਂ ਕਹ ਸਕਦੇ ਕਿ ਭਾਈ ਗੁਰਦਾਸ ਦੁਆਰਾ ਤਿਆਰ ਕੀਤੀ ਆਦਿ ਬੀੜ ਦੀ ਸਥਿਤੀ ਇਸ ਪਖ ਤੋਂ ਕੀ ਸੀ। ਭਾਈ ਜੋਗਰਾਜ ਜਿਸ ਦਾ ਭੋਗ ਫ਼ਰੀਦ ਜੀ ਦੇ ਸਲੋਕਾਂ 'ਤੇ ਪੈਂਦਾ ਹੈ, ਆਪਣੇ ਗ੍ਰੰਥ (ਨੰ. ੧੯) ਨੂੰ ''ਸੰਪੂਰਣ ਤੇ ਸਹੀ'' ਲਿਖਦਾ ਹੈ। ਸਵਰਗਵਾਸੀ ਭਾਈ ਰਣਧੀਰ ਸਿੰਘ, ਰਾਮਰਾਇ ਲਿਖਿਤ ਬੀੜ (ਨੰ. ੨੮) ਨੂੰ ਜੋ ਸਵੈਯਾਂ ਉਪਰ ਸਮਾਪਤ ਹੁੰਦੀ ਹੈ, ਆਦਿ ਬੀੜ ਦਾ ਪ੍ਰਤਿਨਿਧਿ ਸਮਝਦਾ ਹੈ। ਸੋ ਨਿਸ਼ਚਿਤ ਕੁਝ ਵੀ ਨਹੀਂ ਹੈ। ਪਰੰਤੂ ਇਕ ਗੱਲ ਬੜੀ ਸਪਸ਼ਟ ਹੈ ਕਿ ਸਾਧਾਰਣ ਸਿਖ ਦੇ

ਮਨ ਵਿਚ ਮੁੰਦਾਵਣੀ ਤੇ ਸਲੋਕ ''ਤੇਰਾ ਕੀਤਾ ਜਾਤੋ ਨਾਹੀ'' ਗ੍ਰੰਥ ਦੀ ਸਮਾਪਤੀ ਲਈ ਇੰਨੇ ਢੁਕਵੇਂ ਸਨ ਕਿ ਬਹੁਤੇ ਸੰਪਾਦਕਾਂ ਨੇ ਸਲੋਕ ''ਵਾਰਾਂ ਤੇ ਵਧੀਕ'' ਨੂੰ ਅੰਤ ਵਿਚ ਲਿਆਉਣਾ ਯੋਗ ਸਮਝਿਆ। ਇਸ ਵਿਚ ਸ਼ਾਇਦ ਇਹ ਵੀ ਖਿਆਲ ਕੰਮ ਕਰ ਰਹਿਆ ਸੀ ਕਿ ਗ੍ਰੰਥ ਜਪੁ, ਆਦਿ ਗੁਰਬਾਣੀ ਨਾਲ ਸ਼ੁਰੂ ਹੋਇਆ ਹੈ। ਇਸ ਲਈ ਇਸ ਦੀ ਸਮਾਪਤੀ ਵੀ ਗੁਰੂ ਸਾਹਿਬ ਦੀ ਬਾਣੀ ਨਾਲ ਹੋਣੀ ਚਾਹੀਦੀ ਹੈ। ਫਲਸਰੂਪ ਆਦਿ ਬੀੜ ਦਾ ਜੋ ਸਰੂਪ ਹੌਲੇ ਹੌਲੇ ਲੋਕਾਂ ਵਿਚ ਪ੍ਰਚਲਿਤ ਹੋਇਆ, ਉਹ ਭੋਗ ਸਲੋਕ ਵਾਰਾਂ ਤੇ ਵਧੀਕ ਉੱਤੇ ਪਾਣ ਵਾਲਾ ਸੀ। ਇੰਞ ਸਮਾਂ ਪਾ ਕੇ ਸਲੋਕ ਵਾਰਾਂ ਤੇ ਵਧੀਕ ਵਾਲੀ ਪਰਿਪਾਟੀ ਚਲ ਨਿਕਲੀ ਅਤੇ ਸਵੈਯਾਂ ਯਾ ਫ਼ਰੀਦ ਜੀ ਦੇ ਸਲੋਕਾਂ 'ਤੇ ਭੋਗ ਪਾਣ ਵਾਲੀਆਂ ਪਰਿਪਾਟੀਆਂ, ਮਰਯਾਦਾ ਅਨੁਕੂਲ ਹੋਣ ਦੇ ਬਾਵਜੂਦ, ਖੇਤਰ ਵਿੱਚੋਂ ਨਿਕਲ ਗਈਆਂ।

(iv) **ਮੰਗਲ-ਪ੍ਰਦਾਨ ਸ਼ਾਖਾ** : ਬੀੜਾਂ ਦੀ ਚੌਥੀ ਸ਼ਾਖਾ ਉਨ੍ਹਾਂ ਗ੍ਰੰਥਾਂ ਵਿਚ ਅੱਖਾਂ ਸਾਮ੍ਹਣੇ ਆਉਂਦੀ ਹੈ, ਜਿਨ੍ਹਾਂ ਵਿਚ ਪੁਰਾਣੀ ਲਿਖਣ-ਪਰਿਪਾਟੀ ਦੀ ਪਾਲਣਾ ਵਿਚ, ਬਾਣੀ ਦਾ ਪ੍ਰਾਰੰਭ ਸਭ ਥਾਂ ਨਿੱਕੇ ਮੰਗਲ, ''੧ਓ ਸਤਿਗੁਰ ਪ੍ਰਸਾਦਿ'' ਨਾਲ ਕੀਤਾ ਗਇਆ ਹੈ ਤੇ ਜਿਨ੍ਹਾਂ ਵਿਚ ਮੂਲਮੰਤ੍ਰ, ਸਿਵਾਇ ਜਪੁ ਵਿਚ ਗੌਣ ਰੂਪ ਵਿਚ ਟਾਂਕੇ ਗਏ ਹੋਣ ਦੇ, ਹੋਰ ਕਿਤੇ ਵੀ ਨਹੀਂ ਆਇਆ। ਇਸ ਸ਼ਾਖਾ ਦੀ ਪ੍ਰਤਿਨਿਧਤਾ ਸਾਡੇ ਸਰਵੇਖਣ ਵਿਚ 'ਸਾਰਨਕੇ ਵਾਲਾ ਗ੍ਰੰਥ (ਨੰ. ੨੦), 'ਡਾ. ਮਾਨ ਸਿੰਘ ਨਿਰੰਕਾਰੀ ਵਾਲੀ ਬੀੜ' (ਨੰ. ੩੧) ਅਤੇ 'ਅਮੋਲਕ ਬੀੜ ਪਟਿਆਲਾ' (ਨੰ. ੩੯), ਕਰਦੀਆਂ ਹਨ। ਇਹ ਤਿੰਨੇ ਬੀੜਾਂ ਇਸ ਪੱਖ ਤੋਂ ਨਿੱਕੇ ਮੰਗਲ ਨੂੰ ਪ੍ਰਧਾਨਤਾ ਦੇਣ ਵਾਲੀ ਪੁਰਾਣੀ ਪਰਿਪਾਟੀ ਦੀ ਪੈਰਵੀ ਕਰਦੀਆਂ ਕਹੀਆਂ ਜਾ ਸਕਦੀਆਂ ਹਨ।

(v) **ਤਤਕਰੇ ਦੀ ਸਥਿਤੀ ਕਾਰਣ ਭੇਦ ਵਾਲੀ ਸ਼ਾਖਾ** : ਜੇ ਤਤਕਰਿਆਂ ਦੇ ਨਿਰੂਪਣ ਨੂੰ ਸ਼ਾਖਾ ਦਾ ਇਕ ਆਧਾਰ ਮੰਨ ਲਇਆ ਜਾਏ ਤਾਂ ਪੰਜਵੀਂ ਸ਼ਾਖਾ ਉਨ੍ਹਾਂ ਬੀੜਾਂ ਦੀ ਹੋਵੇਗੀ ਜਿਨ੍ਹਾਂ ਦੇ ਤਤਕਰੇ ਹਰੇਕ ਰਾਗੁ ਦੇ ਮੁਢ ਵਿਚ ਲਗੇ ਹੋਏ ਹਨ ਤੇ ਸਮੁਚੀ ਪੋਥੀ ਦਾ ਤਤਕਰਾ ਗ੍ਰੰਥ ਦੇ ਮੁਢ ਵਿਚ ਰਖਿਆ ਹੋਇਆ ਹੈ। ਸਾਡੇ ਸਰਵੇਖਣ ਵਿਚ ਅਜੇਹੇ ਤਿੰਨ ਗ੍ਰੰਥ ਆਏ ਹਨ :-

੧. ਵਿਲੱਖਣ ਤੇ ਪੁਰਾਤਨ ਬੀੜ (ਨੰ. ੫), ਸਮਾਂ ਛੇਵੀਂ ਪਾਤਸ਼ਾਹੀ
੨. ਮਾਨ ਸਿੰਘ ਨਿਰੰਕਾਰੀ ਵਾਲੀ ਬੀੜ (ਨੰ. ੩੧), ੧੭੫੫ (ਨਿਕਟ)
੩. ਅਮੋਲਕ ਬੀੜ ਪਟਿਆਲਾ (ਨੰ. ੩੯), ੧੮੧੨ ਬਿ.

ਸ਼ਬਦ-ਤਤਕਰੇ ਦੇ ਰਾਗੁ ਦੇ ਮੁਢ ਵਿਚ ਰਖੇ ਜਾਣ ਨਾਲ ਸ਼ਬਦ ਢੂੰਡਣ ਵਿਚ ਜੋ ਆਸਾਨੀ ਹੁੰਦੀ ਹੈ,ਉਸ ਦਾ ਇਹ ਤਿੰਨੇ ਬੀੜਾਂ ਵਧੀਆ ਸਬੂਤ ਹਨ, ਭਾਵੇਂ ਤਕਨੀਕੀ ਦ੍ਰਿਸ਼ਟੀ ਤੋਂ ਇਹ ਇਕ ਦੋਸ਼ ਹੀ ਮੰਨਿਆ ਜਾਵੇਗਾ।

(vi) **ਭਗਤ ਬਾਣੀ ਦੇ ਨਿਖੇੜੇ ਵਾਲੀ ਸ਼ਾਖਾ** : ਉਪਰ ਵਰਣਿਤ ਪੰਜੇ ਸ਼ਾਖਾ ਤੋਂ ਬਿਨਾਂ ਇਕ ਹੋਰ ਛੇਵੀਂ ਸ਼ਾਖਾ ਦੀਆਂ ਬੀੜਾਂ ਵੀ ਮਿਲਦੀਆਂ ਹਨ। ਪਰ ਇਹ ਸ਼ਾਖਾ ਵਿਆਪਕ ਰੂਪ ਵਿਚ ਪਲਰੀ ਨਹੀਂ ਲਗਦੀ। ਇਹ ਸ਼ਾਖਾ ਉਹ ਹੈ ਜਿਸ ਵਿਚ ਗੁਰੂ-ਵਿਅਕਤੀਆਂ ਦੀ ਬਾਣੀ ਨੂੰ ਭਗਤਾਂ ਦੀ ਬਾਣੀ ਤੋਂ ਅਡ ਰਖ ਕੇ ਵਾਚਣ ਦਾ ਉੱਦੇਸ਼ ਕੰਮ ਕਰਦਾ ਦਿਸ ਆਉਂਦਾ ਹੈ। ਸਾਡੇ ਸਰਵੇਖਣ ਵਿਚ ਇਸ ਵੰਨਗੀ ਦਾ ਇੱਕੋ ਇਕ ਉੱਦਮ 'ਵਿਲੱਖਣ ਤੇ ਪ੍ਰਾਚੀਨ ਬੀੜ' (ਨੰ. ੫) ਵਿਚ ਦੇਖਿਆ ਜਾ ਸਕਦਾ ਹੈ। ਇਸ ਵਿਚ ਭਗਤ ਬਾਣੀ ਨਹੀਂ ਹੈ; ਨਿਪਟ ਗੁਰੂਆਂ ਦੀ ਬਾਣੀ ਹੈ। ਭਾਈ ਮਨੀ ਸਿੰਘ ਵੱਲੋਂ ਤਿਆਰ ਕੀਤਾ ਗਇਆ ਕਥਿਤ ਪਾਤਸ਼ਾਹੀਆਂ ਵਾਲਾ ਗ੍ਰੰਥ ਇਸ ਸ਼ਾਖਾ ਦਾ ਦੂਜਾ ਉੱਦਮ ਕਹਿਆ ਜਾ ਸਕਦਾ ਹੈ। ਭਾਈ ਮਨੀ ਸਿੰਘ ਵਾਲਾ ਪਾਤਸ਼ਾਹੀ ਵਾਲਾ ਕਥਿਤ ਗ੍ਰੰਥ ਇਸ ਵਕਤ ਰਾਜਾ ਗੁਲਾਬ ਸਿਘ ਸੇਠੀ ਦੀ ਸੰਤਾਨ ਪਾਸ ੪੭ ਹਨੁਮਾਨ ਰੋਡ, ਨਵੀਂ ਦਿੱਲੀ, ਵਿਚ ਸੁਰੱਖਿਅਤ ਹੈ। ਇਸ ਪਿੱਛੋਂ ਪੁਰਾਣੇ ਕਾਲ ਵਿਚ ਕਿਸੇ ਹੋਰ ਉੱਦਮ ਦੇ ਹੋਣ ਦੀ ਟੋਹ ਸਾਡੇ ਪਾਸ ਨਹੀਂ ਹੈ।

(vii) **ਲੌਕਿਕ ਦਖਲ-ਅੰਦਾਜ਼ੀ ਵਾਲੀ ਸ਼ਾਖਾ** : ਸਾਹਿਤਿਕ ਕ੍ਰਿਤੀਆਂ ਦੀਆਂ ਸ਼ਾਖਾਵਾਂ ਦਾ ਨਿਰਧਾਰਣ ਪਾਠ-ਭੇਦਾਂ ਦੇ ਆਧਾਰ 'ਤੇ ਵੀ ਕੀਤਾ ਜਾਂਦਾ ਹੈ; ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਲਤ ਵਿਚ ਅਜੇਹਾ ਕਰਨਾ ਸੰਭਵ ਨਹੀਂ ਹੈ। ਇਸ ਦੇ ਕਈ ਕਾਰਣ ਹਨ : ਪਹਲਾ ਇਹ ਕਿ ਇਹ ਗ੍ਰੰਥ ਲਗਪਗ ਪੰਜ ਸੌ ਸਾਲ ਦੀਆਂ ਕ੍ਰਿਤੀਆਂ ਆਪਣੇ ਅੰਦਰ ਸੰਭਾਲੀ ਬੈਠਾ ਹੈ; ਦੂਜਾ ਇਹ ਕਿ ਇਨ੍ਹਾਂ ਕ੍ਰਿਤੀਆਂ ਦੇ ਲੇਖਕ ਦੇਸ ਦੇ ਵਖ ਵਖ ਹਿੱਸਿਆਂ ਨਾਲ ਸੰਬੰਧ ਰਖਦੇ ਹਨ; ਤੀਸਰੇ, ਬਾਣੀਆਂ ਦੇ ਪਾਠ, ਬਹੁਤੀਆਂ ਹਾਲਤਾਂ ਵਿਚ ਲੌਕਿਕ ਦਖਲ-ਅੰਦਾਜ਼ੀ ਵਾਲੇ ਹਨ—ਕਹਣ ਦਾ ਭਾਵ ਇਹ ਕਿ ਕਈ ਸ਼ਬਦਾਂ ਦੀਆਂ ਬਣਤਰਾਂ ਲੌਕਿਕ ਉਚਾਰਣ ਵਾਲੀਆਂ ਹਨ ਜਿਵੇਂ ਕੰਬੀਰ, ਅੰਬ੍ਰਿਤ, ਸਿਪਤੀ ਆਦਿ; ਚੌਥੇ ਇਹ ਕਿ ਬੀੜ ਤਿਆਰ ਕੀਤੇ ਜਾਣ ਪਿੱਛੋਂ ਵੀ ਬਾਣੀ ਦੇ ਪਾਠਾਂ ਵਿਚ ਭੰਨ-ਤੋੜ ਵੱਡੇ ਪੈਮਾਨੇ ਤੇ ਹੁੰਦੀ ਆਈ ਹੈ। ਧਾਰਮਿਕ ਪੁਸਤਕ ਹੋਣ ਕਾਰਣ ਹਰੇਕ ਸ਼ਰਧਾਲੂ ਦੀ ਇਹ ਲਾਲਸਾ ਰਹੀ ਹੈ ਕਿ ਉਸ ਦੀ ਬੀੜ ਦਾ ਪਾਠ ਸ਼ੁੱਧ ਤੇ ਪਰਮਾਣਿਤ ਹੋਵੇ। ਇਸ ਲਾਲਸਾ ਅਧੀਨ ਜਿੱਥੇ ਕਿਤੇ ਉਸ ਕੋਈ ਫ਼ਰਕ ਪਾਠ ਵਿਚ ਦੇਖਿਆ, ਉੱਥੇ ਹੀ, ਬਿਨਾ ਵਿਚਾਰੇ, ਉਸ ਨੂੰ ਮੰਨੇ ਜਾਂਦੇ ਸ਼ੁਧ ਪਾਠ ਵਿਚ ਬਦਲ ਲਇਆ। ਸਿੱਟਾ ਇਹ ਕਿ ਅੱਜ ਸਾਡੇ ਕੋਲ ਮੁੱਢਲੀ, ਸਾਲਮ ਸਬੂਤ ਹਾਲਤ ਵਾਲੀ, ਕੋਈ ਬੀੜ ਨਹੀਂ ਹੈ। ਸਭਨਾਂ ਵਿਚ ਭੰਨ-ਤੋੜ ਹੋਈ ਹੋਈ ਹੈ। ਚਰਚਾ ਦਾ ਤਾਤਪਰਜ ਇਹ ਕਿ ਦੇਸ ਦੇ ਅੱਡ ਅੱਡ ਹਿੱਸਿਆਂ ਤੋਂ ਉੱਠੇ ਭਿੰਨ ਭਿੰਨ ਲੇਖਕਾਂ ਵਲੋਂ ਇੱਨੇ ਲੰਮੇ ਅਰਸੇ ਵਿਚ ਦਿੱਤੀ ਇੱਡੀ ਵਡਾਕਾਰੀ ਰਚਨਾ ਦਾ ਸਾਂਝਾ ਸੂਤਲ ਲਭ ਕੇ ਪਾਠ-ਭੇਦਾਂ ਦੀ ਕਹਾਣੀ ਕਰ ਸਕਣਾ ਸੰਭਵ ਨਹੀਂ ਹੈ। ਇਸ ਲਈ ਅਸੀਂ ਇਸ ਪਾਸੇ ਨਹੀਂ ਪਏ, ਉਪਰ ਸਾਦੀ ਜੇਹੀ ਸ਼ਾਖਾ ਵੰਡ ਤੇ ਹੀ ਸੰਤੋਖ ਕੀਤਾ ਹੈ। ਤਾਂ ਵੀ, ਰੜਕਵੇਂ ਪਾਠ-ਭੇਦਾਂ ਵਾਲੀਆਂ ਬੀੜਾਂ ਜੇ ਲਭਣੀਆਂ ਹੋਣ ਤੇ ਉਨ੍ਹਾਂ ਨੂੰ ਕਿਸੇ

ਸ਼ਾਖਾ ਵਿਚ ਰਖਣਾ ਹੋਵੇ, ਤਾਂ ਅਸੀਂ 'ਵਿਲੱਖਣ ਤੇ ਪ੍ਰਾਚੀਨ ਬੀੜ' (ਨੰ.) ਕਰ ਸਕਦੇ ਹਾਂ। ਇਹ ਬੀੜ ਇਸ ਵਕਤ ਪ੍ਰਚਲਿਤ ਪਾਠਾਂ ਨਾਲੋਂ ਸੋਢੀ ਮਿਹ ਪਰਮਾਰਥਾਂ ਵਿਚ ਆਏ ਬਾਣੀ-ਪਾਠਾਂ ਦੇ ਵਧੇਰੇ ਨੇੜੇ ਦਿਸ ਆਉਂਦੀ ਹੈ ' ਵਾਲੀ ਪੋਥੀ' (ਨੰ. ੩) ਦਾ ਜਪੁ ਵੀ ਇਸੇ ਸ਼ਾਖਾ ਦਾ ਧਾਰਣੀ ਹੈ।

੭. ਵਿਭਿੰਨ ਸ਼ਾਖਾਵਾਂ ਵਿਚ ਸਿਰਲੇਖਾਂ ਆਦਿ ਦੀ ਸਥਿਤੀ

ਪਿੱਛੇ ਅਸੀਂ "ਮੁਢਲੇ ਬਾਣੀ-ਸੰਗ੍ਰਹਾਂ ਦੇ ਪੈਰ-ਚਿੰਨ੍ਹ" ਨਾਂ ਦੇ ਪ੍ਰਕਰਣ ਵਿ ਦੇ ਮੁੱਢਲੇ ਸੰਗ੍ਰਹ-ਕਰਤਾਵਾਂ ਵਲੋਂ ਸਿਰਲੇਖ ਆਦਿ ਲਿਖਣ ਦੀ ਡੌਲ ਦਾ ਆਏ ਹਾਂ। ਇਸ ਸੰਦਰਭ ਵਿਚ ਇਹ ਦਿਖਾਇਆ ਜਾ ਚੁਕਿਆ ਹੈ ਕਿ ਉਹ ਕਿਹੜ ਮੰਗਲ ਵਰਤਦੇ ਸਨ; ਨਿੱਕੇ ਮੰਗਲ ਤੇ ਮੂਲਮੰਤ੍ਰ ਨੂੰ ਕੀ ਸਥਾਨ ਪ੍ਰਾਪਤ ਬਾਣੀਆਂ ਦੇ ਸਿਰਲੇਖ ਕਿਵੇਂ ਚਲਦੇ ਸਨ; ਅਧੀਨ-ਸਿਰਲੇਖਾਂ ਦੀ ਕੀ ਸ ਤੇ ਬਾਣੀ ਦੇ ਅੰਤ ਤੇ ਵੱਖ ਵੱਖ ਪਦਿਆਂ ਦੇ ਜੋੜ ਲਾਉਣ ਦਾ ਢੰਗ ਉਨ੍ਹਾਂ ਕੀ ਬਣਾ ਸੀ? ਫਿਰ, ਇਹ ਵੀ ਸਪਸ਼ਟ ਹੋ ਚੁਕਿਆ ਹੈ ਕਿ ਇਨ੍ਹਾਂ ਮੁਢਲੇ ਸੰਗ੍ਰਹ-ਕ ਤਾ ਇਕਸਾਰਤਾ ਦਾ ਗੁਣ ਨਹੀਂ ਸੀ। ਉਨ੍ਹਾਂ ਨੂੰ ਜੋ ਕੁਝ ਹੇਠੋਂ, ਖੇਤ੍ਰ ਵਿੱਚੋਂ, ਟਕ ਮਿਲਿਆ, ਉਸੇ ਨੂੰ ਉਵੇਂ ਜਿਵੇਂ, ਜਾਂ ਮਾੜੀ ਮੋਟੀ ਤਬਦੀਲੀ ਨਾਲ, ਉਨ੍ਹਾਂ ਸੀਕ ਲਇਆ। ਪਿੱਛੋਂ ਜਿਉਂ ਜਿਉਂ ਸੰਪਾਦਨ-ਕਿਰਿਆ ਨੇ ਉੱਨਤੀ ਪਕੜੀ ਤੇ ਇ ਵਿੱਚੋਂ ਲੰਘੀ, ਗ੍ਰੰਥ ਦੇ ਆਰੂਪ (format) ਵਿਚ ਪਕਿਆਈ ਤਾਂ ਆਉਂਦੀ ਗ ਇਕਸਾਰਤਾ ਫਿਰ ਵੀ ਛਲਾਵਾ ਬਣੀ ਰਹੀ। ਇੱਡੇ ਵੱਡੇ ਗ੍ਰੰਥ ਵਿਚ ਆਖਿਰ ਇ ਕਿਵੇਂ ਲਿਆਂਦੀ ਜਾ ਸਕਦੀ ਸੀ?

"ਪੋਥੀ ਲਿਖਿ ਪਹੁੰਚੇ" ਵਾਲੀ ਸ਼ਾਖਾ (i), ਜਿਸ ਦੀਆਂ ਅਸਾਂ ਦੋ ਮਿਸਲਾਂ ਹਨ— ਇਕ 'ਕਰਤਾਰਪੁਰੀ' ਤੇ ਦੂਜੀ 'ਭਾਈ ਬੰਨੋ ਵਾਲੀ' —ਦੀ ਪਹਲੀ ਮਿ ਲ, ਦੇ ਪਖੋਂ ਬਝ ਗਈ ਕਹੀ ਜਾ ਸਕਦੀ ਹੈ, ਕਿਉਂਜੋ ਇਸ ਦੇ ਆਰੂਪ ਦੀ ਡੌਲ (p ਕਰਤਾਰਪੁਰੀ ਬੀੜ ਨੇ ਬੰਨ੍ਹ ਦਿੱਤੀ ਹੋਈ ਹੈ। ਫਲਸ੍ਰੂਪ, ਇਸ ਮਿਸਲ ਵਾ ਸਿਰਲੇਖਾਂ ਵਿਚ ਕੁਝ ਕੁ ਬਾਣੀਆਂ ਦੀ ਹਾਲਤ ਵਿੱਚ, ਰਾਗਾਂ ਨੂੰ ਪ੍ਰਥਮ ਸਥਾਨ ਪ ਹੈ, ਸਗੋਂ ਬਾਣੀ ਦੇ ਨਾਂ ਨੂੰ ਪ੍ਰਾਪਤ ਹੈ। ਪਿੱਛੇ ਪੰਨਾ ੪੨੩ ਦੇ ਖੱਬੇ ਹੱਥ ਵਾਲੇ ਕਾਲ ਜੋ ਸਿਰਲੇਖ ਦਿੱਤੇ ਗਏ ਹਨ, ਉਹ ਸਭ ਕਰਤਾਰਪੁਰੀ ਮਿਸਲ ਦੀ ਪੈਰਵੀ ਕ ਸਕਦੇ ਹਨ। ਪਰੰਤੂ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਇਹ ਨੇਮ ਸਭ ਥਾਵਾਂ ਸਿੱਧ ਨਹੀਂ ਹੁੰਦਾ, ਕੇਵਲ ਕੁਝ ਕੁ ਬਾਣੀਆਂ ਦੀ ਸੂਰਤ ਵਿਚ ਨਿਭਿਆ ਦਿਸਦਾ

"ਪੋਥੀ ਲਿਖਿ ਪਹੁੰਚੇ" ਸ਼ਾਖਾ ਦੀ ਦੂਜੀ, ਭਾਈ ਬੰਨੋ ਵਾਲੀ, ਮਿਸ ਪੱਖੋਂ ਕੁਝ ਵਧੇਰੇ ਪ੍ਰੌੜ੍ਹਤਾ ਦੀ ਧਾਰਣੀ ਹੈ। ਉਪਰ ਪੰਨਾ ੪੨੩ ਦੇ ਕਾਲਮ ੨ ਸਿਰਲੇਖ ਹਨ, ਉਹ ਭਾਈ ਬੰਨੋ ਵਾਲੀ ਮਿਸਲ ਦਾ, ਜਿਵੇਂ ਕਿ ਇਹ ਹੌਲੀ ਹੌਲੀ

ਹੋਈ, ਅਨੁਸਰਨ ਕਰਦੇ ਕਹੇ ਜਾ ਸਕਦੇ ਹਨ। ਉਨ੍ਹਾਂ ਵਿਚ ਪਹਲਾਂ ਰਾਗ, ਫਿਰ ਮਹਲਾ ਤੇ ਉਸ ਦੇ ਅੱਗੇ ਬਾਣੀ ਦਾ ਨਾਂ (ਜੇ ਕੋਈ ਰੂੜ੍ਹ ਹੋ ਚੁਕਿਆ ਹੈ) ਲਿਖਿਆ ਹੋਇਆ ਮਿਲਦਾ ਹੈ। ਪਰੰਪਰਾ ਦੇ ਹੋਰ ਵਿਕਸਿਤ ਹੋਣ ਤੇ ਕਾਵਿ-ਰੂਪ (ਚਉਪਦੇ, ਅਸ਼ਟਪਦੀਆਂ, ਆਦਿ) ਤੇ ਘਰੁ ਵੀ ਅੰਕਿਤ ਕਰਨ ਦਾ ਵਿਧਾਨ ਬਣ ਗਇਆ। ਫਲਸ੍ਵਰੂਪ, ਪ੍ਰੌੜ੍ਹ ਵਰਗ ਦੇ ਸੰਪਾਦਨ ਵਾਲੀਆਂ ਬੀੜਾਂ ਵਿਚ ਸਿਰਲੇਖ ਇਸ ਡੌਲ ਦੇ ਮਿਲਦੇ ਹਨ :

ਰਾਗੁ ਸਿਰੀ ਰਾਗੁ ਮਹਲਾ ੧ ਚਉਪਦੇ ਘਰੁ ੧
ਰਾਗੁ ਸਿਰੀ ਰਾਗੁ ਮਹਲਾ ੫ ਅਸਟਪਦੀਆਂ ਘਰੁ ੧
ਰਾਗੁ ਮਾਝ ਮਹਲਾ ੪ ਚਉਪਦੇ ਘਰੁ ੧
ਰਾਗੁ ਆਸਾ ਮਹਲਾ ੨ ਅਸਟਪਦੀਆਂ ਘਰੁ ੨
ਰਾਗੁ ਆਸਾ ਮਹਲਾ ੫ ਘਰੁ ੪ ਛੰਤ

ਇਸ ਪਿਛਲੇ (ਘਰੁ ੪ ਛੰਤ) ਵਿਚ ਲਿਖਾਰੀ ਮਰਯਾਦਾ ਤੋਂ ਉੱਖੜ ਗਇਆ ਹੈ; ''ਛੰਤ' ਘਰੁ ਤੋਂ ਪਹਲਾਂ ਆਉਣਾ ਚਾਹੀਦਾ ਸੀ। ਅਜੇਹੀਆਂ ਉਕਾਈਆਂ ਹਰ ਸ਼ਾਖਾ, ਹਰ ਬੀੜ, ਵਿਚ ਦੇਖੀਆਂ ਜਾ ਸਕਦੀਆਂ ਹਨ, ਖ਼ਾਸ ਕਰਕੇ ਜਦੋਂ ਲਿਖਾਰੀ ਅਸਾਵਧਾਨ ਹੋਵੇ ਤੇ ਸਿਰਲੇਖਾਂ ਵਿਚ ਉਹ ਕੋਈ ਨਵੀਂ ਸੂਚਨਾ ਵਧਾ ਰਹਿਆ ਹੋਵੇ। ਇਨ੍ਹਾਂ ਸੱਤਰਾਂ ਦੇ ਲੇਖਕ ਨੇ ਇਕ ਬੀੜ ਦੇਖੀ ਸੀ, ਜਿਸ ਵਿਚ ਸ਼ਬਦ ''ਕਾਫੀ'' ਕਿਤੇ ਤੇ ਮਹਲਾ ਪਦ ਤੋਂ ਪਹਲਾਂ, ਕਿੱਤੇ ਮਹਲਾ ਪਦ ਦੇ ਪਿਛੋਂ ਪਰ ਘਰੁ ਤੋਂ ਪਹਲਾਂ, ਤੇ ਹੋਰਨਾਂ ਥਾਵਾਂ ਤੇ ਘਰੁ ਦੇ ਮਗਰ ਲਿਖਿਆ ਹੋਇਆ ਸੀ। ਅਜੇਹੀਆਂ ਉਕਾਈਆਂ ਕਰਨੀਆਂ ਪੰਜਾਬੀ ਲਿਖਾਰੀਆਂ ਦੇ ਸੁਭਾ ਵਿਚ ਸ਼ਾਮਿਲ ਹਨ, ਕਿਉਂਜੋ ਪੰਜਾਬੀ ਭਾਸ਼ਾ ਸੰਸਕ੍ਰਿਤ ਵਾਂਙ ਵਾਕ ਦੇ ਜੁਟ ਅੱਗੇ ਪਿੱਛੇ ਕਰਨ ਦੀ ਆਗਿਆ ਦੇਂਦੀ ਹੈ, ਭਾਵੇਂ ਉਚਿਤ ਇਕਸਾਰਤਾ ਰਖਣੀ ਹੀ ਹੈ।

ਸਵੈਯਾ ਅਤੇ ਸ਼ੇਖ ਫ਼ਰੀਦ ਦੇ ਸਲੋਕਾਂ ਉੱਤੇ ਅੰਤ ਕਰਨ ਵਾਲੀਆਂ ਮਿਸਲਾਂ ਆਰੂਪ ਦੇ ਪੱਖੋਂ ਵਧੇਰੇ ਚੇਤਨ ਲਗਦੀਆਂ ਹਨ। ਇਹ ਵੀ ਭਾਈ ਬੰਨੋ ਵਾਲੀ ਮਿਸਲ ਦੇ ਪੈਟਰਨ ਨੂੰ ਅਪਣਾਉਂਦੀਆਂ ਹਨ। ਪਹਲੀ ਸ਼ਾਖਾ ਦਾ ਪ੍ਰਤੀਨਿਧ ਸ੍ਵਰੂਪ 'ਸਾਰਨਕੇ ਵਾਲਾ ਗ੍ਰੰਥ'' (ਨੰ. ੨੦) ਹੈ। ਇਹ ਮਿਸਲ ਪਹਲ ਰਾਗੁ ਨੂੰ, ਦੂਜ ਮਹੱਲੇ ਨੂੰ, ਤੀਜ ਬਾਣੀ ਦੇ ਨਾਂ ਯਾ ਕਾਵਿ-ਭੇਦ ਨੂੰ ਦੇਂਦੀ ਹੈ, ਘਰੁ ਅੰਤੁ ਤੇ ਆਉਂਦਾ ਹੈ। ਪਰ ਇਸ ਵਿਚ ਵੀ ਕਈ ਥਾਈਂ ਮਰਯਾਦਾ ਭੰਗ ਹੋਈ ਹੋਈ ਨਜ਼ਰ ਆਉਂਦੀ ਹੈ, ਜਿਵੇਂ –

੧. ਰਾਗੁ ਗਉੜੀ ਪੂਰਬੀ ਬਾਵਨ ਅਖਰੀ ਮਹਲਾ ੫
੨. ਰਾਗੁ ਗਉੜੀ ਸੁਖਮਨੀ ਮਹਲਾ ੫
੩. ਰਾਗੁ ਗਉੜੀ ਥਿਤੀ ਮਹਲਾ ੫
੪. ਵਡਹੰਸੁ ਮਹਲਾ ੧ ਛੰਤੁ ਘਰੁ ੫ ਅਲਾਹਣੀਆਂ
੫. ਰਾਮਕਲੀ ਮਹਲਾ ੩ ਅਨੰਦੁ
੬. ਰਾਗੁ ਮਾਰੂ ਸੋਲਹੇ ਮਹਲਾ ੧

ਉਪਰਲੇ ਉਦਾਹਰਣਾਂ ਵਿਚ ਨੰਬਰ ੧, ੨ ਅਤੇ ੩ ਵਿਚ ਬਾਣੀਆਂ ਦੇ ਨਾਂ ਬਾਣੀ ਰਚੈਤਾ ਤੋਂ ਪਹਲਾਂ ਆਏ ਹਨ, ਜਿਸ ਨਾਲ ਮਰਯਾਦਾ ਭੰਗ ਹੋਈ ਹੋਈ ਹੈ। ਨੰਬਰ ੫ ਵਿਚ ਬਾਣੀ ਦਾ ਨਾਂ "ਅਲਾਹੁਣੀਆਂ", ਮਗਰੋਂ ਆਇਆ ਹੈ; ਨੰਬਰ ੬ ਵਿਚ "ਸੋਲਹੇ" ਬਾਣੀ-ਰਚੈਤਾ ਤੋਂ ਫਿਰ ਪਹਲਾਂ ਰਖ ਦਿੱਤਾ ਗਇਆ ਹੈ, ਜਦੋਂ ਕਿ ਮਗਰੋਂ ਆਉਣਾ ਚਾਹੀਦਾ ਸੀ। ਇਹੋ ਜੇਹੀ ਉਕਾਈਆਂ ਹਰੇਕ ਸ਼ਾਖਾ ਵਿਚ ਮਿਲ ਜਾਂਦੀਆਂ ਹਨ। ਫ਼ਰੀਦ ਜੀ ਦੇ ਸਲੋਕਾਂ ਤੇ ਅੰਤ ਕਰਨ ਵਾਲੀ ਸ਼ਾਖਾ ਦੀ ਸਥਿਤੀ ਵੀ ਇਸ ਤੋਂ ਭਿੰਨ ਨਹੀਂ ਹੈ।

''ਪੋਥੀ ਲਿਖਿ ਪਹੁੰਚੇ'' ਦੀ ਸ਼ਾਖਾ ਦੀ ਭਾਈ ਬੰਨੋ ਵਾਲੀ ਮਿਸਲ ਦੀ ਇਕ ਵਿਸ਼ੇਸ਼ ਸਿਫਤ ਇਸ ਦੀ ਬਾਣੀ ਦੇ ਪਿੱਛੇ ਬਾਣੀ ਦੀ ਵਰਗ-ਵੰਡ ਕਰਕੇ ਬਾਣੀ ਦੇ ਜੋੜ ਬਿਓਰੇ ਸਹਿਤ ਲਿਖੇ ਹੋਣਾ ਹੈ। ਉਦਾਹਰਣ ਵਜੋਂ, ਰਾਗੁ ਆਸਾ ਦੇ ਮਗਰ ਚਉਪਦਿਆਂ ਦਾ ਬਿਓਰਾ ਇਸ ਮਿਸਲ ਦੀ ਇਕ ਬੀੜ ਵਿਚ ਹੇਠ ਲਿਖੇ ਅਨੁਸਾਰ ਹੈ;

ਚਉਪਦਿਆਂ ਕਾ ਜੁਮਲਾ ਮ: ੧ ਸੋ ਦਰੁ ॥ ਮ: ੪ ਸੋ ਪੁਰਖੁ ॥ ਮ: ੧ ॥ ੩੯ ॥ ਮ: ੩ ॥ ੧੩ ॥ ਮ: ੪ ॥ ੧੫ ॥ ਮ: ੫ ॥ ੧੬੩ ॥ ਮ: ੯ ॥ ੧ ॥ ਤਿਨ ਕਾ ਜੁਮਲਾ ॥ ੨੩੩ ॥

ਅਸਟਪਦੀਆਂ ਤੇ ਛੰਤਾਂ ਦੇ ਬਿਓਰੇ ਵੀ ਇਸੇ ਪੈਟਰਨ ਤੇ ਇਨ੍ਹਾਂ ਬਾਣੀਆਂ ਪਿੱਛੇ ਦਿੱਤੇ ਹੋਏ ਹਨ। ਰਾਗੁ ਆਸਾ ਦੇ ਅੰਤ ਤੇ ਇਸ ਰਾਗੁ ਦੀ ਬਾਣੀ ਦਾ ਵੇਰਵਾ ਇਸ ਤਰ੍ਹਾਂ ਦਰਜ ਹੈ :

ਸਲੋਕ ਵਾਰ ਨਾਲਿ ॥ ੬ ॥ ਚਉਪਦੇ ਆਸਾ ਕੇ ੨੩੩ ॥ ਅਸਟਪਦੀਆਂ ॥ ੨ ॥ ਛੰਤ ॥ ੩੫ ॥ ਵਾਰ ॥ ੧ ॥ ਜੁਮਲਾ ॥ ੩੧੩ ॥

ਲੇਖਕ ਨੇ ਭਗਤ ਬਾਣੀ ਨੂੰ ਵੀ ਨਹੀਂ ਵਿਸਾਰਿਆ। ਉਸ ਦੀ ਤਫ਼ਸੀਲ ਇਸ ਤਰ੍ਹਾਂ ਦਰਜ ਕੀਤੀ ਹੋਈ ਹੈ :

ਸ੍ਰੀ ਕਬੀਰ ਜੀ ਕੇ ॥੩੧॥ ਸ੍ਰੀ ਨਾਮ ਦੇਉ ਜੀ ਕੇ ॥੫॥ ਸ੍ਰੀ ਰਵਿਦਾਸ ਜੀ ਕੇ ॥੬॥ ਧੰਨੇ ਜੀ ਕੇ ॥ ੩ ॥ ਸੇਖ ਫਰੀਦ ਕੇ ॥ ੨ ॥ ਤਿਨ ਕਾ ਜੁਮਲਾ ॥ ੫੩ ॥

ਇਹ ਖਾਸ ਲੱਛਣ ਭਾਈ ਬੰਨੋ ਵਾਲੀ ਮਿਸਲ ਦਾ ਹੈ; ਹੋਰ ਸ਼ਾਖਾਵਾਂ ਅਜੇਹੇ ਬਿਓਰੇ ਤੋਂ ਵਿਹੀਨ ਹਨ। ਉਨ੍ਹਾਂ ਵਿਚ ਹਰੇਕ ਬਾਣੀ-ਰਚੈਤਾ ਦੇ ਚਉਪਦਿਆਂ, ਛੰਤਾਂ, ਆਦਿ ਦੇ ਜੋੜਾਂ ਨਾਲ ਚਲਦੇ ਕੁਲ ਜੋੜ (progressive totals) ਦਿੱਤੇ ਹੋਏ ਹਨ, ਤੇ ਇਹ ਲੇਖਾ ਇੱਥੇ ਹੀ ਕਈ ਵਾਰੀ ਪਦ 'ਜੁਮਲਾ' ਲਿਖ ਕੇ ਤੇ ਕਈ ਵਾਰੀ ਇਂਵ ਹੀ ਮੁਕਾ ਦਿੱਤਾ ਗਇਆ ਹੈ।

ਆਦਿ ਗ੍ਰੰਥ ਦੀਆਂ ਸਾਰੀਆਂ ਸ਼ਾਖਾਵਾਂ ਉਪਰਲੇ ਦੋ ਆਰੂਪਾਂ ਦੇ ਘੇਰੇ ਅੰਦਰ ਸਮੋਈਆਂ ਹੋਈਆਂ ਹਨ, ਪਰੰਤੂ ਕੋਈ ਵੀ ਸ਼ਾਖਾ ਕਿਸੇ ਇਕ ਆਰੂਪ ਦੇ ਸਾਰੇ ਤੱਤਾਂ ਨੂੰ ਸਖਤੀ ਨਾਲ ਨਿਭਾਉਂਦੀ ਨਜ਼ਰ ਨਹੀਂ ਆਉਂਦੀ। ਬਹੁਤ ਵਾਰੀ ਇਕ ਦੇ ਤੱਤ ਦੂਜੀ

ਵਿਚ ਖ਼ਲਤ ਮਲਤ ਹੋਏ ਮਿਲਦੇ ਹਨ। ਇਸ ਦਾ ਕਾਰਣ ਮੂਲ ਕਾਪੀਆਂ ਦਾ ਭਿੰਨ ਭਿੰਨ ਪਾਸਿਆਂ ਤੋਂ ਬਾਣੀ ਨਾਲ ਸੰਗ੍ਰਹਿਤ ਹੋਣਾ ਹੈ, ਜਿਸ ਕਾਰਣ ਇਸ ਵਿਖੇਪਤਾ ਦਾ ਅੱਗੇ ਨਕਲ ਹੋਣ ਵਾਲੀਆਂ ਬਾਣੀਆਂ ਵਿਚ ਪ੍ਰਵੇਸ਼ ਕਰ ਜਾਣਾ ਕੁਦਰਤੀ ਹੈ।

੮. ਕਰਤਾਰਪੁਰੀ ਬੀੜ ਬਾਰੇ ਨਿਰਣਾ

ਕਰਤਾਰਪੁਰੀ ਬੀੜ ਵਿਚ ਆਏ ਵਾਕਾਂਸ਼ "ਪੋਥੀ ਲਿਖਿ ਪਹੂੰਚੇ" ਅਤੇ "ਜਪੁ ਗੁਰੂ ਰਾਮਦਾਸ ਜੀ ਦੇ ਦਸਖਤਾਂ ਕਾ ਨਕਲ' ਇਸ ਨੂੰ ਭਾਈ ਬੰਨੋ ਵਾਲੀ ਸ਼ਾਖਾ, (i) ਦਾ ਹੱਵਾਰੀ ਬਣਾਂਦੇ ਹਨ। ਪਰੰਤੂ ਇਸ ਵਿਚ ਪੰਚਮ ਪਾਤਸ਼ਾਹ ਦਾ ਨੀਸਾਣ ਵੀ ਵਿਦਮਾਨ ਹੈ ਤੇ ਬਾਣੀ-ਪਾਠਾਂ ਦਾ ਵੀ ਕੁਝ ਗੱਲਾਂ ਵਿਚ ਅੰਤਰ ਹੈ, ਇਸ ਲਈ ਇਸ ਨੂੰ ਇਕ ਵਖਰੀ ਸ਼ਾਖਾ ਮੰਨ ਕੇ ਹੀ ਤੁਰਨਾ ਠੀਕ ਹੋਵੇਗਾ। ਇਸ ਦੇ ਮਾਲਿਕ ਇਸ ਬੀੜ ਨੂੰ ਅਸਲੀ ਭਾਈ ਗੁਰਦਾਸ ਦੇ ਹੱਥੋਂ ਤਿਆਰ ਕਰਵਾਈ ਪੰਚਮ ਪਾਤਸ਼ਾਹ ਦੀ ਬੀੜ ਦਸਦੇ ਹਨ। ਇਹ ਦਾਅਵਾ ਸ੍ਵੀਕਾਰ ਕਰਨਾ ਬਹੁਤ ਮੁਸ਼ਕਿਲ ਹੈ। ਇਸ ਸਬੰਧੀ ਅਸੀਂ ਇਸ ਖੇਤਰ ਦੇ ਪ੍ਰੌੜ੍ਹ ਵਿਦਵਾਨਾਂ ਦੀ ਰਾਇ ਪ੍ਰਕਰਣ ੨ (ਹੁਣ ਤਕ ਹੋਏ ਖੋਜ-ਕਾਰਜ) ਵਿਚ ਅੰਕਿਤ ਕਰ ਆਏ ਹਾਂ; ਤੇ ਪ੍ਰਕਰਣ ੩ ਦੇ ਕਰਤਾਰਪੁਰੀ ਬੀੜ ਵਾਲੇ ਹਿੱਸੇ ਵਿਚ ਇਸ ਬੀੜ ਦੀਆਂ ਕੱਚਿਆਈਆਂ ਦਾ ਉੱਲੇਖ ਵੀ ਕੀਤਾ ਹੈ। ਇੱਥੇ ਅਸੀਂ ਇਸ ਬੀੜ ਸੰਬੰਧੀ ਆਪਣਾ ਨਿਰਣਾ ਪ੍ਰਸਤੁਤ ਕਰਨ ਦੀ ਚੇਸ਼ਠਾ ਕਰਾਂਗੇ।

ਸ਼ਬਦਾਂ ਦੇ ਪਾਠਾਂ ਵਿਚ ਕੀਤੀ ਗਈ ਭੰਨ-ਤੋੜ ਨੂੰ ਅੱਖੋਂ ਓਹਲੇ ਕਰਦਿਆਂ ਜੇ ਅਸੀਂ ਇਸ ਗ੍ਰੰਥ ਵਿਚ ਦਰਜ ਬਾਣੀ ਦੀ ਮੁਢਲੀ ਸਥਿਤੀ ਜਾਣਨ ਦਾ ਪ੍ਰਯਾਸ ਕਰੀਏ ਤਾਂ ਅਸੀਂ ਦੇਖਾਂਗੇ ਕਿ ਇਸ ਦੇ ਕਈ ਪਾਠ ਪੁਰਾਤਨਤਾ ਦੇ ਪੈਰ-ਚਿੰਨ੍ਹ ਸੰਭਾਲੀ ਬੈਠੇ ਹਨ। ਪਹਲਾ, ਇਹ ਕਿ ਇਸ ਵਿਚ ਕੁਝ ਸ਼ਬਦਾਂ ਦੇ ਨਾਲ "ਮਹਲਾ" ਦੀ ਥਾਂ "ਮਹੱਲੁ" ਪਦ ਆਇਆ ਹੈ : ਜਿਵੇਂ ਸਿਰੀਰਾਗ ਦੇ ਛੇਵੇਂ ਤੇ ਬਾਰ੍ਹਵੇਂ ਸ਼ਬਦ ਨਾਲ। ਚੇਤੇ ਰਹੇ ਕਿ ਇਹੀ ਪਦ ਗੁਰ-ਵਿਅਕਤੀਆਂ ਲਈ ਪਹਲਾਂ ਪਹਲ ਵਰਤਿਆ ਜਾਂਦਾ ਸੀ। ਦੂਜਾ, ਭਾਈ ਜੋਧ ਸਿੰਘ ਦੇ ਦਿੱਤੇ ਬਿਓਰੇ ਅਨੁਸਾਰ, ਇਸ ਬੀੜ ਦੀਆਂ ਸਾਰੀਆਂ ਵਾਰਾਂ ਦੇ ਸਲੋਕਾਂ ਨਾਲ ਪਹਲਾਂ ਮਹੱਲੇ ਦਰਜ ਨਹੀਂ ਸਨ, ਇਹ ਬਾਅਦ ਵਿਚ ਵਧਾਏ ਗਏ। ਇਹ ਚੀਜ਼ ਇਸ ਬਾਣੀ ਨੂੰ ਮੁਢਲੇ ਸੰਗ੍ਰਹਾਂ ਤੋਂ ਆਈ ਸਿੱਧ ਕਰਦੀ ਹੈ, ਉਸੇ ਤਰ੍ਹਾਂ ਜਿਵੇਂ 'ਵਿਲੱਖਣ ਤੇ ਪ੍ਰਾਚੀਨ ਬੀੜ' (ਨੰ. ੫) ਵਿਚ ਦਰਜ ਵਾਰਾਂ ਜਿਸ ਵਿਚ ਵਾਰਾਂ ਦੇ ਸਲੋਕਾਂ ਨਾਲ ਮਹੱਲੇ ਦਰਜ ਨਹੀਂ ਹਨ। ਤੀਸਰਾ, ਇਸ ਦੇ ਕਈ ਰਾਗ, ਜਿਵੇਂ ਸਿਰੀ ਰਾਗੁ, ਜੈਤਸਰੀ, ਬੈਰਾੜੀ, ਤੁਖਾਰੀ ਤੇ ਕੇਦਾਰਾ, ਮੂਲਮੰਤ੍ਰ ਨਾਲ ਨਹੀਂ, ਨਿੱਕੇ ਮੰਗਲ ਨਾਲ ਆਰੰਭ ਹੁੰਦੇ ਹਨ। ਇਹ ਵੀ ਪ੍ਰਾਚੀਨਤਾ ਦਾ ਇਕ ਪੈਰ-ਚਿੰਨ੍ਹ ਹੈ। ਚੋਥਾ, ਪਦਿਆਂ ਦੇ ਜੋੜਾਂ ਵਿਚ ਕਈ ਥਾਈਂ "ਛਕਾ" ਪਦ ਵੀ ਆਇਆ ਹੈ, ਜਿਵੇਂ ਰਾਗੁ ਦੇਵਗੰਧਾਰੀ ਵਿਚ ਤਿੰਨ ਥਾਵਾਂ ਤੇ ਅਤੇ ਰਾਗੁ ਕਲਿਆਨ ਵਿਚ

ਦੋ ਥਾਵਾਂ ਤੇ। ਇਹ ਵੀ ਮੁਢਲੀ ਪਰਿਪਾਟੀ ਦਾ ਇਕ ਵਿਲੱਖਣ ਪੈਰ-ਚਿੰਨ੍ਹ ਹੈ। ਕੁਝ ਰਾਗਾਂ ਵਿਚ ਸ਼ਬਦਾਂ ਦੇ ਪੁੰਜ, ਬਿਨਾ ਮਹੱਲਿਆਂ ਤੇ ਮੰਗਲਾਂ ਦੁਆਰਾ ਨਿ... ਸਨ। ਨਿਖੇੜਾ-ਸੂਚਕ ਪਦ ਬਾਅਦ ਵਿਚ ਪਾਏ ਗਏ। ਛੇਵਾਂ, ਇਸ ਖਾੜ... /ੳ/ ਨੂੰ ਬਹੁਤ ਥਾਈਂ ਔਂਕੜ ਦੇ ਚਿੰਨ੍ਹ ਤੋਂ ਬਗੈਰ ਵਰਤ ਕੇ /ਉ/ ਦਾ ...ਮ ਗਇਆ ਹੈ। ਇਹ ਵੀ ਪੁਰਾਤਨ ਸੰਗ੍ਰਹ ਦਾ ਇਕ ਪੈਰ-ਚਿੰਨ੍ਹ ਹੈ। ਸਤਵਾਂ, ਇ... ਪਾਠ ਲੌਕਿਕ ਦਖ਼ਲ-ਅੰਦਾਜ਼ੀ ਵਾਲਾ ਚੋਖਾ ਅੰਸ਼ ਰਖਦੇ ਹਨ ਜਿਸ ਨੂੰ ਅਸ... ਅਵਸਥਾ ਦੀ ਬਾਣੀ ਦਾ ਵਿਆਪਕ ਲੱਛਣ ਮੰਨਿਆ ਹੈ। ਲੌਕਿਕ ਦਖ਼ਲ ...ਦੇ ਪਾਠਾਂ ਦੇ ਚੋਖੇ ਉਦਾਹਰਣ ਅਸੀਂ ਸਰਵੇਖਣ ਵਾਲੇ ਭਾਗ ਵਿਚ 'ਕਰਤਾਰ...ਰੀ ਪ੍ਰਸੰਗ ਵਿਚ ਦੇ ਆਏ ਹਾਂ।

ਉਪਰ ਗਿਣਾਏ ਸੱਤ ਤੱਥਾਂ ਤੋਂ ਇਸ ਗੱਲ ਦਾ ਕੋਈ ਸੰਦੇਹ ਨਹ... ਰ... ਇਸ ਸੰਚੇ ਦਾ ਸੰਕਲਣ-ਕਰਤਾ ਆਪਣੇ ਤੋਂ ਪਹਲਾਂ ਹੋ ਚੁਕੇ ਮੁਢਲੇ ਸੰਗ੍ਰਹਾਂ ਤੋਂ ਲੈ ਕੇ ਇਕ ਨਵਾਂ ਸੰਚਾ ਤਿਆਰ ਕਰਨ ਦੇ ਆਹਰ ਵਿਚ ਹੈ। ਉਸ ਦੀ ਪ... ਇੱਥੇ ਹੀ ਨਹੀਂ ਮੁਕਦਾ। ਆਪਣੇ ਸਮੇਂ ਤਕ ਹੋ ਚੁਕੇ ਹੋਰਨਾਂ ਸੰਗ੍ਰਹਾਂ ਤੋਂ ... ਉ... ਉਠਾ ਰਹਿਆ ਦਿਸਦਾ ਹੈ ਤੇ ਇਸ ਯਤਨ ਵਿਚ ਉਸ ਕੁਝ ਬੱਜਰ ਭੁੱਲਾਂ ਵੀ ... ਹਨ; ਜਿਵੇਂ, ਜਿਨ੍ਹਾਂ ਬਾਣੀ-ਸੰਗ੍ਰਹਾਂ ਜਾਂ ਬੀੜਾਂ ਤੋਂ ਉਹ ਨਕਲ ਕਰ ਰਹਿਆ ਸ... ਓਅੰਕਾਰ ਨਾਲ "ਦੁਖਣੀ" ਪਦ ਲਿਖਣ ਦੀ ਭੁਲ ਹੋਈ ਹੋਈ ਸੀ। 'ਕਰਤ...ਪੁ... ਦੇ ਲਿਖਾਰੀ ਨੇ ਉਸ ਨੂੰ ਵੀ ਓਵੇਂ ਜਿਵੇਂ ਅਪਣਾ ਲਇਆ। ਇਸੇ ਤਰ੍ਹਾਂ "ਕਹੁ... ਸੇਵੀਐ" ਦੀ ਥਾਂ "ਕਹੁ ਟਲ ਗੁਰ ਸੇਵੀਏ" ਦਾ ਗ਼ਲਤ ਪਾਠ ਵੀ ਗ੍ਰਹਣ ... ਜੋ ਨਕਲ ਦੀ ਮੂਲ ਕਾਪੀ ਵਿਚ ਪ੍ਰਵਿਸ਼ਟ ਕਰ ਚੁਕਿਆ ਸੀ। ਕਈ ਥਾਈਂ ਉਸ... ਪਹਲਾਂ ਤੇ ਮੰਗਲ ਬਾਅਦ ਵਿਚ ਲਿਖਣ ਦੀ ਭੁੱਲ ਵੀ ਕੀਤੀ, ਜਾਂ ਨਕਲ... ਬੀੜ ਵਿਚ ਇਹ ਭੁੱਲ ਅੱਗੇ ਹੀ ਹੋਈ ਹੋਈ ਸੀ ਤੇ ਉਸ ਵੀ ਅਭੋਲ ਹੀ ... ਆਪਣੀ ਬੀੜ ਨੂੰ ਮੁਕੰਮਲ ਕਰਨ ਦੇ ਯਤਨ ਵਿਚ ਉਸ ਹੋਰਨਾਂ ਸੰਗ੍ਰਹਾਂ ਵਿਚ ਲਿਖੇ ਸ਼ਬਦ ਵੀ ਆਪਣੇ ਸੰਚੇ ਵਿਚ ਦਾਖਲ ਕਰ ਲਏ :-

੧. ਧਰ ਅੰਬਰ ਵਿਚ ਬੇਲੜੀ . . . ਕਬੀਰ ਦਾ ਰਾਗੁ ਆਸਾ ਵਿਚ ... ਦੀ ਬਾਣੀ ਦੇ ਮੁਢ ਵਿਚ ਮਿਲ...

੨. ਦੇਖੋ ਲੋਗਾ ਹਰਿ ਕੀ ਸਗਾਈ . . . ਕਬੀਰ ਜੀ ਦਾ ਹੀ ਰਾਗੁ ਆ... ਇਕ ਪਦਾ;

੩. ਅਉਧੂ ਸੋ ਜੋਗੀ ਗੁਰ ਮੇਰਾ . . . ਰਾਗੁ ਸੋਰਠਿ ਵਿਚਲਾ ਕ... ਕਥਿਤ ਪਦਾ;

੪. ਰੁਣ ਝੁੰਝਨੜਾ ਗਾਉ ਸਖੀ . . . ਰਾਗੁ ਰਾਮਕਲੀ ਵਿਚ ਮਹਾ... ਕਥਿਤ ਛੰਤ;

੫. ਮਨ ਹਮਾਰਾ ਬਾਧਿਓ ਮਾਈ . . . ਰਾਮਕਲੀ ਵਿਚ ਮੀਰਾ ਦਾ ਪਦਾ;

੬. ਛਾਡਿ ਮਨ ਹਰਿ ਬਿਮੁਖਨ ਕਉ ਸੰਗ . . . ਸਾਰੰਗ ਵਿਚ ਸੂਰਦਾਸ ਦਾ ਪਦਾ ।

ਇਹ ਸਾਰੇ ਮੁੱਢ ਵਿਚ ਇਸ ਬੀੜ ਦਾ ਅੰਗ ਸਨ, ਭਾਵੇਂ ਕੁਝ ਬਾਅਦ ਵਿਚ ਕਟੇ ਗਏ । ਬਾਣੀ-ਸੰਕਲਣ ਦੇ ਕਾਰਜ ਵਿਚ ਜਿਹੜੇ ਸ਼ਬਦ, ਕਿਸੇ ਗੁਰੁ-ਵਿਅਕਤੀ ਦੇ, ਲੇਖਕ ਨੂੰ ਬਾਅਦ ਵਿਚ ਮਿਲੇ ਉਸ ਮਹੱਲਿਆਂ ਦੇ ਅੰਤ ਤੇ ਦਰਜ ਕਰ ਲਏ । ਇੰਞ ਬੇ ਮਿਸਲ ਸ਼ਬਦ ਇਸ ਸੰਗ੍ਰਹ ਦਾ ਵੀ ਖਾਸਾ ਬਣ ਗਇਆ ।

'ਕਰਤਾਰਪੁਰੀ ਬੀੜ' ਵਿਚ ਫਾਲਤੂ ਬਾਣੀ (ਸਲੋਕ "ਜਿਤੁ ਦਰ ਲਖ ਮੁਹੰਮਦਾ", ਆਦਿ ਦੇ ਹੋਣ ਬਾਰੇ ਦ੍ਰਿੜ੍ਹਤਾ ਸਹਿਤ ਕੁਝ ਕਹ ਸਕਣਾ ਇਸ ਘੜੀ ਆਸਾਨ ਨਹੀਂ ਹੈ। ਉਸ ਦੇ ਪਿੱਛੇ ਇਸ ਵਕਤ ਕੇਵਲ ਰਾਗਮਾਲਾ ਹੈ, ਪਰ ਭਾਈ ਕਾਨ੍ਹ ਸਿੰਘ ਨਾਭਾ ਅਤੇ ਭੂਤਪੂਰਵ ਗੁਰਦਵਾਰਾ ਇਨਸਪੈਕਟਰ ਭਾਈ ਰਣਧੀਰ ਸਿੰਘ ਮੁਢ ਵਿਚ ਬੀੜ ਅੰਦਰ ਭਾਈ ਬੰਨੋ ਦੀ ਮਿਸਲ ਨਾਲ ਜੁੜੀਆਂ ਸਾਰੀਆਂ ਬਾਣੀਆਂ ਦੇ ਹੋਣ ਦੀ ਹਾਮੀ ਭਰਦੇ ਹਨ। ਬੀੜ ਦੇ ਮੁਢ ਵਿਚ ਜਿਹੜਾ ਤਤਕਰਾ ਲਗਾ ਹੋਇਆ ਹੈ, ਉਸ ਵਿਚ "ਰਾਗਮਾਲਾ ਤਥਾ ਸਿੰਗਲਾਦੀਪ ਕੀ ਸਿਵਨਾਭ ਰਾਜੇ ਕੀ ਬਿਧਿ" ਹੋਣ ਦੀ ਸੂਚਨਾ ਆਈ ਹੈ । ਇਹ ਉਘੜ ਦੁਘੜਾ ਵਾਕ ਟੇਢਾ ਕਰਕੇ ਲਿਖਿਆ ਹੋਇਆ ਹੈ, ਜਿਵੇਂ ਜਗ੍ਹਾ ਨਾ ਹੋਵੇ, ਜਾਂ ਮਗਰੋਂ ਘੁਸੇੜਿਆ ਗਇਆ ਹੋਵੇ । ਕੁਝ ਵੀ ਹੋਵੇ, ਇਹ ਫਾਲਤੂ ਬਾਣੀ ਦੇ ਇਸ ਬੀੜ ਵਿਚ ਪਹਲਾਂ ਮੌਜੂਦ ਹੋਣ ਦਾ ਸ਼ਕ ਪੈਦਾ ਕਰਦਾ ਹੈ ।

ਮਗਰੋਂ, ਕਿਸੇ ਪੜਾਉ ਤੇ, ਜਦੋਂ ਭਾਈ ਗੁਰਦਾਸ ਵਾਲੀ ਆਦਿ ਬੀੜ ਤਿਆਰ ਹੋ ਕੇ ਸੰਗਤਾਂ ਵਿਚ ਆਪਣਾ ਥਾਂ ਦ੍ਰਿੜ੍ਹ ਭਾਂਤ ਬਣਾ ਚੁਕੀ ਸੀ, ਤਾਂ ਇੰਞ ਪ੍ਰਤੀਤ ਹੁੰਦਾ ਹੈ ਕਿ ਇਸ ਬੀੜ ਦੇ ਮਾਲਿਕ ਨੂੰ ਇਸ ਨੂੰ ਆਦਿ ਬੀੜ ਦਾ ਅਨੁਸਾਰੀ ਬਣਾਣ ਦਾ ਖਿਆਲ ਆਇਆ । ਉਦੋਂ ਹੀ, ਵੀਹ ਵਿਸਵੇ, ਇਸ ਦਾ ਤਤਕਰਾ ਆਦਿ ਬੀੜ ਤੋਂ ਜਾਂ ਉਸ ਦੇ ਕਿਸੇ ਉਤਾਰੇ ਤੋਂ ਲੈ ਕੇ ਇਸ ਨਾਲ ਜੋੜ ਲਇਆ ਗਇਆ ਅਤੇ ਇਸ ਨੂੰ ਸ੍ਰੀ ਆਦਿ ਬੀੜ ਦੇ ਸੱਚੇ ਵਿਚ ਢਾਲਣ ਲਈ ਇਸ ਅੰਦਰ ਥਾਂ ਪਰ ਥਾਂ ਕਟ ਵਢ ਕਰ ਕੇ ਵਾਧੇ ਘਾਟੇ ਕੀਤੇ ਗਏ; ਵਾਰਾਂ ਦੇ ਸਲੋਕਾਂ ਨਾਲ ਮਹੱਲੇ ਵਧਾਏ ਗਏ; ਇਨ੍ਹਾਂ ਦੇ ਮਗਰ "ਸੁਧੁ" ਤੇ "ਸੁਧ ਕੀਚੈ" ਪਦ ਵੀ ਸੁਧਾਈ ਵਾਲੀ ਬੀੜ ਦੀ ਨਕਲ ਵਿਚ ਲਿਖੇ ਗਏ । ਸ਼ਬਦਾਂ ਦੇ ਸਿਰਲੇਖਾਂ ਨਾਲ ਜਿੱਥੇ ਮਹੱਲੇ ਜਾਂ ਮੰਗਲ ਨਹੀਂ ਸਨ, ਉੱਥੇ ਮਹੱਲੇ ਤੇ ਮੰਗਲ ਪਾਏ ਗਏ । ਵਾਧੂ ਦਰਜ ਹੋਏ ਸ਼ਬਦ ਕਟ ਦਿੱਤੇ ਗਏ ਤੇ ਜੁਮਲਿਆਂ ਤੇ ਅੰਕ ਵੀ, ਸੰਭਵਤਾ, ਆਦਿ ਬੀੜ ਦੇ ਅਨੁਸਾਰੀ ਕਰ ਦਿੱਤੇ ਗਏ । ਸਿੱਟੇ ਵਜੋਂ ਕਬੀਰ ਦੇ "ਧਰ ਅੰਬਰ ਵਿਚ ਬੇਲੜੀ", "ਦੇਖੋ ਲੋਗਾ ਹਰਿ ਕੀ ਸਗਾਈ", "ਅਉਧੂ ਸੋ ਜੋਗੀ ਗੁਰ ਮੇਰਾ" ਤੇ ਮੀਰਾ ਦਾ "ਮਨ ਹਮਾਰਾ ਬਾਧਿਓ ਮਾਈ" ਸਭ ਪਦੇ ਕਟ ਦਿੱਤੇ ਗਏ । ਸੂਰਦਾਸ ਦਾ "ਛਾਡਿ ਮਨ ਹਰ ਬਿਮੁਖਨ ਕਉ ਸੰਗ" ਤੇ "ਰੁਣ ਝੁੰਝਨੜਾ ਗਾਉ ਸਖੀ" ਰਹ ਗਏ । ਸੂਰਦਾਸ ਦੇ ਪਦੇ ਦੀ ਤਤਕਰੇ ਵਿਚ ਸਥਿਤੀ ਬਾਰੇ ਤਾਂ ਪਤਾ ਨਹੀਂ ਹੈ, ਕਿਉਂਜੋ ਭਗਤਾਂ ਦੀ ਬਾਣੀ ਦੀਆਂ ਪ੍ਰਤੀਕਾਂ ਨਹੀਂ ਹਨ, ਪਰ

"ਰੁਣ ਝੁੰਝਨੜਾ ਗਾਉ" ਬਾਰੇ ਪਤਾ ਹੈ ਕਿ ਇਹ ਤਤਕਰੇ ਵਿਚ ਨਹੀਂ ਸੀ; ਤਾਂ ਵੀ ਰਖ ਲਇਆ ਗਇਆ; ਜਾਂ ਸ਼ਾਇਦ ਮਗਰਲੇ ਕਿਸੇ ਪੜਾਉ ਤੇ ਚੜ੍ਹਾ ਲਇਆ ਗਇਆ, ਕਿਉਂਜੋ ਇਹ ਬੀੜ ਵਿਚ ਵਖਰੀ ਕਲਮ ਨਾਲ ਲਿਖਿਆ ਹੋਇਆ ਹੈ । ਪੰਚਮ ਤੇ ਛੇਵੇਂ ਪਾਤਸ਼ਾਹ ਦੇ ਕਥਿਤ ਨੀਸਾਣੁ ਵੀ ਪੈਦਾ ਕਰਕੇ ਗ੍ਰੰਥ ਵਿਚ ਲਾ ਲਏ ਗਏ । ਇੰਞ ਇਹ ਬੀੜ, ਗ਼ਲਤ ਜਾਂ ਸਹੀ, ਆਦਿ ਬੀੜ ਦੀ ਥਾਂ-ਲੇਵਾ ਬਣ ਗਈ, ਤੇ ਮਗਰੋਂ ਆਦਿ ਬੀੜ ਦੇ ਲੋਪ ਹੋਣ ਤੇ ਸੋਢੀਆਂ ਵਲੋਂ ਇਸ ਦੇ ਅਸਲੀ ਹੋਣ ਦਾ ਦਾਅਵਾ ਕਰਨ ਕਾਰਣ ਸੋਧਕਾਰਾਂ ਲਈ ਸੁਧਾਈ ਦਾ ਮਾਡਲ ਹੋ ਨਿਬੜੀ ।

ਕਰਤਾਰਪੁਰੀ ਬੀੜ ਵਿਚ ਪੰਚਮ ਪਾਤਸ਼ਾਹ ਦੇ ਨੀਸਾਣੁ ਦੇ ਨਾਲ ਛੇਵੇਂ ਪਾਤਸ਼ਾਹ ਦੇ ਦਸਖਤ ਹੋਣ ਦੀ ਸੂਚਨਾ ਆਈ ਹੈ । 'ਆਦਿ ਬੀੜ ਦੇ ਸੰਕੇਤਾਂ ਵਾਲੇ ਗ੍ਰੰਥ' (ਨੰ. ੭) ਦਾ ਤਤਕਰਾ ਅਸੀਂ ਆਦਿ ਬੀੜ ਤੋਂ ਚੁਕ ਲਇਆ ਸਿਧ ਕੀਤਾ ਹੈ । ਇਸ ਪਿਛਲੇ ਵਿਚ "ਨੀਸਾਣੁ ਗੁਰੂ ਜੀਉ ਕੇ ਦਸਖਤਾਂ ਕਾ ਮਹਲਾ ੫" ਤੇ "ਜਪੁ ਸ੍ਰੀ ਸਤਿਗੁਰੂ ਰਾਮਦਾਸ ਜੀ ਕਿਆ ਦਸਖਤਾ ਕਾ ਨਕਲ" ਹੋਣ ਬਾਰੇ ਸੂਚਨਾ ਤਾਂ ਆਈ ਹੈ, ਪਰ ਛੇਵੇਂ ਪਾਤਸ਼ਾਹ ਦੇ ਦਸਖਤ ਹੋਣ ਦੀ ਕੋਈ ਟੋਹ ਨਹੀਂ ਹੈ । ਇਸ ਤੋਂ ਪਤਾ ਲਗਦਾ ਹੈ ਕਿ ਅਸਲੀ, ਭਾਈ ਗੁਰਦਾਸ ਲਿਖਿਤ ਆਦਿ ਬੀੜ ਵਿਚ ਛੇਵੇਂ ਪਾਤਸ਼ਾਹ ਦਾ ਨੀਸਾਣੁ ਨਹੀਂ ਸੀ, ਜੋ ਕਰਤਾਰ-ਪੁਰੀ ਬੀੜ ਵਿਚ ਵਿਦਮਾਨ ਹੈ । ਫਿਰ ਅਸੀਂ ਪਿੱਛੇ ਪੰਨਾ ੧੭੯ ਉਪਰ ਇਸ ਗੱਲ ਦਾ ਜ਼ਿਕਰ ਕਰ ਆਏ ਹਾਂ ਕਿ ਭਾਈ ਗੁਰਦਾਸ ਦੇ ਕਥਿਤ ਲਿਖੇ ਤੇ ਕਰਤਾਰਪੁਰੀ ਸੋਢੀਆਂ ਪਾਸ ਸੁਰੱਖਿਅਤ ਗੁਟਕੇ ਦੀ ਲਿਖਤ ਕਰਤਾਰਪੁਰੀ ਬੀੜ ਨਾਲ ਮੇਲ ਨਹੀਂ ਖਾਂਦੀ । ਇਹ ਸਾਰੇ ਤਥ ਕਰਤਾਰਪੁਰੀ ਬੀੜ ਦੇ ਮੁਢਲੀ, ਭਾਈ ਗੁਰਦਾਸ ਲਿਖਿਤ, ਆਦਿ ਬੀੜ ਹੋਣ ਦੇ ਦਾਅਵੇ ਨੂੰ ਸੰਦਿਗਧ ਬਣਾ ਦੇਂਦੇ ਹਨ ।

ਇਹ ਬੀੜ ਤਿਆਰ ਕਦੋਂ ਹੋਈ ? ਨਿਸ਼ਚੈ ਹੀ ਛੇਵੇਂ ਪਾਤਸ਼ਾਹ ਦੇ ਕਾਲ ਵਿਚ । ਛੇਵੇਂ ਪਾਤਸ਼ਾਹ ਦੇ ਹੱਥਾਂ ਨਾਲ ਲਿਖਿਆ ਨੀਸਾਣੁ ਇਸ ਬੀੜ ਦੇ ਪਤ੍ਰਾ ੫੪੦ ਉਪਰ ਵਿਦਮਾਨ ਹੈ। ਜੇ ਉਹ ਅਸਲੀ ਹੈ, ਤਾਂ ਵਾਹਵਾ; ਜੇ ਨਕਲੀ ਹੈ ਅਤੇ ਮਗਰੋਂ ਘੜ ਕੇ ਪਾਇਆ ਗਇਆ ਹੈ, ਤਾਂ ਬੀੜ ਦਾ ਸਮਾਂ ਹੋਰ ਵੀ ਪਿੱਛੇ ਜਾ ਪੈਂਦਾ ਹੈ । ਅਸਲੀ ਆਦਿ ਬੀੜ ਵਿਚ ਜਿਸ ਦਾ ਉੱਲੇਖ ਅਸੀਂ ਉਪਰ ਕਰ ਆਏ ਹਾਂ, ਛੇਵੇਂ ਪਾਤਸ਼ਾਹ ਦਾ ਨੀਸਾਣ ਨਹੀਂ ਸੀ । ਇੱਥੇ ਇਸ ਦੀ ਮੌਜੂਦਗੀ ਇਸ ਨੂੰ ਦੋਹਰੀ ਪ੍ਰਮਾਣਿਕਤਾ ਦੁਆਉਣ ਦਾ ਤਰਲਾ ਲਗਦਾ ਹੈ। ਇਕ ਹੋਰ ਗੱਲ ਜੋ ਇਸ ਨੂੰ ਬਾਅਦ ਦੀ ਰਚਨਾ ਗਰਦਾਨਣ ਤੇ ਮਜਬੂਰ ਕਰਦੀ ਹੈ, ਇਸ ਦੇ ਅੱਖਰਾਂ ਦੀ ਬਨਾਵਟ ਹੈ ਜੋ 'ਬਾਬਾ ਮੋਹਨ ਵਾਲੀਆਂ ਪੋਥੀਆਂ' ਦੀ ਲਿਖਤ ਨਾਲੋਂ ਚੋਖੀ ਭਿੰਨ ਹੋ ਗਈ ਹੈ। ਦੋਹਾਂ ਦੀ ਲਿਖਤ ਦੇ ਮੰਨੇ ਜਾਂਦੇ ਸੰਮਤਾਂ (੧੬੫੨ ਅਤੇ ੧੬੬੧) ਵਿਚ ਕੇਵਲ ਨੌਂ ਸਾਲਾਂ ਦੀ ਵਿਥ ਹੈ । ਸਮਝ ਨਹੀਂ ਆਉਂਦੀ ਕਿ 'ਕਰਤਾਰਪੁਰੀ ਬੀੜ' ਦੀ ਲਿਖਣ ਸ਼ੈਲੀ ਇੱਨੇ ਥੋੜੇ ਅਰਸੇ ਵਿਚ ਇੰਨਾ ਫਰਕ ਕਿਵੇਂ ਪਾ ਗਈ ? 'ਕਰਤਾਰਪੁਰੀ ਬੀੜ' ਵਿਚ ਗੋਲ ਬਿੰਦੀ ਦੀ ਥਾਂ ਕੰਨਾ ਵਰਤਿਆ ਹੋਇਆ

ਹੈ (ਪਲੇਟ XXXVII, ਚਿਤ੍ਰ ੩੪ (ੳ) ਤੇ ੩੫ (ਅ)) ਜਦੋਂ ਕਿ ਹੋਰਨਾਂ ਪ੍ਰਾਚੀਨ ਬੀੜਾਂ ਵਿਚ ਗੋਲ ਬਿੰਦੀ ਦੀ ਵਰਤੋਂ ਤੇ ਅੱਖਰਾਂ ਦੀ ਬਨਾਵਟ ਘਟ ਵਧ, 'ਬਾਬਾ ਮੋਹਨ ਵਾਲੀਆਂ ਪੋਥੀਆਂ' ਨਾਲ ਰਲਦੀਆਂ ਹਨ। ਇਹ ਸਭ ਤੱਥ ਇਸ ਬੀੜ ਨੂੰ ਕਦਾਚਿਤ ਮੁਢਲੇ ਕਾਲ ਦੀ ਰਚਨਾ ਨਹੀਂ ਰਹਣ ਦੇਂਦੇ। ਸੋ ਸਾਡਾ ਨਿਰਣਾ ਹੈ ਕਿ ਇਹ ਇਕ ਸੁਤੰਤਰ ਸੰਕਲਣ ਹੈ, ਜੋ ਬਾਅਦ ਵਿਚ ਆਦਿ ਬੀੜ ਦੇ ਸੱਚੇ ਵਿਚ, ਸੰਭਵ ਹਦ ਤਕ, ਢਾਲ ਲਇਆ ਗਇਆ।

ਇਸ ਚਰਚਾ ਨੂੰ ਸਮਾਪਤ ਕਰਨ ਤੋਂ ਪਹਲਾਂ ਤੀਬਰਤਾ ਸਹਿਤ ਉਠਦੇ ਇਕ ਪ੍ਰਸ਼ਨ ਦਾ ਸਮਾਧਾਨ ਕਰ ਲੈਣਾ ਬਣਦਾ ਹੈ। ਉਪਰ ਅਸੀਂ ਇਹ ਖਿਆਲ ਪ੍ਰਗਟਾ ਆਏ ਹਾਂ ਕਿ 'ਕਰਤਾਰਪੁਰੀ ਬੀੜ' ਦੇ ਸੰਗ੍ਰਹ-ਕਰਤਾ ਨੇ ਆਪਣੀ ਖੀੜ ਨੂੰ ਭਾਈ ਗੁਰਦਾਸ ਵਲੋਂ ਤਿਆਰ ਕੀਤੀ ਬੀੜ ਦਾ ਅਨੁਸਾਰੀ ਬਣਾਉਣ ਲਈ ਆਪਣੇ ਸੰਚੇ ਵਿਚ ਲੋੜੀਂਦੀ ਕਟ ਵਢ ਕਰ ਲਈ ਤੇ ਨਾਲ ਹੀ ਸੂਚੀਪਤ੍ਰ ਪੋਥੀ ਕਾ ਤਤਕਰਾ ਰਾਗਾਂ ਕਾ ਭਾਈ ਗੁਰਦਾਸ ਵਾਲੀ ਬੀੜ ਤੋਂ ਲੈ ਕੇ ਪਾ ਲਇਆ। ਪਰ ਤਤਕਰੇ ਵਿਚ ਅੰਤ ਤੇ "ਰਾਗਮਾਲਾ ਤਥਾ ਸਿੰਗਲਾ-ਦੀਪ ਦੀ ਸ਼ਿਵਨਾਭ ਕੀ ਬਿਧਿ" ਦੀ ਪ੍ਰਤੀਕ ਵੀ ਆਈ ਹੈ। ਇਸ ਦੀ ਮੌਜੂਦਗੀ ਦਾ ਮਤਲਬ ਕੀ ਇਹ ਤਾਂ ਨਹੀਂ ਕਿ ਭਾਈ ਗੁਰਦਾਸ ਵਾਲੀ ਬੀੜ ਵਿਚ ਰਾਗਮਾਲਾ ਤੇ ਫਾਲਤੂ ਬਾਣੀ ਮੌਜੂਦ ਸੀ? ਸਾਡਾ ਉੱਤਰ ਹੈ, "ਨਹੀਂ"। ਚੇਤੇ ਰਹੇ ਕਿ ਇਹ ਪ੍ਰਤੀਕ ਟੇਢੀ ਕਰ ਕੇ 'ਕਰਤਾਰਪੁਰੀ ਬੀੜ' ਵਿਚ ਬਾਅਦ ਵਿਚ ਲਿਖੀ ਗਈ। ਜੇ ਤਤਕਰੇ ਵਾਲੇ ਮੂਲ ਗ੍ਰੰਥ ਤੋਂ ਆਈ ਹੁੰਦੀ ਤਾਂ ਸਿੱਧੀ ਦਰਜ ਹੋ ਜਾਣੀ ਸੀ। ਇਹ ਟੇਢੀ ਕਰਕੇ ਦਰਜ ਹੋਈ ਹੋਈ ਹੈ; ਕਿਉਂਜੋ ਨਕਲ ਕੀਤੇ ਗਏ ਸੂਚੀਪਤ੍ਰ ਦੇ ਮੁਕਣ 'ਤੇ ਅਗਲਾ ਪ੍ਰਕਰਣ "ਤਤਕਰਾ ਤਤਕਰੇ" ਕਾ ਛੇਤੀ ਨਾਲ ਸ਼ੁਰੂ ਹੋ ਜਾਂਦਾ ਸੀ ਤੇ ਦੋਹਾਂ ਵਿਚਕਾਰ ਸਾਰੀ ਪ੍ਰਤੀਕ ਨੂੰ ਲਿਖਣ ਲਈ ਥਾਂ ਨਹੀਂ ਸੀ।

ਇਸ ਪ੍ਰਸ਼ਨ ਦਾ ਉੱਤਰ ਕਿ ਜੇ ਤਤਕਰੇ ਵਾਲੀ ਮੂਲ ਬੀੜ ਵਿਚ ਫਾਲਤੂ ਬਾਣੀ ਨਹੀਂ ਸੀ, ਤਾਂ ਇਹ 'ਕਰਤਾਰਪੁਰੀ ਬੀੜ' ਵਿਚ ਕਿਉਂ ਰਹਣ ਦਿੱਤੀ ਜਾਂ ਕਿਉਂ ਦਰੜਾਈ ਗਈ? ਇਹ ਦਿੱਤਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇ ਨਾਂ ਤੇ ਚਲਦੀ ਬਾਣੀ ਨੂੰ ਸੰਭਾਲਣ ਦੀ ਚਾਹ ਨੇ ਇਸ ਨੂੰ ਇਕ ਖਿਲ (addendum) ਵਜੋਂ ਗ੍ਰੰਥ ਦੇ ਅੰਤ ਤੇ ਟਾਂਕੇ ਰਹਣ ਦਿੱਤਾ, ਓਸੇ ਤਰ੍ਹਾਂ ਜਿਵੇਂ ਚਲਿਤ੍ਰ ਜੋਤੀ ਜੋਤਿ ਸਮਾਵਣੇ ਕੇ ਗ੍ਰੰਥ ਵਿਚ ਸੰਭਾਲ ਲਏ ਜਾਂਦੇ ਸਨ, ਜਾਂ ਇਸੇ 'ਕਰਤਾਰਪੁਰੀ ਬੀੜ' ਵਿਚ ਪਾਰਾ ਮਾਰਨ ਦਾ ਨੁਸਖਾ ਸੰਭਾਲਿਆ ਹੋਇਆ ਹੈ। ਭਾਈ ਰਣਧੀਰ ਸਿੰਘ ਤਾਂ ਫਾਲਤੂ ਬਾਣੀ ਦੇ ਬਾਅਦ ਵਿਚ ਕਢੇ ਜਾਣ ਦੀ ਗੱਲ ਵੀ ਕਰਦਾ ਹੈ।

੯. ਭਾਈ ਗੁਰਦਾਸ ਵਾਲੀ ਅਸਲੀ ਆਦਿ ਬੀੜ

ਭਾਈ ਗੁਰਦਾਸ ਜੀ ਦੇ ਹੱਥੋਂ ਤਿਆਰ ਕਰਵਾਈ ਗਈ ਅਸਲੀ ਆਦਿ ਬੀੜ (ਜੋ 'ਕਰਤਾਰਪੁਰੀ ਬੀੜ' ਆਪ ਹੋਣ ਦਾ ਦਾਅਵਾ ਕਰਦੀ ਹੈ) ਦੀ ਸਥਿਤੀ ਕੀ ਸੀ?

ਇਸ ਬਾਰੇ ਅਨੁਮਾਨ ਪ੍ਰਾਚੀਨ ਬੀੜਾਂ ਵਿਚ ਮਿਲਦੇ ਕੁਝ ਸੰਕੇਤਾਂ ਤੋਂ ਲਾਇਆ ਜ ਸ ਹੈ। ਪਹਲਾ ਸੰਕੇਤ ਸਾਨੂੰ 'ਡੇਹਰਾਦੂਨ ਵਾਲੀ ਬੀੜ' (ਨੰ. ੧੪) ਤੋਂ ਜੋ ਸੰਮਤ ੧: ਦੀ ਲਿਖੀ ਹੋਈ ਹੈ ਮਿਲਦਾ ਹੈ। ਉੱਥੇ ਲਿਖਿਆ ਹੋਇਆ ਹੈ ਕਿ ਮੀਰਾ ਦਾ ਆਦਿ ਬੀੜ ਵਿਚ ਨਹੀਂ। 'ਕਰਤਾਰਪੁਰੀ ਬੀੜ' ਵਿਚ ਇਹ ਹੈ ਸੀ, ਮਗਰੋਂ ਟ ਗਇਆ। ਇਸ ਲਈ 'ਕਰਤਾਰਪੁਰੀ ਬੀੜ' ਪੰਚਮ ਪਾਤਸ਼ਾਹ ਵਾਲੀ ਬੀੜ ਨਹੀਂ। ਇਹ ਅਸਲੀ ਆਦਿ ਬੀੜ ਦੀ ਪਹਲੀ ਤੇ ਵੱਡੀ ਨਿਸ਼ਾਨੀ ਹੈ। ਇਸੇ ਤਰ੍ਹਾਂ ਸ ਵਿਚ ਰਵਿਦਾਸ ਜੀ ਦਾ ਰਾਗ ਮਾਰੂ ਵਾਲਾ ਚਉਪਦਾ "ਸੁਖ ਸਾਗਰ ਸੁਰਤਰ ਤਾ ਹਾਸ਼ੀਏ ਵਿਚ ਲਿਖ ਕੇ ਉਸ ਦੇ ਮਗਰ ਇਹ ਲਿਖਿਆ ਹੋਇਆ ਹੈ: "ਇਹ ਪੰਜਵੇਂ ਮਹਲੇ ਦੇ ਗਿਰੰਥ ਉਪਰਹੁ ਲਿਖਿਆ"। ਇਸ ਤੋਂ ਪਤਾ ਲਗਦਾ ਹੈ ਕਿ ਵਿ ਦਾ ਇਹ ਸ਼ਬਦ ਆਦਿ ਬੀੜ ਵਿਚ ਰਾਗ ਮਾਰੂ ਵਿਚ ਪ੍ਰਾਪਤ ਸੀ; ਭਾਵੇਂ ਉਸ ਦੇ ਸੋਰਠਿ ਵਿਚ ਪ੍ਰਾਪਤ ਹੋਣ ਬਾਰੇ ਪੱਕੀ ਤਰ੍ਹਾਂ ਕੁਝ ਨਹੀਂ ਕਹਿਆ ਜਾ ਸਕਦਾ। ਖੈਰ, ਇਸ ਦੀ ਦੂਜੀ ਨਿਸ਼ਾਨੀ ਸਮਝਣੀ ਚਾਹੀਦੀ ਹੈ।

'ਭਾਈ ਰਾਮਰਾਇ ਲਿਖਿਤ ਬੀੜ' (ਸੰਮਤ ੧੭੪੯) ਵਿਚ ਇਹ ਲਿ ਹੋਇਆ ਹੈ ਕਿ "ਇਹ ਗਿਰੰਥ ਫਤਹ ਚੰਦ ਕੇ ਗਿਰੰਥ ਕਾ ਨਕਲ ਫਤੇਚੰਦ f ਪੁਹਕਰ ਕੇ ਗਿਰੰਥ ਕਾ ਨਕਲੁ ਪੁਹਕਰ ਕਾ ਗਿਰੰਥ ਵਡੇ ਗਿਰੰਥ ਨਾਲ ਸੋਧਿਆ ਪੰ ਮਹਲ ਗੁਰਦਾਸ ਭਲੇ ਪਾਸਹੁ ਲਿਖਵਾਇਆ ਸੀ" ਪੁਸਤਕ (ਪੰਨਾ ੩੪੧)। ਜੇ ਰਾਮਰਾਇ ਦੇ ਗ੍ਰੰਥ ਦੀ ਇਹ ਸੂਚਨਾ ਸਹੀ ਹੈ ਤਾਂ ਭਾਈ ਰਾਮਰਾਇ ਦਾ ਗ੍ਰੰਥ ਜੋ ਤੇ ਦੁਆਰਾ ਪੁਹਕਰ ਦੇ ਗਿਰੰਥ ਦੀ ਨਕਲ ਸੀ, ਆਦਿ ਬੀੜ ਦੇ ਸੁਰੂਪ ਦਾ ਧਾਰਨੀ ਚਾਹੀਦਾ ਹੈ। ਭਾਈ ਰਾਮ ਰਾਇ ਦਾ ਗ੍ਰੰਥ ਨੌਵੇਂ ਮਹਲ ਦੀ ਬਾਣੀ ਦੇ ਚੜ੍ਹਾਏ ਜਾਣ ਪਹਲਾਂ ਭੁੱਟਾਂ ਦੇ ਸਵੈਯਾਂ ਉੱਤੇ ਸਮਾਪਤ ਹੁੰਦਾ ਸੀ। ਕੀ ਆਦਿ ਗ੍ਰੰਥ ਵੀ ਇੰਞ ਹੀ ਦੇ ਸਵੈਯਾਂ ਉੱਤੇ ਮੁਕਦਾ ਸੀ? ਹੋ ਸਕਦਾ ਹੈ, ਇੰਞ ਹੀ ਹੋਵੇ।

ਭਾਈ ਜੋਗਰਾਜ ਦਾ ਸੰਮਤ ੧੭੨੪ ਵਿਚ ਤਿਆਰ ਕੀਤਾ ਗ੍ਰੰਥ (ਨੰ. ੯), "ਸੰਪੂਰਣ ਤੇ ਸਹੀ" ਹੋਣ ਦਾ ਦਾਅਵਾ ਕਰਦਾ ਹੈ, ਸ਼ੇਖ-ਫਰੀਦ ਦੇ ਸਲੋਕਾਂ ਤ ਮੁ ਹੈ। ਇਸ ਦੇ ਸੰਪੂਰਣ ਤੇ ਸਹੀ ਹੋਣ ਦੀ ਮੁਹਰ-ਛਾਪ ਆਦਿ ਗ੍ਰੰਥ ਦੇ ਸ਼ੇਖ ਾਰੀ ਸਲੋਕਾਂ ਉਪਰ ਸਮਾਪਤ ਹੋਣ ਦੀ ਕਹਾਣੀ ਕਰਦੀ ਦਿਸਦੀ ਹੈ। ਇਸ ਤੋਂ ਉ 'ਕਰਤਾਰਪੁਰੀ ਬੀੜ' ਦਾ ਤਤਕਰਾ ਜੋ ਅਸਾਂ ਬਾਹਰੋਂ ਲੈ ਕੇ ਲਾਇਆ ਗਇਆ ਕੀਤਾ ਹੈ ਅਤੇ 'ਆਦਿ ਬੀੜ ਦੇ ਸੰਕੇਤਾਂ ਵਾਲੇ ਗ੍ਰੰਥ' (ਨੰ. ੭) ਦਾ ਤਤਕਰਾ ਅ ਆਦਿ ਬੀੜ ਤੋਂ ਸਿੱਧਾ ਲੈ ਕੇ ਵਰਤ ਲਇਆ ਮੰਨਿਆ ਹੈ, ਗ੍ਰੰਥ ਦੀ ਸਮਾ ਤੀ ਟੋਹ ਸਲੋਕ ਵਾਰਾਂ ਤੇ ਵਧੀਕ ਉੱਤੇ ਪੈਣ ਦੀ ਦੇਂਦੇ ਹਨ। ਇਨ੍ਹਾਂ ਇਕ ਦੂਜੇ ਦੇ ਉ ਸਬੂਤਾਂ ਦੇ ਹੁੰਦਿਆਂ ਅਸੀਂ ਇਹੀ ਕਹ ਸਕਦੇ ਹਾਂ ਕਿ ਤਦੋਂ ਬਾਣੀ ਦੀ ਸਮਾਪਤੀ ੨ ਪਾਠਕਾਂ ਦੇ ਮਨਾਂ ਨੂੰ ਇੱਨਾ ਵਿਆਕੁਲ ਨਹੀਂ ਸੀ ਕਰਦਾ, ਜਿੱਨਾ ਕਿਸੇ ਪਾਠ ਦਾ

ਜਾਣਾ, ਜਾਂ ਅਪ੍ਰਮਾਣਿਕ ਪਾਠ ਦਾ ਬੀੜ ਵਿਚ ਘੁਸੜ ਆਉਣਾ। ਫਲਸ੍ਰੂਪ, ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਤਕ, ਸਗੋਂ ਉਸ ਦੇ ਪਿੱਛੋਂ ਵੀ, ਸਵੈਯਾਂ ਅਤੇ ਫ਼ਰੀਦ ਜੀ ਦੇ ਸਲੋਕਾਂ ਉੱਤੇ ਭੋਗ ਪਾਂਦੀਆਂ ਬੀੜਾਂ ਦੇ ਲਿਖੇ ਤੇ ਵਾਚੇ ਜਾਣ ਦੀ ਕਿਰਿਆ ਚਲਦੀ ਦੇਖ ਸਕਦੇ ਹਾਂ। ਸ਼ੁਧ ਪਾਠਾਂ ਵਾਲੀਆਂ ਬੀੜਾਂ ਸਗੋਂ ਇਹੀ ਸਿੱਧ ਹੁੰਦੀਆਂ ਹਨ।

ਖੈਰ, ਸਮਾਂ ਲੰਘਣ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਾਉਣ ਦੇ ਛੇਤੀ ਪਿੱਛੋਂ, ਜਦੋਂ ਗ੍ਰੰਥ ਸਾਹਿਬ ਨੂੰ ਗੁਰੂ ਹੋਣ ਦੀ ਮਾਨਤਾ ਮਿਲ ਗਈ, ਤਾਂ ਸਿੱਖ ਲਿਖਾਰੀਆਂ ਦੀ ਰੁਚੀ ਆਦਿ ਬੀੜ ਵੱਲ ਵਧੀ। ਮਿਸਲਾਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਜਿੰਨੀਆਂ ਵੀ ਬੀੜਾਂ ਲਿਖੀਆਂ ਗਈਆਂ, ਉਨ੍ਹਾਂ ਨੂੰ ਉਚੇਚੇ ਯਤਨ ਨਾਲ ਆਦਿ ਬੀੜ ਨਾਲ ਸੋਧਣ ਦਾ ਪ੍ਰਯਾਸ ਕੀਤਾ ਗਇਆ। ਸਾਡੇ ਸਰਵੇਖਣ ਵਿਚ ਆਈਆਂ ਬਹੁਤੀਆਂ ਬੀੜਾਂ ਦੀ ਸੁਧਾਈ, ਉਸ ਵਕਤ ਮੰਨੀ ਜਾਂਦੀ ਆਦਿ ਬੀੜ ਨਾਲ ਹੋਈ ਹੋਈ ਸਿਧ ਹੁੰਦੀ ਹੈ ਅਤੇ ਉਹ ਸੁਧਾਈ 'ਕਰਤਾਰਪੁਰੀ ਬੀੜ' ਦਾ ਅਨੁਸਰਨ ਕਰਦੀ ਹੈ। ਉਦਾਹਰਣ ਵਜੋਂ, ਸਾਡੇ ਸਰਵੇਖਣ ਵਿਚ ਆਈ 'ਆਦਿ ਬੀੜ ਦੇ ਸੰਕੇਤਾਂ ਵਾਲੀ ਬੀੜ' (ਨੰ. ੭) ਪ੍ਰਸਤੁਤ ਕੀਤੀ ਜਾ ਸਕਦੀ ਹੈ। ਇਸ ਵਿਚ ਸੁਧਾਈਆਂ ਆਦਿ ਬੀੜ ਦੇ ਹਵਾਲੇ ਨਾਲ ਕੀਤੀਆਂ ਹੋਈਆਂ ਹਨ, ਪਰ ਹਨ ਉਹ ਸਭ 'ਕਰਤਾਰਪੁਰੀ ਬੀੜ' ਦਾ ਹੀ ਸ੍ਰੂਪ। ਇਹ ਵਖਰੀ ਗੱਲ ਹੈ ਕਿ 'ਕਰਤਾਰਪੁਰੀ ਬੀੜ' ਦੀ ਪੈਰਵੀ ਵਿਚ ਸੋਧਕ ਕਈ ਵਾਰੀ ਚੰਗੇ ਭਲੇ ਠੀਕ ਪਾਠ ਨੂੰ ਵੀ ਗ਼ਲਤ ਕਰ ਗਏ ਹਨ।

ਇੱਥੇ ਇਹ ਗੱਲ ਫਿਰ ਦੁਹਰਾਉਣ ਦੀ ਲੋੜ ਪ੍ਰਤੀਤ ਹੁੰਦੀ ਹੈ ਕਿ ਭਾਵੇਂ ਪੁਰਾਣੇ ਲਿਖਾਰੀ 'ਸ੍ਰੀ ਕਰਤਾਰਪੁਰੀ ਬੀੜ' ਨੂੰ ਆਦਿ ਬੀੜ ਵਜੋਂ ਮਾਨਤਾ ਦੇਂਦੇ ਤੇ ਵਰਤਦੇ ਆਏ ਹਨ, ਇਹ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਾਮਣਿਕ ਰੂਪ ਤਿਆਰ ਕਰਨ ਲਈ ਆਦਰਸ਼ ਨਹੀਂ ਹੈ। ਇਸ ਸੰਬੰਧੀ ਅਸੀਂ ਸਰਵੇਖਣ ਵਾਲੇ ਭਾਗ ਵਿਚ ਸਵਿਸਤਾਰ ਲਿਖ ਆਏ ਹਾਂ। ਪੰਚਮ ਪਾਤਸ਼ਾਹ ਦੀ ਤਿਆਰ ਕਰਵਾਈ ਅਸਲੀ ਆਦਿ ਬੀੜ ਹਾਲੀ ਸਾਡੀ ਪਹੁੰਚ ਵਿਚ ਆਈ ਨਹੀਂ ਕਹੀ ਜਾ ਸਕਦੀ ਹੈ।

ਸਿੱਖ ਜਗਤ ਵਿਚ ਇਹ ਖ਼ਿਆਲ ਵੀ ਪਾਇਆ ਜਾਂਦਾ ਹੈ ਕਿ ਟ੍ਰੰਪ ਦੇ ਪਾਸੋਂ ਆਦਿ ਬੀੜ ਦਾ ਅੰਗ੍ਰੇਜ਼ੀ ਵਿਚ ਅਨੁਵਾਦ ਕਰਨ ਲਈ ਜਦੋਂ ਅੰਗਰੇਜ਼ ਹਾਕਿਮਾਂ ਨੇ ਕਰਤਾਰਪੁਰੀ ਸੋਢੀਆਂ ਪਾਸੋਂ ਅਸਲੀ ਬੀੜ ਮੰਗੀ ਤਾਂ ਉਸ ਵੇਲੇ ਦੇ ਵਾਰਿਸ ਸੋਢੀ ਸਾਧੂ ਸਿੰਘ ਨੇ ਆਦਿ ਬੀੜ ਦਾ ਇਕ ਉਤਾਰਾ ਕਰਵਾ ਕੇ ਲੰਡਨ ਭੇਜ ਦਿੱਤਾ ਜੋ ਹੁਣ ਇੰਡੀਆ ਆਫਿਸ ਲਾਇਬਰੇਰੀ, ਲੰਡਨ, ਦੇ ਪੁਸਤਕਾਲੇ ਵਿਚ ਸੁਰੱਖਿਅਤ ਹੈ। ਸਾਲ ੧੯੭੯ ਦੇ ਪਾਠ-ਬੋਧ ਸਮਾਗਮ ਸਮੇਂ ਇਸ ਦੀ ਇਕ ਮਾਈਕ੍ਰੋਫਿਲਮ ਕਾਪੀ ਸ. ਮਹਤਾਬ ਸਿੰਘ ਦਿੱਲੀ ਵਾਲਿਆਂ ਨੇ ਹਾਸਲ ਕਰਕੇ ਕੇਂਦ੍ਰੀ ਸਿੰਘ ਸਭਾ ਨੂੰ ਪ੍ਰਦਾਨ ਕੀਤੀ ਸੀ। ਸੋਢੀ ਸਾਧੂ ਸਿੰਘ ਵਲੋਂ ਲੰਡਨ ਭੇਜੇ ਗਏ ਗ੍ਰੰਥ ਸਾਹਿਬ ਦਾ ਬੜਾ ਸੁੰਦਰ ਫੋਟੋ-ਸਟੈਟ ਉਤਾਰਾ ਭਾਈ ਵੀਰ ਸਿੰਘ ਸ਼ਾਹਿਤ੍ਯ ਸਦਨ, ਗੋਲ ਮਾਰਕੀਟ, ਦਿੱਲੀ, ਵਿਚ ਵੀ ਪਹੁੰਚ ਚੁਕਿਆ ਹੈ। ਅਸਾਂ

ਇਸ ਪਿਛਲੇਰੇ ਨੂੰ ਬੜੇ ਧਿਆਨ ਨਾਲ ਵਾਚਿਆ ਹੈ। ਇਹ ਨ ਤਾਂ ਭਾਈ ਗੁਰਦਾਸ ਵਾਲੀ ਆਦਿ ਬੀੜ ਦਾ ਉਤਾਰਾ ਹੈ ਤੇ ਨ ਹੀ 'ਕਰਤਾਰਪੁਰੀ ਬੀੜ' ਦਾ। ਮਗਰੋਂ ਸੁੰਦਰ ਅੱਖਰਾਂ ਵਿਚ ਲਿਖੀ ਹੋਈ ਕਿਸੇ ਭਾਈ ਬੰਨੋ ਵਾਲੀ ਮਿਸਲ ਦੀ ਨਕਲ ਹੈ।

੧੦. ਨੀਸਾਣਾਂ ਦੀ ਗਾਥਾ

ਕਰਤਾਰਪੁਰੀ ਬੀੜ ਦੇ ਅਸਲੀ ਹੋਣ ਦਾ ਇਕ ਸਬੂਤ ਇਸ ਵਿਚ ਪ੍ਰਾਪਤ ਪੰਚਮ ਪਾਤਸ਼ਾਹ ਦਾ ਨੀਸਾਣੁ (ਪਲੇਟ XXII, ਚਿਤ੍ਰ ੧੭) ਮੰਨਿਆ ਜਾਂਦਾ ਹੈ। ਇਸ ਦਾਅਵੇ ਦੇ ਬਿਲਾ ਝਿਜਕ ਪਰਵਾਨ ਕਰ ਲਏ ਜਾਣ ਵਿਚ ਕੁਝ ਮੁਸ਼ਕਿਲਾਂ ਆਉਂਦੀਆਂ ਹਨ। ਗ੍ਰੰਥ ਦੇ ਮੁਢ ਵਿਚ ਨੀਸਾਣੁ ਦਾ ਹੋਣਾ ਉਸੇ ਤਰ੍ਹਾਂ ਦਾ ਬਿੰਬ ਅੱਖਾਂ ਸਾਮ੍ਹਣੇ ਲਿਆਉਂਦਾ ਹੈ ਜਿਵੇਂ ਕਿਸੇ ਗੁਰਦਵਾਰੇ, ਸਕੂਲ ਜਾਂ ਅਮਾਰਤ ਵਗੈਰਾ ਨੂੰ ਸ਼ੁਰੂ ਕਰਨ ਲਗਿਆਂ ਪੰਜ ਇੱਟਾਂ, ਜਾਂ ਨੀਂਹ-ਪੱਥਰ ਕਿਸੇ ਸੰਤ, ਮਹਾਤਮਾ ਜਾਂ ਬਜ਼ੁਰਗ ਪਾਸੋਂ ਰਖਵਾ ਲਈਦਾ ਹੈ। ਮਨੋਰਥ ਬਜ਼ੁਰਗਾਂ ਦੀ ਅਸੀਸ ਜਾਂ ਅਸ਼ੀਰਵਾਦ ਲੈਣ ਦਾ ਹੁੰਦਾ ਹੈ। ਪਾਵਨ ਬੀੜ ਦੀ ਤਿਆਰੀ ਦਾ ਕੰਮ ਆਰੰਭਣ ਲਈ ਸਤਿਗੁਰਾਂ ਦੇ ਕਰ ਕਮਲਾਂ ਨਾਲ ਮੂਲਮੰਤ੍ਰ ਲਿਖਵਾਣਾ ਬੜਾ ਵਾਜਬੀ ਕਦਮ ਸੀ। ਆਦਿ ਬੀੜ ਵਿਚ ਇਹ ਅਵੱਸ਼ ਲਿਖਿਆ ਹੋਣਾ ਹੈ, ਪਰ ਇਥੇ ਤਾਂ ਇਹ ਵੱਖਰੇ ਕਾਗਜ਼ ਤੇ ਲਿਖ ਕੇ ਫ੍ਰੇਮ ਵਾਂਙ ਜੜਿਆ ਹੋਇਆ ਹੈ। ਦੂਜੇ, ਸਾਡੇ ਕੋਲ ਕੋਈ ਦ੍ਰਿੜ੍ਹ ਸਬੂਤ ਨਹੀਂ ਜਿਸ ਤੋਂ ਇਸ ਦੇ ਠੀਕ ਪੰਚਮ ਪਾਤਸ਼ਾਹ ਦੇ ਹੱਥ ਦਾ ਲਿਖਿਆ ਹੋਇਆ ਮੰਨ ਲਈਏ। ਭਾਈ ਬੰਨੋ ਵਾਲੀ ਬੀੜ ਦੇ ਪਤ੍ਰਾ ੩੭੦ ਉੱਤੇ ਦਿੱਤੇ ਨੀਸਾਣ (ਪਲੇਟ XXVI, ਚਿਤ੍ਰ ੨੧) ਨਾਲ ਇਹ ਪੂਰੀ ਤਰ੍ਹਾਂ ਮੇਲ ਨਹੀਂ ਖਾਂਦਾ। ਜੀ. ਬੀ. ਸਿੰਘ ਦੀ ਪੁਸਤਕ 'ਪ੍ਰਾਚੀਨ ਬੀੜਾਂ' ਦੇ ਪੰਨਾ ੧੪੪ ਸਾਮ੍ਹਣੇ ਦਿੱਤੇ ਬੋਹਤ ਵਾਲੀ ਬੀੜ ਦੇ ਪੰਚਮ ਪਾਤਸ਼ਾਹ ਦੇ ਕਥਿਤ ਨੀਸਾਣ ਨਾਲ ਵੀ (ਜੋ ਵਾਸਤਵ ਵਿਚ ਨੌਵੀ ਪਾਤਸ਼ਾਹੀ ਦਾ ਹੈ) ਇਹ ਨਹੀਂ ਮਿਲਦਾ। ਕੋਈ ਹੋਰ ਨੀਸਾਣ ਨਹੀਂ ਜਿਸ ਨਾਲ ਮੇਲ ਕੇ ਇਸ ਦੇ ਪੰਚਮ ਪਾਤਸ਼ਾਹ ਦਾ ਨੀਸਾਣ ਹੋਣਾ ਦ੍ਰਿੜ੍ਹਤਾ ਸਹਿਤ ਸਿੱਧ ਹੋ ਸਕੇ। ਇਸ ਨੀਸਾਣ ਦੀ ਤੀਜੀ ਮੁਸ਼ਕਿਲ ਇਹ ਹੈ ਕਿ ਇਸ ਵਿਚ ਲਗਮਾਤ੍ਰਾਂ ਬਾਣੀ ਦੀ ਬੱਧੀ ਰੀਤ ਅਨੁਸਾਰ ਨਹੀਂ ਹਨ, ਪੁਰਖ ਦੇ /ਖ/ ਥਲੇ ਔਂਕੜ ਨਹੀਂ; ਨਿਰਭਉ ਦੇ /ਉ/ ਨੂੰ ਅਤੇ ਨਿਰਵੈਰ ਦੇ /ਰ/ ਨੂੰ ਵੀ ਔਂਕੜ ਨਹੀਂ।

'ਕਰਤਾਰਪੁਰੀ ਬੀੜ' ਵਿਚ ਛੇਵੀਂ ਪਾਤਸ਼ਾਹੀ ਦਾ ਨੀਸਾਣੁ ਵੀ ਪ੍ਰਾਪਤ ਹੈ। ਇਹ ਪਤ੍ਰਾ ੫੪੦ ਉੱਤੇ ਉਸੇ ਤਰ੍ਹਾਂ ਵਖਰੇ ਕਾਗਜ਼ ਉੱਤੇ ਲਿਖਵਾ ਕੇ ਚਮੋੜਿਆ ਹੋਇਆ ਹੈ। ਇਸ ਦੀ ਲਿਖਣ ਸ਼ੈਲੀ ਪਲੇਟ XXIII ਚਿਤ੍ਰ ੧੮ (ੳ) ਅਨੁਸਾਰ ਹੈ। ਇਸ ਦਾ ਉੱਲੇਖ ਸੂਚੀਪਤ੍ਰ ਵਿਚ ਹੈ। 'ਭਾਈ ਬੰਨੋ ਵਾਲੀ ਬੀੜ' ਵਿਚ ਵੀ ਦੋ ਨੀਸਾਣ ਪ੍ਰਾਪਤ ਹਨ, ਇਕ ਗ੍ਰੰਥ ਦੇ ਮੁਢ ਵਿਚ ਹੈ, ਜਿਸ ਨੂੰ ਤਤਕਰੇ ਵਿਚ ਮਹਲਾ ੬ ਦੇ ਦਸਤਖਤਾਂ ਦਾ ਨੀਸਾਣ ਕਰਕੇ ਲਿਖਿਆ ਗਇਆ ਹੈ (ਪਲੇਟ XXV, ਚਿਤ੍ਰ ੨੦); ਦੂਜਾ ਪਤ੍ਰਾ ੩੭੦ ਉੱਤੇ

(ਪਲੇਟ XXVI, ਚਿਤ੍ਰ ੨੧ ਹੈ)। ਪਿਛਲੇ ਦਾ ਤਤਕਰੇ ਵਿਚ ਉੱਲੇਖ ਨਹੀਂ, ਪਰ ਇਹ ਪੰਚਮ ਪਾਤਸ਼ਾਹ ਦਾ ਨੀਸਾਣੁ ਸਮਝਿਆ ਜਾਂਦਾ ਹੈ। 'ਭਾਈ ਬੰਨੋ ਵਾਲੀ ਬੀੜ' ਦਾ ਨ ਤਾਂ ਛੇਵੇਂ ਪਾਤਸ਼ਾਹ ਦਾ ਨੀਸਾਣ 'ਕਰਤਾਰਪੁਰੀ ਬੀੜ' ਨਾਲ ਰਲਦਾ ਹੈ, ਨ ਪੰਜਵੇਂ ਪਾਤਸ਼ਾਹ ਦਾ। ਫਿਰ ਕਿਸ ਨੂੰ ਠੀਕ ਕਹੀਏ ਤੇ ਕਿਸ ਨੂੰ ਗ਼ਲਤ ?

ਘੋਖ ਨਾਲ ਪੜਤਾਲ ਕੀਤਿਆਂ ਪਤਾ ਲਗਦਾ ਹੈ ਕਿ 'ਭਾਈ ਬੰਨੋ ਵਾਲੀ ਬੀੜ' ਦਾ ਪਹਲਾ ਨੀਸਾਣੁ, ਜਿਸ ਨੂੰ ਤਤਕਰਾ ਛੇਵੀਂ ਪਾਤਸ਼ਾਹੀ ਦਾ ਦਸਦਾ ਹੈ, ਵਾਸਤਵ ਵਿਚ ਨੌਵੀਂ ਪਾਤਸ਼ਾਹੀ ਦਾ ਲਿਖਿਆ ਨੀਸਾਣੁ ਹੈ। ਇਸ ਦੀ ਲਿਖਾਵਟ ਗੁਰੂ ਤੇਗ਼ ਬਹਾਦਰ ਦੇ ਪ੍ਰਾਚੀਨ ਬੀੜਾਂ ਵਿਚ ਮਿਲਦੇ ਨੀਸਾਣਾਂ ਨਾਲ ਰਲਦੀ ਹੈ। ਸਿੱਖ ਰੈਫਰੈਂਸ ਲਾਇਬ੍ਰੇਰੀ ਦੀ ਪੋਥੀ ਨੰਬਰ ੧੬੫੭ ਵਿਚ ਜੋ ਸੰਮਤ ੧੭੨੮ ਵਿਚ ਲਿਖੀ ਗਈ, ਨੌਵੇਂ ਮਹਲੇ ਦਾ ਨੀਸਾਣੁ ਪੋਥੀ ਦੇ ਪਤੇ ਉੱਤੇ ਹੀ ਬਾਣੀ ਦੇ ਨਾਲ ਲਿਖਿਆ ਹੋਇਆ ਸੀ। ਇਸ ਦੀ ਫੋਟੋ-ਕਾਪੀ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਛਪੀ ਪੁਸਤਕ ਵਿਚ ਵੀ ਪ੍ਰਾਪਤ ਹੈ।[11] ਇਸ ਨੂੰ ਅਸਾਂ ਹਰਿਮੰਦਰ ਸਾਹਿਬ ਉੱਤੇ ਫ਼ੌਜੀ ਯਲਮਾਰ ਤੋਂ ਪਹਲਾਂ ਵਾਚਿਆ ਸੀ। ਉਸੇ ਪਤ੍ਰੇ ਉੱਤੇ ਹੋਣ ਕਾਰਣ ਇਸ ਦੇ ਪਿੱਛੋਂ ਲੈ ਕੇ ਚਮੋੜੇ ਗਏ ਹੋਣ ਦਾ ਭਰਮ ਨਹੀਂ ਉਪਜਦਾ। ਪੋਥੀ ਗੁਰੂ ਤੇਗ ਬਹਾਦੁਰ ਜੀ ਦੇ ਕਾਲ ਅਥਵਾ ੧੭੨੮ ਬਿਕ੍ਰਮੀ ਵਿਚ ਲਿਖੀ ਗਈ ਸੀ। ਇਸ ਲਈ ਇਹ ਨਿਰਸੰਸੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਹੱਥਾਂ ਦਾ ਲਿਖਿਆ ਹੋਇਆ ਨੀਸਾਣੁ ਹੈ ਤੇ ਹੁਣ ਉਨ੍ਹਾਂ ਦੀ ਲਿਖਤ ਦੀ ਪਛਾਣ ਲਈ ਪ੍ਰਮਾਣਿਕ ਕਸਵੱਟੀ ਦਾ ਕੰਮ ਦੇਂਦਾ ਹੈ। ਜਿਗਿਆਸੂਆਂ ਦੀ ਜਿਗਿਆਸਾ ਪੂਰੀ ਕਰਨ ਲਈ ਅਸੀਂ ਇਸ ਦਾ ਅਕਸ ਵੀ ਆਪਣੀ ਇਸ ਪੁਸਤਕ ਦੀ ਪਲੇਟ ਨੰ. XXXVIII, ਚਿਤ੍ਰ ੩੫ ਵਿਚ ਪ੍ਰਸਤੁਤ ਕਰ ਦਿੱਤਾ ਹੈ।

'ਭਾਈ ਬੰਨੋ ਵਾਲੀ ਬੀੜ' ਤੋਂ ਬਿਨਾ ਹੋਰ ਵੀ ਕਈ ਅਜੇਹੀਆਂ ਬੀੜਾਂ ਹਨ ਜਿਨ੍ਹਾਂ ਦੇ ਲਿਖੇ ਜਾਣ ਦਾ ਸਮਾਂ ਤਾਂ ਨੌਵੇਂ ਪਾਤਸ਼ਾਹ ਦੇ ਗੁਰਗੱਦੀ 'ਤੇ ਬੈਠਣ ਤੋਂ ਪਹਲਾਂ ਦਾ ਹੈ, ਪਰ ਨੀਸਾਣ ਉਨ੍ਹਾਂ ਵਿਚ ਗੁਰੂ ਤੇਗ਼ ਬਹਾਦੁਰ ਜੀ ਦੇ ਕਰ-ਕਮਲਾਂ ਨਾਲ ਲਿਖੇ ਮੂਲਮੰਤ੍ਰ ਦਾ ਲਗਾ ਹੋਇਆ ਹੈ। ਇਸ ਸੰਦਰਭ ਵਿਚ 'ਵਿਲੱਖਣ ਤੇ ਪ੍ਰਾਚੀਨ ਬੀੜ' (ਨੰ. ੫) ਵਰਨਣਯੋਗ ਹੈ। ਇਹ ਲਿਖੀ ਤਾਂ ਵੀਹ ਵਿਸਵੇ ਛੇਵੇਂ ਪਾਤਸ਼ਾਹ ਦੇ ਕਾਲ ਵਿਚ ਗਈ, ਪਰ ਸੁਸ਼ੋਭਿਤ ਇਹ ਨੌਵੇਂ ਪਾਤਸਾਹ ਦੇ ਲਿਖੇ ਨੀਸਾਣ ਨਾਲ ਹੈ (ਦੇਖੋ ਪਲੇਟ XV, ਚਿਤ੍ਰ ੧੨)। ਇਸ ਪ੍ਰਕਿਰਤੀ ਦੀਆਂ ਦੋ ਹੋਰ ਬੀੜਾਂ – 'ਬੀੜ ਡੇਰਾ ਭਾਈ ਰਾਮ ਕ੍ਰਿਸ਼ਨ', ਸੰਮਤੁ ੧੭੧੦ (ਨੰ: ੧੨), ਅਤੇ 'ਬੂੜੇ ਸੰਧੂ ਵਾਲੀ ਬੀੜ', ਸੰਮਤੁ ੧੭੧੧ (ਨੰ: ੧੩)— ਹਨ। ਇਹ ਦੋਵੇਂ ਗੁਰੂ ਤੇਗ ਬਹਾਦੁਰ ਜੀ ਦੇ ਹੱਥੀਂ ਲਿਖੇ ਨੀਸਾਣਾਂ (ਦੇਖੋ, ਕ੍ਰਮਵਾਰ, ਪਲੇਟ XXVII, ਚਿਤ੍ਰ ੨੩ ਅਤੇ ਪਲੇਟ XXVIII, ਚਿਤ੍ਰ ੨੪) ਨਾਲ ਸੁੱਸਜਿਤ ਹਨ, ਭਾਵੇਂ ਇਹ ਤਿਆਰ ਉਨ੍ਹਾਂ ਦੇ ਗੁਰਗੱਦੀ ਕਾਲ ਤੋਂ ਪਹਲਾਂ ਦੇ

[11] ਦੇਖੋ 'ਨੀਸਾਣ ਤੇ ਹੁਕਮਨਾਮੇ, (ਸੰਪ. ਸ਼ਮਸ਼ੇਰ ਸਿੰਘ ਅਸ਼ੋਕ) ਪੰਨ ੨੦(ੳ) ਪਲੇਟਸ।

ਸਮੇਂ ਵਿਚ ਹੋਈਆਂ। ਢੂੰਡ ਕਰਨ ਤੇ ਅਜੇਹੀਆਂ ਹੋਰ ਵੀ ਕਈ ਉਧਰ ਖਿੰਡੀਆਂ ਪੁੰਡੀਆਂ ਮਿਲ ਜਾਣਗੀਆਂ ਜਿਨ੍ਹਾਂ ਵਿਚ ਨੀਸਾਣੁ ਦਾ ਹੋਵੇਗਾ, ਪਰ ਲਿਖੀਆਂ ਗਈਆਂ ਉਹ ਪਹਲੇ ਗੁਰੂਆਂ ਦੇ ਕਾਲ ਵਿ ਕਾਲਾਂ ਦੇ ਅਣਮੇਲ ਦੀ ਇਸ ਗੁੱਥੀ ਨੂੰ ਦੋ ਤਰ੍ਹਾਂ ਸੁਲਝਾਇਆ ਜਾ ਸਕਦਾ ਹੈ ਇਹ ਕਿ ਆਦਿ ਬੀੜ ਨੇ ਬਾਣੀ ਦੇ ਸੰਚੇ ਵਿਚ ਨੀਸਾਣੁ ਲਗਾਉਣ ਦੀ ਲੀਹ ਪਾ ਸੀ; ਉਤਾਰਾ ਕਰਨ ਵਾਲੇ ਉਸੇ ਦੀ ਪੈਰਵੀ ਵਿਚ ਤਤਕਰਿਆਂ ਵਿਚ ਨੀਸ ਕਰ ਦੇਂਦੇ ਸਨ, ਜਿਸ ਦਾ ਘਾਪਾ ਬਾਅਦ ਵਿਚ ਨੀਸਾਣੁ ਹਾਸਲ ਕਰਕੇ ਤੇ ਵਿਚ ਚਮੋੜ ਕੇ ਪੂਰਾ ਕੀਤਾ ਜਾਂਦਾ ਸੀ। 'ਪੰਜਾਬ ਪੁਰਾਤਤ੍ਵ ਵਿਭਾਗ ਦੀ ੧੭੨੩ ਬਿ. ਦੀ ਲਿਖੀ ਹੋਈ ਹੈ। 'ਭਾਈ ਬੰਨੋ ਵਾਲੀ ਬੀੜ' ਤੋਂ ਨਕਲ ਕ ਉਤਾਰਾ ਕਰਨ ਵਾਲੇ ਨੇ ਇਸ ਦੇ ਤਤਕਰੇ ਵਿਚ "ਨੀਸਾਣੁ ਪਾਤਸ਼ਾਹੀ ੬" ਇਸ ਦਾ ਘਾਪਾ ਨੌਵੇਂ ਮਹਲੁ ਦੇ ਇਕ ਨੀਸਾਣੁ ਨੂੰ ਗ੍ਰੰਥ ਵਿਚ ਚਮੋੜ ਗਇਆ (ਪਲੇਟ XXXII, ਚਿਤ੍ਰ ੨੮)। ਫਲਸ੍ਰੂਪ ਉਪਰੋਕਤ ਗੁੱ ਪਹਲੀ ਵਿਆਖਿਆ ਇਹ ਹੈ ਕਿ ਨੀਸਾਣ ਬਾਅਦ ਵਿਚ ਲੈ ਕੇ ਲਾਏ ਜਾਂਦੇ ਵਿਆਖਿਆ ਇਹ ਹੈ ਕਿ ਗੁਰੂ ਹਰਿਗੋਬਿੰਦ ਜੀ ਨੇ ਨੀਸਾਣੁ ਲਿਖਣ ਅਤੇ ਕੰਮ, ਸੰਭਵ ਹੈ, ਆਪਣੇ ਸਪੁੱਤਰ ਤਿਆਗ ਮੱਲ ਜੀ ਨੂੰ ਦੇ ਰਖਿਆ ਹੋਵੇ, ਜਿਸ ਗੁਰੂ ਹਰਿਗੋਬਿੰਦ ਦੇ ਅੰਤਲੇ ਕਾਲ ਵਿਚ ਜੋ ਨੀਸਾਣੁ ਲਿਖ ਕੇ ਦਿੱਤੇ ਗਏ ਨੌਵੇਂ ਸਤਿਗੁਰਾਂ ਦੀ ਕਾਨੀ ਦੀ ਉਪਜ ਹਨ। ਸਾਨੂੰ ਪਿਛਲੀ ਗੱਲ ਵਧੇਰੇ ਹੈ। ਖੈਰ, ਸਾਨੂੰ ਯਕੀਨ ਹੈ ਕਿ 'ਭਾਈ ਬੰਨੋ ਵਾਲੀ ਬੀੜ' ਜੋ ਇਸ ਵਕਤ ਸਥਿਤ ਹੈ, ਠੀਕ ੧੬੯੯ ਬਿ. ਦੀ ਲਿਖੀ ਹੋਈ ਹੈ, ਭਾਵੇਂ ਇਸ ਦੇ ਨੀਸਾਣੁ ਨੌਵੇਂ ਸਤਿਗੁਰਾਂ ਦਾ ਹੈ।

ਭਾਈ ਬੰਨੋ ਵਾਲੀ ਬੀੜ ਵਿਚ ਪ੍ਰਾਪਤ ਦੂਜੇ ਨੀਸਾਣੁ ਦਾ ਜਾਇਜ਼ਾ ਚਾਹੀਦਾ ਹੈ। ਇਹ ਇਸ ਬੀੜ ਦੇ ਪਤ੍ਰਾ ੩੭੦ ਉਪਰ ਪ੍ਰਾਪਤ ਹੈ ਤੇ ਇਸ ਪੁਸਤਕ ਵਿਚ ਪਲੇਟ XXVI ਦੇ ਚਿਤ੍ਰ ੨੧ ਉਪਰ ਦਿੱਤਾ ਹੋਇਆ ਹੈ। ਰਿਵਾ ਪੰਚਮ ਪਾਤਸ਼ਾਹ ਦੇ ਨਾਂ ਨਾਲ ਜੋੜਦੀ ਹੈ, ਪਰੰਤੂ ਇਹ ਸਾਡੀ ਪੁਸਤਕ ਦੇ ਦੇ ਚਿਤ੍ਰ ੧੭ ਵਿਚ ਆਏ 'ਕਰਤਾਰਪੁਰੀ ਬੀੜ' ਦੇ ਕਥਿਤ ਗੁਰੂ ਅ ਨੀਸਾਣੁ ਨਾਲੋਂ ਬਨਾਵਟ ਵਿਚ ਭਿੰਨ ਹੈ। 'ਨੀਸਾਣ ਤੇ ਹੁਕਮਨਾਮੇ' ਪੁਸਤਕ ਸ. ਸ਼ਮਸ਼ੇਰ ਸਿੰਘ ਅਸ਼ੋਕ ਨੇ ਇਸ ਨੂੰ ਆਪਣੀ ਪੁਸਤਕ ਵਿਚ ਸਤਵੀਂ ਪਾ ਹਰਿ ਰਾਇ ਜੀ, ਦਾ ਨੀਸਾਣੁ ਦਸਿਆ ਹੈ ਤੇ ਇਸ ਨੂੰ ਗ਼ਲਤੀ ਨਾਲ ਬੀੜ' ਨਾਲ ਜਾ ਜੋੜਿਆ ਹੈ।[12] ਅਸੀਂ ਪਾਠਕਾਂ ਦੀ ਜਾਣਕਾਰੀ ਲਈ ਇਸ ਆਪਣੀ ਇਸ ਪੁਸਤਕ ਦੀ ਪਲੇਟ XXIX, ਚਿਤ੍ਰ ੨੫ ਵਿਚ ਦੇ ਦਿੱਤ

[12] ਦੇਖੋ ਸ਼ਮਸ਼ੇਰ ਸਿੰਘ ਅਸ਼ੋਕ (ਸੰਪ.), 'ਨੀਸਾਣ ਤੇ ਹੁਕਮਨਾਮੇ', ਪਲੇਟਸ ੧੨ ਅਤੇ

ਸਿੰਘ ਅਸ਼ੋਕ ਨੇ ਇਸ ਨਾਲ ਰਲਦੇ ਧਰਮਸਾਲਾ ਭਾਈ ਪੈਹੰਦਾ ਸਾਹਿਬ ਦੇ ਗ੍ਰੰਥ ਵਿਚ ਪ੍ਰਾਪਤ ਇਕ ਨੀਸਾਣੁ ਨੂੰ ਵੀ ਸਤਵੀਂ ਪਾਤਸ਼ਾਹੀ ਦਾ ਕਹ ਕੇ ਪ੍ਰਗਟਾਇਆ ਹੈ।[13] ਭਾਈ ਪੈਹੰਦਾ ਸਾਹਿਬ ਵਾਲੇ ਨੀਸਾਣੁ ਦੇ ਅਕਸ ਦੀ ਤੁਲਨਾ ਅਸੀਂ ਭਾਈ ਬੰਨੋ ਵਾਲੀ ਪੁਸਤਕ ਵਿਚਲੇ ਚਿਤ੍ਰ ਨਾਲ ਕੀਤੀ ਹੈ। ਅਸ਼ੋਕ ਜੀ ਦਾ ਪਹਲਾ ਨਿਰਣਾ ਨਿਭਦਾ ਨਹੀਂ ਦਿਸਦਾ ਕਿਉਂਜੋ ਜੀ. ਬੀ. ਸਿੰਘ ਨੇ ਜੋ ਨੀਸਾਣੁ ਗੁਰੂ ਹਰਿ ਰਾਇ ਜੀ ਦਾ ਡੇਰਾਦੂਨ ਦੇ ਗ੍ਰੰਥ ਦੇ ਹਵਾਲੇ ਨਾਲ ਆਪਣੀ ਕਿਤਾਬ ਵਿਚ ਦਿੱਤਾ ਹੈ, ਤੇ ਜਿਸ ਦਾ ਅਕਸ ਸਾਡੀ ਇਸ ਪੁਸਤਕ ਦੀ ਪਲੇਟ ਨੰ. XXIX ਚਿਤ੍ਰ ੨੫ ਵਿਚ ਵਿਦਮਾਨ ਹੈ, ਉਹ ਭਾਈ ਬੰਨੋ ਵਾਲੇ ਗ੍ਰੰਥ ਦੇ ਨੀਸਾਣੁ ਤੋਂ ਅਸਲੋਂ ਭਿੰਨ ਹੈ। ਇਸ ਨਾਲ ਉਸ ਦਾ ਕੁਝ ਵੀ ਨਹੀਂ ਰਲਦਾ। ਇਕ ਹੋਰ ਫ਼ਰਕ ਇਸ ਵਿਚ ਇਹ ਪਾਇਆ ਹੋਇਆ ਹੈ ਕਿ ਇਸ ਵਿਚ "ਸਤਿਗੁਰ ਪ੍ਰਸਾਦਿ" ਆਇਆ ਹੈ ਜਦੋਂ ਕਿ 'ਕਰਤਾਰਪੁਰੀ ਬੀੜ' ਅਤੇ ਧਰਮਸਾਲਾ ਭਾਈ ਪੈਹੰਦਾ ਵਾਲੀ ਬੀੜ ਦੇ ਨੀਸਾਣਾਂ ਵਿਚ "ਗੁਰ ਪ੍ਰਸਾਦਿ" ਹੈ। ਭਾਈ ਬੰਨੋ ਵਾਲੇ ਇਸ ਨੀਸਾਣੁ ਦੀ ਇਹ ਵਿਲੱਖਣਤਾ ਇਸ ਦੇ ਲਿਖਾਰੀ ਦੀ ਪਛਾਣ ਨੂੰ ਹੋਰ ਵੀ ਔਖਾ ਕਰ ਗਈ ਹੈ।

ਸ. ਮਨੋਹਰ ਸਿੰਘ ਮਾਰਕੋ ਦਿੱਲੀ ਵਾਲਿਆਂ ਨੇ ਵੀ 'ਭਾਈ ਬੰਨੋ ਵਾਲੀ ਬੀੜ' ਵਿਚਲੇ ਨੀਸਾਣਾਂ ਸੰਬੰਧੀ ਆਪਣੀ ਰਾਏ ਪ੍ਰਗਟਾਈ ਹੈ। ਇਹ ਉਹ ਖੋਜੀ ਸੱਜਨ ਹਨ ਜਿਨ੍ਹਾਂ ਆਯੂ ਪ੍ਰਯੰਤ ਪ੍ਰਾਚੀਨ ਬੀੜਾਂ ਤੇ ਕੰਮ ਕੀਤਾ ਹੈ ਤੇ ਜਿਨ੍ਹਾਂ ਦੇ ਖ਼ਜ਼ਾਨੇ ਵਿਚ ਇਸ ਵਕਤ· ਅਨੇਕ ਦੁਰਲਭ ਗ੍ਰੰਥਾਂ ਦੀ ਲਿਖਤ ਦੇ ਨਮੂਨੇ ਤੇ ਗ੍ਰੰਥਾਂ ਸੰਬੰਧੀ ਬੜੀ ਕੀਮਤੀ ਜਾਣਕਾਰੀ ਇਕਤ੍ਰ ਕੀਤੀ ਹੋਈ ਹੈ। ਉਨ੍ਹਾਂ ਭਾਈ ਬੰਨੋ ਵਾਲੀ ਬੀੜ ਬਾਰੇ ਲਿਖੇ ਆਪਣੇ ਇਕ ਲੇਖ ਵਿਚ ਇਹ ਵਿਚਾਰ ਪ੍ਰਸਤੁਤ ਕੀਤਾ ਹੈ ਕਿ ਬੀੜ ਦੇ ਪਤ੍ਰਾ ੩੪ ਉਤੇ ਪਲੇਟ XXV, ਚਿਤ੍ਰ ੨੦ ਵਾਲੇ ਹਸਤਾਖਰ ਛੇਵੇਂ ਪਾਤਸ਼ਾਹ ਦੇ ਨਹੀਂ, ਪੰਜਵੇਂ ਪਾਤਸ਼ਾਹ ਦੇ ਹਨ, ਅਤੇ ਪਤ੍ਰਾ ੩੭੦ ਉਪਰ ਪਲੇਟ **XXVI**, ਚਿਤ੍ਰ ੨੧ ਵਾਲੇ ਹਸਤਾਖਰ ਪੰਜਵੇਂ ਪਾਤਸ਼ਾਹ ਦੇ ਨਹੀਂ, ਛੇਵੇਂ ਪਾਤਸ਼ਾਹ ਦੇ ਹਨ[14] ਜੋ ਨੀਸਾਣੁ ਚਮੋੜਨ ਵਾਲੇ ਦੀ ਗ਼ਲਤੀ ਨਾਲ ਅੱਗੇ ਪਿੱਛੇ ਲਗੇ ਹੋਏ ਹਨ। ਪੰਚਮ ਪਾਤਸ਼ਾਹ ਦੇ ਨੀਸਾਣੁ ਬਾਰੇ ਇੱਨੇ ਭਿੰਨ ਗਵੇੜਾਂ ਦੀ ਰੌਸ਼ਨੀ ਵਿਚ ਯਕੀਨੀ ਤੌਰ 'ਤੇ ਕੁਛ ਵੀ ਕਹ ਸਕਣਾ ਸੰਭਵ ਨਹੀਂ, ਸਿਵਾਇ ਇਸ ਦੇ ਕਿ ਇਸ ਮੁਸ਼ਕਿਲ ਦਾ ਹੱਲ ਹੋਰ ਵਧੇਰੇ ਖੋਜ ਦੀ ਮੰਗ ਕਰਦਾ ਹੈ।

੧੧. ਚਲਿਤ੍ਰ ਜੋਤੀ ਜੋਤਿ ਸਮਾਵਣੇ ਕੇ

ਬਹੁਤ ਸਾਰੀਆਂ ਹੱਥ-ਲਿਖਤ ਬੀੜਾਂ ਦੇ ਪਹਲਾਂ ਜਾਂ ਅੰਤ ਤੇ "ਚਲਿਤ੍ਰ ਜੋਤੀ ਜੋਤਿ ਸਮਾਵਣ ਕੇ" ਲਿਖੇ ਹੋਏ ਮਿਲਦੇ ਹਨ। ਇਹ ਪਿਰਤ ਵੀ ਆਦਿ ਬੀੜ ਦੀ ਤੋਰੀ ਲਗਦੀ

[13] ਉਹੀ, ਪਲੇਟ ੧੧.

[14] ਦੇਖੋ ਮਨੋਹਰ ਸਿੰਘ ਮਾਰਕੋ, "ਖਾਰੀ ਬੀੜ ਬਾਰੇ", 'ਗੁਰਮਤਿ ਪ੍ਰਕਾਸ਼', ਜੁਲਾਈ ੧੯੭੩ ਅੰਕ, ਪੰਨੇ ੪੭ ਤੇ ੪੯.

ਹੈ। ਮੰਨਿਆ ਜਾਂਦਾ ਹੈ ਕਿ ਪਹਲੇ ਚਾਰ ਗੁਰੂ ਸਾਹਿਬਾਨ ਦੇ ਸਮਾਵਣ ਦੇ ਚਲਿਤ੍ਰ ਆਦਿ ਬੀੜ ਵਿਚ ਸਤਿਗੁਰਾਂ ਦੀ ਆਗਿਆ ਨਾਲ ਚੜ੍ਹਾਏ ਗਏ ਸਨ। ਇਹ ਉਨ੍ਹਾਂ ਦੇ ਦਿਵਸਾਂ ਨੂੰ ਮਨਾਣ ਲਈ ਇਕ ਤਰ੍ਹਾਂ ਦਾ ਯਾਦ-ਪਤ੍ਰ ਸੀ। ਇਸ ਨੂੰ ਵੇਖ ਕੇ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਸੰਬੰਧਿਤ ਬੀੜ, ਜਿਸ ਵਿਚ ਇਹ ਲਗਾ ਹੋਇਆ ਹੈ, ਕਿਹੜੇ ਗੁਰੂ ਮਹਾਰਾਜ ਦੇ ਸਮੇਂ ਦੀ ਹੈ, ਯਾ ਉਸ ਦੀ ਮੂਲ ਕਾਪੀ, ਜਿਸ ਤੋਂ ਇਹ ਨਕਲ ਕੀਤੀ ਜਾ ਰਹੀ ਹੈ, ਕਿਹੜੇ ਗੁਰੂ ਸਾਹਿਬ ਦੇ ਸਮੇਂ ਨਾਲ ਸੰਬੰਧ ਰਖਦੀ ਹੈ। ਚਲਿਤ੍ਰਾਂ ਦੀ ਲਿਖਣ-ਸ਼ੈਲੀ ਕੀ ਬੀੜਾਂ ਦੇ ਆਪਸੀ ਸੰਬੰਧ ਨਿਰਧਾਰਿਤ ਕਰਨ ਵਿਚ ਸਹਾਈ ਹੁੰਦੀ ਹੈ ? ਸਾਡਾ ਉੱਤਰ ਹੈ, "ਨਹੀਂ"। ਸ੍ਰੀ ਗੁਰੂ ਹਰਿਗੋਬਿੰਦ ਜੀ ਦੇ "ਪੰਜ ਦਿਨ ਸਾਂਗ ਹੋਆ" ਵਾਲੀ ਲਿਖਤ ਸਭ ਤੋਂ ਪਹਲਾਂ 'ਕਰਤਾਰਪੁਰੀ ਬੀੜ' ਵਿਚ ਲਿਖੀ ਗਈ ਦੱਸੀਦੀ ਹੈ। ਇੱਥੋਂ ਹੀ ਇਹ ਕਾਨਗੜ੍ਹ ਵਾਲੇ ਗ੍ਰੰਥ ਵਿਚ ਪਹੁੰਚੀ ਜਿਸ ਦਾ ਲਿਖਾਰੀ ਇਸ ਦੇ ਸੰਮਤ ੧੭੧੮ ਵਿਚ ਕੀਰਤਿਪੁਰ ਵਿਚ ਲਿਖੇ ਜਾਣ ਦਾ ਦਾਅਵਾ ਕਰਦਾ ਹੈ। ਤਾਂ ਵੀ, ਧਿਆਨ ਦੇਣ ਯੋਗ ਗੱਲ ਇਹ ਹੈ ਕਿ ਕਿਸੇ ਵਿਸ਼ੇਸ਼ ਸ਼ੈਲੀ ਵਿਚ ਲਿਖੀਆਂ ਜੋਤੀ ਜੋਤਿ ਸਮਾਵਣ ਦੀਆਂ ਤਿਥਾਂ ਸੰਬੰਧਿਤ ਬੀੜਾਂ ਨੂੰ ਇਕ ਦੂਜੇ ਦੀ ਨਕਲ ਨਹੀਂ ਬਣਾਦੀਆਂ। ਜਿਵੇਂ ਕਿ ਅਸੀਂ ਹੁਣੇ ਦਸਿਆ ਹੈ, "ਪੰਜ ਦਿਨ ਸਾਂਗ ਹੋਆ" ਵਾਲੀ ਲਿਖਤ 'ਕਾਨਗੜ੍ਹ ਵਾਲੀ ਬੀੜ' ਵਿਚ ਹੈ ਤੇ 'ਭਾਈ ਬੰਨੋ ਵਾਲੀ ਬੀੜ' ਵਿਚ ਵੀ ਹੈ; ਪਰ ਦੋਹਾਂ ਦੀ ਸ਼ਾਖਾ ਨਹੀਂ ਰਲਦੀ। 'ਕਾਨਗੜ੍ਹ ਵਾਲੀ ਬੀੜ' ਸਵੈਯਾਂ ਉਪਰ ਸਮਾਪਤ ਹੁੰਦੀ ਹੈ ਜਦੋਂ ਕਿ ਕਰਤਾਰਪੁਰੀ ਤੇ ਭਾਈ ਬੰਨੋ ਵਾਲੀ, ਦੋਹਾਂ ਬੀੜਾਂ ਵਿਚ ਭੋਗ 'ਵਾਰਾਂ ਤੇ ਵਧੀਕ ਸਲੋਕਾਂ' ਉੱਤੇ ਪੈਂਦਾ ਹੈ।

'ਕਾਨਗੜ੍ਹ ਵਾਲੀ ਬੀੜ' (ਨੰ. ੧੫, ਸੰਮਤੁ ੧੭੧੮) ਦੇ ਜੋਤੀ ਜੋਤਿ ਸਮਾਵਣ ਦੇ ਚਲਿਤ੍ਰਾਂ ਵਿਚ ਬਾਬਾ ਗੁਰਦਿੱਤਾ ਤੇ ਗੁਰੂ ਹਰਿਗੋਬਿੰਦ ਜੀ ਦੇ ਚਲਾਣੇ ਦੀਆਂ ਤਿਥਾਂ ਹੇਠ ਦਿੱਤੇ ਸ਼ਬਦਾਂ ਵਿਚ ਦਿੱਤੀਆਂ ਹੋਈਆਂ ਹਨ :–

> ਮਹਲਾ ੮ ਅਠਵੇ ਜੀ ਕਾ ਨਕਲੁ ਹੈ ਖਾਸ ਕਲਮ ਆਪਣੀ ਹਥੀ ਲਿਖਿਆ ਕਰਤੇ ਪੁਰਖਿ
>
> ਸੰਮਤੁ ੧੬੯੫ ਚੇਤ ਸੁਦੀ ੧੦ ਸ੍ਰੀ ਗੁਰੂ ਬਾਬਾ ਜੀ ਸਮਾਣੇ ਕੀਰਤਿਪੁਰਿ
> ਸੰਮਤੁ ੧੭੦੧ ਚੇਤ ਸੁਦੀ ੫ ਆਦਿਤਵਾਰਿ ਨਉ ਘੜੀਆਂ ਰਾਤਿ ਜਾਂਦੀ ਨੂੰ ਸ੍ਰੀ ਸਤਿਗੁਰੂ ਕਰਣ ਕਾਰਣ ਸਮਰਥੁ ਕਰਤਾ ਪੁਰਖੁ ਨਿਰੰਕਾਰੁ ਨਿਰਵੈਰੁ ਅਕਾਲ ਮੂਰਤਿ ਕਰਤਾਪੁਰਖੁ ਸ੍ਰੀ ਹਰਿਗੋਬਿੰਦ ਜੀ ਸਮਾਣੇ ਕੀਰਤਿਪੁਰ ਕੈ ਹੇਠਿ ਥਾਪਲ ਪਤਾਲਗੜ੍ਹ ਨਾਉ ਥਾ ਕੋਠੇ ਵਿਚਿ ਪੰਜਿ ਦਿਹ ਸਾਂਗੁ ਹੋਆ ਰਾਤਿ ਆਵਦੀ ਸਮਾਣਾ। ਨਦੀ ਉਤੇ ਦਾਗੁ ਦਿਤਾ ਰਾਜੁ ਕਹਲੂਰ ਕੈ ਵਿਚਿ ਅਗੈ ਜੋ ਗੁਰੂ ਭਾਵੈਗਾ ਸੋ ਹੋਵੈਗਾ ਤਾਂ ਕੋਈ ਜੀਵੈਗਾ ਸੋ ਲਖੈਗਾ ਗੁਰੂ ਕੀ ਗਲ ਗੁਰੂ ਜਾਣੈ॥

ਇਹੀ ਸੂਚਨਾ ਜੀ. ਬੀ. ਸਿੰਘ ਦੀ ਪਾਈ ਦਸ ਅਨੁਸਾਰ, ਬੁਰਹਾਨਪੁਰ ਵਿਚ ਹਠੀ ਸਿੰਘ ਦੇ ਅਸਥਾਨ 'ਤੇ ਇਕ ਪ੍ਰਾਚੀਨ ਬੀੜ ਵਿਚ ਵੀ ਦਿੱਤੀ ਹੋਈ ਹੈ ਤੇ ਇਕ ਹੋਰ ਬੀੜ ਵਿਚ ਵੀ ਮੌਜੂਦ ਸੀ, ਜੋ ਸੰਮਤੁ ੧੮੨੬ ਦੀ ਲਿਖੀ ਹੋਈ ਤੇ ਨਥਾ ਸਾਹਿਬ ਦੀ ਸੰਗਤ, ਢਾਕਾ ਸਾਹਿਬ ਵਿਚ ਦੱਸੀਦੀ ਸੀ।[15] ਹਠੀ ਸਿੰਘ ਵਾਲਾ ਗ੍ਰੰਥ ਸ਼ੇਖ ਫ਼ਰੀਦ ਦੇ ਸਲੋਕਾਂ 'ਤੇ ਸਮਾਪਤ ਹੁੰਦਾ ਸੀ ਤੇ ਨੱਥਾ ਸਾਹਿਬ ਦੀ ਸੰਗਤ ਵਾਲਾ ਸਵੈਯਾਂ ਉਪਰ। ਸ਼ਾਖਾਵਾਂ ਦੀ ਸਾਂਝ ਇੱਥੇ ਵੀ ਨਹੀਂ ਹੈ। ਇਸ ਤੋਂ ਇਕ ਵਾਰ ਫਿਰ ਇਹ ਸਪਸ਼ਟ ਹੋ ਜਾਂਦਾ ਹੈ ਕਿ ਬਾਬਾ ਗੁਰਦਿੱਤਾ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮਾਵਣ ਦੀ ਸੂਚਨਾ ਦਾ ਉਪਰਲੇ ਸ਼ਬਦਾਂ ਵਿਚ ਮਿਲਣਾ, ਇਸ ਗੱਲ ਦੀ ਗਰੰਟੀ ਨਹੀਂ ਕਿ ਸੂਚਨਾ ਵਾਲੀਆਂ ਸਾਰੀਆਂ ਬੀੜਾਂ ਦਾ ਮੂਲ ਇਕ ਹੀ ਗ੍ਰੰਥ ਸੀ। ਬੀੜਾਂ ਦੀ ਸਾਂਝ, ਅੰਦਰ ਮਿਲਦੀ ਬਾਣੀ ਨੂੰ ਘੋਖਣ ਤੋਂ ਹੀ ਸਿਧ ਹੋ ਸਕਦੀ ਹੈ। ਇਸ ਤੋਂ ਇਹ ਵੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ 'ਜੋਤੀ ਜੋਤਿ ਸਮਾਵਣ ਕੇ ਚਲਿਤ੍ਰ' ਵਾਲੀ ਲਿਖਤ ਬੀੜ ਤੋਂ ਸੁਤੰਤਰ ਰੂਪ ਵਿਚ ਸੰਗਤਾਂ ਵਿਚ ਚਲਦੀ 'ਤੇ ਨਕਲ ਹੁੰਦੀ ਆਉਂਦੀ ਸੀ।

੧੨. ਲਟਕਦੇ ਅੰਕ

ਕਰਤਾਰਪੁਰੀ ਬੀੜ ਦੀ ਇਕ ਵਿਲੱਖਣਤਾ ਇਸ ਦੇ ਲਟਕਦੇ ਅੰਕ ਹਨ। ਇਹ ਰਾਗੁ ਗਉੜੀ ਤੇ ਰਾਗੁ ਆਸਾ ਵਿਚ ਮਹਲਾ ੫ ਤੇ ਕਬੀਰ ਜੀ ਦੇ ਸ਼ਬਦਾਂ ਦੇ ਸਿਰਲੇਖਾਂ ਨਾਲ ਆਏ ਹਨ। ਇਹ ਅੰਕ ਤਰਨਤਾਰਨੀ ਟੋਲੀ ਦੀ ਦ੍ਰਿਸ਼ਟੀ ਵਿਚ ਵੀ ਪਏ ਸਨ ਤੇ ਉਨ੍ਹਾਂ ਇਨ੍ਹਾਂ ਨੂੰ ਟਿਕ ਮਾਰਕ ਹੋਣ ਦਾ ਪ੍ਰਮਾਣ-ਪਤ੍ਰ ਦਿੱਤਾ ਸੀ।[16] ਸ੍ਵਾਮੀ ਹਰਨਾਮ ਦਾਸ ਨੇ ਲੰਮੀ ਚੌੜੀ ਚਰਚਾ ਪਿੱਛੋਂ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਲਟਕਦੇ ਅੰਕ ਜਿਸ ਸਿਰਲੇਖ ਹੇਠ ਆਏ ਹਨ, ਉਹ ਉਸ ਸਿਰਲੇਖ ਅਧੀਨ ਦਰਜ ਕੀਤੇ ਜਾਣ ਵਾਲੇ ਸ਼ਬਦਾਂ ਦੀ ਗਿਣਤੀ ਦੇ ਸੂਚਕ ਹਨ। ਜਿੱਥੇ ਕਿਤੇ ਸ਼ਬਦਾਂ ਦੀ ਇਹ ਗਿਣਤੀ ਲਟਕਦੇ ਅੰਕ ਅਨੁਸਾਰ ਨਹੀਂ, ਉੱਥੇ ਹੀ ਸ੍ਵਾਮੀ ਜੀ ਸਮਝਦੇ ਹਨ ਕਿ ਕੁਝ ਸ਼ਬਦ ਲਿਖਣੋਂ ਰਹ ਗਏ ਹਨ, ਜਾਂ ਜਾਣ ਬੁੱਝ ਕੇ ਛਡ ਦਿੱਤੇ ਗਏ ਹਨ। ਇੰਞ ਉਹ ਦੋਹਾਂ ਰਾਗਾਂ ਵਿਚ ਭਗਤਾਂ ਦੇ ਛਡੇ ਸ਼ਬਦਾਂ ਦੀ ਗਿਣਤੀ ੬੧ ਦਸਦੇ ਹਨ।[17] ਗੁਰੂ ਸਾਹਿਬਾਨ ਦੇ ਛੱਡੇ ਸ਼ਬਦਾਂ ਦੀ ਗਿਣਤੀ ਵਿਚ ਉਹ ਨਹੀਂ ਪਏ, ਕਿਉਂਜੋ ਉਨ੍ਹਾਂ ਦੀ ਵੱਡੀ ਸਥਾਪਨਾ ਹੀ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਸਾਰੀ ਭਗਤ ਬਾਣੀ ਨਹੀਂ ਚੜ੍ਹਾਈ ਗਈ; ਚੁਭਦੇ ਭਾਵਾਂ ਵਾਲੇ ਸ਼ਬਦ ਤਿਆਗ ਦਿੱਤੇ ਗਏ ਹਨ।

[15]ਦੇਖੋ 'ਪ੍ਰਾਚੀਨ ਬੀੜਾਂ', ਕ੍ਰਮਵਾਰ, ਪੰਨਾ ੩੨੭-੩੩੯ ਅਤੇ ਪੰਨਾ ੨੯੨-੨੯੬.

[16]ਦੇਖੋ ਪਿੱਛੇ ਪੁਸਤਕ, ਪੰਨਾ ੫੫ ਤੇ ੫੬.

[17]'ਪੁਰਾਤਨਿ ਬੀੜਾਂ ਤੇ ਵਿਚਾਰ' ਭਾਗ ਪਹਿਲਾ, ਪੰਨੇ ੪੩-੬੩.

ਪ੍ਰੋਫ਼ੈਸਰ ਸਾਹਿਬ ਸਿੰਘ ਨੇ ਵੀ ਇਨ੍ਹਾਂ ਨੂੰ ਸ਼ਬਦਾਂ ਦੀ ਗਿਣਤੀ ਦਾ ਸੂਚ ਹੈ[18] ਪਰੰਤੂ ੩੭ ਸਿਰਲੇਖਾਂ ਵਿਚੋਂ ਕੇਵਲ ੧੮ ਦੀ ਹਾਲਤ ਵਿਚ ਇਹ ਮਾਨਿਅਤਾ ਬੈਠਦੀ ਹੈ, ਬਾਕੀ ਵਿਚ ਅਸਫਲ ਹੋ ਜਾਂਦੀ ਹੈ। ਸੋ ਗਿਣਤੀ ਦੇ ਸੂਚਕ ਹੋਣ ਛਡਣਾ ਪੈਂਦਾ ਹੈ। ਨਾਲੇ ਭਗਤ ਬਾਣੀ ਦੇ ਅਣਮੇਲ ਸ਼ਬਦ ਛਡੇ ਜਾਣ ਦੀ ਸੰ ਸ੍ਵੀਕਾਰ ਕਰਦਿਆਂ ਕੋਈ ਵਜ੍ਹਾ ਨਜ਼ਰ ਨਹੀਂ ਆਉਂਦੀ ਕਿ ਮਹਲਾ ੫ ਦੇ ਸ਼ਬਦ ਵਿਚ ਤੇ ਆ ਗਏ ਹੋਣ ਤੇ ਪਿੱਛੋਂ ਉਨ੍ਹਾਂ ਨੂੰ ਲਿਖਣ ਤੋਂ ਗੁਰੇਜ਼ ਕੀਤਾ ਗਿ ਮਹਲਾ ੫ ਦੇ ਸ਼ਬਦਾਂ ਨਾਲ ਆਏ ਲਟਕਦੇ ਅੰਕ ਉਪਰਲੇ ਗਵੇੜ ਨੂੰ ਝੁਠਲਾਉਂਦੇ ਹਨ ਕਿ ਉਨ੍ਹਾਂ ਸ਼ਬਦਾਂ ਦੇ ਨ ਚੜ੍ਹਾਣ ਦਾ ਕੋਈ ਕਾਰਣ ਨਹੀਂ ਹੋ ਸਕਦਾ।

ਡਾ. ਮਹਿੰਦਰ ਕੌਰ ਗਿੱਲ ਇਨ੍ਹਾਂ ਨੂੰ ਪੰਜ ਗਾਇਨ ਮਤਾਂ ਨਾਲ ਦ ੧) ਭਾਰਤ ਮਤ, ੨) ਕ੍ਰਿਸ਼ਨ ਮਤ, ੩) ਸ਼ਿਵ ਮਤ, ੪) ਹਨੂਮਾਨ ਮ ੫) ਗੁਰਮਤਿ[19]। ਪਰੰਤੂ ਉਸ ਦੀ ਇਹ ਸਥਾਪਨਾ ਨਿਭਦੀ ਨਹੀਂ, ਕਿਉਂ ਲ ਅੰਕਾਂ ਵਿਚ ਅੰਕ ੬, ੮, ੧੫ ਵੀ ਹੈ, ਇਸ ਹਿਸਾਬ ਛੇਵਾਂ, ਅੱਠਵਾਂ ਤੇ ਪੰਦਰਵ ਕਿਹੜੇ ਹੋਏ?

ਪ੍ਰਿੰਸੀਪਲ ਸਤਿਬੀਰ ਸਿੰਘ ਦਾ ਵਿਚਾਰ ਹੈ ਕਿ ਇਹ ਅੰਕ ਘਰੁ ਦੇ ਸੂਚ ਹ ਜਿੱਥੋਂ ਤਕ ਰਾਗੁ ਗਉੜੀ ਦੇ ਅੰਕਾਂ ਦਾ ਸਵਾਲ ਹੈ, ਇਹ ਵਿਚਾਰ ਨਿਭ ਜਾਂਦਾ ਹੈ ਰਾਗੁ ਆਸਾ, ਕਾਫ਼ੀ ਪੰਨਾ ੩੬੯ ਉੱਤੇ ਜੋ ਸ਼ਬਦ ਆਇਆ ਹੈ (ਆਇਆ ਮ ਹਉਮੈ ਰੋਈਐ) ਉਸ ਨਾਲ ਘਰ ਤਾਂ ਸਪਸ਼ਟ ਭਾਂਤ ੮ ਲਿਖਿਆ ਹੈ ਤੇ ਲਟਕਦਾ ਅੰਕ ੨ ਹੈ। ਇਸ ਲਈ ਇਹ ਮਤ ਵੀ ਨਹੀਂ ਨਿਭਦਾ।

ਇਸ ਸੰਬੰਧੀ ਸਾਡਾ ਮਤ ਇਹ ਹੈ ਕਿ ਲਟਕਦੇ ਅੰਕ ਉਨ੍ਹਾਂ ਸ਼ਬਦ-ਸੰਗ੍ਰਹ ਦੇ ਹਨ ਜਿਨ੍ਹਾਂ ਵਿਚ ਇਕਤ੍ਰਿਤ ਹੋ ਕੇ ਇਹ ਰਾਗੁ ਗਉੜੀ ਤੇ ਰਾਗੁ ਆਸਾ ਦੇ ਸੰਪਾਦਕ ਪਹੁੰਚੇ। ਸੰਪਾਦਕ ਨੇ ਪੜਤਾਲ ਦੀ ਖ਼ਾਤਰ ਇਹ ਅੰਕ ਸਿਰਲੇਖਾਂ ਨਾਲ ਲਿਖ ਤਾਂ ਪਰ ਕਟੇ ਨਹੀਂ। ਫਲਸ੍ਵਰੂਪ ਇਹ ਉੱਥੇ ਓਵੇਂ ਜਿਵੇਂ ਟਿਕੇ ਰਹੇ ਤੇ ਅੱਗੇ ਚਲੇ ਆਏ।

ਸਾਡੇ ਸਰਵੇਖਣ ਵਿਚ ਆਈਆਂ ਪੋਥੀਆਂ ਵਿੱਚੋਂ ਦੋਹਾਂ, 'ਬਾਹੋਵਾਲ ਵ (ਨੰ: ੩) ਤੇ 'ਬੀੜ ਅਜਾਇਬ ਘਰ ਪੰਜਾਬੀ ਯੂਨੀਵਰਸਿਟੀ' (ਨੰ. ੨੯) ਵਿਚ ਇਹ ਹਨ। ਪਹਲੀ ਅੱਡ ਅੱਡ ਬਾਣੀ ਸੰਗ੍ਰਹਾਂ ਤੋਂ ਨਕਲ ਹੋਈ ਪੋਥੀ ਹੈ, ਦੂਜਾ ਗ੍ਰੰਥ ਸ ਸ਼ਮਾਪਤ ਹੁੰਦਾ ਹੈ ਜਦੋਂ ਕਿ 'ਕਰਤਾਰਪੁਰੀ ਬੀੜ' ਸਲੋਕ ਵਾਰਾਂ ਤੇ ਵਧੀਕ ਉਪ ਸ

[18]'ਸ੍ਰੀ ਗੁਰੂ ਗ੍ਰੰਥ ਦਰਪਨ', ਪੋਥੀ ਪਹਲੀ, ਪੰਨਾ ੧੮.

[19]ਦੇਖੋ ਰਾਮਿੰਦਰ ਸਿੰਘ ਤੇ ਨਿਰਵੈਰ ਸਿੰਘ ਅਰਸ਼ੀ, "ਗੁਰੂ ਬਾਣੀ ਦੇ ਸ਼ਬਦ-ਜੋੜਾਂ ਅਤੇ ਅੰਕ ਭੁਲੇਖੇ" 'ਵਰਿਆਮ' (ਮਾਸਿਕ ਪਤ੍ਰ), ਜੂਨ ੧੯੮੯, ਪੰਨਾ ੧੬.

[20]ਉਹੀ।

ਹੁੰਦੀ ਹੈ । ਇਸ ਤੋਂ ਇਹ ਪਤਾ ਲਗਦਾ ਹੈ ਕਿ ਬੀੜ ਨੰਬਰ ੨੯ ਵਿਚ ਆਏ ਲਟਕਦੇ ਅੰਕ 'ਕਰਤਾਰਪੁਰੀ ਬੀੜ' ਤੋਂ ਨਹੀਂ ਆਏ, ਖੇਤ੍ਰ ਵਿਚ ਘੁੰਮ ਰਹੇ ਬਾਣੀ ਸੰਗ੍ਰਹਾਂ ਤੋਂ ਆਏ ਹਨ । ਚੇਤੇ ਰਹੇ ਕਿ ਸਾਡੀ ਖੋਜ ਅਨੁਸਾਰ, ਵੱਖ ਵੱਖ ਰਾਗੁ ਵੱਖ ਵੱਖ ਸਮਿਆਂ ਉੱਤੇ ਅਤੇ ਸੰਭਵਤਾ, ਅੱਡ ਅੱਡ ਲਿਖਾਰੀਆਂ ਹੱਥੋਂ ਸੰਗ੍ਰਹਿਤ ਹੋਏ ਤੇ ਉੱਥੋਂ ਹੀ ਮੁਢਲੀਆਂ ਬੀੜਾਂ ਵਿਚ ਦਰਜ ਹੁੰਦੇ ਰਹੇ। 'ਬਾਹੋਵਾਲ ਵਾਲੀ ਪੋਥੀ' (ਨੰ. ੩) ਤੇ ਬੀੜ ਨੰ. ੨੯ ਵਾਲੇ ਨੇ ਵੀ ਘੁੰਮ ਰਹੇ ਬਾਣੀ-ਸੰਗ੍ਰਹ ਤੋਂ ਹੀ ਲਏ । ਇੰਞ ਹੀ 'ਕਰਤਾਰਪੁਰੀ ਬੀੜ' ਵਾਲੇ ਬਾਰੇ ਕਹਿਆ ਜਾ ਸਕਦਾ ਹੈ ।

੧੩. ਜਪੁ ਗੁਰੂ ਰਾਮਦਾਸ ਜੀ ਕੇ ਦਸਤਖਤਾਂ ਕਾ ਨਕਲ

ਪ੍ਰਾਚੀਨ ਬੀੜਾਂ ਦੀ "ਪੋਥੀ ਲਿਖਿ ਪਹੂੰਚੇ" ਵਾਲੀ ਮੁਖ ਸ਼ਾਖਾ ਦੀ ਇਕ ਵਿਲੱਖਣਤਾ ਇਸ ਵਿਚ ਦਰਜ ਜਪੁ ਦਾ ਸ੍ਰੀ ਗੁਰੂ ਰਾਮਦਾਸ ਜੀ ਦੇ ਦਸਤਖਤਾਂ ਵਾਲੇ ਜਪੁ ਤੋਂ ਨਕਲ ਹੋਣਾ ਲਿਖਿਆ ਹੈ । ਮੂਲ ਬੀੜ ਵਿਚ, ਜੋ ਸੰਮਤੁ ੧੬੬੧ ਵਿਚ ਪੂਰੀ ਹੋਈ ਤੇ ਜੋ 'ਕਰਤਾਰਪੁਰੀ ਬੀੜ' ਆਪ ਹੋਣ ਦਾ ਦਾਅਵਾ ਕਰਦੀ ਹੈ, ਜਪੁ ਸਿੱਧਾ ਗੁਰੂ ਰਾਮਦਾਸ ਜੀ ਦੇ ਦਸਤਖਤਾਂ ਤੋਂ ਨਕਲ ਹੋਇਆ ਲਿਖਿਆ ਹੈ। ਤੇ ਉਸ ਤੋਂ ਅੱਗੇ ਨਕਲ ਹੋਈਆਂ ਬੀੜਾਂ ਵਿਚ ਨਕਲ ਦਰ ਨਕਲ ਦਾ ਪੜਾਉ—ਜਿਹੜਾ ਵੀ ਕੋਈ ਹੈ – ਵਰਣਨ ਹੋਇਆ ਮਿਲਦਾ ਹੈ । ਜਪੁ ਸੰਬੰਧੀ ਇਸ ਟੂਕ ਦਾ ਮਹੱਤਵ ਬੜਾ ਸਪਸ਼ਟ ਹੈ। ਸਿੱਖ ਜਗਤ ਲਈ ਕਿਸੇ ਬਾਣੀ ਦਾ ਗੁਰੁ-ਵਿਅਕਤੀ ਦੀ ਕਲਮ ਤੋਂ ਸਿੱਧਾ ਆਉਣਾ, ਉਸ ਦੀ ਪ੍ਰਮਾਣਿਕਤਾ ਦ੍ਰਿੜ੍ਹ ਕਰਾਣਾ ਹੈ । ਇਸ ਸ਼ਾਖਾ ਦਾ ਸੰਪਾਦਕ, ਜਿਹੜਾ ਵੀ ਉਹ ਕੋਈ ਹੈ, ਠੀਕ ਇਸੇ ਮਤਲਬ ਲਈ ਇਸ ਸੂਚਨਾ ਨੂੰ ਵਰਤ ਰਹਿਆ ਲਗਦਾ ਹੈ, ਪਰ ਇਹ ਟੂਕ ਇਸ ਗੱਲ ਦੀ ਵੀ ਸੰਕੇਤਕ ਹੈ ਕਿ ਗੁਰੂ ਰਾਮਦਾਸ ਜੀ ਦੇ ਦਸਤਖਤਾਂ ਵਾਲੇ ਜਪੁ ਤੋਂ ਵਖਰਾ ਕਿਸੇ ਹੋਰ ਪਾਠ ਵਾਲਾ ਜਪੁ ਵੀ ਉਸ ਵਕਤ ਸਿੱਖ ਜਗਤ ਵਿਚ ਪ੍ਰਾਪਤ ਸੀ । ਇਸ ਦੀ ਟੋਹ ਅਸੀਂ 'ਬਾਹੋਵਾਲ ਵਾਲੀ ਪੋਥੀ' (ਨੰ. ੩) ਅਤੇ 'ਵਿਲੱਖਣ ਤੇ ਪ੍ਰਾਚੀਨ ਬੀੜ' (ਨੰ. ੫) ਵਿਚ ਲਾ ਆਏ ਹਾਂ । ਇਨ੍ਹਾਂ ਦੋਹਾਂ ਦੇ ਜਪੁ-ਪਾਠ ਆਪਸ ਵਿਚ ਇੱਨੇ ਰਲਦੇ ਹਨ ਕਿ ਦੋਹਾਂ ਨੂੰ ਕਿਸੇ ਇਕ ਸ੍ਰੋਤ ਤੋਂ ਆਇਆ ਮੰਨਣਾ ਪੈਂਦਾ ਹੈ, ਪਰੰਤੂ ਗੁਰੂ ਰਾਮਦਾਸ ਦੇ ਦਸਤਖਤਾਂ ਵਾਲੇ ਜਪੁ ਨਾਲੋਂ ਇਹ ਚੋਖੇ ਭਿੰਨ ਹਨ । "ਪੋਥੀ ਲਿਖਿ ਪਹੂੰਚੇ" ਵਾਲੀ ਸ਼ਾਖਾ ਤੋਂ ਭਿੰਨ ਸਾਡੀਆਂ ਨਿਰਧਾਰਿਤ ਕੀਤੀਆਂ ਪ੍ਰਾਚੀਨ ਬੀੜਾਂ ਦੀਆਂ ਹੋਰਨਾਂ ਸ਼ਾਖਾਂ ਵਿਚ ਜਪੁ ਦੇ ਜੋ ਪਾਠ ਆਏ ਹਨ, ਉਹ ਆਮ ਤੌਰ 'ਤੇ ਗੁਰੂ ਰਾਮਦਾਸ ਦੇ ਦਸਤਖਤਾਂ ਵਾਲੇ ਜਪੁ ਦਾ ਹੀ ਅਨੁਸਰਨ ਕਰਦੇ ਹਨ, ਭਾਵੇਂ ਉਹ ਇਸ ਦੇ ਉਸ ਸ੍ਰੋਤ ਤੋਂ ਆਏ ਹੋਣ ਦੀ ਗੱਲ ਨਹੀਂ ਕਰਦੇ । ਸਿੱਟਾ ਇਹ ਕਿ ਪਾਠ-ਭੇਦਾਂ ਦੇ ਪੱਖ ਤੋਂ ਸਾਡੇ ਪਾਸ ਦੋ ਹੀ ਪਾਠ ਹਨ; ਇਕ 'ਬਾਹੋਵਾਲ ਵਾਲੀ ਪੋਥੀ' (ਨੰ. ੩) ਤਥਾ 'ਵਿਲੱਖਣ ਤੇ ਪ੍ਰਾਚੀਨ ਬੀੜ' (ਨੰ. ੫) ਦਾ ਅਤੇ ਦੂਜਾ ਗੁਰੂ ਰਾਮਦਾਸ ਦੇ ਦਸਤਖਤਾਂ ਵਾਲਾ। ਇਨ੍ਹਾਂ ਦੋਹਾਂ ਪੋਥੀਆਂ ਵਿਚਲੇ ਜਪੁ ਦੇ ਪਾਠ-ਭੇਦਾਂ ਦਾ ਉੱਲੇਖ ਅਸੀਂ ਸਵਿਸਤਾਰ ਪਿੱਛੇ ਪੰਨਾ ੧੩੮ ਤੇ ੧੩੯ ਉਪਰ ਕਰ ਆਏ ਹਾਂ । ਇਥੇ ਸਾਡਾ ਮਨੋਰਥ ਇਹ ਦਸਣ ਦਾ ਹੈ ਕਿ ਇਨ੍ਹਾਂ ਵਿਚ

ਆਏ ਕਈ ਸ਼ਬਦਾਂ ਦੇ ਰੂਪ, ਲਿਖਣ-ਸ਼ੈਲੀ ਦੇ ਪੱਖ ਤੋਂ, ਪਹਲੀਆਂ ਵਰਣਿਤ ਦੋਹਾਂ ਪੋਥੀਆਂ ਦੇ ਗੁਰੂ ਰਾਮਦਾਸ ਦੇ ਦਸਤਖਤਾਂ ਵਾਲੇ ਜਪੁ ਤੋਂ ਪੁਰਾਣੇ ਹਨ। ਉਦਾਹਰਣ ਵਜੋਂ :-

ਬਾਹੋਵਾਲ ਵਾਲੀ ਪੋਥੀ ਤਥਾ ਵਿਲੱਖਣ ਤੇ ਪ੍ਰਾਚੀਨ ਬੀੜ ਵਿਚ	ਜਪੁ ਗੁਰੂ ਰਾਮਦਾਸ ਜੀ ਦੇ ਦਸਤਖਤ ਵਾਲੀਆਂ ਬੀੜਾਂ ਵਿਚ
ਮੁਹਹੁ	ਮੁਹੌ
ਧਉਲ	ਧੌਲ
ਕਉਣ	ਕੌਣ
ਜੀਭਹੁ	ਜੀਭੌ
ਪਉਣ	ਪਵਣ

ਇਸ ਤੋਂ ਸਿੱਧ ਹੁੰਦਾ ਹੈ ਕਿ ਪਹਲੇ ਕਾਲਮ ਵਾਲੇ ਸ਼ਬਦਾਂ ਦੇ ਰੂਪ ਮੁਢਲੇ ਹਨ । ਮੁਢਲਿਆਂ ਜਪੁ-ਪਾਠਾਂ ਵਿਚ ਇਕ ਪਾਠ ਮਿਹਰਬਾਨ ਦੇ ਨਾਂ 'ਤੇ ਚਲਦੇ "ਜਪੁ ਪਰਮਾਰਥ" ਵਿਚ ਵੀ ਉਪਲਬਧ ਹੈ । ਉਸ ਨਾਲ ਤੁਲਨਾ ਕੀਤਿਆਂ 'ਬਾਹੋਵਾਲ ਵਾਲੀ ਪੋਥੀ' (ਨੰ. ੩) ਤੇ 'ਵਿਲੱਖਣ ਤੇ ਪ੍ਰਾਚੀਨ ਬੀੜ' (ਨੰ. ੫) ਵਾਲੇ ਪਾਠ ਉਸ ਨਾਲ ਬਹੁਤ ਜ਼ਿਆਦਾ ਰਲਦੇ ਦਿਸਦੇ ਹਨ । ਇਸ ਲਈ ਇਸ ਵਰਗ ਦੇ ਜਪੁ-ਪਾਠ ਨੂੰ ਅਸੀਂ ਮਿਹਰਬਾਨ ਵਾਲੇ ਜਪੁ-ਪਾਠ ਦਾ ਰੂਪ ਹੀ ਕਹਿ ਸਕਦੇ ਹਾਂ ।

ਜਦੋਂ ਆਦਿ ਬੀੜ ਦਾ ਸੰਕਲਣ ਸੰਮਤੁ ੧੬੬੧ ਵਿਚ ਹੋਇਆ, ਤਾਂ ਕਨੌੜੇ ਦਾ ਚਿੰਨ੍ਹ ਗੁਰਮੁਖੀ ਲਿਪੀ ਵਿਚ ਹਾਲੀ ਪ੍ਰਚਲਿਤ ਨਹੀਂ ਸੀ । 'ਬਾਬਾ ਮੋਹਨ ਵਾਲੀਆਂ ਪੋਥੀਆਂ' ਵਿਚ ਇਸ ਦੀ ਵਰਤੋਂ ਨਾ ਹੋਣ ਬਰਾਬਰ ਹੈ; ਜਿੱਥੇ ਕਿਤੇ ਇਹ ਹੋਈ ਮਿਲਦੀ ਹੈ, ਬਾਅਦ ਦੇ ਲਿਖਾਰੀਆਂ ਦੀ ਕਾਨੀ (ਕਲਮ) ਦੀ ਉਪਜ ਹੈ । ਗੁਰੂ ਰਾਮਦਾਸ ਜੀ ਦੇ ਦਸਤਖਤਾਂ ਵਾਲੇ ਜਪੁ ਦੇ ਪਾਠ ਵਿਚ 'ਅਉ' ਦੀ ਥਾਂ ਕਨੌੜੇ ਦਾ ਮਿਲਣਾ (ਧੌਲ, ਤੇ ਕੌਣ) ਇਹ ਗੱਲ ਸੋਚਣ ਤੇ ਮਜਬੂਰ ਕਰਦਾ ਹੈ ਕਿ ਜਾਂ ਤਾਂ ਮੁਢਲੀ ਬੀੜ ਵਿਚ ਇਹ ਪਦ ਕਨੌੜੇ ਨਾਲ ਲਿਖੇ ਹੋਏ ਨਹੀਂ ਸਨ; ਜਾਂ ਫਿਰ ਗੁਰੂ ਰਾਮਦਾਸ ਦੇ ਦਸਤਖਤਾਂ ਵਾਲੇ ਜਪੁ ਦਾ ਆਵਿਸ਼ਕਾਰ ਬਾਅਦ ਵਿਚ ਹੋਇਆ । ਕਨੌੜੇ ਦਾ ਪ੍ਰਫੁਲਿਤ ਹੋਣਾ ਸ੍ਰੀ ਗੁਰੂ ਹਰਿਗੋਬਿੰਦ ਦੇ ਕਾਲ ਵਿਚ ਕਿਸੇ ਸਮੇਂ ਕਲਪਿਤ ਕੀਤਾ ਜਾ ਸਕਦਾ ਹੈ । ਓਦੋਂ ਅਨੁਸ੍ਵਾਰ ਦੇ ਪ੍ਰਗਟਾਉ ਲਈ ਟਿੱਪੀ ਰਲਾ ਕੇ ਹੋੜਾ ਲਿਖਣ ਦੀ ਪਰਿਪਾਟੀ, (ਜਿਵੇਂ ਮੁਹੌਂ, ਜੀਭੌਂ ਆਦਿ) ਚਲ ਪਈ ਸੀ। ਇਸੇ ਨੇ ਬਾਅਦ ਵਿਚ ਕਨੌੜੇ ਦਾ ਰੂਪ ਧਾਰ ਲਇਆ ਤੇ "ਧਉਲ" ਦੀ ਥਾਂ "ਧੌਲ", "ਕਉਣ" ਦੀ ਥਾਂ "ਕੌਣ" ਲਿਖਿਆ ਜਾਣ ਲਗਿਆ । ਇਸ ਪਖ ਤੋਂ ਦੇਖਦਿਆਂ 'ਕਰਤਾਰਪੁਰੀ ਬੀੜ', ਜਿਸ ਵਿਚ "ਧੌਲ", "ਕੌਣ" ਆਦਿ ਰੂਪ ਆਏ ਹਨ, ਛੱਟਮ ਪਾਤਸ਼ਾਹ ਦੇ ਸਮੇਂ ਦੀ ਕ੍ਰਿਤ ਸਿਧ ਹੁੰਦੀ ਹੈ । ਛੇਵੀਂ ਪਾਤਸਾਹੀ ਦੇ ਨੀਸਾਣੁ ਦਾ ਉਸ ਵਿਚ ਹੋਣਾ ਇਸ ਕਾਲ ਦੀ ਪੁਸ਼ਟੀ

ਵੀ ਕਰਦਾ ਹੈ। ਛੇਵੀਂ ਪਾਤਸ਼ਾਹੀ ਦੇ ਨੀਸਾਣ ਦਾ ਉਸ ਵਿਚ ਹੋਣਾ ਬੀੜ ਦੇ ੧੬੬੧ ਵਿਚ ਲਿਖੇ ਜਾਣ ਦੀ ਜ਼ਾਮਿਨੀ ਕਦਾਚਿਤ ਨਹੀਂ ਭਰਦਾ ਦਿਸਦਾ।

ਜਪੁ ਨੀਸਾਣੁ : ਕਈ ਬੀੜਾਂ ਦੇ ਸੂਚੀ-ਪਤ੍ਰ ਤਤਕਰਿਆਂ ਵਿਚ "ਜਪੁ" ਦੀ ਪ੍ਰਤੀਕ "ਜਪੁ ਨੀਸਾਣੁ" ਜਾਂ ਨਿਪਟ "ਜਪੁ" ਮਿਲਦੀ ਹੈ। "ਜਪੁ" ਤਾਂ ਸਿੱਧਾ ਬਾਣੀ ਦਾ ਨਾਂ ਹੈ, ਪਰ "ਜਪੁ ਨੀਸਾਣੁ" ਕੀ ਹੈ ? ਇਸ ਦੀਆਂ ਦੋ ਵਿਆਖਿਆਵਾਂ ਹੋ ਸਕਦੀਆਂ ਹਨ: ਪਹਲੀ ਇਹ ਕਿ ਬੀੜ ਦਾ ਉਤਾਰਾ ਕਰਨ ਵਾਲੇ ਨੇ ਬਾਣੀ ਉਸ ਗ੍ਰੰਥ ਤੋਂ ਨਕਲ ਕੀਤੀ ਜਿਸ ਵਿਚ ਗੁਰੂ ਜੀ ਦੇ ਨੀਸਾਣੁ ਦਾ ਉੱਲੇਖ ਸੀ। ਨਕਲ ਕਰਨ ਵਾਲੇ ਨੇ ਇਹ ਜ਼ਾਹਰ ਕਰਨ ਲਈ ਕਿ ਇਹ "ਜਪੁ" ਕਿਸੇ ਨੀਸਾਣੁ ਵਾਲੇ ਗ੍ਰੰਥ ਤੋਂ ਆਇਆ ਹੈ, "ਜਪੁ" ਦੇ ਨਾਲ "ਨੀਸਾਣੁ" ਵੀ ਲਿਖ ਦਿੱਤਾ। ਦੂਸਰੀ ਵਿਆਖਿਆ, ਜੋ ਵਧੇਰੇ ਢੁਕਵੀਂ ਨਜ਼ਰ ਆਉਂਦੀ ਹੈ, ਉਹ ਇਸ ਬਾਣੀ ਦੇ ਮਹੱਤਵ ਵੱਲ ਸੰਕੇਤ ਕਰਦੀ ਹੈ ਜੋ ਗੁਰੂ ਘਰ ਵਿਚ ਇਸ ਨੂੰ ਪ੍ਰਾਪਤ ਹੈ। ਸੋਢੀ ਮਿਹਰਬਾਨ ਦੇ ਨਾਂ ਤੇ ਮਿਲਦੀ 'ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' ਦੀ "ਹਰਿ ਜੀ ਵਾਲੀ ਪੋਥੀ" ਵਿਚ ਜਪੁ ਮਹਾਤਮ ਵਾਲੀ ਗੋਸਟਿ ਵਿਚ ਆਇਆ ਹੈ ਕਿ ਜਦੋਂ "ਜਪੁ" ਰਚਿਆ ਗਇਆ ਤਾਂ ਗੁਰੂ ਬਾਬੇ ਨੇ ਗੁਰੂ ਅੰਗਦ ਨੂੰ ਉਸ ਦਾ ਮਹਾਤਮ ਦਸਦਿਆਂ ਫੁਰਮਾਇਆ, "[ਪੁਰਖਾ ਅੰਗਦਾ] ਮੈ ਥੀ ਪਿਛਲਾ ਜਿ ਕੋਈ ਇਹੁ ਜਪੁ ਪੜੈ ਸੁ ਮੈਨੂੰ ਸਮਾਏ ਹੋਏ ਨੂੰ ਆਇ ਮਿਲੇ। . . . ਪਰ ਪੁਰਖਾ, ਬਿਨਾ ਜਪੁ ਜਪੇ ਤੇ, ਮੈ ਪਾਸਿ ਆਵਨਾ ਨ ਮਿਲਸੀਓ। ਦਰਗਹ ਪਰਮੇਸੁਰ ਕੀ ਮਹਿ ਜਿਸੁ ਪਾਸਿ ਮੇਰਾ ਜਪੁ ਨੀਸਾਣ ਹੋਵੈਗਾ ਸੁ ਮੈ ਪਾਸਿ ਆਵੈਗਾ . . . ਮੁਕਤ ਹੋਇਗਾ"।[21] ਇਥੋਂ ਹੀ "ਜਪੁ ਨੀਸਾਣੁ" ਦਾ ਬੋਲਾ ਚਲਿਆ ਲਗਦਾ ਹੈ।

੧੪. ਭਾਈ ਬੰਨੋ ਵਾਲੀ ਬੀੜ

ਇਸ ਬੀੜ ਦੀ ਪਛਾਣ, ਹੋਰਨਾਂ ਗੱਲਾਂ ਦੇ ਨਾਲ, ਜਪੁ ਸਾਹਿਬ ਦੇ ਗੁਰੂ ਰਾਮਦਾਸ ਜੀ ਦੇ ਦਸਤਖਤਾਂ ਵਾਲੇ ਜਪੁ ਤੋਂ ਦੂਜੇ ਥਾਂ ਨਕਲ ਹੋਣਾ ਮਿਥੀ ਗਈ ਹੈ, ਸਾਡੇ ਸਰਵੇਖਣ ਵਿਚ ਇਹ ਬੀੜ ਨੰ. ੧੧ (ਕਾਨਪੁਰ ਸਥਿਤ ਭਾਈ ਬੰਨੋ ਵਾਲੀ) ਤੇ ਬੀੜ ਨੰ. ੩੬ (ਬੀੜ ਅਲਮ ਮੰਦਿਰ ਵਾਲੀ ਪਹਲੀ) ਜਿਹੜੀ ਭਾਈ ਬੰਨੋ ਦੀ ਬੀੜ ਵਾਂਙ ਜਪੁ ਦੇ ਦੂਜੇ ਥਾਂ ਨਕਲ ਹੋਣ ਦਾ ਦਮ ਭਰਦੀ ਹੈ, ਰਾਹੀਂ ਪ੍ਰਤਿਪਾਦਿਤ ਹੈ। ਦੋਹਾਂ ਦਾ ਵਸਤੂ (contents) ਕੁਝ ਵਿਸ਼ੇਸ਼ ਤੇ ਫਾਲਤੂ ਬਾਣੀਆਂ ਦੀ ਸ਼ਮੂਲੀਅਤ ਦੇ ਪੱਖ ਤੋਂ ਰਲਦਾ ਹੈ। ਪਿਛਲੀ, ਕਲਮ ਮੰਦਿਰ ਵਾਲੀ ਪਹਲੀ ਬੀੜ ਵਿਚ ਜੋ ੧੭੮੭ ਬਿਕ੍ਰਮੀ ਵਿਚ ਨਕਲ ਹੋਈ, ਨੀਸਾਣੁ ਨਹੀਂ ਹਨ; ਨਾ ਹੀ ਇਨ੍ਹਾਂ ਦਾ ਉੱਲੇਖ ਤਤਕਰੇ ਵਿਚ ਹੈ। ਇਹ ਸਥਿਤੀ ਯਥਾਰਥ ਦੇ ਅਨੁਕੂਲ ਹੈ। ਪਿੱਛੇ ਅਸੀਂ ਇਸ ਗ੍ਰੰਥ ਦੇ ਗੁਰੂ ਹਰਿਗੋਬਿੰਦ ਜੀ ਦੇ ਸਮੇਂ (੧੬੯੯ ਬਿ.) ਲਿਖੇ ਜਾਣ ਤੇ

[21]ਦੇਖੋ ਮਿਹਰਬਾਨ ਵਾਲੀ 'ਜਨਮਸਾਖੀ ਗੁਰੂ ਨਾਨਕ ਦੇਵ ਜੀ', ਸੈਂਚੀ ਦੂਜੀ, ਪੰਨਾ ੨੫੯.

ਇਸ ਵਿਚ ਛੇਵੇਂ ਗੁਰੂ ਸਾਹਿਬ ਦੇ ਨਾਂ 'ਤੇ ਲੱਗੇ ਨੌਵੇਂ ਗੁਰੂ ਸਾਹਿਬ ਦੀ ਗੁੰਝਲ ਖੋਲ੍ਹ ਆਏ ਹਾਂ। ਪਰੰਤੂ ਇਸ ਲਿਖਣ-ਕਾਲ ਦਾ ਨਿਰਣਾ ਇਕ ਹੋਰ ਸਮਾਧਾਨ ਵੀ ਮੰਗਦਾ ਹੈ। ਜੀ. ਬੀ. ਸਿੰਘ ਦਾ ਮਤ ਹੈ ਕਿ ਵਾਲੀ ਬੀੜ ਵਿਚ ਆਇਆ 'ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ' ਵਾ ਬੀੜ ਦੇ ਕਾਲ ਨੂੰ ਸੰਮਤ ੧੭੩੦ ਅਥਵਾ ੧੬੭੩ ਈਸਵੀ ਤੇ ਖਿਚ ਖੜਦਾ ਹੈ ਇਸ ਵਿਚ ਵਰਣਿਤ ਨਾਯਕ ਰਾਜੇ ਐਇਰਾਪਤਿ (ਆਇਰਪਤਿ) ਦਾ ਰਾ ਵਿਚ ਘਟਿਆ ਸੀ। ਜਿਵੇਂ ਕਿ ਅਸੀਂ ਪਹਲਾਂ ਲਿਖ ਆਏ ਹਾਂ, ਸਰਦਾਰ ... ਨੇ ਇਸ ਅਸੰਗਤੀ ਦਾ ਸਮਾਧਾਨ ਇਹ ਗਵੇੜ ਲਾ ਕੇ ਕੀਤਾ ਹੈ ਕਿ ਬੀੜ ਦ ਹਿੱਸਾ, ਖਸਤਾ ਹੋ ਜਾਣ ਕਾਰਣ, ਨਵੇਂ ਸਿਰਿਓਂ, ਮੂਲ ਲਿਖਤ ਵਿਚ ਬਹੁਤ ਪਾਇਆ ਗਇਆ। ਪਰ ਇਹ ਗੱਲ ਠੀਕ ਨਹੀਂ। ਬੀੜ ਇਕ ਹੱਥ ਦੀ ਲਿਖੀ ਤੇ ਹਕੀਕਤ ਰਾਹ ਮੁਕਾਮ ਵਾਲਾ ਹਿੱਸਾ ਉਸ ਦਾ ਅਸਲੀ ਤੇ ਮੂਲ ਅੰਗ ਹੈ ਸਾਨੂੰ 'ਹਕੀਕਤ ਰਾਹ ਮੁਕਾਮ' ਦੇ ਰਚਨਾ-ਕਾਲ ਦੇ ਪ੍ਰਸ਼ਨ ਵੱਲ ਲੈ ਜਾਂਦਾ ਹੈ।

'ਹਕੀਕਤ ਰਾਹ ਮੁਕਾਮ' ਦਾ ਰਚਨਾ-ਕਾਲ : ਸਰਦਾਰ ਜੀ.ਬੀ. ਸਿੰਘ ਦੇ ਰਾਹ ਮੁਕਾਮ' ਦੇ ੧੭੩੦ ਦੀ ਰਚਨਾ ਹੋਣ ਦੇ ਨਿਰਣੇ ਨਾਲ ਸਾਡੀ ਸਹਮਤੀ ਦੇ ਨਾਯਕ-ਸ਼ਾਸ਼ਕਾਂ ਬਾਰੇ ਕੀਤੀ ਸਾਡੀ ਪੁਛ-ਗਿਛ ਇਹ ਦਸਦੀ ਹੈ ਕਿ ਤੰ ਨਾਯਕ-ਰਾਜ ੧੫੩੨ ਈ. ਵਿਚ ਸਥਾਪਤ ਹੋਇਆ ਤੇ ੧੬੭੪ ਈ. ਤਕ ਦੇ ਨਾਯਕ ਰਾਜੇ ਹੇਠ ਲਿਖੇ ਅਨੁਸਾਰ ਹੋਏ[22] :

ਪਹਿਲਾ, ਸੇਵੱਪਾ ਨਾਯਕ	੧੫੩੨-੧੫੮੦ ਈ
ਦੂਜਾ, ਅਚ੍ਯਤੱਪਾ ਨਾਯਕ	੧੫੮੦-੧੬੧ ਈ
ਤੀਜਾ, ਰਘੁਨਾਥ ਨਾਯਕ	੧੬੧੪-੧੬੩੪ ਈ
ਚੌਥਾ, ਵਿਜਯ ਰਾਘਵ ਨਾਯਕ	੧੬੩੪-੧੬੭੫ ਈ
ਪੰਜਵਾਂ, ਚੇਂਗਾਮਲਦਰ ਨਾਯਕ	੧੬੭੪ ਦੇ ਕ੍ਰ

ਜੀ.ਬੀ. ਸਿੰਘ ਨੇ 'ਪ੍ਰਾਚੀਨ ਬੀੜਾਂ' ਵਿਚ 'ਹਕੀਕਤ ਰਾਹ ਮੁਕਾਮ' ਵਿ ਰਾਜੇ ਦਾ ਨਾਂ "ਐਇਰਾਪਤਿ ਨਾਇਕ" ਲਿਖਿਆ ਹੈ,[23] ਪਰ ਉਪਰਲਿਆਂ ਇਸ ਨਾਂ ਨਾਲ ਜਾਣਿਆ ਨਹੀਂ ਜਾਂਦਾ। ਜੀ.ਬੀ. ਸਿੰਘ ਨੇ ਇਸ ਆਖਰੀ ਐਇਰਾਪਤਿ (ਆਇਰਾਪਤਿ) ਕਿਵੇਂ ਮਿਥ ਲਇਆ ? – ਇਸ ਗੱਲ ਦੀ ਸ ਨਹੀਂ ਆਈ। ਘੱਟੋ ਘੱਟ ਦੱਖਣ ਦੇ ਇਤਿਹਾਸ-ਵੇਤਿਆਂ ਨੂੰ ਇਸ ਨਾਂ ਦੇ ਹੋਣ ਦਾ ਪਤਾ ਨਹੀਂ। ਇਸ ਪਰਥਾਇ ਜੀ.ਬੀ. ਸਿੰਘ ਆਪਣੀ ਪੁਸ

[22] ਦੇਖੋ Vriddhagiri-San, *The Nayaks of Tanjore*, Put A University, 1942.

[23]'ਪ੍ਰਾਚੀਨ ਬੀੜਾਂ' ਪੰਨਾ ੩੭੨.

ਲਿਖਦਾ ਹੈ :

> ਤੰਜੌਰ ਵਿਚ ਨਾਯਿਕਾਂ ਦਾ ਰਾਜ ੧੫੩੨ [ਸੰਮਤੁ ੧੫੮੯] ਵਿਚ ਕਾਇਮ ਹੋਇਆ ਹੈ। ਉਹ ਨਾਯਿਕ ਜਿਸ ਵਲ 'ਹਕੀਕਤ ਰਾਹ ਮੁਕਾਮ' ਵਿਚ ਇਸ਼ਾਰਾ ਹੈ ਤੰਜੌਰ ਦਾ ਛੇਕੜਲਾ ਨਾਯਿਕ ਸੀ ਜਿਸ ਨੂੰ ਬੀਜਾਪੁਰ ਦੇ ਜਰਨੈਲ ਏਕੋਜੀ ਭੋਂਸਲੇ (ਸ਼ਿਵਾ ਜੀ ਦਾ ਛੋਟਾ ਭਰਾ) ਨੇ ਮਦਦ ਦੇ ਕੇ ਗੱਦੀ ਤੇ ਬਿਠਾਇਆ ਸੀ। ਏਕੋਜੀ ਦੇ ਭਾਗਾਂ ਨੂੰ ਸੁਲਤਾਨ ਬੀਜਾਪੁਰ ਇਹਨੀ ਦਿਨੀ ਹੀ ਮਰ ਗਇਆ; ਅਤੇ ਕੁਝ ਸਾਜ਼ ਬਾਜ਼ ਹੋ ਕੇ ਏਕੋ ਜੀ ਨੇ ਨਾਯਿਕ ਨੂੰ ਕੱਢ ਕੇ ਤੰਜੌਰ ਦਾ ਰਾਜ ਆਪ ਸੰਭਾਲ ਲਿਆ। . . . ਇਹ ਵਾਕਿਆ ਸੰਨ ੧੬੭੩ ਦਾ ਹੈ।[24]

"ਐਇਰਾਪਤਿ" ਆਇਰਜਾਤੀ ਦੇ ਲੋਕਾਂ ਦੇ ਕਿਸੇ ਸਰਦਾਰ ਦਾ ਨਾਂ ਤਾਂ ਹੋ ਸਕਦਾ ਹੈ, ਤੰਜੌਰ ਦੇ ਰਾਜੇ ਦਾ ਨਹੀਂ। ਇਸ ਲਈ ਐਇਰਾਪਤਿ ਨੂੰ ਅੰਤਲੇ ਰਾਜੇ ਨਾਲ ਇਕਮਿਕ ਮੰਨ ਕੇ "ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ" ਦਾ ਸਮਾਂ ੧੬੭੩ ਜਾਂ ੧੬੭੪ ਈਸਵੀ ਮਿਥਣਾ ਭੁੱਲ ਹੋਵੇਗੀ। ਸਰਦਾਰ ਜੀ.ਬੀ. ਸਿੰਘ ਉਕਾਇ ਖਾ ਗਏ ਲਗਦੇ ਹਨ। ਉਨ੍ਹਾਂ ਦੀ ਸੂਚਨਾ ਨਿਰਮੂਲ ਸਿਧ ਹੋ ਰਹੀ ਹੈ। ਇਸ ਲਈ ਸਾਨੂੰ ਇਸ ਬੀੜ ਦਾ ਲਿਖਣ-ਕਾਲ ੧੬੯੯ ਮੰਨ ਲੈਣ ਵਿਚ ਕੋਈ ਆਪੱਤੀ ਨਹੀਂ। ਪ੍ਰਾਪਤ ਪ੍ਰਾਚੀਨ ਬੀੜਾਂ ਵਿਚੋਂ ਇਹ ਇਸ ਹਿਸਾਬ ਸਭ ਤੋਂ ਪੁਰਾਣੀ ਬੀੜ ਹੈ।

੧੫. ਕੁਝ ਬੀੜਾਂ ਦਾ ਸ਼ਾਖਾਗਤ ਅਧਿਐਨ

ਭਾਈ ਬੰਨੋ ਵਾਲੀ ਉਪਸ਼ਾਖਾ ਦੀਆਂ ਨਕਲ-ਦਰ ਨਕਲਾਂ ਬਹੁਤ ਹੁੰਦੀਆਂ ਆਈਆਂ ਹਨ। ਪ੍ਰਾਚੀਨ ਬੀੜਾਂ ਵਿਚ ਵੱਡਾ ਹਿੱਸਾ ਇਨ੍ਹਾਂ ਦਾ ਹੀ ਹੈ। ਸਾਡੇ ਆਪਣੇ ਸੰਖੇਪ ਜੇਹੇ ਸਰਵੇਖਣ ਵਿਚ ਅੱਧ ਤੋਂ ਵੱਧ ਬੀੜਾਂ ਇਹੀ ਹਨ। ਇਨ੍ਹਾਂ ਵਿਚ ਦੂਜੇ ਥਾਂ ਤੋਂ ਲੈ ਕੇ ਪੰਜਵੇਂ ਥਾਂ ਤਕ ਹੋਈਆਂ ਨਕਲਾਂ ਸੰਮਿਲਿਤ ਹਨ। ਗਿਆਰਵੀਂ ਥਾਂ 'ਤੇ ਹੋਈ ਨਕਲ ਤਕ ਦੀਆਂ ਬੀੜਾਂ ਵੀ ਬਾਹਰ ਖਿੰਡੀਆਂ ਪੁੰਡੀਆਂ ਮਿਲ ਜਾਂਦੀਆਂ ਹਨ। ਨਕਲ ਦਰ ਨਕਲ ਤੋਂ ਇਹ ਵਿਸ਼ਵਾਸ ਪੈਦਾ ਹੁੰਦਾ ਹੈ ਕਿ ਇਨ੍ਹਾਂ ਬੀੜਾਂ ਦੀਆਂ ਕਾਪੀਆਂ ਇਕ ਦੂਜੇ ਨਾਲ ਇੰਨ ਬਿੰਨ ਰਲਦੀਆਂ ਹੋਣਗੀਆਂ, ਪਰ ਅਜੇਹਾ ਨਹੀਂ ਹੈ। ਇਨ੍ਹਾਂ ਵਿਚ ਸਾਂਝ ਹੈ ਤੇ ਭੇਦ ਵੀ ਹਨ। 'ਭਾਈ ਬੰਨੋ ਵਾਲੀ ਬੀੜ' ਦੇ, ਜਿਹੜੀ ਦੂਜੇ ਥਾਂ ਨਕਲ ਹੋਣ ਦਾ ਦਾਅਵਾ ਕਰਦੀ ਹੈ, ਰਾਗੁ ਦੇਵ ਗਧਾਰੀ, ਨਟ ਨਾਰਾਇਣ ਤੇ ਕਲਿਆਨ ਦੇ ਚਉਪਦਿਆਂ ਦੇ ਜੋੜਾਂ ਵਿਚ ਕੁਛ ਥਾਵਾਂ ਤੇ "ਛਕਾ" ਪਦ ਆਇਆ ਹੈ। 'ਪੰਜਾਬ ਪੁਰਾਤਤ੍ਵ ਵਿਭਾਗ ਦੀ ਬੀੜ' (ਨੰ ੧੭) ਦੇ ਰਾਗੁ ਦੇਵ ਗੰਧਾਰੀ ਅਤੇ ਰਾਗੁ ਕਲਿਆਨ ਵਿਚ ਵੀ "ਛਕਾ" ਪਦ ਦੋ ਤਿੰਨ ਥਾਵਾਂ 'ਤੇ ਦਰਜ ਹੈ। ਇਹ ਪੈਰ-ਚਿੰਨ੍ਹ ਇਨ੍ਹਾਂ ਨੂੰ 'ਭਾਈ ਬੰਨੋ ਵਾਲੀ' ਤੇ 'ਕਰਤਾਰਪੁਰੀ ਬੀੜ'

[24]ਉਹੀ, ਪੰਨਾ ੧੪੦; ਹੋਰ ਦੇਖੋ ਪੰਨਾ ੩੪੯.

ਵਾਲੇ ਸਾਂਝੇ ਸ੍ਰੋਤ ਨਾਲ ਜਾ ਜੋੜਦਾ ਹੈ। 'ਪੰਜਾਬ ਪੁਰਾਤਤ੍ਵ ਵਿਭਾਗ ਦੀ ਬੀੜ' (ਨੰ. ੧੭) ਵਿਚ ਰਾਗੁ "ਭੈਰਉ" ਦੀ ਸੰਗਿਆ "ਭੈਰੋ" ਕਰਕੇ ਆਈ ਹੈ। 'ਡੇਰਾ ਭਾਈ ਰਾਮ ਕਿਸ਼ਨ ਵਾਲੀ ਬੀੜ' (ਨੰ. ੧੨) ਇਸ ਪੱਖ ਤੋਂ 'ਪੰਜਾਬ ਪੁਰਾਤਤ੍ਵ ਵਿਭਾਗ ਦੀ ਬੀੜ' ਨਾਲ ਮੇਲ ਖਾਂਦੀ ਹੈ। ਦੋਹਾਂ ਦਾ ਮਤਨ ਸਮਾਨ ਹੈ ਤੇ ਦੋਹਾਂ ਵਿਚ ਭਗਤ ਨਾਮਦੇਵ ਦੇ ਰਾਗੁ ਗੋਂਡ ਵਾਲੇ ਸ਼ਬਦ "ਮੋਹਿ ਲਾਗਤੀ ਤਾਲਾ ਬੇਲੀ" ਦੇ ਪਿੱਛੇ ਰਹਾਉ ਦੀ ਇਕ ਹੋਰ ਤੁਕ "ਏਈ ਤੇ ਨਾਮਾ ਏਈ ਤੇ" ਪ੍ਰਾਪਤ ਹੈ ਜੋ ਹੋਰ ਕਿਸੇ ਬੀੜ ਵਿਚ ਨਹੀਂ। ਇਸ ਬੀੜ ਵਿਚ "ਛਕਾ" ਪਦ ਸਿਰੀ ਰਾਗੁ ਦੇ ਪਹਲੇ ਛੇ ਸ਼ਬਦਾਂ ਦੇ ਮਗਰ ਅਤੇ ਫਿਰ ਅਸਟਪਦੀਆਂ ਦੇ ਪਿੱਛੇ ਵੀ ਇਕ ਥਾਂ ਆਇਆ ਹੈ। ਰਾਗੁ ਬਿਹਾਗੜਾ, ਨਟ ਨਾਰਾਇਨ ਤੇ ਕਲਿਆਨ ਵਿਚ ਵੀ ਇਹ ਵਰਤਿਆ ਮਿਲਦਾ ਹੈ। ਸਿਰੀ ਰਾਗੁ ਤੇ ਰਾਗੁ ਜੈਤਸਰੀ ਨਿੱਕੇ ਮੰਗਲ ਨਾਲ ਆਰੰਭ ਹੁੰਦੇ ਹਨ।

ਸਲੋਕ ਰੂਪੀ ਨੀਸਾਣੁ ਵਾਲੀ ਬੀੜ (ਨੰ. ੨੪) ਜਿਹੜੀ ਗੁਰੂ ਰਾਮਦਾਸ ਦੇ ਦਸਤਖ਼ਤਾਂ ਵਾਲੇ ਜਪੁ ਤੋਂ ਤੀਜੇ ਥਾਂ ਨਕਲ ਹੈ, ਆਪਣੀ ਕਟ-ਵਢ ਤੋਂ ਪਹਲਾਂ ਦੀ ਹਾਲਤ ਵਿਚ ਕਬੀਰ ਦੇ ਸਲੋਕ "ਧਰ ਅੰਬਰ ਵਿਚ ਬੇਲੜੀ" (ਰਾਗੁ ਗਉੜੀ), ਭਗਤ ਤ੍ਰਿਲੋਚਨ ਦੇ ਚਉਪਦੇ "ਨਵਨਿਧਿ ਪਰਸੀ ਤਉ ਕਾਹਿ", ਮੀਰਾਬਾਈ ਦੇ ਸ਼ਬਦ "ਮਨ ਹਮਾਰਾ ਬਾਧਿਓ ਮਾਈ", ਸੂਰਦਾਸ ਦੇ ਸ਼ਬਦ, "ਛਾਡਿ ਮਨ ਹਰਿ ਬਿਮੁਖਨ ਕਉ ਸੰਗ" ਅਤੇ ਸਾਰੀਆਂ ਫ਼ਾਲਤੂ ਬਾਣੀਆਂ ਨਾਲ ਸੁਸ਼ੋਭਿਤ ਸੀ ਤੇ ਪੰਚਮ ਪਾਤਸ਼ਾਹ ਦਾ ਕਥਿਤ ਛੰਤ "ਰੁਣ ਝੁੰਝਨੜਾ ਗਾਉ ਸਖੀ" ਉਸ ਵਿਚ ਨਹੀਂ ਸੀ। ਪਿੱਛੋਂ ਸੁਧਾਈ ਕਰਨ ਵਾਲੇ ਨੇ ਇਕ ਤਾਂ ਕਬੀਰ ਦਾ ਰਾਗੁ ਗਉੜੀ ਬੈਰਾਗਣਿ ਦਾ ਇਕ ਹੋਰ ਸ਼ਬਦ "ਗਗਨ ਮੰਡਲ ਮਹਿ ਏਕੋ ਸੋਈ" ਹਾਸ਼ੀਏ ਵਿਚ ਵਧਾ ਦਿੱਤਾ; ਦੂਸਰੇ ਕਬੀਰ ਜੀ ਦਾ ਰਾਗੁ ਗਉੜੀ ਵਾਲਾ ਸਲੋਕ "ਧਰ ਅੰਬਰ ਵਿਚ ਬੇਲੜੀ" ਅਤੇ ਤ੍ਰਿਲੋਚਨ ਜੀ ਦਾ ਰਾਗੁ ਗੂਜਰੀ ਵਾਲਾ ਚਉਪਦਾ "ਨਵਨਿਧਿ ਪਰਸੀ ਤਉ ਕਾਹਿ" ਕਟ ਦਿੱਤੇ; ਤੀਸਰੇ, ਪੰਚਮ ਪਾਤਸਾਹ ਦਾ ਕਥਿਤ ਛੰਤ "ਰੁਣ ਝੁੰਝਨੜਾ ਗਾਉ ਸਖੀ" ਵਧਾ ਦਿੱਤਾ। ਮੀਰਾ ਦਾ ਸ਼ਬਦ ਤੇ ਫ਼ਾਲਤੂ ਬਾਣੀ ਅੱਗੇ ਹੀ ਸਨ। ਸਿੱਟਾ ਇਹ ਕਿ ਰਾਗੁ ਸੋਰਠਿ ਵਿਚ ਕਬੀਰ ਜੀ ਦੇ "ਅਉਧੂ ਸੋ ਜੋਗੀ ਗੁਰ ਮੇਰਾ" ਵਾਲੇ ਚਉਪਦੇ ਦੇ ਨ ਹੋਣ ਦੇ ਬਾਵਜੂਦ ਇਹ ਬੀੜ ਦਰੁਸਤੀ ਪਿੱਛੋਂ 'ਭਾਈ ਬੰਨੋ ਵਾਲੀ ਮਿਸਲ' ਦੀ ਹੋਣ ਦਾ ਦਮ ਭਰਨ ਲੱਗ ਪਈ ਹੈ।

'ਨੰਦ ਚੰਦ ਸੰਘਾ ਵਾਲੀ ਬੀੜ' (ਨੰ. ੨੫) ਜੋ ਗੁਰੂ ਰਾਮਦਾਸ ਜੀ ਦੇ ਦਸਤਖਤਾਂ ਵਾਲੇ ਜਪੁ ਤੋਂ ਪੰਜਵੀਂ ਥਾਂ ਨਕਲ ਹੋਣ ਦਾ ਦਮ ਭਰਦੀ ਹੈ, 'ਕਰਤਾਰਪੁਰੀ ਬੀੜ' ਵਾਲੀ ਉਪਸਾਖਾ ਤੋਂ ਆਈ ਲਗਦੀ ਹੈ। ਉਸ ਵਿਚ ਰਾਗੁ ਦੇਵਗੰਧਾਰੀ ਵਾਲੇ ਚਉਪਦਿਆਂ ਦੇ ਜੋੜ ਛਕਾ ੧, ਛਕਾ ੨, ਛਕਾ ੩ ਵਿਚ ਲਗੇ ਹੋਏ ਮਿਲਦੇ ਹਨ। ਕੁਝ ਵਾਰਾਂ ਦੇ ਪਿੱਛੇ ਹਿਦਾਇਤੀ ਪਦ "ਸਧੁ" ਤੇ "ਸੁਧੁ ਕੀਚੈ" ਵੀ ਹਨ। ਰਾਗੁ ਕਾਨੜਾ ਮਹਲਾ ੫ ਦੇ ਚਉਪਦਿਆਂ ਦੇ ਘਰਾਂ ਨੂੰ ਮੰਗਲ ਨਾਲ ਨਿਖੇੜਿਆ ਹੋਇਆ ਵੀ ਨਹੀਂ ਜੋ ਮੁਢਲੇ ਸੰਗ੍ਰਹਾਂ ਦੇ ਸੰਕੇਤਕ ਹਨ।

ਮੀਰਾ ਦਾ ਸ਼ਬਦ ਪਹਲਾਂ ਉਸ ਵਿਚ ਨਹੀਂ ਸੀ; ਮਗਰੋਂ ਵਧਾਇਆ ਗਇਆ। ਫ਼ਾਲਤੂ ਬਾਣੀ ਅਗੇ ਹੀ ਮੌਜੂਦ ਸੀ। ਇੰਵ ਭਾਈ ਬੰਨੋ ਵਾਲੀ ਉਪਸ਼ਾਖਾ (ੳ) ਦੀਆਂ ਪ੍ਰਤਿਨਿਧ ਇਹ ਬੀੜਾਂ ਆਪਣੀ ਵੱਡੀ ਅਥਵਾ ਮੁਖ ਸ਼ਾਖਾ, ਜਿਸ ਦਾ ਨਾਂ ਅਸਾਂ "ਪੋਥੀ ਲਿਖਿ ਪਹੁੰਚੇ" ਵਾਲੀ ਸ਼ਾਖਾ ਰਖਿਆ ਹੈ, ਦਾ ਚਿਤ੍ਰ ਅੱਖਾਂ ਸਾਮ੍ਹਣੇ ਲਿਆਉਂਦੀਆਂ ਹਨ।

ਇਸ ਚਿਤ੍ਰ ਦੀ ਹੋਰ ਪ੍ਰੋੜ੍ਹਤਾ ਕਲਮ ਮੰਦਿਰ ਦੀ ਤੀਜੀ, ਸੰਮਤੁ ੧੮੧੭ ਵਾਲੀ ਬੀੜ (ਨੰ. ੬੦) ਤੋਂ ਹੁੰਦੀ ਦਿਸਦੀ ਹੈ। ਉਸ ਵਿਚ ਸਿਰੀ ਰਾਗੁ, ਤੁਖਾਰੀ, ਜੈਤਸਰੀ ਤੇ ਬੈਰਾੜੀ ਛੋਟੇ ਮੰਗਲ ਨਾਲ ਸ਼ੁਰੂ ਹੁੰਦੇ ਹਨ। ਰਾਗੁ ਆਸਾ ਤੇ ਦੇਵਗੰਧਾਰੀ ਵਿਚ "ਛਕਾ" ਪਦ ਕੁਝ ਥਾਵਾਂ 'ਤੇ ਜੋੜਾਂ ਨਾਲ ਵਰਤਿਆ ਮਿਲਦਾ ਹੈ। ਹੋਰ ਵੀ ਕਈ ਸਾਂਝਾਂ ਹਨ।

ਸਵੈਯਾਂ ਅਤੇ ਸ਼ੇਖ਼ ਫ਼ਰੀਦ ਦੇ ਸਲੋਕਾਂ ਉੱਤੇ ਸਮਾਪਤ ਹੋਣ ਵਾਲੀਆਂ ਬੀੜਾਂ : ਇਨ੍ਹਾਂ ਨੂੰ ਅਸੀਂ ਦੋ ਵਖ ਵਖ ਸ਼ਾਖਾਵਾਂ ਮੰਨ ਆਏ ਹਾਂ, ਪਰੰਤੂ ਵਸਤੂ ਅਥਵਾ ਮਤਨ ਦੇ ਪੱਖੋਂ ਇਨ੍ਹਾਂ ਵਿਚ ਬਹੁਤ ਘਟ ਅੰਤਰ ਦੇਖਿਆ ਗਇਆ ਹੈ। ਸਾਡੇ ਸਰਵੇਖਣ ਵਿਚ ਸਵੈਯਾਂ ਉਪਰ ਭੋਗ ਪਾਣ ਵਾਲੀਆਂ ਬੀੜਾਂ ਵਿੱਚੋਂ ਬੂੜੇ ਸੰਧੂ ਵਾਲੀ ਬੀੜ (ਨੰ. ੧੩) ਸਭ ਤੋਂ ਪੁਰਾਣੀ ਹੈ। ਇਸ ਵਿਚ ਸਾਨੂੰ ਬੀੜ ਦੀ ਭੰਨ-ਤੋੜ ਤੋਂ ਪਹਲਾਂ ਰਾਗੁ ਗੂਜਰੀ ਵਿਚ ਤ੍ਰਿਲੋਚਨ ਜੀ ਦੇ ਇਕ ਹੋਰ ਸ਼ਬਦ "ਨਵਨਿਧਿ ਪਰਸੀ ਤਉ ਕਾਹਿ" ਅਤੇ ਰਾਗੁ ਮਲਾਰ ਵਿਚ ਪੰਜਵੀਂ ਪਾਤਸ਼ਾਹੀ ਦੇ ਸ਼ਬਦ "ਪ੍ਰਾਨ ਮਾਨ ਏਕ ਨਾਮੁ" ਹੋਣ ਦੀ ਟੋਹ ਮਿਲਦੀ ਹੈ; ਭਾਈ ਬੰਨੋ ਵਾਲੀ ਮਿਸਲ ਦੀਆਂ ਵਿਸ਼ੇਸ਼ ਬਾਣੀਆਂ ਵਿੱਚੋਂ ਕੋਈ ਵੀ ਇਸ ਵਿਚ ਦਰਜ ਨਹੀਂ। ਜਿਹੜੀ ਕੋਈ ਹੈ, ਬਾਅਦ ਵਿਚ ਦਰਜ ਕੀਤੀ ਹੋਈ ਹੈ।

ਕਾਨਗੜ੍ਹ ਵਾਲੀ ਬੀੜ ਵਿਚ ਜੋ ਸੰਮਤੁ ੧੭੧੮ ਦੀ ਲਿਖਤ ਹੈ, ਕਬੀਰ ਦਾ ਰਾਗੁ ਗਉੜੀ ਵਿਚਲਾ ਸਲੋਕ "ਧਰ ਅੰਬਰ ਵਿਚ ਬੇਲੜੀ", ਭਗਤ ਤ੍ਰਿਲੋਚਨ ਦਾ ਰਾਗੁ ਗੂਜਰੀ ਦਾ "ਨਵਨਿਧਿ ਪਰਸੀ ਤਉ ਕਾਹਿ" ਵਾਲਾ ਸ਼ਬਦ ਤੇ ਪੰਚਮ ਪਾਤਸਾਹ ਦਾ ਛੰਤ "ਰੁਣ ਝੁੰਝਨੜਾ ਗਾਉ ਸਖੀ" (ਦੋ ਪੰਗਤੀਆਂ) ਪ੍ਰਾਪਤ ਸਨ ਤੇ ਇਸ ਤੋਂ ਬਿਨਾ ਹੋਰ ਕੋਈ ਫ਼ਾਲਤੂ ਬਾਣੀ ਨਹੀਂ ਸੀ। ਇਹ ਮਗਰੋਂ ਕੀਤੀ ਗਈ ਸੁਧਾਈ ਦੇ ਫਲਸ੍ਵਰੂਪ ਹੁਣ ਖਾਰਿਜ ਹਨ। ਡਾ. ਤ੍ਰਿਲੋਚਨ ਸਿੰਘ ਵਾਲੀ ਬੀੜ (ਨੰ. ੩੫) ਵਿਚ ਸਲੋਕ "ਧਰ ਅੰਬਰ ਵਿਚ ਬੇਲੜੀ", "ਰੁਣ ਝੁੰਝਨੜਾ ਗਾਉ ਸਖੀ" (ਪੂਰਾ ਸ਼ਬਦ) ਤੇ ਸੂਰਦਾਸ ਦੇ ਪਦੇ "ਛਾਡਿ ਮਨ ਹਰਿ ਬਿਮੁਖਨ ਕਉ ਸੰਗ" ਦੀ ਇਕ ਤੁਕ ਪ੍ਰਾਪਤ ਹੈ, ਇਸ ਤੋਂ ਬਿਨਾ ਭਾਈ ਬੰਨੋ ਦੀ ਸ਼ਾਖਾ ਵਾਲਾ ਹੋਰ ਕੁਝ ਨਹੀਂ।

'ਸਿੱਖ ਰੈਂਫਰੈਂਸ ਲਾਇਬ੍ਰੇਰੀ ਦੀ ਬੀੜ ਨੰ. ੪/੩' (ਸੰਮਤੁ ੧੭੨੨), 'ਰਾਮ ਰਾਇ ਲਿਖਿਤ ਬੀੜ' (ਨੰ. ੨੮ ਸੰਮਤੁ ੧੭੪੯) ਦੀ ਸਥਿਤੀ ਬਾਰੇ ਸਾਡੀ ਜਾਣਕਾਰੀ ਬੜੀ ਸੀਮਿਤ ਹੈ। 'ਅਜਾਇਬ ਘਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਬੀੜ' (ਨੰ. ੨੯, ਸੰਮਤੁ ੧੭੪੯) ਤੇ ਸੋਢੀ ਆਸਾ ਸਿੰਘ ਵਾਲੀ ਬੀੜ (ਨੰਬਰ ੪੩) ਵੀ ਇਸੇ ਸ਼ਾਖਾ ਦੀਆਂ ਬੀੜਾਂ ਹਨ, ਪਰ ਆਪਸੀ ਫ਼ਰਕਾਂ ਤੋਂ ਵਿਹੀਨ ਨਹੀਂ।

ਸ਼ੇਖ਼ ਫਰੀਦ ਜੀ ਦੇ ਸਲੋਕਾਂ ਉਤੇ ਸਮਾਪਤ ਹੋਣ ਵਾਲੀਆਂ ਬੀੜਾਂ ਵਿੱ
(ਲਾਹੌਰੀ ਬੀੜ, ਸੰਮਤੁ ੧੬੬੭) ਵਿਚ ਪਹਲਾਂ ਨ ਤਾਂ ਸੂਰਦਾਸ ਦਾ ਸ਼ਬਦ "ਛਾ
ਹਰਿ ਬਿਮੁਖਨ ਕੋ ਸੰਗ" ਸੀ, ਨ "ਰੁਣ ਝੁੰਝਨੜਾ ਗਾਉ ਸਖੀ", ਨ ਮੀਰਾ ਦਾ ਬ
ਫਾਲਤੂ ਬਾਣੀ ਸੀ। ਇਹ ਸਭ ਬਾਅਦ ਵਿਚ ਨੌਵੀਂ ਪਾਤਸ਼ਾਹੀ ਦੀ ਬਾਣੀ ਚੜ੍ਹਾਣ
ਦਰਜ ਕੀਤੇ।

ਬੀੜ ਨੰਬਰ ੧੮ (ਐਮ-ਐਸ. ੧੦੮੪, ਸੰਮਤੁ ੧੭੨੩) ਮੁਢ ਵਿਚ, ਾਗੁ
ਦੇ ਮਹਲਾ ੫ ਦਾ ਸ਼ਬਦ "ਸੰਤ ਜਨਾ ਸਉ ਦੂਖਨ ਕਰਤਾ", ਕਬੀਰ ਦੇ "ਅਉਧੂ
ਗੁਰ ਮੇਰਾ" ਤੇ ਮੀਰਾ ਦੇ ਸ਼ਬਦ "ਮਨ ਹਮਾਰਾ ਬਾਧਿਓ ਮਾਈ" ਨਾਲ ਦ
ਮਗਰੋਂ ਸੁਧਾਈ ਵੇਲੇ ਇਹ ਸਭ ਕਟ ਦਿੱਤੇ ਗਏ ਤੇ ਓਦੋਂ ਹੀ "ਰੁਣ ਝੁੰਝਨੜਾ ਗਾਉ
ਬੀੜ ਵਿਚ ਵਧਾਇਆ ਗਇਆ। ਫਾਲਤੂ ਬਾਣੀਆਂ ਵਿੱਚੋਂ ਇਸ ਵਿਚ ਕੇਵਲ 'ਰਾ
ਆਈ ਹੈ, ਪਰ ਤਤਕਰੇ ਵਿਚ ਇਸ ਦਾ ਜ਼ਿਕਰ ਨਹੀਂ ਹੈ। ਇਸ ਤੋਂ ਪਤਾ ਾਦ
ਮੁਢ ਵਿਚ ਇਹ ਗ੍ਰੰਥ ਦਾ ਅੰਗ ਨਹੀਂ ਸੀ, ਬਾਅਦ ਵਿਚ ਘੁਸੇੜੀ ਗਈ।

ਬੀੜ ਨੰਬਰ ੧੯ (ਜੋਗਰਾਜ ਲਿਖਿਤ ਗ੍ਰੰਥ, ਸੰਮਤੁ ੧੭੨੪) ਭੰਨ-ਤੋੜ
ਭਗਤ ਤ੍ਰਿਲੋਚਨ ਦੇ ਰਾਗੁ ਗੂਜਰੀ ਵਿਚਲੇ ਸ਼ਬਦ, "ਨਵਨਿਧਿ ਪਰਸੀ ਤਉ ਕਾਹਿ'
ਵਿਭੂਸ਼ਿਤ ਸੀ। ਭਾਈ ਬੰਨੋ ਦੀ ਮਿਸਲ ਦੀ ਹੋਰ ਕੋਈ ਚੀਜ਼ ਪਹਲਾਂ ਇਸ ਵਿ
ਇੰਵ ਸ਼ਬਦਾਂ ਦੇ ਇੱਕੇ ਦੁੱਕੇ-ਫ਼ਰਕਾਂ ਤੋਂ ਬਿਨਾ ਇਹ ਦੋਵੇਂ ਸ਼ਾਖਾਵਾਂ ਆ
(ਸ੍ਵਰੂਪ) ਵਿਚ ਰਲਦੀਆਂ ਸਨ। ਇਸ ਸ਼ਾਖਾ ਦੀ ਦਸਮ ਪਾਤਸ਼ਾਹ ਦੇ ਸਮੇਂ ਤਕ ਕ
ਬਣੀ ਰਹੀ, ਕਿਉਂਜੋ ਉਨ੍ਹਾਂ ਦੇ ਕਾਲ ਤਕ ਇਨ੍ਹਾਂ ਦੀਆਂ ਨਕਲਾਂ ਹੁੰਦੀਆਂ ਰਹੀ
ਡਾ. ਤ੍ਰਿਲੋਚਨ ਸਿੰਘ ਦੇ ਸੰਮਤੁ ੧੭੬੨ ਵਿਚ ਤਿਆਰ ਹੋਏ ਸੰਚੇ ਤੋਂ ਪਤਾ ਚਲਦਾ

ਮੂਲਮੰਤ੍ਰ ਤੋਂ ਵਿਹੀਨ ਬੀੜਾਂ : ਇਸ ਸ਼ਾਖਾ ਦੀ ਪ੍ਰਾਚੀਨਤਮ ਪ੍ਰਤਿ
ਵਾਲਾ ਗ੍ਰੰਥ' (ਨੰ. ੨੦) ਹੈ। ਇਹ ਭਾਈ ਬੰਨੋ ਵਾਲੀ ਮਿਸਲ ਦੇ ਵਾਧੂ ਸ਼ਬਦਾ
ਦੇ ਰਲਾ ਤੋਂ (ਸਿਵਾਇ ਮੀਰਾ ਬਾਈ ਦੇ ਪਦੇ ਦੇ) ਪਾਕ ਹੈ। ਕਬੀਰ ਜੀ ਦਾ "
ਜੋਗੀ ਗੁਰ ਮੇਰਾ" ਵਾਲਾ ਪਦਾ ਇਸ ਵਿਚ ਬਾਅਦ ਵਿਚ ਵਧਾਇਆ ਗਇ ਹੈ
ਝੁੰਝਨੜਾ ਗਾਉ ਸਖੀ" ਵਾਲਾ ਛੰਤ ਪੰਚਮ ਪਾਤਸਾਹ ਦਾ ਮੰਨ ਕੇ ਗ੍ਰੰਥ ਦੇ ਅੰਤ 'ਤੇ
ਹੋਇਆ ਹੈ। 'ਰਾਗਮਾਲਾ' ਤੋਂ ਸਿਵਾਇ ਹੋਰ ਕੋਈ ਫ਼ਾਲਤੂ ਬਾਣੀ ਇਸ ਵਿ ਨ
ਪਰ ਇਸੇ ਸ਼ਾਖਾ ਦੀ 'ਅਮੋਲਕ ਬੀੜ' (ਨੰ. ੩੯) ਕਬੀਰ ਜੀ ਦੇ ਸਲੋਕ 'ਧ
ਵਿਚ ਬੇਲੜੀ" ਕਬੀਰ ਦੇ ਰਾਗੁ ਸੋਰਠਿ ਦੇ ਪਦੇ "ਅਉਧੂ ਸੋ ਜੋਗੀ ਗੁਰੁ ਮੇਰਾ"
ਪਾਤਸਾਹ ਦੇ ਛੰਤ "ਰੁਣ ਝੁੰਝਨੜਾ ਗਾਉ ਸਖੀ", ਮੀਰਾ ਬਾਈ ਦੇ ਪਦੇ
ਬਾਧਿਓ ਮਾਈ", ਸੂਰਦਾਸ ਦੇ "ਛਾਡਿ ਮਨ ਹਰਿ ਬਿਮੁਖਨ ਕੋ ਸੰਗ" ਅਤੇ ਫ਼ਾਲਤੂ
ਨਾਲ ਅੱਟੀ ਪਈ ਹੈ। ਪਾਠ ਇਸ ਸ਼ਾਖਾ ਦੇ, ਸ਼ੁੱਧਤਾ ਦੇ ਪੱਖ ਤੋਂ ਪ੍ਰਸੰਸਾਮਈ

ਨੰਦ ਸੇਵਾ-ਪੰਥੀ ਲਿਖਿਤ ਬੀੜ (ਨੰ. ੪੨, ਸੰਮਤੁ ੧੯੧੫) ਵੀ ਲਗਪਗ ਪਿਛਲੀ ਦਾ ਹੀ ਅਨੁਸਰਨ ਕਰਦੀ ਦਿਸਦੀ ਹੈ।

ਭਗਤ ਬਾਣੀ ਤੋਂ ਵਿਹੀਨ ਬੀੜਾਂ ਵਾਲੀ ਸ਼ਾਖਾ ਦਾ ਪ੍ਰਤਿਨਿਧ ਸੰਚਾ (ਨੰ. ੫) ਆਪਣੇ ਆਪ ਵਿਚ ਇਕ ਵਿਲੱਖਣ ਸੰਗ੍ਰਹ ਹੈ ਤੇ ਉਸ ਬਾਰੇ ਅਸੀਂ ਸਰਵੇਖਣ ਵਾਲੇ ਵਿਭਾਗ ਵਿਚ ਵੇਰਵੇ ਸਹਿਤ ਲਿਖ ਆਏ ਹਾਂ, ਉਸ ਨੂੰ ਇਥੇ ਦੁਹਰਾਉਣ ਦੀ ਲੋੜ ਪ੍ਰਤੀਤ ਨਹੀਂ ਹੁੰਦੀ।

੧੯. ਆਦਿ ਬੀੜ ਦੇ ਸਰੂਪਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਘਟਨਾਵਾਂ

ਆਦਿ ਬੀੜ ਦੇ ਲੰਮੇਰੇ ਇਤਿਹਾਸ ਵਿਚ ਕੁਝ ਅਜੇਹੀਆਂ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਨੇ ਆਦਿ ਬੀੜ ਦੇ ਸਰੂਪਾਂ ਨੂੰ ਅਤਿ ਸ਼ਕਤੀਸ਼ਾਲੀ ਢੰਗ ਨਾਲ ਪ੍ਰਭਾਵਿਤ ਕੀਤਾ ਹੈ। ਇਨ੍ਹਾਂ ਵਿੱਚੋਂ ਪਹਲੀ ਨੌਵੇਂ ਮਹਲੁ ਦੀ ਬਾਣੀ ਦਾ ਇਸ ਵਿਚ ਚੜ੍ਹਾਇਆ ਜਾਣਾ ਹੈ। ਪੁਰਾਤਨ ਸੰਚਿਆਂ ਵਿੱਚੋਂ ਕੋਈ ਹੀ ਸੰਚਾ ਹੋਵੇਗਾ ਜਿਸ ਨੇ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਨੂੰ ਆਪਣੀ ਬਾਣੀ ਵਿਚ ਸੰਮਿਲਿਤ ਕਰਨ ਲਈ ਲੋੜੀਂਦੀ ਭੰਨ-ਤੋੜ ਕਬੂਲ ਨ ਕੀਤੀ ਹੋਵੇ। ਸਾਡੇ ਸਰਵੇਖਣ ਵਿਚ ਆਈਆਂ ਗੁਰੂ ਤੇਗ ਬਹਾਦੁਰ ਦੇ ਕਾਲ ਤਕ ਦੀਆਂ ਸਤਾਰਾਂ ਬੀੜਾਂ ਵਿੱਚੋਂ 'ਕਰਤਾਰਪੁਰੀ ਬੀੜ' (ਨੰ. ੬), 'ਬੀੜ ਡੇਰਾ ਭਾਈ ਰਾਮ ਕਿਸ਼ਨ' (ਨੰ. ੧੨), 'ਬੂੜੇ ਸੰਧੂ ਵਾਲੀ ਬੀੜ' (ਨੰ. ੧੩), 'ਡੇਹਰਾਦੂਨ ਵਾਲੀ ਬੀੜ' (ਨੰ. ੧੪), 'ਬੀੜ ਪੰਜਾਬ ਪੁਰਾਤਤ੍ਵ ਵਿਭਾਗ' (ਨੰ. ੧੭), 'ਸਾਰਨਕੇ ਵਾਲਾ ਗ੍ਰੰਥ' (ਨੰ. ੨੦)—ਇਹ ਛੇ ਨੌਵੇਂ ਮਹਲੁ ਦੀ ਬਾਣੀ ਤੋਂ ਵਿਹੀਨ, ਆਪਣੀ ਮੁਢਲੀ ਹਾਲਤ ਵਿਚ ਕਾਇਮ ਹਨ; ਬਾਕੀ ਦੀਆਂ ਸਾਰੀਆਂ ਬੀੜਾਂ ਇਸ ਪ੍ਰਕਿਰਿਆ ਦੀ ਜ਼ੱਦ ਹੇਠ ਆਈਆਂ ਹਨ। ਗੁਰੂ ਤੇਗ ਬਹਾਦੁਰ ਦੇ ਸਮੇਂ ਤੋਂ ਬਾਅਦ ਦੇ ਸਾਰੇ ਗ੍ਰੰਥ ਜਿਨ੍ਹਾਂ ਦੀ ਗਿਣਤੀ ਸਾਡੇ ਸਰਵੇਖਣ ਵਿਚ ਵੀਹ ਹੈ, ਨੌਵੇਂ ਮਹਲੁ ਦੀ ਬਾਣੀ ਦੇ ਚੱਕਰ ਵਿੱਚੋਂ ਲੰਘੇ ਗ੍ਰੰਥਾਂ ਦੇ ਉਤਾਰੇ ਹਨ। ਸਰਵੇਖਣ ਤੋਂ ਬਾਹਰ ਮਿਲਦੀਆਂ ਬੀੜਾਂ ਦੀ ਹਾਲਤ ਵੀ ਅਜੇਹੀ ਹੀ ਹੈ।

ਦੂਸਰੀ ਪ੍ਰਭਾਵਸ਼ਾਲੀ ਘਟਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਆਣੇ ਉਪਰਾਂਤ ਆਦਿ ਬੀੜ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਦਵੀ ਨੂੰ ਪ੍ਰਾਪਤ ਕਰ ਲੈਣਾ ਹੈ। ਪੋਥੀ "ਪਰਮੇਸਰ ਕਾ ਸਥਾਨ" ਵਜੋਂ ਤਾਂ ਸਿੱਖ ਜਗਤ ਵਿਚ ਪਹਲਾਂ ਹੀ ਜਾਣੀ ਜਾਂਦੀ ਸੀ, ਪਰ ਇਸ ਦੇ ਰਸਮੀ ਤੌਰ 'ਤੇ ਭਾਵੀ ਗੁਰੂ ਘੋਸ਼ਿਤ ਕੀਤੇ ਜਾਣ ਨਾਲ ਇਸ ਦੀ ਪ੍ਰਮਾਣਿਕਤਾ ਦਾ ਵਿਸ਼ੇਸ਼ ਖਿਆਲ ਰਖਿਆ ਜਾਣ ਲਗ ਪਇਆ। ਯਤਨ ਕੀਤਾ ਜਾਣ ਲਗਾ ਕਿ ਸਿੱਖ ਜਗਤ ਵਿਚ ਵਿਚਰ ਰਹੇ ਗ੍ਰੰਥ ਸਾਹਿਬਾਂ ਦੀ ਪ੍ਰਤਿਲਿਪੀ ਮੂਲ ਬਾਬਾ ਜੀ, ਅਥਵਾ ਪੰਚਮ ਪਾਤਸਾਹ ਦੇ ਭਾਈ ਗੁਰਦਾਸ ਹੱਥੋਂ ਤਿਆਰ ਕਰਵਾਏ ਗ੍ਰੰਥ ਦਾ ਅਨੁਸਰਨ ਕਰਦੀ ਹੋਵੇ। ਭਾਈ ਰਾਮ ਰਾਇ ਲਿਖਿਤ ਬੀੜ (ਨੰ. ੨੮, ਸੰਮਤੁ ੧੭੪੯) ਵਿਚ ਇਸ ਗੱਲ ਦਾ ਵੇਰਵਾ ਆਇਆ ਹੈ

ਕਿ "ਇਹ ਗ੍ਰੰਥ ਫਤੇ ਚੰਦ ਦੇ ਗਿਰੰਥ ਕਾ ਨਕਲੁ, ਫਤੇ ਚੰਦ ਦਾ ਗਿਰੰਥ ਪੁਹਕਰ ਕੇ ਗਿਰੰਥ ਕਾ ਨਕਲੁ, ਪੁਹਕਰ ਕਾ ਗਿਰੰਥ ਵਡੇ ਗਿਰੰਥ ਨਾਲ ਸੋਧਿਆ ਹੈ ਪੰਜਵੇਂ ਮਹਲੁ ਗੁਰਦਾਸ ਭਲੇ ਪਾਸਹੁ ਲਿਖਵਾਇਆ ਸੀ ਜੋ ਉਸ ਗਿਰੰਥ ਨਾਲ ਸੋਧੈ ਸੋ ਗਿਰੰਥ ਸੁਧ ਹੋਵੈ। ਜੇ ਫੇਰ ਗਿਰੰਥ ਸੋਧਿਆ ਲੋੜੀਐ ਤਾਂ ਜਗਨੇ ਬ੍ਰਾਹਮਣ ਦੇ ਗਿਰੰਥ ਨਾਲਿ ਸੁਧ ਕਰਿ ਲਇਓ [॥] ਹੋਰਨਾਂ ਗਿਰੰਥਾਂ ਨਾਲਹੁ ਜਗਨੇ ਬ੍ਰਾਹਮਣ ਦਾ ਗਿਰੰਥ ਸੁਧੁ ਕੀਤਾ ਪੁਹਕਰ ਕਾ ਗਿਰੰਥ ਜਗਨੇ ਦੇ ਗਿਰੰਥ ਨਾਲ ਸੁਧਿ ਕੀਆ ਹੈ।"

ਸੋਧ ਸੁਧਾਈ ਲਈ ਵੱਡੇ ਗ੍ਰੰਥ ਅਥਵਾ ਮੂਲ ਆਦਿ ਬੀੜ ਦੀ ਮੰਗ ਤਾਂ ਮੁਢ ਵਿਚ ਹੀ ਪੈਦਾ ਹੋ ਗਈ ਸੀ, ਪਰ ਇਸ ਦੀ ਭਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰੂ ਗੱਦੀ ਉੱਤੇ ਬਿਰਾਜਮਾਨ ਹੋਣ ਪਿੱਛੋਂ ਵਧੇਰੇ ਉਤਕੰਠਾ ਨਾਲ ਕੀਤੀ ਜਾਣ ਲੱਗੀ।

ਆਦਿ ਬੀੜ ਦੇ ਇਤਿਹਾਸ ਵਿਚ ਤੀਜੀ ਮਹੱਤ੍ਵਪੂਰਨ ਘਟਨਾ ਸਿੱਖ ਜਗਤ ਦਾ ਰਾਜਨੀਤਿਕ ਤਾਕਤ ਪਕੜ ਜਾਣਾ ਸੀ। ਬਹੁਤ ਸਾਰੇ ਸੰਘਰਸ਼ ਪਿੱਛੋਂ ਜਦੋਂ ਮਿਸਲਾਂ ਕਾਇਮ ਹੋ ਗਈਆਂ ਤਾਂ ਗੁਰੂ ਸਾਹਿਬਾਨ ਦੀਆਂ ਆਪਣੇ ਪਿੱਛੋਂ ਛਡੀਆਂ ਯਾਦਗਾਰਾਂ ਦੀ ਕਦਰ ਕੀਮਤ ਵਧਣ ਲੱਗੀ। ਗੁਰੂ ਸਾਹਿਬਾਨ ਨਾਲ ਜੁੜੇ ਅਸਥਾਨਾਂ ਦੀ ਭਾਲ ਕਰਕੇ ਉੱਥੇ ਗੁਰਦਵਾਰੇ ਸਥਾਪਤ ਕਰਕੇ ਸੁੰਦਰ ਮੰਦਿਰ ਉਸਾਰੇ ਗਏ। ਮਗਰੋਂ ਜਦੋਂ ਸਿੱਖ ਰਾਜ ਸਥਾਪਤ ਹੋਇਆ ਤਾਂ ਇਨ੍ਹਾਂ ਗੁਰਧਾਮਾਂ ਦੇ ਨਾਵਾਂ ਨਾਲ ਵਡੀਆਂ ਵਡੀਆਂ ਜਾਗੀਰਾਂ ਲਾ ਦਿੱਤੀਆਂ ਗਈਆਂ। ਕਰਤਾਰਪੁਰੀ ਸੋਢੀਆਂ ਦੀ ਤਾਂ ਬੜੀ ਚੜ੍ਹ ਮੱਚੀ। ਉਨ੍ਹਾਂ ਪਾਸ ਸੁਰੱਖਿਅਤ ਪੁਰਾਣੀ ਬੀੜ ਨੂੰ, ਜਿਸ ਨੂੰ ਉਹ ਅਸਲੀ ਸ੍ਰੀ ਗੁਰੂ ਅਰਜੁਨ ਦੇਵ ਜੀ ਵਾਲੀ ਪ੍ਰਗਟ ਕਰਦੇ ਸਨ, ਮਹਾਰਾਜਾ ਰਣਜੀਤ ਸਿੰਘ ਵੱਲੋਂ ਬੀੜ ਦੇ ਦਰਸ਼ਨ ਸਮੇਂ ਹਰ ਰੋਜ਼ ਛਿਆਸੀ ਰੁਪਏ ਦੀ ਭੇਟ ਮਿਲਦੀ ਰਹੀ। ਹਰੇਕ ਅਮਾਵਸ ਤੇ ਸੰਗ੍ਰਾਂਦ ਨੂੰ ਛੇ ਸੌ ਰੁਪਏ ਨਜ਼ਰਾਨੇ ਵਜੋਂ ਦਿੱਤੇ ਜਾਂਦੇ ਰਹੇ ਤੇ ਹਰ ਸਾਲ ਇਕ ਕੀਮਤੀ ਸ਼ਾਲ ਤੇ ਘੋੜਾ ਇਸ ਦੇ ਮਾਲਿਕ ਨੂੰ ਭੇਜਣ ਦਾ ਵਿਧਾਨ ਕੀਤਾ ਗਇਆ।[25]

ਮਗਰੋਂ ਮਹਾਰਾਜਾ ਨਰਿੰਦਰ ਸਿੰਘ ਪਟਿਆਲਾ ਨੇ ਸਾਲ ੧੮੬੦ ਈ. ਵਿਚ ਤਿੰਨ ਸਾਲ ਤਕ ਇਸ ਬੀੜ ਨੂੰ ਆਪਣੇ ਕੋਲ ਰਖਿਆ ਤੇ ਇਸ ਕਾਲ ਵਿਚ ਬੀੜ ਨੂੰ ਹਰ ਰੋਜ਼ ਇਕਵੰਜਾ ਰੁਪਏ ਦੀ ਭੇਟ ਦਿੱਤੀ ਜਾਂਦੀ ਰਹੀ।[26] ਸਵਰਗਵਾਸੀ ਗੁਰਦਵਾਰਾ ਇਨਸਪੈਕਟਰ ਭਾਈ ਰਣਧੀਰ ਸਿੰਘ ਦੇ ਮਤ ਅਨੁਸਾਰ ਓਦੋਂ ਹੀ ਮਹਾਰਾਜਾ ਨਰਿੰਦਰ ਸਿੰਘ ਦੇ ਹੁਕਮ ਨਾਲ ਇਸ ਦੀ ਹੂ-ਬ-ਹੂ ਨਕਲ ਕੀਤੀ ਗਈ, ਜੋ ਮਹਾਰਾਜਾ ਪਟਿਆਲਾ ਦੇ ਪੁਸਤਕਾਲੇ ਵਿਚ ਸੁਰੱਖਿਅਤ ਹੈ।[27]

---

[25]ਦੇਖੋ, 'ਪ੍ਰਾਚੀਨ ਬੀੜਾਂ', ਪੰਨਾ ੨੬੨.

[26]ਉਹੀ

[27]ਇਸ ਬੀੜ ਨੂੰ ਵੇਖਣ ਲਈ ਇਸ ਦੇ ਵਰਤਮਾਨ ਵਾਰਿਸ, ਕੈਪਟਨ ਅਮ੍ਰਿੰਦਰ ਸਿੰਘ ਨੂੰ ਬੇਨਤੀ ਕੀਤੀ ਗਈ ਸੀ, ਪਰ ਵੇਖਣ ਦੀ ਆਗਿਆ ਨਹੀਂ ਮਿਲੀ।

ਸਿੱਖ ਸਰਦਾਰਾਂ ਤੇ ਮਹਾਰਾਜਾ ਰਣਜੀਤ ਸਿੰਘ ਹੱਥੋਂ ਪ੍ਰਾਚੀਨ ਯਾਦਗਾਰੀ ਬੀੜਾਂ ਦੀ ਇਸ ਕਦਰ ਨੇ ਕਈਆਂ ਦੇ ਧਰ ਹਿਲਾ ਦਿੱਤੇ। ਏਸੇ ਸਮੇਂ ਬੀੜਾਂ ਨੂੰ ਪੁਰਾਤਨ ਤੇ ਪ੍ਰਮਾਣਿਕ ਪ੍ਰਗਟ ਕਰਨ ਲਈ ਭੰਨ-ਤੋੜ ਹੋਈ। ਕਥਿਤ 'ਭਾਈ ਬੰਨੋ ਵਾਲੀ ਬੀੜ' ਨੂੰ ਵੀ ਇਸੇ ਕਾਲ ਵਿਚ ਮਹਾਰਾਜਾ ਰਣਜੀਤ ਸਿੰਘ ਵੱਲੋਂ ਦਰਸ਼ਨ ਦੀਦਾਰ ਲਈ ਸੱਦਿਆ ਗਇਆ। ਇਸੇ ਕਾਲ ਵਿਚ ਇਸ ਦੇ ਸੰਮਤੁ ਦੀ ਭੰਨ-ਤੋੜ ਹੋਈ ਤੇ ਇਸ ਨੂੰ ਜਾਗੀਰ ਦਿੱਤੇ ਜਾਣ ਦੇ ਯੋਗ ਮੰਨਿਆ ਗਇਆ। 'ਭਾਈ ਬੂੜੇ ਸੰਧੂ ਵਾਲੀ ਬੀੜ' ਵੀ ਇਸੇ ਕਾਲ ਅੰਦਰ ਆਪਣਾ ਅਸਲੀ ਸੰਮਤੁ ੧੭੧੧ ਬਿ. ਗਵਾ ਕੇ ਗੁਰੂ ਅਰਜੁਨ ਦੇਵ ਜੀ ਦੀ ਹਜ਼ੂਰੀ ਵਿਚ ਪੇਸ਼ਉਰ ਵਾਸੀ ਮਿਲਖੀ ਰਾਮ ਲਈ ਸੰਮਤੁ ੧੬੬੨ ਵਿਚ ਲਿਖੀ ਗਈ ਬਾਣੀ ਤੇ ਪੈਂਤੀ ਹਜ਼ਾਰ ਰੁਪਏ ਦੀ ਸਾਲਾਨਾ ਜਾਗੀਰ ਨੂੰ ਪਹੁੰਚੀ। ਜਾਗੀਰ ਪ੍ਰਾਪਤ ਹੋਰ ਬੀੜਾਂ ਵੀ ਹੋਣਗੀਆਂ ਪਰੰਤੂ ਸਾਨੂੰ ਉਨਾਂ ਦਾ ਹਾਲ ਮਲੂਮ ਨਹੀਂ ਹੈ।

ਉਪਰ ਵਰਣਿਤ ਤਿੰਨੇ ਘਟਨਾਵਾਂ ਦਾ ਸਮੂਲਚਾ ਪ੍ਰਭਾਵ ਇਹ ਕਿ ਪੁਰਾਣੀਆਂ ਸਭ ਬੀੜਾਂ ਆਪਣਾ ਮੂਲ ਰੂਪ ਗਵਾ ਕੇ ਉਸ ਵਕਤ ਪ੍ਰਧਾਨ ਹੋ ਚੁਕੀ ਆਦਿ ਬੀੜ ਦੇ ਰੂਪ ਵਿਚ ਢਲਦੀਆਂ ਗਈਆਂ। ਮੁਢਲੀ ਆਦਿ ਬੀੜ ਦਾ ਸ੍ਵਰੂਪ ਤਾਂ ਸਾਨੂੰ ਪਤਾ ਨਹੀਂ, ਪਰ 'ਕਰਤਾਰਪੁਰੀ ਬੀੜ' ਦੇ ਬਦਲੇ ਹੋਏ ਰੂਪ ਦਾ ਪਤਾ ਹੈ। ਇਹੀ ਬਦਲਿਆ ਰੂਪ ਸਾਡੀ ਸੂਝ ਅਨੁਸਾਰ ਲੋਕਾਂ ਦੇ ਵਾਚਣ ਤੇ ਸੁਧਾਈ ਦੇ ਕੰਮ ਆਇਆ, ਕਿਉਂਜੋ ਇਸ ਤਕ ਹੀ ਉਨ੍ਹਾਂ ਦੀ ਪਹੁੰਚ ਸੀ, ਜਦੋਂ ਕਿ ਅਸਲੀ ਬੀੜ ਸਦਾ ਲਈ ਲੋਪ ਹੋ ਚੁਕੀ ਸੀ। ਖੈਰ, ਲਿਖਾਰੀਆਂ ਤੇ ਸੋਧਕਾਂ ਨੇ ਇਸ ਨੂੰ ਆਪਣੇ ਧਿਆਨ ਦਾ ਕੇਂਦਰ ਬਣਾਇਆ। ਫਲਸ੍ਵਰੂਪ, ਸੋਧ-ਸੁਧਾਈ ਪ੍ਰਾਪਤ ਜਿੰਨੇ ਵੀ ਗੁਰੂ ਗ੍ਰੰਥ ਸਾਹਿਬ ਦੇ ਸ੍ਵਰੂਪ ਸਾਡੇ ਸਾਮ੍ਹਣੇ ਆਏ ਹਨ, ਉਹ ਇਸੇ ਪਾਠ ਦੀ ਰੂਪ-ਰੇਖਾ ਦੇ ਧਾਰਣੀ ਹਨ ਅਤੇ ਕਈ ਥਾਵਾਂ 'ਤੇ ਤਾਂ ਇਹ ਵੀ ਦੇਖਿਆ ਗਇਆ ਹੈ ਕਿ ਠੀਕ ਪਾਠ ਕਟ ਕੇ ਗ਼ਲਤ ਅਪਣਾ ਲਏ ਗਏ ਹਨ। ਉਦਾਹਰਣ ਵਜੋਂ, 'ਅਮੋਲਕ ਬੀੜ ਪਟਿਆਲਾ' (ਨੰ. ੩੯, ਸੰਮਤੁ ੧੮੧੨) ਆਪਣੇ ਸ਼ੁਧ ਪਾਠਾਂ ਤੇ ਸਿਰਲੇਖਾਂ ਦੀ ਆਕ੍ਰਿਤੀ ਲਈ, ਸਾਡੀ ਜਾਚੇ, ਬੜੀ ਅਦੁੱਤੀ ਬੀੜ ਸੀ। ਪਰ ਇਹ ਵੀ ਕਥਿਤ ਆਦਿ ਗ੍ਰੰਥ ਨਾਲ ਮੇਲਾਨ ਤੇ ਸੁਧਾਈ ਸਮੇਂ ਚੰਗੀ ਮਾਰ ਹੇਠ ਆ ਗਈ। ਇਕ ਤਾਂ ਇਸ ਦੇ ਸਿਰਲੇਖਾਂ ਨੂੰ ਜੋ ਰਾਗਾਂ ਇਤਿਆਦਿ ਬਾਰੇ ਵਿਸਤ੍ਰਿਤ ਤੇ ਮੁਕੰਮਲ ਜਾਣਕਾਰੀ ਦੇਣ ਦਾ ਦਮ ਭਰਦੇ ਹਨ, ਕਟ ਕੇ ਮੁੜ ਕਥਿਤ ਆਦਿ ਬੀੜ ਦੀ ਮੁਢਲੀ ਹਾਲਤ ਵਿਚ ਕਰ ਦਿੱਤਾ ਗਇਆ (ਗਉੜੀ ਨਾਲੋਂ ਚੇਤੀ, ਪੂਰਬੀ, ਆਦਿ ਜਾਤੀਆਂ ਦੇ ਨਾਂ ਹਟਾ ਕੇ ਨਿਪਟ "ਗਉੜੀ" ਰਹਣ ਦਿੱਤਾ ਗਇਆ), ਦੂਜੇ, ਕਈ ਥਾਵਾਂ 'ਤੇ ਠੀਕ ਪਾਠ ਭੰਨ ਕੇ ਮੁੜ ਗ਼ਲਤ ਬਣਾ ਦਿੱਤੇ ਗਏ। ਉਦਾਹਰਣ ਵਜੋਂ, ਵਾਰ ਰਾਗੁ ਮਾਝ ਦੇ ਸਲੋਕ :

ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ ॥
ਮੇ-ਰਵਦਿ ਬਾਦਿਸਾਹਾ ਅਫ਼ਜੂ ਖੁਦਾਇਆ ॥
ਏਕ ਤੂਹੀ ਏਕੁ ਤੁਹੀ ॥

ਵਿਚ "ਖੁਦਾਇਆ" ਪਾਠ ਠੀਕ ਸੀ ਜਿਵੇਂ ਕਿ ਇਸ ਦੇ ਅਰਥਾਂ (ਐ ਖ਼ੁਦ ... "ਰਾਇਆ" ਨਾਲ ਤੁਕਾਂਤ ਤੋਂ ਸਿਧ ਹੁੰਦਾ ਹੈ, ਪਰ ਸੁਧਾਈ ਕਰਨ ਵਾਲੇ ... ਹੜਤਾਲ ਕੇ "ਖੁਦਾਇ" ਵਿਚ ਬਦਲ ਦਿੱਤਾ, ਕਿਉਂਜੋ ਕਥਿਤ ਆਦਿ ... "ਖ਼ੁਦਾਇ" ਆਇਆ ਸੀ। ਇਸੇ ਤਰ੍ਹਾਂ ਦੀਆਂ ਉਕਾਈਆਂ ਅਣਜਾਣ ਸੋਧ... ਬਾਈਂ ਹੋਈਆਂ ਮਿਲਦੀਆਂ ਹਨ। ਜਿਨ੍ਹਾਂ ਬਾਰੇ ਕੁਝ ਸੰਕੇਤ ਅਸੀਂ ਸਰਵੇਖਣ ਵਾ... ਵਿਚ ਕਰ ਆਏ ਹਾਂ।

੧੭. ਬੀੜਾਂ ਵਿਚ ਆਏ ਵਾਧੂ ਸ਼ਬਦ

ਬੀੜਾਂ ਵਿਚ ਵਾਧੂ ਸ਼ਬਦ ਜਿੱਥੇ ਕਿਤੇ ਉਹ ਆਏ ਹਨ, ਅਸੀਂ ਉਨਾਂ ... ਨਾਲੋ-ਨਾਲ ਕਰਦੇ ਆਏ ਹਾਂ। ਉਨ੍ਹਾਂ ਉਪਰ ਇਕ ਝਾਤ ਫਿਰ ਪਾ ਕੇ ... ਕੀਤੇ ਜਾਣ ਜਾਂ ਬਾਹਰ ਰੱਖੇ ਜਾਣ ਬਾਰੇ ਵਿਚਾਰ ਕਰਨੀ ਬਣਦੀ ਹੈ। ਸਭ ... 'ਬਾਬਾ ਮੋਹਨ ਵਾਲੀਆਂ ਪੋਥੀਆਂ' ਵਿੱਚੋਂ ਅਹੀਆਪੁਰ ਵਾਲੀ ਪੋਥੀ ਵਿਚਲੇ ... ਸ਼ਬਦ[28] ਹਨ ਜੋ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਨਹੀਂ :

੧) ਰਾਗੁ ਸੂਹੀ, ਮਹਲਾ ੩ (ਛੰਤ)—"ਕਰ ਲਾਲਚ ਮਨ ਲੋਭਾਣਾ"
੨) ਰਾਗੁ ਧਨਾਸਰੀ, ਮਹਲਾ ੪ —"ਕਾਮ ਕਰੋਧ ਮਾਇਆ ਮਦ ...ਣਾ"
੩) ਰਾਗੁ ਤਿਲੰਗ, ਮਹਲਾ ੧ —"ਅਲਹ ਏਕ ਕਰੀਮ ਕੁਦਰਤ"

ਇਨ੍ਹਾਂ ਵਿੱਚੋਂ ਪਹਲਾ "ਕਰ ਲਾਲਚ ਮਨ ਲੋਭਾਣਾ" ਤਾਂ 'ਵਿਲੱ... ਬੀੜ' (ਨੰ. ੫) ਵਿਚ ਮਹਲਾ ੧ ਦੇ ਕਰਤ੍ਰਿਤਵ ਅਧੀਨ ਪ੍ਰਾਪਤ ਹੈ।[29] ਪ... ਦੇ ਹੋਰ ਕਿਸੇ ਬੀੜ ਵਿਚ ਹੋਣ ਦਾ ਪਤਾ ਨਹੀਂ। ਸੋ ਸੰਦਿਗਧ ਹਨ।

ਹੁਣ ਲਓ, ਗ਼ੁਲਾਮ ਤੇ ਸਦਾ ਸੇਵਕ ਦੇ ਨਾਂ ਤੇ ਲਿਖ ਕੇ ਕਟੇ ਹੋਏ ... ਸਪਸ਼ਟ ਹੈ ਕਿ ਮੁਢ ਵਿਚ, ਜਦੋਂ ਪੋਥੀਆਂ ਲਿਖੀਆਂ ਗਈਆਂ, ਇਹ ਪੂਰੇ ਜਲੋ... ਵਿਚ ਸੰਮਿਲਿਤ ਸਨ, ਪਰੰਤੂ ਬਾਅਦ ਵਿਚ ਕਿਸੇ ਪੜਾਉ ਤੇ ਕੱਟ ਦਿੱਤੇ ਗਏ ... ਦੀ ਵਜ੍ਹਾ ਇਨ੍ਹਾਂ ਦਾ ਅਪ੍ਰਵਾਨ ਹੋਣਾ ਜਾਂ ਇਨ੍ਹਾਂ ਦੇ ਰਚੇਤਿਆਂ ਦਾ, ਲਿਖ... ਗਵਾ ਚੁਕੇ ਹੋਣਾ ਹੋ ਸਕਦਾ ਹੈ। ਇਹ ਪਿਛਲੀ ਗੱਲ ਅਸੀਂ ਇਸ ਮਾਨਿ... ਆਧਾਰਿਤ ਕਰ ਰਹੇ ਹਾਂ ਕਿ ਇਨ੍ਹਾਂ ਦਾ ਕਰਤਾ, ਗ਼ੁਲਾਮ ਜਾਂ ਸਦਾ ਸੇਵਕ ... ਬਣਿਆ ਗੁਰੂ ਰਾਮਦਾਸ ਹੀ ਸੀ, ਜਿਸ ਨੂੰ ਪੋਥੀ ਦੇ ਮਾਲਕ "ਦੂਜੀ ਹੱਡੀ ਵਿਚੋਂ" ਸਨ। ਜੇ ਭਰੋਸਾ ਗਵਾ ਚੁਕਣ ਵਾਲੀ ਗੱਲ ਠੀਕ ਹੈ ਤਾਂ ਇਨ੍ਹਾਂ ਕਟੇ ...ਬਦ

[28]ਦੇਖੋ ਪਿਛੇ, ਕ੍ਰਮਵਾਰ, ਪੰਨਾ ੮੦, ੮੩ ਅਤੇ ੮੬.
[29]ਦੇਖੋ ਪਿੱਛੇ, ਪੰਨਾ ੧੫੮.

ਰਾਮਦਾਸ ਦੀ ਬਾਣੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਮਿਲ ਜਾਣੀ ਚਾਹੀਦੀ ਸੀ, ਪਰ ਇਹ ਉਥੇ ਵੀ ਥਾਂ ਨ ਪਾ ਸਕੇ। ਇਸ ਲਈ ਠੀਕ ਗੱਲ ਇਹੀ ਪ੍ਰਤੀਤ ਹੁੰਦੀ ਹੈ ਕਿ ਇਹ ਗੁਰੂ ਬਣਦੇ ਦਿਸਦੇ ਭਾਈ ਜੇਠਾ ਜੀ ਨੂੰ ਗੁਰੂ ਅਮਰਦਾਸ ਜੀ ਦੇ ਮਨੋਂ ਲਾਹੁਣ ਲਈ ਕੱਚੀ ਬਾਣੀ ਨੂੰ ਉਨ੍ਹਾਂ ਦੇ ਨਾਂ 'ਤੇ ਠੇਲ੍ਹਣ ਦਾ ਇਕ ਖੜਯੰਤ੍ਰ ਸੀ, ਜਿਸ ਦਾ ਭੇਦ ਖੁਲ੍ਹਣ 'ਤੇ ਇਹ ਸਾਰੀ ਬਾਣੀ ਕਟ ਦਿੱਤੀ ਗਈ। ਇਸ ਸੰਬੰਧੀ ਅਸੀਂ ਪਿੱਛੇ 'ਬਾਬਾ ਮੋਹਨ ਵਾਲੀਆਂ ਪੋਥੀਆਂ' ਦੇ ਕਟੇ ਸ਼ਬਦਾਂ ਦੇ ਪ੍ਰਕਰਣ ਵਿਚ ਸਵਿਸਤਾਰ ਚਰਚਾ ਕਰ ਆਏ ਹਾਂ।[30]

'ਬਾਬਾ ਮੋਹਨ ਵਾਲੀਆਂ ਪੋਥੀਆਂ' ਵਿਚ ਭਗਤਾਂ ਦੇ ਕੁਝ ਪਦੇ ਵੀ ਹਨ, ਜਿਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਨਹੀਂ ਮਿਲੀ। ਉਨ੍ਹਾਂ ਦਾ ਬਿਓਰਾ ਇੰਞ ਹੈ :

ਰਾਗੁ ਸੂਹੀ, ਕਬੀਰ : "ਜੈਸੇ ਰੰਗ ਸੁਪਨੇ ਨਿਧਿ ਪਾਈ"
ਰਾਗੁ ਸੂਹੀ, ਨਾਮਦੇਵ : "ਮਾਤਾ ਕਹੇ ਮੇਰੇ ਪੁਤਰਾ"
ਰਾਗੁ ਭੈਰਉ, ਨਾਮਦੇਵ : "ਸੰਤਨ ਕੈ ਏਕੁ ਰੋਟ ਜਾਚਲਾ"
ਰਾਗੁ ਕੇਦਾਰਾ, ਕਬੀਰ : "ਚਾਲੀ ਅਚਲ ਭਈ ਥਿਤਿ ਪਾਈ"
ਰਾਗੁ ਬਸੰਤ, ਨਾਮਦੇਵ : "ਕਿਸਨ ਬਸੰਤ ਭਲੇ ਤੁਮਿ ਆਏ"

ਇਸ ਪ੍ਰਸ਼ਨ ਦਾ ਉੱਤਰ 'ਬਾਬਾ ਮੋਹਨ ਵਾਲੀਆਂ ਪੋਥੀਆਂ' ਤੋਂ ਗੁਰੂ ਸਾਹਿਬ ਦੇ ਲਾਭ ਉਠਾਉਣ ਦੀ ਕਿਰਿਆ ਨਾਲ ਜੁੜਿਆ ਹੋਇਆ ਹੈ। ਗੁਰੂ ਸਾਹਿਬ ਨੇ ਇਨ੍ਹਾਂ ਪੋਥੀਆਂ ਤੋਂ ਕਿੰਨਾ ਕੁ ਲਾਭ ਉਠਾਇਆ ? ਇਸ ਦਾ ਉੱਤਰ ਪੋਥੀਆਂ ਦੇ ਵਸਤੂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਬਾਣੀ ਨਾਲ ਤੁਲਨਾਤਮਕ ਅਧਿਐਨ ਤੋਂ ਮਿਲ ਸਕਦਾ ਹੈ, ਜਿਸ ਲਈ ਅਸੀਂ ਕੋਈ ਹੋਰ ਮੌਕਾ ਲੱਭਣ ਦਾ ਵਿਚਾਰ ਰਖਦੇ ਹਾਂ।

'ਪੋਥੀ ਪਿੰਡ ਗੁਰੂ ਹਰਿ ਸਹਾਇ' ਵਿਚ ਪ੍ਰਾਪਤ ਬਾਣੀ ਦਾ ਵੇਰਵਾ ਸਾਡੇ ਸਾਮ੍ਹਣੇ ਨਹੀਂ ਹੈ। ਗਿਆਨੀ ਗੁਰਦਿੱਤ ਸਿੰਘ ਨੇ ਸ਼ੇਖ ਫ਼ਰੀਦ ਜੀ ਦੇ ਅਠੱਤੀ ਸਲੋਕਾਂ ਦਾ ਜ਼ਿਕਰ ਆਪਣੀ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਤਿਹਾਸ' ਵਿਚ ਕੀਤਾ ਹੈ ਜੋ ਇਸ ਪੋਥੀ ਦੇ ਪਤ੍ਰਾ ੬੬੪ ਉਪਰ ਪ੍ਰਾਪਤ ਹਨ।[31] ਪੋਥੀ ਦਾ ਇਹ ਹਿੱਸਾ ਗਿਆਨੀ ਜੀ ਦੀ ਪਾਈ ਦਸ ਅਨੁਸਾਰ ਬਾਅਦ ਵਿਚ ਸੰਮਤੁ ੧੬੯੨ ਦੇ ਲਾਗੇ ਕਿਤੇ ਲਿਖਿਆ ਗਇਆ। ਸੋ ਇਨ੍ਹਾਂ ਦਾ ਆਦਿ ਬੀੜ ਵਿਚ, ਜੋ ਸੰਮਤੁ ੧੬੬੧ ਵਿਚ ਬਣ ਚੁਕੀ ਸੀ, ਚੜ੍ਹਾਇਆ ਜਾਣਾ ਅਸੰਭਵ ਸੀ। ਉਂਞ ਇਹ ਵੀ ਦੇਖਿਆ ਗਇਆ ਹੈ ਕਿ ਮਿਹਰਬਾਨ ਦੇ ਆਪਣੇ ਪਿੱਛੇ ਛੱਡੇ ਬਾਣੀ-ਸੰਗ੍ਰਹ ਗੁਰੂ ਗ੍ਰੰਥ ਸਾਹਿਬ ਤੋਂ ਬਾਹਰੀ ਬਹੁਤ ਸਾਰੀ ਬਾਣੀ ਨਾਲ ਸੰਮਿਲਿਤ ਹਨ। ਇੰਞ ਪ੍ਰਤੀਤ ਹੁੰਦਾ ਹੈ ਕਿ ਗੁਰੂ ਸਾਹਿਬਾਨ ਅਤੇ ਭਗਤਾਂ ਦੇ ਨਾਂ 'ਤੇ ਚਲਦੀ ਪ੍ਰਮਾਣਿਕ ਜਾਂ

[30]ਦੇਖੋ ਪਿੱਛੇ, ਪੰਨਾ ੧੦੮.

[31]ਗੁਰਦਿੱਤ ਸਿੰਘ, ਗਿਆਨੀ, "ਗੁਰੂ ਗ੍ਰੰਥ ਸਾਹਿਬ ਦਾ ਇਤਿਹਾਸ" ਪੰਨੇ ੩੭੧-੩੭੩.

ਅਪ੍ਰਮਾਣਿਕ ਬਾਣੀ, ਜੋ ਵੀ ਸੋਢੀ ਮਿਹਰਬਾਨ ਦੇ ਹੱਥ ਲਗੀ, ਉਸ ਨੇ ਇਕੱਠੀ ਕਰ ਲਈ ਤੇ ਫਿਰ ਉਸ ਨੂੰ ਪਰਮਾਰਥ ਲਿਖਣ ਲਈ ਵਰਤਿਆ।[32]

'ਵਿਲੱਖਣ ਤੇ ਪ੍ਰਾਚੀਨ ਬੀੜ' (ਨੰ. ੫) ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰੇ ਸ਼ਬਦਾਂ ਦੀ ਮਾਨੋਂ ਖਾਣ ਹੈ। ਪੂਰਾ ਵੇਰਵਾ ਤਾਂ ਪਿੱਛੇ ਸਰਵੇਖਣ ਵਾਲੇ ਭਾਗ ਵਿਚ ਆ ਚੁਕਿਆ ਹੈ; ਪਰੰਤੂ ਉਸ ਦਾ ਸਾਰਾਂਸ਼ ਮੁੜ ਦੇਣ ਦੀ ਆਵੱਸ਼ਕਤਾ ਹੈ :

ਮਹਲਾ ੧ :	ਰਾਗੁ ਸੂਹੀ, ਚਉਪਦਾ	... ੧	
			ਕੁਲ ੧
ਮਹਲਾ ੩ :	ਸ੍ਰੀ ਰਾਗੁ, ਛੰਤ,	... ੧੫	
	ਰਾਗ ਆਸਾ, ਅਸਟਪਦੀ	... ੧	
	ਰਾਗ ਰਾਮਕਲੀ, ਅਸ਼ਟਪਦੀ	... ੧	
			ਕੁਲ ੧੭
ਮਹਲਾ ੫ :	ਰਾਗ ਆਸਾ, ਚਉਪਦੇ	... ੩	
	ਸੋਰਠਿ, ਚਉਪਦੇ	... ੨	
	ਰਾਮਕਲੀ, ਚਉਪਦੇ	... ੨	
	ਮਾਰੂ, ਸੋਹਲਾ	... ੧	
	ਕੇਦਾਰਾ, ਚਉਪਦਾ	... ੧	
	ਭੈਰੋ, ਚਉਪਦੇ	... ੨	
	ਬਸੰਤ, ਚਉਪਦੇ	... ੧	
	ਮਲਾਰ, ਚਉਪਦੇ	... ੩	
			ਕੁਲ ੧੫

ਮਹਲਾ ੧ ਦੇ ਇਕ ਸ਼ਬਦ ਅਤੇ ਮਹਲ ੩ ਦੇ ਸਤਾਰਾਂ ਸ਼ਬਦਾਂ ਦੇ ਆਦਿ ਬੀੜ ਵਿਚ ਨ ਚੜ੍ਹਨ ਦੀ ਤਾਂ ਸਮਝ ਆ ਸਕਦੀ ਹੈ ਕਿ ਇਨ੍ਹਾਂ ਦਾ ਮਤਨ ਬੀੜ ਤਿਆਰ ਕਰਨ ਵਾਲਿਆਂ ਦੇ ਪਾਸ ਨਹੀਂ ਸੀ, ਪਰ ਆਦਿ ਬੀੜ ਤਿਆਰ ਕਰਵਾਉਣ ਵਾਲੇ ਪੰਚਮ ਪਾਤਸਾਹ ਦੇ ਆਪਣੇ ਪੰਦਰਾਂ ਸ਼ਬਦਾਂ ਦੇ ਗ੍ਰੰਥ ਸਾਹਿਬ ਤੋਂ ਬਾਹਰ ਰਹ ਜਾਣ ਦੀ ਸਮਝ ਨਹੀਂ ਆਈ। ਕੀ ਰਚੈਤਾ ਨੂੰ ਨਹੀਂ ਪਤਾ ਸੀ ਕਿ ਉਸ ਦੇ ਫਲਾਂ-ਫਲਾਂ ਸ਼ਬਦ ਹਾਲੀ ਗ੍ਰੰਥ ਵਿਚ ਨਹੀਂ ਆਏ। ਸੋ ਗ੍ਰੰਥ ਵਿਚ ਨ ਚੜ੍ਹਾਏ ਜਾ ਸਕਣ ਦੇ ਦੋ ਕਾਰਣ ਹੋ ਸਕਦੇ ਹਨ : ਪਹਲਾ ਇਹ ਕਿ ਇਹ ਪ੍ਰਮਾਣਿਕ ਨ ਹੋਣ ਕਾਰਣ ਛਡ ਦਿੱਤੇ ਗਏ। ਇਸ ਸੂਰਤ ਵਿਚ ਮੰਨਣਾ ਪਏਗਾ ਕਿ ਗੁਰੂ ਸਾਹਿਬ ਨੇ ਇਨ੍ਹਾਂ ਨੂੰ ਆਪਣੇ ਗ੍ਰੰਥ ਵਿਚ ਚੜ੍ਹਾਣ ਤੋਂ ਆਪ ਵਰਜਿਆ। ਦੂਸਰਾ ਕਾਰਣ ਇਹ ਕਿ ਇਹ ਸ਼ਬਦ ਸਤਿਗੁਰਾਂ ਨੇ ਬੀੜ ਬੰਨ੍ਹਣ ਦੇ ਮਗਰੋਂ ਉਚਾਰੇ ਤੇ ਜਿਵੇਂ ਜਿਵੇਂ ਲਿਖਾਰੀਆਂ ਦੇ ਧਿਆਨ ਵਿਚ ਆਏ, ਇਹ ਬੀੜਾਂ ਵਿਚ ਦਰਜ ਹੁੰਦੇ ਚਲੇ ਗਏ। ਰਾਗ ਸੋਰਠਿ ਦਾ ਚਉਪਦਾ, "ਸੰਤ ਜਨਾ ਸਿਉ ਦੂਖਨ ਕਰਤਾ",

[32]ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰੀ ਨਾਨਕ ਬਾਣੀ ਲਈ ਦੇਖੋ ਮਿਹਰਬਾਨ, 'ਜਨਮਸਾਖੀ ਸ੍ਰੀ ਗੁਰ ਨਾਨਕ ਦੇਵ ਜੀ, ਭਾਗ ਪਹਿਲਾ ਤੇ ਦੂਜਾ ਦੇ ਅੰਤ ਤੇ ਦਿੱਤੇ ਅੰਤਿਕੇ, ਕ੍ਰਮਵਾਰ, ਨੰ. ੪ ਅਤੇ ਪੰਨਾ ੬੨੫ ੬੪੪. ਭਗਤ ਕਬੀਰ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰੀ ਬਾਣੀ ਦਾ ਭਾਨ ਕਰਨ ਲਈ ਦੇ ਨਰਿੰਦਰ ਕੌਰ ਭਾਟੀਆ, 'ਜਨਮਸਾਖੀ ਭਗਤ ਕਬੀਰ ਜੀ' ਦੀ ਅੰਤਿਕਾ ੨ ਵਿਚ ਸੂਚਿਤ ੩੩ ਪਦੇ।

'ਵਿਲੱਖਣ ਤੇ ਪ੍ਰਾਚੀਨ ਬੀੜ' (ਨੰ. ੫) ਵਿਚ ਪ੍ਰਾਪਤ ਹੈ (ਪੰਨਾ ੧੫੫) ਤੇ ਅਸੀਂ ਇਸਦਾ ਪਾਠ ਉਸ ਬੀੜ ਦੇ ਬਿਓਰੇ ਵਿਚ ਦੇ ਆਏ ਹਾਂ। ਇਥੇ ਕੇਵਲ ਇਹ ਦਸਣਾ ਬਾਕੀ ਹੈ ਕਿ ਇਸ ਸ਼ਬਦ ਦਾ ਜੋ ਪਾਠ ਸ੍ਵਾਮੀ ਹਰਨਾਮ ਦਾਸ ਨੇ ਆਪਣੀ ਪੁਸਤਕ 'ਪੁਰਾਤਨਿ ਬੀੜਾਂ ਤੇ ਵਿਚਾਰ' ਦੇ ਭਾਗ ੨, ਪੰਨਾ ੬੩ ਉੱਤੇ ਅਕਾਲ ਬੁੰਗੇ ਦੀ ਬੀੜ ਅ. ਨੰ. ੨੧ ਦੇ ਹਵਾਲੇ ਨਾਲ ਦਿੱਤਾ ਹੈ, ਉਸ ਵਿਚ ਇਸ ਸ਼ਬਦ ਦੇ ਸਿਰਲੇਖ "ਸੋਰਠਿ ਮਹਲਾ ੫" ਨਾਲ ਹੇਠਲੀ ਤੁਕ ਜਾਂ ਸੂਚਨਾ ਵੀ ਆਈ ਹੈ :

ਮਹਲਾ ੫ ਤੁਲਸੀ ਦਾਸਿ ਆਪਣਾ ਕੀਤਾ ਪਾਇਆ ॥

ਇਹ ਤੁਲਸੀ ਦਾਸ ਕੌਣ ਸੀ ?— ਇਸ ਬਾਰੇ ਸਿੱਖ ਇਤਿਹਾਸ ਚੁਪ ਹੈ। ਪਤਾ ਨਹੀਂ ਸੰਦਰਭ ਅਧੀਨ ਬੀੜ ਦੇ ਲਿਖਾਰੀ ਨੇ ਇਹ ਸੂਚਨਾ ਕਿਥੋਂ ਲੈ ਕੇ ਸ਼ਬਦ ਦੇ ਸਿਰ ਉਪਰ ਟਾਂਕ ਦਿੱਤੀ ਹੈ ? ਕੀ ਸਾਖੀਆਂ ਦੇ ਪਰਥਾਇ ਘੜਨ ਵਾਲੇ ਸਾਖੀਕਾਰਾਂ ਨੇ ਇਸ ਨੂੰ ਰਾਮਾਇਣ ਦੇ ਕਰਤਾ ਗੋਸੁਆਮੀ ਤੁਲਸੀ ਦਾਸ ਨਾਲ ਜੋੜਨ ਦੀ ਭੁੱਲ ਤਾਂ ਨਹੀਂ ਕੀਤੀ ?

ਪੰਜਵੇਂ ਸਤਿਗੁਰਾਂ ਦਾ ਦੂਸਰਾ ਚਉਪਦਾ ਜੋ ਪ੍ਰਾਚੀਨ ਬਾਣੀ-ਸੰਗ੍ਰਹਾਂ ਵਿਚ ਮਿਲਦਾ ਹੈ, ਹੇਠ ਲਿਖੇ ਅਨੁਸਾਰ ਹੈ :

ਮਲਾਰ ਮਹਲਾ ੫

ਪ੍ਰਾਨ ਮਾਨ ਏਕੁ ਨਾਮੁ ਪ੍ਰਿਅ ਪ੍ਰੀਤਿ ਚੀਤਿ ॥੧॥
ਜਾਪ ਤਾਪ ਧਿਆਨੁ ਮੇਰੈ ਮਨਿ ਰੀ ਪ੍ਰੀਤਿ ॥੧॥ਰਹਾਉ॥
ਲੋਭੁ ਮੁਹੁ ਧੋਹ ਨਾਠੇ ਭਰਮ ਮਿਟੀ ਭੀਤਿ ॥੨॥
ਸਹਜ ਸੁਖ ਅਨੰਦੁ ਘਨੋ ਨਾਨਕ ਗੁਨ ਗਾਉ ਨੀਤਿ ॥੩॥

'ਵਿਲੱਖਣ ਤੇ ਪ੍ਰਾਚੀਨ ਬੀੜ' (ਨੰ. ੫) ਵਿਚ ਇਸ ਦੀ ਪਹਲੀ ਪੰਗਤੀ ਦੇ ਕੇ ਬਾਕੀ ਦਾ ਪਾਠ ਪੂਰਾ ਕਰਨ ਲਈ ਥਾਂ ਖਾਲੀ ਛਡੀ ਹੋਈ ਹੈ। ਹੋਰਨਾਂ ਬੀੜਾਂ ਵਿਚ, ਜਿਨ੍ਹਾਂ ਵਿਚ ਇਹ ਪ੍ਰਾਪਤ ਹੈ, ਵੱਡੇਰੀ ਗਿਣਤੀ ਸਵੈਯਾਂ ਤੇ ਸ਼ੇਖ ਫਰੀਦ ਦੇ ਸ਼ਲੋਕਾਂ ਉਤੇ ਸਮਾਪਤ ਹੋਣ ਵਾਲੀਆਂ ਬੀੜਾਂ ਦੀ ਹੈ।[33] ਹੋਰ ਜਿਥੇ ਕਿਤੇ ਇਹ ਸ਼ਬਦ ਮਿਲਦਾ ਹੈ, ਇਨ੍ਹਾਂ ਸ਼ਾਖਾਂ ਤੋਂ ਹੀ ਆਇਆ ਕਹਿਆ ਜਾ ਸਕਦਾ ਹੈ। ਇਨ੍ਹਾਂ ਦੋਹਾਂ ਤੋਂ ਅਤਿਰਿਕਤ ਮਹਲਾ ੫ ਦੇ ਲਿਖਾਰੀਆਂ ਦੀਆਂ ਅੱਖਾਂ ਤੋਂ ਪਰੋਖੇ ਹੋਏ ਸ਼ਬਦਾਂ ਬਾਰੇ ਵਿਚਾਰ ਕਰਨੀ ਤੇ ਕਿਸੇ ਯੋਗ ਸਿੱਟੇ 'ਤੇ ਪੁਜਣਾ ਵਿਦਵਾਨਾਂ ਦਾ ਕਰਤੱਵ ਹੈ। ਇਸ ਸੰਬੰਧੀ ਇਸ ਸੰਭਾਵਨਾ ਨੂੰ ਵੀ ਅੱਖਾਂ ਸਾਮ੍ਹਣੇ ਰੱਖਣਾ ਹੋਵੇਗਾ ਕਿ ਮਤੇ ਇਹ ਸੋਢੀ ਮਿਹਰਬਾਨ ਦੇ ਬਾਣੀ-ਸੰਗ੍ਰਹਾਂ ਤੋਂ ਨ ਆਏ ਹੋਣ, ਜਿਸ ਦੀ ਰੁਚੀ ਨਾਨਕ ਨਾਮ ਤੇ ਮਿਲਦੇ ਸਭ ਕੁਝ ਨੂੰ ਸਾਂਭ ਲੈਣ ਦੀ ਸੀ।

[33]ਸਾਡੇ ਸਰਵੇਖਣ ਵਿਚ ਆਈਆਂ ਬੀੜਾਂ ਵਿਚ ਇਹ ਬੀੜ ਨੰ. ੧੩ (ਬੂੜੇ ਸੰਧੂ ਵਾਲੀ), ਨੰ. ੧੮ (ਐਮ.ਐਸ ੧੦੮੪); ਨੰ. ੨੪ (ਸਲੋਕ ਰੂਪੀ ਨੀਸਾਣ ਵਾਲੀ); ਨੰ. ੩੦ (ਹਰਿਦਾਸ ਲਿਖਤ) ਤੇ ਨੰ. ੩੧ (ਬੀੜ ਮਾਨ ਸਿੰਘ ਨਿਰੰਕਾਰੀ—ਦੂਜੀ) ਵਿਚ ਉਪਲਬਧ ਸੀ।

ਪੰਚਮ ਸਤਿਗੁਰਾਂ ਨਾਲ ਸੰਬੰਧਿਤਿ ਇਕ ਹੋਰ ਸ਼ਬਦ ਹੈ ਜਿਹੜਾ ਕਈ [illegible]ੜਾਂ ਪੂਰਾ, ਕਈਆਂ ਵਿਚ ਅਧੂਰਾ (ਕੇਵਲ ਦੋ ਤੁਕਾਂ) ਤੇ ਕਈਆਂ ਵਿਚ ਉੱਕਾ ਹੀ ਮਿਲਦਾ। ਇਸ ਵਿਚ ਛੇਵੇਂ ਗੁਰੂ ਸ੍ਰੀ ਹਰਿਗੋਬਿੰਦ ਦੇ ਜਨਮ ਲੈਣ, ਕਥਿਤ ਭੱਦਣ [illegible]ਰਾ ਵਧਣ ਫੂਲਣ ਤੇ ਫਿਰ ਮੰਗੇਵਾ ਤੇ ਵਿਆਹੇ ਜਾਣ ਦਾ ਜ਼ਿਕਰ ਹੈ। ਇਸ ਦਾ [illegible]ਰਾ ਇਸ ਤਰ੍ਹਾਂ ਹੈ :[34]

ਰਾਗੁ ਰਾਮਕਲੀ ਛੰਤ ਮਹਲਾ ੫

ਰੁਣ ਝੁੰਝਨੜਾ ਗਾਉ ਸਖੀ ਹਰਿ ਏਕੁ ਧਿਆਵਹੁ ॥
ਸਤਿਗੁਰੁ ਤੁਮ ਸੇਵਿ ਸਖੀ ਮਨਿ ਚਿੰਦਿਅੜਾ ਫਲੁ ਪਾਵਹੁ ॥
ਸਤਿਗੁਰ ਧਿਆਇਆ ਕਰਮਿ ਪਾਇਆ ਅਨੂਪੁ ਬਾਲਕੁ ਜੰਮਿਆ ॥
ਸਤਿਗੁਰ ਸਾਚੈ ਭੇਜਿ ਦੀਆ ਚਿਰੁ ਜੀਵਨੁ ਵਡ ਪੁੰਨਿਆ ॥
ਮਹਾ ਆਨੰਦੁ ਹੋਆ ਸਦਾ ਮੰਗਲੁ ਹਰਿ ਗੁਣ ਗਾਵਹੁ ॥
ਜਨ ਕਹੈ ਨਾਨਕੁ ਸਫਲੁ ਜਾਤ੍ਰਾ ਸਤਿਗੁਰ ਪੁਰਖੁ ਧਿਆਵਹੋ ॥੧॥

ਅੰਮ੍ਰਿਤ ਭੋਜਨੁ ਇਕਤ੍ਰ ਕਰੇ ਪਰਵਾਰੁ ਬੁਲਾਇਆ ॥
ਵੰਡਿਅਹੁ ਅੰਮ੍ਰਿਤ ਨਾਮੁ ਹਰੇ ਜਿਤ ਸਭਿ ਤ੍ਰਿਪਤਾਇਆ ॥
ਸਤਿਗੁਰੁ ਬਹਿ ਕੇ ਵੰਡ ਕੀਤੀ ਸਗਲ ਭਾਉ ਦਿਵਾਇਆ ॥
ਕਰਮਾ ਉਪਰਿ ਵੰਡ ਹੋਈ ਖਾਲੀ ਕੋਇ ਨ ਜਾਇਆ ॥
ਸੁਭ ਸਿਖ ਸੰਗਤਿ ਭਈ ਇਕਤ੍ਰ ਮਹਾ ਅਨੰਦ ਸਮਾਇਆ ॥
ਬਿਨਵੰਤ ਨਾਨਕ ਸਾਮ ਹਰਿ ਜੀ ਸਰਬ ਸੁਖ ਮੈ ਪਾਇਆ ॥੨॥

ਰੀਤੀ ਸਗਲ ਕਰਾਈਆ ਹਰਿ ਸਿਉ ਲਿਵ ਲਾਈ ॥
ਭਦਣ ਉਣੇਤੁ ਕਰਾਇਆ ਗੁਰ ਗਿਆਨ ਜਪਾਈ ॥
ਗੁਰ ਗਿਆਨ ਜਪਿਆ ਸੁਖਹਦਾਤਾ ਚਾਟਸਾਲਿ ਬਾਲਕ ਪਾਇਆ ॥
ਸਗਲ ਵਿਦਿਆ ਸੰਪੂਰਣ ਪੜਿਆ ਗੋਬਿੰਦ ਰਿਦੈ ਮਨਾਇਆ ॥
ਜੇਵਣਵਾਰ ਨਾਮੁਕਰਣੁ ਬਿਰਥਾ ਕੋਇ ਨ ਜਾਈ ॥
ਬਿਨਵੰਤ ਨਾਨਕ ਦਾਸੁ ਹਰਿ ਕਾ ਮੇਰਾ ਪ੍ਰਭੁ ਅੰਤੁ ਸਖਾਈ ॥੩॥

ਸਾਧ ਸੰਗਤਿ ਇਕਤ੍ਰ ਕਰਿ ਬਾਲਕ ਕਰਹੁ ਮੰਗੇਵਾ ॥
ਥਾਪੇ ਸਜਣ ਜਨ ਕੁੜਮ ਭਲੇ ਵੰਡਿਅਹੁ ਅੰਮ੍ਰਿਤ ਮੇਵਾ ॥

[34]ਇਸ ਛੰਤ ਲਈ ਦੇਖੋ ਬੀੜ ਨੰ. ੧੩ (ਬੂੜੇ ਸੰਧੂ ਵਾਲੀ, ਸੰਮਤੁ ੧੭੧੧) [illegible] ਨੰ. [illegible] (ਜੋਗਰਾਜ ਲਿਖਿਤ, ਸੰਮਤੁ ੧੭੨੪); ਨੰ. ੨੦ (ਸਾਰਨਕੇ ਵਾਲਾ ਗ੍ਰੰਥ, ਸੰਮਤੁ ੧੭੨[illegible]); [illegible] (ਹਰਿਦਾਸ ਲਿਖਿਤ ਬੀੜ, ਸੰਮਤੁ ੧੭੫੦ ਅੰਦਾਜ਼ਨ); ਨੰ. ੩੨ (ਸਫ਼ਰੀ ਬੀੜ, ਸੰਮਤੁ ੧੭੫੮) ਤੇ (ਡਾ. ਤ੍ਰਿਲੋਚਨ ਸਿੰਘ ਵਾਲੀ ਬੀੜ, ਸੰਮਤੁ ੧੭੬੨)।

ਅੰਮ੍ਰਿਤ ਪਾਇਆ ਗੁਰ ਗਿਆਨੁ ਦ੍ਰਿੜਾਇਆ ਸਗਲ ਦੋਖ ਮਿਟਾਇਆ ॥
ਲਗਣੁ ਲਿਖਾਇਆ ਧੁਰਹੁ ਆਇਆ ਵੀਆਹੁ ਕੁੜਮਿ ਦਿਵਾਇਆ ॥
ਅਚਰਜ ਜੰਞ ਬਨਾਈ ਠਾਕੁਰ ਮੁਨਿ ਜਨ ਢੂਕੇ ਸਭ ਦੇਵਸੁਰਾ ॥
ਜਨ ਕਹੈ ਨਾਨਕੁ ਕਾਜੁ ਹੋਆ ਵਾਜੇ ਅਨਹਦ ਤੂਰਾ ॥੪॥੫॥

'ਕਰਤਾਰਪੁਰੀ ਬੀੜ' ਵਿਚ ਇਸ ਛੰਤ ਦੀਆਂ ਕੇਵਲ ਪਹਲੀਆਂ ਦੋ ਤੁਕਾਂ ਪ੍ਰਾਪਤ ਹਨ ਅਤੇ 'ਭਾਈ ਬੰਨੋ ਵਾਲੀ ਬੀੜ' ਵਿਚ ਦੋ ਤੁਕਾਂ ਲਿਖ ਕੇ ਥਾਂ ਖਾਲੀ ਛਡੀ ਗਈ ਤੇ ਮਗਰੋਂ ਇਸ ਨੂੰ ਪੂਰਾ ਕੀਤਾ ਗਇਆ । ਕੁਝ ਵੀ ਹੋਵੇ, ਇਸ ਵਕਤ ਇਹ 'ਭਾਈ ਬੰਨੋ ਵਾਲੀ ਮਿਸਲ' ਦਾ ਪੱਕਾ ਅੰਗ ਹੈ ਤੇ ਉਸ ਮਿਸਲ ਦੀਆਂ ਸਾਡੇ ਸਰਵੇਖਣ ਵਿਚ ਆਈਆਂ ਸਾਰੀਆਂ ਬੀੜਾਂ ਵਿਚ, ਪੂਰਾ ਜਾਂ ਅਧੂਰਾ, ਪ੍ਰਾਪਤ ਹੈ ਤੇ ਉਹ ਜਿਨ੍ਹਾਂ ਦੇ ਪਾਠ 'ਕਰਤਾਰਪੁਰੀ ਬੀੜ' ਦੀ ਕਿਸੇ ਪ੍ਰਤਿਲਿਪੀ ਨਾਲ ਸੋਧੇ ਗਏ ਹਨ, ਉਨ੍ਹਾਂ ਵਿਚ ਵੀ ਦੋ ਤੁਕਾਂ ਮਿਲਦੀਆਂ ਹਨ ।

ਕਈ ਸਿੱਖ ਇਸ ਵਿਚ ਭੱਦਣ ਉਣੇਤ ਆਦਿ ਦੀ ਗੱਲ ਪੜ੍ਹ ਕੇ ਤੇ ਇਸ ਨੂੰ ਗ੍ਰੰਥ ਸਾਹਿਬ ਵਿਚ ਦਰਜ ਹੋਇਆ ਦੇਖ ਕੇ ਸੀਖ-ਪਾ ਹੋ ਜਾਂਦੇ ਹਨ । ਅਜੇਹੇ ਸਿੰਘਾਂ ਦੇ ਇਸ ਰਵੱਯੇ ਨੂੰ ਵੇਖ ਕੇ ਹੀ ਮੈਕਲੋਡ ਵਰਗੇ ਵਿਘਟਨਕਾਰੀ ਲੇਖਕ ਇਹ ਇਲਜ਼ਾਮ ਤਰਾਸ਼ਨ ਦੀ ਹਿੰਮਤ ਕਰ ਸਕੇ ਕਿ ਇਹ ਸ਼ਬਦ ਮੁਢ ਵਿਚ ਬੀੜਾਂ ਵਿਚ ਮੌਜੂਦ ਸੀ, ਪਰ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਹੁਣ ਸਿੱਖ ਇਸ ਨੂੰ ਬੀੜ ਵਿੱਚੋਂ ਖ਼ਾਰਿਜ ਕਰਨ ਤੇ ਤੁਲੇ ਹੋਏ ਹਨ ।[35]

ਇਨ੍ਹਾਂ ਦੇ ਜਾਣ ਬੁਝ ਕੇ ਸਹੇੜੇ ਅਗਿਆਨ ਨੂੰ ਕਟਣ ਲਈ ਅਸੀਂ ਇਹ ਦ੍ਰਿੜ੍ਹ ਕਰਾਣਾ ਚਾਹੁੰਦੇ ਹਾਂ ਕਿ ਇਹ ਸ਼ਬਦ ਮੁਢ ਤੋਂ ਹੀ ਸੂਝਵਾਨ ਸੰਪਾਦਕਾਂ ਦੀਆਂ ਨਜ਼ਰਾਂ ਵਿਚ ਗੁਰੂ-ਕ੍ਰਿਤ ਨ ਹੋਣ ਕਾਰਣ ਖਟਕਦਾ ਰਹਿਆ ਤੇ ਉਨ੍ਹਾਂ ਇਸੇ ਕਾਰਣ ਇਸ ਨੂੰ ਆਪਣੇ ਬਾਣੀ-ਸੰਗ੍ਰਹਾਂ ਵਿਚ ਥਾਂ ਨਹੀਂ ਦਿੱਤੀ । ਸਵੈਯਾਂ ਅਤੇ ਫ਼ਰੀਦ ਜੀ ਦੇ ਸਲੋਕਾਂ 'ਤੇ ਸਮਾਪਤ ਹੋਣ ਵਾਲੀਆਂ ਬੀੜਾਂ ਦਾ ਇਹ ਸ਼ਬਦ ਅੰਗ ਨਹੀਂ ਸੀ; ਜਿੱਥੇ ਕਿਤੇ ਇਹ ਆਇਆ ਹੈ, ਉਹ ਬਾਅਦ ਦੀ ਦਖ਼ਲ-ਅੰਦਾਜ਼ੀ ਦਾ ਫਲ ਹੈ ।

ਜੇ ਇਸ ਸ਼ਬਦ ਦੇ ਦੂਜੇ ਬੰਦ ਵਿਚ ਆਈ ਤੁਕ "ਸਤਿਗੁਰ ਬਹਿ ਕੇ ਵੰਡ ਕੀਤੀ" ਉਪਰ ਧਿਆਨ ਟਿਕਾਈਏ ਤਾਂ ਪ੍ਰਸ਼ਨ ਉਠਦਾ ਹੈ ਕਿ ਬਹਿ ਕੇ ਵੰਡ ਕਰਨ ਵਾਲਾ ਸਤਿਗੁਰੁ ਕਿਹੜਾ ਸੀ ? ਕੀ ਗੁਰੂ ਅਰਜੁਨ ਦੇਵ ਜੀ, ਜੋ "ਗਰੀਬੀ ਗਦਾ ਹਮਾਰੀ ਸਗਲ ਰੇਣੁ ਛਾਰੀ" ਦੇ ਮਹਾਨ ਵਾਕ ਅਨੁਸਾਰ ਨਿਮਰਤਾ ਦੇ ਪੁੰਜ ਸਨ, ਇਹ ਸ਼ਬਦ (ਸਤਿਗੁਰੁ) ਆਪਣੇ ਲਈ ਵਰਤ ਰਹੇ ਸਨ ? ਇਸ ਦਾ ਤਾਰਕਿਕ ਉੱਤਰ ਇਹੀ ਹੋ ਸਕਦਾ ਹੈ ਕਿ "ਨਹੀਂ" । ਇਹ ਚੀਜ਼ ਸਿਧ ਕਰਦੀ ਹੈ ਕਿ ਇਹ ਸ਼ਬਦ ਪੰਜਵੇਂ ਸਤਿਗੁਰੂ ਦਾ ਆਪਣਾ ਰਚਿਆ ਨਹੀਂ, ਕਿਸੇ ਹੋਰ ਆਪਸੁਆਰਥੀ ਦਾ ਰਚਿਆ ਹੋਇਆ ਹੈ, ਜੋ ਗੁਰੂ ਅਰਜੁਨ ਦੇਵ ਜੀ ਲਈ "ਸਤਿਗੁਰੂ" ਪਦ ਵਰਤ ਰਹਿਆ ਹੈ । ਭੱਦਣ ਉਣੇਤੁ ਤੇ ਸਗਲ ਰੀਤੀਆਂ ਦੀ ਗੱਲ ਉਸਤਿਤ ਸਮੇਂ ਚਲੇ ਰਿਵਾਜ ਮੁਤਾਬਕ ਲਿਖ ਦਿੱਤੀ ਲਗਦੀ ਹੈ ।

[35] W.H. McLeod, *Evolution of Sikh Community*, p. 77.

"ਰੁਣ ਝੁੰਝਨੜਾ" ਗੁਰੂ ਕਾਲ ਵਿਚ ਖੁਸ਼ੀ ਦੇ ਮੌਕੇ 'ਤੇ ਗਾਉਣ ਵਾਲਾ ਗੀਤ ਹੁੰਦਾ ਸੀ ਜੋ ਘੁੰਘਰੂ ਪਹਨ ਕੇ ਢੋਲਕ ਆਦਿ ਨਾਲ ਗਾਇਆ ਜਾਂਦਾ ਸੀ । ਉਸ ਸਮੇਂ ਦੇ ਹਿੰਦੂ ਸਮਾਜ ਵਿਚ ਖੁਸ਼ੀ ਦੇ ਵੱਡੇ ਮੌਕੇ ਬਾਲਕ ਦੇ ਵਧਣ ਫੁਲਣ ਨਾਲ ਹੌਲੀ ਹੌਲੀ ਸਮਾਂ ਪਾ ਕੇ ਆਉਂਦੇ ਸਨ । ਇਹ ਸਮਾਂ ਪੂਰਾ ਹੋਣ ਵਿਚ ਘਟੋ ਘਟ ੧੪-੧੫ ਸਾਲ ਲਗ ਜਾਂਦੇ ਸਨ । ਇਸ ਛੰਤ ਵਿਚ ਬਾਲਕ ਦੇ ਜੰਮਣ ਤੋਂ ਲੈ ਕੇ ਵਿਆਹ ਤਕ ਦਾ ਹਾਲ ਹੈ । ਸੋ, ਇਹ ਵਿਆਹ ਦੇ ਮੌਕੇ 'ਤੇ ਰਚਿਆ ਗਇਆ ਛੰਤ ਲਗਦਾ ਹੈ, ਪਹਲਾਂ ਦਾ ਨਹੀਂ, ਜਿਵੇਂ ਕਿ ਅਸੀਂ ਉਪਰ ਸੰਕੇਤ ਕਰ ਆਏ ਹਾਂ, ਰਚਨਾ ਕਰਨ ਵਾਲਾ ਇਸ ਦਾ ਸੰਦਿਗ੍ਧ ਹੈ । ਇੰਞ ਪ੍ਰਤੀਤ ਹੁੰਦਾ ਹੈ ਕਿ ਜਜਮਾਨੀ ਵਸੂਲ ਕਰਨ ਵਾਲੇ ਕਿਸੇ ਭਟ ਜਾਂ ਪੰਡਿਤ ਨੇ ਇਸ ਮੌਕੇ ਤੇ ਪ੍ਰਚਲਿਤ ਰਿਵਾਇਤ ਅਨੁਸਾਰ ਇਸ ਦੀ ਰਚਨਾ ਕਰ ਦਿੱਤੀ ਜੋ ਬਾਅਦ ਵਿਚ "ਨਾਨਕ" ਛਾਪ ਲੈ ਕੇ ਗੁਰੂ ਅਰਜੁਨ ਦੇ ਨਾਂ ਨਾਲ ਜੁੜ ਗਈ । ਗੁਰੂ ਅਰਜੁਨ ਦੇਵ ਜੀ ਨੇ ਘਰੇਲੂ ਖੁਸ਼ੀਆਂ ਤੇ ਗਮੀਆਂ ਦਾ ਪ੍ਰਗਟਾਵਾ ਆਪਣੇ ਸ਼ਬਦਾਂ ਵਿਚ ਆਮ ਕੀਤਾ ਹੈ, ਪਰ ਉਹ ਇਸ ਆਮਿਆਨਾ ਸ਼ੈਲੀ ਵਿਚ ਨਹੀਂ ਜੇਹੋ ਜਹੀ ਕਿ ਇਸ ਛੰਤ ਵਿਚ ਮਿਲਦੀ ਹੈ । ਸੋ ਸਾਡਾ ਪੱਕਾ ਨਿਸ਼ਚਾ ਹੈ ਕਿ ਇਹ ਸ਼ਬਦ ਗੁਰੂ ਅਰਜੁਨ ਕ੍ਰਿਤ ਨਹੀਂ ।

ਗੁਰੂ ਸਾਹਿਬਾਨ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਰਹੇ ਪਦਿਆਂ ਵਿਚ ਗੁਰੂ ਤੇਗ ਬਹਾਦੁਰ ਜੀ ਦੇ ਸਿਰੀ ਰਾਗੁ ਵਿਚ ਲਿਖੇ ਦੋ ਚਉਪਦੇ ਵੀ ਵਿਚਾਰਣ ਯੋਗ ਹਨ । ਇਨ੍ਹਾਂ ਦੇ ਪਾਠ ਅਸੀਂ ਪਿੱਛੇ ਡਾ. ਮਾਨ ਸਿੰਘ ਨਿਰੰਕਾਰੀ ਦੇ ਪੁਸਤਕਾਲਯ ਦੀ ਸੰਮਤੁ ੧੭੩੩ ਵਾਲੀ ਬੀੜ (ਨੰ. ੨੩) ਦੇ ਵਿਵਰਣ ਵਿਚ ਦੇ ਆਏ ਹਾਂ (ਦੇਖੋ ਪਿੱਛੇ ਪੰਨਾ ੩੧੩ ਅਤੇ ੩੧੪) । ਇਹ ਸੰਚਾ ਸ੍ਰੀ ਗੁਰੂ ਤੇਗ ਬਹਾਦੁਰ ਦੇ ਚਲਾਣੇ ਦੇ ਛੇਤੀ ਪਿੱਛੋਂ ਤਿਆਰ ਹੋਇਆ । ਸੰਭਵ ਹੈ, ਇਹ ਗੁਰੂ ਮਹਾਰਾਜ ਦੀ ਕ੍ਰਿਤ ਹੋਣ ।

ਆਦਿ ਬੀੜ ਦੇ ਪੁਰਾਣੇ ਸ੍ਵਰੂਪਾਂ ਵਿਚ ਮਗਰੋਂ ਵਧਾਏ ਗਏ ਸ਼ਬਦਾਂ ਦੀ ਮਾਤ੍ਰਾ ਕਬੀਰ ਜੀ ਦੀ ਹਾਲਤ ਵਿਚ ਸਭ ਤੋਂ ਅਧਿਕ ਹੈ । ਉਨ੍ਹਾਂ ਵਾਧੂ ਆਏ ਸ਼ਬਦਾਂ ਦੀ ਵਿਵਸਥਾ ਸਾਡੇ ਵਿਚਾਰ ਅਨੁਸਾਰ ਨਿਮਨ-ਲਿਖਿਤ ਹੈ :

(੧) ਰਾਗੁ ਗਉੜੀ ਬੈਰਾਗਣਿ ਕਬੀਰ ਦੇ ਅੰਤ ਤੇ ਆਇਆ ਵਾਧੂ ਪਦਾ :

ਗਗਨ ਮੰਡਲ ਮਹਿ ਏਕੋ ਸੋਈ ਹੁਕਮੈ ਰਹਿਆ ਸਮਾਈ ॥
ਗੁਰਪ੍ਰਸਾਦੀ ਹੁਕਮੈ ਬੂਝੇ ਇਹ ਸੰਸਾ ਇਉ ਜਾਈ ॥੪॥
ਨ ਕਿਛੁ ਤੂਟੇ ਨ ਕਿਛੁ ਬਿਨਸੈ ਮੂਲ ਪਛਾਣਹੁ ਭਾਈ ॥
ਅਨੇਕ ਅਸੰਖ ਖੇਲ ਹਹਿੰ ਤਿਸ ਕੇ ਗਣਤ ਨ ਕਰਹੁ ॥
ਏਕ ਲਿਵ ਲਾਵਹੁ ਸਹਜੇ ਰਹਹੁ ਸਮਾਈ ॥੫॥੫੨॥

ਇਹ ਪਦਾ ਅਸਾਂ 'ਸਲੋਕ ਰੂਪੀ ਨੀਸਾਣ ਵਾਲੀ ਬੀੜ' (ਨੰ. ੨੪, ਸੰਮਤੁ ੧੭੪੪ ਤੋਂ ਲਇਆ ਹੈ । ਇਹ ਉੱਥੇ ਹਾਸ਼ੀਏ ਉਪਰ ਲਿਖਿਆ ਹੋਇਆ ਹੈ । ਸਵਰਗਵਾਸ

ਗੁਰਦਵਾਰਾ ਇਨਸਪੈਕਟਰ ਭਾਈ ਰਣਧੀਰ ਸਿੰਘ ਨੇ ਇਸ ਦੇ ਲਾਹੌਰ ਵਾਸੀ ਸੋਢੀ ਤੀਰਥ ਦਾਸ ਦੀ ਬੀੜ (ਨੰ. ੩੭) ਵਿਚ ਹੋਣ ਦੀ ਸੂਚਨਾ ਦਿੱਤੀ ਹੈ। ਬੀੜ ਵਿਚ ਦਰਜ ਕਰਨ ਵਾਲੇ ਲਿਖਾਰੀਆਂ ਅਨੁਸਾਰ ਰਾਗੁ ਗਉੜੀ ਬੈਰਾਗਣਿ ਕਬੀਰ ਜੀ ਕੀ ਦੇ ਸ਼ਬਦ "ਜੋਗੀ ਕਹਹਿ ਜੋਗੁ ਭਲ ਮੀਠਾ" ਦੇ ਮਗਰ ਦਰਜ ਹੋਣ ਯੋਗ ਇਹ ਇਕ ਹੋਰ ਸ਼ਬਦ ਹੈ। ਇਸ ਦਾ "ਜੋਗੀ ਕਹਹਿ" ਵਾਲੇ ਸ਼ਬਦ ਨਾਲ ਕੋਈ ਸੰਬੰਧ ਨਹੀਂ; ਉਹ ਆਪਣੇ ਆਪ ਵਿਚ ਪੂਰਾ ਤੇ ਨਿਵੇਕਲਾ ਸ਼ਬਦ ਹੈ। "ਗਗਨ ਮੰਡਲ" ਵਾਲਾ ਇਹ ਸ਼ਬਦ ਵੀ ਅਧੂਰਾ ਲਗਦਾ ਹੈ। ਇਸ ਵਿਚ "ਕਬੀਰ" ਦੀ ਛਾਪ ਨਹੀਂ ਆਈ ਤੇ ਇਸ ਦੇ ਬੰਦਾਂ ਦੇ ਅੰਕ ਵੀ ਸੰਦਿਗ੍ਧ ਹਨ। ਚੌਥੀ ਤੁਕ ਦਾ ਅੰਤਲਾ ਤੁਕਾਂਤ ਵਾਲਾ ਸ਼ਬਦ ਗੁਮ ਹੈ। ਇਹ ਸ਼ਾਇਦ "ਕਾਈ" ਸੀ। ਅਖੀਰਲੀ ਤੁਕ ਵੀ ਉਖੜੀ ਉਖੜੀ ਹੈ; ਇਸ ਵਿਚ ਕੁਝ ਪਦ ਰਹੇ ਹੋਏ ਹਨ। ਸੰਭਵ ਹੈ ਕਿ ਇਹ ਵੀ ਉਨ੍ਹਾਂ ਅਨੇਕ ਸ਼ਬਦਾਂ ਵਿਚੋਂ ਹੋਵੇ ਜਿਹੜੇ ਸੰਗ੍ਰਹਿ-ਕਰਤਾ ਦੇ ਸਾਮ੍ਹਣੇ ਨਹੀਂ ਆਏ।[36] ਉਂਞ ਵਿਸ਼ਾ ਇਸ ਦਾ ਗੁਰਮਤਿ ਅਨੁਕੂਲ ਹੈ।

(੨) ਰਾਗੁ ਗਉੜੀ ਕਬੀਰ ਜੀ ਦੀ 'ਵਾਰ' ਨਾਂ ਦੀ ਬਾਣੀ ਦੇ ਮੁਢ ਵਿਚ ਆਇਆ ਹੇਠ ਲਿਖਿਆ ਸਲੋਕ ਹੈ :

ਧਰ ਅੰਬਰ ਵਿਚਿ ਬੇਲੜੀ ਤਿਹ ਲਾਲ ਸੁਗੰਧਾ ਫੂਲ ॥
ਅਖਰ ਓਹ ਲਖਿਓ ਨਹੀ ਰੋਜ਼ਾ ਕਰੇ ਕਬੂਲ ॥੧॥

ਕਬੀਰ ਜੀ ਦਾ "ਧਰ ਅੰਬਰ ਵਿਚ ਬੇਲੜੀ" ਵਾਲਾ ਇਹ ਸਲੋਕ ਸਵੈਯਾਂ 'ਤੇ ਅੰਤ ਕਰਨ ਵਾਲੀਆਂ ਅਕਸਰ ਬੀੜਾਂ ਵਿਚ ਮਿਲਦਾ ਹੈ। ਇਹ ਸ਼ੁਰੂ ਵਿਚ 'ਕਰਤਾਰਪੁਰੀ ਬੀੜ' ਵਿਚ ਵੀ ਸੀ, ਪਰ ਮਗਰੋਂ ਕੱਟ ਦਿੱਤਾ ਗਇਆ। ਇਸੇ ਤਰ੍ਹਾਂ 'ਕਾਨਗੜ੍ਹ ਵਾਲੀ ਬੀੜ' ਵਿਚ ਵੀ ਇਹ ਦਰਜ ਕਰਕੇ ਮਗਰੋਂ ਬਿੰਦੀਆਂ ਨਾਲ ਵਲ ਕੇ ਪਾਠੋਂ ਖਾਰਿਜ ਕੀਤਾ ਹੋਇਆ ਹੈ। 'ਡਾ. ਤ੍ਰਿਲੋਚਨ ਸਿੰਘ ਵਾਲੀ ਬੀੜ' (ਨੰ. ੩੫) ਤੇ 'ਅਮੋਲਕ ਗ੍ਰੰਥ' (ਨੰ. ੩੯) ਵਿਚ ਇਹ ਹਾਲੀ ਵੀ ਪ੍ਰਾਪਤ ਹੈ। ਜੇ ਇਸ ਗੱਲ ਨੂੰ ਚਿਤਾਰੀਏ ਕਿ ਇਹ ਕਬੀਰ ਜੀ ਦੇ ਸਤ ਵਾਰਾਂ ਦੇ ਮੁਢ ਵਿਚ ਆਇਆ ਹੈ ਅਤੇ ਰੋਜ਼ੇ ਰੱਖਣ ਦੀ ਕਰਮਕਾਂਡੀ ਕਿਰਿਆ ਨੂੰ ਤਿਆਗ ਕੇ ਧਰ (ਧਰਤੀ) ਤੇ ਅੰਬਰ ਵਿਚ ਵਿਆਪਕ ਸ੍ਰਿਸ਼ਟੀ (ਲਾਲ ਸੁਗੰਧਾ ਫੁਲ) ਦੇ ਖ਼ਾਲਿਕ (ਕਰਤਾ) ਨੂੰ ਪਛਾਨਣ ਦੀ ਪ੍ਰੇਰਣਾ ਦੇਂਦਾ ਹੈ, ਤਾਂ ਇਸ ਦਾ ਇਸ ਥਾਂ 'ਤੇ ਆਉਣਾ ਉਚਿਤ ਹੋ ਜਾਂਦਾ ਹੈ। ਭਾਈ ਗੁਰਦਾਸ ਵਾਲੀ ਅਸਲੀ ਆਦਿ ਬੀੜ ਵਿਚ ਸ਼ਾਇਦ ਇਹ ਨਹੀਂ ਸੀ; ਇਸ ਕਾਰਣ ਆਦਿ ਬੀੜ ਨਾਲ ਸੋਧੀਆਂ ਹੋਈਆਂ ਅਕਸਰ ਬੀੜਾਂ ਵਿਚੋਂ ਇਹ ਕਟ ਦਿੱਤਾ ਗਇਆ ਹੈ।

[36] ਇਨ੍ਹਾਂ ਸੱਤਰਾਂ ਦਾ ਲੇਖਕ ਕਬੀਰ ਜੀ ਦੇ ਕੁਝ ਪਦਿਆਂ ਤੋਂ ਜਾਣੂ ਹੈ ਜੋ ਸਤਾਰ੍ਹਵੀਂ ਸਦੀ ਦੀਆਂ ਫਾਰਸੀ ਅੱਖਰਾਂ ਵਿਚ ਲਿਖੀਆਂ ਬਿਆਜ਼ਾਂ ਵਿਚ ਪ੍ਰਾਪਤ ਹਨ, ਪਰ ਗੁਰੂ ਗ੍ਰੰਥ ਸਾਹਿਬ ਵਿਚ ਉਹ ਦਰਜ ਨਹੀਂ ਹਨ, ਜਾਂ ਦਰਜ ਹੋਣ ਯੋਗ ਨਹੀਂ ਸਮਝੇ ਗਏ।

੩. ਕਰਤਾਰਪੁਰੀ ਬੀੜ ਰਾਗੁ ਆਸਾ ਅੰਦਰ ਕਬੀਰ ਜੀ ਦਾ ਲਿਖ ਕੇ ਕਟਿਆ ਹੋਇਆ

ਦੇਖਹੁ ਲੋਗਾ ਹਰਿ ਕੀ ਸਗਾਈ ॥
ਮਾਂ ਘਰਿ ਪੂਤ ਧੀਆ ਸੰਗ ਜਾਈ ॥ ੧ ॥ ਰਹਾਉ ॥

ਹਮਹਿ ਬਾਪ ਰਾਮੁ ਪੂਤ ਹਮਾਰਾ ॥
ਮੈ ਬਹਨੋਈ ਰਾਮੁ ਮੇਰਾ ਸਾਰਾ ॥ ੧ ॥

ਅਬ ਮੇਰੀ ਰਾਮ ਕਹੈਗੀ ਬਲਈਆ ॥
ਰਾਮ ਮੇਰੋ ਸਸੁਰ ਮੈ ਰਾਮ ਜਵਈਆ ॥ ੨ ॥

ਕਹਤ ਕਬੀਰ ਸੁਨਹੁ ਰੇ ਪੂਤਾ ॥
ਰਾਮ ਜਪਹਿ ਤੇਈ ਨਰ ਕੂਤਾ ॥ ੩ ॥

ਇਹ ਪਦਾ ਬਹੁਤ ਘੱਟ ਬੀੜਾਂ ਵਿਚ ਮਿਲਦਾ ਹੈ। ਸ੍ਵਾਮੀ ਹਰਨਾਮ ਦਾਸ [illegible] ਕਿਸੇ ਗਿਆਨੀ ਹਜ਼ਾਰਾ ਸਿੰਘ ਸੰਗਰੂਰ ਦੀ ਬੀੜ ਵਿਚ ਹੋਣ ਦੀ ਟੋਹ ਦਿੱਤੀ [illegible] ਗੁਰਦਵਾਰਾ ਇਨਸਪੈਕਟਰ ਭਾਈ ਰਣਧੀਰ ਸਿੰਘ ਨੇ ਆਪਣੀ ਅਣਛਪੀ ਪੁਸ [illegible] ਵਿਗਾਸ" ਵਿਚ ਇਸ ਦੇ ਰਾਜ ਮਹਲ, ਮੋਤੀ ਬਾਗ, ਪਟਿਆਲਾ (ਪੱਤੀ ੨੮ [illegible] ਰਾਮਗੜ੍ਹ (ਲੁਧੇਰੀ) ਵਾਲੇ ਧਰਦਾਰਾਂ ਦੇ ਗ੍ਰੰਥ ਦੇ ਪਤ੍ਰਾ ੨੫੧ ਉਤੇ ਪ੍ਰਾਪਤ ਹੋਣ [illegible] ਪਾਈ ਹੈ। ਪਰੰਤੂ ਉਨ੍ਹਾਂ ਇਸ ਦੀਆਂ ਉਪਰਲੀਆਂ ਦੋਹਾਂ ਤੁਕਾਂ ਦਾ ਪ [illegible] ਲਿਖਿਆ ਹੈ :

ਦੇਖਹੁ ਲੋਗਾ ਰਾਮ ਕੀ ਸਗਾਈ ॥
ਮਾਂ ਧਰਿ ਪੂਤ ਧੀਆ ਸੰਗ ਜਾਈ ॥ ੧ ॥ ਰਹਾਉ ॥

ਭਗਤ ਕਬੀਰ ਜੀ ਆਪਣੇ ਬੋਲਾਂ ਦੇ ਦਿਬੰਗਪੁਣੇ ਕਾਰਣ ਪ੍ਰਸਿਧ ਹਨ। ਹੋ [illegible] ਕਿ ਇਹ ਪਦਾ ਉਨ੍ਹਾਂ ਦਾ ਰਚਿਆ ਹੋਵੇ। ਪਰੰਤੂ ਸਿੱਖੀ ਵਿਚ ਜਿੱਥੇ ਦਾਸ ਭ [illegible] ਪ੍ਰਧਾਨ ਹੈ ਤੇ ਸਖਾ ਭਾਵ ਤਕ ਨੂੰ ਨਹੀਂ ਜਰਦੀ, ਉੱਥੇ ਇਸ ਤਰ੍ਹਾਂ ਦੇ ਦਬੰ [illegible] ਥਾਂ ਨਹੀਂ। ਇਸ ਲਈ ਇਹ ਠੀਕ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹ [illegible] ਗਇਆ ਹੈ।

ਹੁਣ ਅਸੀਂ ਰਾਗੁ ਗੂਜਰੀ ਵਿਚ ਤ੍ਰਿਲੋਚਨ ਦੇ ਮਿਲਦੇ ਇਕ ਹੋਰ (ਤੀਸ [illegible] ਵੱਲ ਆਉਂਦੇ ਹਾਂ। ਇਹ ਸਾਡੇ ਸਰਵੇਖਣ ਵਿਚ ਆਈ 'ਬੂੜੇ ਸੰਧੂ ਦੀ ਬ [illegible] 'ਲਾਹੌਰੀ ਬੀੜ' (ਨੰ. ੮), 'ਕਾਨਗੜ੍ਹ ਵਾਲੀ ਬੀੜ' (ਨੰ. ੧੩), 'ਜੋਗਰਾਜ [illegible] (ਨੰ. ੧੯) ਤੇ 'ਸਲੋਕ ਰੂਪੀ ਨੀਸਾਣ ਵਾਲੀ ਬੀੜ' (ਨੰ. ੨੪) ਵਿਚ ਉਪ [illegible]

[37] ਹਰਨਾਮ ਦਾਸ, ਸ੍ਵਾਮੀ, 'ਪੁਰਾਤਨਿ ਬੀੜਾਂ', ਭਾਗ ਦੂਜਾ, ਪੰਨਾ ੩੫.

ਜੀ. ਬੀ. ਸਿੰਘ ਨੇ ਵੀ ਕਾਨਟਣ੍ਹ ਗ੍ਰੰਥ ਦੇ ਹਵਾਲੇ ਨਾਲ ਇਸ ਦਾ ਜ਼ਿਕਰ ਕੀਤਾ ਹੈ। ਇਸਦਾ ਪਾਠ ਇਸ ਤਰ੍ਹਾਂ ਚਲਦਾ ਹੈ :

ਨਵਨਿਧਿ ਪਰਸੀ ਤਉ ਕਾਹਿ ਰੇ ਚਿੰਤਾ ਅਚਿੰਤਾ ਕਲਪਤਰੋ ॥
ਕੌਣ ਪਾਸਿ ਮਾਗਤ ਆਵਉ ਮੇਰਾ ਪ੍ਰਭ ਲਾਜੈ ਲਾਜ ਬਰੋ ॥
ਗੋਬਿੰਦ ਗੋਬਿੰਦ ਗੋਬਿੰਦੇ ॥
ਗੋਬਿੰਦ ਬਿਨੁ ਮੈ ਅਵਰੁ ਨ ਜਾਚਉ ॥
ਨਾਮ ਵਖਾਣਉ ਗੋਬਿੰਦ ਕਾ ॥ ਰਹਾਉ ॥
ਗਬਿੰਦ ਕੇਰੀ ਮੁਕਤੀ ਦਾਸੀ, ਸੰਨਿਆਸੀ ਸਿਵ ਰਾਚੀਲੇ ॥
ਤਾਚੀ ਦਾਸੀ ਮਹਾ ਅਸਟ ਸਿਧਿ, ਨਾਹੀ ਕਾਜ ਹਮਾ ਤਿਸੁ ਸੇਤੀ ॥ ੨ ॥

ਧਾਤੂਰਬਾਜੀ ਰਸਾ ਉਪਜੀਲੇ, ਤਜਿਲੇ ਏਹਿ ਕੁਬੁਧੀ ॥
ਮਨ ਭੀਤਰ ਬੀਚਾਰਿ ਨ ਦੇਖਹਿ, ਗੋਬਿੰਦ ਭਗਤਿ ਭਲੀ ਰਸੁ ਸੁਧੀ ॥ ੩ ॥

ਗੋਬਿਦ ਕੇਰੀ ਬਾਤ ਸੁਣੀਜੈ, ਕਹੁ ਕਿਨਿ ਦੇਖਿਆ ਨੈਣੀ ॥
ਗੋਬਿੰਦ ਨਾਮ ਚਰਿਤ੍ਰ ਸਦਾ ਹਹਿ, ਗੋਬਿੰਦ ਸਦਾ ਸੰਤ ਕੀ ਬੈਣੀ ॥ ੪ ॥

ਗੋਬਿੰਦ ਕੇਰੀ ਭਾਉ ਭਾਗਵਤੁ, ਮਾਨ ਮਛਰ ਮਦ ਰਹਤਾ ॥
ਬਦਤ ਤ੍ਰਿਲੋਚਨ ਸੁਨਿ ਰੇ ਪ੍ਰਾਨੀ, ਮਾਗਉ ਜੋ ਸੰਸਾਰ ਬਿਰਕਤਾ ॥ ੫ ॥[38]

ਲਬੋ ਲਹਜੇ ਤੇ ਭਾਸ਼ਾ ਦੀ ਦ੍ਰਿਸ਼ਟੀ ਤੋਂ ਇਹ ਸ਼ਬਦ ਤ੍ਰਿਲੋਚਨ ਜੀ ਦਾ ਹੀ ਪ੍ਰਤੀਤ ਹੁੰਦਾ ਹੈ। ਜੇ 'ਲਾਹੌਰੀ ਬੀੜ' ਦੀ ਮੂਲ ਕਾਪੀ ਵਿਚ ਇਹ ਹੈ ਸੀ ਤਾਂ ਉਸ ਗ੍ਰੰਥ ਦੀ ਮੂਲਾਧਾਰ ਪ੍ਰਤਿਲਿਪੀ ਵਿਚ ਇਸ ਦੇ ੧੬੬੭ ਬਿਕ੍ਰਮੀ ਤਕ ਆਦਿ ਗ੍ਰੰਥ ਦੀ ਕਿਸੇ ਸ਼ਾਖਾ ਵਿਚ ਪ੍ਰਵੇਸ਼ ਕਰ ਗਏ ਹੋਣ ਦਾ ਪਤਾ ਚਲਦਾ ਹੈ, ਇਸ ਲਈ ਧਿਆਨ ਦੇਣ ਯੋਗ ਹੈ।

ਰਾਗੁ ਧਨਾਸਰੀ ਵਿਚ ਭਗਤ ਨਾਮਦੇਵ ਦਾ ਹੇਠ ਲਿਖਿਆ ਸ਼ਬਦ ਮਿਲਦਾ ਹੈ :

ਸਾਤ ਸਮੁੰਦ ਜਾ ਕੀ ਹੈ ਕਿਰਣੀ, ਧਰਤੀ ਜਾ ਕੇ ਬੇਟੇ ॥
. . . .
ਦੁਖ ਭੰਜਨ ਭੈ ਭੰਜਨ ਸੁਆਮੀ ਪ੍ਰੀਤਮ ਬਨ ਬਨਵਾਰੀ ॥ ੫ ॥

ਇਸ ਦਾ ਪੂਰਾ ਪਾਠ ਅਸੀਂ ਬੀੜ ਐਮ-ਐਸ ੧੦੮੪ (ਨੰ. ੧੮, ਸੰਮਤੁ ੧੭੨੩) ਦੇ ਪ੍ਰਸੰਗ ਵਿਚ ਪਿੱਛੇ ਪੰਨਾ ੨੮੨ ਉੱਤੇ ਦੇ ਆਏ ਹਾਂ। ਇਹ ਇਸ ਬੀੜ ਤੋਂ ਅਤਿਰਿਕਤ ਬੀੜ ਐਮ-ਐਸ ੭੯੭ (ਨੰਬਰ ੧੦, ਸੰਮਤੁ ੧੬੯੮ ?) 'ਬੀੜ ਡੇਰਾ ਭਾਈ ਰਾਮ ਕਿਸ਼ਨ' (ਨੰ. ੧੨, ਸੰਮਤੁ ੧੭੧੦), "ਸਲੋਕ ਰੂਪੀ ਨੀਸਾਣੁ ਵਾਲੀ ਬੀੜ" (ਨੰ. ੨੪, ਸੰਮਤੁ ੧੭੪੪) ਅਤੇ ਮਾਨ ਸਿੰਘ ਨਿਰੰਕਾਰੀ (ਨੰ. ੨੩, ਸੰਮਤੁ ੧੭੩੩) ਵਾਲੀ ਬੀੜ ਵਿਚ ਪ੍ਰਾਪਤ ਹੈ। ਸੁਾਮੀ ਹਰਨਾਮਦਾਸ ਨੇ ਬੁਰਹਾਨਪੁਰ ਹਠੀ ਸਿੰਘ ਵਾਲੀ ਬੀੜ ਵਿਚ ਇਸ ਦੇ

[38]ਦੇਖੋ 'ਪ੍ਰਾਚੀਨ ਬੀੜਾਂ', ਪੰਨਾ ੧੮੯; 'ਪੁਰਾਤਨਿ ਬੀੜਾਂ ਤੇ ਵੀਚਾਰ' (ਭਾਗ ੧), ਪੰਨਾ ੧੦੬-੧੦੭.

ਹੋਣ ਦਾ ਪਤਾ ਦਿੱਤਾ ਹੈ।[39] ਇਹ ਪਦਾ ਨਾਮਦੇਵ ਜੀ ਦੇ ਉਸ ਕਾਲ ਦੀ ਯਾਦ ਤਾਜ਼ਾ ਕਰਾਉਂਦਾ ਹੈ ਜਦੋਂ ਉਹ ਆਤਮ-ਗਿਆਨ ਦੀ ਪ੍ਰਾਪਤੀ ਲਈ ਹਾਲੀ ਵਿਸ਼ਨੂੰ ਪੂਜਾ ਵਿਚ ਹੀ ਖਚਿਤ ਸਨ। ਪਤਾ ਨਹੀਂ ਬੀੜ ਵਿਚ ਚੜ੍ਹਾਣ ਵਾਲੇ ਨੇ ਇਸ ਨੂੰ ਨਿਰੰਕਾਰ ਦੀ ਉਪਾਸਨਾ ਵਾਲੇ ਇਸ ਬਾਣੀ-ਸੰਗ੍ਰਹ ਵਿਚ ਕਿਵੇਂ ਥਾਂ ਦੇ ਦਿੱਤੀ ਹੈ ? ਸੁਾਮੀ ਹਰਨਾਮ ਦਾਸ ਆਪਣੀ ਪੁਸਤਕ ਦੇ ਭਾਗ ੨ ਵਿਚ ਗਿਣਾਈਆਂ ਬੀੜਾਂ ਵਿੱਚੋਂ ਬਹੁਤੀਆਂ ਵਿਚ ਇਹ ਪ੍ਰਾਪਤ ਹੈ।

ਇਸੇ ਤਰ੍ਹਾਂ ਦਾ ਰਾਗੁ ਮਾਰੂ ਵਿਚ ਮਿਲਦਾ ਮੀਰਾਬਾਈ ਦਾ ਪਦਾ "ਮਨ ਹਮਾਰਾ ਬਾਧਿਓ ਮਾਈ" ਹੈ ਜੋ ਭਾਈ ਬੰਨੋ ਵਾਲੀ ਸ਼ਾਖਾ ਦੀਆਂ ਬੀੜਾਂ ਵਿਚ ਆਮ ਮਿਲਦਾ ਹੈ, ਪਰੰਤੂ ਗੁਰੂ ਅਰਜੁਨ ਦੇਵ ਜੀ ਦੇ ਗ੍ਰੰਥ ਵਿਚ ਉਸ ਦੇ ਨ ਹੋਣ ਦੀ ਸੂਚਨਾ ਬੜੇ ਭਰੋਸੇਯੋਗ ਅਥਵਾ ਡੇਰਾਦੂਨ ਵਾਲੇ ਬਾਬਾ ਰਾਮਰਾਇ ਦੇ ਸੰਚੇ (ਨੰ. ੧੪, ਸੰਮਤੁ ੧੭੧੬) ਵਿਚ ਮੌਜੂਦ ਹੈ। ਫਲਸ੍ਵਰੂਪ ਵਿਹਿਤ ਹੈ।

ਸੂਰਦਾਸ ਦਾ ਰਾਗੁ ਸਾਰੰਗ ਦਾ ਪਦਾ "ਛਾਡਿ ਮਨ ਹਰਿ ਬਿਮੁਖਨ ਕਉ ਸੰਗ" ਅਸਲ ਵਿਚ ਸ੍ਰੀ ਕ੍ਰਿਸ਼ਨ ਜੀ ਦੇ ਉਪਾਸ਼ਕ, 'ਸੂਰ ਸਾਗਰ' ਦੇ ਰਚੈਤਾ ਦਾ ਪਦਾ ਨਹੀਂ ਹੈ ; "ਸੂਰਦਾਸ" ਉਪਨਾਮ ਰੱਖਣ ਵਾਲੇ ਬ੍ਰਹਮਣ ਆਚਾਰਯ ਮਦਨ ਮੋਹਨ ਦੀ ਕ੍ਰਿਤ ਹੈ। ਇਹ ਸੰਮਤੁ ੧੫੮੬ ਵਿਚ ਪੈਦਾ ਹੋਇਆ। ਪਹਲਾਂ ਇਹ ਸਮ੍ਰਾਟ ਅਕਬਰ ਦਾ ਇਕ ਉਚ ਕੋਟੀ ਦਾ ਅਹਲ-ਕਾਰ ਸੀ, ਮਗਰੋਂ ਵੈਰਾਗ ਧਾਰਣ ਕਰਕੇ ਵਿਰਕ੍ਤ ਹੋ ਗਇਆ।[40] ਹਥਲੇ ਸ਼ਬਦ ਦਾ ਇਸੇ ਸੂਰਦਾਸ ਦੀ ਕ੍ਰਿਤ ਹੋਣਾ 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਕਰਤਾ ਗਿਆਨੀ ਗੁਰਦਿਤ ਸਿੰਘ ਨੇ ਵੀ ਮੰਨਿਆ ਹੈ।[41]

ਸੂਰਦਾਸ ਦੇ ਇਸ ਸ਼ਬਦ ਦੀ ਇਕ ਤੁਕ 'ਕਰਤਾਰਪੁਰ ਵਾਲੀ ਬੀੜ' (ਨੰ. ੬) ਵਿਚ ਦਿੱਤੀ ਹੋਈ ਹੈ। 'ਭਾਈ ਬੰਨੋ ਵਾਲੇ ਗ੍ਰੰਥ' (ਨੰ. ੧੧) ਵਿਚ ਵੀ ਪਹਲਾਂ ਇਕ ਤੁਕ ਹੀ ਸੀ, ਮਗਰੋਂ ਕਿਸੇ ਨੇ ਇਸ ਨੂੰ ਪੂਰਾ ਕਰ ਦਿੱਤਾ ਹੋਇਆ ਹੈ। ਸਾਡੇ ਸਰਵੇਖਣ ਵਿਚ ਆਈਆਂ ਭੱਟਾਂ ਦੇ ਸਵੈਯਾਂ ਤੇ ਫ਼ਰੀਦ ਜੀ ਦੇ ਸਲੋਕਾਂ 'ਤੇ ਸਮਾਪਤ ਹੋਣ ਵਾਲੀਆਂ ਬੀੜਾਂ ਵਿਚ ਲਗਪਗ ਇਸ ਸ਼ਬਦ ਦਾ ਅਭਾਵ ਹੈ, ਪਰੰਤੂ ਹੋਰਨਾਂ ਸ਼ਾਖਾ ਦੀਆਂ ਬੀੜਾਂ ਵਿਚ ਇਹ ਇਕ ਤੁਕ ਰਾਹੀਂ ਪ੍ਰਤਿਪਾਦਿਤ ਹੈ; ਕਿਤੇ ਕਿਤੇ ਪੂਰਾ ਸ਼ਬਦ ਵੀ ਮਿਲਦਾ ਹੈ ਜਿਵੇਂ 'ਬੀੜ ਐਮ-ਐਸ. ੧੨੫੩' (ਨੰ. ੯, ਸੰਮਤੁ ੧੬੯੭), ਬੀੜ 'ਸਲੋਕ ਰੂਪੀ ਨੀਸਾਣੁ ਵਾਲੀ' (ਨੰ. ੨੪, ਸੰਮਤੁ ੧੭੪੪), ਸਫਰੀ ਬੀੜ (ਨੰ. ੩੨, ਸੰਮਤੁ ੧੭੫੮), ਐਮ-ਐਸ. ਜੀ. ੭੩ ਵਾਲੀ ਬੀੜ (ਨੰ. ੩੪, ਸੰਮਤੁ ੧੭੬੦) ਅਤੇ ਕਲਾ ਮੰਦਿਰ ਵਾਲੀ ਪਹਲੀ ਬੀੜ (ਨੰ. ੩੬, ਸੰਮਤੁ ੧੭੮੭) ਵਿਚ।

[39]ਦੇਖੋ, 'ਪੁਰਾਤਨਿ ਬੀੜਾਂ ਤੇ ਵਿਚਾਰ' (ਭਾਗ ੧), ਪੰਨਾ ੧੦੧-੧੦੨.
[40]ਕਾਨ੍ਹ ਸਿੰਘ, 'ਮਹਾਨ ਕੋਸ਼', ਦੂਜਾ ਸੰਸਕਰਣ (੧੯੬੦), ਪੰਨਾ ੧੬੯.
[41]ਗੁਰਦਿੱਤ ਸਿੰਘ, ਗਿਆਨੀ, 'ਇਤਿਹਾਸ ਗੁਰੂ ਗ੍ਰੰਥ ਸਾਹਿਬ', ਪੰਨਾ ੩੨੬ ਅਤੇ ੩੨੮.

ਇਸ ਸ਼ਬਦ ਦਾ ਪਾਠ ਦਿਨ੍ਹਾਂ ਬੀੜਾਂ ਵਿਚ ਭੇਦਾਂ ਵਾਲਾ ਹੈ। ਪਰੰਤੂ, ਸਮਾਧਾਨਾਂ ਪਿੱਛੋਂ ਇਸ ਦਾ ਪ੍ਰਮਾਣਿਕ ਪਾਠ ਇੰਵ ਨਿਰਧਾਰਿਤ ਕੀਤਾ ਜਾ ਸਕਦਾ ਹੈ :

'ਛਾਡਿ ਮਨ ਹਰਿ ਬੇਮੁਖਨ ਕੋ ਸੰਗ
ਕਾਹ ਭਏ ਪੀਅ ਪਾਇ ਪਿਆਏ
ਬਿਖ ਨ ਤਜਈ ਭੁਇਅੰਗ ॥੧॥ ਰਹਾਉ ॥

ਕਾਗਾ ਕਹਾ ਕਪੂਰ ਚੁਗਾਏ, ਸੁਆਨ ਨਵਾਇ ਗੰਗ ॥
ਖਰ ਕੋ ਕਹਾ ਅਗਰ ਕੋ ਲੇਪਨ
ਮਰਕਟਿ ਭੂਖਨ ਅੰਗ ॥ ੧ ॥

ਪਾਹਨਿ ਪਤਤਿ ਬਾਨ ਨ ਬੇਧੇ, ਰੀਤੇ ਹੋਇ ਨਿਖੰਗ ॥
ਸੂਰਦਾਸ ਓਇ ਕਾਰੀ ਕਮਰੀਆ
ਚੜ੍ਹਤ ਨ ਦੂਜਾ ਰੰਗ ॥੨॥

[ਪੀ=ਅਪੀ=ਅਛੀ, ਪਾਂਇ, ਪਾਨ, ਅਮ੍ਰਿਤ]

ਭਾਵ ਪੱਖ ਤੋਂ ਇਸ ਸ਼ਬਦ ਵਿਚ ਕੋਈ ਐਸੀ ਚੀਜ਼ ਨਹੀਂ ਜਿਹੜੀ ਇਸ ਨੂੰ ਆਦਿ ਗ੍ਰੰਥ ਵਿਚ ਥਾਂ ਦੇਣ ਤੋਂ ਰੋਕਦੀ ਹੋਵੇ। ਜੇ ਇਸ ਦੀ ਬੀੜਾਂ ਵਿਚ ਇਕ ਤੁਕ ਹੀ ਦਰਜ ਹੁੰਦੀ ਆਈ ਹੈ, ਤਾਂ ਇਸ ਦਾ ਕਾਰਣ ਇਹੀ ਮੰਨਿਆ ਜਾ ਸਕਦਾ ਹੈ ਕਿ ਇਸ ਦਾ ਪੂਰਾ ਪਾਠ ਪ੍ਰਾਪਤ ਨਹੀਂ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਰਹੀਆਂ ਕੁਝ ਤੁਕਾਂ ਦਾ ਪਤਾ ਗੁਰਦਵਾਰਾ ਇਨਸਪੈਕਟਰ ਭਾਈ ਰਣਧੀਰ ਸਿੰਘ ਅਤੇ ਸ੍ਵਾਮੀ ਹਰਨਾਮ ਦਾਸ ਨੇ ਲਾਇਆ ਹੈ। ਇਨ੍ਹਾਂ ਦੇ ਮਿਲਣ ਜਾਂ ਨ ਮਿਲਣ ਦੀ ਸੂਚਨਾ ਅਸੀਂ ਸਰਵੇਖਣ ਅਧੀਨ ਆਈਆਂ ਬੀੜਾਂ ਦੇ ਸੰਬੰਧਿਤ ਰਾਗਾਂ ਵਿਚ ਦੇ ਆਏ ਹਾਂ। ਉਨ੍ਹਾਂ ਦੀ ਪ੍ਰਾਸੰਗਿਕਤਾ ਨਿਰਧਾਰਿਤ ਕਰਨਾ ਵਿਦਵਾਨਾਂ ਤੇ ਸਮੁੱਚੇ ਪੰਥ ਦਾ ਕੰਮ ਹੈ। ਹੇਠਾਂ ਅਸੀਂ ਉਨ੍ਹਾਂ ਦੀ ਸੂਚੀ ਫਿਰ ਦੁਹਰਾ ਦੇਣੀ ਉਚਿਤ ਸਮਝਦੇ ਹਾਂ :-

(੧) ਰਾਗ ਗਉੜੀ ਪੂਰਬੀ ਕਬੀਰ ਜੀ ਦੇ ੫੭ਵੇਂ ਚਉਪਦੇ (ਕਾਲਬੂਤ ਕੀ ਹਸਤਨੀ) ਵਿੱਚੋਂ ਰਹੀ ਹੇਠਾਂ ਕਾਲੇ ਅਖਰਾਂ ਵਿਚ ਦਿਖਾਈ ਤੁਕ :

ਬਿਖੈ ਬਾਚੁ ਹਰਿ ਰਾਚੁ ਸਮਝ ਮਨ ਬਉਰਾ ਰੇ **ਦੁਰਲਭ ਦੇਹ ਕਉ ਕਾਜ ॥**

(੨) ਇਸੇ ਰਾਗੁ ਵਿਚ ਕਬੀਰ ਜੀ ਦੇ ੬੨ਵੇਂ ਚਉਪਦੇ ਵਿੱਚੋਂ ਰਹੀ ਇਹ ਤੁਕ :
ਜੀਅਰਾ ਹਰਿ ਕੇ ਗੁਨ ਗਾਉ ॥ **ਛੋਡਿ ਮਾਇਆ ਕੇ ਧੰਧੁ ਸੁਆਉ ॥**

(੩) ਰਾਗੁ ਵਡਹੰਸ ਦੇ ਮਹਲਾ ੧ ਘਰੁ ਪਹਲਾ ਦੇ ਚਉਪਦੇ (ਮੋਰੀ ਰੁਣਝੁਣ ਲਾਇਆ) ਦੀ ਅੰਤਲ ਕਵੀ ਛਾਪ ਵਾਲੀ ਤੁਕ ਜੋ ਸੋਢੀ ਮਿਹਰਬਾਨ ਵਾਲੀ ਜਨਮਸਾਖੀ ਵਿਚ ਪ੍ਰਾਪਤ ਹੈ :

ਆਪਣੇ ਪਿਰ ਭਾਈ ਮਹਲਿ ਬੁਲਾਈ ਨਾਨਕ ਸੰਗਿ ਸਮਾਣਾ ॥

(੪) ਰਾਗੁ ਸੋਰਠਿ ਵਾਰ ਮਹਲਾ ਤੀਜਾ, ਪਉੜੀ ੨੯ਵੀਂ ਦੇ ਮਹਲੁ ਜੇ ਦੂਜੇ ਸਲੋਕ ਵਿਚ ਹੇਠਾਂ ਕਾਲੇ ਟਾਈਪ ਵਿਚ ਦਿੱਤੀ ਤੁਕ ਛੁਟੀ ਹੋਈ ਹੈ :

ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥
ਆਪੇ ਦੇਇ ਵਡਿਆਈਆ ਆਪੇ ਨਦਰਿ ਕਰੇਇ ॥

(੫) ਰਾਗੁ ਰਾਮਕਲੀ ਕਬੀਰ ਜੀ ਦਾ ਪੰਜਵਾਂ ਸ਼ਬਦ, ਜੋ ਸ੍ਰੀ ਗੁਰੂ ਗ੍ਰੰਥ ਸਾ ਵਿਚ ਤਿੰਨ ਬੰਦਾਂ ਨਾਲ ਆਇਆ ਹੈ, ਕਈ ਬੀੜਾਂ ਵਿਚ ਚਾਰ ਬੰਦਾਂ ਦਾ ਧਾ ਹੀ ਇਸ ਦਾ ਚੋਥਾ ਬੰਦ ਇਸ ਤਰ੍ਹਾਂ ਚਲਦਾ ਹੈ :

ਅਖਰ ਸਾਚੇ ਬੇਦੁ ਭੀ ਸਾਚਾ
ਤਿਨ ਕਾ ਕਹਿਆ ਤੂੰ ਕਿਉਂ ਨ ਕਰਹਿ
ਕਹਤ ਕਬੀਰ ਸੁਨਹੁ ਰੇ ਸੰਤਹੁ
ਭਾਰ ਉਠਾਈ ਲੀਏ ਫਿਰਹਿ ॥੪॥

(੬) ਸਲੋਕ ਵਾਰਾਂ ਤੇ ਵਧੀਕ ਦੇ ਦੂਜੇ ਮਹਲੁ ਦੇ ਬਾਰ੍ਹਵੇਂ ਸਲੋਕ ਵਿਚ ਕਾਲੇ ਅਖਰਾਂ ਵਿਚ ਦਿੱਤੀ ਤੁਕ ਵਧਾਉਣੀ ਬਣਦੀ ਹੈ :

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜ ਸੰਸਾਰੁ ॥
ਨਾਨਕ ਨਦਰਿ ਪਛਾਣੀਐ ਗੁਰ ਕੇ ਸਬਦ ਵੀਚਾਰ ॥[42]

੧੯. ਫ਼ਾਲਤੂ ਬਾਣੀਆਂ

ਫਾਲਤੂ ਬਾਣੀਆਂ, ਜੋ ਭਾਈ ਬੰਨੋ ਵਾਲੀ ਸ਼ਾਖਾ ਦੀਆਂ ਪ੍ਰਾਚੀਨ ਬੀੜਾਂ ਮਿਲਦੀਆਂ ਹਨ, ਵਿਚ ਇਹ ਕ੍ਰਿਤੀਆਂ ਸ਼ਾਮਲ ਕੀਤੀਆਂ ਜਾਂਦੀਆਂ ਹਨ :

੧. ਸਲੋਕ ਮਹਲਾ ੧ ਦੇ "ਜਿਤ ਦਰ ਲਖ ਮੁਹੰਮਦਾ" ਦੀ ਸ਼ਿਰੋਰੇਖਾ ਲ ਹੁੰਦੇ ਤਿੰਨ ਸਲੋਕ;

੨. ਸਲੋਕ ਮਹਲਾ ੧ ਦੇ 'ਬਾਇ ਆਤਿਸ ਆਬ ਖਾਕ" ਦੀ ਸ਼ਿਰੋਰੇ ਆਰੰਭ ਹੁੰਦੇ ੧੬ ਸਲੋਕ;

੩. ਮਹਲਾ ੧ ਦੀ ਰਾਗੁ ਰਾਮਕਲੀ ਵਿਚ ਲਿਖੀ ਰਤਨਮਾਲਾ, ੨੫ ਬੰਦ, ਬਾਰੇ ਤੋਰਕੀ ਤੋਂ ਨਕਲ ਕੀਤੇ ਜਾਣ ਦਾ ਉੱਲੇਖ ਹੈ;

੪. ਰਾਗਮਾਲਾ;

---

[42] ਇਸ ਤੁਕ ਦੇ ਅਸੀਂ ਬੀੜ ਨੰਦ ਚੰਦ ਸੰਘਾ (ਨੰ. ੨੫) ਅਤੇ ਆਸਾ ਨੰਦ ਸੇਵਾ ਪੰਥੀ ਖ (ਨੰ. ੪੨) ਵਿਚ ਪ੍ਰਾਪਤ ਹੋਣ ਦਾ ਪਤਾ ਲਾ ਆਏ ਹਾਂ। ਉੱਥੇ ਪਾਠ ਕੁਝ ਭਿੰਨ ਹੈ। ਮਿਹਰਬਾਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਭਾਗ ਦੂਜਾ) ਦੀ "ਹਰਿ ਜੀ ਵਾਲੀ ਪੋਥੀ" ਵਿਚ ਵੀ ਇਹ ਪ੍ਰਾਪ

੫. ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ;

੬. ਸਿਆਹੀ ਕੀ ਬਿਧਿ; ਅਤੇ

੭. ਚਲਿਤ੍ਰ ਜੋਤੀ ਜੋਤਿ ਸਮਾਵਣ ਕੇ, ਜੋ ਕੁਝ ਬੀੜਾਂ ਵਿਚ ਮੂਲ-ਪਾਠ ਦੇ ਮੁਢ ਵਿਚ ਦਿੱਤੇ ਹੋਏ ਹਨ 'ਤੇ ਕੁਝ ਵਿਚ ਬੀੜ ਦੇ ਅੰਤ ਤੇ।

ਪਹਲੇ ਦੋਹਾਂ "ਜਿਤ ਦਰ ਲਖ ਮੁਹੰਮਦਾ" ਅਤੇ "ਬਾਦਿ ਆਤਿਸ਼ ਆਬ ਖਾਕ" ਵਾਲੇ ਸਲੋਕਾਂ ਦੇ ਜੁੱਟਾਂ ਬਾਰੇ ਜੀ.ਬੀ. ਸਿੰਘ ਦੀ ਇਹ ਸੂਚਨਾ ਗਲਤ ਹੈ ਕਿ ਇਹ ਬਾਬਾ ਮੋਹਨ ਵਾਲੀਆਂ ਪੋਥੀਆਂ ਵਿਚ ਸਨ।[43] ਇਨ੍ਹਾਂ ਦਾ ਉੱਥੇ ਮੁਸ਼ਕ ਤਕ ਨਹੀਂ ਹੈ।

"ਜਿਤ ਦਰ ਲਖ ਮੁਹੰਮਦਾ" ਦੇ ਜੁਟ ਵਾਲੇ ਤੀਜੇ ਸਲੋਕ ਸੰਬੰਧੀ ਜੋ "ਏਸ ਕਲੀ ਪੰਜ ਭੀਤੀਓਂ" ਨਾਲ ਸ਼ੁਰੂ ਹੁੰਦਾ ਹੈ, ਜੀ.ਬੀ. ਸਿੰਘ ਦੀ ਇਹ ਸੂਚਨਾ ਗਲਤ ਹੈ ਕਿ ਇਹ ਸਲੋਕ "ਸ੍ਰੀ ਗ੍ਰੰਥ ਸਾਹਿਬ ਵਿਚ ਦਿੱਤਾ ਹੋਇਆ ਹੈ"। ਇਹ ਸਲੋਕ ਜਨਮਸਾਖੀਆਂ ਵਿਚ ਤਾਂ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ। ਜੀ.ਬੀ. ਸਿੰਘ ਨੇ ਇਨ੍ਹਾਂ ਸਲੋਕਾਂ ਨੂੰ ਗੁਰੂ ਨਾਨਕ ਕ੍ਰਿਤ ਮੰਨਿਆ ਹੈ ਤੇ ਇਸ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨ ਕੀਤੇ ਜਾਣ ਦਾ ਕਾਰਣ ਇਸ ਵਿਚ ਹਿੰਦੂ ਦੇਵਤਿਆਂ ਤੇ ਮੁਸਲਮਾਨਾਂ ਦੇ ਪੈਗੰਬਰ ਦਾ ਅਨਾਦਰ ਦਸਿਆ ਹੈ। ਇਹ ਗੱਲ ਕੋਈ ਬਹੁਤ ਜਚਦੀ ਨਹੀਂ ਲਗਦੀ। ਰੱਬ ਦੀ ਦਰਗਾਹ ਵਿਚ "ਲਖ ਮੁਹੰਮਦਾ ਤੇ ਲਖ ਬ੍ਰਹਮਾ ਬਿਸਨ ਮਹੇਸ਼" ਕਹਣਾ ਉਸ ਦੀ ਅਥਾਹ ਸ੍ਰਿਸ਼ਟੀ ਦਾ ਚਿਤ੍ਰ ਪੇਸ਼ ਕਰਨਾ ਹੈ। ਜੇ ਡਰ ਵਾਲੀ ਗੱਲ ਹੁੰਦੀ ਤਾਂ ਗੁਰੂ ਅਰਜੁਨ ਦੇ ਮਗਰੋਂ ਵੀ ਗ੍ਰੰਥ ਸਾਹਿਬ ਦੇ ਲਿਖਾਰੀ ਇਸ ਨੂੰ ਬੀੜ ਵਿਚ ਥਾਂ ਨ ਦੇਂਦੇ। ਮੁਢਲੀ ਕ੍ਰਿਤ ਹੋਣ ਦੇ ਕਾਰਣ, ਵਧੇਰੇ ਸੰਭਾਵਨਾ ਏਸੇ ਗੱਲ ਦੀ ਹੈ ਕਿ ਕਿਸੇ ਬਿਆਜ਼ ਵਿਚ ਬੰਦ ਇਹ ਸਲੋਕ ਅੱਖੋਂ ਓਹਲੇ ਰਹੇ; ਜਦੋਂ ਸਾਮ੍ਹਣੇ ਆਏ ਤਾਂ ਬੀੜ ਬਝ ਚੁਕੀ ਸੀ।

'ਗੋਸ਼ਟ ਮਲਿਆਰ' ਨਾਲ ਤੇ 'ਰਤਨਮਾਲਾ' ਜਿਸ ਦਾ ਤੋਰਕੀ ਅੱਖਰਾਂ ਵਿੱਚੋਂ ਆਉਣਾ ਲਿਖਿਆ ਹੈ, ਜੋਗ-ਕਿਰਿਆ ਨਾਲ ਸੰਬੰਧਿਤ ਕ੍ਰਿਤੀਆਂ ਹਨ, ਇਨ੍ਹਾਂ ਦੀ ਠੀਕ ਥਾਂ 'ਪ੍ਰਾਨ ਸੰਗਲੀ' ਹੀ ਲਗਦੀ ਹੈ ਤੇ "ਪ੍ਰਾਨ ਸੰਗਲੀ" ਵਾਂਙ ਇਹ ਵੀ ਗੁਰੂ ਕ੍ਰਿਤ ਨਹੀਂ ਹਨ।

"ਰਾਗਮਾਲਾ" ਬਾਰੇ ਢੇਰ ਸਾਰੀ ਚਰਚਾ ਹੋ ਚੁਕੀ ਹੈ। ਬੀੜਾਂ ਹਨ, ਜਿਨ੍ਹਾਂ ਵਿਚ ਇਹ ਨਹੀਂ ਮਿਲਦੀ ਤੇ ਅਜੇਹੀਆਂ ਵੀ ਹਨ, ਜਿਨ੍ਹਾਂ ਦੇ ਅੰਤ 'ਤੇ ਫ਼ਾਲਤੂ ਬਾਣੀ ਵਿੱਚੋਂ ਹੋਰ ਕੁਝ ਭਾਵੇਂ ਨ ਹੋਵੇ, ਰਾਗਮਾਲਾ ਜ਼ਰੂਰ ਚੜ੍ਹੀ ਹੋਈ ਹੈ। ਸੋ, ਇਸ ਸੰਬੰਧੀ ਇਹ ਫੈਸਲਾ ਦੇਣਾ ਕਿ ਇਹ ਕਦੋਂ ਬੀੜ ਵਿਚ ਪ੍ਰਵੇਸ਼ ਕਰ ਗਈ ਤੇ ਕਿਸ ਦੇ ਹੱਥੀਂ, ਬਹੁਤ ਮੁਸ਼ਕਿਲ ਹੈ। ਇਸ ਲਈ ਇਸ ਪ੍ਰਸ਼ਨ ਨੂੰ ਇੱਥੇ ਹੀ ਛਡਣ ਦਾ ਪ੍ਰਸਤਾਵ ਹੈ।

'ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ' ਦਾ ਉੱਲੇਖ ਭਾਈ ਬੰਨੋ ਦੀ ਬੀੜ ਦੇ ਪ੍ਰਸੰਗ ਵਿਚ ਆ ਚੁਕਿਆ ਹੈ। ਫ਼ਾਲਤੂ ਬਾਣੀਆਂ ਦੇ ਅੰਤਰਗਤ ਮਿਲਦੀ 'ਸਿਆਹੀ ਕੀ ਬਿਧਿ' ਨੁਸਖੇ ਨੂੰ ਸੰਭਾਲਣ ਦਾ ਤਰਲਾ ਹੈ ਤੇ 'ਚਲਿਤ੍ਰ ਜੋਤੀ ਜੋਤਿ ਸਮਾਵਣ ਕੇ' ਦੀ ਪ੍ਰਕਿਰਤੀ ਤੇ ਮਹੱਤਵ ਬਾਰੇ ਚਰਚਾ ਅਸੀਂ ਉਪਰ ਪੁਸਤਕ ਪੰਨਾ ~~[illegible]~~ ੪੬੦-੪੬੨ 'ਤੇ ਕਰ ਆਏ ਹਾਂ।

[43] ਦੇਖੋ ਪ੍ਰਾਚੀਨ ਬੀੜਾਂ, ਪੰਨਾ ੩੫੦-੩੫੧.

੧੯. ਬਾਣੀ ਉਚਾਰਣ ਦੀਆਂ ਕੁਝ ਸਮੱਸਿਆਵਾਂ

ਗੁਰਬਾਣੀ ਵਿਚ ਗੁਰ-ਵਿਅਕਤੀਆਂ ਲਈ ਵਰਤਿਆ ਜਾਂਦਾ ਪਦ 'ਮਹਲਾ' ਉਚਾਰਣ ਦੇ ਪੱਖੋਂ ਵਾਦ-ਵਿਵਾਦ ਦਾ ਵਿਸ਼ਾ ਬਣਿਆ ਹੋਇਆ ਹੈ ਤੇ ਇਸੇ ਤਰ੍ਹਾਂ ਕੁਝ ਧੁਨੀਆਂ /ਸ਼/, /ਜ਼/, ਅਧਿਕ ਤੇ ਅਨੁਸ੍ਵਾਰ ਵਰਤਣ ਬਾਰੇ ਵੀ ਮਤ-ਭੇਦ ਹਨ। ਇੱਥੇ ਅਸੀਂ ਇਨ੍ਹਾਂ ਦੋਹਾਂ ਬਾਰੇ ਆਪਣੇ ਵਿਚਾਰ ਸੰਖੇਪ ਜੇਹੇ ਢੰਗ ਨਾਲ ਪ੍ਰਸਤੁਤ ਕਰਨ ਦਾ ਪ੍ਰਯਾਸ ਕਰਾਂਗੇ।[44]

(ੳ) **'ਮਹਲਾ' ਪਦ ਦਾ ਉਚਾਰਣ :** ਪਿੱਛੇ ਕੀਤੇ ਪੁਰਾਤਨ ਪੋਥੀਆਂ ਤੇ ਬਾਣੀ-ਸੰਗ੍ਰਹਾਂ ਦੇ ਅਧਿਐਨ ਨੇ ਇਹ ਗੱਲ ਸਾਡੇ ਸਾਮ੍ਹਣੇ ਲਿਆਂਦੀ ਹੈ ਕਿ ਮੁਢ ਵਿਚ ਗੁਰੁ-ਵਿਅਕਤੀ ਦੇ ਪ੍ਰਗਟਾਉਣ ਲਈ ਪਦ "ਮਹਲੁ/ਮਹਲ" ਵਰਤਿਆ ਜਾਂਦਾ ਸੀ, ਜੋ ਬਾਅਦ ਵਿਚ "ਮਹਲਾ" ਵਿਚ ਵਟ ਗਇਆ। ਮਹਲੁ (ਮਹੱਲ) ਪਦ ਦੇ ਗੁਰ-ਵਿਅਕਤੀਆਂ ਲਈ ਵਰਤੇ ਜਾਣ ਤੇ ਇਸ ਪਿੱਛੇ ਪਾਏ ਜਾਂਦੇ ਖਿਆਲ ਦਾ ਉੱਲੇਖ ਗੁਰੂ ਹਰਿਗੋਬਿੰਦ ਜੀ ਦੇ ਦਰਬਾਰ ਵਿਚ ਰਹ ਚੁੱਕੇ ਪਾਰਸੀ ਲੇਖਕ, ਜ਼ੁਲਫ਼ਿਕਾਰ ਅਰਦਸਤਾਨੀ, ਪ੍ਰਸਿੱਧ ਨਾਂ "ਮੁਹਸਿਨ ਫ਼ਾਨੀ" ਨੇ ਆਪਣੀ ਪੁਸਤਕ 'ਦਬਿਸਤਾਨਿ ਮਜ਼ਾਹਿਬ' ਵਿਚ ਬੜੇ ਸਪਸ਼ਟ ਸ਼ਬਦਾਂ ਵਿਚ ਕੀਤਾ ਹੈ।[45] ਉਹ ਇਸ ਨੂੰ ਅਰਬੀ ਧਾਤੂ /ਹੱਲ/ ਤੋਂ ਬਣੇ ਸ਼ਬਦ "ਹਲੂਲ" ਜਿਸ ਦਾ ਅਰਥ 'ਪ੍ਰਵੇਸ਼ ਕਰਨਾ', 'ਸਮਾਉਣਾ', 'ਉਤਰਣਾ' ਹੈ, ਨਾਲ ਜੋੜ ਕੇ, ਗੁਰੁਪਰਮੇਸਰ ਜੋਤਿ ਦੇ ਉੱਤਰਣ ਦੀ ਥਾਂ ਮੰਨਦਾ ਹੈ; ਮਹੱਲ ਪਹਲਾ, ਪਹਲੀ ਜੋਤਿ ਦੇ ਉੱਤਰਣ ਦੀ ਥਾਂ, ਮਹੱਲ ਦੂਜਾ, ਦੂਜੀ ਜੋਤਿ ਦੇ ਉੱਤਰਣ ਦੀ ਥਾਂ; ਤੇ ਇਸੇ ਤਰ੍ਹਾਂ ਮਹੱਲ ਤੀਜਾ, ਚੋਥਾ ਤੇ ਪੰਜਵਾਂ। ਇਹੀ ਸ਼ਬਦ (ਮਹਲੁ/ਮਹੱਲ) ਬਾਅਦ ਵਿਚ "ਮਹਲਾ" ਵਿਚ ਵਟ ਗਇਆ ਸਿਧ ਹੁੰਦਾ ਹੈ। ਇਹ ਤਬਦੀਲੀ ਕਦੋਂ ਤੇ ਕਿਵੇਂ ਹੋਈ ? —ਇਸ ਬਾਰੇ ਕੋਈ ਠੋਸ ਤੱਥ ਪੇਸ਼ ਕਰਨਾ ਤਾਂ ਮੁਮਕਿਨ ਨਹੀਂ, ਪਰੰਤੂ ਕਿਆਸ ਇਹੀ ਹੈ ਕਿ ਇਹ ਤਬਦੀਲੀ ਸ੍ਰੀ ਗੁਰੂ ਰਾਮਦਾਸ ਦੇ ਗੁਰਿਆਈ ਕਾਲ ਵਿਚ ਕਿਸੇ ਗੂਹੜੇ ਅਰਬੀ-ਦਾਨ ਦੇ ਹੱਥੋਂ ਹੋਈ।

ਅਰਬੀ ਵਿਚ "ਮਹੱਲ" ਤੇ "ਮਹੱਲਤ" ਜਿਸ ਦਾ ਉਚਾਰਣ ਮਹੱਲਾ ਵੀ ਹੈ /ਹੱਲ/ ਧਾਤੂ ਤੋਂ ਬਣੇ ਹਨ। ਜਿੱਥੇ "ਮਹੱਲ" ਪ੍ਰਵੇਸ਼ ਕਰਨ ਜਾਂ ਸਮਾਉਣ ਤਥਾ ਉੱਤਰਣ ਦੇ

[44] ਇਸ ਵਿਸ਼ੇ ਤੇ ਵਿਸਤ੍ਰਿਤ ਚਰਚਾ ਲਈ ਦੇਖੋ 'ਨਾਨਕ ਪ੍ਰਕਾਸ਼ ਪਤ੍ਰਿਕਾ' (ਦਸੰਬਰ ੧੯੯੧) ਵਿਚ ਦਾਸ ਦਾ ਛਪਿਆ ਲੇਖ "ਮਹਲਾ ਪਦ ਦਾ ਉਚਾਰਣ" ਅਤੇ ਕੇਂਦ੍ਰੀ ਸਿੰਘ ਸਭਾ ਦੇ ਰਿਸਾਲੇ 'ਸਿੰਘ ਸਭਾ ਪਤ੍ਰਿਕਾ' ਦਾ ਮਹੱਲਾ ਵਿਸ਼ੇਸ਼ਾਂਕ ਜੋ ਇਸ ਵਕਤ (ਅਕਤੂਬਰ ੧੯੯੨) ਵਿਚ ਛਾਪੇ ਵਿਚ ਹੈ।

[45] ਦੇਖੋ ਗੰਡਾ ਸਿੰਘ 'ਮਾਖ਼ਜ਼ੇ ਤਵਾਰੀਖੇ ਸਿਖਾਂ', ਜਿਲਦ ਅਵੱਲ, ਪ੍ਰਕਰਣ 'ਨਾਨਕ ਪੰਥੀਆਂ", ਸਿਖ ਹਿਸਟਰੀ ਸੋਸਾਇਟੀ, ਅਮ੍ਰਿਤਸਰ, ੧੯੪੯, ਪੰਨਾ ੩੦-੩੧.

ਸਥਾਨ ਦਾ ਸੂਚਕ ਹੈ, ਉੱਥੇ "ਮਹੱਲਤ (ਮਹੱਲਾ)" ਸਥਾਨ ਦੀ ਅਵਸਥਾ ਅਰਥਾਤ 'ਵਡਿਆਈ', 'ਰੁਤਬੇ' ਜਾਂ ਆਤਮਿਕ ਉੱਚਤਾ ਦਾ ਸੰਕੇਤਕ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਨੇ ਇਸ ਪਰਥਾਇ ਲਿਖਿਆ ਹੈ : "ਅਰਬੀ ਵਿਚ ਇਕ ਹੋਰ ਪਦ . . . ਹੈ, ਜਿਸ ਦਾ ਅਰਥ ਹੈ ਸਲਾਹਿਆ ਗਿਆ। ਭਾਵ (ਸਰਬ ਉਪਮਾ ਜੋਗ)। ਹੋ ਸਕਦਾ ਹੈ, ਇਹ ਪਦ 'ਮਹਲਾ' ਦਾ ਮੂਲ ਹੋਵੇ।"[46] ਭਾਈ ਸਾਹਿਬ ਨੇ ਪਦ ਸੂਚਿਤ ਨਹੀਂ ਕੀਤਾ ਪਰ ਉਨ੍ਹਾਂ ਦਾ "ਮਹੱਲਤ" ਵੱਲ ਇਸ਼ਾਰਾ ਸਪਸ਼ਟ ਹੈ।

ਅਸੀਂ ਭਾਈ ਸਾਹਿਬ ਦੇ ਇਸ ਗਵੇਸ਼ ਨਾਲ ਸ਼ਤ-ਪ੍ਰਤਿ-ਸ਼ਤ ਸਹਮਤ ਹਾਂ। ਜਿਸ ਕਿਸੇ ਨੇ ਮੁਢਲੇ ਪਦ "ਮਹਲੁ" ਨੂੰ 'ਮਹਲਾ' ਵਿਚ ਬਦਲਿਆ, ਉਸ ਇਸ ਦੇ 'ਮਹੱਲਤ' ਵਾਲੇ ਭਾਵ ਨੂੰ ਅੱਖਾਂ ਸਾਮ੍ਹਣੇ ਰਖਿਆ। ਉਸ ਨੂੰ "ਮਹੱਲਾ" ਪਦ "ਮਹੱਲ" ਨਾਲੋਂ ਵਧੇਰੇ ਗੌਰਵਸ਼ਾਲੀ ਨਜ਼ਰ ਆਇਆ, ਕਿਉਂਜੋ ਇਹ ਮੁਸਲਮਾਨੀ ਮਤ ਵਿਚ ਹਜ਼ਰਤ ਮੁਹੰਮਦ ਲਈ ਚਲਦੇ ਪਦ "ਮੁਸਤਫ਼ਾ" ਦੇ ਵਧੇਰੇ ਨੇੜੇ ਹੈ। ਇਸ ਲਈ ਉਸ ਨੇ "ਮਹਲੁ" ਪਦ ਨੂੰ "ਮਹਲਾ" ਦੇ ਨਾਲ ਬਦਲ ਦਿੱਤਾ। "ਮੁਸਤਫ਼ਾ" ਦੇ ਅਰਥ ਅਰਬੀ ਵਿਚ 'ਚੁਣਿਆ', 'ਸਲਾਹਿਆ', 'ਪਾਕ ਕੀਤਾ ਗਇਆ' ਹਨ। ਇਸ ਪਿੱਛੇ ਇਹ ਰਿਵਾਇਤ ਵੀ ਕੰਮ ਕਰਦੀ ਹੈ ਕਿ ਅੱਲਾਹ ਤਆਲਾ ਦੇ ਹੁਕਮ ਨਾਲ ਫ਼ਰਿਸ਼ਤੇ ਆਸਮਾਨਾਂ ਤੋਂ ਹੇਠਾਂ ਉਤਰੇ ਤੇ ਉਨ੍ਹਾਂ ਹਜ਼ਰਤ ਮੁਹੰਮਦ ਦੇ ਸਰੀਰ ਨੂੰ ਚੀਰ ਕੇ ਉਸ ਨੂੰ ਸਭ ਪ੍ਰਕਾਰ ਦੀਆਂ ਦੁਨਿਆਵੀ ਆਲਾਇਸ਼ਾਂ ਤੋਂ, ਪੈਗੰਬਰ ਦਾ ਰੋਲ ਨਿਭਾਹੁਣ ਲਈ, ਪਾਕ ਕਰ ਦਿੱਤਾ। ਇੰਞ "ਮੁਸਤਫ਼ਾ" ਉਹੀ ਕੁਝ ਹੈ ਜਿਸ ਨੂੰ ਆਮ-ਫ਼ਹਮ ਭਾਸ਼ਾ ਵਿਚ "ਪੈਗੰਬਰ" ਆਖਦੇ ਹਨ। "ਪੈਗੰਬਰ" ਲਈ ਸਾਡੇ ਮਤ ਵਿਚ ਪ੍ਰਚਲਿਤ ਸ਼ਬਦ "ਗੁਰੂ" ਹੈ। ਫਲਸਰੂਪ, "ਮਹਲਾ" ਪਦ 'ਪੈਗੰਬਰ' ਤੇ 'ਗੁਰੂ' ਦਾ ਪਰਯਾਇਵਾਚੀ ਹੀ ਹੈ।

'ਮਹਲਾ' ਪਦ ਦੇ ਅਰਬੀ ਮੂਲ ਹੋਣ ਸੰਬੰਧੀ ਸ਼ੱਕ ਨਹੀਂ। ਇਸ ਲਈ ਇਸ ਦਾ ਉਚਾਰਣ ਵੀ ਅਰਬੀ ਪੱਧਤੀ ਅਨੁਸਾਰ "ਮਹੱਲਾ" ਬਣਦਾ ਹੈ, ਪਰੰਤੂ ਕੁਝ ਵਿਦਵਾਨ ਇਸ ਗੱਲ ਤੇ ਹਠ ਕਰਦੇ ਹਨ ਕਿ ਇਸ ਦਾ ਉੱਚਾਰਣ 'ਮੋਹਲਾ' ਕਰਨਾ ਠੀਕ ਹੈ, 'ਮਹੱਲਾ' ਕਰਨਾ ਗਲਤ ਹੈ। ਪੰਜਾਬੀ ਵਿਦਵਾਨਾਂ ਵਿੱਚੋਂ ਸੰਸਕ੍ਰਿਤ ਤੇ ਓਟ ਰੱਖਣ ਵਾਲੇ ਨਿਰਮਲੇ ਟੀਕਾਕਾਰ ਪਰਮਾਤਮਾ ਨੂੰ ਪੁਰਖ ਰੂਪ ਵਿਚ ਤੇ ਗੁਰ-ਵਿਅਕਤੀਆਂ ਨੂੰ ਇਸਤ੍ਰੀ ਰੂਪ ਵਿਚ ਦੇਖਦੇ ਸਨ। ਇਸੇ ਆਧਾਰ 'ਤੇ ਉਹ ਇਸ ਸ਼ਬਦ ਦਾ ਉਚਾਰਣ 'ਮੋਹਲਾ' (ਸੰਸਕ੍ਰਿਤ, ਮਹਿਲਾ) ਕਰਨ 'ਤੇ ਜ਼ੋਰ ਦੇਂਦੇ ਰਹੇ, ਕਿਉਂਜੋ ਪੰਜਾਬੀ ਵਿਚ 'ਮੋਹਲ' ਪਦ, ਜੋ 'ਮਹੱਲ' ਤੋਂ ਹੀ ਬਣਿਆ ਹੈ, ਵੱਡੇ ਲੋਕਾਂ ਦੀਆਂ ਪਤਨੀਆਂ ਲਈ ਵੀ ਵਰਤਿਆ ਜਾਂਦਾ ਹੈ।

ਪ੍ਰੋਫੈਸਰ ਤੇਜਾ ਸਿੰਘ ਨੇ ਆਪਣੀ ਪੁਸਤਕ 'ਆਸਾ ਦੀ ਵਾਰ ਸਟੀਕ' ਵਿਚ ਇਸ ਦਾ ਉਚਾਰਣ 'ਪਹਿਲਾ' ਵਾਂਙ ਕਰਨ ਦੀ ਹਿਦਾਇਤ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ

[46] ਵੀਰ ਸਿੰਘ, 'ਸੰਥਚ ਸ੍ਰੀ ਗੁਰੂ ਗ੍ਰੰਥ ਸਾਹਿਬ', ਪੋਥੀ ਪਹਿਲੀ, ਪੰਨਾ ੧੮੦.

"ਪਹਿਲਾ" ਸਭ ਥਾਂ ਸਿਹਾਰੀ ਨਾਲ ਆਇਆ ਹੈ,ਪਰੰਤੂ "ਮਹਲ" ਸਿਹਾਰੀ ਤੋਂ ਬਿਨ ਹੈ ਲਈ "ਸਾਦ੍ਰਿਸ਼ਤਾ" (analogy) ਨਿਭਦੀ ਨਹੀਂ। ਸਭ ਤੋਂ ਵੱਧ ਚਰਚਾ ਮੋਹਲਾ ਉ ਬਾਰੇ ਪ੍ਰੋਫੈਸਰ ਸਾਹਿਬ ਸਿੰਘ ਨੇ ਕੀਤੀ ਹੈ।[47] ਉਨ੍ਹਾਂ ਦੀ ਤਰਕ-ਵਿਧੀ ਵੀ ਗਿ (analogy) ਸਿੱਧਾਂਤ ਤੇ ਚਲਦੀ ਹੈ। ਪ੍ਰੋਫੈਸਰ ਸਾਹਿਬ ਲਿਖਦੇ ਹਨ ਕਿ ਸ੍ਰੀ ਆਦਿ ਰ ਸਿਰੀ ਰਾਗੁ ਦੇ ਛੇਵੇਂ ਤੇ ਬਾਰ੍ਹਵੇਂ ਚਉਪਦੇ ਨਾਲ ਗੁਰੁ-ਵਿਅਕਤੀ ਲਈ ਪ ਆਇਆ ਹੈ ਜਿਸ ਦਾ ਉਚਾਰਣ "ਟਹਲ ਮਹਲ ਜਾ ਕਉ ਮਿਲੈ" ਵੰਨਗੀ ਦ ਪੰਗਤੀਆਂ ਅਨੁਸਾਰ "ਮੋਹਲ" ਹੈ। ਇਸ ਲਈ "ਮਹਲਾ" ਪਦ ਦਾ ਉਚਾਰਣ ਵੀ "ਮੋ ਹੈ। ਪ੍ਰੋ. ਸਾਹਿਬ ਸਿੰਘ ਦੇ "ਮਹਲਾ" ਨੂੰ 'ਮੋਹਲ' ਵਾਂਙ "ਮੋਹਲਾ" ਉਚਾਰੇ ਜਾਣ ਸਖ਼ਤੀ ਨਾਲ ਪਹਰਾ ਦੇਣ ਵਾਲੇ ਉਨ੍ਹਾਂ ਤੋਂ ਵਰੁਸਾਏ ਸਿੱਖ ਮਿਸ਼ਨਰੀ ਕਾਲਿਜ, ਅੰ ਭੂਤਪੂਰਵ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਹਨ। ਉਨ੍ਹਾਂ ਦੀ ਇਸ ਪ੍ਰਸ਼ਨ 'ਤੇ ਸ. ਸ਼ਮਸ਼ੇਰ ਅਸ਼ੋਕ ਨਾਲ ਬਹਸ ਚੋਖਾ ਚਿਰ ਚਲਦੀ ਰਹੀ ਸੀ।[48] ਹੁਣ ਵੀ ਉਹ ਇਸ ਮਾਮ ਸੰਵੇਦਨਸ਼ੀਲ ਦਿਸ ਆਉਂਦੇ ਹਨ।

ਪ੍ਰੋਫੈਸਰ ਸਾਹਿਬ ਸਿੰਘ ਨੂੰ ਇਹ ਵੀ ਗਿਲਾ ਹੈ ਕਿ ਜੋ ਸੱਜਣ ਇਸ ("ਮਹੱਲਾ" ਪੜ੍ਹ ਰਹੇ ਹਨ, ਉਹ ਹੁਣ ਤਕ ਇਸ ਦਾ ਕੋਈ ਢੁਕਵਾਂ ਅਰਥ ਸਕਦੇ। ਪ੍ਰੋਫੈਸਰ ਸਾਹਿਬ ਦੇ ਇਸ ਗਿਲੇ ਦਾ ਉੱਤਰ ਅਸੀਂ ਉਪਰ "ਮਹੱਲਾ 'ਮੁਸਤਫ਼ਾ' ਅਥਵਾ 'ਪੈਗੰਬਰ' ਦੇ ਤੁਲ ਹੋਣ ਤੇ 'ਗੁਰੂ' ਪਦ ਦੇ ਸੂਚਕ ਹੋਣ ਕੇ ਦੂਰ ਕਰ ਆਏ ਹਾਂ। ਉਚਾਰਣ ਸੰਬੰਧੀ ਸਾਡਾ ਉੱਤਰ ਨਿਮਨ ਅਨੁਸਾਰ ਹੈ :–

ੳ) ਸਾਦ੍ਰਿਸ਼ਤਾ ਦਾ ਸਿੱਧਾਂਤ, ਜ਼ਰੂਰੀ ਨਹੀਂ, ਸਭ ਥਾਂ ਨਿਭੇ। ਪੰ "ਮਹੱਲ" ਸ਼ਬਦ ਨੂੰ 'ਮੋਹਲ' ਵਿਚ ਢਾਲ ਲਇਆ ਹੈ ਤਾਂ ਜ਼ਰੂਰੀ ਨਹੀਂ ਕਿ "ਮਹੱਲ ਉਹੀ ਰਾਹ ਪਕੜੇ। ਪੰਜਾਬੀ ਵਿਚ "ਮਹੱਲਾ" ਪਦ ਆਪਣੇ ਠੀਕ ਅਰਥਾਂ (ਬਾਜ਼ਾਰ, ਕੂਚਾ, ਆਦਿ) ਵਿਚ ਸ਼ੁੱਧ ਅਰਬੀ ਉਚਾਰਣ ਨਾਲ ਹੁਣ ਵੀ ਚਲਦਾ ਹੈ। ਰੂਪ ਵਟਾਣ ਦੀ ਆਗਿਆ ਨਹੀਂ ਦਿੱਤੀ। "ਮਹਲੁ" ਵੀ ਗੁਰਬਾਣੀ ਵਿਚ ਹਰ ਥਾਂ ਵਿਚ ਨਹੀਂ ਵਟਿਆ, 'ਮਹੱਲ' ਉਚਾਰਣ ਨਾਲ ਵੀ ਆਇਆ ਹੈ।

ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਇਕ ਸੰਖੇਪ ਪਦ (abbrevia ਵਰਤਿਆ ਮਿਲਦਾ ਹੈ ਤੇ ਉਹ /ਮ: / ਹੈ ਜੋ "ਮਹਲਾ" ਪਦ ਲਈ ਵਾਰਾਂ ਸਲੋਕਾਂ ਤੋਂ ਪਹਲਾਂ ਗੁਰੁ-ਵਿਅਕਤੀ ਸੂਚਕ ਅੰਕ ਨਾਲ ਰਲ ਕੇ ਆਇਆ ਹੈ

[47] ਸਾਹਿਬ ਸਿੰਘ, 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ', ਪੋਥੀ ਪਹਿਲੀ, ਪੰ. ੨੦-੨੨.

[48] ਦੋਨਾਂ ਵਿਦਵਾਨਾਂ ਤੇ ਮਤਾਂ ਲਈ ਦੇਖੋ, ਸ਼ਮਸ਼ੇਰ ਸਿੰਘ ਅਸ਼ੋਕ, "ਮਹਲਾ ਸ਼ਬਦ ਤੇ ਉਚਾਰਣ", (RG ੩੮੭, ਗੁ. ਨਾ. ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅਮ੍ਰਿਤਸਰ) ਅਤੇ ਹਰਿਭਜ "ਗੁਰਬਾਣੀ ਸੰਪਾਦਨ ਨਿਰਣੈ", (ਪ੍ਰਕਾਸ਼ਕ : ਲੇਖਕ ਆਪ).

ਬਣਤਰ ਵੱਲ ਜੇ ਧਿਆਨ ਦੇਈਏ ਤਾਂ ਪਤਾ ਲੱਗੇਗਾ ਕਿ ਇਹ /ਮ/ ਦੇ ਪਿੱਛੇ ਵਿਸਰਗਾਂ (:) ਲਾ ਕੇ ਬਣਾਇਆ ਗਇਆ ਹੈ। ਵਿਸਰਗਾਂ ਅਰਬੀ ਮੂਲ ਸ਼ਬਦ ਦੇ ਅੰਤ 'ਤੇ /ਲ/ ਨਾਲ ਮਿਲੀ ਹਾਇ ਹਵੱਜ਼ ਦੇ ਸ਼ੁੱਧ ਉਚਾਰਣ ਨੂੰ ਭੁਗਤਾਉਣ ਦਾ ਸੋਚਿਆ ਸਮਝਿਆ ਸਾਧਨ ਹੈ। ਇਸ ਤੋਂ ਸਿਧ ਹੁੰਦਾ ਹੈ ਕਿ ਜਿਸ ਕਿਸੇ ਨੇ ਵੀ ਇਸ ਪਦ (ਮ:) ਦੀ ਘਾੜਤ ਘੜੀ, ਉਸ ਦੀਆਂ ਅੱਖਾਂ ਦੇ ਸਾਮ੍ਹਣੇ ਇਸ ਦਾ ਸ਼ੁੱਧ ਉਚਾਰਣ "ਮਹੱਲਾ" ਸੀ, "ਮੈਹਲਾ" ਨਹੀਂ ਸੀ।

ੲ) ਡਾ. ਚੰਨਣ ਸਿੰਘ ਚੰਨ, ਸਾਊਥ ਫ਼ੀਲਡਜ਼, ਕੁਵੈਂਟਰੀ, ਯੂ.ਕੇ., ਪਾਸ ਸਤਾਰ੍ਹਵੀਂ ਸਦੀ ਈਸਵੀ ਦੀ ਇਕ ਕਿਰਮ ਖ਼ੁਰਦਾ ਬਿਆਜ਼ ਹੈ, ਜਿਸ ਵਿਚ ਗੁਰੂਆਂ ਤੇ ਭਗਤਾਂ ਦੇ ਕੁਝ ਸ਼ਬਦ ਫ਼ਾਰਸੀ ਲਿਪੀ ਵਿਚ ਲਿਖੇ ਹੋਏ ਹਨ। ਡਾਕਟਰ ਸਾਹਿਬ ਦੀ ਸੱਜਨਤਾ ਨਾਲ ਇਸ ਦੇ ਕੁਝ ਪੱਤਰੇ ਵਾਚਣ ਲਈ ਸਾਨੂੰ ਮਿਲੇ ਹਨ। ਇਨ੍ਹਾਂ ਵਿੱਚੋਂ ਇਕ ਦਾ ਫ਼ੋਟੋ-ਉਤਾਰਾ ਅਸੀਂ ਸਾਮ੍ਹਣੇ ਪ੍ਰਸਤੁਤ ਕਰ ਰਹੇ ਹਾਂ। ਇਸ ਵਿਚ ਸ਼ਬਦ ਮਹੱਲਾ ਫ਼ਾਰਸੀ ਮਾਤ੍ਰਿਕ ਚਿੰਨ੍ਹ, ਸ਼ੱਦ (ਅਧਿਕ), ਸਹਿਤ ਲਿਖਿਆ ਹੋਇਆ ਹੈ, ਜਿਸ ਤੋਂ ਕੋਈ ਸ਼ਕ ਨਹੀਂ ਰਹਿੰਦਾ ਕਿ ਸਾਡੇ ਬਜ਼ੁਰਗ ਇਸ ਪਦ ਨੂੰ ਦੋਹਰੇ ਲੱਲੇ ਨਾਲ ਉਚਾਰਦੇ ਸਨ। ਬਾਕੀ ਰਹਿਆ ਅੰਤਲੀ ਹਾਇ-ਹਵੱਜ਼, ਉਹ ਪੰਜਾਬੀ ਵਿਚ ਕੰਨੇ ਨਾਲ ਭੁਗਤਾਈ ਜਾਂਦੀ ਹੈ, ਜਿਵੇਂ ਮੱਕਾ, ਮਦੀਨਾ, ਮਸਲਾ, ਨੁਕਤਾ, ਆਦਿ ਵਿਚ। ਫ਼ੋਟੋ-ਉਤਾਰੇ ਵਿਚ ਵੀ ਉਹ ਹਾਇ-ਹਵੱਜ਼ ਦੀ ਥਾਂ ਕੰਨੇ ਨਾਲ ਸੂਚਿਤ ਕੀਤੀ ਗਈ ਹੈ। ਮੂਲ ਅਰਬੀ ਰੂਪ ਨਾਲੋਂ ਕੇਵਲ ਇੱਨਾ ਕੁ ਹੀ ਫ਼ਰਕ ਪਇਆ ਹੈ।

ਸ) ਕਰਤਾਰਪੁਰੀ ਬੀੜ ਵਿਚ 'ਪ੍ਰਾਨ ਸੰਗਲੀ' ਨਾਂ ਦੀ ਬਾਣੀ ਚੜ੍ਹਾਣ ਲਈ ਛੱਡੀ ਗਈ ਥਾਂ ਉੱਤੇ ਫ਼ਾਰਸੀ ਅੱਖਰਾਂ ਵਿਚ ਜੋ ਨਾਂ ਇਸ ਬਾਣੀ ਦਾ ਪਤ੍ਰਾ ੯੬੩/੧ ਉਪਰ ਲਿਖਿਆ ਗਇਆ ਹੈ,[49] ਉਹ ਇਸ ਦੇ ਅਰਬੀ ਵਾਲੇ ਉਚਾਰਣ ਦਾ ਸੰਕੇਤਕ ਹੈ।

ਹ) ਸੋਢੀ ਮਿਹਰਬਾਨ ਦੇ ਸਪੁਤ੍ਰ ਹਰਿ ਜੀ ਰਚਿਤ 'ਗੋਸ਼ਟਿ ਸ੍ਰੀ ਸਤਿਗੁਰੂ ਮਿਹਰਬਾਨ ਜੀ ਕੀ' ਵਿਚ ਸੋਢੀ ਮਿਹਰਬਾਨ ਦੇ ਗੁਰਬਾਣੀ ਨਾਲ ਪ੍ਰੇਮ ਬਾਰੇ ਇਹ ਲੇਖ ਆਇਆ ਹੈ:

> ਮਿਹਰਬਾਨ ਜੀ ਨੇ ਪੋਥੀ ਲਿਖਾਈ ਪੋਥੀ ਉਤੇ ਜਪੁ ਤੇ ਆਦਿ ਲੈ ਕਰਿ ਬਾਣੀ ਖਣ ਲਿਖਾਇਆ ਫੇਰਿ ਅਗੇ ਖਣ ਦੇ ਇਕੁ ਦੋਇ ਦੁਇ ਛਕੇ ਸਭਨਾ ਗੁਰੂ ਮਹਲਿਆ ਕੇ ਸ਼ਬਦ ਲਿਖਾਏ ॥ ਪੋਥੀ ਨਾਲ ਦਿਨ ਰਾਤਿ ਪ੍ਰੀਤ ਪਿਆਰ ॥ ਅਰੁ ਉਦਾਸੀ ਕੈ ਘਰਿ ਰਹੀਏ ॥[50]

ਉਪਰਲੀ ਲਿਖਤ ਵਿਚ ਪਦ "ਗੁਰੂ ਮਹਲਿਆਂ" ਆਇਆ ਹੈ। ਜੇ ਇਸ ਨੂੰ "ਗੁਰੂ ਮੈਹਲਾਂ" ਪੜ੍ਹਨਾ ਹੁੰਦਾ ਤਾਂ ਇਹ "ਦਰ ਘਰ ਮਹਲਾਂ ਹਸਤੀ ਘੋੜੇ" ਦੀ ਡੌਲ ਤੇ

[49] ਜੋਧ ਸਿੰਘ, 'ਕਰਤਾਰਪੁਰੀ ਬੀੜ' ਪੰਨਾ ੧੨੧.

[50] ਹੱਥ-ਲਿਖਿਤ ਨੰਬਰ ੨੫੨੭, ਸੈਂਟ੍ਰਲ ਸਟੇਟ ਲਾਇਬ੍ਰੇਰੀ, ਪਟਿਆਲਾ; ਹੱਥ-ਲਿਖਿਤ ਨੰਬਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ।

ਡਾ. ਚੰਨਣ ਸਿੰਘ ਚੰਨ ਪਾਸ ਸੁਰਖਿਅਤ ਸਤਾਰ੍ਹਵੀਂ ਸਦੀ ਈ. ਦੀ ਇਕ ਬਿਆਜ਼ ਦਾ ਪੰਨਾ ਜਿਸ ਵਿਚ "ਮਹੱਲਾ ਪਹਲਾ" ਸਿਰਲੇਖ ਫ਼ਾਰਸੀ ਦੇ ਅਧਿਕ ਲਈ ਨਿਰਧਾਰਿਤ ਚਿੰਨ੍ਹ ਸ਼ੱਦ, ਨਾਲ ਆਇਆ ਹੈ। ਇਸ ਤੋਂ "ਮਹਲਾ" ਪਦ ਦੇ ਦੋਹਰੇ ਲੱਲੇ ਨਾਲ ਉਚਾਰੇ ਜਾਣ ਦਾ ਪਤਾ ਲਗਦਾ ਹੈ।

"ਗੁਰੂ-ਮਹਲਾਂ" ਕਰਕੇ ਲਿਖਿਆ ਜਾਂਦਾ । ਪਰੰਤੂ ਇਹ "ਗੁਰੂ ਮਹਲਿਆਂ" ਕਰਕੇ ਲਿਖਿਆ ਹੋਇਆ ਹੈ, ਜੋ ਦੋਹਰੇ ਲੱਲੇ ਨਾਲ ਉਚਾਰੇ ਜਾਣ ਦੀ ਸ਼ਾਹਦੀ ਭਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਹੱਥ ਲਿਖਿਤ ਬੀੜਾਂ ਵਿੱਚੋਂ ਕੁਝ ਦੇ ਰਾਗਾਂ ਦੇ ਪਿੱਛੇ ਜੋੜ ਦਿੱਤੇ ਹੋਏ ਹਨ । ਹੱਥ ਲਿਖਿਤ ੧੧੯੨, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਿਰੀ ਰਾਗੁ ਦੇ ਮਗਰ ਜੋ ਜੋੜ ਆਇਆ ਹੈ, ਉਸ ਵਿਚ ਵੀ ਪਦ "ਮਹਲਿਆ" ਹੈ, "ਮਹਲਾ" ਨਹੀਂ ।[51]

ਕ) "ਮਹੱਲਾ" ਪਦ ਦਾ ਉਚਾਰਣ ਸਿੱਖ ਜਗਤ ਵਿਚ ਮਨਾਏ ਜਾਂਦੇ ਪ੍ਰਸਿੱਧ ਤਿਉਹਾਰ "ਹੋਲਾ ਮਹੱਲਾ" ਤੋਂ ਵੀ ਵਿਦਿਤ ਹੈ । ਭਾਵੇਂ ਕਾਨ੍ਹ ਸਿੰਘ ਨਾਭਾ ਨੇ ਇਸ ਨੂੰ "ਹਮਲਾ" ਅਤੇ "ਜਾਯ ਹਮਲਾ" ਕਰਕੇ ਵਖਿਆਉਣ ਦੀ ਚੇਸ਼ਠਾ ਕੀਤੀ ਹੈ[52], ਪਰੰਤੂ ਇਸ ਦਾ ਠੀਕ ਅਰਥ "ਗੁਰੂ ਜੀ ਦਾ ਹੋਲਾ" ਹੀ ਹੈ, ਕਿਉਂਜੋ "ਹਮਲਾ" ਤੋਂ 'ਹੱਲਾ' ਤਾਂ ਬਣਦਾ ਹੈ, "ਹੋਲਾ" ਨਹੀਂ ਬਣਦਾ । ਫਲਸ੍ਵਰੂਪ, ਪਦ "ਹੋਲਾ ਮਹੱਲਾ" ਗੁਰ-ਵਿਅਕਤੀ ਸੂਚਕ ਸ਼ਬਦ ਲਈ "ਮਹਲਾ" ਦਾ ਠੀਕ ਉਚਾਰਣ ਸੰਭਾਲੀ ਬੈਠਾ ਦਿਸਦਾ ਹੈ ।

ਖ) ਅਮ੍ਰਿਤਸਰ ਤੋਂ ਸੱਤ ਅੱਠ ਮੀਲ ਦੀ ਵਿਥ 'ਤੇ ਜੋ ਪਿੰਡ "ਵੱਲਾ" ਹੈ, ਇਹ "ਮਹਲਾ" ਪਦ ਤੋਂ ਹੀ ਵਿਗੜ ਕੇ ਬਣਿਆ ਹੈ । ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਜਦੋਂ ਸ੍ਰੀ ਗੁਰੂ ਤੇਗ ਬਹਾਦੁਰ ਨੂੰ ਸ੍ਰੀ ਹਰਿਮੰਦਿਰ ਸਾਹਿਬ ਅੰਦਰ ਮੀਣਿਆਂ ਨੇ ਵੜਨ ਨ ਦਿੱਤਾ ਤਾਂ ਉਹ ਅਮ੍ਰਿਤਸਰ ਤੋਂ ਬਾਹਰ ਇਕ ਥਾਂ 'ਤੇ ਜਾ ਟਿਕੇ । ਅਮ੍ਰਿਤਸਰੀ ਮਾਈਆਂ ਇੱਥੇ ਹੀ ਉਨ੍ਹਾਂ ਦੇ ਦਰਸ਼ਨ ਨੂੰ ਹੁਮ ਹੁਮਾ ਕੇ ਪਹੁੰਚੀਆਂ ਤੇ ਆਪਣੀ ਭੁੱਲ ਬਖਸ਼ਾਈ । ਅਨੁਮਾਨ ਹੈ ਕਿ ਗੁਰੂ ਸਾਹਿਬ ਦੇ ਉੱਥੇ ਠਹਰਣ ਕਾਰਣ ਉਸ ਥਾਂ ਦਾ ਨਾਂ "ਵੱਲਾ" ਚਲ ਪਇਆ ਜੋ "ਮਹਲਾ" ਦਾ ਹੀ ਇਕ ਵਿਗੜਿਆ ਹੋਇਆ ਰੂਪ ਹੈ। "ਮਹੱਲਾ" ਤੋਂ 'ਵੱਲਾ' ਬਣ ਜਾਣਾ ਐਨ ਸੁਭਾਵਿਕ ਹੈ । ਦੱਖਣੀ ਉਰਦੂ ਵਿਚ ਵੀ "ਵੱਲਾ" ਪਦ ਮਹੱਲੇ ਲਈ ਵਰਤਿਆ ਮਿਲਦਾ ਹੈ । ਜੇ ਇਹ ਅਨੁਮਾਨ ਠੀਕ ਹੈ ਤਾਂ "ਮਹੱਲਾ" ਦਾ ਦੋਹਰੇ ਲੱਲੇ ਨਾਲ ਬੋਲਿਆ ਜਾਣਾ ਵੀ ਸਿੱਧ ਹੈ ।

ਇਨ੍ਹਾਂ ਸਪਸ਼ਟ ਸਬੂਤਾਂ ਦੇ ਹੁੰਦਿਆਂ "ਮਹਲਾ" ਪਦ ਦੇ ਠੀਕ ਉਚਾਰਣ ਬਾਰੇ ਸ਼ਕ ਨਹੀਂ ਰਹਣਾ ਚਾਹੀਦਾ । ਵਿਰੋਧੀਆਂ ਦੀਆਂ ਗਲਤ ਦਲੀਲਾਂ ਦੇ ਉੱਤਰ ਲਈ ਦੇਖੋ ਇਨ੍ਹਾਂ ਸਤਰਾਂ ਦੇ ਲੇਖਕ ਦਾ ਮਜ਼ਮੂਨ "ਮਹਲਾ ਪਦ ਦਾ ਅਰਥ ਤੇ ਉਚਾਰਣ", ਜੋ ਸਿੰਘ ਸਭਾ ਪਤ੍ਰਿਕਾ, ਚੰਡੀਗੜ੍ਹ, ਦੇ ਮਹੱਲਾ ਅੰਕ ਵਿਚ ਛਪਣ ਹਿਤ ਇਸ ਵਕਤ (ਅਕਤੂਬਰ ੧੯੯੨ ਵਿਚ) ਪ੍ਰੈਸ ਵਿਚ ਹੈ ।

(ਅ) /ਸ਼/,/ਜ਼,/ਯ/ ਆਦਿ ਅਤੇ ਨਾਸਿਕੀ ਧੁਨੀਆਂ ਦਾ ਉਚਾਰਣ : ਗੁਰਬਾਣੀ ਉਚਾਰਣ ਸੰਬੰਧੀ ਚਲਦੀ ਬਹਸ ਦੀ ਇਹ ਦੂਜੀ ਭਖਵੀਂ ਸਮਸਿਆ ਹੈ । ਇਸ ਉਪਰ ਅਸੀਂ

[51]ਦੇਖੋ ਪਿੱਛੇ, ਪੰਨਾ ੩੦੭.

[52]'ਮਹਾਨ ਕੋਸ਼', ਸੰਸਕਰਣ ਦੂਜਾ, ਪੰਨਾ ੨੧੧.

ਆਪਣੇ ਵਿਸਤ੍ਰਿਤ ਵਿਚਾਰ 'ਗੁਰਮਤਿ ਪ੍ਰਕਾਸ਼' ਵਿਚ ਪ੍ਰਗਟਾ ਚੁਕੇ ਹਾਂ ।[53] ਇੱਥੇ ਅਸ ਉ ਬਹਸ ਦਾ ਸਾਰਤੱਤ ਦੇ ਕੇ ਇਸ ਪ੍ਰਕਰਣ ਨੂੰ ਸਮਾਪਤ ਕਰਨਾ ਲੋੜਾਂਗੇ । /ਸ਼/,/ਜ਼/,/ਆਂ/ਆਂ ਧੁਨੀਆਂ ਸੰਬੰਧੀ ਮਤਭੇਦ ੧੯੭੯ ਈ. ਵਿਚ ਕੇਂਦ੍ਰੀ ਸਿੰਘ ਸਭਾ ਵੱਲੋਂ ਪਾਠ-ਬੋਧ । ਾਰ ਸ਼ੁਰੂ ਕਰਵਾਏ ਜਾਣ ਸਮੇਂ ਉਘੜ ਕੇ ਅੱਖਾਂ ਸਾਮ੍ਹਣੇ ਆਏ । ਉਸ ਸਮਾਗਮ ਵਿਚ ਭਾ ਜੋਗਿੰਦਰ ਸਿੰਘ ਤਲਵਾੜਾ ਤੇ ਭਾਈ ਜੋਗਿੰਦਰ ਸਿੰਘ ਵੇਦਾਂਤੀ ਨੇ ਬਾਣੀ ਦਾ ਪਾਠ ਕਰ ਸਮੇਂ ਲੋੜੀਂਦੀਆਂ ਥਾਵਾਂ ਉੱਤੇ ਬਿੰਦੀਆਂ ਅਤੇ ਅਧਿਕ ਲਾ ਕੇ ਪਾਠ ਕਰਨ ਦਾ ਚ ਕੀਤਾ । ਇਸ ਧਾਰਣਾ ਵਿਰੁਧ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੇ ਡਾ. ਹਰਿਕੀਰਤ ਸਿੰ ਉਠ ਖੜੇ ਹੋਏ ਤੇ ਉਨ੍ਹਾਂ "ਜਿਵੇਂ ਲਿਖਿਆ ਹੈ ਤਿਵੇਂ ਉਚਾਰੋ" ਦਾ ਹੋਕਾ ਦਿੱਤਾ । ਨ੍ਹਾਂ ਇਸ ਮਤ ਦਾ ਖੰਡਨ ਕਰਨ ਲਈ ਸਿੱਖ ਮਿਸ਼ਨਰੀ ਕਾਲਿਜ, ਅਮ੍ਰਿਤਸਰ ਦੇ ਭੂ ਪੂਰ ਪ੍ਰਿੰਸੀਪਲ ਸ. ਹਰਿਭਜਨ ਸਿੰਘ ਪੂਰੇ ਤ੍ਰਾਣ ਨਾਲ ਮੈਦਾਨ ਵਿਚ ਉਤਰੇ । ਪ੍ਰਿੰਸੀਪ ਹਰਿਭਜਨ ਸਿੰਘ ਦੇ ਵਿਚਾਰ ਪਹਲਾਂ ਉਨ੍ਹਾਂ ਦੀ ਪੁਸਤਕ 'ਗੁਰਬਾਣੀ ਸੰਪਾਦਨ ਰ (੧੯੮੧) ਵਿਚ ਅੰਕਿਤ ਹੋਏ ਤੇ ਦੂਜੀ ਵਾਰ, ਡਾ. ਹਰਿਕੀਰਤ ਸਿੰਘ ਅਤੇ ਸ. ਇੰਦ ਸਿ ਵੱਲੋਂ ਛਾਪੀ ਗਈ ਪੁਸਤਕ, 'ਗੁਰਬਾਣੀ ਦਾ ਸੁੱਧ ਉਚਾਰਨ' (੧੯੮੫) ਦੇ ਉੱਤਰ ਵਿ 'ਜਵਾਬ-ਉਲ-ਜਵਾਬ'. (੧੯੮੧) ਨਾਂ ਦੀ ਪੁਸਤਕ ਵਿਚ ਨਿਰੂਪਿਤ ਹੋ ਕੇ ਪਾ ਤਾਂ ਸਾਮ੍ਹਣੇ ਆਏ । ਇਨ੍ਹਾਂ ਦੋਹਾਂ ਵਿਦਵਾਨਾਂ ਵਿੱਚੋਂ ਸ. ਇੰਦਰ ਸਿੰਘ ਦੀ ਪਹੁੰਚ ਤਾਂ ਜਜ਼ਬ ਨਾਲ ਖੇਡਣ ਦੀ ਹੈ, ਪਰ ਡਾ. ਹਰਿਕੀਰਤ ਸਿੰਘ ਭਾਸ਼ਾ-ਵਿਗਿਆਨ ਦੇ ਆਧਾਰ 'ਤੇ ਰ ਤੋਰਨ ਦੇ ਸ਼ੌਕੀਨ ਹਨ । ਇਸ ਲਈ ਅਸੀਂ ਇੱਥੇ ਡਾ. ਹਰਿਕੀਰਤ ਸਿੰਘ ਦੇ ਤ ਵਿਤਰਕ ਨੂੰ ਹੀ ਮੁਖ ਰੱਖ ਕੇ ਆਪਣੇ ਮਤ ਦਾ ਪ੍ਰਗਟਾਵਾ ਕਰਾਂਗੇ ।

ਡਾ. ਹਰਿਕੀਰਤ ਸਿੰਘ ਦੀ ਪਹਲੀ ਸਥਾਪਨਾ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਾਹਿ ਵਿਚ /ਸ਼/, /ਜ਼/, /ਯ/ ਆਦਿ ਧੁਨੀਆਂ ਵਰਤੀਆਂ ਨਹੀਂ ਗਈਆਂ । ਇਸ ਲਈ 'ਸਲੋ 'ਸਾਹ', 'ਸਾਸਤ੍ਰ', 'ਸਬਦ', 'ਨੀਸਾਣ', 'ਸਰੀਕ', ਆਦਿ ਨੂੰ /ਸ਼/ ਧੁਨੀ ਦੇ ਕੇ ਾਰ ਭੁੱਲ ਹੈ ਤੇ ਇਸੇ ਤਰ੍ਹਾਂ 'ਜਹਰ', 'ਜੁਲਮ', 'ਬਾਜੀ' ਨੂੰ 'ਜ਼ਹਰ', 'ਜ਼ੁਲਮ', 'ਬਾਜ਼ੀ' ਪੜ੍ ਅਸ਼ੁੱਧ ਹੈ ।[54] /ਯ/ ਧੁਨੀ ਨੂੰ ਉਹ /ਜ/ ਵਿਚ ਵੱਟ ਗਈ ਦਸਦੇ ਹਨ । ਆਪਣੇ ਮਤ ਪੁਸ਼ਟੀ ਵਿਚ ਡਾ. ਸਾਹਿਬ ਲਿਖਦੇ ਹਨ ਕਿ /ਸ਼/, /ਜ਼/, /ਯ/ ਆਦਿ ਧੁਨੀਆਂ ੀ ਗ੍ਰੰਥ ਸਾਹਿਬ ਦੀਆਂ ਹੋਰਨਾਂ ਸਮਕਾਲੀ ਪ੍ਰਸਿੱਧ ਰਚਨਾਵਾਂ, ਜਿਵੇਂ ਤੁਲਸੀ ਦੇ 'ਰਾਮ ਚਰਿ ਮਾਨਸ', ਬਿਹਾਰੀ ਦੀ 'ਸਤਸਈ', ਕੇਸ਼ਵ ਦੀ 'ਰਾਮਚੰਦ੍ਰਿਕਾ' ਤੇ ਸੂਰਦਾਸ ਦੇ 'ਸੂਰ ਸਾਰ ਵਿਚ ਵੀ ਪ੍ਰਾਪਤ ਨਹੀਂ ਹਨ । ਆਪ ਦਾ ਨਿਸ਼ਚਾ ਹੈ ਕਿ ਇਹ ਧੁਨੀਆਂ ਪੰਜ ਿ ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਪੰਜਾਬ ਵਿਚ ਫ਼ਾਰਸੀ/ਉਰਦੂ ਦੀ ਪੜ੍ਹਾਈ ਦੇ ਦ

[53]ਦੇਖੋ 'ਗੁਰਮਤਿ ਪ੍ਰਕਾਸ਼' (ਫਰਵਰੀ ੧੯੯੨ ਅੰਕ) ਵਿਚ ਇਸ ਲੇਖਕ ਦਾ ਛਪਿ "ਗੁਰਬਾਣੀ ਉਚਾਰਨ ਦੀਆਂ ਕੁਝ ਸਮਸਿਆਵਾਂ" ।

[54]ਹਰਿਕੀਰਤ ਸਿੰਘ ਤੇ ਇੰਦਰ ਸਿੰਘ, 'ਗੁਰਬਾਣੀ ਦਾ ਸੁੱਧ ਉਚਾਰਨ', ਪੰਨਾ ੮੪-੮੫.

ਹੋਣ ਨਾਲ ਉਗਮ ਪਈਆਂ, ਪਹਲਾਂ ਇਹ ਮੌਜੂਦ ਨਹੀਂ ਸਨ ।[55] ਸਬੂਤ ਵਜੋਂ ਆਪ ਲੁਧਿਆਣਾ ਮਿਸ਼ਨ ਵੱਲੋਂ ਸੰਨ ੧੮੫੪ ਈਸਵੀ ਵਿਚ ਤਿਆਰ ਕੀਤਾ 'ਪੰਜਾਬੀ ਕੋਸ਼' ਪੇਸ਼ ਕਰਦੇ ਹਨ, ਜਿਸ ਵਿਚ /ਸ਼/,/ਜ਼/ ਦੀਆਂ ਧੁਨੀਆਂ ਦਾ ਅਭਾਵ ਹੈ, ਪਰ ੧੮੯੫ ਵਿਚ ਤਿਆਰ ਹੋਏ ਮੱਯਾ ਸਿੰਘ ਵਾਲੇ ਕੋਸ਼ ਵਿਚ ਇਹ ਹਨ ।

ਡਾ. ਹਰਿਕੀਰਤ ਸਿੰਘ ਦੀ ਦੂਜੀ ਸਥਾਪਨਾ ਗੁਰਬਾਣੀ ਵਿਚ ਨਾਸਿਕੀ ਧੁਨੀ ਬਾਰੇ ਹੈ । ਆਪ ਦਾ ਮਤ ਹੈ ਕਿ ਗੁਰੂ ਕਾਲ ਵਿਚ ਨਾਸਿਕੀ ਧੁਨੀ ਬਹੁਤ ਘੱਟ ਸੀ ਤੇ ਗੁਰਬਾਣੀ ਵਿਚ 'ਚੰਗਿਆਈਆ', 'ਬੁਰਿਆਈ', 'ਪੰਡਿਤਾ', 'ਸਲੋਕਾ', 'ਮਾਣਸਾ', ਆਦਿ ਪਦ, ਜਿਵੇਂ ਇਹ ਬਿੰਦੀਆਂ ਤੋਂ ਬਿਨਾਂ ਲਿਖੇ ਹੋਏ ਹਨ, ਓਵੇਂ ਹੀ ਉਚਾਰੇ ਜਾਂਦੇ ਸਨ । ਫਲਸਰੂਪ ਇਨ੍ਹਾਂ ਦਾ ਨਾਸਿਕੀ ਉਚਾਰਨ ਜੋ ਅਸੀਂ ਅਜੋਕੀ ਬੋਲ ਚਾਲ ਦੀ ਪੈਰਵੀ ਵਿਚ ਕਰਦੇ ਹਾਂ, ਦੋਸ਼-ਯੁਕਤ ਹੈ । ਇਸ ਦੇ ਵਿਪੱਖ ਵਿਚ ਬੋਲਣ ਵਾਲੇ ਉਸ ਮਤ ਦੇ ਧਾਰਣੀ ਹਨ ਕਿ ਗੁਰਬਾਣੀ ਰਚਣ ਵੇਲੇ ਨਾਸਿਕੀ ਧੁਨੀ ਵਾਲੇ ਉਚਾਰਨ ਹੀ ਚਲਦੇ ਸਨ, ਪਰ ਉਹ ਲਿਪੀ ਵਿਚ ਨਾਸਿਕੀ ਧੁਨੀ ਦੇ ਚਿੰਨ੍ਹ ਦੇ ਨ ਹੋਣ ਕਾਰਣ ਸੂਚਿਤ ਨ ਹੋ ਸਕੇ । ਉਸ ਚਿੰਨ੍ਹ ਦਾ ਘਾਟਾ ਸਿਆਣੇ ਪਾਠੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਲੋੜੀਂਦੀਆਂ ਥਾਵਾਂ 'ਤੇ ਨਾਸਿਕੀ ਧੁਨੀ ਜੋੜ ਕੇ ਪੂਰਾ ਕਰਦੇ ਹਨ, ਤੇ ਅਜੇਹਾ ਕਰਨਾ ਨ ਕੇਵਲ ਯੋਗ ਹੈ, ਸਗੋਂ ਅਰਥਾਂ ਨੂੰ ਸਪਸ਼ਟ ਕਰਨ ਲਈ ਜ਼ਰੂਰੀ ਵੀ ਹੈ ।

'ਅਰਥਾਂ ਨੂੰ ਸਪਸ਼ਟ ਕਰਨ' ਦੀ ਦਲੀਲ ਪ੍ਰਿੰਸੀਪਲ ਹਰਿਭਜਨ ਸਿੰਘ ਨੇ ਆਪਣੀ ਪੁਸਤਕ 'ਜਵਾਬ-ਉਲ-ਜਵਾਬ' ਵਿਚ ਬੜੇ ਵਿਸਤ੍ਰਿਤ ਢੰਗ ਨਾਲ ਖੋਲ੍ਹੀ ਹੈ । ਚਾਹਵਾਨ ਸੱਜਨ ਉਥੋਂ ਉਸ ਨੂੰ ਵਾਚ ਲੈਣ । ਇੱਥੇ ਅਸੀਂ ਕੇਵਲ ਡਾ. ਹਰਿਕੀਰਤ ਸਿੰਘ ਦੀਆਂ ਸਥਾਪਨਾਵਾਂ ਨੂੰ ਪਰਖਣ ਤੇ ਉਨ੍ਹਾਂ ਦੀਆਂ ਅਸੰਗਤੀਆਂ ਨੂੰ, ਸੰਖੇਪ ਜੇਹੇ ਢੰਗ ਨਾਲ, ਦਰਸਾਣ ਦੀ ਕੋਸ਼ਿਸ਼ ਕਰਾਂਗੇ ।

੧. ਡਾ. ਹਰਿਕੀਰਤ ਸਿੰਘ ਨੇ ਸੋਲ੍ਹਵੀਂ ਸਦੀ ਦੇ 'ਰਾਮ ਚਰਿਤ ਮਾਨਸ', ਕੇਸ਼ਵ ਦੀ 'ਰਾਮਚੰਦ੍ਰਿਕਾ' ਅਤੇ ਸੂਰਦਾਸ ਦੇ 'ਸੂਰ ਸਾਗਰ' ਨੂੰ ਇਹ ਸਿਧ ਕਰਨ ਲਈ ਵਰਤਿਆ ਹੈ ਕਿ ਗੁਰੂ ਕਾਲ ਵਿਚ /ਸ਼/,/ਜ਼/,/ਯ/ ਆਦਿ ਧੁਨੀਆਂ ਨਹੀਂ ਚਲਦੀਆਂ ਸਨ । ਪਰੰਤੂ ਉਨ੍ਹਾਂ ਨੇ ਉਸੇ ਕਾਲ ਵਿੱਚ—ਨਹੀਂ, ਸਗੋਂ ਉਸ ਤੋਂ ਪਹਲੇਰੇ ਕਾਲ ਵਿਚ, ਵੀ—ਦੱਖਣ ਵਿਚ ਲਿਖੀ ਜਾਂਦੀ ਤਦੋਂ ਦੇ ਸਮੇਂ ਦੀ ਹਿੰਦਵੀ ਜਾਂ ਕਦੀਮ ਉਰਦੂ ਵੱਲ ਝਾਤ ਨਹੀਂ ਮਾਰੀ । ਹਿੰਦਵੀ ਜਾਂ ਦੱਖਣੀ ਉਰਦੂ ਵਿਚ ਲਿਖਣ ਵਾਲੇ ਮੁਸਲਮਾਨ ਕਵੀ ਗੁਰੂ ਨਾਨਕ ਕਾਲ ਤੋਂ ਪਹਲਾਂ ਦੇ ਸਮੇਂ ਵਿਚ ਵੀ /ਸ਼/, /ਜ਼/, /ਫ਼/ ਆਦਿ ਧੁਨੀਆਂ ਵਾਲੇ ਸ਼ਬਦ ਆਪਣੀਆਂ ਲਿਖਤਾਂ ਵਿਚ ਬਰਾਬਰ ਵਰਤ ਰਹੇ ਸਨ । ਇਹ ਉਹੀ ਲੋਕ ਸਨ ਜਿਨ੍ਹਾਂ ਨੇ ਪੰਜਾਬ ਵਿਚ ਵਿਚਰਦਿਆਂ ਇੱਥੋਂ ਦੀ ਸਾਂਝੀ ਭਾਸ਼ਾ (Lingua Franca) ਹਿੰਦਵੀ, ਵਿਚ ਅਰਬੀ ਤੇ ਫ਼ਾਰਸੀ ਦੇ ਸ਼ਬਦ ਦਾਖ਼ਲ ਕੀਤੇ ਤੇ ਇਕ ਨਵੀਂ ਭਾਸ਼ਾ, ਉਰਦੂ, ਦੀ ਨੀਂਹ ਰੱਖੀ । ਆਪਣੀ ਸਿਰਜੀ

[55] ਉਹੀ, ਪੰਨਾ ੯੭-੯੮.

ਮਿਲੀ ਜੁਲੀ ਭਾਸ਼ਾ ਇਹੀ ਲੋਕ ਪਹਲਾਂ ਦਿੱਲੀ ਤੇ ਫਿਰ ਦਿੱਲੀਓਂ ਦੱਖਣ ਵੱਲ ਲੈ ਗਏ । ਉਨ੍ਹਾਂ ਕਾਰਣ ਹੀ /ਸ਼/ ਤੇ /ਯ/ ਦੀਆਂ ਧੁਨੀਆਂ, ਜੋ ਪੰਜਾਬੀ ਵਿਚ ਪ੍ਰਾਕ੍ਰਿਤ ਕਾਲ ਸਮੇਂ ਨਿਕਲ ਚੁਕੀਆਂ ਸਨ, ਪੰਜਾਬੀ ਵਿਚ ਮੁੜ ਚਾਲੂ ਹੋਈਆਂ । /ਸ਼/, /ਜ਼/, /ਫ਼/ ਆਦਿ ਧੁਨੀਆਂ ਵਾਲੇ ਸ਼ਬਦ (ਇਸ਼ਕ, ਸ਼ਰ੍ਹਾ, ਨਮਾਜ਼, ਰੋਜ਼ਾ, ਬਾਦਸ਼ਾਹ, ਜ਼ਹਰ, ਜ਼ੁਲਮ ਆਦਿ) ਇਹ ਲੋਕ ਸ਼ੁੱਧ ਉਚਾਰਣ ਸਹਿਤ ਬੋਲਦੇ ਤੇ ਲਿਖਦੇ ਸਨ, ਜਿਵੇਂ ਕਿ ਗੁਰੂ ਕਾਲ ਦੇ ਮੁਸਲਮਾਨਾਂ ਦੇ ਹੱਥੀਂ ਫ਼ਾਰਸੀ ਅੱਖਰਾਂ ਵਿਚ ਲਿਖੇ ਕਿੱਸਿਆਂ ਤੋਂ ਵਿਦਿਤ ਹੁੰਦਾ ਹੈ । ਇਹ ਵੱਖਰੀ ਗੱਲ ਹੈ ਕਿ ਅਣਪੜ੍ਹ ਲੋਕ ਇਨ੍ਹਾਂ ਨੂੰ ਆਪਣੇ ਢੰਗ ਨਾਲ 'ਇਸਕ', 'ਸਰਾ', 'ਨਵਾਜ', 'ਰੋਜਾ', 'ਬਾਦਸਾਹ', 'ਜਹਰ' ਕਰਕੇ ਹੀ ਉਚਾਰਦੇ ਹੋਣ । ਤਾਂ ਵੀ, ਇਨ੍ਹਾਂ ਧੁਨੀਆਂ ਦੇ ਗੁਰੂ ਕਾਲ ਵਿਚ ਚਾਲੂ ਹੋਣ ਬਾਰੇ ਸ਼ੰਕਾ ਨਹੀਂ ਕੀਤੀ ਜਾ ਸਕਦੀ ।

੨. ਨਾਸਿਕੀ ਧੁਨੀ ਬਾਰੇ ਡਾ. ਹਰਿਕੀਰਤ ਸਿੰਘ ਦੀ ਸਥਾਪਨਾ ਅਸਲੋਂ ਨਿਰਮੂਲ ਹੈ । ਉਨ੍ਹਾਂ ਦਾ ਮਤ ਹੈ ਕਿ ਗੁਰੂ ਕਾਲ ਵਿਚ ਨਾਵਾਂ ਤੇ ਵਿਸ਼ੇਸ਼ਣਾਂ ਦੇ ਬਹੁਵਚਨੀ ਰੂਪਾਂ ਦੇ ਅੰਤ 'ਤੇ ਨਾਸਿਕੀ ਧੁਨੀ ਨਹੀਂ ਬੋਲੀ ਜਾਂਦੀ ਸੀ । ਇਸੇ ਕਾਰਣ 'ਚੰਗਿਆਈਆ', 'ਬੁਰਆਈਆ', 'ਸਲ਼ੋਕਾ', 'ਪੰਡਿਤਾ', 'ਮਾਣਸਾ', 'ਲੋਕਾ' ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ /ਆਂ/ ਅਥਵਾ ਨਾਸਿਕੀ ਧੁਨੀ ਤੋਂ ਬਿਨਾਂ ਆਏ ਹਨ । ਜਿੱਥੇ ਕਿਤੇ ਇਨ੍ਹਾਂ ਨਾਲ ਬਿੰਦੀ ਲਗੀ ਹੋਈ ਹੈ, ਉਹ ਬਾਅਦ ਵਿਚ ਬਾਣੀ ਨਕਲ ਕਰਨ ਵਾਲਿਆਂ ਆਪਣੇ ਕੋਲੋਂ ਲਾ ਦਿੱਤੀ ਹੈ । ਫਲਸਰੂਪ ਅਜੇਹੇ ਸ਼ਬਦਾਂ ਨੂੰ ਨਾਸਿਕੀ ਧੁਨੀ ਦੇ ਕੇ ਉਚਾਰਣਾ ਭੁੱਲ ਹੈ ।

ਉਪਰ 'ਮਹੱਲਾ' ਪਦ ਦੇ ਉਚਾਰਣ ਦੇ ਸੰਬੰਧ ਵਿਚ ਸ. ਚੰਨਣ ਸਿੰਘ ਕੁਵੈਂਟਰੀ ਵਾਲੀ ਸਤਾਰ੍ਹਵੀਂ ਸਦੀ ਈਸਵੀ ਦੀ ਜਿਸ ਬਿਆਜ਼ ਵਿੱਚੋਂ ਅਸੀਂ ਇਕ ਪਤ੍ਰਾ ਉਧ੍ਰਿਤ ਕਰ ਆਏ ਹਾਂ; ਉਸ ਵਿੱਚੋਂ ਹੀ ਇਕ ਹੋਰ ਪੰਨੇ ਦਾ ਅਕਸੀ ਫੋਟੋ ਅਗਲੇ ਪੰਨੇ ੪੯੮ ਉਪਰ ਪ੍ਰਦਰਸ਼ਿਤ ਹੈ । ਇਸ ਵਿਚ ਆਏ ਸ਼ਬਦ ਦੇ ਪਾਠ ਨੂੰ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਨਾਲ ਹੇਠਾਂ ਪ੍ਰਸਤੁਤ ਕਰਨ ਦੀ ਖੁਸ਼ੀ ਲੈਂਦੇ ਹਾਂ । ਕਾਲੇ ਅੱਖਰਾਂ ਵਿਚ ਪਾਠ ਬਿਆਜ਼ ਦਾ ਹੈ ਤੇ ਚਿੱਟੇ ਅੱਖਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ :–

ਰਾਗ ਆਸਾ ਛੰਦ

ਆਸਾ ਮਹਲਾ ੧ ਛੰਤ ਘਰੁ ੩

੧. **ਤੂੰ ਸੁਣ ਹਰਣਾਂ ਕਾਲਿਆ ॥ ਕੀ ਵਾੜੀਐ ਰਾਤਾ ਰਾਮ ॥**
ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ ॥

੨. **ਬਿਖ [ਫਲ] ਮੀਠਾ ਚਾਰ ਦਿਨ ॥ ਫਿਰ ਹੋਇਗਾ ਤਾਤਾ ਰਾਮ ॥**
ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ ॥

੩. **ਫਿਰ ਹੋਇ ਤਾਤਾ ਖਰਾ ਮਾਤਾ ॥ ਨਾਮ ਬਿਨ ਪਰਤਾਪੇ ॥**
ਫਿਰਿ ਹੋਇ ਤਾਤਾ ਖਰਾ ਮਾਤਾ ਨਾਮ ਬਿਨ ਪਰਤਾਪੇ ॥

ਡਾ. ਚੰਨਣ ਸਿੰਘ ਚੰਨ ਦੇ ਉਪਰ-ਵਰਣਿਤ ਬਿਆਜ਼ ਵਿੱਚੋਂ ਇਕ ਹੋਰ ਪੰਨਾ ਜਿਸ ਵਿਚ ਮਹੱਲਾ ੧ ਦਾ ਇਕ ਛੰਤ ਨਾਸਿਕੀ ਧੁਨੀਆਂ ਨਾਲ ਆਇਆ ਹੈ ।

੪. **ਓਹ ਜਿਵੇਂ ਸਾਇਰ ਦੇਹਿ ਲਹਰੀਂ ॥ ਬਿਜਲ ਜਿਵੇਂ ਚਮਕੇ ॥**
ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੇ ਚਮਕਾਏ ॥

੫. **ਹਰ ਬਾਝ ਰਾਖਾ ਕੋਇ ਨਾਹੀਂ ॥ ਸੋ ਤੁਧ ਮਨੋਂ ਵਿਸਾਰਿਆ ॥**
ਹਰਿ ਬਾਝੁ ਰਾਖਾ ਕੋਇ ਨਾਹੀ ਸੋਇ ਤੁਝਹਿ ਬਿਸਾਰਿਆ ॥

੬. **ਸਚ ਕਹੈ ਨਾਨਕੁ ਚੇਤ ਰੇ ॥ ਮਤ ਮਰਨਹ ਹਰਣਾਂ ਕਾਲਿਆ ॥**
ਸਚੁ ਕਹੈ ਨਾਨਕੁ ਚੇਤਿ ਰੇ । ਮਨ ਮਰਿਹ ਹਰਣਾ ਕਾਲਿਆ ॥

੭. **ਭਵਰਾ ਫੂਲ ਭਵੰਤਿਆ ॥ ਦੁਖ ਅਤ ਭਾਰੀ ਰਾਮ ॥**
ਭਵਰਾ ਫੂਲਿ ਭਵੰਤਿਆ ਦੁਖੁ ਅਤ ਭਾਰੀ ਰਾਮ ॥

੮. **ਮੈਂ ਗੁਰ ਪੂਛਿਆ ਆਪਣਾਂ ॥ ਸਾਚਾ ਬੀਚਾਰੀ ਰਾਮ ॥**
ਮੈ ਗੁਰੁ ਪੂਛਿਆ ਆਪਣਾ ਸਾਚਾ ਬੀਚਾਰੀ ਰਾਮ ॥

ਬਿਆਜ਼ ਦੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਉੱਤੇ ਝਾਤੀ ਪਾਇਆਂ ਦਿਸ ਅ ਕਿ ਪੰਗਤੀ ੧ ਅਤੇ ੬ ਵਿਚ "ਹਰਣਾਂ" ਅਤੇ ਪੰਗਤੀ ੮ ਵਿਚ "ਆਪ " ਨਾਸਿਕੀ ਧੁਨੀ ਨਾਲ ਆਏ ਹਨ । ਇਹ ਸੰਬੋਧਨੀ ਕਾਰਕ ਹਨ ਤੇ ਇਨ੍ਹਾਂ ਦਾ ਕਮ ਕੰਨਾ (ਾ) ਲਾਉਣ ਨਾਲ ਸਰ ਜਾਣਾ ਸੀ । ਪਰ ਕੰਨੇ ਨਾਲ ਬਿੰਦੀ ਵੀ ਆਈ ਹੈ ਚੀਜ਼ ਗੁਰਬਾਣੀ ਕਾਲ ਵਿਚ ਨਾਸਿਕੀ ਧੁਨੀ ਦੇ ਵਧੇ ਹੋਣ ਦੀ ਸੂਚਕ ਹੈ । ਦੂਸ ਕਿ ਵਿਚ 'ਜਿਵੇਂ', 'ਲਹਰੀਂ', 'ਜਿਵੇਂ' (ਪੰਗਤੀ ੪), 'ਨਾਹੀਂ', 'ਮਨੋਂ' (ਪੰਗਤ ਨਾਸਿਕੀ ਧੁਨੀ ਨਾਲ ਆਏ ਹਨ, ਜਦੋਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਨਾ ਕੀ ਅਰਥਾਤ ਬਿੰਦੀ ਤੋਂ ਬਿਨਾ ਸੂਚਿਤ ਹਨ । ਇਨ੍ਹਾਂ ਤੋਂ ਅਤੇ ਬਿਆਜ਼ ਵਿਚ ਸਭ ਈਂ ਥਾਵਾਂ 'ਤੇ ਨਾਸਿਕੀ ਧੁਨੀ ਸਹਿਤ ਆਏ ਹੋਰਨਾਂ ਪਾਠਾਂ ਤੋਂ ਪਤਾ ਚਲਦਾ ਹੈ ਕਿ ਸ ਗ੍ਰੰਥ ਸਾਹਿਬ ਦੇ ਸੰਪਾਦਨ ਸਮੇਂ ਨਾਸਿਕੀ ਧੁਨੀ (ਅਨੁਸ੍ਵਾਰ) ਵਰਤੋਂ ਵਿਚ ਹੈ , ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਿਪੀ-ਵਿਧਾਨ ਦਾ ਅੰਗ ਨ ਬਣ ਸਕੀ । ਇੱਥੇ ਉਮ ਕਿ ਵਿਚ ਹੋਰ ਉਦਾਹਰਣ ਦੇਣੇ ਲਾਹੇਵੰਦ ਹੋਣਗੇ :—

੧. ਦੇਵਤਿਆਂ ਦਰਸਨ ਕੇ ਤਾਈਂ ॥ ਦੂਖ ਭੂਖ ਤੀਰਥ ਕੀਏ ॥
੨. ਦਰ ਘਰ ਮਹਲਾਂ ਹਸਤੀ ਘੋੜੇ ॥ ਛੋਡ ਵਲਾਇਤ ਦੇਸ਼ ਗਏ ॥
੩. ਤੂੰ ਦਾਤਾ ਸਭਨਾਂ ਜੀਆਂ ਕਾ ਪਿਆਰੇ ॥ . . . . . .
੪. ਦਇਆ ਦਿਗੰਬਰ ਦੇ ਬੀਚਾਰੀ ॥ ਆਪ ਮਰੈ ਅਵਰਾਂ ਨਹੀਂ ਮਾਰੀ ॥
੫. ਜੰਤਾ ਕੀ ਹੋ ਦਾਸਰੀ ॥ ਤੂੰ ਇਹ ਅਚਾਰ ਸਿਖ ਰੀ ॥
ਸਗਲ ਗੁਣਾਂ ਗੁਣ ਉਤਮਾਂ ॥ ਤੂੰ ਭਰਤਾ ਦੂਰ ਨ ਪਿਖ ਰੀ ॥

ਉਪਰਲੇ ਉਦਾਹਰਣਾਂ ਵਿਚ ਕਾਲੇ ਅਖਰਾਂ ਵਿਚ ਆਏ ਪਦ, 'ਦੇਵਤਿਆਂ', 'ਮ 'ਸਭਨਾਂ', 'ਜੀਆਂ', 'ਅਵਰਾਂ', 'ਗੁਣਾਂ', ਸਭ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾ ਕ

ਅਰਥਾਤ ਬਿੰਦੀਆਂ ਤੋਂ ਬਿਨਾਂ ਲਿਖੇ ਮਿਲਦੇ ਹਨ, ਜਿਸ ਤੋਂ ਸਪਸ਼ਟ ਹੈ ਕਿ ਨਾਸਿਕੀ ਧੁਨੀ ਦਾ ਉਚਾਰਣ ਤਾਂ ਬੋਲਚਾਲ ਦੀ ਭਾਸ਼ਾ ਵਿਚ ਕੀਤਾ ਜਾਂਦਾ ਸੀ, ਪਰੰਤੂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲਿਖਤ ਵਿਚ ਨ ਆਈ।

ਡਾ. ਹਰਿਕੀਰਤ ਸਿੰਘ ਨੇ ਸੰਸਕ੍ਰਿਤ ਵਿਆਕਰਣ ਦਾ ਆਸਰਾ ਲੈ ਕੇ ਇਹ ਦ੍ਰਿੜ ਕਰਵਾਉਣ ਦਾ ਯਤਨ ਕੀਤਾ ਹੈ ਕਿ ਪ੍ਰਾਕ੍ਰਿਤਾਂ ਤਕ ਦੇ ਸਮੇਂ ਤਕ ਬਹੁਵਚਨ ਕੇਵਲ ਅੰਤ ਵਿਚ ਕੰਨਾ ਲੈ ਕੇ ਬਣਦੇ ਆਏ ਹਨ। ਇਨ੍ਹਾਂ ਨਾਲ ਨਾਸਿਕੀ ਧੁਨੀ ਬਹੁਤ ਚਿਰ ਪਿੱਛੋਂ (ਮਸਾਂ ਢਾਈ ਕੁ ਸੌ ਸਾਲ ਪਹਿਲਾਂ) ਜੁੜੀ। ਇਸ ਸਥਾਪਨਾ ਦਾ ਕੁਝ ਕੁ ਖੰਡਨ ਉਪਰ ਬਿਆਜ਼ ਵਿਚ ਆਏ ਨਾਸਿਕਤਾ ਸਹਿਤ ਪਾਠਾਂ ਦੀ ਮਦਦ ਨਾਲ ਹੋ ਚੁਕਿਆ ਹੈ। ਉਸ ਚਰਚਾ ਤੋਂ ਇਹ ਤਾਂ ਸਿੱਧ ਹੋ ਗਇਆ ਹੈ ਕਿ ਗੁਰੂ ਕਾਲ ਵਿਚ ਨਾਸਿਕੀ ਧੁਨੀ ਨ ਕੇਵਲ ਮੌਜੂਦ ਸੀ, ਸਗੋਂ ਬਹੁਤ ਵਧੀ ਵੀ ਹੋਈ ਸੀ। ਹੁਣ ਕੇਵਲ ਇਹ ਦੇਖਣਾ ਬਾਕੀ ਹੈ ਕਿ ਕੀ ਨਾਸਿਕੀ ਧੁਨਾਂ ਦਾ ਸਚਮੁੱਚ ਪ੍ਰਾਕ੍ਰਿਤਾਂ ਤੇ ਉਸ ਤੋਂ ਪਹਲੇ ਸਮੇਂ ਵਿਚ ਅਭਾਵ ਸੀ?

ਇਸ ਪਾਸੇ ਕੀਤੀ ਸਾਡੀ ਖੋਜ ਇਹ ਦਸਦੀ ਹੈ ਕਿ ਡਾ. ਹਰਿਕੀਰਤ ਸਿੰਘ ਦੀ ਸਥਾਪਨਾ ਦਾ ਇਹ ਸਿੱਟਾ ਵੀ ਤੱਥਾਂ 'ਤੇ ਆਧਾਰਿਤ ਨਹੀਂ। ਫਲਸ੍ਵਰੂਪ ਗਲਤ ਹੈ। ਸੰਸਕ੍ਰਿਤ ਧੁਨੀਆਂ ਦੇ ਪਰਿਵਰਤਨ ਦੀ ਗਤੀ ਇਹ ਦਸਦੀ ਹੈ ਕਿ /ਮ/, /ਵੰ/ ਵਿਚ ਤੇ /ਵੰ/ ਅੱਗੇ /ਉਂ/ ਵਿਚ ਬਦਲਣ ਦੀ ਰੁਚੀ ਰਖਦਾ ਹੈ, ਜਿਵੇਂ ਕਮਲ—ਕੰਵਲ—ਕਉਲ ਵਿਚ। ਸੰਸਕ੍ਰਿਤ ਦੀ /ਮ/ ਹੀ ਇਕ ਅਜੇਹੀ ਧੁਨੀ ਹੈ ਜੋ ਅਨੁਨਾਸਿਕਤਾ ਪੈਦਾ ਕਰਨ ਦੀ ਜ਼ਿੰਮੇਦਾਰ ਹੈ।

ਹੁਣ, ਜਿਨ੍ਹਾਂ ਸ਼ਬਦਾਂ (ਇਉਂ, ਜਿਉਂ, ਕਿਉਂ) ਦੀ ਨਾਸਿਕਤਾ ਡਾ. ਹਰਿਕੀਰਤ ਸਿੰਘ ਗੁਰੂ ਕਾਲ ਦੇ ਪਿੱਛੋਂ ਵਿਕਸਿਤ ਹੋਈ ਮੰਨਦਾ ਹੈ, ਉਹ ਆਪਣੀ ਨਾਸਿਕੀ ਧੁਨੀ ਵਾਲੇ ਬੀਜ ਨਾਲ ਪ੍ਰਾਚੀਨ ਸਮੇਂ ਵਿਚ ਸੰਸਕ੍ਰਿਤ ਤੇ ਪ੍ਰਾਕ੍ਰਿਤ ਵਿਚ ਮੌਜੂਦ ਸਨ। ਮੋਨੀਅਰ ਦਾ ਜਗਤ ਪ੍ਰਸਿੱਧ ਸੰਸਕ੍ਰਿਤ-ਅੰਗ੍ਰੇਜ਼ੀ ਕੋਸ਼ ਦਸਦਾ ਹੈ ਕਿ ਰਿਗਵੇਦ ਦੇ ਪ੍ਰਾਚੀਨਤਮ ਹਿੱਸਿਆਂ ਵਿਚ 'ਏਵਾ' ਆਇਆ ਹੈ, ਪਰੰਤੂ ਇਸ ਦੇ ਨਵੀਨਤਮ ਹਿੱਸਿਆਂ ਤੇ ਕਲਾਸੀਕਲ ਸੰਸਕ੍ਰਿਤ ਵਿਚ 'ਏਵੰ' ਵੀ ਮਿਲਦਾ ਹੈ। ਨਾਸਿਕੀ ਧੁਨੀ ਵਾਲੇ ਏਸੇ 'ਏਵੰ' ਤੋਂ ਬਾਅਦ ਵਿਚ 'ਏਉਂ' ਤੇ 'ਇਉਂ' ਬਣਿਆ। ਇਹੀ ਕਹਾਣੀ 'ਜਿਉਂ' ਤੇ 'ਕਿਉਂ' ਦੀ ਹੈ ਜੋ ਕਲਾਸੀਕਲ ਸੰਸਕ੍ਰਿਤ ਦੇ ਜੇਮ/ਜੇਵ ਅਤੇ ਕਿਮ/ਕਿੰਵ ਤੋਂ ਵਿਕਸਿਤ ਹੋਏ। ਡਾ. ਹਰਿਕੀਰਤ ਸਿੰਘ ਨੇ ਪਾਣਨੀ ਦੀ 'ਅਸ਼ਟਾਧਿਆਈ' ਦਾ ਜ਼ਿਕਰ ਕੀਤਾ ਹੈ ਤੇ ਉਸ ਵਿਚ ਕਰਮ ਕਾਰਕ ਦੇ ਬਹੁਵਚਨੀ ਰੂਪ /ਅਸ/ (ਅਹ) ਨਾਲ ਬਣਦੇ ਦਰਸਾਏ ਹਨ। /ਅਸ/ ਜਾਂ /ਅਹ/ ਪ੍ਰਤੈ ਲਾ ਕੇ ਬਹੁਵਚਨੀ ਘਾੜਤਾਂ ਘੜਨੀਆਂ ਉਸ ਸਮੇਂ ਦੀ ਪ੍ਰਧਾਨ ਰੁਚੀ ਸੀ। ਉਸ ਨੇ ਉਸ ਦੇ ਆਧਾਰ 'ਤੇ ਨੇਮ ਘੜ ਦਿੱਤਾ। ਪਰੰਤੂ ਉਸ ਸਮੇਂ /ਆਨ/ ਲਾ ਕੇ ਬਹੁਵਚਨ ਬਣਾਣ ਦੀ ਰੀਤਿ ਵੀ ਅਪਵਾਦ ਰੂਪ ਵਿਚ ਮੌਜੂਦ ਸੀ। ਖੁਦ ਇਸ ਦਾ ਜ਼ਿਕਰ ਡਾ. ਹਰਿਕੀਰਤ ਸਿੰਘ ਨੇ 'ਬਾਲ' ਤੋਂ 'ਬਾਲਾਨ' ਬਣਨ ਵਾਲੇ ਉਦਾਹਰਣ ਵਿਚ ਕੀਤਾ ਹੈ। ਮੈਨੂੰ ਦੱਸਿਆ ਗਇਆ ਹੈ ਕਿ 'ਅਸ਼ਟਾਧਿਆਈ' ਦੇ ਟੀਕਾਕਾਰ /ਆਨ/

ਪ੍ਰਤੈ ਨਾਲ ਬਹੁਵਚਨ ਬਣਾਏ ਜਾਣ ਦੇ ਅਪਵਾਦ ਰੂਪ ਦੀ ਗੱਲ ਵੀ ਕਰਦੇ ਹਨ। ਤਾਂ ਫਿਰ, ਇਸ ਪ੍ਰਤੈ (ਆਨ) ਦੀ ਕਲਾਸੀਕਲ ਸੰਸਕ੍ਰਿਤ ਵਿਚ ਹੋਂਦ ਨਿਰਵਿਵਾਦ ਹੋਈ। ਮੇਰੇ ਇਕ ਮਿਤ੍ਰ ਡਾ. ਕੇ. ਸੀ. ਸਿੰਗਲ, ਜਿਨ੍ਹਾਂ ਦੀ ਵਿਸ਼ੇਸ਼ੱਗਤਾ ਦਾ ਖੇਤਰ ਰਿਗਵੈਦਿਕ ਸਾਹਿੱਤ ਤੇ ਰਿਗਵੈਦਿਕ ਭਾਸ਼ਾ ਹੈ, ਦਸਦੇ ਹਨ ਕਿ ਇਸ ਵਿਧੀ ਦੁਆਰਾ ਬਣੇ ਬਹੁਵਚਨ ਰਿਗਵੇਦ ਵਿਚ ਵੀ ਕਿਤੇ ਕਿਤੇ ਮਿਲ ਜਾਂਦੇ ਹਨ। ਉਦਾਹਰਣ ਵਜੋਂ, ਉਨ੍ਹਾਂ ਹੇਠ ਲਿਖਿਆ ਮੰਤ੍ਰ ਘੱਲਣ ਦੀ ਕ੍ਰਿਪਾਲਤਾ ਕੀਤੀ ਹੈ:

> ਯੁਕਸ਼ਵਾ ਹਿ ਅਰੁਥੀ ਰਥੇ ਹਰਿਤੋ ਦੇਵ ਰੋਹਿਤ:।
> ਤਾਂਭਿਰ੍ ਦੇਵਾਨ ਇਹਾ ਵਹ॥ (ਰਿਗਵੇਦ, ੧/੧੪/੧੨)
>
> (ਹੇ ਅਗਨੀ ਦੇਵ, ਆਪਣੇ ਰਥ ਅੱਗੇ ਹਰੇ ਪੀਲੇ ਅਤੇ ਲਾਲ ਰੰਗ ਦੇ ਘੋੜੇ ਜੋਤੋ। ਉਸ ਉੱਤੇ ਤੁਸੀਂ ਦੇਵਾਂ (ਦੇਵਤਿਆਂ) ਨੂੰ ਇੱਥੇ ਲੈ ਕੇ ਆਵੋ।)

ਬਹੁਵਚਨ ਬਣਾਣ ਲਈ /ਆਂ/ ਪ੍ਰਤੈ ਦੇ ਬਹੁਤ ਪ੍ਰਾਚੀਨ ਸਮੇਂ ਤੋਂ ਚਲਦੇ ਹੋਣ ਦੀ ਟੋਹ ਇਕ ਹੋਰ ਪਾਸਿਓਂ ਵੀ ਲਗ ਜਾਂਦੀ ਹੈ। ਗੁਆਂਢੀ ਭਾਸ਼ਾ ਫ਼ਾਰਸੀ ਦਾ ਮੁਢਲਾ ਰੂਪ ਜੋ ਪਾਰਸੀਆਂ ਦੀ ਧਾਰਮਿਕ ਪੁਸਤਕ 'ਅਵੇਸਤਾ' ਵਿਚ ਉਪਲਬਧ ਹੈ, ਰਿਗ-ਵੈਦਿਕ ਸੰਸਕ੍ਰਿਤ ਨਾਲ ਇੰਨਾ ਰਲਦਾ ਹੈ ਕਿ ਧੁਨੀਆਂ ਦੀ ਥੋੜੀ ਜੇਹੀ ਤਬਦੀਲੀ ਨਾਲ ਇਕ ਦਾ ਸ਼ਲੋਕ ਦੂਜੀ ਵਿਚ ਬਦਲ ਜਾਂਦਾ ਹੈ। ਸਾਡੀ ਇਸ ਗੁਆਂਢੀ ਭਾਸ਼ਾ ਵਿਚ /ਆਂ/ (-ਆਨ) ਪ੍ਰਤੈ ਲਾ ਕੇ ਬਹੁਵਚਨ ਬਣਾਣ ਦਾ ਰਿਵਾਜ ਬਹੁਤ ਪੁਰਾਣਾ ਤੇ ਬੜਾ ਵਿਆਪਕ ਹੈ। ਫਾਰਸੀ ਵਿਚ ਸਾਰੇ ਜਾਨਦਾਰਾਂ ਦੇ ਬਹੁਵਚਨ ਉਨ੍ਹਾਂ ਦੇ ਪਿੱਛੇ /ਆਂ/ ਪ੍ਰਤੈ ਲਾ ਕੇ ਬਣਾਏ ਜਾਂਦੇ ਹਨ, ਜਿਵੇਂ ਮਰਦ ਤੋਂ ਮਰਦਾਂ, ਜ਼ਨ ਤੋਂ ਜ਼ਨਾਂ, ਕਬੂਤਰ ਤੋਂ ਕਬੂਤਰਾਂ, ਆਦਿ। ਬਹੁਵਚਨ ਬਣਾਣ ਦੀ ਇਹ ਤਰਤੀਬ ਇਸ ਭਾਸ਼ਾ ਵਿਚ ਦਸਵੀਂ ਸਦੀ ਈਸਵੀ ਵਿਚ ਬੜੀ ਆਮ ਸੀ, ਜਿਵੇਂ ਕਿ ਫ਼ਿਰਦੌਸੀ ਦੇ 'ਸ਼ਾਹਨਮੇ' ਤੋਂ ਪਤਾ ਚਲਦਾ ਹੈ। ਵਿਕਸਿਤ ਇਹ ਨਿਸ਼ਚੇ ਹੀ ਉਸ ਤੋਂ ਕਈ ਸਦੀਆਂ ਪਹਲਾਂ ਹੋਈ ਹੋਵੇਗੀ। ਕੋਈ ਵਜ੍ਹਾ ਨਜ਼ਰ ਨਹੀਂ ਆਉਂਦੀ ਕਿ ਸਾਡੀਆਂ ਆਪਣੀਆਂ ਭਾਸ਼ਾਵਾਂ, ਖਾਸ ਕਰਕੇ ਪੰਜਾਬੀ ਵਿਚ ਵੀ, ਜਿਸ ਦੇ ਫ਼ਾਰਸੀ ਬੋਲਣ ਵਾਲੇ ਲੋਕਾਂ ਨਾਲ ਪੁਰਾਣੇ ਸੰਬੰਧ ਸਨ, ਇਹ ਵਿਕਸਿਤ ਨ ਹੋਈ ਹੋਵੇ। ਫਲਸ੍ਵਰੂਪ ਡਾ. ਹਰਿਕੀਰਤ ਸਿੰਘ ਦੀ ਇਹ ਗੱਲ ਗ਼ਲਤ ਹੈ ਕਿ ਗੁਰੂ ਕਾਲ ਵਿਚ ਨਾਸਿਕੀ ਧੁਨੀ ਦਾ ਅਭਾਵ ਸੀ ਤੇ ਇਸੇ ਕਾਰਣ ਇਹ ਸ੍ਰੀ ਗੁਰੂ ਗ੍ਰੰਥ ਵਿਚ ਦਰਜ ਨਹੀਂ ਹੋਈ। ਠੀਕ ਸਥਿਤੀ ਇਹੋ ਹੈ ਕਿ ਨਾਸਿਕੀ ਧੁਨੀ ਬੋਲਚਾਲ ਵਿਚ ਚਲਦੀ ਸੀ, ਪਰ ਗੁਰਬਾਣੀ ਦੇ ਲਿਪੀ-ਵਿਧਾਨ ਵਿਚ ਨ ਹੋਣ ਕਾਰਣ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੂਚਿਤ ਨਹੀਂ ਹੋਈ।

੨੦. ਗੁਰਬਾਣੀ ਵਿਆਕਰਣ

ਗੁਰਬਾਣੀ ਉਚਾਰਣ ਦੀ ਸਮਸਿਆ ਗੁਰਬਾਣੀ ਦੇ ਲਿਪੀ-ਵਿਧਾਨ ਨਾਲ ਜੁੜੀ ਹੋਈ ਹੈ ਜੋ ਆਪਣੇ ਆਪ ਵਿਚ ਇਕ ਬਹੁਤ ਵੱਡਾ ਵਿਸ਼ਾ ਹੈ। ਇਸ ਸੰਬੰਧੀ ਅਸੀਂ ਇਕ ਵਖਰੀ

ਪੁਸਤਕ ਰਚਨ ਦਾ ਵਿਚਾਰ ਰਖਦੇ ਹਾਂ। ਗੁਰਬਾਣੀ ਉਚਾਰਣ ਦਾ ਕੁਝ ਕੁ ਸੰਬੰਧ ਗੁਰਬਾਣੀ ਵਿਆਕਰਣ ਨਾਲ ਵੀ ਹੈ ਜਿਸ ਦੇ ਕਿਸੇ ਸਾਰਥਕ ਢੰਗ ਨਾਲ ਅੱਖਾਂ ਸਾਮ੍ਹਣੇ ਲਿਆਉਣ ਦਾ ਸਿਹਰਾ ਸਵਰਗਵਾਸੀ ਪ੍ਰੋਫੈਸਰ (ਡਾਕਟਰ) ਸਾਹਿਬ ਸਿੰਘ ਦੇ ਸਿਰ ਹੈ ਤੇ ਇਸ ਦੇ ਆਧਾਰ 'ਤੇ ਉਨ੍ਹਾਂ ਆਪਣੀ ਨਵੇਕਲੀ ਅਰਥ-ਪ੍ਰਣਾਲੀ ਵੀ ਚਲਾਈ ਹੈ, ਜਿਸ ਦਾ ਭਾਨ ਉਨ੍ਹਾਂ ਦੀ ਵਡਆਕਾਰੀ ਰਚਨਾ 'ਸ੍ਰੀ ਗੁਰੂ ਗ੍ਰੰਥ ਦਰਪਣ' (੧੦ ਜਿਲਦਾਂ) ਤੋਂ ਕੀਤਾ ਜਾ ਸਕਦਾ ਹੈ। ਉਸ ਵਿਚ ਉਨ੍ਹਾਂ ਗੁਰਬਾਣੀ ਦੇ ਅਰਥਾਂ ਦੀਆਂ ਸਾਰੀਆਂ ਗੁੰਝਲਾਂ ਗੁਰਬਾਣੀ ਵਿਆਕਰਣ ਦੇ ਆਧਾਰ 'ਤੇ ਖੋਲ੍ਹਣ ਦੀ ਚੇਸ਼ਠਾ ਕੀਤੀ ਹੈ, ਜੋ ਇਕ ਸ਼ਲਾਘਾਯੋਗ ਕੰਮ ਹੈ। ਪਰੰਤੂ ਜਿਵੇਂ ਕਿ ਅਸਾਂ ਆਪਣੇ ਇਕ ਲੇਖ[56] ਵਿਚ ਦਸਿਆ ਹੈ, ਗੁਰਬਾਣੀ, ਜਿਸ ਵਿਚ ਅਧਿਆਤਮਿਕ ਅਨੁਭਵ ਨਿਰੂਪਿਤ ਹੁੰਦਾ ਹੈ, ਇਕ ਬੜੀ ਜਟਿਲ ਰਚਨਾ ਹੈ। ਇਸ ਦੇ ਅਰਥ ਨਿਪਟ ਗੁਰਬਾਣੀ ਵਿਆਕਰਣ ਦੀ ਮਦਦ ਨਾਲ ਹੀ ਨਹੀਂ ਸਮਝੇ ਜਾ ਸਕਦੇ; ਬਹੁਤ ਸਾਰੀਆਂ ਹੋਰਨਾਂ ਅੰਤਰ-ਦ੍ਰਿਸ਼ਟੀਆਂ (insights) ਦੀ ਵੀ ਲੋੜ ਹੁੰਦੀ ਹੈ। ਗੁਰਬਾਣੀ ਦੇ ਵਿਦਿਆਰਥੀਆਂ ਨੂੰ ਬਣਦਾ ਹੈ ਕਿ ਉਨ੍ਹਾਂ ਨਾਲ ਵੀ ਆਪਣੀ ਭਰਪੂਰ ਜਾਣਕਾਰੀ ਪੈਦਾ ਕਰਨ ਤਾਂ ਜੋ ਗੁਰਬਾਣੀ ਦੇ ਸੁਹਜ ਦਾ ਆਨੰਦ ਮਾਣਿਆ ਜਾ ਸਕੇ।

[56] ਦੇਖੋ ਇਸ ਲੇਖਕ ਦਾ ਲੇਖ, ''ਗੁਰਬਾਣੀ ਪਾਠ ਅਤੇ ਅਰਥਾਂ ਦੀਆਂ ਕੁਝ ਸਮਸਿਆਵਾਂ'', ਸਿੰਘ ਸਭਾ ਪਤ੍ਰਿਕਾ, ਅਪ੍ਰੈਲ ੧੯੮੦.

ਪ੍ਰਕਰਣ ਪੰਜਵਾਂ

ਅੰਤਿਕਾਵਾਂ, ਪੁਸਤਕ ਸੂਚੀ ਤੇ ਇੰਡੈਕਸ

ਅੰਤਿਕਾ ੧

ਭਾਈ ਕਾਨ੍ਹ ਸਿੰਘ ਨਾਭਾ ਦੀ ਚਿੱਠੀ

"ਸੰਨ ੧੯੧੭-੧੮ ਵਿਚ ਇਕ ਲੰਮੀ ਤੇ ਦੁਖਦਾਈ ਚਰਚਾ 'ਰਾਗਮਾਲਾ' ਦੇ ਗਰੰਥ ਸਾਹਿਬ ਵਿਚ ਰਖਣ ਅਤੇ ਪਾਠ ਸਮੇਂ ਪੜ੍ਹਨ ਜਾਂ ਨਾ ਪੜ੍ਹਨ ਬਾਬਤ ਵਰ੍ਹਾ ਭਰ ਹੁੰਦੀ ਰਹੀ ਸੀ। ਉਸ ਚਰਚਾ ਦੇ ਦੌਰਾਨ ਵਿਚ ਕਈ ਪੁਰਾਣੀਆਂ ਬੀੜਾਂ ਦਾ ਜ਼ਿਕਰ ਦੋਹਾਂ ਪੱਖਾਂ ਵਲੋਂ ਕੀਤਾ ਗਿਆ ਸੀ। ਸਰਦਾਰ ਕਾਹਨ ਸਿੰਘ ਜੀ ਨਾਭਾ ਬਾਬਤ ਇਹ ਗਲਤ-ਬਿਆਨੀ, 'ਖਾਲਸਾ ਸਮਾਚਾਰ' ਅਖਬਾਰ ਵਿਚ ਕੀਤੀ ਗਈ ਸੀ, ਉਸ ਦੀ ਤਰਦੀਦ ਵਿਚ ਸਰਦਾਰ ਕਾਹਨ ਸਿੰਘ ਜੀ ਨੇ ਹੇਠ ਲਿਖੀ ਚਿੱਠੀ[1] ਅਖਬਾਰ 'ਪੰਥ ਸੇਵਕ' (੨੩ ਜਨਵਰੀ ਸੰਨ ੧੯੧੮) ਵਿਚ ਛਪਵਾਈ ਸੀ"—[ਜੀ.ਬੀ. ਸਿੰਘ ਵਲੋਂ ਦਿੱਤਾ ਨੋਟ]

"ਆਪ ਦੇ ੧੨ ਦਸੰਬਰ (੧੯੧੭) ਦੇ ਪਰਚੇ ਵਿਚ, 'ਭਾਈ ਕਾਹਨ ਸਿੰਘ ਜੀ ਦੀ ਗੁਪਤ ਚਿੱਠੀ' ਨਾਮਕ ਸਿਰਨਾਵੇਂ ਹੇਠ ਲਿਖੀ ਇਬਾਰਤ ਪੜ੍ਹ ਕੇ ਮੇਰੇ ਪਾਸ ਬਹੁਤ ਚਿਠੀਆਂ ਆਈਆਂ ਹੈਨ, ਜਿਨ੍ਹਾਂ ਵਿਚ ਲੋਕ ਮੈਥੋਂ ਪੁਛਦੇ ਹਨ ਕਿ ਮੈਂ 'ਰਾਗਮਾਲਾ' ਸੰਬੰਧੀ ਆਪਣੀ ਰਾਇ 'ਗੁਰਮਤ ਸੁਧਾਕਰ' ਦੇ ਵਿਰੁਧ ਕਿਉਂ ਬਦਲੀ ਹੈ। ਮੈਨੂੰ ਕੋਸ਼ ਦੇ ਕੰਮ ਤੋਂ ਵਿਹਲ ਨਹੀਂ, ਜੋ ਮੈਂ ਲੋਕਾਂ ਨੂੰ ਉੱਤਰ ਦੇ ਸਕਾਂ, ਪਰ ਪਬਲਿਕ ਨੂੰ ਨਿਰਸੰਦੇਹ ਕਰਨ ਵਾਸਤੇ ਇਹ ਚਿਠੀ ਲਿਖਦਾ ਹਾਂ।

ਜਿਸ ਚਿਠੀ ਦਾ ਜ਼ਿਕਰ 'ਖਾਲਸਾ ਸਮਾਚਾਰ' ਵਿਚ ਹੈ, ਉਹ ਮੈਂ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਸ਼ਨਾਂ ਦੇ ਉੱਤਰ ਵਿਚ ਲਿਖੀ ਸੀ, ਜਿਸ ਦਾ ਭਾਵ ਇਹ ਸੀ ਕਿ ਮੈਂ ਇਹ ਸੁਣ ਕੇ ਹੈਰਾਨ[2] ਹੋਇਆ ਹਾਂ ਕਿ ਬਾਬੂ ਤੇਜਾ ਸਿੰਘ ਜੀ ਨੇ 'ਰਾਗ ਮਾਲਾ' ਕਢ ਦਿਤੀ ਹੈ, ਕਿਉਂਕਿ ਰਾਗਮਾਲਾ ਤਾਂ ਚਿਰ ਤੋਂ ਗੁਰੂ ਗਰੰਥ ਸਾਹਿਬ ਵਿਚੋਂ ਕਢੀ ਜਾ ਚੁਕੀ ਹੈ, ਅਨੇਕ ਪੁਰਾਣੇ ਲਿਖੇ ਹੋਏ ਗਰੰਥ ਸਾਹਿਬਾਨ ਬਿਨਾ ਰਾਗ ਮਾਲਾ ਮੌਜੂਦ ਹੈਨ। . . . ਰਾਗ ਮਾਲਾ ਇਤਨੀ ਦੁਖਦਾਈ ਵਸਤੂ ਨਹੀਂ, ਉਸ ਤੋਂ ਵੀ ਵਧੀਕ ਬੁਰੇ ਲੇਖ ਕਈ ਗਰੰਥਾਂ ਸਾਹਿਬਾਂ ਵਿਚ ਪਾਏ ਜਾਂਦੇ ਹਨ, ਇਤਿਆਦਿ।

ਇਸ ਪ੍ਰਸੰਗ ਵਿਚ ਮੈਂ ਇਹ ਕਹੇ ਬਿਨਾਂ ਨਹੀਂ ਰਹਿ ਸਕਦਾ ਕਿ ਸਿਖਾਂ ਨੂੰ ਆਪਣੇ ਧਰਮ ਪੁਸਤਕਾਂ ਦੀ ਬਹੁਤ ਘਟ ਵਾਕਫ਼ੀਅਤ ਹੈ, ਕੋਈ ਖੋਜ-ਭਾਲ ਦਾ ਯਤਨ ਨਹੀਂ ਕਰਦਾ, ਸੁਣੀਆਂ ਗੱਲਾਂ ਪੁਰ ਯਕੀਨ ਕਰ ਬੈਠਦੇ ਹਨ। ਮੈਂ 'ਗੁਰੂ ਗਰੰਥ ਸਾਹਿਬ ਦੀਆਂ

---

[1]ਇਹੁ ਚਿੱਠੀ ਸ੍ਰੀ ਜੀ.ਬੀ. ਸਿੰਘ ਦੀ ਪੁਸਤਕ 'ਪ੍ਰਾਚੀਨ ਬੀੜਾਂ' ਦੇ ਪੰਨਾ ੨੫੨ ਤੋਂ ੨੫੯ ਉਪਰ ਪ੍ਰਾਪਤ ਹੈ।

[2]"ਸਦਾ ਦੇਸੀ ਰਿਆਸਤਾਂ ਵਿਚ ਰਹਿ ਕੇ ਮੁਹਮਲ ਤੇ ਵਲਵਿੰਗ ਪਾ ਕੇ ਲਿਖਣ ਦਾ ਸੁਭਾ ਪੈ ਜਾਂਦਾ ਹੈ, ਅਤੇ ਏਸ ਨੂੰ diplomacy ਜਾਂ ਹਿਕਮਤੇ ਅਮਲੀ ਕਿਹਾ ਜਾਂਦਾ ਹੈ"—G.B.S.

ਬੀੜਾਂ ਦਾ ਨਿਰਣਯ 'ਗੁਰੂ ਗਿਰਾ ਕਸੌਟੀ' ਵਿਚ ਵਿਸਥਾਰ ਨਾਲ ਕੀਤਾ ਹੈ। ਪਰ ਇਹ ਪੋਥੀ ਮਸੰਦਾਂ ਤੇ ਬੁਰਛਿਆਂ ਦੇ ਉਪਦ੍ਰਵ ਤੇ ਭਯ ਤੋਂ ਹੁਣ ਤੋੜੀ ਪ੍ਰਕਾਸ਼ਤ ਨਹੀਂ ਕੀਤੀ। ਪਾਠਕਾਂ ਨੂੰ ਨਿਸਚੇ ਰਹੇ ਕਿ ਮੈਂ ਆਪਣੀ ਹਾਨੀ ਦੇ ਭਯ ਤੋਂ ਕਦੇ ਨਹੀਂ ਡਰਿਆ। ਮੈਨੂੰ ਸਚ ਦੇ ਪ੍ਰਗਟ ਕਰਨ ਵਿਚ ਕਦੇ ਵੀ ਸੰਕੋਚ ਨਹੀਂ; ਪਰ ਡਰ ਕੇਵਲ ਇਹ ਹੈ ਕਿ 'ਗੁਰੂ ਗਿਰਾ ਕਸੌਟੀ' ਦਾ ਦਰਸ਼ਨ ਹੁੰਦਿਆਂ ਹੀ ਅਨੇਕ ਵਿਸ਼ਿਆਂ ਪੁਰ ਰੌਸ਼ਨੀ ਪੈ ਜਾਣੀ ਹੈ, ਅਤੇ ਰਾਗ ਮਾਲਾ ਤੋਂ ਵਧੀਕ ਜੰਗ ਛਿੜ ਪੈਣਾ ਹੈ, ਜਿਸ ਤੋਂ ਅਨੇਕ ਸੁਧਾਰ[3] ਦੇ ਮੁਆਮਲੇ ਪਿਛੇ ਪੈ ਜਾਣਗੇ, ਅਰ ਵਿਤੰਡਾ ਵਾਦ ਆਰੰਭ ਹੋ ਜਾਊ, ਕਿਉਂਕਿ ਗੁਣ ਅਤੇ ਸ਼ਤਯ ਦੇ ਗ੍ਰਾਹਕ ਵਿਰਲੇ ਹੈਨ।

ਅੱਜ ਕਲ ਅਖਬਾਰਾਂ ਵਿਚ ਕਰਤਾਰਪੁਰ ਵਾਲੇ ਗੁਰੂ ਗਰੰਥ ਸਾਹਿਬ ਦਾ ਬਾਰ ਬਾਰ ਜ਼ਿਕਰ ਆਉਂਦਾ ਹੈ, ਅਤੇ 'ਰਾਗ ਮਾਲਾ' ਨੂੰ ਗੁਰਬਾਣੀ ਸਿਧ ਕਰਨ ਵਾਲ਼ੇ ਉਸ ਦਾ ਪ੍ਰਮਾਨ ਪੇਸ਼ ਕਰਦੇ ਹਨ, ਪਰ ਮੈਂ ਬਹੈਸੀਅਤ 'ਖੋਜੀ' ਦੇ ਉਹਨਾਂ ਭਾਈਆਂ ਨੂੰ ਸਲਾਹ ਦੇਂਦਾ ਹਾਂ ਕਿ ਉਹ ਐਸਾ ਕਰਨ ਤੋਂ ਸੰਕੋਚ ਕਰਨ, ਕਿਉਂਕਿ ਕਰਤਾਰਪੁਰ ਵਾਲੇ ਗਰੰਥ ਵਿਚ ਰਾਗਮਾਲਾ ਦੇ ਖੰਡਣ ਦਾ ਇਕ ਵੱਜਰ ਰੂਪ ਪ੍ਰਮਾਨ ਹੈ।

ਪ੍ਰੇਮੀ ਸਜਣੋ ! ਜ਼ਰਾ ਧਿਆਨ ਨਾਲ ਸੁਣੋ—ਸਤਿਗੁਰਾਂ ਦੇ ਜ਼ਮਾਨੇ ਵਿਚ ਜੋ ਹੁਕਮਨਾਮੇ ਸੰਗਤਾਂ ਦੇ ਨਾਉਂ ਜਾਰੀ ਕੀਤੇ ਜਾਂਦੇ ਸਨ, ਉਸ ਦੇ ਹੇਠ ਸਤਿਗੁਰਾਂ ਦੇ ਦਸਤਖ਼ਤਾਂ ਤੋਂ ਉਪਰ, ਹੁਕਮਨਾਮੇ ਦੀਆਂ ਸਤਰਾਂ ਦੀ ਗਿਣਤੀ ਅਖਰੀਂ ਲਿਖੀ ਜਾਂਦੀ ਸੀ, ਤਾਕਿ ਦਸਤਖਤ ਹੋਣ ਪਿਛੋਂ ਕੋਈ ਲਿਖਾਰੀ ਸਤਰਾਂ ਨਾ ਵਧਾ ਸਕੇ।[4] ਐਸੇ ਹੀ ਨੌਵੇਂ ਸਤਿਗੁਰਾਂ ਦੇ ਅਹਿਦ ਤਕ ਇਹ ਰੀਤੀ ਰਹੀ ਕਿ ਜੋ ਕਾਪੀ ਗੁਰੂ ਗਰੰਥ ਸਾਹਿਬ ਦੀ ਹੁੰਦੀ, ਉਸ ਦੇ ਪਤਰਿਆਂ ਦੀ ਗਿਣਤੀ ਤਤਕਰੇ ਦੇ ਅੰਤ ਵਿਚ ਦਰਜ ਕੀਤੀ ਜਾਂਦੀ।[5] ਇਸ ਨਿਯਮ ਅਨੁਸਾਰ ਕਰਤਾਰਪੁਰ ਵਾਲੇ ਗੁਰੂ ਗਰੰਥ ਸਾਹਿਬ ਦੇ ਤਤਕਰੇ ਦੇ ਅੰਤ ਇਹ ਲਿਖਿਆ ਗਿਆ ਹੈ–

"ਸੰਮਤ ੧੬੬੧ ਮਿਤੀ ਭਾਦੋਂ ਵਦੀ ੧ ਪੋਥੀ ਲਿਖਿ ਪਹੁੰਚੇ। ਸਾਰੇ ਪਤ੍ਰੇ ਗੁਰੂ ਬਾਬੇ ਦੇ ੯੭੪।"

'ਪੋਥੀ ਲਿਖਿ ਪਹੁਚੇ', ਏਸ ਦਾ ਨਿਰਨਾ ਤਾਂ 'ਗੁਰੂ ਗਿਰਾ ਕਸੌਟੀ' ਵਿਚ ਕੀਤਾ ਹੈ ਪਰ ਏਸ ਥਾਂ ਪ੍ਰਕਰਣ ਅਨੁਸਾਰ ਦਸਦਾ ਹਾਂ ਕਿ ਕਰਤਾਰਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਦੇ ੯੭੩ਵੇਂ ਪਤ੍ਰੇ ਪੁਰ 'ਮੁੰਦਾਵਣੀ' ਹੈ, ਅਰ ੯੭੪ਵਾਂ ਪਤ੍ਰਾ (ਜਿਸ ਪੁਰ ਅੰਗ ੯੭੪ ਮੌਜੂਦ ਹੈ) ਕੋਰਾ ਪਿਆ ਹੈ। ਏਸ ਤੋਂ ਸਾਫ਼ ਪਾਯਾ ਜਾਂਦਾ ਹੈ ਕਿ 'ਗੁਰੂ ਬਾਬੇ ਦੇ ਸਾਰੇ ਪਤ੍ਰੇ ੯੭੪' ਦੀ ਗਿਨਤੀ ਤੋਂ ਬਾਹਰ ਜੋ ਕੁਛ ਹੈ ਓਹ ਗੁਰੂ ਬਾਬੇ ਦਾ ਅੰਗ ਨਹੀਂ।

ਆਦਿ ਅੰਤ ਦੇ ਵਾਧੂ ਪਤ੍ਰਿਆਂ ਪੁਰ ਕਰਤਾਰਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਰਾਗਮਾਲਾ ਹੀ ਨਹੀਂ ਕਿੰਤੂ ਰਤਨਮਾਲਾ ਹੈ, ਰਾਹ ਮੁਕਾਮ ਕੀ ਸਾਖੀ ਹੈ, ਅਰ ਐਸੇ ਲੇਖ ਭੀ ਹਨ :–

'ਸੰਮਤ ੧੬੫੫ ਜਹਾਂਗੀਰ ਪਾਤਸ਼ਾਹ ਨੇ ਗੁਰੂ ਅਰਜਨ ਜੀ ਨੂੰ ਰਕਬਾ ਕਰਤਾਰਪੁਰ ਦਿੱਤਾ ਧਰਮਸਾਲ ਨੂੰ ੮੯੬੪ ਘੁਮਾਂ ਕਨਾਲ ੭ ਮਰਲੇ ੧੫।'

ਅਤੇ ਚਲਿਤ੍ਰ ਜੋਤੀ ਜੋਤ ਸਮਾਉਣ ਇਉਂ ਹੈ :–

ੴ ਸਤਿਗੁਰ ਪ੍ਰਸਾਦਿ ॥

ਸੰਮਤ ੧੫੯੬ ਅਸੂ ਵਦੀ ੧੦ ਸ੍ਰੀ ਬਾਬਾ ਨਾਨਕ ਦੇਵ ਜੀ ਸਮਾਣੇ।
ਸੰਮਤ ੧੬੦੯ ਚੇਤ ਸੁਦੀ ੪, ਸ੍ਰੀ ਸਤਿਗੁਰ ਅੰਗਦ ਜੀ ਸਮਾਣੇ।
ਸੰਮਤ ੧੬੩੧ ਭਾਦਉ ਸੁਦੀ ੩, ਸ੍ਰੀ ਸਤਿਗੁਰੂ ਅਮਰਦਾਸ ਜੀ ਸਮਾਣੇ।
ਸੰਮਤ ੧੬੩੮ ਭਾਦਉ ਸੁਦੀ ੩, ਸ੍ਰੀ ਸਤਿਗੁਰੂ ਰਾਮਦਾਸ ਜੀ ਸਮਾਣੇ।
ਸੰਮਤ ੧੬੬੩ ਜੇਠ ਸੁਦੀ ੪, ਸੁਕਰਵਾਰ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਸਮਾਣੇ[6]

ਸੰਮਤ ੧੬੯੫ ਚੇਤ ਸੁਦੀ ੧੦ ਸਤਿਗੁਰੂ ਬਾਬਾ[7] ਜੀ ਸਮਾਣੇ ਕੀਰਤਿਪੁਰ।

'ਸੰਮਤ ੧੭੦੧ ਚੇਤ ਸੁਦੀ ੫, ਐਤਵਾਰ ਨਉ ਘੜੀਆਂ ਰਾਤ ਜਾਂਦੀ ਨੂੰ ਸ੍ਰਿਸ਼ਟਿ ਕਰਣ ਕਾਰਣ ਸਮਰਥ ਕਰਤਾ ਪੁਰਖ ਨਿਰਵੈਰ ਅਕਾਲ ਮੂਰਤਿ ਸ੍ਰੀ ਹਰ ਰਾਇ ਜੀ ਸਮਾਣੇ ਕੀਰਤਿ ਪੁਰ।'

ਇਨ੍ਹਾਂ ਵਾਧੂ ਪਤਰਿਆਂ ਵਿਚ ਨਿਰੰਜਨ ਰਾਇ ਜੀ ਦੀ, ਜੋ ਧੀਰਮਲ ਜੀ ਦੇ ਸੀ, ਬਹੁਤ ਮਹਿਮਾ ਗਾਈ ਹੈ, ਜਿਸ ਵਿਚ ਲਿਖਿਆ ਹੈ ਕਿ :–

[3]ਜ਼ਿਕੁਰ ਇਹ ਸੁਧਾਰ ਦਾ ਮਾਮਲਾ ਨਹੀਂ ਸੀ। (ਟਿੱਪਣੀ ਜੀ.ਬੀ ਸਿੰਘ)

[4]ਕਈ ਹੁਕਮਨਾਮਿਆਂ ਵਿਚ ਚਿਠੀ ਦੀਆਂ ਸਤਰਾਂ ਦੀ ਗਿਣਤੀ ਅਖਰਾਂ ਅਤੇ ਹਿੰਦਸਿਆਂ ਦੋਹਾਂ ਵਿਚ ਦਿਤੀ ਹੈ, ਪਰ ਇਹ ਕੋਈ ਨਿਯਮ ਨਹੀਂ ਸੀ, ਹਰ ਇਕ ਚਿੱਠੀ ਵਿਚ ਸਤਰਾਂ ਨਹੀਂ ਸਨ ਦਿਤੀਆਂ ਹੁੰਦੀਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਝ ਚਿਠੀਆਂ ਵਿਚ ਜ਼ਰੂਰ ਹੈ। 'ਦਸਤਖਤ' ਤੋਂ ਮਤਲਬ ਜੇ ਅੱਜ ਕਲ ਵਾਂਗ ਆਪਣਾ ਨਾਮ ਲਿਖਣ ਦਾ ਹੈ ਤਾਂ ਇਹ ਗੱਲ ਗਲਤ ਹੈ, ਏਸ ਗੱਲ ਦਾ ਉਸ ਵੇਲੇ ਰਵਾਜ ਹੀ ਨਹੀਂ ਸੀ। 'ਸਤਰਾਂ ਦੀ ਗਿਣਤੀ' ਜਿਸ ਪਾਲ ਵਿਚ ਦਿਤੀ ਹੁੰਦੀ ਸੀ, ਉਹ ਚਿੱਠੀ ਦੇ ਝਟ ਹੀ ਹਿਠਾਂ ਹੁੰਦੀ ਸੀ, ਉਸ ਦੇ ਪਿਛੇ ਕੁਝ ਨਹੀਂ ਸੀ ਹੁੰਦਾ। ਮੈਂ ਅਜ ਤਕ ਕੋਈ ਹੁਕਮਨਾਮਾ ਨਹੀਂ ਦੇਖਿਆ, ਜਿਸ ਵਿਚ ਦਸਤਖਤ ਹੋਏ ਹੋਣ। ਸਾਡੇ 'ਲਿਖਾਰੀ' 'ਦਸਖਤ' ਲਿਖਦੇ ਹੁੰਦੇ ਸਨ, ਅਤੇ ਏਸ ਤੋਂ ਮੁਰਾਦ **hand writing** ਦਾ ਹੁੰਦਾ ਸੀ ਨਾ ਕਿ **Signature** ਦਾ। (ਟਿੱਪਣੀ ਜੀ.ਬੀ ਸਿੰਘ ਵਲੋਂ)।

[5]ਇਹ ਭੀ ਕੋਈ ਨੀਯਮ ਨਹੀਂ ਸੀ। ਬਹੁਤ ਥੋੜੇ ਗਰੰਥ ਸਾਹਿਬਾਂ ਵਿਚ ਪਤ੍ਰਿਆਂ ਦੀ ਗਿਨਤੀ ਏਸ ਸ਼ਕਲ ਵਿਚ ਦਿੱਤੀ ਹੈ। ਹਾਂ ਤਤਕਰੇ ਵਿਚ ਸਫਿਆਂ ਦੇ ਅੰਕ ਤਾਂ ਪ੍ਰਤੀਕਾਂ ਦੇ ਸਾਹਮਣੇ ਦਿਤੇ ਹਨ। ਅਤੇ ਇਹ ਗਿਨਤੀ ਭੀ ਬਹੁਤ ਪਿਛੋਂ ਸ਼ੁਰੂ ਹੋਈ ਹੋਣੀ ਏ ਜੇ ਇਹ ਕਦੇ ਰੀਤੀ ਬਨੀ ਭੀ ਸੀ। 'ਗੁਰੂ ਬਾਬਾ' ਨਾਮ ਹੀ ਇਹ ਗੱਲ ਦੱਸ ਰਿਹਾ ਹੈ। ਇਹ ਨਾਮ ਗਰੰਥ ਸਾਹਿਬ ਵਾਸਤੇ ਬਹੁਤ ਪਿਛੋਂ ਵਰਤੀਨ ਲਗਾ ਹੈ। (ਟਿੱਪਣੀ ਜੀ.ਬੀ. ਸਿੰਘ ਵਲੋਂ)।

[6]ਇਹ ਲੀਕ ਵਿਥ ਲਈ ਮੈਂ ਪਾਈ ਹੈ, ਏਦਾ ਮਤਲਬ ਅਗੋਂ ਚਲਕੇ ਖੁਲ੍ਹੇਗਾ। (G.B.S.

[7]ਭਾਵ 'ਬਾਬਾ ਗੁਰਦਿਤਾ ਜੀ'—G.B.S.

"ਕਰਤਾਰਪੁਰ, ਹਰਗੋਬਿੰਦਪੁਰਾ, ਸੰਗਤ ਸਾਹਿਬ, ਨਿਰੰਜਨ ਰਾਇ ਨੂੰ ਸਭ ਕੁਝ ਦਿਤਾ, ਇਸ ਕਾ ਸ਼ਰੀਕ ਕੋਈ ਨਾਹੀਂ। ਮੇਰਾ ਵਰ।"

ਏਸ ਤੋਂ ਛੁਟ ਅਨੇਕਾਂ ਤਾਰੀਖੀ ਬਾਤਾਂ ਵੀ ਹਨ, ਜਿਨ੍ਹਾਂ ਵਿਚ ਇਹ ਵੀ ਹੈ ਕਿ :–

"੧੮੧੪–ਕਰਤਾਰਪੁਰ ਮੇਂ ਅਗ ਲਗੀ।"

"੧੮੮੮–ਫਾਗਨ ਮੇਂ ਰਣਜੀਤ ਸਿੰਘ ਕਰਤਾਰਪੁਰ ਆਇਆ।" ਇਤਿਆਦਿ ਅਨੇਕ ਪ੍ਰਕਰਣ ਹਨ, ਜਿਨ੍ਹਾਂ ਦੀ ਏਥੇ ਲਿਖਣ ਦੀ ਲੋੜ ਨਹੀਂ।

ਅੰਤ ਵਿਚ ਕੌਮ ਦੇ ਦਰਦੀਆਂ ਅਗੇ ਬੇਨਤੀ ਹੈ, ਕਿ ਇਹ ਜ਼ਮਾਨਾ ਪ੍ਰਸਪਰ ਪ੍ਰੇਮ ਨਾਲ ਉੱਨਤੀ ਕਰਨ ਦਾ ਹੈ, ਦੇਖੋ ਪੜੋਸੀ ਭਾਈ ਆਪਣੇ ਹਕਾਂ[8] ਦੀ ਰਾਖੀ ਲਈ ਕੀਹ ਕੀਹ ਯਤਨ ਕਰ ਰਹੇ ਹਨ, ਸੁਧਾਰ ਦੇ ਉਪਰਾਲੇ ਵਿਚ ਲਗੇ ਹੋਏ ਹਨ, ਪਰ ਸਾਡੀ 'ਰਾਗ ਮਾਲਾ' ਦੀ ਆਰੋਹੀ ਤਾਨ ਕੰਨ ਪਈ ਸੁਣਨ ਨਹੀਂ ਦੇਂਦੀ। ਕ੍ਰਿਪਾ ਕਰੋ, ਤਰਸ ਕਰੋ, ਸ਼ਾਂਤਿ ਕਰੋ, ਧੀਰਜ ਕਰੋ, ਖੋਜੀ ਬਣ ਕੇ ਵਿਚਾਰੋ, ਵਾਦੀ ਦੀ ਪਦਵੀ ਨ ਲਉ।

ਕਬਿਤ–ਕਰਤ ਸਮਾਜ ਕਾ ਉਧਾਰ ਹੈਂ . . .

ਐਸੇ ਸਮੇਂ ਉਨਤੀ ਕੇ ਬੀਚ, ਗੁਰਸਿਖਨ ਕੇ,
ਯਮ ਫਾਸਿ ਹ੍ਵੈਕੇ ਗਲ ਪਰੀ ਰਾਗਮਾਲ ਹੈ।

ਪਾਠਕੋ ! ਮੇਰੀ ਏਸ ਚਿਠੀ ਨੂੰ ਪੜ੍ਹ ਕੇ ਮੇਰੇ ਨਾਲ ਕੋਈ ਸਜਣ ਪਤ੍ਰ ਵਿਵਹਾਰ ਕਰਨ ਦੀ ਖੇਚਲ ਨਾ ਕਰੇ, ਕਿਉਂਕਿ ਮੈਂ ਆਪਣੇ ਨੀਯਤ ਸਮੇਂ ਵਿਚੋਂ ਇਕ ਮਿੰਟ ਵੀ ਨਹੀਂ ਕਢ ਸਕਦਾ।

ਪੰਥ ਦਾ ਸੇਵਕ
ਕਾਨ ਸਿੰਘ[9]

ਕਰਤਾ—ਗੁਰਮਤ ਪ੍ਰਭਾਕਰ, ਗੁਰਮਤ ਸੁਧਾਕਰ ਆਦਿ

'ਪੋਥੀ ਗੁਰੂ ਗਿਰਾ ਕਸੌਟੀ' (ਮਤਲਬ ਗੁਰਬਾਣੀ ਦੀ ਪਛਾਣ) ਜਿਸਦਾ ਜ਼ਿਕਰ ਸਰਦਾਰ ਕਾਹਨ ਸਿੰਘ ਜੀ ਨੇ ਉਪਰ ਆਪਨੀ ਚਿੱਠੀ ਵਿਚ ਕੀਤਾ ਹੈ, ਉਸਦੇ ਛਪਵਾਉਣ

[8]So Religion, or rather Truth, is to be a hand-maiden to, Political Rights ! It ought not to be scholar's business. G.B.S.

[9]ਸਰਦਾਰ ਕਾਹਨ ਸਿੰਘ ਜੀ ਵਰਗੇ 'ਖੋਜੀ' ਅਤੇ 'ਸਚ' ਕਹਿ ਕੇ ਆਪਣੀ ਹਾਣੀ ਤੋਂ ਨਾ ਡਰਨ ਵਾਲੇ ਨੂੰ ਕਰਤਾਰਪੁਰ ਦੇ ਗੁਰੂ ਦੀ ਨਾਬਾਲਗੀ ਦੇ ਸਮੇਂ ਕਰਤਾਰਪੁਰ ਵਾਲੀ ਬੀੜ ਨੂੰ ਚੰਗੀ ਤਰ੍ਹਾਂ ਵੇਖਣ ਅਤੇ ਨੋਟ ਲੈਣ ਲਈ ਚਾਰ ਦਿਨ ਮਿਲ ਗਏ ਸਨ। ਦਾਸ ਨੂੰ ਹੁਣ ਜੇ ਚਾਰ ਕੁ ਘੰਟੇ ਵੀ ਮਿਲ ਜਾਣ, ਤਦ ਸਾਰੇ ਸੰਦੇਹ ਦੂਰ ਕਰਨ ਅਤੇ ਬਕੀ ਗੱਲਾਂ ਉਤੇ ਚਾਨਣ ਪਾਣ ਦਾ ਮੌਕਿਆ ਮਿਲ ਜਾਏ। ਪਰ ਇਹ ਗੱਲ ਹੋਣੀ ਨਾ ਹੋਈ। ਹਾਂ ਜੇ ਇਹ ਚਿਠੀ ਛਪਣ ਤੋਂ ਪਿਛੋਂ ਕੁਝ ਹੋਰ ਫ਼ਰਕ ਪੈ ਗਏ ਹਨ, ਤਾਂ ਵੱਖਰੀ ਗੱਲ ਹੈ। (ਟਿੱਪਣੀ ਜੀ.ਬੀ. ਸਿੰਘ ਵਲੋਂ)

ਦੀ ਦਲੇਰੀ ਸਰਦਾਰ ਕਾਹਨ ਸਿੰਘ ਜੀ ਨੂੰ ਸੰਨ ੧੯੧੮ ਦੇ ਪਿਛੋਂ ਵੀ ਜੀਵਨ ਪ੍ਰਯੰਤ ਨਹੀਂ ਹੋ ਸਕੀ ਉਹਨਾਂ ਦੇ ਪਿਛੋਂ 'ਗੁਰੂ ਗਿਰਾ ਕਸੌਟੀ' ਦਾ ਖਰੜਾ, ਮੈਂ ਸੁਣਦਾ ਹਾਂ, ਉਹਨਾਂ ਹੀ 'ਮਸੰਦਾਂ ਤੇ ਬੁਰਛਿਆਂ' ਦੇ ਹੱਥ ਆਇਆ ਜਿਨ੍ਹਾਂ ਦੇ 'ਉਪਦ੍ਰਵ ਭਯ ਤੋਂ' ਓਹ ਡਰਦੇ ਰਹੇ, ਬਾਵਜੂਦ ਡੌਲੇ ਵਜਾਣ ਦੇ, ਅਤੇ ਉਹਨਾਂ 'ਮਸੰਦਾਂ' ਨੇ ਉਸ ਨੂੰ ਕੀਹ ਕੀਤਾ ਅਸੀਂ ਨਹੀਂ ਕਹ ਸਕਦੇ। ਅਸਾਂ ਓਹ ਖਰੜਾ ਨਹੀਂ ਵੇਖਿਆ, ਪਰ ਇਕ ਵਾਰੀ ਐਵੇਂ ਸਰਸਰੀ ਜਿਹਾ ਜ਼ਿਕਰ ਇਸ ਬਾਬਤ ਸਰਦਾਰ ਸਾਹਿਬ ਨਾਲ ਆਇਆ ਸੀ, ਅਤੇ ਓਹ ਗੱਲ ਨੂੰ ਟਾਲ ਗਏ ਸਨ। ਅਸੀਂ ਆਸ ਰਖਦੇ ਹਾਂ ਕਿ ਉਸ ਖਰੜੇ ਦਾ ਘਾਟਾ ਇਕ ਅੰਸ਼ ਵਿਚ ਸਾਡੀ ਇਸ ਕਿਤਾਬ ਤੋਂ ਪੂਰਾ ਹੋ ਜਾਵੇਗਾ, ਅਤੇ ਬਾਕੀ ਰਿਹਾ ਸਾਡੀ ਦੂਜੀ ਕਿਤਾਬ 'ਸਾਖੀਆਂ ਦੀ ਹਕੀਕਤ' ਤੋਂ।

[ਨੋਟ : ਚਿੱਠੀ ਦੇ ਥੱਲੇ ਲੱਗੇ ਸਾਰੇ ਨੋਟਸ ਸਿਵਾਇ ਪਹਲੇ (੧) ਦੇ ਸ. ਜੀ.ਬੀ. ਸਿੰਘ ਦੀ ਕਲਮ ਤੋਂ ਹਨ, ਕੇਵਲ ਪਹਲਾ ਨੋਟਿਸ ਲੇਖਕ ਵਲੋਂ ਹੈ।]

ਅੰਤਿਕਾ ੨

ਹਕੀਕਤ ਰਾਹ ਮੁਕਾਮ

'ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ' ਦੇ ਰਚਨਾ-ਕਾਲ ਬਾਰੇ ਕੁਝ ਵਿਚਾਰ ਅਸੀਂ ਪੁਸਤਕ ਦੇ ਪੰਨਾ ੪੬੭-੪੬੮ ਉਪਰ ਪ੍ਰਗਟਾ ਆਏ ਹਾਂ। ਉਸ ਹਿੱਸੇ ਦੇ ਛਪਣ ਪਿੱਛੋਂ ਸਾਡਾ ਧਿਆਨ ਡਾ. ਡਬਲਿਊ ਮੈਕਲੌਡ ਦੇ 'ਪੰਜਾਬ ਹਿਸਟਰੀ ਕਾਨਫਰੰਸ ਦੀਆਂ ਕਾਰਵਾਈਆਂ' ਵਿਚ ਛਪੇ ਇਕ ਲੇਖ[1] ਵੱਲ ਦੁਆਇਆ ਗਇਆ ਹੈ। ਉਸ ਲੇਖ ਵਿਚ ਡਾ. ਮੈਕਲੌਡ ਦਾ ਆਸ਼ਾ 'ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ' ਤੋਂ ਕੇਵਲ ਇਹ ਲਭਣਾ ਸੀ ਕਿ ਕੀ ਇਹ ਰਚਨਾ ਗੁਰੂ ਨਾਨਕ ਦੇਵ ਜੀ ਦੇ ਸਿੰਗਲਾਦੀਪ (Ceylon) ਜਾਣ ਦੀ ਪੁਸ਼ਟੀ ਕਰਦੀ ਹੈ ? ਉਨ੍ਹਾਂ ਇਸ ਲੇਖ ਵਿਚ ਕਈ ਅਸੰਗਤੀਆਂ ਦਰਸਾਈਆਂ ਹਨ। ਪਰੰਤੂ ਉਨ੍ਹਾਂ ਦੇ ਲੇਖ ਵਿਚ ਦਿੱਤੀ ਸੂਚਨਾ ਇਸ ਦੇ ਰਚਨਾ-ਕਾਲ ਬਾਰੇ ਕੁਝ ਚਾਨਣਾ ਪਾਂਦੀ ਦਿਸਦੀ ਹੈ। ਉਹ ਸੂਚਨਾ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰਨ ਦੀ ਖੁਸ਼ੀ ਲੈਂਦੇ ਹਾਂ।

'ਹਕੀਕਤ ਰਾਹ ਮੁਕਾਮ' ਵਿਚ ਬਿਦਰ ਤਿਜਾਵਰ ਵਿਚ ਕਿਸੇ ਆਇਰਾਪਤਿ ਨਾਇਕ ਦਾ ਰਾਜ ਹੋਣਾ ਲਿਖਿਆ ਹੈ ਤੇ ਉੱਥੇ 'ਰਾਮ ਰਾਜੇ ਦੀ ਵਲਾਇਤ' ਦਾ ਹੋਣਾ ਦਸਿਆ ਹੈ। ਨਾਲ ਹੀ ਉੱਥੇ ਸਤਾਵਦੀ (Sitavaka) ਸ਼ਹਰ ਦੀ ਤਖਤਗਾਹ ਉੱਤੇ ਉਸ ਵਕਤ ਮਇਆ-ਦਉਨੀ ਦਾ ਰਾਜ ਹੋਣਾ ਦਸਿਆ ਹੈ। ਡਾ. ਮੈਕਲੌਡ ਦੀ ਖੋਜ ਅਨੁਸਾਰ ਮਇਆਦਉਨੀ ਕੋੱਟੇ (Kotte) ਦੇ ਰਾਜਾ ਵਿਜੈ ਬਾਹੂ ਸਤਵੇਂ ਦਾ ਪੁੱਤਰ ਸੀ। ਵਿਜੈ ਬਾਹੂ ਦੇ ਭਰਾ ਦਾ ਨਾਂ ਰਾਏ ਸਿੰਘ ('ਹਕੀਕਤ ਰਾਹ ਮੁਕਾਮ' ਦਾ ਰਾਜਾ ਰਾਮ) ਸੀ ਤੇ ਦੋਹਾਂ ਭਰਾਵਾਂ ਦੀ ਪਤਨੀ, ਸਿੰਗਾਲੀ ਪਰੰਪਰਾ ਅਨੁਸਾਰ, ਸਾਂਝੀ ਸੀ। ਇਸ ਹਿਸਾਬ ਮਇਆਦਉਨੀ ਰਾਏ ਸਿੰਘ ਦਾ ਪੁੱਤਰ ਮੰਨਿਆ ਜਾ ਸਕਦਾ ਹੈ। ਪਰੰਤੂ ਉਸ ਦੇ ਦਾਦੇ ਦਾ ਨਾਂ ਸ਼ਿਵਨਾਭ ਨਹੀਂ ਸੀ, ਪ੍ਰਾਕ੍ਰਮ ਬਾਹੂ ਅਠਵਾਂ ਸੀ। ਡਾ. ਮੈਕਲੌਡ ਦਸਦਾ ਹੈ ਕਿ ਮਇਆਦਉਨੀ ਦਾ ਰਾਜ ੧੫੨੧ ਈ. (੧੫੭੮ ਬਿ.) ਵਿਚ ਸ਼ੁਰੂ ਹੋਇਆ ਤੇ ੧੫੮੧ ਈ. (੧੬੩੮ ਬਿ.) ਤਕ ਰਹਿਆ। ਮੈਕਲੌਡ ਦੇ ਦਿੱਤੇ ਇਸ ਵੇਰਵੇ ਤੋਂ 'ਹਕੀਕਤ ਰਾਹ ਮੁਕਾਮ' ਦਾ ਮਇਆਦਉਨੀ ਕਾਲ ਵਿਚ ਜਾਂ ਛੇਤੀ ਪਿੱਛੋਂ ਕਿਸੇ ਸਮੇਂ ਲਿਖਿਆ ਜਾਣਾ ਸਿਧ ਹੋ ਜਾਂਦਾ ਹੈ ਤੇ ਸਾਡਾ ਮਕਸਦ ਕੇਵਲ ਇਹੀ ਦਰਸਾਣਾ ਸੀ।

---

[1] ਦੇਖੋ W.H. McLeod, "Hakikat Rah Mukam Raje Sivanabh Ki", *Proceedings of the Punjab History Conference* (4th, March 1969) *Session*, pp. 96-105.

ਅੰਤਿਕਾ ੩

ਵਿਸ਼ੇਸ਼ ਪਦਾਵਲੀ

ਪੁਸਤਕ ਵਿਚ ਕੁਝ ਵਿਸ਼ੇਸ਼ ਸ਼ਬਦਾਵਲੀ ਵਰਤੀ ਗਈ ਹੈ, ਜਿਸ ਨੂੰ ਥਾਂ ਥਾਂ ਸਮਝਾਉਣ ਦਾ ਉਪਰਾਲਾ ਵੀ ਕੀਤਾ ਗਇਆ ਹੈ। ਤਾਂ ਵੀ ਤਕਨੀਕੀ ਭਾਸ਼ਾ ਤੋਂ ਘ... ਪਾਠਕਾਂ ਦੀ ਸਹੂਲਤ ਲਈ ਕੁਝ ਵਿਸ਼ੇਸ਼ ਸ਼ਬਦ ਹੇਠਾਂ ਉਨ੍ਹਾਂ ਦੇ ਅਰਥਾਂ ਸਹਿਤ ਦਿੱ... ਜਾਂਦੇ ਹਨ :

ਅਨੁਸੁਾਰ — ਨੱਕ ਵਿੱਚੋਂ ਲੰਘ ਕੇ ਬੋਲੇ ਜਾਣ ਵਾਲੀਆਂ ਲਗ-ਮਾਤ੍ਰਾਂ ਜਿਵੇਂ ਮਰ... ਨਹੀਂ, ਆਦਿ। ਇਸ ਨੂੰ ਸਾਡੇ ਅੱਜ ਕਲ੍ਹ ਦੇ ਵਿਆਕਰਣੀ "...ਸਿ... ਧੁਨੀ" ਕਹਣਾ ਪਸੰਦ ਕਰਦੇ ਹਨ।

ਆਕ੍ਰਿਤੀ — ਸ਼ਕਲ, ਸੂਰਤ, ਨੁਹਾਰ, ਸ੍ਵਰੂਪ, ਦਿਖ।

ਆਰੂਪ — ਗ੍ਰੰਥ ਦੀ ਲਿਖਤ ਨੂੰ ਦਿੱਤਾ ਗਇਆ ਸ੍ਵਰੂਪ, ਅੰਗ੍ਰੇਜ਼ੀ format.

ਸ਼ਾਖਾ — ਅੰਗ੍ਰੇਜ਼ੀ recension, ਇਕ ਮੂਲ ਦੀਆਂ ਲਿਖਤਾਂ ਥੋੜੇ ਥੋੜੇ ਫ... ਵਾਲੀਆਂ।

ਸਾਦ੍ਰਿਸ਼ਤਾ— ਅੰਗ੍ਰੇਜ਼ੀ analogy; ਅਨੁਰੂਪਤਾ, ਸ਼ਕਲ ਸੂਰਤ ਵਿਚ ਸਮਾਨ ਹੋਣਾ।

ਸੰਕਲਣ — ਅੰਗ੍ਰੇਜ਼ੀ compilation, ਬਾਣੀ ਜਾਂ ਕਿਸੇ ਹੋਰ ਰਚਨਾ ਦਾ ਖਿੰ... ਥਾਵਾਂ ਤੋਂ ਇਕੱਠਾ ਕਰਨਾ।

ਸੰਪਾਦਨ — ਅੰਗ੍ਰੇਜ਼ੀ editing, ਇਕਤ੍ਰ ਕੀਤੀ ਬਾਣੀ ਜਾਂ ਸਾਮਗ੍ਰੀ ਨੂੰ ਤਰਤੀ... ਮਰਯਾਦਾ ਅੱਗੇ ਢੰਗ ਨਾਲ ਪ੍ਰਕਾਸ਼ਿਤ ਕਰਨਾ।

ਕਿਤਾਬੀ — ਛੋਟੇ ਪੇਂਦੇ ਤੇ ਲੰਮੇਰੀ ਉਚਾਈ ਵਾਲੀ ਬੀੜ ਜਿਵੇਂ ਆਮ ਕਿ... ਦੀ ਹੁੰਦੀ ਹੈ। ਅੱਜ ਕਲ ਜਿਹੜੇ ਗ੍ਰੰਥ ਛਪਦੇ ਹਨ, ਉਹ ...ਆ... ਖੁਲਦੇ ਹਨ।

ਡੌਲ — ਸ਼ਕਲ ਸੂਰਤ; pattern, ਸੱਚਾ, ਰੰਗ ਢੰਗ।

ਨੀਸਾਣ — ਗੁਰੂ ਜੀ ਦੇ ਹੱਥਾਂ ਨਾਲ ਲਿਖਿਆ ਮੂਲਮੰਤ੍ਰ ਯਾ ਕੋਈ ਹੋਰ ਵਾਕ।

ਪਤ੍ਰਾਂਕ — ਪਤ੍ਰੇ ਨੂੰ ਦਿੱਤਾ ਅੰਕ। ਪੁਰਾਣੇ ਸਮਿਆਂ ਵਿਚ ਤਾੜ ਦੇ ਪਤ੍ਰਾਂ ਨੂੰ ਘੋਟਾ ਦੇ ਕੇ ਉਨ੍ਹਾਂ ਦੇ ਸਿੱਧੇ ਤੇ ਪੁੱਠੇ ਪਾਸੇ ਲਿਖਦੇ ਸਨ। ਸੰਸਕ੍ਰਿਤ ਦੇ ਗ੍ਰੰਥ ਨੂੰ ਪ੍ਰਤ੍ਰਾਂਕ ਦੇਣ ਦਾ ਢੰਗ ਇਹੀ ਸੀ। ਇਸੇ ਨੂੰ ਅਸੀਂ ਵਿਗਿਆਨ ਮੰਨਿਆ ਹੈ। ਸੱਜੇ ਹੱਥ ਤੇ ਖੱਬੇ ਹੱਥ ਵਾਲੇ ਪੰਨਿਆਂ ਨੂੰ ਮਿਲਾ ਕੇ ਪਤ੍ਰਾ ਹੋਇਆ ਮੰਨਣਾ ਵਿਗਿਆਨਕ ਧਾਰਣਾ ਨਹੀਂ।

ਪਾਠ-ਭੇਦ— ਅੰਗ੍ਰੇਜ਼ੀ varients, **in text** ਬੀੜ ਦੀਆਂ ਵਖ ਵਖ ਸ਼ਾਖਾਵਾਂ ਵਿਚ ਪਾਠਾਂ ਦੇ ਅੰਤਰ।

ਪਾਠਾਂਤਰ— ਦੇਖੋ ਪਾਠ-ਭੇਦ।

ਪੈਰ-ਚਿੰਨ੍ਹ— ਅੰਗ੍ਰੇਜ਼ੀ foot prints; ਪੰਜਾਬੀ, 'ਪੈੜ'। ਮਨੁੱਖ, ਪਸ਼ੂ ਜਾਂ ਵਸਤੂ ਦਾ ਆਪਣੇ ਪਿੱਛੇ ਛਡਿਆ ਨਿਸ਼ਾਨ ਜਿਸ ਤੋਂ ਉਸ ਦੀ ਸ਼ਿਨਾਖਤ ਹੋ ਸਕੇ।

ਮੰਡਨ- ਮੰਡਨ ਕਿਸੇ ਗੱਲ ਨੂੰ ਦਲੀਲ ਜਾਂ ਸਬੂਤਾਂ ਨਾਲ ਠੀਕ ਸਿੱਧ ਕਰ ਦੇਣਾ।
ਖੰਡਨ — ਖੰਡਨ ਦਾ ਭਾਵ ਕਿਸੇ ਦਲੀਲ ਜਾਂ ਸਬੂਤ ਨੂੰ ਗਲਤ ਸਿਧ ਕਰ ਦੇਣਾ।

ਲੈਮੀਨੇਸ਼ਨ—ਪੁਰਾਣੇ ਗ੍ਰੰਥਾਂ ਨੂੰ ਨਸ਼ਟ ਹੋਣ ਤੋਂ ਬਚਾਉਣ ਲਈ ਉਨ੍ਹਾਂ ਉਪਰ ਸਿਫ਼ਾਫ਼ ਕੈਮੀਕਲਜ਼ ਦਾ ਕੋਟ ਦੋਹਾਂ ਪਾਸੇ ਕਰ ਦੇਂਦੇ ਹਨ। ਇਸ ਅਮਲ process ਨੂੰ ਅੰਗ੍ਰੇਜ਼ੀ ਵਿਚ ਲੈਮੀਨੇਸ਼ਨ ਆਖਦੇ ਹਨ। ਇਸ ਨਾਲ ਗ੍ਰੰਥ ਦੀ ਮਿਆਦ ਬਹੁਤ ਵਧ ਜਾਂਦੀ ਹੈ ਤੇ ਲਿਖਿਆ ਪੜ੍ਹਨ ਵਿਚ ਕੋਈ ਮੁਸ਼ਕਿਲ ਨਹੀਂ ਆਉਂਦੀ।

ਸਹਾਇਕ ਪੁਸਤਕ ਸੂਚੀ

ਨੋਟ : ਇਸ ਸੂਚੀ ਵਿਚ ਉਹ ਹੱਥ-ਲਿਖਤ ਪੋਥੀਆਂ ਤੇ ਬੀੜਾਂ ਸ਼ਾਮਲ ਨਹੀਂ ਕੀਤੀਆਂ ਗਈਆਂ, ਜਿਨ੍ਹਾਂ ਦਾ ਭਰਪੂਰ ਜ਼ਿਕਰ ਸਰਵੇਖਣ ਵਾਲੇ ਪ੍ਰਕਰਣ ਵਿਚ ਕੀਤਾ ਗਇਆ ਹੈ। ਉਨ੍ਹਾਂ ਬਾਰੇ ਜਾਣਕਾਰੀ ਲਈ ਪਾਠਕ ਪੁਸਤਕ ਦੀ ਵਿਸ਼ੈ-ਸੂਚੀ ਅਤੇ ਪੁਸਤਕ ਦੇ ਪਿੱਛੇ ਦਿੱਤੇ ਇੰਡੈਕਸ ਉੱਤੇ ਝਾਤੀ ਪਾ ਸਕਦੇ ਹਨ। ਹੋਰਨਾਂ ਹੱਥ-ਲਿਖਤਾਂ ਤੇ ਪੁਸਤਕਾਂ ਦੀ ਸੂਚੀ, ਜਿਨ੍ਹਾਂ ਤੋਂ ਇਸ ਪੁਸਤਕ ਦੀ ਤਿਆਰੀ ਵਿਚ ਮੱਦਦ ਲਈ ਗਈ ਹੈ, ਹੇਠ ਲਿਖੇ ਅਨੁਸਾਰ ਹੈ :

ਹੱਥ-ਲਿਖਤਾਂ

"ਸ਼ਬਦ ਵਿਗਾਸ" ਕ੍ਰਿਤ ਭਾਈ ਰਣਧੀਰ ਸਿੰਘ, ਭੂਤਪੂਰਵ ਗੁਰਦਵਾਰਾ ਇਨਸਪੈਕਟਰ, ਮੂਲ ਖਰੜਾ ਪ੍ਰੋ. ਪ੍ਰੀਤਮ ਸਿੰਘ, ਪਟਿਆਲਾ।

ਸ੍ਰੀ ਆਦਿ ਗ੍ਰੰਥ, ਮਿਤੀ ੧੭੯੯ (ਹਰਭਜਨ ਸਿੰਘ, ਹਰਚਰਨ ਸਿੰਘ ਚਾਵਲਾ, ਐਨਟੀਕ ਡੀਲਰਜ਼, ਜਲ੍ਹਿਆਂ ਵਾਲਾ ਬਾਗ, ਅਮ੍ਰਿਤਸਰ। ਹੁਣ ਇਹ ਬੀੜ ਗਿਆਨੀ ਗੁਰਦਿਤ ਸਿੰਘ, ਚੰਡੀਗੜ੍ਹ, ਦੇ ਪੁਸਤਕਾਲਜ ਵਿਚ ਪਹੁੰਚ ਚੁੱਕੀ ਹੈ।

ਹੱਥ-ਲਿਖਤ ੨੫੨੭, ਸੈਂਟ੍ਰਲ ਸਟੇਟ ਲਾਇਬ੍ਰੇਰੀ, ਪਟਿਆਲਾ।

ਹ.ਲਿ. ੪੨੭ (ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕ੍ਰਿਤ ਸੋਢੀ ਮਿਹਰਬਾਨ), ਸਿੱ ਹਿਸਟਰੀ ਰੀਸਰਚ ਡਿਪਾਰਟਮੈਂਟ, ਖਾਲਸਾ ਕਾਲਿਜ, ਅਮ੍ਰਿਤਸਰ, ਮਿਤੀ ੧੯੮ ਬਿ/੧੯੨੮ ਈ.।

ਹ.ਲਿ. ੨੩੦੬ ('ਮਹਿਮਾ ਪ੍ਰਕਾਸ਼ ਵਾਰਤਿਕ' ਕ੍ਰਿਤ ਬਾਵਾ ਕਿਰਪਾਲ ਸਿੰਘ) ਸਿੱਖ ਹਿਸਟਰ ਰੀਸਰਚ ਡਿਪਾਰਟਮੈਂਟ, ਖਾਲਸਾ ਕਾਲਿਜ, ਅਮ੍ਰਿਤਸਰ, ੧੯੮੫ ਬਿ/੧੯੨੮ ਈ.

ਗੋਇੰਦਵਾਲ/ਬਾਬਾ ਮੋਹਨ ਵਾਲੀਆਂ ਪੋਥੀਆਂ; ਪਹਲੀ : ਵਿਨੋਦ ਕੁਮਾਰ ਭੱਲਾ, ਜਲੰਧਰ ਦੂਜੀ, ਕੰਵਰਜੀਤ ਸਿੰਘ, ਤੇ ਜਗਜੀਤ ਸਿੰਘ ਭੱਲਾ, ਪਿੰਜੌਰ।

"ਰੋਜ਼ ਨਾਮਚਾ" (੨ ਨਵੰਬਰ ੧੯੨੪—ਜਨਵਰੀ ੧੯੨੫), ਗਿਆਨੀ ਈਸ਼ਰ ਸਿੰ ਨਰੈਣ ਸਿੰਘ ਤੇ ਵਰਿਆਮ ਸਿੰਘ ਆਦਿ, ਤਰਨ ਤਾਰਨੀ ਟੋਲੀ। ਇਹ ਰੋਜ਼ਨਾਮ ਪ੍ਰੋ. ਪ੍ਰੀਤਮ ਸਿੰਘ, ਪਟਿਆਲਾ ਦੀ ਲਾਇਬ੍ਰੇਰੀ ਵਿਚ ਸੁਰਖਿਅਤ ਹੈ। ਇਸ ਜ਼ੀਰਾਕਸ ਉਤਾਰਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, ਦੀ ਲਾਇਬ੍ਰੇ ਲਈ ਹਾਸਲ ਕਰਨ ਦਾ ਉਪਰਾਲਾ ਹੋ ਰਹਿਆ ਹੈ।

"ਵਾਰਾਂ ਵਾਲਾ ਗੁਟਕਾ"—ਪਿਆਰਾ ਸਿੰਘ ਪਦਮ (ਕਲਮ ਮੰਦਿਰ, ਪਟਿਆਲਾ) ਪ ਸੁਰਖਿਤ, ਮਿਤੀਹੀਨ।

ਪ੍ਰਕਾਸ਼ਿਤ ਪੁਸਤਕਾਂ

ਅਸ਼ੋਕ, ਸ਼ਮਸ਼ੇਰ ਸਿੰਘ, 'ਸਾਡਾ ਹੱਥ-ਲਿਖਿਤ ਪੰਜਾਬੀ ਸਾਹਿਤ', ਸਿਖ ਇਤਿਹਾਸ ਰਿਸਰਚ ਬੋਰਡ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅਮ੍ਰਿਤਸ਼ਰ ੧੯੬੮.

'ਨੀਸਾਣ ਤੇ ਹੁਕਮਨਾਮੇ', ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮ੍ਰਿਤਸਰ, ੧੯੬੭।

—'ਗੁਰਬਾਣੀ ਦਾ ਮਹਲਾ ਸ਼ਬਦ ਤੇ ਇਸ ਦਾ ਸਹੀ ਉੱਚਾਰਣ' (ਐਕਸੈਸ਼ਨ ਨੰਬਰ R.G. ੩੮੭, ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ), ਪ੍ਰਕ. ਮੈਨੇਜਰ, ਅਸ਼ੋਕ ਪੁਸਤਕ ਮਾਲਾ, ਗੁਆਰਾ, ਜ਼ਿਲਾ ਸੰਗਰੂਰ, ੧੯੭੯.

—(ਸੰਪ.), 'ਪੰਜਾਬੀ ਹੱਥ-ਲਿਖਤਾਂ ਦੀ ਸੂਚੀ', ਦੋ ਭਾਗ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ੧੯੬੧ ਅਤੇ ੧੯੬੩.

''ਅਖਬਾਰਾਤਿ ਦਰਬਾਰਿ ਮੁਆਲਾ'' ਦੇਖੋ ਗੰਡਾ ਸਿੰਘ (ਸੰਪ.), 'ਮਾਖ਼ੁਜ਼ਿ ਤਵਾਰੀਖਿ ਸਿੱਖਾਂ' (ਫ਼ਾਰਸੀ), ਜਿਲਦ ਅੱਵਲ ਵਿਚ ਸੰਮਿਲਿਤ ਸੰਬੰਧਿਤ ਭਾਗ, ਸਿੱਖ ਹਿਸਟਰੀ ਰਿਸਰਚ ਸੋਸਾਇਟੀ, ਅਮ੍ਰਿਤਸਰ।

ਅਰਜਨ ਸਿੰਘ ਵੈਦ, ਕਾਵਿਰਾਜ ਗਿਆਨੀ, 'ਰਾਗਮਾਲਾ ਨਿਰਣਯ', ਪ੍ਰਕ. ਲੇਖਕ ਆਪ, ਮੰਡੀ ਬਹਾਦਰਗੜ੍ਹ, ਲੁਧਿਆਣਾ, ਮਿਤੀਹੀਨ।

ਸਾਹਿਬ ਸਿੰਘ, ਪ੍ਰੋ., 'ਆਦਿ ਬੀੜ ਬਾਰੇ', ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ, ਅਮ੍ਰਿਤਸਰ, ੧੯੭੦, (ਪੁਨਰ ਛਾਪ ੧੯੭੭)।

—'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਨ', ਰਾਜ ਪਬਲਿਸ਼ਰਜ਼, ਜਲੰਧਰ, ਪਹਲੀ ਪੋਥੀ।

'ਸਿੱਖਾਂ ਦੀ ਭਗਤਮਾਲਾ' (ਸੰਪ. ਵਾਤਿਸ਼ ਧਰਮ ਚੰਦ), ਲਾਹੌਰ ਬੁਕ ਸ਼ਾਪ, ਲੁਧਿਆਣਾ, ੧੯੭੯.

ਸੰਤੋਖ ਸਿੰਘ, 'ਗੁਰ ਪ੍ਰਤਾਪ ਸੂਰਜ' (ਸੰਪ. ਭਾਈ ਵੀਰ ਸਿੰਘ), ਜਿਲਦ ਛੇਵੀਂ, ਪ੍ਰਕ. ਖਾਲਸਾ ਸਮਾਚਾਰ, ਹਾਲ ਗੇਟ, ਅਮ੍ਰਿਤਸਰ, ੧੯੫੪.

'ਸ੍ਰੀ ਗੁਰੂ ਗ੍ਰੰਥ ਸਾਹਿਬ'—ਚਰਨ ਸਿੰਘ ਸ਼ਹੀਦ ਦੁਆਰਾ ਸੁਧਾਇਆ ਹੋਇਆ—(ਪ੍ਰਕ.) ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼, ਲਾਹੌਰ, ਮਿਤੀਹੀਨ (ਦੇਖੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਦੁਰਲਭ ਪੁਸਤਕਾਂ ਦਾ ਸੈਕਸ਼ਨ ਐਕਸੈਸ਼ਨ ਨੰ. ੨੮੮੯)। ਹੋਰ, ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅਮ੍ਰਿਤਸਰ, ਦੁਆਰਾ ਪ੍ਰਕਾਸ਼ਿਤ ਸ੍ਰੀ ਗੁਰੂ ਗ੍ਰੰਥ ਸਾਹਿਬ—ਕੋਈ ਵੀ ਸੰਸਕਰਣ।

ਸ਼ੇਰ ਸਿੰਘ, ਗਿਆਨੀ, 'ਰਾਗਮਾਲਾ ਦਰਪਣ', ਪ੍ਰਕ. ਲੇਖਕ ਆਪ, ੧੯੧੭, ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅਮ੍ਰਿਤਸਰ (ਆਰ. ਨੰ. ੫੪੨੪)।

ਹਰਿਕੀਰਤ ਸਿੰਘ ਅਤੇ ਇੰਦਰ ਸਿੰਘ, 'ਗੁਰਬਾਣੀ ਦਾ ਸ਼ੁੱਧ ਉਚਾਰਨ', ਚੀਫ਼ ਖਾਲਸਾ ਦੀਵਾਨ, ਅਮ੍ਰਿਤਸਰ, ੧੯੮੯.

ਹਰਨਾਮਦਾਸ, 'ਪੁਰਾਤਨਿ ਬੀੜਾਂ ਤੇ ਵਿਚਾਰ', ਪ੍ਰਕ. ਰਾਮੇਸ਼ ਚੰਦ੍ਰ ਸੂਰੀ, ਰ ੇਸ਼ ਆਯੁਰਵੈਦਿਕ ਫਾਰਮੇਸੀ, ਕਪੂਰਥਲਾ, ਪੰਜਾਬ, ਭਾਗ ਪਹਲਾ (੧੯੬੯); ਭਾਗ ਦੂਜਾ (੧੯੭੨).

ਹਰਿ ਜੀ, ਸੋਢੀ, 'ਗੋਸਟਿ ਗੁਰੁ ਮਿਹਰਿਵਾਨੁ' (ਦੇਵਨਾਗਰੀ) (ਸੰਪ. ਗੋਬਿੰਦ ਨਾਥ ਰਾਜਗੁਰੂ), ਪਬਲੀਕੇਸ਼ਨ ਬਯੋਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ੧੯੭੪ (ਮੂਲ ਪਾਠ, ਪ੍ਰਿਸ਼ਠ ੧੭੫)।

ਹਰਿਭਜਨ ਸਿੰਘ, ਪ੍ਰਿੰਸੀਪਲ, 'ਗੁਰਬਾਣੀ ਸੰਪਾਦਨ ਨਿਰਣੈ', ਸਤਿਨਾਮ ਪ੍ਰਕਾਸ਼ਨ, ੧੧੮੬ ਸੈਕਟਰ ੧੮-ਸੀ, ਚੰਡੀਗੜ੍ਹ, ੧੯੮੧.

ਕਾਨ੍ਹ ਸਿੰਘ ਨਾਭਾ, 'ਗੁਰਸ਼ਬਦ ਰਤਨਾਕਰ ਮਹਾਨ ਕੋਸ਼', ਭਾਸ਼ਾ ਵਿਭਾਗ, ਪ..ਾਬ ਪਟਿਆਲਾ, ਦੂਜਾ ਸੰਸਕਰਣ, ੧੯੬੦.

ਕੋਸ਼ਿਸ, ਸਰੂਪ ਸਿੰਘ, 'ਗੁਰੂ ਕੀਆਂ ਸਾਖੀਆਂ' (ਸੰਪ. ਪਿਆਰਾ ਸਿੰਘ ਪਦਮ ਅਤੇ ਰਿ ਾਨ ਗਰਜਾ ਸਿੰਘ), ਕਲਮ ਮੰਦਿਰ, ਪਟਿਆਲਾ, ੧੯੮੬.

ਗਿਆਨ ਸਿੰਘ ਗਿਆਨੀ, 'ਸ੍ਰੀ ਗੁਰੂ ਪੰਥ ਪ੍ਰਕਾਸ਼' (ਸੰਪ. ਗਿਆਨੀ ਕਿਰਪਾਲ ਿ ਘ) ਮਨਮੋਹਨ ਸਿੰਘ ਬਰਾੜ, ਗਲੀ ਸ਼ਹੀਦ ਬੁੰਗਾ, ਅਮ੍ਰਿਤਸਰ, ਭਾਗ ਪਹਿਲਾ, ੧੯੭੦.

—'ਤਵਾਰੀਖ਼ ਗੁਰੂ ਖਾਲਸਾ', ਪ੍ਰਕ. ਮਹੰਤ ਪ੍ਰੇਮ ਸਿੰਘ, ਸ. ਹਰੀ ਸਿੰਘ ਸਿਆਲਕੋਟੀ ; ਸ. ਬੂਟਾ ਸਿੰਘ ਰਾਵਲਪਿੰਡੀ ਵਾਲਾ (ਗੁਰੂ ਗੋਬਿੰਦ ਸਿੰਘ ਪ੍ਰੈਸ, ਸਿਆਲ ਟ) ਪਹਿਲਾ ਭਾਗ, ੧੮੯੧ ਈ. ਤੇ ਦੂਜਾ 'ਸ਼ਮਸ਼ੇਰ ਖਾਲਸਾ' ਦੇ ਨਾਂ ਹੇਟ ੧੮੯੨ ਈ.

ਗਿੱਲ, ਮਹਿੰਦਰ ਕੌਰ, 'ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ-ਕਲਾ', ਰਵੀ ਪ੍ਰਕਾਸ਼ਨ, .ੁਲ਼ ੧੯੭੪.

ਗ੍ਰਿਫਨ, ਲੇਪਲ, 'ਰਊਸਾਇ ਪੰਜਾਬ' (ਉਰਦੂ), ਦੁਰਲਭ ਪੁਸਤਕਾਂ ਦਾ ਸੈਕਸ਼ਨ ਗੁ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ।

ਗੁਰਦਿਤ ਸਿੰਘ ਗਿਆਨੀ, 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ', (ਭਗਤਬਾਣੀ ਭਾਗ), ਸਿ ਸਾਹਿੱਤ ਸੰਸਥਾਨ, ਚੰਡੀਗੜ੍ਹ/ਦਿੱਲੀ, ਮਾਰਚ ੧੯੯੦.

ਗੁਰਬਚਨ ਸਿੰਘ ਭਿੰਡਰਾਂਵਾਲਾ, 'ਗੁਰਬਾਣੀ ਪਾਠ ਦਰਸ਼ਨ' (ਪ੍ਰਕ. ਸੰਤ ਗਿਆਨੀ ਮੋਹ ਸਿੰਘ ਜੀ ਭਿੰਡਰਾਂਵਾਲੇ), ਭਾਈ ਮੇਹਰ ਸਿੰਘ ਐਂਡ ਸਨਜ਼, ਬਾਜ਼ਾਰ ਮਾਈ ਵਿ ਅਮ੍ਰਿਤਸਰ, ਤੀਜਾ ਸੰਸਕਰਣ, ੧੯੭੩.

'ਗੁਰਬਿਲਾਸ ਪਾਤਸ਼ਾਹੀ ਛੇਵੀਂ', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ੧੯੭੦.

ਗੰਡਾ ਸਿੰਘ (ਸੰਪ.), 'ਮਾਖ਼ੁਜ਼ਿ ਤਵਾਰੀਖਿ ਸਿਖਾਂ', ਜਿਲਦ ਅੱਵਲ, ਸਿਖ ਹਿਸਟਰੀ ਸੋਸ .ਟ ਅਮ੍ਰਿਤਸਰ, ੧੯੪੯।

ਚਰਨ ਸਿੰਘ, ਡਾ., 'ਬਾਣੀ ਬਿਓਰਾ' (ਨਿਰਗੁਣੀਆਰਾ, ਜਿਲਦ ੪੩, ਅੰਕ ੩੬-੩੭, ਵਿਚ ਸੰਮਿਲਿਤ), ਖਾਲਸਾ ਟ੍ਰੈਕਟ ਸੋਸਾਇਟੀ, ਅਮ੍ਰਿਤਸਰ, ੫-੨੦ ਜੁਲਾਈ ਅਤੇ ੫-੨੦ ਅਗਸਤ, ੧੯੪੫ ਅੰਕ ।

ਛਿੱਬਰ, ਕੇਸਰ ਸਿੰਘ, 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ' ਕਾ—ਰਿਸਾਲਾ 'ਪਰਖ', ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਜਿਲਦ ੨, ਸਾਲ ੧੯੭੨ ਵਿਚ ਸੰਮਿਲਿਤ ।

ਜੱਗੀ, ਗੁਰਸ਼ਰਨ ਕੌਰ, 'ਬਾਬੇ ਮੋਹਨ ਵਾਲੀਆਂ ਪੋਥੀਆਂ', 'ਆਲੋਚਨਾ' (ਅਕਤੂਬਰ-ਦਸੰਬਰ, ੧੯੮੪ ਅੰਕ), ਪੰਜਾਬੀ ਸਾਹਿੱਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ ।

ਜੀ.ਬੀ. ਸਿੰਘ, 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ **ਪ੍ਰਾਚੀਨ ਬੀੜਾਂ**, ਮਾਡਰਨ ਪਬਲੀਕੇਸ਼ਨਜ਼, ੨੬ ਮੈਕਲੌਡ ਰੋਡ, ਲਾਹੌਰ [੧੯੪੪].

ਜੋਧ ਸਿੰਘ, ਭਾਈ, 'ਕਰਤਾਰਪੁਰੀ ਬੀੜ ਦੇ ਦਰਸ਼ਨ', ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੬੮.

ਤੇਜਾ ਸਿੰਘ, ਬਾਬੂ, ਵਿਦਜਾ ਭੰਡਾਰ ਪੰਚਖੰਡ ਦੇ ਅਠਵੇਂ ਸਾਲਾਨਾ ਦੀਵਾਨ ਦਾ ਸਮਾਚਾਰ, ਪੰਚ ਖਾਲਸਾ ਦੀਵਾਨ, ਸੰਮਤ ੪੪੮ ਨਾ. ਸ਼ਾ. (੧੯੧੭ ਈ.); ਆਰ. ੫੪੨੪, ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅਮ੍ਰਿਤਸਰ ।

ਨਰਿੰਦਰ ਕੌਰ ਭਾਟੀਆ (ਸੰਪ.), 'ਸ੍ਰੀ ਸਤਿਗੁਰੂ ਜੀ ਦੇ ਮੁਹੈਂ ਦੀਆਂ ਸਾਖੀਆਂ', ਪ੍ਰਕ. ਆਪ, ਅਮ੍ਰਿਤਸਰ, ੧੯੭੮.

—'ਮਿਹਰਬਾਨ ਵਾਲੀ ਜਨਮਸਾਖੀ ਭਗਤ ਕਬੀਰ ਜੀਉ ਕੀ', ਗੁਰੂ ਨਾਨਕ ਦੇਵ ਯੂਨੀਵਟਸਿਟੀ, ਅਮ੍ਰਿਤਸਰ, ਇਸ ਵਕਤ ਛਾਪੇ ਵਿਚ ।

ਨਰੈਣ ਸਿੰਘ, ਗਿਆਨੀ, ਪੰਡਿਤ, 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਸਟੀਕ), ਪੰਜ ਜਿਲਦਾਂ, ਭਾਈ ਚਤਰ ਸਿੰਘ, ਮੁਜ਼ੰਗ, ਲਾਹੌਰ, ੧੯੩੯ (ਨਿਰੰਕਾਰੀ ਪ੍ਰਿੰਟਿੰਗ ਪ੍ਰੈਸ, ਲਾਹੌਰ) ।

ਪਦਮ, ਪਿਆਰਾ ਸਿੰਘ, 'ਆਲਮ ਦੀ ਰਾਗਮਾਲਾ ਬਾਰੇ ਚਰਚਾ', —ਜੋਧ ਕਵੀ ਅਤੇ ਆਲਮ ਸਹਿਤ ਸੰਮਿਲਿਤ ਰਾਗਮਾਲਾ ਖੰਡਨ, ਅਮ੍ਰਿਤਸਰ, ਮਿਤੀਹੀਨ (ਆਰ. ੫੧੨੬, ਗੁਰੂ ਨਾਨਕ ਦੇਵ ਯੂਨੀਵਰਸਿਟੀ, ਲਾਇਬ੍ਰੇਰੀ, ਅਮ੍ਰਿਤਸਰ) ।

'ਪੰਚ ਖਾਲਸਾ ਦੀਵਾਨ ਅਰਥਾਤ ਖਾਲਸਾ ਪਾਰਲੀਮੈਂਟ ਦੇ ਦੋ ਸੌ ਅਠਾਨਵੇਂ ਅਤੇ ਵਿਦਿਆ ਭੰਡਾਰ 'ਪੰਚਖੰਡ ਦੇ ਅਠਵੇਂ ਸਾਲਾਨਾ ਦੀਵਾਨ ਦਾ ਸਮਾਚਾਰ', ਪ੍ਰਕ. ਬਾਬੂ ਤੇਜਾ ਸਿੰਘ, ਪੈਨਸ਼ਨਰ ਓਵਰਸੀਅਰ, ਪੰਚਖੰਡ, ੧੯੧੭.

ਪਿਆਰ ਸਿੰਘ (ਸੰਪ.), 'ਆਦਿ ਸਾਖੀਆਂ', ਲਾਹੌਰ ਬੁਕ ਸ਼ਾਪ, ਤੀਜਾ ਸੰਸਕਰਣ, ੧੯੮੩.

—, 'ਸ੍ਰੀ ਗੁਰੂ ਤੇਗ ਬਹਾਦਰ (ਫ਼ਾਰਸੀ ਸਰੋਤ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, ੧੯੭੫.

—(ਸੰਪ.), 'ਬੀ ੪੦ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ', ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ, ਦੂਜਾ ਸੰਸਕਰਣ, ੧੯੮੯.

—(ਸੰਪ.), 'ਭਾਈ ਜੋਧ ਸਿੰਘ ਗੱਦ ਸੌਰਭ', ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੮੬.

'ਪੁਰਾਤਨ ਜਨਮਸਾਖੀ' (ਸੰਪ. ਭਾਈ ਵੀਰ ਸਿੰਘ), ਖਾਲਸਾ ਸਮਾਚਾਰ, ਅਮ੍ਰਿਤਸਰ, ਚੌਥਾ ਸੰਸਕਰਣ, ੧੯੫੨.

'ਪ੍ਰਾਚੀਨ ਬੀੜਾਂ'—ਦੇਖੋ ਜੀ.ਬੀ. ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ ।

ਬਲ, ਰਾਜਿੰਦਰ ਸਿੰਘ, ਗਿਆਨੀ, 'ਭਾਈ ਬੰਨੋ ਦਰਪਨ ਅਤੇ ਖਾਰੇ ਵਾਲੀ ਬੀੜ', ਪ੍ਰਕ. ਆਪ, ੮੨/੩-ਡੀ, ਸੈਂਟਰਲ ਟਾਊਨ, ਜਲੰਧਰ, ੧੯੮੯.

ਬੇਦੀ, ਤਰਲੋਚਨ ਸਿੰਘ, 'ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ', ਮਿਸਿਜ਼ ਅਮਰਜੀਤ ਕੌਰ, ੧੧੧੨/੧੬ ਲਾਜਪਤ ਨਗਰ, ਨਵੀਂ ਦਿੱਲੀ, ੧੯੭੨.

—(ਸੰਪ.) 'ਸਿਖਾਂ ਦੀ ਭਗਤਮਾਲਾ', ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੮੬.

ਭੱਲਾ, ਸਰੂਪਦਾਸ, 'ਮਹਿਮਾ ਪ੍ਰਕਾਸ਼', (ਕਵਿਤਾ) ਭਾਗ ੧ ਤੇ ੨, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ੧੯੭੦ ਤੇ ੧੯੭੧.

ਮਹਾਂ ਸਿੰਘ, ਗਿਆਨੀ, 'ਪਰਮ ਪਵਿਤ੍ਰ ਬੀੜ ਦਾ ਸੰਕਲਨ ਕਾਲ', ਪ੍ਰਕ. ਆਪ : ਖਾਲਸਾ ਸਮਾਚਾਰ, ੧੯੫੨ ?

ਮਿਹਰਬਾਨ, ਸੋਢੀ, 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' (ਸੰਪ. ਕ੍ਰਿਪਾਲ ਸਿੰਘ/ ਸ਼ਮਸ਼ੇਰ ਸਿੰਘ), ਸਿਖ ਹਿਸਟਰੀ ਰੀਸਰਚ ਡੀਪਾਰਟਮੈਂਟ, ਖਾਲਸਾ ਕਾਲਿਜ, ਅਮ੍ਰਿਤਸਰ, ਦੋ ਜਿਲਦਾਂ, ੧੯੬੨ ਤੇ ੧੯੬੯.

''ਰਾਗਮਾਲਾ ਦਰਪਣ'', ਜ਼ਮੀਮਾ ਪੰਚ ਸੇਵਕ ਨੰ. ੩੩, ੧੨ ਦਸੰਬਰ, ੧੯੧੭.

ਲਾਲ ਸਿੰਘ, ਗਿਆਨੀ, 'ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਠਨ ਪਾਠਾਂ ਦੀ ਕੁੰਜੀ', ਪੁਸਤਕ ਭੰਡਾਰ, ਸੰਗਰੂਰ, ਤੀਜਾ ਸੰਸਕਰਣ, ੧੯੫੧.

ਵੀਰ ਸਿੰਘ, ਭਾਈ, 'ਅਸ਼ਟ ਗੁਰ ਚਮਤਕਾਰ', ਭਾਗ ੧, ਖ਼ਾਲਸਾ ਸਮਾਚਾਰ, ਅਮ੍ਰਿਤਸਰ, ਤੀਜਾ ਸੰਸਕਰਣ, ੧੯੬੬.

ਵੀਰ ਸਿੰਘ, ਭਾਈ, 'ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ' ਪਹਿਲੀ ਪੋਥੀ, ਖਾਲਸਾ ਸਮਾਚਾਰ, ਅਮ੍ਰਿਤਸਰ, ੧੯੭੨ ।

ਰਿਸਾਲੇ

'ਸਿੰਘ ਸਭਾ ਪਤ੍ਰਿਕਾ', ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਅਮ੍ਰਿਤਸਰ/ਦਿੱਲੀ/ਚੰਡੀਗੜ੍ਹ, ਅਗਸਤ ੧੯੭੯ ਤੇ ਮਾਰਚ ੧੯੮੦ ਅੰਕ ।

'ਸੂਰਾ' (ਮਾਸਕ ਪਤ੍ਰ), ਅਖੰਡ ਕੀਰਤਨੀ ਜਥਾ, ਅਜੀਤ ਨਗਰ, ਅਮ੍ਰਿਤਸਰ।

'ਖੋੜਾ' (ਤ੍ਰਿਮਾਸਕ), ਭਾਈ ਵੀਰ ਸਿੰਘ ਸਾਹਿਤ ਸਦਨ, ਗੋਲ ਮਾਰਕੀਟ, ਦਿੱਲੀ, ਅੰਕ ਮਾਰਚ ੧੯੮੦.

'ਗੁਰਮਤਿ ਪ੍ਰਕਾਸ਼' (ਮਾਸਕ), ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅਮ੍ਰਿਤਸਰ।

'ਗੁਰੂ ਮਿਸ਼ਨ', ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਟ੍ਰਸਟ, ਜੀ.ਟੀ. ਰੋਡ, ਸ਼ਾਹਪੁਰ (ਅੰਬਾਲਾ), ਜਿਲਦ ੧, ਅੰਕ ੧, ਅਕਤੂਬਰ, ੧੯੭੪.

'ਨਯਾ ਦੌਰ' (ਉਰਦੂ), ਨਵਲ ਕਿਸ਼ੋਰ ਪ੍ਰੈਸ, ਲਖਨਊ, ਨਵੰਬਰ-ਦਿਸੰਬਰ ੧੯੮੦ ਅੰਕ।

'ਪਰਖ' (ਵਾਰਸ਼ਿਕ), ਪੰਜਾਬੀ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਜਿਲਦ ੨, ੧੯੭੨।

'ਪੰਜਾਬੀ ਦੁਨੀਆ' (ਮਾਸਿਕ), ਪ੍ਰਕ. ਭਾਸ਼ਾ ਵਿਭਾਗ, ਪੰਜਾਬ, ਪਟਿਆਲਾ (ਗੁਰਮਤਿ ਸਾਹਿਤ ਅੰਕ, (ਫਰਵਰੀ-ਮਾਰਚ ੧੯੬੫)।

'ਪ੍ਰਕਾਸ਼' (ਸਪਤਾਹਕ), ਸੰਪ. ਗਿਆਨੀ ਗੁਰਦਿਤ ਸਿੰਘ, ਜਿਲਦ ੨੪, ਅੰਕ ੨੨ ਅਗਸਤ ੧੯੭੧.

'ਵਰਿਆਮ' (ਮਾਸਕ), ਲਾਡੋਵਾਲੀ ਰੋਡ, ਜਲੰਧਰ, ਜੂਨ ੧੯੮੯.

ENGLISH

Daljit Singh, *Essays on the Authenticity of Kartarpuri Bir and the Integrated Logic and Unity of Sikhism*, Punjabi University, Patiala, 1987.

Kirpal Singh (ed), *A Catalogue of Punjabi and Urdu Manuscripts*, Sikh History Research Department, Khalsa College, Amritsar, 1963.

Journal of Sikh Studies (Half Yearly) (ed. Pritam Singh), Guru Nanak Dev University, Amritsar, Vol. XI, No. 11 (August 1984).

Proceedings of the Punjab History Conference (4th Session), Punjabi University, Patiala, 1969.

Vridigiri San, *The Nayaks of Tanjare*, Annamlai University, 1942.

McLeod, W.H., *Evolution of the Sikh Community* O.U.P., Delhi, 1975.

ਇੰਡੈਕਸ

ਨੋਟ : (੧) ਇਸ ਇੰਡੈਕਸ ਵਿਚ ਜਿੱਥੇ ਕਿਤੇ ਪੰਨਿਆਂ ਨਾਲ ਤਿੰਨ ਬਿੰਦੀਆਂ (...) ਪਈਆਂ ਹੋਈਆਂ ਹਨ, ਉੱਥੇ ਭਾਵ ਬਿੰਦੀਆਂ ਦੇ ਪਹਲਾਂ ਦਿੱਤੇ ਪੰਨੇ ਤੋਂ ਲੈ ਕੇ ਬਿੰਦੀਆਂ ਦੇ ਮਗਰ ਦਿੱਤੇ ਪੰਨੇ ਤੱਕ ਸੰਬੰਧਿਤ ਸ਼ਬਦ ਦੇ,ਸੰਦਰਭਾਂ (references) ਦਾ ਨਿਰੰਤਰ ਮਿਲਣਾ ਹੈ।

(੨) ਜਿੱਥੋਂ ਕਿਤੇ ਪੰਨੇ ਡੈਸ਼ — ਪਾ ਕੇ ਨਿਖੇੜੇ ਗਏ ਹਨ, ਉੱਥੇ ਭਾਵ ਸਬੰਧਿਤ ਸ਼ਬਦ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੋਣ ਦਾ ਹੈ।

ਸੋਧ ਪਤ੍ਰ

ਪੰਨਾ	ਪੰਗਤੀ	ਅਸ਼ੁਧ	ਸ਼ੁਧ
ਪਲੇਟ XXIX	ਹੇਠੋਂ ਦੂਜੀ	ਸ੍ਰੀ ਹਰੇ ਰਾਏ	ਸ੍ਰੀ ਹਰਿ ਰਾਇ
4	2	ਧਾਰਮਲੀਆਂ	ਧੀਰਮਲੀਆਂ
17	5	ਕਰਿਆ	ਕਹਿਆ
23	13	ਜਗ	ਜਗਤ
24	17	ਚਹੁ	ਰਚਹੁ
28	15	ਪੂਰਬਰਧ, ਬ੍ਰਿਸ੍ਰਾਮ	ਪੂਰਬਾਰਧ, ਬਿਸ੍ਰਾਮ
35	25	[illegible]	ਵਿਸ੍ਰਾਰਥੀ
36	ਹੇਠੋਂ 3	ਖਾਲਸਾ	ਖਾਲਸਾ ਟ੍ਰੈਕਟ
50	16	ਜਿਵੇਂ ਕੀ	ਜਿਵੇਂ ਕਿ
57	8	ਦੇਖ	ਦੇਖੋ
58	13	ਲੱਥੇ	ਲੱਥੇ
59	12	ਕਈ ਹੈ	ਕਹੀ ਹੈ
62	7	ਸੰਗਿਆ	ਸੰਗਿਆ ਵਾਚਕ
65	11	ਪ੍ਰਾਚੀਨ ਪ੍ਰਸ਼ਨ	ਪ੍ਰਸ਼ਨ
65	ਫੁ.ਨੋ. 2	ਜਨਮਸਾਖੀਆਂ	ਜਨਮਸਾਖੀ
71	8	ਪੱਤਰੇ	ਪੜਪੱਤਰੇ
73	24	ਤਾਂ	ਤੇ
80	21	ਛੰਤ ਹੋਰ	ਛੰਤ 'ਵਿਲੱਖਣ ਤੇ ਪ੍ਰਾਚੀਨ ਬੀੜ' (ਨੰ. ੫) ਤੋਂ ਬਿਨਾ ਹੋਰ
104	10	ਗੁਲਾਸ	ਗੁਲਾਮ
108	19	ਤਛ	ਤਡ
110	27	VII	VII
117	13	ਪਲੇਟ IX)	ਪਲੇਟ IX, ਚਿਤ੍ਰ ੭
122	9	ਸੋਰਠਿ ਵਾਰਾਂ	ਸੋਰਠਿ ਅਤੇ ਵਾਰਾਂ

ਪੰਨਾ	ਪੰਗਤੀ	ਅਸ਼ੁਧ	ਸ਼ੁਧ
125	8	ਤਬੱਰੂਕ	ਤਬੱਰੁਕ
127	23	ਪਰਬਾਣੀ	ਪੁਰਬਾਣੀ
131	7	ਲੱਗਾ ਹੋਇਆ	ਲੱਗਾ ਹੋਇਆ ਹੈ
138	3	ਆਇਆ	ਆਇਆ ਹੈ
142	ਹੇਠੋਂ 3	ਨਾਲ ਤਾਂ ਰਲਦਾ ਹੈ	ਨਾਲ ਨਹੀਂ ਰਲਦਾ
142	ਹੇਠੋਂ 2	ਪਰ . . . ਨਾਲ	ਅਤੇ . . . ਨਾਲ ਵੀ
158	ਹੇਠੋਂ 6	ਕਹਿ ਲਾਲਚੁ	ਕਰਿ ਲਾਲਚੁ
159	2	ਧਿਲਾਇਸੀ	ਧਿਆਇਸੀ
161	13	ਨਿਹਚ	ਨਿਹਚਹੁ
167	ਹੇਠੋਂ 5	ਸਵਈਏ ਕੇ ਹਨ	ਸਵਈਏ ਹਨ
176	5	੩੪੬/੨	੩੫੬/੨
179	2	ਤਾਰਨੀ ਬੋਲੀ	ਤਾਰਨੀ ਟੋਲੀ
179	ਹੇਠੋਂ 6	ਸਰੀਰ	ਸਹੀਹ
185	3	ਮਹਲਾ ੭੭੮/੧	ਪੰਨਾ ੭੭੮/੧
187	9	XX	XXI
187	20	ਜੀਉ ਪਹਲਾ ਕਾ	ਜੀਉ ਕਾ ਪਹਲਾ
189	18	ਰਾਇ ਆਤਿਸ਼	ਬਾਇ ਆਤਿਸ਼
193	17	ਬੀੜ ਇਸ ਦੇ	ਇਸ ਬੀੜ ਦੇ
193	22	ਹਕਾਰਮੁਕਤ	ਹਕਾਰਯੁਕਤ
199	19	ਭੋਰਮ ਕਾ	ਭਰਮ ਕਾ
202	13	ਮਹਾਨ ਸਿੰਘ	ਮਹਾਂ ਸਿੰਘ
213 (ਸੱਜਾ ਕਾਲਮ)	ਉਪਰਲੀ	ਇਸ...ਪੱਟੀ ਨੂੰ	(Drop this line)
225	21	ਪਰਸੀ ਕਾਹ	ਪਰਸੀ ਤਉ ਕਾਹਿ
233	ਹੇਠੋਂ 2	ਕਟ ਕੇ	ਭੰਨ ਕੇ
239	4	ਮੁਹਾਰ	ਮੁਹਰ
240	ਅੰਤਲੀ	ਚਲੀ ਗਈ ਹੈ।	ਚਲੀ ਗਈ ਹੈ। ਇਸ ਦੇ ਜਪੁ ਦੀ ਆਰੰਭਿਕ ਪੰਗਤੀ ਅਸੀਂ ਆਪ ਅੰਦਾਜ਼ੇ ਨਾਲ ਲਿਖੀ ਹੈ।
243	ਹੇਠੋਂ 9	recession	recension

ਪੰਨਾ	ਪੰਗਤੀ	ਅਸ਼ੁਧ	ਸ਼ੁਧ
244	15	ਰਖੀਸਰ	ਰਖੀਸਰ । ਜਪੁ ਗੁਰੂ ਰਾਮਦਾਸ ਜੀ ਦੇ ਦਸਤਖਤਾਂ ਵਾਲੇ ਜਪੁ ਦੇ ਨਕਲ ਦਾ ਨਕਲੁ ਹੈ ।
253	ਹੇਠੋਂ ੫	ਨਾਲ ਹੈ	ਨਾਲ ਹਨ
266	6	ਕਰਤੇ	ਕਰਤੇ[3]
266	13	ਆਵਦੀ	ਆਵਦੀ ਸਮਾਣਾ
293	21	ਯੋਗਰਾਜ	ਜੋਗਰਾਜ
297	14	ਸੈਭੰਗ	ਸੈਭੰ
299	ਹੇਠੋਂ ੨	ਦੇ ਘੰਤ	ਦੇ ਅੰਤ
308	4	ਗਾਉ ਮਖੀ	ਗਾਉ ਸਖੀ
329	5	ਗਾਉੜੀ	ਗਉੜੀ
337	15	ਥਾਵਾਂ	ਕਈ ਥਾਵਾਂ
337	24	ਸ੍ਰਵਨਿ ਨੇਤ੍ਰ	ਸ੍ਰਵਨਿ ਹਰਿ ਜਸ
345	ਹੇਠੋਂ 3	ਹਰਚਰਨ ਸਿੰਘ	ਹਰਭਜਨ ਸਿੰਘ
		ਹਰਭਜਨ ਸਿੰਘ	ਹਰਚਰਨ ਸਿੰਘ
		ਹਰਚਰਨ ਸਿੰਘ	ਹਰਭਜਨ ਸਿੰਘ
347	ਫੁ.ਨੋ, ੧ ਪਹਲੀ	ਹਰਭਜਨ ਸਿੰਘ	ਹਰਚਰਨ ਸਿੰਘ
369	13	ਗਈ । ਸਿਧ ਹੁੰਦੀ	ਗਈ ਸਿਧ ਹੁੰਦੀ
383	23	ਸੈਭੰਗ	ਸੈਭੇ
388	19	ਸੈਭੰਗ	ਸੈਭੰ
411	7	ਸੋਲਾਂ	ਉੱਨੀ
414	24	ਪੋਥੀਆਂ	ਪੋਥੀਆਂ ਵੀ
428	1	ਕਨੌੜੇ	ਔਂਕੜ
463	ਫੁ.ਨੋ.19	ਰਾਮਿੰਦਰ ਸਿੰਘ	ਦੇਖੋ ਰਾਮਿੰਦਰ ਸਿੰਘ
483	1	ਦਾਗ	ਰਾਗ
489	2	ਪੰਨਾ	ਪੰਨਾ ੪੬੦-੪੬੨
497	4	ਰੋਜਾ	ਰੋਜ਼ਾ

ਨੋਟ : 1) ਛੰਤ "ਰੁਣ ਝੁਣਨੜਾ ਗਾਉ ਸਖੀ" ਦੇ "ਰੁਣ" ਦਾ ਔਂਕੜ ਕਈ ਥਾਵਾਂ ਤੇ ਗਿਰ ਗਇਆ ਹੈ, ਉਹ ਵੀ ਠੀਕ ਕਰ ਲਇਆ ਜਾਵੇ ।

੨) ਭਗਤ ਤ੍ਰਿਲੋਚਨ ਕੇ ਪਦੇ ਦੀ ਤੁਕ ਵਿਚ ਕਈ ਥਾਵਾਂ 'ਤੇ 'ਤਉ' ਪਾ ਲੈਣ ਦੀ ਲੋੜ ਹੈ । ਠੀਕ ਪਾਠ, "ਨਵ ਨਿਧਿ ਪਰਸੀ ਤਉ ਕਾਹਿ" ਹੈ ।